
# ਭਗਤ ਦਰਸ਼ਨ



ਗਿਆਨੀ ਪ੍ਰਤਾਪ ਸਿੰਘ

# ਭਗਤ ਦਰਸ਼ਨ

ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

੨

★ ਗਿਆਨੀ ਸਰੂਪ ਸਿੰਘ ਕੰਡਿਆਣਾ ★
ਪੰਥਕ ਢਾਡੀ ਜੱਥਾ
98150-03075
ਪਿੰਡ ਕੰਡਿਆਣਾ ਤਹਿ: ਫਿਲੌਰ (ਜਲੰਧਰ)

# ਤਤਕਰਾ


੧. ਜੀਵਨ ਭਗਤ ਕਬੀਰ ਜੀ - ਪੰਨਾ-192 ਤੇ ਲੇਖ ਹੈ -

ਜਨਮ ਕਥਾ ੧੫

ਸ੍ਰੀ ਕਬੀਰ ਜੀ ਨੂੰ ਗੁਰ-ਦੀਖਿਆ ੨੦

ਸ੍ਰੀ ਕਬੀਰ ਜੀ ਦਾ ਗ੍ਰਿਹਸਤ ਤੇ ਕਿਰਤ ੨੩

ਕਬੀਰ ਜੀ ਤੇ ਇਸਲਾਮ ੩੦

ਕਬੀਰ ਜੀ ਤੇ ਹਿੰਦੂ ਮੱਤ ੩੭

ਭਗਤ ਕਬੀਰ ਜੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ੪੪

ਸ੍ਰੀ ਕਬੀਰ ਜੀ ਦੀ ਬਾਣੀ ੪੯

ਕਬੀਰ ਪੰਥੀ ੬੩

ਭਗਤ ਕਬੀਰ ਜੀ ਦਾ ਦੇਹਾਂਤ ੬੮

੨. ਜੀਵਨ ਭਗਤ ਨਾਮਦੇਵ ਜੀ

ਜਨਮ, ਬਾਲਪਨ ਤੇ ਆਰੰਭਿਕ ਜੀਵਨ ੭੩

ਸ੍ਰੀ ਨਾਮਦੇਵ ਜੀ ਦੀ ਬਾਣੀ ੮੧

ਸ੍ਰੀ ਨਾਮਦੇਵ ਜੀ ਦੀ ਸੰਤਾਨ ਤੇ ਸਚਖੰਡ ਪਧਾਰਨਾ ੮੬

੩. ਜੀਵਨ ਭਗਤ ਰਵਿਦਾਸ ਜੀ ੮੯

ਭਗਤ ਰਵਿਦਾਸ ਜੀ ਦੀ ਬਾਣੀ ੯੪

੪. ਜੀਵਨ ਸ੍ਰੀ ਰਾਮਾਨੰਦ ਜੀ ੧੦੩

੫. ਜੀਵਨ ਭਗਤ ਪੀਪਾ ਜੀ ੧੦੯

੬. ਜੀਵਨ ਸ੍ਰੀ ਸੈਣ ਜੀ ੧੧੨

੭. ਜੀਵਨ ਭਗਤ ਧੰਨਾ ਜੀ ੧੧੫

੮. ਜੀਵਨ ਸ੍ਰੀ ਜੈ ਦੇਵ ਜੀ ੧੨੧

ਸ੍ਰੀ ਜੈ ਦੇਵ ਜੀ ਦੀ ਬਾਣੀ, ਦੇਹਾਂਤ ੧੨੭

੯. ਜੀਵਨ ਭਗਤ ਸੂਰਦਾਸ ਜੀ ੧੩੦

੧੦. ਜੀਵਨ ਭਗਤ ਪਰਮਾਨੰਦ ਜੀ ੧੩੪

੧੧. ਜੀਵਨ ਭਗਤ ਸਧਨਾ ਜੀ ੧੩੮

| | |
|---|---|
| ੧੨. ਜੀਵਨ ਸ੍ਰੀ ਤ੍ਰਿਲੋਚਨ ਜੀ | ੧੪੨ |
| ੧੩. ਜੀਵਨ ਭਗਤ ਬੇਣੀ ਜੀ | ੧੫੦ |
| ੧੪. ਜੀਵਨ ਭਗਤ ਭੀਖਨ ਜੀ | ੧੫੭ |
| ੧੫. ਜੀਵਨ ਸ਼ੇਖ਼ ਫ਼ਰੀਦ ਜੀ | ੧੬੧ |
| ਸ਼ੇਖ਼ ਫ਼ਰੀਦ ਜੀ ਦੀ ਬਾਣੀ | ੧੬੭ |
| ਸ਼ੇਖ਼ ਫ਼ਰੀਦ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ 'ਚੋਂ | ੧੭੨ |
| ਸ਼ੇਖ਼ ਫ਼ਰੀਦ ਜੀ ਦਾ ਦੇਹਾਂਤ, ਸੂਫ਼ੀ ਮੱਤ | ੧੮੮ |


## ਭਾਗ ਦੂਜਾ


| | |
|---|---|
| ੧੬. ਸ੍ਰੀ ਸ਼ੰਕਰਾਚਾਰਯ, ਅਦਵੈਤਵਾਦ | ੧੯੫ |
| ੧੭. ਵਿਸ਼ਨੂੰ ਸਵਾਮੀ (ਵੈਸ਼ਨਵ ਮੱਤ) | ੨੦੪ |
| ੧੮. ਸ੍ਰੀ ਰਾਮਾਨੁਜ (ਵਸਿਸ਼ਟ ਅਦਵੈਤਵਾਦ) | ੨੦੮ |
| ੧੯. ਸ੍ਰੀ ਮਾਧਵਾਚਾਰਯ (ਦਵੈਤਵਾਦ) | ੨੧੪ |
| ੨੦. ਸ੍ਰੀ ਨਿੰਬਾਰਕ ਸੁਆਮੀ | ੨੨੦ |
| ੨੧. ਸ੍ਰੀ ਵਲਭਾਚਾਰਯ (ਸ਼ੁਧ ਅਦਵੈਤਵਾਦ) | ੨੨੩ |
| ੨੨. ਸ੍ਰੀ ਚੇਤਨ | ੨੨੫ |
| ੨੩. ਸ੍ਰੀ ਗਿਆਨੇਸ਼੍ਵਰ | ੨੩੦ |
| ੨੪. ਮੀਰਾ ਬਾਈ | ੨੩੫ |
| ੨੫. ਸਮਰਥ ਰਾਮ ਦਾਸ ਜੀ | ੨੪੩ |


ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ ਢਾਡੀ ਜੱਥਾ
98150-03075
ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

੧ੴ ਸਤਿਗੁਰਪ੍ਰਸਾਦਿ ॥

# ਭਗਤ ਦਰਸ਼ਨ

ਪੰਡਿਤ ਸੂਰ ਛਤ੍ਰ ਪਤਿ ਰਾਜਾ
ਭਗਤ ਬਰਾਬਰਿ ਅਉਰੁ ਨ ਕੋਇ ॥

*ਕਰਤਾ :*

**ਗਿਆਨੀ ਪ੍ਰਤਾਪ ਸਿੰਘ**

**ਸਿੰਘ ਬ੍ਰਦਰਜ਼**

**ਅੰਮ੍ਰਿਤਸਰ**

© ਸਭ ਹੱਕ ਕਰਤਾ ਦੇ ਰਾਖਵੇਂ ਹਨ

ISBN 81-7205-176-X

ਪੰਜਵੀਂ ਵਾਰ
ਮਾਰਚ ੧੯੯੭

ਮੁੱਲ : ੮੦-੦੦

*ਪ੍ਰਕਾਸ਼ਕ :*
ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

*ਟਾਈਪਸੈੱਟਰ :*
ਕੇ.ਜੀ. ਗ੍ਰਾਫ਼ਿਕਸ, 98, ਸਿਟੀ ਸੈਂਟਰ, ਅੰਮ੍ਰਿਤਸਰ

*ਪ੍ਰਿੰਟਰ :*
ਪ੍ਰਿੰਟਵੈੱਲ, 146, ਇੰਡ. ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਵਚਨਾਰੰਭ

ਪਿਛਲੇ ਸਾਲ ਦਸ ਸਤਿਗੁਰਾਂ ਦੀ ਜੀਵਨ ਫ਼ਿਲਾਸਫ਼ੀ ਨੂੰ *ਗੁਰਮਤ ਲੈਕਚਰ* ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ ਸੀ, ਉਸ ਤੋਂ ਪਿਛੋਂ *ਭਗਤ ਦਰਸ਼ਨ* ਦੂਜੀ ਪੁਸਤਕ ਪਾਠਕਾਂ ਦੇ ਪੇਸ਼ ਕਰ ਰਿਹਾ ਹਾਂ। ਇਸ ਵਿਚ ਭਗਤ ਕਬੀਰ ਜੀ, ਸ੍ਰੀ ਨਾਮਦੇਵ ਜੀ, ਭਗਤ ਰਵਿਦਾਸ ਜੀ, ਸ੍ਰੀ ਰਾਮਾਨੰਦ ਜੀ, ਸ੍ਰੀ ਜੈ ਦੇਵ ਜੀ, ਸ਼ੇਖ਼ ਫ਼ਰੀਦ ਜੀ, ਆਦਿਕ ਉਨ੍ਹਾਂ ਸਤਿਕਾਰ ਯੋਗ ਭਗਤਾਂ ਦੇ ਜੀਵਨ ਹਨ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪ੍ਰਵਾਨ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਈ ਹੈ। ਭਗਤਾਂ ਦੇ ਜੀਵਨ ਤੇ ਉਨ੍ਹਾਂ ਦੇ ਸਿਧਾਂਤਾਂ ਬਾਰੇ ਪੰਜਾਬੀ ਵਿਚ ਕੋਈ ਚੰਗੀ ਪੁਸਤਕ ਨਹੀਂ ਮਿਲਦੀ, ਇਸ ਲਈ *ਭਗਤ ਦਰਸ਼ਨ* ਲਿਖਣ ਦਾ ਜਤਨ ਕੀਤਾ ਹੈ। ਭਗਤਾਂ ਦੇ ਜੀਵਨ ਕਿੰਨੀ ਕੁ ਮਹਾਨਤਾ ਰਖਦੇ ਹਨ, ਇਸ ਦਾ ਅਨੁਮਾਨ ਤਾਂ ਸਾਨੂੰ ਉਨ੍ਹਾਂ ਦੀ ਪ੍ਰਵਾਨ ਹੋਈ ਬਾਣੀ ਤੋਂ ਹੀ ਲਾਉਣਾ ਚਾਹੀਦਾ ਹੈ। ਸਾਡੀ ਰਾਇ ਵਿਚ ਸਿਖ ਧਰਮ ਅਨੁਸਾਰ 'ਗੁਰੂ ਜੋਤੀ' ਸੰਪੂਰਨ ਸੀ। ਅਕਾਲ ਪੁਰਖ ਦੇ ਹੁਕਮ ਵਿਚ ਉਸ ਨੇ ਦਸ ਜਾਮਿਆਂ 'ਚ ਪ੍ਰਕਾਸ਼ ਕੀਤਾ। ਭਗਤ ਉਹ ਆਤਮਾਵਾਂ ਹਨ, ਜਿਨ੍ਹਾਂ ਨੇ ਆਤਮਿਕ ਜੀਵਨ ਵਿਚ ਉੱਨਤ ਹੋ ਕੇ ਪਰਮ-ਪਦਵੀ ਪ੍ਰਾਪਤ ਕੀਤੀ। ਪੰਚਮ ਪਾਤਸ਼ਾਹ ਨੇ ਗੁਰਬਾਣੀ ਦੇ ਨਾਲ ਭਗਤ-ਬਾਣੀ ਦਰਜ ਕੀਤੀ ਹੈ। ਇਹ ਧਾਰਮਿਕ ਸਾਹਿਤ ਵਿਚ ਇਕ ਤਰ੍ਹਾਂ ਦਾ ਇਨਕਲਾਬ ਸੀ। ਸਭ ਨੂੰ ਸਮਾਨਤਾ ਦਿਤੀ ਗਈ, ਸ਼ੂਦਰ ਤੇ ਬ੍ਰਾਹਮਣ ਦਾ ਭੇਦ ਮਿਟਾਇਆ ਗਿਆ। ਇਸ ਤੋਂ ਬਿਨਾ ਭਾਈ ਗੁਰਦਾਸ ਜੀ ਨੇ ਵੀ ਕਈ ਇਕ ਭਗਤਾਂ ਦੇ ਪ੍ਰਸੰਗਾਂ ਨੂੰ ਦਸਵੀਂ ਵਾਰ ਵਿਚ ਅੰਕਿਤ ਕੀਤਾ ਹੈ।

*ਭਗਤ ਦਰਸ਼ਨ* ਲਿਖਣ ਦਾ ਖ਼ਿਆਲ ਮੈਨੂੰ ਸਭ ਤੋਂ ਪਹਿਲੇ ੧੯੨੩ ਈ: ਵਿਚ ਆਇਆ, ਜਦ ਕਿ ਮੈਂ ਪੰਜਾਬ ਯੂਨੀਵਰਸਿਟੀ ਦਾ ਗਿਆਨੀ ਦਾ ਇਮਤਿਹਾਨ ਦਿਤਾ। ਉਦੋਂ ਭਗਤ ਬਾਣੀ ਗਿਆਨੀ ਦੇ ਕੋਰਸ ਵਿਚ ਸੀ। ਉਸ ਵਕਤ ਜਿਥੇ ਅਰਥ ਪੜ੍ਹੀਦੇ ਸਨ, ਨਾਲ ਹੀ ਭਗਤਾਂ ਦੇ ਜੀਵਨ ਪੜ੍ਹਨ ਨੂੰ ਜੀਅ ਕਰਦਾ ਸੀ। ਹਿੰਦੀ ਤੇ ਅੰਗਰੇਜ਼ੀ ਵਿਚ ਪੁਸਤਕਾਂ ਮਿਲਦੀਆਂ ਸਨ, ਪਰ ਪੰਜਾਬੀ ਵਿਚ ਕੋਈ ਅਜਿਹੀ ਪੁਸਤਕ ਨਹੀਂ ਮਿਲਦੀ ਸੀ। ਮਿ. ਮੈਕਾਲਿਫ਼ ਨੇ *ਸਿਖ ਰਿਲੀਜਨ* ਵਿਚ ਜਿਥੇ ਭਗਤ ਬਾਣੀ ਦਾ ਅਨੁਵਾਦ ਕੀਤਾ ਹੈ, ਉਥੇ ਨਾਲ ਹੀ ਖੋਜ ਕਰ ਕੇ ਭਗਤਾਂ ਦੇ ਜੀਵਨ ਵੀ ਲਿਖੇ। ਪਰ ਉਨ੍ਹਾਂ ਤੋਂ ਲਾਭ ਅੰਗਰੇਜ਼ੀ ਪੜ੍ਹੇ-ਲਿਖੇ ਹੀ ਪ੍ਰਾਪਤ ਕਰ ਸਕਦੇ ਸਨ। ਦੂਜੇ ਕਈ ਗੱਲਾਂ ਮੈਕਾਲਿਫ਼ ਦੀ ਖੋਜ ਵਿਚ ਵੀ ਅਧੂਰੀਆਂ ਸਨ, ਜਿਨ੍ਹਾਂ ਦਾ ਨਿਰਣਾ ਜ਼ਰੂਰੀ ਸੀ।

ਇਸ ਲਈ ਮੈਨੂੰ ਹਿੰਦੀ, ਅੰਗਰੇਜ਼ੀ ਆਦਿ ਬੋਲੀਆਂ ਦੀਆਂ ਜੋ ਪੁਸਤਕਾਂ ਇਸ ਮਜ਼ਮੂਨ 'ਤੇ ਮਿਲੀਆਂ, ਉਹ ਪੜ੍ਹਦਾ ਰਿਹਾ। ਪ੍ਰਚਾਰ ਲਈ ਯੂ.ਪੀ., ਸੀ.ਪੀ.,

ਬੰਗਾਲ, ਮਹਾਰਾਸ਼ਟਰ ਆਦਿ ਵਿਚ ਜਾਣਾ ਪਿਆ, ਉਥੋਂ ਭਗਤਾਂ ਸੰਬੰਧੀ ਜੋ ਹਾਲਾਤ ਮਿਲੇ ਉਹ ਨੋਟ ਕਰਦਾ ਰਿਹਾ। ਕਾਸ਼ੀ ਵਿਚ ਕਬੀਰ ਜੀ ਦੇ ਅਸਥਾਨ ਕਬੀਰ ਚੌਰੇ ਵਿਚ ਗਿਆ, ਉਥੋਂ ਕਬੀਰ ਜੀ ਤੇ ਪਾਕ ਪਟਨ ਵਿਚ ਸ਼ੇਖ਼ ਫ਼ਰੀਦ ਜੀ ਸੰਬੰਧੀ ਕਈ ਗੱਲਾਂ ਦਾ ਪਤਾ ਕੀਤਾ।

ਮਈ ੧੯੩੪ ਈ: ਤੋਂ *ਅਕਾਲੀ* ਦੇ ਸੰਡੇ ਐਡੀਸ਼ਨ ਵਿਚ ਭਗਤਾਂ ਸੰਬੰਧੀ ਕੁਝ ਲੇਖ ਲਿਖੇ, ਜਿਨ੍ਹਾਂ ਨੂੰ ਬੜਾ ਪਸੰਦ ਕੀਤਾ ਗਿਆ। ਕਈ ਸੱਜਣਾਂ ਨੇ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਕਰਨ ਦੀ ਪ੍ਰੇਰਨਾ ਕੀਤੀ, ਪਰ ਕਈ ਕਾਰਨਾਂ ਕਰਕੇ ਇਹ ਕੰਮ ਸਿਰੇ ਨਾ ਚੜ੍ਹ ਸਕਿਆ।

ਇਸ ਪੁਸਤਕ ਵਿਚ ਜਿਥੇ ਭਗਤਾਂ ਦੇ ਜੀਵਨ ਲਿਖੇ ਹਨ, ਉਥੇ ਭਗਤ ਬਾਣੀ ਸੰਬੰਧੀ ਵੀ ਕਈ ਵਿਚਾਰਾਂ ਕੀਤੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਲ ੫੮੯੪ ਸ਼ਬਦ ਦਰਜ ਹਨ, ਜਿਨ੍ਹਾਂ 'ਚੋਂ ੯੩੫ ਸ਼ਬਦ ਭਗਤਾਂ ਤੇ ਹੋਰ ਪੁਰਸ਼ਾਂ ਦੇ ਹਨ। ਵੇਰਵਾ ਇਸ ਪ੍ਰਕਾਰ ਹੈ: ਭਗਤ ਕਬੀਰ ਜੀ ੫੪੧, ਸ੍ਰੀ ਨਾਮਦੇਵ ਜੀ ੬੦, ਸ੍ਰੀ ਰਵਿਦਾਸ ਜੀ ੪੧, ਸ਼ੇਖ਼ ਫ਼ਰੀਦ ਜੀ ੧੩੪ (੪ ਸ਼ਬਦ, ੧੩੦ ਸਲੋਕ), ਤ੍ਰਿਲੋਚਨ ਜੀ ੪, ਧੰਨਾ ਜੀ ੪, ਬੇਣੀ ਜੀ ੩, ਸ੍ਰੀ ਜੈ ਦੇਵ ਜੀ ੨, ਭੀਖਨ ਜੀ ੨, ਸੂਰਦਾਸ ਜੀ ੧, ਰਾਮਾਨੰਦ ਜੀ ੧, ਪਰਮਾਨੰਦ ਜੀ ੧, ਸੈਣ ਜੀ ੧, ਪੀਪਾ ਜੀ ੧, ਸਧਨਾ ਜੀ ੧, ਹਨ। ਇਨ੍ਹਾਂ ਦੀ ਬਾਣੀ ਨੂੰ ਗੁਰੂ ਜੀ ਨੇ 'ਭਗਤ ਬਾਣੀ' ਸਿਰਲੇਖ ਦਿਤਾ ਹੈ। ਇਸ ਤੋਂ ਬਿਨਾ ਸੁੰਦਰ ਜੀ ਦੇ ੬ ਪਦੇ, ਸਤੇ ਬਲਵੰਡ ਦੀ ਵਾਰ ਰਾਮਕਲੀ ਰਾਗ ਵਿਚ ੮ ਪਉੜੀਆਂ ਤੇ ੧੨੩ ਭੱਟਾਂ ਦੇ ਸਵਈਏ ਦਰਜ ਹਨ। ਕਈ ਵਿਦਵਾਨ ੩ ਸਲੋਕ ਮਰਦਾਨਾ ਜੀ ਦੇ ਸ਼ੁਮਾਰ ਕਰ ਕੇ ੯੩੮ ਬਣਾਉਂਦੇ ਹਨ, ਪਰ ਇਹ ਸਲੋਕ ਮਰਦਾਨਾ ਜੀ ਪ੍ਰਤੀ ਹਨ, ਉਨ੍ਹਾਂ ਦੇ ਨਹੀਂ।

ਭਗਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਵੇਂ ਚੜ੍ਹਾਈ ਗਈ?, ਇਹ ਪ੍ਰਸ਼ਨ ਬੜੀ ਮਹਾਨਤਾ ਰਖਦਾ ਹੈ। ਇਸ ਦਾ ਨਿਰਣਾ ਕਰਨਾ ਅਤਿ ਜ਼ਰੂਰੀ ਹੈ। ਇਸ ਸੰਬੰਧੀ ਇਕ ਰਾਇ ਭਾਈ ਸੰਤੋਖ ਸਿੰਘ ਜੀ ਦੀ ਹੈ। ਉਹ ਇਹ ਹੈ ਕਿ ਜਦ ਪੰਚਮ ਗੁਰੂ ਜੀ ਸ੍ਰੀ ਰਾਮਸਰ ਬੈਠ ਕੇ ਬੀੜ ਲਿਖਵਾ ਰਹੇ ਸਨ, ਉਸ ਵਕਤ ਆਪਣੇ ਭਗਤਾਂ ਦੀਆਂ ਆਤਮਾਵਾਂ ਸੱਦੀਆਂ। ਉਨ੍ਹਾਂ ਪਾਸੋਂ ਬਾਣੀ ਉਚਾਰਣ ਕਰਵਾ ਕੇ ਦਰਜ ਕੀਤੀ। ਚੁਨਾਂਚਿ ਭਾਈ ਸਾਹਿਬ ਲਿਖਦੇ ਹਨ:

> **ਲਿਖੇ ਸ਼ਬਦ ਭਗਤਨਿ ਕੇ ਜਬੈ। ਕਹਿ ਗੁਰਦਾਸ ਬਿਸਮ ਉਰ ਤਬੈ॥**
> **ਪੰਚੋਂ ਪਾਤਿਸਾਹਿ ਕੀ ਗਿਰਾ। ਅੰਤ ਨਾਮ ਸ੍ਰੀ ਨਾਨਕ ਧਰਾ॥**
> **ਅਬਹਿ ਆਪ ਭਗਤਨ ਕੇ ਨਾਮੂ। ਅੰਤ ਸ਼ਬਦ ਕੇ ਧਰਹੁ ਭਿਰਾਮੂ॥**
> **ਦੀਖਤਿ ਇਹਾਂ ਭਗਤ ਨਹਿ ਕੋਈ। ਸ੍ਰੀ ਗੁਰ ਜੀ ਸੰਸੈ ਦੇਹੁ ਖੋਈ॥**

*(ਸੂਰਜ ਪ੍ਰਕਾਸ਼, ਰਾਸ ੩, ਅੰਸੂ ੪੨)*

ਕੀ ਇਹ ਠੀਕ ਹੈ? ਜਿਥੋਂ ਤਕ ਆਤਮਾ ਦੇ ਅਮਰ ਹੋਣ ਦਾ ਸੰਬੰਧ ਹੈ, ਹਿੰਦੁਸਤਾਨ ਵਿਚ ਇਹ ਨਿਸਚਾ ਬਹੁਤ ਪੁਰਾਣਾ ਹੈ। ਪੱਛਮ ਵਿਚ ਸਰ ਆਲਿਵਰ ਲਾਜ ਵਰਗੇ ਤੱਤਵੇਤਾ ਇਸ਼ ਸੰਬੰਧੀ ਤਜਰਬੇ ਕਰ ਰਹੇ ਹਨ। ਕੀ ਗੁਰੂ ਜੀ ਨੇ ਭਗਤਾਂ ਦੀਆਂ ਆਤਮਾਵਾਂ ਕੋਲੋਂ ਬਾਣੀ ਸੁਣ ਕੇ ਲਿਖੀ? ਨਹੀਂ। ਭਗਤ ਬਾਣੀ ਸੈਂਚੀਆਂ

ਵਿਚ ਮਿਲਦੀ ਹੈ। ਇਸ ਤੋਂ ਬਿਨਾ ਹੋਰ ਗ੍ਰੰਥਾਂ ਵਿਚ ਵੀ ਸੀ। ਬਾਣੀ ਬੈਖਰੀ ਹੈ, ਇਸ ਲਈ ਇਸ ਨੂੰ ਉਚਾਰਨ ਕਰਨਾ ਸਰੀਰ ਦਾ ਕੰਮ ਸੀ।

ਦੂਜੀ ਰਾਇ ਪੰਡਤ ਤਾਰਾ ਸਿੰਘ ਨਰੋਤਮ ਜੀ ਦੀ ਹੈ। ਉਨ੍ਹਾਂ ਨੇ ੧੯੩੯ ਬਿ: ਵਿਚ ਪਹਿਲੇ ਭਗਤ ਬਾਣੀ ਦਾ ਟੀਕਾ ਲਿਖਿਆ। ਉਸ ਵਿਚ ਪੰਡਿਤ ਜੀ ਲਿਖਦੇ ਹਨ—"ਪੂਰਬ ਚਾਰ ਗੁਰੋਂ ਕੇ ਬਚਨੋਂ ਸਹਿਤ ਆਪਣੇ ਬਚਨੋਂ ਸੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਮੁਕਤੀ ਕੀ ਇਛਾ ਵਾਲੇ ਅਧਕਾਰੀ ਜਨੋਂ ਕੇ ਗਯਾਨ ਕੇ ਲਾਭ ਹੇਤ ਜੋ ਉਪਦੇਸ਼ ਕੀਆ, ਉਸੀ ਉਪਦੇਸ਼ ਕੋ ਦ੍ਰਿੜ੍ਹ ਕਰਨੇ ਹੇਤ ਭਗਤੋਂ ਕੇ ਨਾਮ ਸੇ ਉਪਦੇਸ਼ ਕਰੇ ਹੈਂ।" ਅਗੇ ਚਲ ਕੇ 'ਏਕ ਸੁਆਨ ਕੇ ਘਰਿ ਗਾਵਣਾ' ਦੇ ਸਿਰਲੇਖ ਅਤੇ ਸ੍ਰੀ ਰਾਗ ਵਾਲੇ 'ਪਹਿਰਿਆ ਕੈ ਘਰ ਗਾਵਣਾ' ਤੋਂ ਪੰਡਿਤ ਜੀ ਅਨੁਮਾਨ ਲਾਉਂਦੇ ਹੋਏ ਲਿਖਦੇ ਹਨ, "ਇਸ ਉਪਦੇਸ਼ ਸੇ ਹੀ ਸਿਧ ਹੋਵੇ ਹੈ ਕਿ ਭਗਤੋਂ ਕਾ ਭਾਵ ਹਿਰਦੇ ਮੇਂ ਰਖ ਕਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਹੀ ਭਗਤੋਂ ਕੇ ਨਾਂਵ ਸੇ ਬਾਣੀ ਰਚੀ ਹੈ, ਭਗਤਾਂ ਨੇ ਨਹੀਂ ਰਚੀ।" ਫਿਰ ਰਵਿਦਾਸ ਜੀ ਦੇ ਇਸ ਕਥਨ ਤੋਂ 'ਜਾਕੇ ਕੁਟੰਬ ਕੇ ਢੇਡ ਸਭ ਢੋਰ ਢੋਵੰਤ ਫਿਰਹਿ' ਨੂੰ ਅੰਨਯ ਪੁਰਖ (Third person) ਪ੍ਰਤੀ ਕਥਨ ਦੱਸ ਕੇ ਆਪ ਕਹਿੰਦੇ ਹਨ ਕਿ ਇਹ ਬਾਣੀ ਰਵਿਦਾਸ ਜੀ ਦੀ ਨਹੀਂ ਉਚਾਰਨ ਕੀਤੀ ਹੋਈ।

ਪੰਡਿਤ ਜੀ ਦੀ ਇਹ ਲਿਖਤ ਬਹੁਤ ਗ਼ਲਤ ਤੇ ਭੁਲੇਖਾ ਪਾਉਣ ਵਾਲੀ ਹੈ। ਇਹ ਕਿਉਂ ਨਿਰਮੂਲ ਹੈ ? ਇਸ ਲਈ ਕਿ—(੧) ਪੰਚਮ ਪਾਤਸ਼ਾਹ ਨੇ 'ਬਾਣੀ ਭਗਤਾਂ ਕੀ' ਸਿਰਲੇਖ ਦਿਤਾ ਹੈ। ਸ੍ਰੀ ਕਬੀਰ ਜੀ, ਸ੍ਰੀ ਰਵਿਦਾਸ ਜੀ, ਸ੍ਰੀ ਨਾਮ ਦੇਵ ਜੀ ਦੇ ਨਾਂ ਦਿਤੇ ਹਨ। ਮਹਾਰਾਜ ਇਹ ਕਦੀ ਨਹੀਂ ਕਰ ਸਕਦੇ ਸਨ ਕਿ ਬਾਣੀ ਆਪ ਉਚਾਰਨ ਤੇ ਨਾਂ ਭਗਤਾਂ ਦਾ ਰਖਣ। ਗੁਰੂਆਂ ਦੀ ਬਾਣੀ ਵਿਚ ਮਹਲਾ ਸ਼ਬਦ ਵਖ ਦਿਤਾ ਹੈ। (੨) ਪੰਚਮ ਪਾਤਸ਼ਾਹ ਤੋਂ ਪਹਿਲੇ ਸੈਂਚੀਆਂ ਵਿਚ ਬਾਣੀ ਮਿਲਦੀ ਹੈ। (੩) ਭਗਤ ਬਾਣੀ ਦੇ ਨਾਲ ਕਈ ਸ਼ਬਦ ਗੁਰੂ ਨਾਨਕ ਦੇਵ ਜੀ ਤੇ ਗੁਰੂ ਅਮਰ ਦਾਸ ਜੀ ਦੇ ਮਿਲਦੇ ਹਨ। ਜਿਹਾ ਕਿ 'ਜਪ ਤਪ ਕਾ ਬੰਧ ਬੇੜਲਾ' ਫ਼ਰੀਦ ਦੇ ਸਲੋਕਾਂ ਨਾਲ ਮ: ੩ 'ਇਹ ਤਨ ਸਭੋ ਰਤ ਹੈ' ਆਦਿ। ਇਸ ਤੋਂ ਸਪੱਸ਼ਟ ਹੈ ਕਿ ਪਹਿਲੇ ਗੁਰੂਆਂ ਦੇ ਵਕਤ ਭਗਤ ਬਾਣੀ ਮੌਜੂਦ ਸੀ। (੪) ਸ੍ਰੀ ਰਵਿਦਾਸ ਜੀ ਦਾ ਸ਼ਬਦ 'ਮੇਰੀ ਜਾਤ ਬਿਖਆਤ ਚਮਾਰੰ' ਤੋਂ ਸ਼ੁਰੂ ਹੁੰਦਾ ਹੈ, ਇਸ ਲਈ ਪੰਡਤ ਜੀ ਦੀ ਅੰਨਯ ਪੁਰਖ ਵਾਲੀ ਯੁਕਤੀ ਗ਼ਲਤ ਹੈ। (੫) ਬਾਣੀ ਦੀ ਰਚਨਾ ਦੀ ਦ੍ਰਿਸ਼ਟੀ ਤੋਂ ਵੀ ਜੇਕਰ ਭਗਤ ਬਾਣੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਨੂੰ ਮੇਲਿਆ ਜਾਵੇ ਤਾਂ ਵਿਚਾਰ-ਸ਼ੈਲੀ, ਰਚਨਾ ਦਾ ਢੰਗ, ਭਾਵ, ਸ਼ਬਦਾਂ ਦੀ ਵਰਤੋਂ ਸਪੱਸ਼ਟ ਤੌਰ 'ਤੇ ਵਖ ਪ੍ਰਤੀਤ ਹੁੰਦੀ ਹੈ। 'ਨਾਲ ਰਲਾਇ ਲਿਖਿਆ ਮਹਲਾ ੫' ਤੋਂ ਸਾਬਤ ਹੁੰਦਾ ਹੈ ਕਿ ਭਗਤ ਬਾਣੀ ਭਗਤਾਂ ਦੀ ਰਚਨਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਬਾਣੀ ਕਿਵੇਂ ਚੜ੍ਹਾਈ ਗਈ ? ਇਸ ਦਾ ਸਹੀ ਉੱਤਰ ਇਹ ਹੈ ਕਿ ਕੁਝ ਸੈਂਚੀਆਂ ਵਿੱਚੋਂ ਲਈ ਗਈ, ਜੋ ਭਗਤਾਂ ਦੇ ਗ੍ਰੰਥਾਂ ਵਿੱਚੋਂ ਤੇ ਸ਼ਰਧਾਲੂਆਂ ਪਾਸੋਂ ਮਿਲ ਸਕੀ, ਉਸ ਨੂੰ ਇਕੱਤ੍ਰ ਕਰ ਕੇ ਪੂਰੀ ਖੋਜ ਪੜਤਾਲ ਤੇ ਸੁਧਾਈ ਕਰ ਕੇ ਬੀੜ ਵਿਚ ਗੁਰੂ ਜੀ ਨੇ ਦਰਜ ਕੀਤਾ। ਰਾਗਾਂ ਅਨੁਸਾਰ ਉਸ ਨੂੰ ਆਪ ਤਰਤੀਬ ਦਿੜੀ ਹੈ।

ਭਗਤ ਬਾਣੀ ਪ੍ਰੇਮ ਭਗਤੀ ਨੂੰ ਮੁਖ ਰਖ ਕੇ ਚੜ੍ਹਾਈ ਗਈ। ਗੁਰੂ ਜੀ ਨੇ ਇਸ ਗੱਲ ਦੀ ਪ੍ਰਵਾਹ ਨਹੀਂ ਕੀਤੀ ਕਿ ਕਿਸੇ ਭਗਤ ਦਾ ਮਤ ਕੀ ਹੈ! ਵਾਹਿਗੁਰੂ ਦੀ ਭਗਤੀ ਤੇ ਪਰਮ ਪਦਵੀ ਦੀ ਪਹੁੰਚ ਨੂੰ ਲਿਆ ਹੈ, ਮਾਰਗ 'ਤੇ ਬਹਿਸ ਨਹੀਂ ਕੀਤੀ। ਜਿਸ ਮਾਰਗ ਰਾਹੀਂ ਕਿਸੇ ਭਗਤ ਨੇ ਆਤਮਿਕ ਉੱਨਤੀ ਕੀਤੀ, ਜੋ ਲਹਾਅ ਚੜ੍ਹਾਅ ਹੋਏ, ਉਨ੍ਹਾਂ ਨੂੰ ਵੀ ਦਰਸਾ ਦਿਤਾ। ਇਹ ਖੁਲ੍ਹ-ਦਿਲੀ, ਇਨਸਾਫ਼ ਤੇ ਸਿਖਿਆ ਲਈ ਸੁੰਦਰ ਮਿਸਾਲ ਹੈ।

ਇਸ ਵਕਤ ਪੱਛਮੀ ਸਭਿਅਤਾ ਦੇ ਕਾਰਣ ਨਾਸਤਕਵਾਦ, ਮਾਦਾਪ੍ਰਸਤੀ, ਸਰਮਾਏਦਾਰੀ ਤੇ ਨਿਰਬਲਾਂ ਨੂੰ ਖਾ ਜਾਣ ਦੀ ਭਾਵਨਾ ਵਧ ਰਹੀ ਹੈ। ਮਨੋਕਾਮਨਾਵਾਂ ਨੂੰ ਭੜਕਾਣ ਦੇ ਸਾਧਨ ਕੀਤੇ ਜਾ ਰਹੇ ਹਨ। ਕ੍ਰੋਧ ਤੇ ਲੋਭ ਦੀ ਅਗਨੀ ਪ੍ਰਚੰਡ ਹੋ ਰਹੀ ਹੈ। ਪੱਛਮ ਦੇ ਜਵਾਲਾਮੁਖੀ 'ਚੋਂ ਜੋ ਲਾਵਾ ਨਿਕਲ ਰਿਹਾ ਹੈ, ਉਸ ਨਾਲ ਮਨੁੱਖਤਾ ਝੁਲਸ ਰਹੀ ਹੈ। ਪੱਛਮ ਦੀ ਰੀਸੇ ਸਾਡੇ ਕਈ ਨੌਜਵਾਨ ਵੀ ਕਾਵਿ ਤੇ ਸਾਹਿਤ ਉੱਨਤੀ ਦੇ ਨਾਂ 'ਤੇ ਨੀਵਾਂ ਸਾਹਿਤ ਪੈਦਾ ਕਰ ਰਹੇ ਹਨ। ਅਜਿਹੇ ਹਾਲਾਤ ਵਿਚ ਮੈਂ ਭਗਤਾਂ ਦੇ ਜੀਵਨ ਲਿਖੇ ਹਨ। ਆਤਮਿਕ ਸ਼ਾਂਤੀ ਕਿਥੇ ਹੈ ? ਈਸ਼ਵਰ ਦੀ ਭਗਤੀ ਵਿਚ। ਇਹ ਮੇਰੇ ਜੀਵਨ ਲਈ ਆਤਮਿਕ ਸ਼ਾਂਤੀ ਦਾ ਕਾਰਨ ਹਨ ਤੇ ਮੈਨੂੰ ਨਿਸਚਾ ਹੈ ਕਿ ਇਹ ਪੁਸਤਕ ਹੋਰਨਾਂ ਲਈ ਭੀ ਲਾਭਦਾਇਕ ਸਾਬਤ ਹੋਵੇਗੀ।

ਸ੍ਰੀ ਅੰਮ੍ਰਿਤਸਰ ਜੀ | ਗਿਆਨੀ ਪ੍ਰਤਾਪ ਸਿੰਘ

ਮਾਘ ੧੭, ਸੰਮਤ ੨੦੦੧ ਬਿ:

# ਦੂਜੀ ਐਡੀਸ਼ਨ ਦੀ ਭੂਮਿਕਾ

ਜਦ *ਭਗਤ ਦਰਸ਼ਨ* ਦੀ ਪਹਿਲੀ ਐਡੀਸ਼ਨ ਪ੍ਰਕਾਸ਼ਿਤ ਕੀਤੀ ਗਈ ਸੀ, ਤਦ ਧਾਰਮਿਕ ਤੇ ਸਾਹਿਤਕ ਮੰਡਲ ਵਿਚ ਇਸ ਨੂੰ ਬਹੁਤ ਪਸੰਦ ਕੀਤਾ ਗਿਆ। ਕਈ ਸੱਜਣਾਂ ਮਿਤਰਾਂ ਨੇ ਇਹ ਪੁਸਤਕ ਪੜ੍ਹ ਕੇ ਮੈਨੂੰ ਪ੍ਰਸੰਸਾ ਪੱਤਰ ਲਿਖੇ। ਕਈ ਅਖ਼ਬਾਰਾਂ ਨੇ ਰੀਵੀਊ ਲਿਖ ਕੇ ਇਸ ਦੀ ਸ਼ਲਾਘਾ ਕੀਤੀ। ਇਸ 'ਤੇ ਮੇਰਾ ਖ਼ਿਆਲ ਬਣਿਆ ਕਿ *ਭਗਤ ਬਾਣੀ* ਦਾ ਇਕ ਨਵੀਨ ਟੀਕਾ ਲਿਖਾਂ। ਉਸ ਵਿਚ ਜਿਥੇ ਜਿਥੇ ਕਿਸੇ ਭਗਤ ਦੀ ਬਾਣੀ ਆਉਂਦੀ ਹੋਵੇ, ਓਥੇ ਓਥੇ ਨਾਲ ਹੀ ਭਗਤਾਂ ਦੇ ਜੀਵਨ ਦੇ ਦਿਤੇ ਜਾਣ, ਤਾਕਿ ਪਾਠਕ ਭਗਤ ਬਾਣੀ ਪੜ੍ਹਨ ਤੇ ਸਮਝਣ ਦੇ ਨਾਲ ਹੀ ਭਗਤਾਂ ਦੇ ਜੀਵਨ ਵੀ ਪੜ੍ਹ ਲੈਣ ਤੇ ਮਿਲਵਾਂ ਲਾਭ ਪ੍ਰਾਪਤ ਕਰਨ, ਪਰ ਟੀਕਾ ਲਿਖਣ ਦਾ ਸਮਾਂ ਨਹੀਂ ਮਿਲ ਸਕਿਆ।

ਪੰਜਾਬੀ ਸਾਹਿਤ ਵਿਚ *ਭਗਤ ਦਰਸ਼ਨ* ਆਪਣੇ ਨਮੂਨੇ ਦੀ ਪੁਸਤਕ ਆਪ ਹੀ ਹੈ। ਜੋ ਪ੍ਰੇਮੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਭਗਤ ਬਾਣੀ ਦਾ ਪਾਠ ਕਰਦੇ ਹਨ, ਭਗਤਾਂ ਦੇ ਜੀਵਨ ਪੜ੍ਹਨ ਲਈ ਉਨ੍ਹਾਂ ਦੀ ਲਾਲਸਾ ਹੁੰਦੀ ਹੈ, ਐਸੇ ਪ੍ਰੇਮੀਆਂ ਦੇ ਲਾਭ ਹਿਤ ਪਹਿਲੀ ਐਡੀਸ਼ਨ ਵਿਚ ਕੁਝ ਵਾਧਾ ਤੇ ਸੁਧਾਈ ਕਰ ਕੇ ਇਹ ਦੂਜੀ ਐਡੀਸ਼ਨ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ਸੁਹਿਰਦ ਪਾਠਕ ਇਸ ਵਿਚ ਵੀ ਕੋਈ ਤਰੁੱਟੀ ਵੇਖਣ ਤਾਂ ਲਿਖ ਭੇਜਣ।

ਸ੍ਰੀ ਅੰਮ੍ਰਿਤਸਰ ਜੀ — ਗਿਆਨੀ ਪ੍ਰਤਾਪ ਸਿੰਘ

੨ ਮਾਘ, ਸੰਮਤ ੨੦੦੯ ਬਿ:
੧੪ ਜਨਵਰੀ, ੧੯੫੩

# ਤੀਸਰੀ ਐਡੀਸ਼ਨ

ਅਸੀਂ *ਭਗਤ ਦਰਸ਼ਨ* ਦੀ ਤੀਸਰੀ ਐਡੀਸ਼ਨ ਪਾਠਕਾਂ ਦੀ ਸੇਵਾ ਵਿਚ ਪੇਸ਼ ਕਰ ਰਹੇ ਹਾਂ। ਜੋ ਖ਼ਾਲਸਾ ਬ੍ਰਦਰਜ਼, ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ ਹੈ। ਇਸ ਵਿਚ ਕੁਝ ਵਿਸ਼ੇਸ਼ ਵਾਧੇ ਕੀਤੇ ਗਏ ਹਨ। ਇਕ ਤਾਂ ਇਹ ਹੈ ਕਿ ਪਹਿਲੇ ਇਸ ਪੁਸਤਕ ਵਿਚ ਕੇਵਲ ਉਨ੍ਹਾਂ ਭਗਤਾਂ ਦੇ ਜੀਵਨ ਅਤੇ ਸਿਧਾਂਤ ਦਿਤੇ ਗਏ ਸਨ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਹੈ। ਹੁਣ ਇਸ ਪੁਸਤਕ ਦੇ ਦੋ ਭਾਗ ਕਰ ਦਿਤੇ ਹਨ। ਪਹਿਲੇ ਭਾਗ ਵਿਚ ਤਾਂ ਉਹੀ ਭਗਤ ਹਨ, ਜਿਨ੍ਹਾਂ ਦੀ ਬਾਣੀ ਬੀੜ ਵਿਚ ਦਰਜ ਹੈ। ਦੂਜੇ ਭਾਗ ਵਿਚ ਭਗਤੀ ਮਾਰਗ ਦੇ ਉਨ੍ਹਾਂ ਸੰਤਾਂ ਭਗਤਾਂ ਦੇ ਜੀਵਨ ਤੇ ਫ਼ਿਲਾਸਫ਼ੀ ਵੀ ਦਿਤੀ ਗਈ ਹੈ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ। ਪਰ ਭਗਤੀ ਲਹਿਰ ਦੇ ਆਚਾਰਯ ਅਤੇ ਪ੍ਰਮੁਖ ਭਗਤ ਹੋਏ ਹਨ। ਜਿਹਾ ਕਿ ਅਠਵੀਂ ਸਦੀ ਈਸਵੀ ਵਿਚ ਸ੍ਰੀ ਸ਼ੰਕਰਾਚਾਰਯ ਜੀ ਹੋਏ ਹਨ, ਜਿਨ੍ਹਾਂ ਨੇ ਵੇਦਾਂਤ ਦੇ ਅਦਵੈਤਵਾਦ ਨੂੰ ਪ੍ਰਚਾਰਿਆ ਹੈ। ਸ਼ੂੰਨਵਾਦੀ, ਬੁਧ, ਜੈਨ, ਸ਼ਾਕਤ, ਤਾਂਤ੍ਰਿਕ ਤੇ ਵਾਮ ਮਾਰਗ ਦਾ ਖੰਡਨ ਕੀਤਾ। ਉਨ੍ਹਾਂ ਤੋਂ ਪਿਛੋਂ ਰਾਮਾਨੁਜ, ਚੇਤਨ, ਵਲਭ, ਮਾਧਵ, ਨਿੰਬਾਰਕ, ਗਿਆਨੇਸ਼੍ਵਰ, ਮੀਰਾ ਆਦਿਕ ਹੋਏ ਹਨ। ਖੰਡਨ ਕਰ ਕੇ ਭਗਤੀ ਮਾਰਗ ਲਈ ਮੈਦਾਨ ਤਿਆਰ ਕੀਤਾ ਹੈ।

ਪਹਿਲੀ ਪੁਸਤਕ ਦਾ ਟਾਈਪ ਮੋਟਾ ਸੀ। ਐਤਕੀਂ ਬਰੀਕ ਕਰ ਦਿਤਾ ਗਿਆ ਹੈ। ਇਸ ਲਈ ਮੈਟਰ ਵਧੇਰੇ ਹੋਣ ਦੇ ਬਾਵਜੂਦ ਪੁਸਤਕ ਦਾ ਆਕਾਰ ਨਹੀਂ ਵਧਿਆ। ਪਹਿਲੇ ੩੦ ਕਾਂਡ ਸਨ। ਇਸ ਵਿਚ ੪੦ ਹਨ। ਸੁਹਿਰਦ ਪਾਠਕ ਜਿਥੇ ਕੋਈ ਤਰੁਟੀ ਵੇਖਣ, ਲਿਖ ਭੇਜਣ ਦੀ ਕ੍ਰਿਪਾਲਤਾ ਕਰਨ।

**ਗਿਆਨੀ ਪ੍ਰਤਾਪ ਸਿੰਘ**

ਸ੍ਰੀ ਅੰਮ੍ਰਿਤਸਰ
੨੬ ਜੇਠ ਸੰਮਤ ੨੦੩੦ ਬਿ:
੮ ਜੂਨ, ੧੯੭੩

# ਜੀਵਨ ਭਗਤ ਕਬੀਰ ਜੀ

## ਅੰਮ੍ਰਿਤ ਵਚਨ

ਕਵਨ ਕਾਜ ਸਿਰਜੇ ਜਗ ਭੀਤਰਿ ਜਨਮਿ ਕਵਨ ਫਲੁ ਪਾਇਆ ॥
ਭਵਨਿਧਿ ਤਰਨਤਾਰਨ ਚਿੰਤਾਮਨਿ ਇਕ ਨਿਮਖ ਨ ਇਹੁ ਮਨੁ ਲਾਇਆ ॥੧॥
ਗੋਬਿੰਦ ਹਮ ਐਸੇ ਅਪਰਾਧੀ ॥
ਜਿਨਿ ਪ੍ਰਭਿ ਜੀਉ ਪਿੰਡੁ ਥਾ ਦੀਆ ਤਿਸ ਕੀ ਭਾਉ ਭਗਤਿ ਨਹੀ ਸਾਧੀ ॥੧॥ਰਹਾਉ॥
ਪਰਧਨ ਪਰਤਨ ਪਰਤੀ ਨਿੰਦਾ ਪਰ ਅਪਬਾਦੁ ਨ ਛੂਟੈ ॥
ਆਵਾਗਵਨੁ ਹੋਤ ਹੈ ਫੁਨਿ ਫੁਨਿ ਇਹੁ ਪਰਸੰਗੁ ਨ ਤੂਟੈ ॥੨॥
ਜਿਹ ਘਰਿ ਕਥਾ ਹੋਤ ਹਰਿ ਸੰਤਨ ਇਕ ਨਿਮਖ ਨ ਕੀਨੋ੍ ਮੈ ਫੇਰਾ ॥
ਲੰਪਟ ਚੋਰ ਦੂਤ ਮਤਵਾਰੇ ਤਿਨ ਸੰਗਿ ਸਦਾ ਬਸੇਰਾ ॥੩॥
ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ ॥
ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ ॥੪॥
ਦੀਨ ਦਇਆਲ ਕ੍ਰਿਪਾਲ ਦਮੋਦਰ ਭਗਤਿ ਬਛਲ ਭੈ ਹਾਰੀ ॥
ਕਹਤ ਕਬੀਰ ਭੀਰ ਜਨ ਰਾਖਹੁ ਹਰਿ ਸੇਵਾ ਕਰਉ ਤੁਮਾਰੀ ॥੫॥੮॥

*(ਰਾਮਕਲੀ ਕਬੀਰ ਜੀ)*

# ਭਗਤ ਕਬੀਰ ਜੀ

| | | |
|---|---|---|
| ਜਨਮ | : | ਜੇਠ ਦੀ ਪੂਰਨਮਾਸ਼ੀ, ਸੰਮਤ ੧੪੫੫ ਬਿਕ੍ਰਮੀ ਨੂੰ ਕਾਸ਼ੀ ਵਿਚ। |
| ਮਾਤਾ-ਪਿਤਾ | : | ਨੀਰੂ ਜੁਲਾਹਾ ਤੇ ਮਾਤਾ ਨੀਮਾ ਜੀ। |
| ਵਿਆਹ | : | ਲੋਈ ਨਾਲ ਹੋਇਆ। |
| ਸੰਤਾਨ | : | ਪੁੱਤਰ ਕਮਾਲਾ ਤੇ ਬੇਟੀ ਕਮਾਲੀ। |
| ਖ਼ਾਸ ਅਸਥਾਨ | : | ਕਬੀਰ ਚੌਰਾ ਕਾਸ਼ੀ ਵਿਚ। |
| ਗ੍ਰੰਥ | : | *ਕਬੀਰ-ਬੀਜਕ* ਮੁਖ ਗ੍ਰੰਥ ਹੈ ਤੇ ਬਾਕੀ ਹੋਰ ਰਚਨਾਵਾਂ ਭੀ ਹਨ। |
| ਸਮਾਏ | : | ਸੰਮਤ ੧੫੭੫ ਬਿਕ੍ਰਮੀ ਨੂੰ ਮਗਹਰ, ਜ਼ਿਲ੍ਹਾ ਗੋਰਖਪੁਰ ਵਿਚ, ਇਥੇ ਭਗਤ ਕਬੀਰ ਜੀ ਦੀ ਸਮਾਧੀ ਹੈ। |

# ਜੀਵਨ ਭਗਤ ਕਬੀਰ ਜੀ

## ਕਾਸ਼ੀ ਵਿਚ ਜਨਮ ਤੇ ਬਾਲਪਨ

ਭਗਤ ਕਬੀਰ ਜੀ ਭਾਰਤਵਰਸ਼ ਦੇ ਬਹੁਤ ਉੱਘੇ ਇਕੀਸ਼ਵਰਵਾਦੀ ਭਗਤ, ਸਤਵਾਦੀ, ਸੰਤੋਖੀ, ਆਦਰਸ਼ਕ ਗ੍ਰਿਹਸਤੀ, ਮਜ਼੍ਹਬ ਤੇ ਸਮਾਜ ਦੇ ਉੱਚੇ ਸੁਧਾਰਕ ਹੋਏ ਹਨ। ਪੱਛਮ ਵਿਚ ਜਿਸ ਤਰ੍ਹਾਂ ਮਾਰਟਨ ਲੂਥਰ ਨੇ ਈਸਾਈ ਮੱਤ ਵਿਚ ਸੁਧਾਰ ਦੀ ਲਹਿਰ ਚਲਾਈ ਸੀ, ਇਸੇ ਤਰ੍ਹਾਂ ਆਪ ਨੇ ਹਿੰਦੁਸਤਾਨ ਦੇ ਧਰਮ ਤੇ ਸਮਾਜ ਨੂੰ ਸੁਧਾਰਨ ਲਈ ਬੜੇ ਕ੍ਰਾਂਤੀਕਾਰੀ ਵਿਚਾਰ ਦਿੱਤੇ ਹਨ। ਆਪ ਜ਼ੋਰ ਨਾਲ ਤੇ ਚੁਭਵੇਂ ਸ਼ਬਦਾਂ ਜਾਂ ਹਾਸ-ਰਸ ਵਿਚ ਧਾਰਮਿਕ ਤੇ ਸਮਾਜਕ ਖ਼ਰਾਬੀਆਂ ਦਾ ਖੰਡਨ ਕਰਦੇ ਸਨ। ਇਸ ਲਈ ਆਪ ਨੂੰ ਮੁਤੱਸਬੀ ਲੋਕਾਂ ਵੱਲੋਂ ਕਸ਼ਟ ਭੀ ਦਿੱਤੇ ਗਏ, ਪਰ ਇਹ ਆਪਣੇ ਆਦਰਸ਼ 'ਤੇ ਡਟੇ ਰਹੇ।

ਸ੍ਰੀ ਕਬੀਰ ਜੀ ਦਾ ਜਨਮ ਸੰਮਤ ੧੪੫੫ ਬਿ: (੧੩੯੮ ਈ:) ਨੂੰ ਕਾਸ਼ੀ ਵਿਚ ਅਲੀ ਉਰਫ਼ ਨੀਰੂ ਜੁਲਾਹੇ ਦੇ ਘਰ ਹੋਇਆ। ਕਈ ਇਤਿਹਾਸਕਾਰਾਂ ਨੇ ਆਪ ਦਾ ਜਨਮ ਅਸਥਾਨ ਪਿੰਡ ਜਮਾਲਪੁਰ ਲਿਖਿਆ ਹੈ, ਪਰ ਸਹੀ ਕਾਸ਼ੀ ਹੀ ਹੈ। ਬਹੁਤ ਸਾਰੇ ਮਹਾਂਪੁਰਸ਼ਾਂ ਦੇ ਜਨਮ-ਸੰਮਤਾਂ ਜਾਂ ਕਈ ਹੋਰ ਗੱਲਾਂ ਬਾਰੇ ਮੱਤ-ਭੇਦ ਇਸ ਲਈ ਹੁੰਦੇ ਹਨ ਕਿ ਉਨ੍ਹਾਂ ਨੇ ਬੜੀ ਸਾਧਾਰਨ ਹਾਲਤ ਜਾਂ ਗ਼ਰੀਬੀ ਵਿਚ ਜਨਮ ਲਿਆ ਹੁੰਦਾ ਹੈ। ਉਸ ਵਕਤ ਨਾ ਮਾਤਾ ਪਿਤਾ ਨੂੰ ਪਤਾ ਹੁੰਦਾ ਹੈ ਕਿ ਇਹ ਕੋਈ ਮਹਾਨ ਵਿਅਕਤੀ ਹੋਣਗੇ ਅਤੇ ਨਾ ਹੀ ਆਮ ਲੋਕਾਂ ਨੂੰ ਇਸ ਗੱਲ ਦੀ ਸੂਝ ਹੁੰਦੀ ਹੈ।[੧]

ਭਗਤ ਕਬੀਰ ਜੀ ਦਾ ਜਨਮ ਕਿਵੇਂ ਹੋਇਆ ? ਕਿਸ ਦੇ ਘਰ ਹੋਇਆ ? ਇਸ ਸੰਬੰਧੀ ਦੋ ਸਾਖੀਆਂ ਪ੍ਰਚਲਿਤ ਹਨ :

(੧) ਸ੍ਰੀ ਕਬੀਰ ਜੀ ਨੀਰੂ ਜੁਲਾਹੇ ਦੇ ਘਰ ਪ੍ਰਗਟ ਹੋਏ। ਕਬੀਰ-ਪੰਥੀ ਇਸ ਨੂੰ ਇਉਂ ਵਰਣਨ ਕਰਦੇ ਹਨ—ਨੀਰੂ[੨] ਆਪਣੀ ਪਤਨੀ ਨੀਮਾ ਨੂੰ ਨਾਲ ਲੈ ਕੇ ਕਾਸ਼ੀ ਵੱਲ ਆ ਰਿਹਾ ਸੀ ਕਿ ਉਸਨੇ ਲਹਿਰ-ਤਲਾ ਕੇ ਕੰਢੇ ਇਕ ਸੁੰਦਰ ਬਾਲਕ ਪਿਆ

---

੧. *ਕਬੀਰ ਕਸੌਟੀ* ਵਿਚ ਕਬੀਰ ਜੀ ਦਾ ਜਨਮ ਸੰਮਤ ੧੪੫੫ ਬਿਕ੍ਰਮੀ, *ਭਗਤ ਸੁਧਾ ਬਿੰਦੂ* ਵਿਚ ੧੪੫੧, ਕਬੀਰ-ਪੰਥੀਆਂ ਦੀਆਂ ਹੋਰ ਕਈ ਪੋਥੀਆਂ ਵਿਚ ੧੨੦੫ ਲਿਖਿਆ ਹੈ। ਵਿਦੇਸ਼ੀ ਲੇਖਕਾਂ 'ਚੋਂ ਡਾਕਟਰ ਹੰਟਰ ਨੇ ੧੪੩੪, ਮੈਕਾਲਫ਼ ਨੇ ੧੪੫੫, ਪਾਦਰੀ ਜੀ.ਐਚ. ਵੇਸਕਟ ਨੇ ਆਪਣੀ ਪੁਸਤਕ *ਕਬੀਰ ਐਂਡ ਦੀ ਕਬੀਰ ਪੰਥ* ਵਿਚ ੧੪੯੭ ਬਿਕ੍ਰਮੀ ਦਰਸਾਇਆ ਹੈ। ਇਨ੍ਹਾਂ ਸਾਰਿਆਂ 'ਚੋਂ ੧੪੫੫ ਬਿਕ੍ਰਮੀ ਠੀਕ ਹੈ।

੨. ਅਲੀ ਨੂੰ ਪਾਣੀ ਦੇ ਕੰਢੇ ਵੱਸਣ ਕਰਕੇ ਨੀਰੂ ਕਹਿੰਦੇ ਸਨ।

ਹੋਇਆ ਵੇਖਿਆ। ਇਹ ਲੀਰਾਂ ਪਤੀਰਾਂ ਵਿਚ ਲਪੇਟਿਆ ਹੋਇਆ ਸੀ। ਨੀਰੂ ਨੇ ਝਟ ਪਟ ਅੱਗੇ ਵਧ ਕੇ ਇਸ ਨੂੰ ਚੁੱਕ ਲਿਆ। ਚੂੰਕਿ ਇਸ ਦੇ ਆਪਣੇ ਘਰ ਸੰਤਾਨ ਕੋਈ ਨਹੀਂ ਸੀ, ਇਸ ਲਈ ਨੀਰੂ ਨੇ ਬਾਲਕ ਨੂੰ ਆਪਣੀ ਪਤਨੀ ਦੀ ਗੋਦ ਵਿਚ ਲਿਆ ਪਾਇਆ। ਘਰ ਲਿਆ ਕੇ ਦੋਹਾਂ ਜੀਆਂ ਨੇ ਇਸ ਨੂੰ ਪੁਤੇਲਾ ਬਣਾ ਕੇ ਪਾਲਿਆ। ਮੁਸਲਮਾਨੀ ਮੱਤ ਅਨੁਸਾਰ ਇਸ ਬੱਚੇ ਦਾ ਨਾਂ 'ਕਬੀਰ' ਰੱਖਿਆ ਗਿਆ, ਜਿਸ ਦੇ ਅਰਥ ਹਨ 'ਵੱਡਾ'। ਪਾਲਣ-ਪੋਸਣ ਕਰ ਕੇ ਨੀਰੂ ਜੁਲਾਹਾ ਤੇ ਉਸ ਦੀ ਪਤਨੀ ਨੀਮਾ, ਕਬੀਰ ਜੀ ਦੇ ਮਾਤਾ ਪਿਤਾ ਪ੍ਰਸਿੱਧ ਹੋਏ।

'ਲਹਿਰ-ਤਲਾ'[੧] 'ਤੇ ਕਬੀਰ ਜੀ ਕਿਥੋਂ ਆਏ ? ਇਸ ਸੰਬੰਧੀ ਕਬੀਰ-ਪੰਥੀ ਕਹਿੰਦੇ ਹਨ—ਈਸ਼ਵਰ ਦੀ ਇੱਛਾ ਅਨੁਸਾਰ ਇਕ ਪਵਿੱਤ੍ਰ ਆਤਮਾ ਨੇ ਸੰਸਾਰ ਵਿਚ ਆਉਣਾ ਸੀ। ਉਸ ਦੇ ਸੁਆਗਤ ਲਈ ਕੁਦਰਤ ਵੱਲੋਂ ਤਿਆਰੀਆਂ ਹੋ ਰਹੀਆਂ ਸਨ। ਸੰਮਤ ੧੪੫੫ ਵਿਚ ਜੇਠ ਦੀ ਪੂੰਨਿਆ ਵਾਲੇ ਦਿਨ ਨੀਲੇ ਅੰਬਰ ਵਿਚ ਬੱਦਲ ਛਾਏ ਹੋਏ ਸਨ। ਕਿਣਮਿਣ ਹੋ ਰਹੀ ਸੀ। ਫੁੱਲ ਖਿੜੇ ਹੋਏ ਸਨ, ਬਨਾਸਪਤੀ ਰੂਪ ਵਟਾ ਰਹੀ ਸੀ। ਕਾਸ਼ੀ ਦੇ ਲਹਿਰ-ਤਲਾ 'ਤੇ ਇਕ ਅਲੌਕਿਕ ਘਟਨਾ ਹੋਈ। ਉਹ ਕੀ ਸੀ ? ਅਰਸ਼ਾਂ ਤੋਂ ਇਕ ਦਿੱਬ-ਜੋਤ ਉਤਰੀ, ਕੰਵਲ ਫੁੱਲਾਂ 'ਤੇ ਆ ਟਿਕੀ। ਇਹ ਕਬੀਰ ਜੀ ਸਨ। ਕੁਝ ਚਿਰ ਬਾਅਦ ਇਨ੍ਹਾਂ ਨੇ ਨੀਰੂ ਦੀ ਪਤਨੀ ਦੀ ਗੋਦ ਨੂੰ ਭਾਗ ਲਾਏ। ਕਬੀਰ ਅਲਖ ਜੋਤੀ ਸਨ, ਇਨ੍ਹਾਂ ਦੇ ਮਾਤਾ ਪਿਤਾ ਕੋਈ ਨਹੀਂ ਸਨ। ਸ਼ਾਇਦ ਇਸੇ ਲਈ ਕਈ ਚਿੱਤ੍ਰਕਾਰ ਕਬੀਰ ਜੀ ਨੂੰ ਕੰਵਲ 'ਤੇ ਟਿਕਿਆ ਹੋਇਆ ਦਰਸਾਉਂਦੇ ਹਨ।

(੨) ਦੂਜੀ ਸਾਖੀ ਕਬੀਰ ਜੀ ਦੇ ਜਨਮ ਸੰਬੰਧੀ ਇਉਂ ਪ੍ਰਚਲਿਤ ਹੈ ਕਿ ਇਕ ਬ੍ਰਾਹਮਣ ਸ੍ਰੀ ਰਾਮਾਨੰਦ ਜੀ ਦਾ ਸੇਵਕ ਸੀ। ਇਕ ਦਿਨ ਉਹ ਆਪਣੀ ਵਿਧਵਾ ਲੜਕੀ ਨੂੰ ਨਾਲ ਲੈ ਕੇ ਗੁਸਾਈਂ ਜੀ ਦੇ ਚਰਨਾਂ ਵਿਚ ਹਾਜ਼ਰ ਹੋਇਆ। ਬ੍ਰਾਹਮਣ ਤੇ ਉਸ ਦੀ ਲੜਕੀ ਪ੍ਰੇਮ ਨਾਲ ਸੇਵਾ ਕਰ ਰਹੇ ਸਨ ਕਿ ਸ੍ਰੀ ਰਾਮਾਨੰਦ ਜੀ ਨੇ ਪ੍ਰਸੰਨ ਹੋ ਕੇ ਲੜਕੀ ਪ੍ਰਤੀ ਬਚਨ ਕੀਤਾ, "ਬੇਟੀ! ਪੁੱਤਰਵਤੀ ਹੋ।" ਜਦ ਉਸ ਲੜਕੀ ਦੇ ਪਿਤਾ ਨੇ ਇਹ ਬਚਨ ਸੁਣਿਆ ਤਾਂ ਉਹ ਬਹੁਤ ਘਬਰਾਇਆ। ਹੱਥ ਜੋੜ ਕੇ ਸ੍ਰੀ ਰਾਮਾਨੰਦ ਜੀ ਨੂੰ ਕਹਿਣ ਲੱਗਾ, "ਮੇਰੀ ਲੜਕੀ ਤਾਂ ਵਿਧਵਾ ਹੈ। ਆਪ ਨੇ ਇਹ ਕੀ ਵਰ ਦਿੱਤਾ ਹੈ ?" ਗੁਸਾਈਂ ਜੀ ਨੇ ਉੱਤਰ ਦਿੱਤਾ, "ਹੁਣ ਬਚਨ ਤਾਂ ਨਹੀਂ ਮੁੜ ਸਕਦਾ, ਪਰ ਜੋ ਬੱਚਾ ਇਸ ਦੇ ਪੇਟੋਂ ਪੈਦਾ ਹੋਵੇਗਾ, ਉਹ ਮਹਾਂਪੁਰਖ ਹੋਸੀ। ਉਸ ਦੀ ਬਾਬਤ ਕਿਸੇ ਨੂੰ ਪਤਾ ਨਹੀਂ ਹੋਵੇਗਾ। ਇਸ ਨੂੰ ਕੋਈ ਕਲੰਕ ਨਹੀਂ ਲਗੇਗਾ।"

ਪੰਡਿਤ ਯੁਗਲਾਨੰਦ ਜੀ *ਕਬੀਰ ਬੀਜਕ*[੨] ਦੀ ਭੂਮਿਕਾ ਵਿਚ ਲਿਖਦੇ ਹਨ :

**ਤਿਨ ਕੇ ਢਿਗ ਇਕ ਵਿਧਵਾ ਨਾਰੀ।**
**ਸੇਵਾ ਕਰੇ ਬਡੋ ਸਰਮ ਧਾਰੀ।**
**ਪ੍ਰਭ ਇਕ ਦਿਨ ਰਹੇ ਧਯਾਨ ਲਗਾਈ।**
**ਵਿਧਵਾ ਤੀਯ ਤਿਨ ਕੇ ਢਿਗ ਆਈ।**

---

੧. 'ਲਹਿਰ-ਤਲਾ' ਕਾਸ਼ੀ ਤੋਂ ਤਿੰਨ ਮੀਲ ਹੈ। ਇਥੇ ਕਬੀਰ ਜੀ ਦੇ ਨਾਂ ਉਪਰ ਛੋਟਾ ਜਿਹਾ ਇਕ ਮੰਦਰ ਭੀ ਹੈ।

੨. ਇਹ ਸੰਮਤ ੧੯੬੧ ਬਿਕ੍ਰਮੀ ਵਿਚ ਸ੍ਰੀ ਵਿੰਕਟੇਸ਼੍ਵਰ ਪ੍ਰੈਸ, ਬੰਬਈ ਵਿਚ ਛਪੀ ਸੀ।

ਪ੍ਰਭੁਹਿ ਕਹਯੋ ਬਚਨ ਬਿਨ ਦੋਸ਼ਾ।
ਪ੍ਰਭੁ ਕਹਿ 'ਪੁਤ੍ਰ ਵਤੀ' ਭਰ ਘੋਸ਼ਾ।
ਤਬ ਤੀਯ ਅਪਨੇ ਨਾਮ ਬਖਾਨਾ।
ਯਿਹ ਵਿਪ੍ਰੀਤ ਦੀਯੋ ਵਰ ਦਾਨਾ।
ਸ੍ਵਾਮੀ ਕਹਉ ਨਿਕਸ ਮੁਖ ਆਇਓ।
'ਪੁਤ੍ਰ ਵਤ' ਹਰਿ ਤੋਹਿ ਬਨਾਇਓ।
ਹੈ ਹੈ ਪੁਤਰ ਕਲੰਕ ਨ ਲਾਗੀ।
ਤਵ ਸੁਤ ਹੈ ਹੈ ਹਰਿ ਅਨੁਰਾਗੀ।

ਭਾਵ ਇਹ ਹੈ ਕਿ ਰਾਮਾਨੰਦ ਜੀ ਦੇ ਵਰ ਨਾਲ ਵਿਧਵਾ ਲੜਕੀ ਦੇ ਪੁੱਤਰ ਪੈਦਾ ਹੋਇਆ। ਉਹ ਲੋਕ-ਲਾਜ ਤੋਂ ਡਰਦੀ ਮਾਰੀ ਲਹਿਰ-ਤਲਾ 'ਤੇ ਸੁਟ ਗਈ। ਇਹ ਬੱਚਾ ਮੁਸਲਮਾਨ ਨੀਰੂ ਜੁਲਾਹੇ ਤੇ ਉਸ ਦੀ ਪਤਨੀ ਦੀ ਨਜ਼ਰੀਂ ਪਿਆ। ਉਹ ਦੋਵੇਂ ਜੀਅ ਇਸ ਨੂੰ ਚੁੱਕ ਕੇ ਘਰ ਲੈ ਗਏ। ਲਿਜਾ ਕੇ ਪਾਲਿਆ, ਜੋ ਵੱਡਾ ਹੋ ਕੇ ਕਬੀਰ ਪ੍ਰਸਿੱਧ ਹੋਇਆ। ਸ੍ਰੀ ਕਬੀਰ ਜੀ ਦੇ ਜਨਮ ਸੰਬੰਧੀ ਉਪਰੋਕਤ ਦੋਵੇਂ ਸਾਖੀਆਂ ਇਸ ਗੱਲ ਵਿਚ ਮਿਲਦੀਆਂ ਹਨ ਕਿ ਆਪ ਨੀਰੂ ਦੇ ਘਰ ਪੈਦਾ ਨਹੀਂ ਹੋਏ। ਆਕਾਸ਼ ਤੋਂ ਉਤਰੇ ਅਤੇ ਲਹਿਰ-ਤਲਾ ਵਿਚ ਕੰਵਲ ਫੁੱਲਾਂ 'ਤੇ ਆ ਟਿਕੇ, ਇਹ ਤਾਂ ਮੁਬਾਲਗ਼ਾ ਹੈ। ਇਸ ਨੂੰ ਕੇਵਲ ਬਹੁਤੇ ਸ਼ਰਧਾਲੂ ਤੇ ਵਿਸ਼ਵਾਸ ਰੱਖਣ ਵਾਲੇ ਕਬੀਰ-ਪੰਥੀ ਜਾਂ ਉਨ੍ਹਾਂ ਜਿਹੇ ਵਿਚਾਰ ਰੱਖਣ ਵਾਲੇ ਕੁਝ ਲੋਕ ਮੰਨ ਸਕਦੇ ਹਨ। ਕਈ ਮਹਾਂਪੁਰਸ਼ਾਂ ਸੰਬੰਧੀ ਹੋਰ ਕਈ ਮੱਤਾਂ ਨੇ ਵੀ ਇਹੋ ਜਿਹੀਆਂ ਸਾਖੀਆਂ ਘੜੀਆਂ ਹੋਈਆਂ ਹਨ, ਜਿਹਾ ਕਿ ਈਸਾਈਆਂ ਵਿਚ ਖ਼ਿਆਲ ਹੈ ਕਿ ਰੂਹੁਲ-ਕੁਦਸ ਅਸਮਾਨ 'ਚੋਂ ਉਤਰੀ। ਬਹੁਤ ਸਾਰੇ ਸਾਧਾਰਨ ਲੋਕਾਂ ਦਾ ਖ਼ਿਆਲ ਹੁੰਦਾ ਹੈ ਕਿ ਜੇ ਅਸੀਂ ਆਪਣੇ ਰਹਿਨੁਮਾ ਨੂੰ ਸਾਧਾਰਨ ਮਨੁੱਖਾਂ ਵਾਂਙੂ ਪ੍ਰਗਟ ਹੋਣ ਵਾਲਾ ਮੰਨ ਲਈਏ ਤਾਂ ਉਸ ਵਿਚ ਵਾਧਾ ਕੀ ਹੋਇਆ ? ਇਸ ਲਈ ਚਕ੍ਰਿਤ ਕਰਨ ਵਾਲੀਆਂ ਸਾਖੀਆਂ ਮਹਾਂਪੁਰਸ਼ਾਂ ਸੰਬੰਧੀ ਪ੍ਰਚਲਿਤ ਕੀਤੀਆਂ ਜਾਂਦੀਆਂ ਹਨ।

ਦੂਜੀ ਸਾਖੀ ਵਿਚ ਵੀ ਸ੍ਰੀ ਰਾਮਾਨੰਦ ਜੀ ਦਾ ਵਰ ਸ਼ਾਮਲ ਹੈ। ਇਸ ਵਿਚ ਇਹ ਪ੍ਰਗਟ ਕੀਤਾ ਗਿਆ ਹੈ ਕਿ ਸ੍ਰੀ ਕਬੀਰ ਜੀ ਦਰਅਸਲ ਬ੍ਰਾਹਮਣ ਦੇ ਪੁੱਤਰ ਸਨ।

ਧਰਮ ਦਾਸ ਜੀ ਸ੍ਰੀ ਕਬੀਰ ਜੀ ਦੇ ਮੁਖੀ ਚੇਲਿਆਂ ਵਿਚੋਂ ਹੋਏ ਹਨ। ਇਹ ਕਬੀਰ-ਪੰਥੀਆਂ ਦੀ ਇਕ ਸ਼ਾਖ਼ਾ ਦੇ ਮੁਖੀ ਮੰਨੇ ਜਾਂਦੇ ਹਨ। ਆਪ ਲਿਖਦੇ ਹਨ :

**ਕਾਸ਼ੀ ਮੇਂ ਪ੍ਰਗਟੇ ਦਾਸ ਕਹਾਏ।**
**ਨੀਰੂ ਕੇ ਗ੍ਰਿਹ ਆਏ।**
**ਰਾਮਾ ਨੰਦ ਕੇ ਸ਼ਿਸ਼ ਭਏ।**
**ਭਵ ਸਾਗਰ ਪੰਥ ਚਲਾਏ।** *(ਕਬੀਰ ਕਸੌਟੀ, ਪੰਨਾ ੩੩)*

ਅਸਲ ਗੱਲ ਤਾਂ ਇਹੀ ਹੈ। ਭਾਵੇਂ ਇਹ ਗੱਲ ਕੋਈ ਅਸੰਭਵ ਨਹੀਂ ਕਿ ਨੀਰੂ ਨੂੰ ਲਹਿਰ-ਤਲਾ ਤੋਂ ਕੋਈ ਬੱਚਾ ਮਿਲਿਆ, ਜਿਸ ਦੀ ਉਸ ਨੇ ਪਾਲਣਾ ਕੀਤੀ ਹੋਵੇ, ਪਰ ਧਰਮ ਦਾਸ ਜੀ ਦੀ ਲਿਖਤ ਨੇ ਇਸ ਗੱਲ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਕਬੀਰ

ਜੀ ਨੀਰੂ ਦੇ ਘਰ ਪ੍ਰਗਟ ਹੋਏ। ਜਨਮ ਕਰਕੇ ਮੁਸਲਮਾਨ ਸਨ, ਪਰ ਸ੍ਰੀ ਰਾਮਾਨੰਦ ਜੀ ਪਾਸੋਂ ਉਪਦੇਸ਼ ਲੈ ਕੇ ਹਿੰਦੂ ਧਰਮ ਦੇ ਧਾਰਣੀ ਹੋਏ। ਇਹ ਗੱਲ ਕਬੀਰ ਜੀ ਦੀ ਬਾਣੀ ਤੋਂ ਭੀ ਸਪੱਸ਼ਟ ਹੁੰਦੀ ਹੈ ਕਿ ਆਪ ਜੁਲਾਹਿਆਂ ਦੇ ਘਰ ਜੰਮੇ ਪਲੇ ਸਨ। ਯਥਾ :

(੧) **ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ॥**
**ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ॥੨॥** *(ਪੰਨਾ ੧੩੬੪)*

(੨) **ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ॥**
**ਕਬੀਰ ਰਮਈਆ ਕੰਠਿ ਮਿਲੁ ਚੂਕਹਿ ਸਰਬ ਜੰਜਾਲ॥੮੨॥** *(ਪੰਨਾ ੧੩੬੮)*

ਨੀਰੂ ਜੁਲਾਹੇ ਨੂੰ ਇਸ ਗੱਲ ਦਾ ਕੀ ਪਤਾ ਸੀ ਕਿ ਇਸ ਚੰਨਣ-ਬੂਟੇ ਦੀ ਸੁਗੰਧੀ ਨਾਲ ਸੰਸਾਰ ਮਹਿਕ ਉਠੇਗਾ! ਮਾਂ ਨੂੰ ਕੀ ਪਤਾ ਸੀ ਕਿ ਜਿਹੜਾ ਲਾਲ ਉਸ ਨੇ ਲੀਰਾਂ ਵਿਚ ਵਲੇਟਿਆ ਹੋਇਆ ਹੈ, ਜਿਹੜਾ ਗ਼ਰੀਬੀ ਵਿਚ ਪਲ ਰਿਹਾ ਹੈ, ਇਸ ਦੀਆਂ ਆਤਮਿਕ ਰਿਸ਼ਮਾਂ ਨਾਲ ਹਨੇਰੇ ਦਿਲਾਂ ਵਿਚ ਜੀਵਨ-ਜੋਤ ਜਗ ਪਵੇਗੀ! ਜਿਵੇਂ ਬ੍ਰਿਛ ਆਪਣੇ ਮਿੱਠੇ ਫਲਾਂ ਤੇ ਸਵਾਦ ਤੋਂ ਜਾਣੂ ਨਹੀਂ ਹੁੰਦਾ, ਤਿਵੇਂ ਇਸ ਸੰਸਾਰ ਵਿਚ ਅਨੇਕ ਮਾਤਾ-ਪਿਤਾ ਆਪਣੇ ਹੋਣਹਾਰ ਬੱਚਿਆਂ ਦੇ ਗੁਣਾਂ ਤੋਂ ਅੰਤ ਤੀਕ ਜਾਣੂ ਨਹੀਂ ਹੁੰਦੇ। ਸਾਧਾਰਨ ਬੱਚਿਆਂ ਦੀ ਮਨੋ-ਬਿਰਤੀ ਨੂੰ ਸਮਝਣਾ ਕਠਨ ਹੁੰਦਾ ਹੈ, ਮਹਾਂਪੁਰਖਾਂ ਨੂੰ ਬਚਪਨ ਵਿਚ ਸਮਝਣਾ ਤਾਂ ਹੋਰ ਵੀ ਕਠਨ ਹੁੰਦਾ ਹੈ। ਮੋਹ-ਮਾਇਆ, ਅਗਿਆਨ ਤੇ ਭਰਮ ਦੇ ਛਉੜ ਗਿਆਨ-ਚਖਸ਼ੂਆਂ ਨੂੰ ਕਦੋਂ ਉਘੜਨ ਦਿੰਦੇ ਹਨ?

ਸੰਸਾਰ ਦੇ ਇਤਿਹਾਸ ਵਿਚ ਹਜ਼ਾਰਾਂ ਚਕ੍ਰਵਰਤੀ ਰਾਜੇ, ਮਹਾਰਾਜੇ, ਐਸ਼੍ਵਰਜ ਵਾਲੇ ਤੇ ਧਨੀ ਪੁਰਸ਼ ਹੋ ਗੁਜ਼ਰੇ ਹਨ, ਜਿਨ੍ਹਾਂ ਨੇ ਰਾਜ ਮਹਿਲਾਂ ਵਿਚ ਜਨਮ ਲਿਆ। ਪੱਟ ਦੇ ਪੰਘੂੜਿਆਂ ਵਿਚ ਪਲੇ। ਮਖ਼ਮਲੀ ਸੇਜਾਂ ਉੱਤੇ ਸੌਂ ਕੇ ਤੇ ਛੱਤੀ ਪਦਾਰਥ ਖਾ ਕੇ ਵੱਡੇ ਹੋਏ, ਪਰ ਸੰਸਾਰ ਲਈ ਦੁਖਦਾਈ ਸਾਬਤ ਹੋਏ। ਇਹ ਕੌਣ ਜਾਣਦਾ ਸੀ ਕਿ ਜੁਲਾਹਾ ਤੇ ਜੁਲਾਹੀ ਜਿਸ ਬਾਲ ਨੂੰ ਪਾਲ ਰਹੇ ਹਨ, ਉਹ ਭਗਤ ਕਬੀਰ ਬਣ ਜਾਵੇਗਾ ਅਤੇ ਭਾਰਤਵਰਸ਼ ਦਾ ਵੱਡਾ ਭਾਰੀ ਸੁਧਾਰਕ ਹੋਵੇਗਾ! ਇਥੇ ਸਦੀਆਂ ਤੋਂ ਇਹ ਨਿਸਚਾ ਬਣਿਆ ਹੋਇਆ ਸੀ ਕਿ ਅਵਤਾਰ ਰਾਜ ਮਹਲਾਂ ਵਿਚ ਤੇ ਉੱਤਮ ਕੁਲਾਂ ਵਿਚ ਹੀ ਹੁੰਦੇ ਹਨ। ਇਹ ਕੌਣ ਨਿਸਚਾ ਕਰਦਾ ਸੀ ਕਿ ਜੁਲਾਹਿਆਂ ਦੇ ਘਰ ਕਬੀਰ ਜੀ ਵਰਗਾ ਭਗਤ ਤੇ ਮਹਾਨ ਪੁਰਸ਼ ਪੈਦਾ ਹੋ ਸਕਦਾ ਹੈ!

ਕਬੀਰ ਜੀ ਦੇ ਬਚਪਨ ਦੇ ਹਾਲਾਤ ਘੱਟ ਮਿਲਦੇ ਹਨ। ਕਬੀਰ-ਪੰਥੀਆਂ ਦਾ ਨਿਸਚਾ ਹੈ ਕਿ ਆਪ ਬਾਲ ਅਵਸਥਾ ਵਿਚ ਹੀ ਈਸ਼੍ਵਰ-ਭਗਤ, ਉੱਚੀ ਸੁਰਤ ਤੇ ਸੁੱਚੇ ਆਚਰਣ ਵਾਲੇ, ਵਿਚਾਰਸ਼ੀਲ ਤੇ ਸਤਸੰਗੀ ਸਨ। ਸੁਆਮੀ ਅਸ਼ਟਾਨੰਦ, ਜੋ ਸ੍ਰੀ ਰਾਮਾਨੰਦ ਜੀ ਦੇ ਚੇਲੇ ਸਨ, ਉਨ੍ਹਾਂ ਨੂੰ ਕਬੀਰ ਜੀ ਦੇ ਪ੍ਰਗਟ ਹੋਣ ਦਾ ਪਤਾ ਸੀ। ਉਨ੍ਹਾਂ ਨੇ ਬਚਪਨ ਵਿਚ ਹੀ ਕਬੀਰ ਜੀ ਨੂੰ ਰਾਮ ਨਾਮ ਦਾ ਉਪਦੇਸ਼ ਕੀਤਾ ਅਤੇ ਵੈਸ਼ਨਵ ਮੱਤ ਦੀ ਸਿਖਿਆ ਦਿੱਤੀ।[੧] ਉਮਰ ਵੱਡੀ ਹੋਣ ਦੇ ਨਾਲ ਨਾਲ ਕਬੀਰ ਜੀ ਦੀ ਕਰਨੀ ਭੀ ਵੱਡੀ ਹੋਣ ਲੱਗ ਪਈ। ਆਪ ਦੀ ਸੁਭਾਵਿਕ ਰੁਚੀ ਹਿੰਦੂ ਧਰਮ ਵੱਲ

੧. ਮੈਕਾਲਿਫ਼।

ਸੀ, ਇਸ ਲਈ ਬੱਚਿਆਂ ਨਾਲ ਖੇਡਦੇ ਰਾਮ ਨਾਮ ਜਪਦੇ ਸਨ। ਬੁੱਧੀ ਬੜੀ ਤੀਖਣ ਸੀ, ਇਸ ਲਈ ਭਾਵੇਂ ਉੱਚੀ ਵਿਦਿਆ ਨਹੀਂ ਭੀ ਪ੍ਰਾਪਤ ਕਰ ਸਕੇ, ਫਿਰ ਭੀ ਹਿੰਦੂ ਧਰਮ ਤੇ ਸੰਸਕ੍ਰਿਤ ਵਿਦਿਆ ਦੇ ਕੇਂਦਰ ਕਾਸ਼ੀ ਵਿਚ ਰਹਿ ਕੇ ਧਰਮ ਸਬੰਧੀ ਚੰਗੀ ਸੂਝ ਪ੍ਰਾਪਤ ਕਰ ਲਈ।

ਮਾਤਾ ਪਿਤਾ ਨੇ ਕਬੀਰ ਜੀ ਦੇ ਵਿਚਾਰਾਂ ਨੂੰ ਇਸਲਾਮੀ ਸਾਂਚੇ ਵਿਚ ਢਾਲਣ ਦਾ ਜਤਨ ਕੀਤਾ ਪਰ ਉਨ੍ਹਾਂ ਦੀ ਕੋਈ ਪੇਸ਼ ਨਾ ਗਈ। ਇਕ ਕਾਜ਼ੀ ਨੂੰ ਸੁੰਨਤ ਕਰਨ ਲਈ ਲਿਆਂਦਾ ਗਿਆ। ਕਬੀਰ ਜੀ ਨੇ ਉਸ ਨੂੰ ਸੰਬੋਧਨ ਕਰ ਕੇ ਇਹ ਉਪਦੇਸ਼ ਕੀਤਾ :

**ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ॥**
**ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ॥੧॥**
**ਕਾਜੀ ਤੈ ਕਵਨ ਕਤੇਬ ਬਖਾਨੀ॥**
**ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ॥੧॥ ਰਹਾਉ॥**
**ਸਕਤਿ ਸਨੇਹੁ ਕਰਿ ਸੁੰਨਤ ਕਰੀਐ ਮੈ ਨ ਬਦਉਗਾ ਭਾਈ॥**
**ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ॥੨॥**
**ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤਿ ਕਾ ਕਿਆ ਕਰੀਐ॥**
**ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ॥੩॥**
**ਛਾਡਿ ਕਤੇਬ ਰਾਮੁ ਭਜੁ ਬਉਰੇ ਜੁਲਮ ਕਰਤ ਹੈ ਭਾਰੀ॥**
**ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ ਪਚਿਹਾਰੀ॥੪॥੮॥**

*(ਆਸਾ, ਪੰਨਾ ੪੭੭)*

ਕਬੀਰ ਜੀ ਨੂੰ ਭਗਤੀ ਤੇ ਵੈਸ਼ਨਵ ਮੱਤ ਦੀ ਸੁਚ ਸੰਜਮ ਕਰਦੇ ਵੇਖ ਕੇ ਕਿਸੇ ਆਦਮੀ ਨੇ ਕਿਹਾ, "ਕਬੀਰਾ, ਤੇਰਾ ਕੁਝ ਨਹੀਂ ਬਣ ਸਕਦਾ, ਜਦ ਤੀਕ ਤੂੰ ਕਿਸੇ ਪੂਰਨ ਪੁਰਖ ਨੂੰ ਗੁਰੂ ਧਾਰਨ ਨਹੀਂ ਕਰਦਾ।" ਇਸ ਗੱਲ ਨੇ ਆਪ ਦੇ ਮਨ 'ਤੇ ਡੂੰਘਾ ਅਸਰ ਕੀਤਾ। ਆਪ ਗੁਰੂ ਦੀ ਤਲਾਸ਼ ਕਰਨ ਲੱਗ ਪਏ।

ਜਿਵੇਂ ਪਪੀਹਾ ਸ੍ਵਾਂਤੀ ਬੂੰਦ ਲਈ ਤੜਫਦਾ ਹੈ, ਤਿਵੇਂ ਪਰਮਾਰਥੀ ਪੁਰਸ਼ ਦਾ ਚਿੱਤ ਈਸ਼੍ਵਰ-ਪ੍ਰੇਮ ਵਿਚ ਬਿਹਬਲ ਹੋ ਉੱਠਦਾ ਹੈ। ਕਬੀਰ ਜੀ ਦੀ ਇਹੀ ਅਵਸਥਾ ਬਣ ਚੁੱਕੀ ਸੀ। ਉਨ੍ਹਾਂ ਨੂੰ ਪਰਮਾਰਥ ਦੀ ਲਗਨ ਵਧਦੀ ਹੀ ਗਈ। ਹੁਣ ਕਿਸੇ ਮਹਾਨ ਵਿਅਕਤੀ ਪਾਸੋਂ ਗੁਰੂ-ਦੀਖਿਆ ਤੇ ਆਤਮਿਕ ਉਪਦੇਸ਼ ਪ੍ਰਾਪਤ ਕਰਨ ਲਈ ਜਤਨ ਕਰ ਰਹੇ ਸਨ। ਦੀਪਕ ਤਾਂ ਸੀ ਪਰ ਉਸ ਨੂੰ ਕਿਸੇ ਪ੍ਰਕਾਸ਼ ਦੀ ਛੋਹ ਪ੍ਰਾਪਤ ਕਰ ਕੇ ਜਗਾਣ ਦੀ ਲੋੜ ਸੀ।

ਇਸ ਵਿਸ਼ਾਲ ਜਗਤ ਵਿਚ ਹਰ ਕਿਸਮ ਦੇ ਪਦਾਰਥ ਹਨ। ਮਨੁੱਖ ਉਨ੍ਹਾਂ ਨੂੰ ਪ੍ਰਾਪਤ ਕਰ ਸਕਦਾ ਹੈ ਪਰ ਜੇ ਮਨ, ਬਚਨ ਤੇ ਕਰਮ ਦੁਆਰਾ ਪ੍ਰਾਪਤੀ ਵੱਲ ਲੱਗ ਜਾਵੇ। ਜਿਵੇਂ ਕਿ ਗੁਰਬਾਣੀ ਵਿਚ ਆਇਆ ਹੈ, 'ਜੋ ਖੋਜੈ ਸੋ ਪਾਵੈ' ਭਾਵ ਜਿਸ ਚੀਜ਼ ਦੀ ਕਿਸੇ ਨੂੰ ਲੋੜ ਹੁੰਦੀ ਹੈ, ਉਹ ਉਸ ਦੀ ਭਾਲ ਕਰਦਾ ਹੈ। ਕੁਦਰਤ ਉਸ ਦੀ ਪ੍ਰਾਪਤੀ ਵਿਚ ਸਹਾਇਤਾ ਕਰਦੀ ਹੈ। ਜਿਸ ਤਰ੍ਹਾਂ ਚੁੰਬਕ ਲੋਹੇ ਨੂੰ ਆਪਣੇ ਵੱਲ ਖਿੱਚਦਾ ਹੈ, ਇਸੇ ਤਰ੍ਹਾਂ ਦ੍ਰਿੜ੍ਹ ਸੰਕਲਪ ਤੇ ਪੁਰਸ਼ਾਰਥ ਕਿਸੇ ਚੀਜ਼ ਦੀ ਪ੍ਰਾਪਤੀ ਨੂੰ ਨੇੜੇ ਲਿਆਉਂਦਾ ਹੈ।

ਪਾਵਨ ਪਵਿਤਰ ਗੁਰਬਾਣੀ ਦਾ ਵਾਕ ਹੈ:

**ਸਾਈ ਵਸਤੁ ਪਰਾਪਤਿ ਹੋਈ ਜਿਸ ਸੇਤੀ ਮਨੁ ਲਾਇਆ॥**

*(ਸੂਹੀ ਮ: ੧, ਪੰਨਾ ੭੬੪)*

ਭਾਵ, ਜਿਸ ਚੀਜ਼ ਦੀ ਪ੍ਰਾਪਤੀ ਲਈ ਮਨ ਲਾਇਆ ਜਾਵੇ, ਉਹੀ ਮਿਲਦੀ ਹੈ।

# ਕਬੀਰ ਜੀ ਦਾ ਗੁਰੂ ਧਾਰਨ ਕਰਨਾ

## ਸ੍ਰੀ ਰਾਮਾਨੰਦ ਜੀ ਤੋਂ ਗੁਰ-ਦੀਖਿਆ ਲੈਣੀ

ਉਨ੍ਹਾਂ ਦਿਨਾਂ ਵਿਚ ਵੈਰਾਗੀ ਸੰਪ੍ਰਦਾਇ ਦੇ ਮੁਖੀ ਸ੍ਰੀ ਰਾਮਾਨੰਦ ਜੀ ਕਾਸ਼ੀ ਵਿਚ ਨਿਵਾਸ ਕਰਦੇ ਸਨ।[1] ਉਹ ਬੜੇ ਭਜਨੀਕ, ਸ਼ੁਭ ਕਰਨੀ ਵਾਲੇ, ਆਤਮ-ਦਰਸੀ ਤੇ ਤਤ੍ਵ-ਵੇਤਾ ਸਾਧੂ ਸਨ। ਕਬੀਰ ਜੀ ਨੇ ਇਨ੍ਹਾਂ ਦੀ ਸਰੋਤ ਸੁਣੀ ਹੋਈ ਸੀ, ਇਸ ਲਈ ਆਪ ਨੇ ਉਨ੍ਹਾਂ ਨੂੰ ਗੁਰੂ ਧਾਰਨ ਦਾ ਪੱਕਾ ਇਰਾਦਾ ਕਰ ਲਿਆ। ਕਬੀਰ ਜੀ ਭਾਵੇਂ ਜੰਮੇ ਪਲੇ ਮੁਸਲਮਾਨ ਜੁਲਾਹਿਆਂ ਦੇ ਘਰ ਸਨ ਪਰ ਆਪ ਦਾ ਸੁਭਾਵਕ ਝੁਕਾਉ ਹਿੰਦੂ ਧਰਮ ਵੱਲ ਸੀ। ਚੂੰਕਿ ਸ੍ਰੀ ਰਾਮਾਨੰਦ ਜੀ ਵੈਸ਼ਨਵ ਸਾਧੂ ਸਨ ਤੇ ਕਬੀਰ ਮੁਸਲਮਾਨ ਜੁਲਾਹਾ ਸੀ, ਇਸ ਲਈ ਇਨ੍ਹਾਂ ਦੋਹਾਂ ਵਿਚਕਾਰ ਗੁਰੂ ਚੇਲੇ ਦਾ ਸੰਬੰਧ ਕਾਇਮ ਹੋਣਾ ਅਸੰਭਵ ਤਾਂ ਨਹੀਂ ਸੀ, ਪਰ ਕਠਨ ਜ਼ਰੂਰ ਸੀ।

*ਭਗਤ ਕਲਪਦ੍ਰੁਮ* ਵਿਚ ਲਿਖਿਆ ਹੈ ਕਿ ਸ੍ਰੀ ਰਾਮਾਨੰਦ ਜੀ ਕਿਸੇ ਮੁਸਲਮਾਨ ਦਾ ਪਰਛਾਵਾਂ ਨਹੀਂ ਲੈਂਦੇ ਸਨ। ਇਸ ਦਾ ਕਾਰਨ ਇਹ ਸੀ ਕਿ ਸ਼ੁਰੂ ਵਿਚ ਜਦ ਮੁਸਲਮਾਨ ਬਾਦਸ਼ਾਹ ਭਾਰਤ ਵਿਚ ਆਏ ਸਨ, ਉਨ੍ਹਾਂ ਨੇ ਇਥੇ ਲੁੱਟ ਮਾਰ ਕੀਤੀ। ਜ਼ੋਰ-ਜ਼ੁਲਮ ਤੇ ਅਤਿਆਚਾਰ ਕਰਦੇ ਰਹੇ। ਭਾਵੇਂ ਹਿੰਦੂ ਰਾਜਨੀਤਿਕ ਤੌਰ 'ਤੇ ਅਧੀਨ ਹੋ ਗਏ ਸਨ ਪਰ ਦਿਲੋਂ ਉਨ੍ਹਾਂ ਨਾਲ ਨਫ਼ਰਤ ਕਰਦੇ ਸਨ। ਉਸ ਸਮੇਂ ਮੁਸਲਮਾਨਾਂ ਨੂੰ 'ਮਲੇਛ' (ਮੈਲੀ ਇੱਛਾ ਵਾਲੇ) ਕਿਹਾ ਜਾਂਦਾ ਸੀ। ਇਸ ਲਈ ਕਾਸ਼ੀ ਵਿਚ ਨਿਵਾਸ ਰੱਖਣ ਵਾਲੇ ਕਿਸੇ ਵੈਸ਼ਨਵ ਸਾਧੂ ਦੇ ਇਹ ਖ਼ਿਆਲ ਹੋਣ ਕਿ 'ਤੁਰਕ ਦਾ ਦਰਸ਼ਨ ਨਹੀਂ ਲੈਣਾ' ਇਹ ਕੋਈ ਵੱਡੀ ਗੱਲ ਨਹੀਂ ਸੀ। ਪਰ ਜਦੋਂ ਕਿਸੇ ਹਿਰਦੇ ਵਿਚ ਪ੍ਰੇਮ ਉਮਡ ਪਵੇ, ਉਹ ਜਾਤ, ਮਜ਼੍ਹਬ ਤੇ ਨਸਲ ਦੀਆਂ ਸਾਰੀਆਂ ਸੀਮਾਵਾਂ ਨੂੰ ਤੋੜ ਦਿੰਦਾ ਹੈ। ਕਬੀਰ ਜੀ ਦੇ ਹਿਰਦੇ ਵਿਚ ਸ੍ਰੀ ਰਾਮਾਨੰਦ ਜੀ ਨੂੰ ਗੁਰੂ ਧਾਰਣ ਦੀ ਤੀਬਰ ਇੱਛਾ ਸੀ, ਅਗਾਧ ਪ੍ਰੇਮ ਸੀ। ਉਨ੍ਹਾਂ ਦਾ ਪ੍ਰੇਮ ਸਾਰੀਆਂ ਹੱਦਾਂ ਤੋੜਨਾ ਚਾਹੁੰਦਾ ਸੀ, ਪਰ ਸ੍ਰੀ ਰਾਮਾਨੰਦ ਜੀ ਸੰਕੋਚ ਕਰਦੇ ਸਨ। ਪ੍ਰੇਮ ਦੀਆਂ ਲਾਟਾਂ ਆਕਾਸ਼ ਵੱਲ ਉੱਠ ਰਹੀਆਂ ਸਨ। ਆਕਾਸ਼ ਨੀਵਾਂ ਨਹੀਂ ਸੀ ਹੁੰਦਾ। ਕੁਦਰਤ ਨੇ ਇਕ ਬਿਧ ਬਣਾ ਦਿੱਤੀ।

ਇਤਿਹਾਸ ਵਿਚ ਲਿਖਿਆ ਹੈ ਕਿ ਸ੍ਰੀ ਰਾਮਾਨੰਦ ਜੀ ਹਰ ਰੋਜ਼ ਅੰਮ੍ਰਿਤ ਵੇਲੇ ਗੰਗਾ ਦੇ 'ਮਨੀ ਕਰਣ' ਘਾਟ 'ਤੇ ਇਸ਼ਨਾਨ ਕਰਨ ਲਈ ਜਾਇਆ ਕਰਦੇ ਸਨ। ਕਬੀਰ ਜੀ ਨੇ ਉਨ੍ਹਾਂ ਪਾਸੋਂ ਉਪਦੇਸ਼ ਲੈਣ ਤੇ ਦਰਸ਼ਨ ਕਰਨ ਦੀ ਵਿਉਂਤ ਸੋਚੀ ਕਿ 'ਜਦੋਂ ਉਹ ਇਸ਼ਨਾਨ ਕਰਨ ਲਈ ਜਾਣ ਤਾਂ ਰਾਹ ਵਿਚ ਜਾ ਕੇ ਲੰਮਾ ਪੈ ਜਾਵਾਂ।

---

੧. ਪੁਨ ਹਰਿ ਰਾਮਾ ਨੰਦ ਕੋ ਕਰਾ। ਭੇਸ ਬੈਰਾਗੀ ਕੋ ਜਿਨ ਧਰਾ। *(ਬਚਿਤ੍ਰ ਨਾਟਕ, ੬—੨੫)*

ਸ਼ਾਇਦ ਦਰਸ਼ਨ ਹੋ ਜਾਣ ਜਾਂ ਉਪਦੇਸ਼ ਮਿਲ ਜਾਵੇ।' ਇਕ ਦਿਨ ਆਪ ਨੇ ਇਸ ਗੱਲ 'ਤੇ ਅਮਲ ਕੀਤਾ। ਪਿਛਲੀ ਰਾਤ ਗੰਗਾ ਘਾਟ ਦੇ ਰਾਹ ਵਿਚ ਜਾ ਕੇ ਲੰਮੇ ਪੈ ਰਹੇ। ਸ੍ਰੀ ਰਾਮਾਨੰਦ ਜੀ ਇਸ਼ਨਾਨ ਕਰਨ ਲਈ ਜਾ ਰਹੇ ਸਨ ਕਿ ਉਨ੍ਹਾਂ ਦੇ ਚਰਨ ਇਕ ਮਨੁੱਖ 'ਤੇ ਪਏ। ਆਪ ਨੇ ਉਸ ਨੂੰ ਉਠਾ ਕੇ ਕਿਹਾ, "ਰਾਮ ਕੇ ਰਾਮ ਕਹੁ।" ਬੱਸ ਕਬੀਰ ਜੀ ਲਈ ਇਹੀ ਉਪਦੇਸ਼ ਸੀ। ਇਸ ਘਟਨਾ ਸੰਬੰਧੀ ਭਾਈ ਗੁਰਦਾਸ ਜੀ ਲਿਖਦੇ ਹਨ:

**ਹੋਇ ਬਿਰਕਤੁ ਬਨਾਰਸੀ ਰਹਿੰਦਾ ਰਾਮਾਨੰਦ ਗੁਸਾਈਂ॥**
**ਅੰਮ੍ਰਿਤ ਵੇਲੇ ਉਠ ਕੇ ਜਾਂਦਾ ਗੰਗਾ ਨ੍ਹਾਵਨ ਤਾਈਂ॥**
**ਅਗੋ ਦੇ ਹੀ ਜਾਇ ਕੈ ਲੰਮਾ ਪਿਆ ਕਬੀਰ ਤਿਥਾਈਂ॥**
**ਪੈਰੀ ਟੁੰਬ ਉਠਾਲਿਆ 'ਬੋਲਹੁ ਰਾਮ' ਸਿਖ ਸਮਝਾਈ॥**
**ਜਿਉ ਲੋਹਾ ਪਾਰਸ ਛੋਹੇ ਚੰਦਨ ਵਾਸੁ ਨਿੰਮ ਮਹਿਕਾਈ॥**
**ਪਸੂ ਪਰੇਤਹੁ ਦੇਵ ਕਰਿ ਪੂਰੇ ਸਤਿਗੁਰ ਕੀ ਵਡਿਆਈ॥**

*(ਵਾਰ ੧੦, ਪਉੜੀ ੧੫)*

*ਭਗਤ ਮਾਲ* ਵਿਚ ਵੀ ਇਹੋ ਸਾਖੀ ਲਿਖੀ ਹੈ। *ਭਗਤ ਕਲਪਦ੍ਰੂਮ* ਵਿਚ ਲਿਖਿਆ ਹੈ—"ਰਾਮਾਨੰਦ ਇਸ਼ਨਾਨ ਕਰਕੇ ਆਤੇ ਥੇ, ਉਨਕਾ ਚਰਨ ਕਬੀਰ ਜੀ ਪਰ ਪੜਾ ਅਰ ਰਾਮ ਨਾਮ ਮੁਖ ਸੇ ਨਿਕਲਾ! ਕਬੀਰ ਜੀ ਨੇ ਉਸੀ ਕੋ ਉਪਦੇਸ਼ ਸਮਝਾ ਔਰ ਤਿਲਕ ਮਾਲਾ ਆਦਿ ਧਾਰਨ ਕਰ ਕੇ ਉਸ ਮੰਤ੍ਰ ਕਾ ਜਾਪ ਕਰਨੇ ਲਗੇ। ਕਬੀਰ ਜੀ ਕੀ ਮਾਤਾ ਨੇ ਜੋ ਅਪਨੇ ਮੱਤ ਵਿਰੁੱਧ ਆਚਰਨ ਦੇਖਾ ਤੋ ਸ਼ੋਰ ਵਾ ਚਿਲਾਹਟ ਕੀਆ, ਔਰ ਸਮਝਾਇਆ। ਕਬੀਰ ਜੀ ਨੇ ਕੁਛ ਨ ਸੁਨਾ। ਅਪਨੇ ਸਿਮਰਨ ਭਜਨ ਮੇਂ ਰਹਿਤੇ ਰਹੇ।"

ਕਈ ਘਟਨਾਵਾਂ ਦਿਸਣ ਵਿਚ ਬਹੁਤ ਸਾਧਾਰਨ ਹੁੰਦੀਆਂ ਹਨ, ਪਰ ਉਨ੍ਹਾਂ ਦਾ ਅਸਰ ਬਹੁਤ ਵੱਡਾ ਹੁੰਦਾ ਹੈ। ਕਿਸੇ ਮਹਾਂਪੁਰਖ ਦਾ ਇਕ ਆਦਮੀ ਨੂੰ ਕਹਿ ਦੇਣਾ—'ਰਾਮ ਕੇ ਰਾਮ ਕਹੁ' ਸਾਧਾਰਨ ਗੱਲ ਪ੍ਰਤੀਤ ਹੁੰਦੀ ਹੈ। ਪਰ ਇਨ੍ਹਾਂ ਸ਼ਬਦਾਂ ਨੇ ਕਬੀਰ ਜੀ ਉਪਰ ਜਾਦੂ ਦਾ ਅਸਰ ਕੀਤਾ। ਕਰਦੇ ਵੀ ਕਿਉਂ ਨਾ, ਚੰਗੇ ਹਿਰਦੇ 'ਚੋਂ ਨਿਕਲੇ ਸਨ। ਕੋਈ ਮਨੁੱਖ ਕਾਰਤੂਸ ਜਾਂ ਸਿੱਕੇ ਦੀਆਂ ਗੋਲੀਆਂ ਹੱਥ ਨਾਲ ਕਿਸੇ ਦੂਜੇ ਨੂੰ ਮਾਰੇ ਤਾਂ ਉਹ ਰਤਾ ਅਸਰ ਨਹੀਂ ਕਰਦੀਆਂ, ਪਰ ਜਦੋਂ ਉਹਨਾਂ ਨੂੰ ਬੰਦੂਕ ਵਿਚ ਪਾ ਕੇ ਚਲਾਇਆ ਜਾਵੇ ਤਾਂ ਮਾਰ ਸੁਟਦੀਆਂ ਹਨ। ਇਸੇ ਤਰ੍ਹਾਂ ਫੋਕੇ ਤੇ ਕਰਨੀ-ਹੀਣ ਪੁਰਸ਼ਾਂ ਦੇ ਹਜ਼ਾਰਾਂ ਉਪਦੇਸ਼ ਤੇ ਮੰਤਰ ਕਿਸੇ ਦਾ ਕੁਝ ਨਹੀਂ ਸਵਾਰਦੇ, ਪਰ ਚੰਗੇ ਪੁਰਸ਼ਾਂ ਦੇ ਥੋੜ੍ਹੇ ਜਿਹੇ ਬਚਨ ਭੀ ਅਨੇਕ ਮਨੁੱਖਾਂ ਦੇ ਜੀਵਨ ਨੂੰ ਪਲਟਾ ਦਿੰਦੇ ਹਨ। ਮਹਾਤਮਾ ਦੇ ਬਚਨਾਂ ਦੇ ਪਿੱਛੇ ਉਹਨਾਂ ਦੀ ਕਰਨੀ ਤੇ ਤਪ ਦਾ ਬਲ ਹੁੰਦਾ ਹੈ, ਇਸ ਲਈ ਉਹ ਵਧੇਰੇ ਅਸਰ ਕਰਦੇ ਹਨ।

ਕਬੀਰ ਜੀ ਦੇ ਇਸਲਾਮ ਤੋਂ ਇਨਕਾਰ ਕਰਨ ਨਾਲ ਮਾਤਾ ਪਿਤਾ ਤੇ ਮੌਲਾਣਿਆਂ ਨੂੰ ਦੁਖ ਹੋਣਾ ਹੀ ਸੀ, ਪਰ ਦੂਜੇ ਪਾਸੇ ਕਾਸ਼ੀ ਦੇ ਹਿੰਦੂ ਭੀ ਵਿਰੋਧੀ ਸਨ। ਉਹ ਇਸ ਲਈ ਕਿ ਮੁਸਲਮਾਨ ਜੁਲਾਹਾ ਹੋ ਕੇ ਰਾਮ ਨਾਮ ਦਾ ਸਿਮਰਨ ਜਾਂ ਹਿੰਦੂ ਮੱਤ ਦੇ ਸਿਧਾਂਤਾਂ ਦੀ ਪੈਰਵੀ ਕਿਉਂ ਕਰੇ। ਉਸ ਸਮੇਂ ਸ੍ਰੀ ਕਬੀਰ ਜੀ ਦੀ ਮੁਕੰਦ

ਨਾਮੇ ਪੰਡਤ ਨਾਲ ਚਰਚਾ ਹੋਈ, ਜਿਸ ਪ੍ਰਤਿ ਆਪ ਨੇ ਇਹ ਸ਼ਬਦ ਉਚਾਰਨ ਕੀਤਾ:

ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ॥
ਤੁਮ੍ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ॥੧॥
ਮੇਰੀ ਜਿਹਬਾ ਬਿਸਨੁ ਨੈਨ ਨਾਰਾਇਨ ਹਿਰਦੈ ਬਸਹਿ ਗੋਬਿੰਦਾ॥
ਜਮ ਦੁਆਰਿ ਜਬ ਪੂਛਸਿ ਬਵਰੇ ਤਬ ਕਿਆ ਕਹਸਿ ਮੁਕੰਦਾ॥੧॥ ਰਹਾਉ॥
ਹਮ ਗੋਰੂ ਤੁਮ ਗੁਆਰ ਗੁਸਾਈ ਜਨਮ ਜਨਮ ਰਖਵਾਰੇ॥
ਕਬਹੂੰ ਨ ਪਾਰਿ ਉਤਾਰਿ ਚਰਾਇਹੁ ਕੈਸੇ ਖਸਮ ਹਮਾਰੇ॥੨॥
ਤੂੰ ਬਾਮ੍ਹਨੁ ਮੈ ਕਾਸੀ ਕ ਜੁਲਹਾ ਬੂਝਹੁ ਮੋਰ ਗਿਆਨਾ।
ਤੁਮ੍ ਤਉ ਜਾਚੇ ਭੂਪਤਿ ਰਾਜੇ ਹਰਿ ਸਉ ਮੋਰ ਧਿਆਨਾ॥੩॥੪॥੨੬॥

*(ਆਸਾ, ਪੰਨਾ ੪੮੨)*

ਭਾਵ, ਪੰਡਤ ਜੀ! ਤੁਹਾਡੇ ਗਲ ਵਿਚ ਧਾਗੇ ਦਾ ਜਨੇਊ ਹੈ, ਅਸੀਂ ਰੋਜ਼ ਸੂਤਰ ਦਾ ਤਾਣਾ ਤਣਦੇ ਹਾਂ। ਤੁਸੀਂ ਗਾਇਤ੍ਰੀ ਦਾ ਪਾਠ ਕਰਦੇ ਹੋ, ਅਸੀਂ ਗੋਬਿੰਦ ਨੂੰ ਹਿਰਦੇ ਵਿਚ ਰੱਖਦੇ ਹਾਂ। ਸਾਡੀ ਜੀਭ 'ਤੇ ਵਿਸ਼ਨੂੰ ਦਾ ਨਾਮ ਹੈ, ਅੱਖਾਂ ਵਿਚ ਨਾਰਾਇਣ ਵੱਸਦਾ ਹੈ, ਹਿਰਦੇ ਵਿਚ ਗੋਬਿੰਦ ਦਾ ਨਿਵਾਸ ਹੈ। ਜਦ ਦੁਆਰੇ 'ਤੇ ਲੇਖਾ ਪੁੱਛਿਆ ਜਾਵੇਗਾ, ਤਦ ਪੰਡਤ ਜੀ ਕੀ ਕਰੋਗੇ? ਅਸੀਂ (ਜੁਲਾਹੇ) ਗਊਆਂ ਹਾਂ। ਤੁਸੀਂ ਕਈ ਜਨਮਾਂ ਤੋਂ ਸਾਡੇ ਰਖਵਾਲੇ ਬਣੇ ਹੋਏ ਹੋ। ਪਰ ਤੁਸੀਂ ਕਦੀ ਸਾਡਾ ਪਾਰ-ਉਤਾਰਾ ਨਹੀਂ ਕੀਤਾ। ਤੁਸੀਂ ਬ੍ਰਾਹਮਣ ਹੋ, ਮੈਂ ਕਾਸ਼ੀ ਦਾ ਜੁਲਾਹਾ ਹਾਂ। ਤੁਸੀਂ ਮੇਰਾ ਗਿਆਨ ਸੁਣ ਲਓ, ਉਹ ਇਹ ਹੈ ਕਿ ਤੁਸੀਂ ਵੱਡੇ ਵੱਡੇ ਭੂਪਤਿ ਤੇ ਰਾਜਿਆਂ ਨੂੰ ਚਾਹੁੰਦੇ ਹੋ, ਮੇਰਾ ਧਿਆਨ ਵਾਹਿਗੁਰੂ ਦੇ ਚਰਨਾਂ ਵਿਚ ਲੱਗਾ ਹੋਇਆ ਹੈ।

ਅੰਤ ਨੂੰ ਕਬੀਰ ਜੀ ਦੇ ਉਪਦੇਸ਼ ਲੈਣ ਦੀ ਖ਼ਬਰ ਸ੍ਰੀ ਰਾਮਾਨੰਦ ਜੀ ਤਕ ਪਹੁੰਚੀ। ਉਨ੍ਹਾਂ ਨੇ ਸੇਵਕਾਂ ਨੂੰ ਕਿਹਾ, "ਕਬੀਰ ਨੂੰ ਲਿਆਓ ਤਾਂ ਸਹੀ, ਅਸੀਂ ਉਸ ਨੂੰ ਪੁੱਛੀਏ ਕਿ ਅਸੀਂ ਕਦੋਂ ਦੀਖਿਆ ਦਿੱਤੀ ਹੈ?"

ਸ੍ਰੀ ਰਾਮਾਨੰਦ ਜੀ ਦੇ ਬੁਲਾਣ 'ਤੇ ਕਬੀਰ ਜੀ ਆਏ। *ਭਗਤ ਕਲਪਦ੍ਰੁਮ* ਵਿਚ ਲਿਖਿਆ ਹੈ ਕਿ ਸ੍ਰੀ ਰਾਮਾਨੰਦ ਜੀ ਨੇ ਪਰਦਾ ਤਾਣ ਕੇ ਕਬੀਰ ਜੀ ਪਾਸੋਂ ਸਾਰਾ ਬਿਰਤਾਂਤ ਪੁੱਛਿਆ। ਭਗਤ ਜੀ ਨੇ ਸਾਰੀ ਗੱਲ ਬਾਤ ਦੱਸ ਦਿੱਤੀ ਤੇ ਬੇਨਤੀ ਕੀਤੀ, "ਗੁਰਦੇਵ! ਸਭ ਪਵਿੱਤ੍ਰ ਗ੍ਰੰਥ ਤੇ ਤਤ੍ਵਵੇਤਾ ਪੁਰਸ਼ ਇਸ ਗੱਲ 'ਤੇ ਸਹਿਮਤ ਹਨ ਕਿ ਰਾਮ ਨਾਮ ਮਹਾਂ ਮੰਤ੍ਰ ਹੈ। ਜਦ ਅਜਿਹੇ ਮੰਤ੍ਰ ਦਾ ਉਪਦੇਸ਼ ਆਪ ਦੇ ਮੁਖਾਰਬਿੰਦ ਤੋਂ ਮੈਨੂੰ ਹੋਇਆ ਹੈ ਤਾਂ ਆਪ ਦੇ ਗੁਰੂ ਤੇ ਮੇਰੇ ਚੇਲਾ ਹੋਣ ਵਿਚ ਕੀ ਸੰਦੇਹ ਰਹਿ ਗਿਆ ਹੈ?"

ਸ੍ਰੀ ਰਾਮਾਨੰਦ ਜੀ ਇਹ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਪਰਦਾ ਉਠਾ ਕੇ ਕਬੀਰ ਜੀ ਨੂੰ ਛਾਤੀ ਨਾਲ ਲਾਇਆ। ਵਾਹਿਗੁਰੂ ਦੇ ਭਜਨ ਸਿਮਰਨ ਤੇ ਸਾਧੂ ਸੇਵਾ ਦਾ ਉਪਦੇਸ਼ ਦੇ ਕੇ ਵਿਦਾ ਕੀਤਾ। 'ਕਬੀਰ ਜੀ ਰਾਮਾਨੰਦ ਦੇ ਬਾਰ੍ਹਾਂ ਚੇਲਿਆਂ 'ਚੋਂ ਸਭ ਤੋਂ ਵਧ ਕੇ ਪ੍ਰਸਿੱਧ ਸਨ। ਜਿਨ੍ਹਾਂ ਦੀ ਸਿਖਿਆ ਨੇ ਆਮ ਲੋਕਾਂ ਦੇ ਦਿਲਾਂ 'ਤੇ ਅਸਰ ਕੀਤਾ।'[1]

---

੧. *ਰਿਲੀਜਸ ਸੈਕਟਸ ਆਫ਼ ਇੰਡੀਆ*, ਪ੍ਰੋਫ਼ੈਸਰ ਐਚ.ਐਚ. ਵਿਲਸਨ।

ਕਬੀਰ ਜੀ ਦੇ ਚੇਲਾ ਬਣਨ ਦੀ ਦੇਰ ਸੀ ਕਿ ਕਹਿਣ ਮਾਤ੍ਰ ਨੀਚ ਜਾਤਾਂ ਦੇ ਪੁਰਸ਼ਾਂ ਲਈ ਉਪਦੇਸ਼ ਦਾ ਦਰਵਾਜ਼ਾ ਖੁੱਲ੍ਹ ਗਿਆ। ਪ੍ਰਤੀਤ ਹੁੰਦਾ ਹੈ ਕਿ ਉਹਨਾਂ ਦੇ ਉਤਮ ਖ਼ਿਆਲਾਂ ਨੇ ਸ੍ਰੀ ਰਾਮਾਨੰਦ ਜੀ ਦੇ ਵਿਚਾਰਾਂ ਨੂੰ ਬਹੁਤ ਬਦਲਿਆ ਹੈ। ਭਾਈ ਗੁਰਦਾਸ ਜੀ ਲਿਖਦੇ ਹਨ:

**ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖ ਹੋਆ ਸੈਣੁ ਨਾਈ॥੧੬॥੧੦॥**

ਇਸ ਤੋਂ ਜਾਪਦਾ ਹੈ ਕਿ ਸੈਣ ਨਾਈ, ਰਵਿਦਾਸ ਚਮਾਰ, ਧੰਨਾ ਜੱਟ, ਪੀਪਾ ਆਦਿਕ ਨੂੰ ਕਬੀਰ ਜੀ ਦੇ ਮਗਰੋਂ ਸ੍ਰੀ ਰਾਮਾਨੰਦ ਜੀ ਪਾਸੋਂ ਦੀਖਿਆ ਮਿਲੀ ਜਾਂ ਉਪਦੇਸ਼ ਪ੍ਰਾਪਤ ਹੋਇਆ।

ਕਈ ਇਤਿਹਾਸਕਾਰਾਂ ਦੀ ਰਾਇ ਹੈ ਕਿ ਆਪਣੇ ਸਮੇਂ ਵਿਚ ਵੈਸ਼ਨਵ ਆਚਾਰਯਾਂ ਵਿਚੋਂ ਸ੍ਰੀ ਰਾਮਾਨੰਦ ਜੀ ਸੁਤੰਤਰ ਵਿਚਾਰਾਂ ਦੇ ਸਨ। ਵਰਣ ਆਸ਼ਰਮ ਦੀ ਕਾਣ ਘੱਟ ਮੰਨਦੇ ਸਨ। ਆਪ ਜਦੋਂ ਆਪਣੇ ਗੁਰੂ ਰਾਘਵਾ ਨੰਦ ਪਾਸ ਗਏ ਤਦ ਉਨ੍ਹਾਂ ਨੇ ਆਪ ਦੀ ਰਹਿਣੀ ਬਹਿਣੀ ਸੁਤੰਤਰ ਦੇਖ ਕੇ ਕਿਹਾ, "ਰਾਮਾਨੰਦ! ਜਾਹ ਤੂੰ ਆਪਣੀ ਸੰਪ੍ਰਦਾਇ ਚਲਾ।" ਰਾਮਾਨੰਦ ਜੀ ਆਪਣੇ ਵੱਡਿਆਂ ਦੀ ਰੀਤ ਨੂੰ ਆਪਣਾ ਆਚਾਰ ਨਹੀਂ ਮੰਨਦੇ ਸਨ। ਉਨ੍ਹਾਂ ਦਾ ਨਿਸਚਾ ਸੀ ਕਿ ਕੋਈ ਮਨੁੱਖ ਈਸ਼੍ਵਰ ਦੀ ਸ਼ਰਨ ਆਵੇ, ਉਸ ਨੂੰ ਜਾਤ, ਗੋਤ ਤੇ ਵਰਣਾਦਿਕ ਦਾ ਬੰਧਨ ਨਹੀਂ। ਉਨ੍ਹਾਂ ਦੇ ਅਨੁਸਾਰੀ ਮਿਲ ਕੇ ਇਕ ਪੰਗਤ ਵਿਚ ਪਰਸ਼ਾਦ ਛਕਦੇ ਸਨ।[1]

ਕੁਝ ਨਵੀਨ ਹਿੰਦੂ ਲੇਖਕਾਂ ਦੀ ਰਾਇ ਹੈ ਕਿ ਜੇ ਰਾਮਾਨੰਦ ਜੀ ਰਵਿਦਾਸ ਚਮਾਰ, ਸੈਣ ਨਾਈ ਤੇ ਧੰਨੇ ਜੱਟ ਨੂੰ ਉਪਦੇਸ਼ ਦੇ ਸਕਦੇ ਸਨ ਤਾਂ ਕਬੀਰ ਜੁਲਾਹੇ ਨੂੰ ਉਪਦੇਸ਼ ਦੇਣ ਵਿਚ ਉਨ੍ਹਾਂ ਨੂੰ ਕੀ ਸ਼ੰਕਾ ਸੀ? ਇਸ ਲਈ 'ਮਨੀ ਕਰਣ' ਘਾਟ ਦੀ ਸਾਖੀ ਉਨ੍ਹਾਂ ਦੇ ਗੌਰਵ ਨੂੰ ਘਟਾਂਦੀ ਹੈ।

ਸਾਡੀ ਰਾਇ ਵਿਚ ਇਹ ਵੀਹਵੀਂ ਸਦੀ ਦੇ ਵਿਚਾਰ ਹਨ। ਨਾਭਾ ਜੀ ਦੀ *ਭਗਤ ਮਾਲ*, ਭਾਈ ਗੁਰਦਾਸ ਜੀ ਤੇ ਕਬੀਰ-ਪੰਥੀਆਂ ਦੀਆਂ ਪੁਰਾਤਨ ਲਿਖਤਾਂ ਦੇ ਟਾਕਰੇ ਉੱਤੇ ਇਸ ਯੁਕਤੀ ਨੂੰ ਪ੍ਰਮਾਣਿਕ ਨਹੀਂ ਮੰਨਿਆ ਜਾ ਸਕਦਾ ਹੈ।

ਅਸੀਂ ਇਹ ਗੱਲ ਮੰਨ ਲੈਂਦੇ ਹਾਂ ਕਿ ਰਾਮਾਨੰਦ ਜੀ ਸੁਤੰਤ੍ਰ ਵਿਚਾਰਾਂ ਦੇ ਸਨ। ਉਨ੍ਹਾਂ ਨੇ ਸ਼ੂਦਰਾਂ ਨੂੰ ਉਪਦੇਸ਼ ਕੀਤਾ। ਪਰ ਰਵਿਦਾਸ, ਸੈਣ ਤੇ ਧੰਨਾ ਹਿੰਦੂ ਸਨ। ਕਬੀਰ ਜੀ ਮੁਸਲਮਾਨ ਜੁਲਾਹੇ ਸਨ। ਉਸ ਸਮੇਂ ਕਿਸੇ ਵੈਸ਼ਨਵ ਸਾਧੂ ਲਈ ਮੁਸਲਮਾਨ ਨੂੰ ਦੀਖਿਆ ਦੇਣੀ ਕਠਨ ਸੀ। ਇਹ ਗੱਲ ਉਨ੍ਹਾਂ ਦੇ ਗੌਰਵ ਨੂੰ ਨਹੀਂ ਘਟਾਂਦੀ, ਬਲਕਿ ਸਹੀ ਪ੍ਰਤੀਤ ਹੁੰਦੀ ਹੈ।

## ਸ੍ਰੀ ਕਬੀਰ ਜੀ ਦਾ ਕਿਰਤੀ ਜੀਵਨ ਤੇ ਪਵਿਤ੍ਰ ਗ੍ਰਿਹਸਤ

ਧਰਮ ਦੀ ਕਿਰਤ ਕਰਨੀ ਤੇ ਵੰਡ ਛਕਣਾ ਆਤਮਿਕ ਉੱਨਤੀ ਦੇ ਸਾਧਨ ਹਨ। ਸਤਿ ਪੁਰਸ਼ਾਂ ਦਾ ਕਥਨ ਹੈ—'ਜੈਸਾ ਅੰਨ ਵੈਸਾ ਮਨ।' ਭਾਵ, ਜਿਸ ਪ੍ਰਕਾਰ

---

੧. *ਭਗਤ ਕਲਪਦ੍ਰੂਮ*।

ਦਾ ਮਨੁੱਖ ਅੰਨ ਖਾਂਦਾ ਹੈ, ਉਹੋ ਜਿਹੇ ਉਸ ਦੇ ਸੰਸਕਾਰ ਬਣ ਜਾਂਦੇ ਹਨ। ਦਸਾਂ ਨਹੁੰਆਂ ਦੀ ਤੇ ਧਰਮ ਦੀ ਕਿਰਤ ਕਰ ਕੇ ਖਾਣ ਨਾਲ ਮਨੁੱਖ ਦਾ ਮਨ ਅਰੋਗ ਹੁੰਦਾ ਹੈ। ਸੰਸਕਾਰ ਪਵਿੱਤ੍ਰ ਹੁੰਦੇ ਹਨ। ਕਿਰਤ ਦਾ ਮਨੁੱਖ ਦੇ ਸੰਸਕਾਰਾਂ 'ਤੇ ਬੜਾ ਅਸਰ ਪੈਂਦਾ ਹੈ।

ਸ੍ਰੀ ਕਬੀਰ ਜੀ ਆਪਣਾ ਜੀਵਨ-ਨਿਰਬਾਹ ਕੱਪੜਾ ਉਣ ਕੇ ਕਰਦੇ ਸਨ। ਇਸ ਸੰਬੰਧੀ ਸਾਰੇ ਇਤਿਹਾਸਕਾਰ ਸਹਿਮਤ ਹਨ। ਉਨ੍ਹਾਂ ਦੀ ਬਾਣੀ ਤੋਂ ਵੀ ਇਹ ਗੱਲ ਸਪੱਸ਼ਟ ਹੁੰਦੀ ਹੈ। ਸਾਡੇ ਦੇਸ਼ ਵਿਚ ਜੁਲਾਹੇ, ਚਮਾਰ, ਮੋਚੀ, ਲੁਹਾਰ, ਤਰਖਾਣ ਆਦਿਕ ਕਿਰਤ ਦੀ ਬਿਨਾਅ 'ਤੇ ਨੀਵੇਂ ਸਮਝੇ ਜਾਂਦੇ ਸਨ। ਕਬੀਰ ਜੀ ਨੇ ਕਿਰਤ ਨੂੰ ਉੱਤਮ ਦੱਸਿਆ ਹੈ। ਕਿਰਤ ਦੇ ਨਾਲ ਜੀਵਨ-ਨਿਰਬਾਹ ਕੀਤਾ ਹੈ ਤੇ ਈਸ਼੍ਵਰ ਦੇ ਭਜਨ ਨਾਲ ਮਨ ਨੂੰ ਪਵਿਤ੍ਰ ਕੀਤਾ ਹੈ। ਕਿਰਤ ਕਰਦਿਆਂ ਆਪ ਦੀ ਸੁਰਤ ਵਾਹਿਗੁਰੂ ਨਾਲ ਜੁੜੀ ਰਹਿੰਦੀ ਸੀ। ਕਦੀ ਕਦੀ ਰੱਬ ਦੇ ਪਿਆਰ ਵਿਚ ਖੀਵੇ ਹੋ ਕੇ ਕਿਰਤ ਵੱਲੋਂ ਰਤਾ ਬੇ-ਸੁਧ ਹੋ ਜਾਂਦੇ, ਤਦ ਮਾਤਾ ਪਿਆਰ-ਭਰੇ, ਪਰ ਚੁਭਵੇਂ ਸ਼ਬਦਾਂ ਵਿਚ ਸਮਝਾਂਦੀ। ਜੁਲਾਹਿਆਂ ਦੀ ਕਿਰਤ ਤੇ ਨੀਵੀਂ ਕੁਲ ਦਾ ਚੇਤਾ ਕਰਾ ਕੇ ਸਿਮਰਨ ਵੱਲੋਂ ਹੋੜਦੀ। ਗੁਆਂਢਣਾਂ, ਦਿਰਾਣੀਆਂ ਤੇ ਜਿਠਾਣੀਆਂ ਅਗੇ ਗ਼ਮਾਂ ਦੇ ਫੋਲਣੇ ਫੋਲਦੀ। ਘਰ ਦੀ ਗ਼ਰੀਬੀ ਦੱਸ ਕੇ ਕਬੀਰ ਦੀ ਸੁਰਤ ਦੀਆਂ ਮੁਹਾਰਾਂ ਕਿਰਤ ਵੱਲ ਮੋੜਦੀ। ਕਬੀਰ ਜੀ ਇਨ੍ਹਾਂ ਘਰੋਗੀ ਝਮੇਲਿਆਂ ਤੇ ਆਪਣੇ ਨਿੱਤ-ਕਰਮ ਬਾਰੇ ਮਾਤਾ ਦੇ ਮੂੰਹੋਂ ਨਿਕਲੇ ਹੋਏ ਬਚਨਾਂ ਤੇ ਮਨ ਦੇ ਭਾਵਾਂ ਨੂੰ ਇਉਂ ਕਥਨ ਕਰਦੇ ਹਨ :

> **ਨਿਤ ਉਠਿ ਕੋਰੀ ਗਾਗਰਿ ਆਨੈ ਲੀਪਤ ਜੀਉ ਗਇਓ ॥**
> **ਤਾਨਾ ਬਾਨਾ ਕਛੂ ਨ ਸੂਝੈ ਹਰਿ ਹਰਿ ਰਸਿ ਲਪਟਿਓ ॥੧॥**
> **ਹਮਾਰੇ ਕੁਲ ਕਉਨੇ ਰਾਮੁ ਕਹਿਓ ॥**
> **ਜਬ ਕੀ ਮਾਲਾ ਲਈ ਨਿਪੂਤੇ ਤਬ ਤੇ ਸੁਖੁ ਨ ਭਇਓ ॥੧॥ ਰਹਾਉ ॥**
> **ਸੁਨਹੁ ਜਿਠਾਨੀ ਸੁਨਹੁ ਦਿਰਾਨੀ ਅਚਰਜੁ ਏਕੁ ਭਇਓ ॥**
> **ਸਾਤ ਸੂਤ ਇਨਿ ਮੁਡੀਂਏ ਖੋਏ ਇਹੁ ਮੁਡੀਆ ਕਿਉ ਨਾ ਮੁਇਓ ॥੨॥**
> **ਸਰਬ ਸੁਖਾ ਕਾ ਏਕੁ ਹਰਿ ਸੁਆਮੀ ਸੋ ਗੁਰਿ ਨਾਮੁ ਦਇਓ ॥**
> **ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ ਬਿਦਰਿਓ ॥੩॥**
> **ਘਰ ਕੇ ਦੇਵ[1] ਪਿਤਰ ਕੀ[2] ਛੋਡੀ ਗੁਰ ਕੋ ਸਬਦੁ ਲਇਓ ॥**
> **ਕਹਤ ਕਬੀਰੁ ਸਗਲ ਪਾਪ ਖੰਡਨੁ ਸੰਤਹ ਲੈ ਉਧਰਿਓ ॥੪॥੪॥**

*(ਬਿਲਾਵਲੁ, ਪੰਨਾ ੮੫੬)*

ਕਬੀਰ ਜੀ ਆਪਣੀ ਕਿਰਤ ਗਹੁ ਨਾਲ ਕਰਦੇ ਸਨ। ਪਰ ਆਪ ਦੀ ਸੁਰਤ ਨਿਰੰਕਾਰ ਵਿਚ ਰਹਿੰਦੀ ਸੀ। ਕਿਰਤ ਨੂੰ ਰੋਟੀ ਦਾ ਇਕ ਸਾਧਨ ਸਮਝਦੇ ਸਨ। ਰੋਟੀ ਸਰੀਰਕ ਜੀਵਨ ਲਈ ਸੀ, ਨਾ ਕਿ ਜੀਵਨ ਨੂੰ ਸਿਰਫ਼ ਰੋਟੀ ਲਈ ਸਮਝਦੇ ਸਨ। ਧਨ ਕਮਾਉਂਦੇ ਸਨ ਪਰ ਨਿਰਬਾਹ ਲਈ। ਜੀਵਨ ਨੂੰ ਕੇਵਲ ਧਨ ਕਮਾਣ ਲਈ ਨਹੀਂ ਸਮਝਦੇ ਸਨ।

ਭਗਤ ਜੀ ਦਾ ਜੀਵਨ ਬੜਾ ਸਾਦਾ, ਸੰਜਮੀ ਤੇ ਸੰਤੋਖੀ ਸੀ, ਇਸ ਲਈ ਥੋੜ੍ਹੀ

---

੧. ਮੁਸਲਮਾਨੀ ਪੀਰ। ੨. ਪਿਤਾ-ਪੁਰਖੀ ਮਜ਼ਬ।

ਕਿਰਤ ਵਿਚ ਹੀ ਨਿਰਬਾਹ ਕਰ ਲੈਂਦੇ ਸਨ। ਇਕ ਦਿਨ ਆਪ ਕੱਪੜੇ ਦਾ ਥਾਨ ਲੈ ਕੇ ਬਾਜ਼ਾਰ ਵਿਚ ਵੇਚਣ ਲਈ ਗਏ ਤਾਂ ਅੱਗੋਂ ਆਪ ਨੂੰ ਇਕ ਫ਼ਕੀਰ ਮਿਲ ਪਿਆ। ਉਸ ਨੇ ਆਖਿਆ, "ਕਬੀਰ ਜੀ! ਮੈਨੂੰ ਕੱਪੜੇ ਦੀ ਲੋੜ ਹੈ। ਮੈਂ ਨੰਗਾ ਹਾਂ। ਤਨ ਢੱਕਣ ਲਈ ਕੱਪੜਾ ਦਿਓ।" ਕਬੀਰ ਜੀ ਨੇ ਉਸ ਦੀ ਇਹ ਗੱਲ ਸੁਣ ਕੇ ਕੱਪੜਾ ਦੇ ਦਿੱਤਾ। ਪਰ ਫ਼ਕੀਰ ਨੇ ਫਿਰ ਕਿਹਾ, "ਇਹ ਕੱਪੜਾ ਮੇਰੇ ਲਈ ਥੋੜ੍ਹਾ ਹੈ।" ਤਦ ਆਪ ਨੇ ਬਾਕੀ ਦਾ ਕੱਪੜਾ ਭੀ ਉਸ ਨੂੰ ਦੇ ਦਿੱਤਾ। ਇਸ ਗੱਲ ਨੂੰ ਇਕ ਧਨਾਢ ਪੁਰਸ਼ ਦੇਖ ਰਿਹਾ ਸੀ। ਉਸ ਨੇ ਦਿਲ ਵਿਚ ਸੋਚਿਆ ਕਿ ਕੱਪੜਾ ਤਾਂ ਕਬੀਰ ਜੀ ਨੇ ਗ਼ਰੀਬ ਨੂੰ ਦੇ ਦਿੱਤਾ ਹੈ, ਜਿਸ ਦੀ ਵੱਟਕ ਨਾਲ ਇਨ੍ਹਾਂ ਦੇ ਘਰ ਦਾ ਨਿਰਬਾਹ ਹੋਣਾ ਸੀ, ਹੁਣ ਕੀ ਖਾਣਗੇ? ਹੋਵੇ ਤਾਂ ਇਨ੍ਹਾਂ ਦੀ ਸਹਾਇਤਾ ਕਰੀਏ। ਇਹ ਸੋਚ ਕੇ ਉਹ ਕੁਝ ਅੰਨ-ਦਾਣਾ ਤੇ ਬਸਤਰ ਆਦਿ ਲੈ ਕੇ ਕਬੀਰ ਜੀ ਦੇ ਘਰ ਪੁੱਜਣ ਤੋਂ ਪਹਿਲਾਂ ਹੀ ਉਥੇ ਪੁੱਜ ਗਿਆ। ਆਪ ਦੀ ਮਾਤਾ ਨੂੰ ਕਹਿਣ ਲੱਗਾ, "ਆਪ ਮੇਰੀ ਇਹ ਤੁਛ ਭੇਟਾ ਕਬੂਲ ਕਰੋ।" ਮਾਤਾ ਜੀ ਨੇ ਉੱਤਰ ਦਿੱਤਾ, "ਜਦ ਮੇਰਾ ਪੁੱਤਰ ਕਿਸੇ ਦੀ ਕੋਈ ਚੀਜ਼ ਨਹੀਂ ਲੈਂਦਾ ਤਾਂ ਮੈਂ ਤੇਰੀਆਂ ਇਹ ਚੀਜ਼ਾਂ ਕਿਉਂ ਲਵਾਂ?"

ਇਹ ਆਖ ਕੇ ਮਾਤਾ ਜੀ ਨੇ ਸਭ ਚੀਜ਼ਾਂ ਮੋੜ ਦਿੱਤੀਆਂ। ਇਸ ਤੋਂ ਸਿੱਧ ਹੁੰਦਾ ਹੈ ਕਿ ਕਬੀਰ ਜੀ ਕਿਰਤ ਨੂੰ ਉੱਤਮ ਅਤੇ ਦਾਨ ਲੈਣਾ ਮਾੜਾ ਸਮਝਦੇ ਸਨ।

## ਵਿਆਹ ਤੇ ਸੰਤਾਨ

ਕਬੀਰ ਜੀ ਬਹੁਤ ਆਦਰਸ਼ਕ ਗ੍ਰਿਹਸਤੀ ਸਨ। ਆਪ ਦੇ ਘਰੋਂ ਮਾਈ ਲੋਈ ਬੜੀ ਸੀਲਵੰਤ ਤੇ ਆਗਿਆਕਾਰ ਔਰਤ ਸੀ। ਇਨ੍ਹਾਂ ਦੇ ਸੰਤਾਨ ਵੀ ਸੀ। ਪੁੱਤਰ ਕਮਾਲਾ ਤੇ ਧੀ ਦਾ ਨਾਂ ਕਮਾਲੀ ਸੀ। ਇਹ ਵੀ ਨੇਕ ਆਚਰਣ ਵਾਲੇ ਤੇ ਆਗਿਆਕਾਰੀ ਸਨ। ਕਬੀਰ ਜੀ ਦੇ ਵਿਆਹ ਦੀ ਸਾਖੀ ਇਉਂ ਹੈ ਕਿ ਇਕ ਦਿਨ ਆਪ ਗੰਗਾ ਦੇ ਕਿਨਾਰੇ ਫਿਰਦੇ ਫਿਰਦੇ ਇਕ ਸਾਧੂ ਦੀ ਕੁਟੀਆ ਵਿਚ ਜਾ ਪਹੁੰਚੇ। ਉਥੇ ਇਕ ਯੁਵਤੀ ਨੇ ਆਪ ਦਾ ਸਵਾਗਤ ਕੀਤਾ। ਇਹ ਕਿਸੇ ਗਵਾਲੇ ਦੀ ਪੁੱਤਰੀ ਸੀ। ਇਸ ਦੇ ਮਾਤਾ ਪਿਤਾ ਮਰ ਚੁੱਕੇ ਸਨ। ਪੰਜ ਸਾਧੂ ਉਥੇ ਹੋਰ ਵੀ ਆ ਗਏ। ਲੜਕੀ ਨੇ ਕੁਝ ਦੁੱਧ ਲਿਆਂਦਾ ਤੇ ਪੀਣ ਲਈ ਸਾਧੂਆਂ ਦੇ ਭੇਟ ਕੀਤਾ। ਉਨ੍ਹਾਂ ਨੇ ਉਹ ਦੁੱਧ ਵੰਡ ਲਿਆ। ਇਕ ਹਿੱਸਾ ਕਬੀਰ ਜੀ ਨੂੰ ਦੇ ਕੇ ਕੁਝ ਦੁੱਧ ਸਾਧੂਆਂ ਨੇ ਲੜਕੀ ਨੂੰ ਮੋੜ ਦਿੱਤਾ। ਸਾਰਿਆਂ ਨੇ ਦੁੱਧ ਪੀ ਲਿਆ, ਪਰ ਕਬੀਰ ਜੀ ਨੇ ਧਰਤੀ ਪਰ ਰੱਖ ਦਿੱਤਾ। ਲੜਕੀ ਨੇ ਆਪ ਨੂੰ ਪੁੱਛਿਆ, "ਤੁਸੀਂ ਕਿਉਂ ਨਹੀਂ ਪੀਂਦੇ?" ਕਬੀਰ ਜੀ ਨੇ ਉੱਤਰ ਦਿੱਤਾ, "ਔਹ ਵੇਖੋ, ਗੰਗਾ ਪਾਰ ਤੋਂ ਇਕ ਸਾਧੂ ਆ ਰਿਹਾ ਹੈ। ਉਹ ਭੁੱਖਾ ਜਾਪਦਾ ਹੈ। ਇਹ ਦੁੱਧ ਉਸ ਲਈ ਰੱਖਿਆ ਹੈ।" ਇਹ ਉੱਤਰ ਸੁਣ ਕੇ ਲੜਕੀ ਦੇ ਮਨ 'ਤੇ ਬੜਾ ਅਸਰ ਪਿਆ। ਉਹ ਕਬੀਰ ਜੀ ਨਾਲ ਚਲੀ ਆਈ ਤੇ ਉਨ੍ਹਾਂ ਨਾਲ ਸ਼ਾਦੀ ਕਰ ਲਈ। ਇਹ ਕਬੀਰ ਜੀ ਦੀ ਪਤਨੀ ਮਾਈ ਲੋਈ ਸੀ, ਜਿਸ ਤੋਂ ਕਮਾਲਾ ਪੁੱਤਰ ਤੇ ਕਮਾਲੀ ਬੇਟੀ ਪੈਦਾ ਹੋਏ।

ਕਬੀਰ ਜੀ ਦੇ ਵਿਆਹ ਤੇ ਸੰਤਾਨ ਬਾਰੇ ਕਬੀਰ-ਪੰਥੀ ਇਤਿਹਾਸਕਾਰਾਂ ਵਿਚ ਕੁਝ ਮੱਤ-ਭੇਦ ਹੈ। ਕਈ ਵਿਦਵਾਨ ਕਹਿੰਦੇ ਹਨ ਕਿ ਲੋਈ ਨਾਮੇ ਇਸਤ੍ਰੀ ਕਬੀਰ

ਜੀ ਦੇ ਨਾਲ ਰਹੀ, ਪਰ ਆਪ ਨੇ ਉਸ ਨਾਲ ਸ਼ਾਦੀ ਨਹੀਂ ਕੀਤੀ।

ਇਸੇ ਤਰ੍ਹਾਂ ਸੰਤਾਨ ਬਾਰੇ ਵਚਿਤ੍ਰ ਗੱਲਾਂ ਕਰਦੇ ਹਨ। ਉਹ ਇਹ ਕਿ ਕਮਾਲਾ ਤੇ ਕਮਾਲੀ ਕਬੀਰ ਜੀ ਦੀ ਸੰਤਾਨ ਨਹੀਂ ਸਨ, ਹੋਰ ਕਿਸੇ ਦੀ ਸਨ। ਇਨ੍ਹਾਂ ਮੋਇਆਂ ਹੋਇਆਂ ਨੂੰ ਕਬੀਰ ਜੀ ਨੇ ਜ਼ਿੰਦਾ ਕੀਤਾ ਤੇ ਪਾਲਿਆ ਸੀ। ਇਸ ਲਈ ਦੋਵੇਂ ਆਪ ਦੀ ਸੰਤਾਨ ਮੰਨੇ ਜਾਂਦੇ ਹਨ। ਇਹ ਰਾਇ ਕਈ ਲੇਖਕਾਂ ਦੀ ਇਸ ਲਈ ਬਣੀ ਹੈ ਕਿ ਕਬੀਰ ਜੀ ਦੀ ਬਾਣੀ ਵਿਚ ਇਸਤ੍ਰੀ ਸੰਗ ਨੂੰ ਬੁਰਾ ਕਿਹਾ ਹੈ। ਜਿਹਾ ਕਿ:

**ਨਾਰੀ ਨਸਾਵੈ ਤੀਨ ਗੁਨ ਜੋ ਨਰ ਪਾਸੇ ਹੋਇ।**
**ਭਗਤ, ਮੁਕਤਿ, ਨਿਜ ਧਯਾਨ ਮੇਂ ਬੈਠ ਸਕੇ ਨ ਕੋਇ।**
**ਨਾਰੀ ਕੀ ਝਾਂਈ ਪਰਤ ਅੰਧਾ ਹੋਤ ਭੁਜੰਗ।**
**ਕਬੀਰਾ ਤਿਨ ਕੀ ਕੌਨ ਗਤਿ ਨਿਤ ਨਾਰੀ ਕੇ ਸੰਗ।**

ਇਸ ਸ਼ਬਦ ਵਿਚ ਨਾਰੀ ਨੂੰ ਨਿੰਦਿਆ ਗਿਆ ਹੈ, ਪਰ ਕਬੀਰ ਜੀ ਦੀ ਬਾਣੀ ਵਿਚੋਂ ਹੀ ਉਨ੍ਹਾਂ ਦਾ ਵਿਆਹ ਕਰਨਾ ਤੇ ਸੰਤਾਨ ਉਤਪਤਿ ਸਿਧ ਹੁੰਦੀ ਹੈ। ਜਿਹਾ ਕਿ ਚੁਰਾਸੀ ਅੰਕ ਦੀ ਸਾਖੀ ਵਿਚ ਮਿਲਦਾ ਹੈ—'ਨਾਰੀ ਤੋ ਹਮ ਭੀ ਕਰੀ ਜਾਨਾ ਨਾਹਿ ਬਿਚਾਰ।' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਬੀਰ ਜੀ ਦੀ ਆਈ ਬਾਣੀ ਤੋਂ ਇਹ ਗੱਲ ਸਿੱਧ ਹੁੰਦੀ ਹੈ ਕਿ ਆਪ ਗ੍ਰਿਹਸਤੀ ਸਨ। ਲੋਈ ਆਪ ਦੀ ਧਰਮ ਪਤਨੀ ਸੀ। ਕਮਾਲਾ ਪੁੱਤਰ ਸੀ। ਜਿਹਾ ਕਿ:

(੧) **ਕਹਤੁ ਕਬੀਰੁ ਸੁਨਹੁ ਰੇ ਲੋਈ॥** *(ਆਸਾ, ਪੰਨਾ ੪੮੪)*

(੨) **ਬੂਡਾ ਬੰਸੁ ਕਬੀਰ ਕਾ ਉਪਜਿਓ ਪੂਤੁ ਕਮਾਲੁ॥**
**ਹਰਿ ਕਾ ਸਿਮਰਨੁ ਛਾਡਿ ਕੈ ਘਰਿ ਲੇ ਆਯਾ ਮਾਲੁ॥੧੧੫॥** *(ਪੰਨਾ ੧੩੭੦)*

ਕਬੀਰ-ਪੰਥੀਆਂ ਵਿਚ ਗ੍ਰਿਹਸਤੀ ਤੇ ਸਾਧੂ ਦੋਵੇਂ ਹੁੰਦੇ ਹਨ। ਸਾਧੂ ਸ਼ਾਦੀ ਨਹੀਂ ਕਰਦੇ। ਕਬੀਰ ਜੀ ਦੇ ਗ੍ਰਿਹਸਤੀ ਨਾ ਹੋਣ ਦਾ ਨੁਕਤਾ ਖ਼ਿਆਲ ਸਾਧੂਆਂ ਦਾ ਹੈ, ਜੋ ਉਨ੍ਹਾਂ ਦੀ ਬਾਣੀ ਅਨੁਸਾਰ ਤੇ ਇਤਿਹਾਸਕ ਖੋਜ ਨਾਲ ਗ਼ਲਤ ਸਾਬਤ ਹੁੰਦਾ ਹੈ।

ਕਬੀਰ ਜੀ ਭਾਵੇਂ ਗ੍ਰਿਹਸਤੀ ਸਨ, ਉਨ੍ਹਾਂ ਦੀ ਸੰਤਾਨ ਭੀ ਸੀ ਪਰ ਆਪ ਦੀ ਸੁਰਤ ਬੜੀ ਉੱਚੀ ਸੀ। ਹੱਥਾਂ ਨਾਲ ਕਿਰਤ ਕਰਦੇ ਸਨ, ਮਨ ਕਰਕੇ ਆਤਮ-ਰਸ ਵਿਚ ਮਗਨ ਰਹਿੰਦੇ ਸਨ। ਗ੍ਰਿਹਸਤੀ ਹੋਣ ਨਾਲ ਮਨੁੱਖ ਦੀਆਂ ਲੋੜਾਂ ਤੇ ਜ਼ਿੰਮੇਵਾਰੀਆਂ ਵਧ ਜਾਂਦੀਆਂ ਹਨ। ਪਰ ਕਬੀਰ ਜੀ 'ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੇ ਵਿਚਿ ਪਾਣੀ ਹੇ॥'—(ਮਾਰੂ ਮਹਲਾ ੪, ਪੰਨਾ ੧੦੭੦) ਦੀ ਚਾਲ ਚਲੀ ਜਾ ਰਹੇ ਸਨ। ਇਕ ਦਿਨ ਘਰ ਦੀ ਗ਼ਰੀਬੀ ਤੇ ਪੁੱਤਰ ਦੀਆਂ ਬੇ-ਪਰਵਾਹੀਆਂ ਨੂੰ ਦੇਖ ਕੇ ਮਾਤਾ ਨੇ ਰੋਣਾ ਸ਼ੁਰੂ ਕਰ ਦਿੱਤਾ। ਆਪ ਉਸ ਦੇ ਭਾਵਾਂ ਨੂੰ ਇਉਂ ਕਥਨ ਕਰਦੇ ਹਨ:

**ਮੁਸਿ ਮੁਸਿ ਰੋਵੈ ਕਬੀਰ ਕੀ ਮਾਈ॥**
**ਏ ਬਾਰਿਕ ਕੈਸੇ ਜੀਵਹਿ ਰਘੁਰਾਈ॥੧॥**
**ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ॥**
**ਹਰਿ ਕਾ ਨਾਮੁ ਲਿਖਿ ਲੀਓ ਸਰੀਰ॥੧॥ ਰਹਾਉ॥**

ਮਾਤਾ ਨੂੰ ਉੱਤਰ ਦਿੰਦੇ ਹਨ :

ਜਬ ਲਗੁ ਤਾਗਾ ਬਾਹਉ ਬੇਹੀ॥
ਤਬ ਲਗੁ ਬਿਸਰੈ ਰਾਮੁ ਸਨੇਹੀ॥੨॥
ਓਛੀ ਮਤਿ ਮੇਰੀ ਜਾਤਿ ਜੁਲਾਹਾ॥
ਹਰਿ ਕਾ ਨਾਮੁ ਲਹਿਓ ਮੈ ਲਾਹਾ॥੩॥
ਕਹਤ ਕਬੀਰੁ ਸੁਨਹੁ ਮੇਰੀ ਮਾਈ॥
ਹਮਰਾ ਇਨ ਕਾ ਦਾਤਾ ਏਕੁ ਰਘੁਰਾਈ॥੪॥੨॥ *(ਗੂਜਰੀ, ਪੰਨਾ ੫੨੪)*

ਭਾਵ, ਮਾਤਾ ਤੂੰ ਰੋਂਦੀ ਹੈਂ ਕਿ ਮੈਂ ਤਣਨਾ ਬੁਣਨਾ ਛੱਡ ਦਿੱਤਾ ਹੈ। ਨਹੀਂ, ਮੈਂ ਤਾਣੀ ਤਣਦਿਆਂ, ਹਰ ਕੰਮ ਕਰਦਿਆਂ ਰੱਬ ਦੀ ਯਾਦ ਵਿਚ ਰਹਿੰਦਾ ਹਾਂ। ਮੈਨੂੰ ਤਾਂ ਇਸ ਗੱਲ ਦਾ ਵੀ ਰੰਜ ਹੈ ਕਿ ਜਦ ਨਲੀ ਮੂੰਹ ਵਿਚ ਪਾ ਕੇ ਸੁਆਸ ਰਾਹੀਂ ਧਾਗਾ ਬਾਹਰ ਕੱਢਦਾ ਹਾਂ, ਉਸ ਵਕਤ ਮੈਂ ਰਾਮ ਨੂੰ ਵਿਸਰ ਜਾਂਦਾ ਹਾਂ। ਮੇਰੇ ਲਈ ਉਹ ਸੁਆਸ ਬਿਰਥਾ ਜਾਂਦਾ ਹੈ। ਤੂੰ ਚਿੰਤਾ ਨਾ ਕਰ, ਮੇਰਾ ਤੇ ਮੇਰੇ ਪਰਿਵਾਰ ਦਾ ਰਾਖਾ ਵਾਹਿਗੁਰੂ ਹੈ।

ਕਈ ਵੱਡੇ ਪੁਰਸ਼ਾਂ ਦਾ ਗ੍ਰਿਹਸਤੀ ਜੀਵਨ ਉੱਨਤ ਨਹੀਂ ਹੁੰਦਾ, ਉਨ੍ਹਾਂ ਦੇ ਘਰੋਂ ਜਾਂ ਸੰਤਾਨ ਉਹੋ ਜਿਹੀ ਨਹੀਂ ਹੁੰਦੀ, ਜਿਹੇ ਕਿ ਉਹ ਆਪ ਹੁੰਦੇ ਹਨ। ਇਸ ਦਾ ਇਕ ਕਾਰਣ ਤਾਂ ਇਹ ਹੁੰਦਾ ਹੈ ਕਿ ਕਈ ਵੇਰ ਚੋਣ ਚੰਗੀ ਨਹੀਂ ਹੁੰਦੀ। ਪਤੀ ਪਤਨੀ ਦੇ ਗੁਣ, ਕਰਮ ਤੇ ਸੁਭਾਵ ਨਹੀਂ ਮਿਲਦੇ। ਕਈ ਵੱਡੇ ਪੁਰਸ਼ ਗ੍ਰਿਹਸਤ ਵੱਲ ਪੂਰਾ ਧਿਆਨ ਜਾਂ ਪੂਰਾ ਸਮਾਂ ਨਹੀਂ ਦੇ ਸਕਦੇ। ਇਸ ਪਹਿਲੂ ਤੋਂ ਕਬੀਰ ਜੀ ਦਾ ਜੀਵਨ ਬੜਾ ਆਦਰਸ਼ਕ ਹੈ। ਆਪ ਦੇ ਸੁੱਚੇ ਆਚਰਣ ਦਾ ਅਸਰ ਘਰ ਵਿਚ ਭੀ ਸੀ। ਆਪ ਦੇ ਘਰੋਂ ਮਾਤਾ ਲੋਈ ਜੀ ਪਤਿਬ੍ਰਤਾ ਤੇ ਆਗਿਆਕਾਰੀ ਸਨ। ਆਪ ਦੇ ਪੁੱਤਰ ਕਮਾਲਾ ਤੇ ਬੇਟੀ ਕਮਾਲੀ ਵੀ ਮਾਤਾ-ਪਿਤਾ ਦੀ ਆਗਿਆ ਪਾਲਣ ਵਾਲੇ ਸਨ।

ਇਕ ਦਿਨ ਦੀ ਗੱਲ ਹੈ—ਕਬੀਰ ਜੀ ਕਿਤੇ ਟੁਰੇ ਜਾ ਰਹੇ ਸਨ ਕਿ ਆਪ ਨੇ ਰਾਹ ਵਿਚ ਮੋਹਰਾਂ ਪਈਆਂ ਹੋਈਆਂ ਵੇਖੀਆਂ। ਆਪ ਨੇ ਵਿਚਾਰਿਆ, ਪਤਾ ਨਹੀਂ ਇਹ ਮੋਹਰਾਂ ਕਿਸ ਦੀਆਂ ਹਨ ? ਇਹ ਸਤ-ਧਰਮ ਦੀ ਕਮਾਈ ਹੈ ਕਿ ਪਾਪ ਦੀ ਖੱਟੀ ਹੈ ? ਜਦ ਮੇਰਾ ਹੱਕ ਨਹੀਂ ਤਾਂ ਮੈਂ ਇਨ੍ਹਾਂ ਨੂੰ ਕਿਉਂ ਚੁੱਕਾਂ ? ਇਹ ਵਿਚਾਰ ਕੇ ਕਬੀਰ ਜੀ ਨੇ ਉਨ੍ਹਾਂ ਮੋਹਰਾਂ 'ਤੇ ਮਿੱਟੀ ਪਾ ਦਿੱਤੀ। ਘਰ ਆ ਕੇ ਲੋਈ ਨੂੰ ਕਹਿਣ ਲੱਗੇ, "ਵੇਖੋਂ ਨਾ ਲੋਈਏ, ਹੁਣ ਸਾਡੀ ਸੁਰਤ ਬਹੁਤ ਉੱਚੀ ਹੋ ਗਈ ਹੈ। ਅਸੀਂ ਕੰਚਨ ਤੇ ਲੋਹੇ ਨੂੰ ਸਮਾਨ ਸਮਝਣ ਲੱਗ ਪਏ ਹਾਂ। ਅੱਜ ਸਾਨੂੰ ਰਾਹ ਵਿਚ ਮੋਹਰਾਂ ਪਈਆਂ ਦਿਸੀਆਂ। ਅਸੀਂ ਇਸ ਲਈ ਨਹੀਂ ਚੁੱਕੀਆਂ ਕਿ ਇਹ ਸਾਡੀ ਕਮਾਈ ਨਹੀਂ। ਉਨ੍ਹਾਂ 'ਤੇ ਮਿੱਟੀ ਪਾ ਦਿੱਤੀ।" ਇਹ ਸੁਣ ਕੇ ਉੱਚੀ ਸੁਰਤ ਵਾਲੀ ਲੋਈ ਨੇ ਉੱਤਰ ਦਿੱਤਾ, "ਸਵਾਮੀ ਜੀ ! ਜਦ ਮੋਹਰਾਂ ਸਾਡੀਆਂ ਨਹੀਂ ਸਨ, ਤੁਹਾਨੂੰ ਉਨ੍ਹਾਂ 'ਤੇ ਮਿੱਟੀ ਪਾਉਣ ਦੀ ਕੀ ਲੋੜ ਪਈ ਸੀ ? ਉਹ ਬੇਗਾਨੀਆਂ ਸਨ, ਤਦ ਤੁਹਾਡੀ ਨਜ਼ਰ ਵਿਚ ਤਾਂ ਉਹ ਮਿੱਟੀ ਹੀ ਹੋਣੀਆਂ ਚਾਹੀਦੀਆਂ ਸਨ।" ਕਬੀਰ ਜੀ ਨੇ ਉੱਤਰ ਦਿੱਤਾ, "ਲੋਈ, ਤੂੰ ਠੀਕ ਕਿਹਾ ਹੈ। ਆਤਮ-ਦਰਸ਼ੀ ਪੁਰਸ਼ ਦੀ ਇਹੀ ਅਵਸਥਾ ਹੁੰਦੀ ਹੈ।"

ਪਾਠਕ ਰਤਾ ਸੋਚਣ ਕਿ ਭਾਰਤ ਨੇ ਕਿਤਨੇ ਨਿਰਲੋਭ, ਤਿਆਗੀ, ਸਤਵਾਦੀ,

ਸੰਤੋਖੀ ਤੇ ਤੱਤ-ਵੇਤਾ ਲਾਲ ਪੈਦਾ ਕੀਤੇ ਹਨ, ਜਿਨ੍ਹਾਂ ਦੀਆਂ ਜੀਵਨ ਕਿਰਣਾਂ ਹਨੇਰੇ ਦਿਲਾਂ ਨੂੰ ਰੌਸ਼ਨ ਕਰ ਸਕਦੀਆਂ ਹਨ। ਵਰਤਮਾਨ ਸਮੇਂ ਦਾ ਸਵਾਰਥੀ ਮਨੁੱਖ ਕਿਤਨਾ ਜ਼ਾਲਮ ਤੇ ਲਾਲਚੀ ਹੈ ਕਿ ਉਹ ਇਕੱਲਾ ਹੀ ਨਹੀਂ, ਬਲਕਿ ਜਥੇਬੰਦ ਹੋ ਕੇ, ਕੌਮੀਅਤ ਬਣਾ ਕੇ ਸਭਿਅਤਾ ਦੇ ਨਾਂ ਉਪਰ ਦੂਜਿਆਂ ਦੀ ਕਮਾਈ ਨੂੰ ਲੁੱਟਦਾ ਹੈ। ਰਾਜ ਸਥਾਪਨ ਕਰ ਕੇ ਗ਼ਰੀਬ, ਨਿਰਬਲ, ਖਿੰਡੇ-ਪੁੰਡੇ ਹੋਇਆਂ ਉੱਤੇ ਕਿੰਨਾ ਭਾਰੂ ਸਾਬਤ ਹੋ ਰਿਹਾ ਹੈ। ਮਾਦਾ-ਪ੍ਰਸਤ ਮਨੁੱਖ ਚਾਂਦੀ ਸੋਨੇ ਦੇ ਕੁਝ ਟੁਕੜਿਆਂ ਬਦਲੇ ਤੇ ਮਨ ਦੀਆਂ ਵਧੀਆਂ ਹੋਈਆਂ ਕਾਮਨਾਵਾਂ ਨੂੰ ਪੂਰਨ ਕਰਨ ਲਈ ਦੂਜੇ ਮਨੁੱਖਾਂ ਦੇ ਸੁਭਾਵਿਕ ਗੁਣਾਂ ਨੂੰ ਕੁਰਬਾਨ ਕਰੀ ਜਾ ਰਿਹਾ ਹੈ। ਇਸ ਹਾਲਤ ਵਿਚ ਆਤਮਿਕ ਸੁਖ ਤੇ ਸੰਸਾਰ-ਵਿਆਪੀ ਅਮਨ ਕਿਥੇ ਮਿਲ ਸਕਦਾ ਹੈ? ਇਹ ਮਨੁੱਖ ਦੀ ਕਿਤਨੀ ਬਦ-ਕਿਸਮਤੀ ਹੈ।

ਕਬੀਰ ਜੀ ਦੇ ਜੀਵਨ ਵਿਚ ਇਕ ਸਾਖੀ ਆਉਂਦੀ ਹੈ ਕਿ ਇਕ ਵੇਰ ਇਕ ਸੇਵਕ ਉਨ੍ਹਾਂ ਪਾਸ ਆਇਆ ਤੇ ਕਹਿਣ ਲੱਗਾ, "ਮਹਾਰਾਜ, ਦੱਸੋ ਗ੍ਰਿਹਸਤ ਚੰਗਾ ਕਿ ਤਿਆਗ?"

ਆਪ ਨੇ ਉੱਤਰ ਦਿੱਤਾ :

**ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ ॥**
**ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ ॥੨੪੩॥** *(ਪੰਨਾ ੧੩੭੭)*

ਸੇਵਕ—ਮੇਰੀ ਪ੍ਰਵਿਰਤੀ ਗ੍ਰਿਹਸਤ ਵੱਲ ਵਧੇਰੇ ਹੈ, ਗ੍ਰਿਹਸਤ ਨੂੰ ਸਫਲ ਬਣਾਣ ਵਾਲੀ ਕੋਈ ਗੱਲ ਦੱਸੋ।

ਕਬੀਰ ਜੀ—ਗ੍ਰਿਹਸਤ ਤਾਂ ਹੀ ਚੰਗਾ ਨਿਭ ਸਕਦਾ ਹੈ, ਜੇ ਇਸਤ੍ਰੀ ਸੀਲਵੰਤ ਹੋਵੇ, ਸਰੀਰ ਅਰੋਗ ਹੋਵੇ, ਸੰਤਾਨ ਆਗਿਆਕਾਰੀ ਤੇ ਨਿਰਬਾਹ ਲਈ ਧਨ ਪਾਸ ਹੋਵੇ।

ਸੇਵਕ—ਆਪਣੇ ਜੀਵਨ ਤੋਂ ਕੋਈ ਸਿਖਿਆ ਦੇਵੋ।

ਕਬੀਰ ਜੀ—ਕੱਲ੍ਹ ਆਉਣਾ।

ਸੇਵਕ ਜਦ ਦੂਜੇ ਦਿਨ ਆਇਆ ਤਾਂ ਉਸ ਨੇ ਕੀ ਵੇਖਿਆ ਕਿ ਕਬੀਰ ਜੀ ਮਿੱਟੀ ਗੁੰਨ੍ਹ ਰਹੇ ਹਨ। ਆਪ ਲੋਈ ਨੂੰ ਕਹਿਣ ਲੱਗੇ, "ਰਤਾ ਘਿਉ ਲਿਆਉ, ਮਿੱਟੀ ਵਿਚ ਪਾਉਣਾ ਹੈ।" ਲੋਈ ਨੇ ਘਿਉ ਲਿਆਂਦਾ, ਕਬੀਰ ਸਾਹਿਬ ਨੇ ਮਿੱਟੀ ਵਿਚ ਪਾ ਦਿੱਤਾ। ਫਿਰ ਪੁੱਤਰ ਤੇ ਪੁੱਤਰੀ ਨੂੰ ਆਪ ਨੇ ਕੰਮ ਦੱਸਿਆ, ਉਹ ਵੀ 'ਸਤ ਬਚਨ' ਆਖ ਕੇ ਕਰਨ ਲੱਗ ਪਏ। ਆਪ ਨੇ ਉਸ ਨੂੰ ਸਮਝਾਇਆ ਕਿ ਇਹ ਗ੍ਰਿਹਸਤ ਦੀ ਸਫਲਤਾ ਦੇ ਗੁਰ ਹਨ—ਸੰਜਮੀ ਜੀਵਨ, ਪਿਆਰ ਸਤਿਕਾਰ, ਵਿਸ਼ਵਾਸ ਤੇ ਏਕਤਾ। ਜਿਸ ਘਰ ਵਿਚ ਇਹ ਗੁਣ ਨਹੀਂ, ਉਹ ਨਰਕ ਹੈ।

ਜਿਸ ਤਰ੍ਹਾਂ ਸੁੰਦਰ ਤੇ ਸੁਗੰਧਿਤ ਫੁੱਲਾਂ 'ਤੇ ਸ਼ਹਿਦ ਦੀਆਂ ਮੱਖੀਆਂ ਆ ਜਾਂਦੀਆਂ ਹਨ, ਜਿਸ ਹਿਰਦੇ ਵਿਚ ਪ੍ਰੇਮ, ਸੇਵਾ ਤੇ ਨੇਕੀ ਪ੍ਰਕਾਸ਼ ਕਰਦੀ ਹੈ, ਉਸ ਦੇ ਦਰਸ਼ਨ ਲਈ ਸੰਸਾਰ ਟੁਰ ਢੁਕਦਾ ਹੈ। ਕਬੀਰ ਜੀ ਭਾਵੇਂ ਗ਼ਰੀਬ ਤੇ ਸਾਧਾਰਨ ਕਿਰਤ ਕਰਦੇ ਸਨ, ਪਰ ਇਨ੍ਹਾਂ ਦੀ ਸੋਭਾ ਸੁਣ ਕੇ ਅਨੇਕ ਮਹਾਤਮਾ, ਸਾਧੂ, ਵਿਦਵਾਨ, ਸਿਖ ਸੇਵਕ ਤੇ ਸ਼ਰਧਾਲੂ ਆਪ ਪਾਸ ਆ ਜਾਂਦੇ ਸਨ। ਜੋ ਕੁਝ ਘਰ ਵਿਚ ਹੁੰਦਾ ਸੀ, ਲੋਈ ਜੀ

ਪ੍ਰਾਹੁਣਿਆਂ ਦੇ ਪੇਸ਼ ਕਰਦੇ ਸਨ। ਇਸ ਲਈ ਸਾਧੂ-ਅਭਿਆਗਤ ਕਹਿੰਦੇ ਸਨ, "ਕਬੀਰ ਤੇ ਲੋਈ ਦੇ ਘਰ ਯੱਗ ਲੱਗਾ ਹੋਇਆ ਹੈ।" ਆਏ ਗਏ ਨਾਲ ਗੱਲ-ਬਾਤ ਕਰਨ ਲਈ ਕਈ ਵੇਰ ਕੰਮ ਵੀ ਛੱਡ ਬਹਿੰਦੇ ਸਨ। ਇਸ ਲਈ ਘਰ ਵਿਚ ਬਹੁਤ ਤੰਗੀ ਹੋ ਜਾਂਦੀ ਸੀ। ਬਹੁਤੇ ਪ੍ਰਾਹੁਣੇ ਆਉਣ ਜਾਂ ਨਿੱਤ ਆਉਣ ਤੇ ਘਰ ਵੀ ਤੰਗੀ ਹੋਵੇ ਤਾਂ ਔਰਤਾਂ ਦਾ ਖਿਝ ਜਾਣਾ ਕੋਈ ਵੱਡੀ ਗੱਲ ਨਹੀਂ। ਇਕ ਦਿਨ ਮਾਈ ਲੋਈ ਨੇ ਘਰ ਦੀ ਜੋ ਹਾਲਤ ਬਿਆਨ ਕੀਤੀ, ਉਸਨੂੰ ਕਬੀਰ ਜੀ ਇਉਂ ਵਰਣਨ ਕਰਦੇ ਹਨ:

**ਤੂਟੇ ਤਾਗੇ ਨਿਖੁਟੀ ਪਾਨਿ॥ ਦੁਆਰ ਊਪਰਿ ਝਿਲਕਾਵਹਿ ਕਾਨ॥**
**ਕੂਚ ਬਿਚਾਰੇ ਫੂਏ ਫਾਲ॥ ਇਆ ਮੁੰਡੀਆ[1] ਸਿਰਿ ਚਢਿਬੋ ਕਾਲ॥੧॥**
**ਇਹੁ ਮੁੰਡੀਆ ਸਗਲੋ ਦ੍ਰਬੁ ਖੋਈ॥ ਆਵਤ ਜਾਤ ਨਾ ਕਸਰ ਹੋਈ॥੧॥ ਰਹਾਉ॥**
**ਤੁਰੀ ਨਾਰਿ ਕੀ ਛੋਡੀ ਬਾਤਾ॥ ਰਾਮ ਨਾਮ ਵਾ ਕਾ ਮਨੁ ਰਾਤਾ॥**
**ਲਰਿਕੀ ਲਰਿਕਨ ਖੈਬੋ ਨਾਹਿ॥ ਮੁੰਡੀਆ ਅਨਦਿਨੁ ਧਾਪੇ ਜਾਹਿ॥੨॥**
**ਇਕ ਦੁਇ ਮੰਦਰਿ ਇਕ ਦੁਇ ਬਾਟ॥ ਹਮ ਕਉ ਸਾਥਰੁ ਉਨ ਕਉ ਖਾਟ॥**
**ਮੂਡ ਪਲੋਸਿ ਕਮਰ ਬਧਿ ਪੋਥੀ॥ ਹਮ ਕਉ ਚਾਬਨੁ ਉਨ ਕਉ ਰੋਟੀ॥੩॥**
**ਮੁੰਡੀਆ ਮੁੰਡੀਆ ਹੂਏ ਏਕ॥ ਏ ਮੁੰਡੀਆ ਬੂਡਤ ਕੀ ਟੇਕ॥**
**ਸੁਨਿ ਅੰਧਲੀ ਲੋਈ ਬੇਪੀਰਿ॥ ਇਨ ਮੁੰਡੀਅਨ ਭਜਿ ਸਰਨਿ ਕਬੀਰ॥੪॥੩॥੬॥**

*(ਗੋਂਡ, ਪੰਨਾ ੮੭੧)*

ਅਤਿਥੀ-ਸਤਿਕਾਰ ਤੇ ਵੰਡ ਛਕਣ ਕਰਕੇ ਕਬੀਰ ਜੀ ਦੀ ਸ਼ੁਹਰਤ ਦੂਰ ਦੂਰ ਤਕ ਹੋ ਗਈ। ਇਸ ਨਾਲ ਕਾਸ਼ੀ ਦੇ ਪੰਡਤ ਬੜੇ ਖਿਝਦੇ ਸਨ। ਉਨ੍ਹਾਂ ਨੇ ਸਲਾਹ ਕੀਤੀ ਕਿ ਕਬੀਰ ਜੀ ਨੂੰ ਕਿਸੇ ਢੰਗ ਨਾਲ ਬਦਨਾਮ ਕੀਤਾ ਜਾਵੇ। ਇਕ ਦਿਨ ਪੰਡਤਾਂ ਨੇ ਗੋਂਦ ਗੁੰਦ ਕੇ ਆਪੇ ਹੀ ਢੰਡੋਰਾ ਫਿਰਵਾ ਦਿੱਤਾ ਕਿ ਕਬੀਰ ਦੇ ਘਰ ਭੰਡਾਰਾ ਹੋਣਾ ਹੈ, ਸਭ ਸਾਧੂ, ਅਭਿਆਗਤ ਤੇ ਗ਼ਰੀਬ ਆਉਣ, ਭੋਜਨ ਮਿਲੇਗਾ। ਸ੍ਰੀ ਕਬੀਰ ਜੀ ਨੇ ਇਹ ਢੰਡੋਰਾ ਬਾਜ਼ਾਰ ਵਿਚ ਕੱਪੜਾ ਵੇਚਦਿਆਂ ਸੁਣਿਆ। ਘਰ ਆ ਕੇ ਲੋਈ ਨੂੰ ਕਹਿਣ ਲੱਗੇ ਕਿ ਪੰਡਤਾਂ ਨੇ ਈਰਖਾ ਕਰ ਕੇ ਇਹ ਗੱਲ ਕੀਤੀ ਹੈ। ਹੁਣ ਦੱਸ ਕੀ ਕਰੀਏ?

ਲੋਈ—ਜੋ ਕੁਝ ਘਰ ਵਿਚ ਹੈ, ਉਹ ਸਭ ਨੂੰ ਛਕਾ ਦਿਆਂਗੇ। ਅਸੀਂ ਤਾਂ ਇਹੀ ਭੰਡਾਰਾ ਕਰ ਸਕਦੇ ਹਾਂ।

ਕਬੀਰ ਜੀ—ਫਿਰ ਤਿਆਰੀ ਕਰੋ।

ਕਾਸ਼ੀ ਵਿਚ ਸਾਰੇ ਮਸ਼ਹੂਰ ਹੋ ਗਿਆ ਕਿ ਕਬੀਰ ਦੇ ਘਰ ਭੋਜਨ ਮਿਲਣਾ ਹੈ। ਸਾਧੂ, ਅਭਿਆਗਤ ਗ਼ਰੀਬ-ਗ਼ੁਰਬੇ ਟੁਰ ਢੁਕੇ।

ਬਾਨੀ ਵਿਚ ਆਇਆ ਹੈ:

**ਭਗਤ ਜਨਾ ਕੀ ਹਰਿ ਜੀਉ ਰਾਖੈ ਜੁਗਿ ਜੁਗਿ ਰਖਦਾ ਆਇਆ ਰਾਮ॥**

*(ਸੂਹੀ ਮ: ੩, ਪੰਨਾ ੭੬੮)*

ਇਸ ਅਨੁਸਾਰ ਵਾਹਿਗੁਰੂ ਨੇ ਆਪਣੇ ਭਗਤ ਦੀ ਪੈਜ ਰਖਣੀ ਸੀ।

---

੧. ਮੁੰਡੀਆ, ਸਾਧੂਆਂ ਦੀ ਇਕ ਸੰਪ੍ਰਦਾਇ ਹੈ।

ਕਾਸ਼ੀ ਵਿਚ ਕੁਝ ਧਨਾਢ ਆਦਮੀ ਭੀ ਕਬੀਰ ਜੀ ਦੇ ਸ਼ਰਧਾਲੂ ਸਨ। ਈਸ਼ਵਰ ਨੇ ਉਨ੍ਹਾਂ ਦੇ ਹਿਰਦੇ ਵਿਚ ਬੈਠ ਕੇ ਪ੍ਰੇਰਨਾ ਕੀਤੀ। ਕੋਈ ਰਸਦ ਲੈ ਆਇਆ, ਕੋਈ ਧਨ-ਪਦਾਰਥ ਦੇ ਗਿਆ। ਕਬੀਰ ਤੇ ਲੋਈ ਨੇ ਯੱਗ ਕਰ ਦਿੱਤਾ। ਹਰ ਪਾਸੇ ਧੰਨ ਕਬੀਰ, ਧੰਨ ਮਾਈ ਲੋਈ ਹੋ ਗਈ ਤੇ ਪੰਡਤਾਂ ਨੂੰ ਮੂੰਹ ਦੀ ਖਾਣੀ ਪਈ।

ਸ੍ਰੀ ਕਬੀਰ ਜੀ ਗ੍ਰਿਹਸਤ ਵਿਚ ਯੋਗੀ ਸਨ। ਕਿਰਤ ਕਰਨੀ ਤੇ ਵੰਡ ਛਕਣਾ ਉਨ੍ਹਾਂ ਦੇ ਖ਼ਾਸ ਗੁਣ ਸਨ। ਦਿਸਣ ਵਿਚ ਗ਼ਰੀਬ ਸਨ, ਦਿਲ ਕਰਕੇ ਬਾਦਸ਼ਾਹ ਸਨ।

# ਸ੍ਰੀ ਕਬੀਰ ਜੀ ਤੇ ਇਸਲਾਮ

## ਇਸਲਾਮ ਸੰਬੰਧੀ ਉਨ੍ਹਾਂ ਦੀ ਰਾਇ

ਪਿੱਛੇ ਦੱਸ ਆਏ ਹਾਂ ਕਿ ਕਬੀਰ ਜੀ ਦਾ ਸੁਭਾਵਕ ਝੁਕਾਉ ਹਿੰਦੂ ਧਰਮ ਵੱਲ ਸੀ, ਇਸ ਲਈ ਉਨ੍ਹਾਂ ਰਾਮਾਨੰਦ ਜੀ ਪਾਸੋਂ ਗੁਰ-ਦੀਖਿਆ ਲੈ ਕੇ ਕੁਲਾ-ਧਰਮ, ਇਸਲਾਮ ਤਿਆਗ ਦਿੱਤਾ। ਆਪ ਦੇ ਜੀਵਨ ਦੇ ਪਹਿਲੇ ਹਿੱਸੇ ਵਿਚ ਵੈਸ਼ਨਵ ਮੱਤ ਦਾ ਪ੍ਰਭਾਵ ਬਹੁਤ ਪ੍ਰਬਲ ਪਿਆ ਜਾਪਦਾ ਹੈ। ਅਵਤਾਰ-ਭਗਤੀ, ਕਰਮ-ਕਾਂਡ ਤੇ ਸੁਚ ਭਿੱਟ ਦੀ ਝਲਕ ਪੈਂਦੀ ਹੈ। ਪਰ ਪਿੱਛੋਂ ਮੇਲ ਜੋਲ, ਅਨੁਭਵ, ਤਜਰਬੇ ਤੇ ਸਮੇਂ ਦੇ ਹਾਲਾਤ ਨੇ ਆਪ ਦੀਆਂ ਵਿਚਾਰਾਂ ਨੂੰ ਬਹੁਤ ਬਦਲਿਆ ਹੈ। ਅਵਤਾਰ ਪੂਜਾ ਦੀ ਥਾਂ ਇਕ ਅਕਾਲ ਪੁਰਖ ਦੀ ਪੂਜਾ ਨੇ ਲੈ ਲਈ। ਇਸ ਲਈ ਕਬੀਰ ਜੀ ਵੈਸ਼ਨਵ ਸੰਪਰਦਾ ਦੇ ਮਹਾਤਮਾ ਨਹੀਂ ਸਮਝੇ ਜਾਂਦੇ।

ਕਈ ਆਦਮੀ ਭਗਤ ਕਬੀਰ ਜੀ ਨੂੰ ਮੁਸਲਮਾਨ ਮੰਨਦੇ ਹਨ। ਮੌਲਵੀ ਗ਼ੁਲਾਮ ਸਰਵਰ ਆਪਣੀ ਕਿਤਾਬ *ਖ਼ਜ਼ੀਨਾ ਤੁਲ ਅਸ਼ਫ਼ੀਆ*[੧] ਵਿਚ ਲਿਖਦੇ ਹਨ, "ਕਬੀਰ ਸ਼ੇਖ਼ ਤਕੀ ਦੇ ਚੇਲੇ ਸਨ। ਉਨ੍ਹਾਂ ਨੇ ਇਸੇ ਲਈ ਸੂਫ਼ੀਆਂ ਦੇ 'ਵਸਾਲ' (ਈਸ਼ਵਰ ਅਭੇਦਤਾ) ਦੀ ਸਿੱਖਿਆ ਦਿੱਤੀ, ਪਰ 'ਫ਼ਿਰਾਕ' (ਵਿਯੋਗ) ਸੰਬੰਧੀ ਚੁੱਪ ਰਹੇ। ਆਪ ਪਹਿਲੇ ਆਦਮੀ ਸਨ, ਜਿਨ੍ਹਾਂ ਨੇ ਇਕ ਪਰਮੇਸ਼ਵਰ ਦੀ ਸੱਤਾ ਬਾਰੇ ਹਿੰਦੀ ਵਿਚ ਕੁਝ ਲਿਖਿਆ। ਧਾਰਮਿਕ ਸਹਿਣ-ਸ਼ੀਲਤਾ ਦੇ ਕਾਰਨ ਹਿੰਦੂ ਤੇ ਮੁਸਲਮਾਨਾਂ ਦੋਹਾਂ ਨੇ ਉਨ੍ਹਾਂ ਨੂੰ ਆਪਣਾ ਨੇਤਾ ਮੰਨਿਆ। ਹਿੰਦੂਆਂ ਨੇ ਭਗਤ ਕਬੀਰ ਤੇ ਮੁਸਲਮਾਨਾਂ ਨੇ ਪੀਰ ਕਬੀਰ ਕਿਹਾ।"

ਕੀ ਕਬੀਰ ਜੀ ਸ਼ੇਖ਼ ਤਕੀ ਦੇ ਚੇਲੇ ਸਨ ? ਇਹ ਗੱਲ ਠੀਕ ਨਹੀਂ ਜਾਪਦੀ। ਜਾਪਦਾ ਇਹ ਹੈ ਕਿ ਮੁਸਲਮਾਨ ਲੇਖਕਾਂ ਨੇ ਕਬੀਰ ਜੀ ਸੰਬੰਧੀ ਨਾ ਤਾਂ ਪੁਰਾਤਨ ਇਤਿਹਾਸ ਨੂੰ ਚੰਗੀ ਤਰ੍ਹਾਂ ਪੜ੍ਹਿਆ ਹੈ, ਨਾ ਹੀ ਡੂੰਘੇ ਜਾ ਕੇ ਉਨ੍ਹਾਂ ਦੀ ਬਾਣੀ ਤੋਂ ਉਨ੍ਹਾਂ ਦੇ ਵਿਚਾਰਾਂ ਨੂੰ ਸਹੀ ਸਮਝਣ ਦਾ ਯਤਨ ਕੀਤਾ ਹੈ। ਕਬੀਰ ਜੀ ਦੇ ਇਕ ਅਕਾਲ ਪੁਰਖ ਪੂਜਕ ਹੋਣ ਸੰਬੰਧੀ *ਆਈਨੇ ਅਕਬਰੀ* ਦੇ ਕਰਤਾ ਅਬੁਲ ਫ਼ਜ਼ਲ ਤੇ *ਦਬਿਸਤਾਨੇ ਮਜ਼ਾਹਬ* ਦੇ ਲੇਖਕ ਮੁਹਸਨ ਫ਼ਾਨੀ ਨੇ ਲਿਖਿਆ ਹੈ ਕਿ ਕਬੀਰ ਜੁਲਾਹੇ ਤਾਂ ਇਕੀਸ਼ਵਰਵਾਦੀ ਭਗਤ ਸਨ। ਆਤਮਿਕ-ਮਾਰਗ ਦਾ ਕੋਈ ਜਾਣੂ ਇਨ੍ਹਾਂ ਨੂੰ ਮਿਲ

---

੧. ਇਹ ਕਿਤਾਬ ਸੰਨ ੧੮੬੮ ਈ: ਚ ਲਾਹੌਰ ਵਿਚ ਛਪੀ।

ਪਵੇ, ਇਸ ਇੱਛਾ ਨਾਲ ਉਹ ਹਿੰਦੂ ਸਾਧੂਆਂ ਤੇ ਮੁਸਲਮਾਨ ਫ਼ਕੀਰਾਂ ਪਾਸ ਗਏ। ਅੰਤ ਵਿਚ ਰਾਮਾਨੰਦ ਦੇ ਚੇਲੇ ਹੋਏ। ਮੁਹਸਨ ਫ਼ਾਨੀ ਦੀ ਲਿਖਤ ਬਹੁਤ ਪੁਰਾਣੀ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਕਬੀਰ ਜੀ ਰਾਮਾਨੰਦ ਦੇ ਸਿਖ ਸਨ, ਸ਼ੇਖ ਤਕੀ ਦੇ ਚੇਲੇ ਨਹੀਂ ਸਨ।

ਇਸ ਤੋਂ ਬਿਨਾ ਭਗਤ ਰਵਿਦਾਸ ਜੀ ਕਬੀਰ ਜੀ ਦੇ ਗੁਰ-ਭਾਈ ਤੇ ਸਮਕਾਲੀ ਹੋਏ ਹਨ। ਆਪ ਫ਼ੁਰਮਾਉਂਦੇ ਹਨ :

**ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ, ਮਾਨੀਅਹਿ ਸੇਖ ਸਹੀਦ ਪੀਰਾ॥**
**ਜਾ ਕੈ ਬਾਪ ਵੈਸੀ ਕਰੀ, ਪੂਤ ਐਸੀ ਸਰੀ, ਤਿਹੂ ਰੇ ਲੋਕ ਪਰਸਿਧ ਕਬੀਰਾ॥**

*(ਮਲਾਰ, ਪੰਨਾ ੧੨੯੩)*

ਇਨ੍ਹਾਂ ਬਚਨਾਂ ਤੋਂ ਇਹ ਗੱਲ ਸਾਫ਼ ਹੋ ਜਾਂਦੀ ਹੈ ਕਿ ਕਬੀਰ ਜੀ ਦੇ ਮਾਤਾ ਪਿਤਾ ਦਾ ਧਰਮ ਈਦ ਬਕਰੀਦ ਮੰਨਣੀ, ਗਊ ਮਾਰਨੀ, ਸ਼ੇਖ਼ਾਂ, ਸ਼ਹੀਦਾਂ ਤੇ ਪੀਰਾਂ ਨੂੰ ਮੰਨਣਾ ਸੀ। ਪਿਤਾ ਦੀ ਇਹ ਕਰਨੀ ਸੀ, ਪਰ ਪੁੱਤਰ ਨੇ ਇਸ ਦੇ ਉਲਟ ਭਗਤੀ ਕਰ ਕੇ ਆਪਣੇ ਆਪ ਨੂੰ ਪ੍ਰਸਿੱਧ ਕਰ ਲਿਆ। ਇਸ ਤੋਂ ਕਬੀਰ ਜੀ ਦੇ ਵਿਚਾਰਾਂ ਦਾ ਫ਼ਰਕ ਸਪੱਸ਼ਟ ਹੋ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਕਬੀਰ ਜੀ ਦੀ ਜੋ ਬਾਣੀ ਦਰਜ ਹੈ, ਉਸ ਤੋਂ ਵੀ ਇਸੇ ਗੱਲ ਦੀ ਪੁਸ਼ਟੀ ਹੁੰਦੀ ਹੈ। ਆਪ ਮਾਤਾ ਪਾਸੋਂ 'ਸ਼ਿਕਵੇ' ਦੇ ਰੂਪ ਵਿਚ ਇਹ ਸ਼ਬਦ ਕਹਿਲਾਉਂਦੇ ਹਨ :

**ਨਿਤ ਉਠਿ ਕੋਰੀ ਗਾਗਰਿ ਆਨੈ ਲੀਪਤ ਜੀਉ ਗਇਓ॥**
**ਤਾਨਾ ਬਾਨਾ ਕਛੂ ਨ ਸੂਝੈ ਹਰਿ ਹਰਿ ਰਸਿ ਲਪਟਿਓ॥੧॥**
**ਹਮਾਰੇ ਕੁਲ ਕਉਨੇ ਰਾਮੁ ਕਹਿਓ॥**
**ਜਬ ਕੀ ਮਾਲਾ ਲਈ ਨਿਪੂਤੇ ਤਬ ਤੇ ਸੁਖੁ ਨ[1] ਭਇਓ॥੧॥ਰਹਾਉ॥.....**
**ਘਰ ਕੇ ਦੇਵ ਪਿਤਰ ਕੀ ਛੋਡੀ ਗੁਰ ਕੋ ਸਬਦੁ ਲਇਓ॥** *(ਬਿਲਾਵਲੁ, ਪੰਨਾ ੮੫੬)*

ਕਬੀਰ ਜੀ ਦਾ ਪਾਣੀ ਲਿਆਉਣਾ, ਚੌਂਕਾ ਦੇਣਾ, ਰਾਮ ਨਾਮ ਜਪਣਾ, ਮਾਲਾ ਧਾਰਨ ਕਰਨੀ, ਪਿਤਰ ਕੀ (ਵੱਡਿਆਂ ਦੀ ਰਹੁ-ਰੀਤ) ਛੱਡ ਦੇਣੀ ਤੇ ਗੁਰੂ ਪਾਸੋਂ ਸ਼ਬਦ ਲੈਣਾ—ਅਜਿਹੀਆਂ ਗੱਲਾਂ ਹਨ ਜੋ ਕੋਈ ਸ਼ੰਕਾਂ ਨਹੀਂ ਰਹਿਣ ਦਿੰਦੀਆਂ।

ਕੁਝ ਹੋਰ ਗ੍ਰੰਥਾਂ 'ਚੋਂ ਪ੍ਰਮਾਣ ਦਰਜ ਕਰਦੇ ਹਾਂ :

*ਕਬੀਰ ਸਤ ਸਾਖੀ* ਵਿਚ ਲਿਖਿਆ ਹੈ :

(੧) **ਕਬੀਰ ਦੁਬਿਧਾ ਮਿਟੀ ਗੁਰੁ ਮਿਲਿਆ ਰਾਮਾਨੰਦ।**

(੨) **ਭਗਤਿ ਲਾਖਰ ਉਪਜੀ ਲਾਇ ਰਾਮਾਨੰਦ।**
**ਪ੍ਰਗਟ ਕਰੀ ਕਬੀਰ ਨੇ ਸਾਤ ਦੀਪ ਨੌ ਖੰਡ।**

(੩) **ਕਾਸ਼ੀ ਮੇਂ ਹਮ ਪ੍ਰਗਟ ਭਏ ਰਾਮਾਨੰਦ ਚੇਤਾਇ।** *(ਕਬੀਰ ਸ਼ਬਦਾਵਲੀ, ਪੰਨਾ ੬੧)*

(੪) **ਗੁਰੂ ਰਾਮਾਨੰਦ ਕੇ ਚਰਨ ਕਮਲ ਪਰ ਧੋਬਨਾ ਦੀਨੀ ਵਾਰ।**

*(ਕਬੀਰ ਕਸੌਟੀ, ਪੰਨਾ ੫)*

---

੧. ਮਾਇਆ।

ਇਸ ਤੋਂ ਬਿਨਾ ਪੱਛਮੀ ਲੇਖਕਾਂ 'ਚੋਂ ਪ੍ਰੋਫੈਸਰ ਵਿਲਸਨ ਦੀ ਰਾਇ ਹੈ ਕਿ ਇਹ ਗੱਲ ਵਿਚਾਰ ਦੇ ਹੀ ਵਿਰੁੱਧ ਹੈ ਕਿ ਕਬੀਰ ਜੀ ਮੁਸਲਮਾਨ ਸਨ। ਮੈਲਕਮ ਨੇ ਭੀ ਸੂਫ਼ੀਆਂ ਦੇ ਚੇਲੇ ਹੋਣ ਦੀ ਪੁਸ਼ਟੀ ਨਹੀਂ ਕੀਤੀ।

ਕਬੀਰ ਜੀ ਵਾਹਿਗੁਰੂ ਦੇ ਨਿਰਗੁਣ ਸਰੂਪ ਦੇ ਵੱਡੇ ਪ੍ਰਚਾਰਕ ਸਨ। ਜਿਸ ਨੇ ਰਾਮਾਨੰਦ ਦੇ ਸ਼ਿਸ਼ ਹੋ ਕੇ ਅਦਵੈਤਵਾਦ ਦੀਆਂ ਗੱਲਾਂ ਪ੍ਰਵਾਨ ਕੀਤੀਆਂ। ਸੂਫ਼ੀਆਂ ਦੀ ਸੰਗਤ ਕਰ ਕੇ ਇਕੀਸ਼ਵਰ ਭਗਤੀ ਭੀ ਮਿਲਦੀ ਹੈ। ਅਦਵੈਤਵਾਦ ਤੇ ਇਕੀਸ਼ਵਰ-ਭਗਤੀ ਦੇ ਮਿਲੇ ਜੁਲੇ ਹੋਏ ਉਨ੍ਹਾਂ ਦੇ ਖ਼ਿਆਲ ਸਨ। ਉਨ੍ਹਾਂ ਦਾ ਮੱਤ ਅਜਿਹਾ ਸੀ ਜਿਸ ਨੂੰ ਹਿੰਦੂ ਤੇ ਮੁਸਲਮਾਨ ਦੋਵੇਂ ਮੰਨ ਸਕਣ।[੧]

ਕਬੀਰ ਜੀ ਊਜੀ ਦੇ ਪੀਰ, ਸ਼ੇਖ਼ ਤਕੀ ਤੇ ਜੌਨਪੁਰ ਅਤੇ ਮਾਨਿਕਪੁਰ ਵਿਚ ਕਈ ਸੂਫ਼ੀਆਂ ਨੂੰ ਮਿਲੇ। ਉਨ੍ਹਾਂ ਦੀ ਸੰਗਤ ਭੀ ਕਰਦੇ ਰਹੇ। ਕਬੀਰ ਜੀ ਨੂੰ ਮੰਨਣ ਵਾਲੇ ਮੁਸਲਮਾਨ ਵੀ ਹਨ। ਉਨ੍ਹਾਂ ਦਾ ਖ਼ਿਆਲ ਹੈ ਕਿ ਕਬੀਰ ਨੇ ਸ਼ੇਖ਼ ਤਕੀ ਤੋਂ ਦੀਖਿਆ ਲਈ ਪਰ ਇਹ ਠੀਕ ਨਹੀਂ । ਕਬੀਰ ਜੀ ਸ਼ੇਖ਼ ਤਕੀ ਨੂੰ ਇਉਂ ਸੰਬੋਧਨ ਕਰਦੇ ਹਨ:

**ਘਟ ਘਟ ਹੈ ਅਬਿਨਾਸੀ, ਸੁਨਹੁ ਤਕੀ ਤੁਮ ਸ਼ੇਖ।**

ਕਥਨ ਦੇ ਇਸ ਢੰਗ ਤੋਂ ਪ੍ਰਤੀਤ ਹੁੰਦਾ ਹੈ ਕਿ ਆਪ ਉਸ ਦੇ ਮੁਰੀਦ ਨਹੀਂ ਸਨ।

ਕਬੀਰ ਜੀ ਦਾ ਉਪਦੇਸ਼ ਹਿੰਦੂ-ਮੁਸਲਮਾਨ ਦੋਹਾਂ ਲਈ ਸਾਂਝਾ ਸੀ, ਪਰ ਉਨ੍ਹਾਂ ਦਿਆਂ ਵਿਚਾਰਾਂ ਅਤੇ ਰਹਿਣੀ-ਬਹਿਣੀ ਤੋਂ ਪ੍ਰਤੀਤ ਹੁੰਦਾ ਹੈ ਕਿ ਉਹ ਹਿੰਦੂ ਧਰਮ ਦੇ ਮੰਨਣ ਵਾਲੇ ਸਨ। ਮੌਲਵੀਆਂ ਤੇ ਪੰਡਤਾਂ ਨੂੰ ਆਪ ਨੇ ਬਹੁਤ ਖਰੀਆਂ ਖਰੀਆਂ ਸੁਣਾਈਆਂ ਹਨ। ਇਨ੍ਹਾਂ ਵਿਰੁੱਧ ਡਾਢੇ ਚੁਭਵੇਂ ਕਟਾਖਸ਼ ਕੀਤੇ ਹਨ। ਹਿੰਦੂਆਂ ਦੇ ਧਰਮ-ਕੇਂਦਰ ਕਾਸ਼ੀ ਵਿਚ ਬੈਠ ਕੇ ਪੰਡਤਾਂ ਦੀ ਪ੍ਰਵਾਹ ਨਹੀਂ ਕੀਤੀ। ਮੁਸਲਮਾਨੀ ਰਾਜ ਦੇ ਹੁੰਦਿਆਂ ਮੁਤਅੱਸਬੀ ਮੁਲਾਣਿਆਂ ਤੇ ਕਾਜ਼ੀਆਂ ਪਾਸੋਂ ਉੱਕਾ ਡਰ ਨਹੀਂ ਮੰਨਿਆ। ਜਿਵੇਂ ਧਾਰਮਿਕ ਆਗੂ ਸੁਧਾਰਕ ਔਕੜਾਂ ਤੇ ਮੁਸੀਬਤਾਂ ਨੂੰ ਸਿਰ 'ਤੇ ਝੱਲ ਕੇ ਵੀ ਆਪਣੇ ਆਦਰਸ਼ ਲਈ ਦ੍ਰਿੜ੍ਹ ਰਹਿੰਦੇ ਹਨ, ਤਿਵੇਂ ਕਬੀਰ ਜੀ ਕਿਸੇ ਦੀ ਪ੍ਰਵਾਹ ਨਾ ਕਰਦੇ ਹੋਏ ਕਰੜੇ ਸ਼ਬਦਾਂ ਵਿਚ ਸੱਚ ਸੁਣਾਉਂਦੇ ਹਨ।

ਆਪ ਨੂੰ ਇਕੀਸ਼ਵਰ-ਵਾਦੀ ਜਾਂ ਕਿਸੇ ਸੂਫ਼ੀ ਦਾ ਸੰਗੀ ਹੋਣ ਕਰਕੇ ਮੁਸਲਮਾਨ ਨਹੀਂ ਕਿਹਾ ਜਾ ਸਕਦਾ। ਭਾਵੇਂ ਕਬੀਰ ਜੀ ਨੇ ਨੁਕਤਾਚੀਨੀ ਦੋਹਾਂ ਧਰਮਾਂ 'ਤੇ ਕੀਤੀ ਹੈ ਪਰ ਜਦੋਂ ਹਿੰਦੂ ਧਰਮ ਦੇ ਸਿਧਾਂਤਾਂ ਨੂੰ ਕਥਨ ਕਰਦੇ ਹਨ ਤਾਂ ਕੇਵਲ ਬਾਹਰ-ਮੁਖੀ ਗੱਲਾਂ ਤਕ ਨਹੀਂ ਰਹਿੰਦੇ, ਬਲਕਿ ਗੂਹੜ ਸਿਧਾਂਤਾਂ ਦੀ ਤਹਿ ਤੀਕ ਜਾਂਦੇ ਹਨ। ਮੂਰਤੀ-ਪੂਜਾ, ਦੇਵ-ਪੂਜਾ, ਅਵਤਾਰ-ਪੂਜਾ, ਸੂਤਕ-ਪਾਤਕ, ਵਰਣਾਸ਼ਰਮ ਆਦਿਕ ਗੱਲਾਂ ਦਾ ਖੰਡਨ ਕਰਦੇ ਹੋਏ ਭੀ ਹਿੰਦੂ ਧਰਮ ਦੇ ਭਗਤੀ ਮਾਰਗ, ਜਗਤ ਰਚਨਾ, ਆਤਮਾ ਦੀ ਹੋਂਦ, ਅਹਿੰਸਾਵਾਦ, ਆਵਾਗਉਣ, ਕਰਮ ਫਲ ਆਦਿਕ ਸਿਧਾਂਤਾਂ ਨੂੰ ਮੰਨਦੇ ਹਨ। ਗੁਰ-ਭਗਤੀ, ਕੰਚਨ-ਕਾਮਨੀ ਦਾ ਤਿਆਗ, ਮਾਇਆ ਦੇ ਬੰਧਨ, ਸ਼ਬਦ-ਸੁਰਤ ਤੇ ਦਸਮ ਦਵਾਰ ਆਦਿਕ ਅੰਤਰੀਵ ਟਿਕਾਣਿਆਂ ਦਾ ਵਰਣਨ ਇਕ ਹਿੰਦੂ ਫ਼ਿਲਾਸਫ਼ਰ ਦੇ ਰੂਪ ਵਿਚ ਕਰਦੇ ਹਨ।

---

੧. *ਹਿੰਦੀ ਸਾਹਿਤ ਕਾ ਇਤਿਹਾਸ,* ਰਾਮ ਚੰਦ੍ਰ, ਪ੍ਰਕਾਸ਼ਕ ਇੰਡੀਆ ਪ੍ਰੈਸ, ਅਲਾਹਾਬਾਦ।

ਪੁਰਾਣਿਕ ਜਾਂ ਇਤਿਹਾਸਕ ਗੱਲਾਂ ਦਾ ਵਰਣਨ ਜਾਂ ਹਿੰਦੂ ਧਰਮ ਦੀਆਂ ਮਹਾਨ ਸ਼ਖ਼ਸੀਅਤਾਂ ਦਾ ਪ੍ਰਮਾਣ ਦਿੰਦੇ ਹਨ ਤਾਂ ਪ੍ਰਤੀਤ ਹੁੰਦਾ ਹੈ ਕਿ ਆਪ ਹਿੰਦੂ ਧਰਮ ਦੇ ਪੰਡਤ, ਸਿਮ੍ਰਿਤੀ ਅਤੇ ਇਤਿਹਾਸ ਦੇ ਜਾਣੂ ਤੇ ਸ਼ਾਸਤ੍ਰਾਂ ਦੇ ਗਿਆਤਾ ਸਨ। ਪਰ ਜਦੋਂ ਇਸਲਾਮ ਸੰਬੰਧੀ ਕਬੀਰ ਜੀ ਦੇ ਖ਼ਿਆਲਾਂ ਨੂੰ ਗਹੁ ਨਾਲ ਵਿਚਾਰਿਆ ਜਾਵੇ ਤਾਂ ਮਲੂਮ ਹੁੰਦਾ ਹੈ ਕਿ ਉਨ੍ਹਾਂ ਨੇ ਇਸਲਾਮ ਦੇ ਮੋਟੇ ਮੋਟੇ ਅਸੂਲਾਂ 'ਤੇ ਨੁਕਤਾਚੀਨੀ ਕੀਤੀ ਹੈ, ਜਿਨ੍ਹਾਂ ਨੂੰ ਇਕ ਸਾਧਾਰਨ ਹਿੰਦੂ ਵੀ ਸਮਝਦਾ ਹੈ। ਇਸਲਾਮ ਸੰਬੰਧੀ ਕਬੀਰ ਜੀ ਦੇ ਵਿਚਾਰ ਕੀ ਸਨ ? ਪਾਠਕਾਂ ਦੀ ਗਿਆਤ ਲਈ ਉਨ੍ਹਾਂ ਦੀ ਬਾਣੀ 'ਚੋਂ ਕੁਝ ਪ੍ਰਮਾਣ ਦਰਜ ਕਰਦੇ ਹਾਂ :

(੧) **ਸੁੰਨਤ :**

**ਸਕਤਿ ਸਨੇਹੁ[1] ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ ॥**<br>
**ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ ॥**<br>
**ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤਿ ਕਾ ਕਿਆ ਕਰੀਐ ॥**<br>
**ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ ॥** *(ਆਸਾ, ਪੰਨਾ ੪੭੭)*

(੨) **ਬਾਂਗ :**

**ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ ॥**<br>
**ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ ॥੧੮੪॥** *(ਪੰਨਾ ੧੩੭੪)*

(੩) ਹੱਜ ਬਾਬਤ ਕਹਿੰਦੇ ਹਨ :

**ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ ॥**<br>
**ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨਿ ਫੁਰਮਾਈ ਗਾਇ ॥੧੯੭॥**

*(ਪੰਨਾ ੧੩੭੫)*

ਭਾਵ, ਮੈਂ ਕਾਬੇ ਦੇ ਹਜ ਨੂੰ ਜਾ ਰਿਹਾ ਸੀ ਕਿ ਖ਼ੁਦਾ ਮੇਰੇ ਨਾਲ ਲੜ ਪਿਆ। ਕਹਿਣ ਲੱਗਾ, "ਤੈਨੂੰ ਇਹ ਗੱਲ ਕਿਸ ਆਖੀ ਹੈ ਕਿ ਮੈਂ ਕਾਬੇ ਵਿਚ ਹਾਂ ?"

(੪) ਰੋਜ਼ੇ ਬਾਬਤ ਫ਼ੁਰਮਾਉਂਦੇ ਹਨ :

**ਗਿਆਰਹ ਮਾਸ ਪਾਸ ਕੈ ਰਾਖੇ ਏਕੈ ਮਾਹਿ ਨਿਧਾਨਾ ॥** *(ਪ੍ਰਭਾਤੀ, ਪੰਨਾ ੧੩੪੯)*

ਭਾਵ, ਸਾਲ ਦੇ ਗਿਆਰਾਂ ਮਹੀਨੇ ਇਕ ਪਾਸੇ ਕਰ ਦਿੱਤੇ ਤੇ ਰੱਬ ਦੀ ਪ੍ਰਾਪਤੀ ਸਿਰਫ਼ ਰੋਜ਼ਿਆਂ ਦੇ (ਰਮਜ਼ਾਨ) ਵਿਚ। ਇਹ ਠੀਕ ਨਹੀਂ।

(੫) ਕਬੀਰ ਜੀ ਨੇ ਭਾਵੇਂ ਕਈ ਗੱਲਾਂ ਵਿਚ ਵੈਸ਼ਨਵ ਪ੍ਰਭਾਵ ਕਬੂਲ ਨਹੀਂ ਕੀਤਾ, ਪਰ ਅਹਿੰਸਾ ਦੇ ਉਹ ਕੱਟੜ ਹਾਮੀ ਸਨ। ਮਾਸ ਨਹੀਂ ਖਾਂਦੇ ਸਨ। ਕਿਸੇ ਮੁਲਾਣੇ ਨੂੰ ਸੰਬੋਧਨ ਕਰ ਕੇ ਫ਼ੁਰਮਾਉਂਦੇ ਹਨ :

**ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ॥੧॥**<br>
**ਮੁਲਾਂ ਕਹਹੁ ਨਿਆਉ ਖੁਦਾਈ ॥**<br>
**ਤੇਰੇ ਮਨ ਕਾ ਭਰਮੁ ਨ ਜਾਈ ॥੧॥ ਰਹਾਉ ॥**

---

੧. ਇਸਤ੍ਰੀ ਦੇ ਪ੍ਰੇਮ ਵਿਚ।

ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲਿ ਕੀਆ॥
ਜੋਤਿ ਸਰੂਪਿ ਅਨਾਹਤਿ ਲਾਗੀ ਕਹੁ ਹਲਾਲੁ ਕਿਆ ਕੀਆ॥੨॥

*(ਪ੍ਰਭਾਤੀ, ਪੰਨਾ ੧੩੫੦)*

(੬) ਕਬੀਰ ਜੋਰੀ ਕੀਏ ਜੁਲਮੁ ਹੈ ਕਹਤਾ ਨਾਉ ਹਲਾਲੁ॥
ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ॥੧੮੭॥ *(ਪੰਨਾ ੧੩੭੪)*

ਕਬੀਰ ਜੀ ਇਨ੍ਹਾਂ ਸ਼ਬਦਾਂ ਵਿਚ ਮੁਸਲਮਾਨਾਂ ਦੇ ਜੀਵ ਮਾਰਨ ਦੇ ਢੰਗ (ਤਕਬੀਰ ਪੜ੍ਹ ਕੇ ਹਲਾਲ ਕਰਨ) ਦਾ ਸਖ਼ਤ ਖੰਡਨ ਕਰਦੇ ਹਨ। ਮੁਸਲਮਾਨ ਇਸ ਨੂੰ ਧਾਰਮਿਕ ਰਸਮ ਮੰਨਦੇ ਹਨ।

ਕਬੀਰ ਜੀ ਦੇ ਇਨ੍ਹਾਂ ਵਿਚਾਰਾਂ ਨੂੰ ਪੜ੍ਹ ਕੇ ਕੌਣ ਕਹਿ ਸਕਦਾ ਹੈ ਕਿ ਉਹ ਮੁਸਲਮਾਨ ਸਨ? ਉਨ੍ਹਾਂ ਦੇ ਸਮੇਂ ਹਿੰਦੁਸਤਾਨ ਵਿਚ ਸਿਕੰਦਰ ਲੋਧੀ ਰਾਜ ਕਰਦਾ ਸੀ। ੧੫੪੫ ਬਿ: ਵਿਚ[੧] ਸਿਕੰਦਰ ਕਾਸ਼ੀ ਵਿਚ ਗਿਆ। ਮੁਸਲਮਾਨਾਂ ਦੇ ਮੁਖੀ ਸ਼ੇਖ਼ ਤਕੀ ਤੇ ਕਈ ਬ੍ਰਾਹਮਣਾਂ ਨੇ ਕਬੀਰ ਜੀ ਦੇ ਵਿਰੁੱਧ ਬਾਦਸ਼ਾਹ ਪਾਸ ਸ਼ਿਕਾਇਤ ਕੀਤੀ ਕਿ ਇਹ ਦੋਹਾਂ ਧਰਮਾਂ ਦਾ ਖੰਡਨ ਕਰਦਾ ਹੈ। ਕਬੀਰ ਜੀ ਨੂੰ ਬਾਦਸ਼ਾਹ ਨੇ ਪਕੜ ਮੰਗਵਾਇਆ। ਆਪ ਨੂੰ ਦਰਬਾਰ ਵਿਚ ਕਿਹਾ ਗਿਆ, "ਸਲਾਮ ਕਰੋ।" ਭਗਤ ਜੀ ਨੇ ਉੱਤਰ ਦਿੱਤਾ, "ਨਾ ਮੈਨੂੰ ਸਲਾਮ ਕਰਨਾ ਆਉਂਦਾ ਹੈ, ਨਾ ਬਾਦਸ਼ਾਹ ਨਾਲ ਮੇਰਾ ਕੋਈ ਕੰਮ ਹੈ। ਮੈਂ ਤਾਂ ਰਾਮ ਨਾਮ ਹੀ ਜਾਣਦਾ ਹਾਂ।" ਸਿਕੰਦਰ ਨੇ ਕ੍ਰੋਧ ਕਰ ਕੇ ਹੁਕਮ ਦਿੱਤਾ, "ਕਬੀਰ ਨੂੰ ਹਥ-ਕੜੀਆਂ, ਬੇੜੀਆਂ ਲਾ ਕੇ ਗੰਗਾ ਵਿਚ ਸੁੱਟਿਆ ਜਾਵੇ।" ਉਸ ਵਕਤ ਆਪ ਨੇ ਇਹ ਸ਼ਬਦ ਉਚਾਰਨ ਕੀਤਾ:

ਗੰਗ ਗੁਸਾਇਨਿ ਗਹਿਰ ਗੰਭੀਰ॥
ਜੰਜੀਰ ਬਾਂਧਿ ਕਰਿ ਖਰੇ ਕਬੀਰ॥੧॥
ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥
ਚਰਨ ਕਮਲ ਚਿਤੁ ਰਹਿਓ ਸਮਾਇ॥ ਰਹਾਉ॥
ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ॥
ਮ੍ਰਿਗ ਛਾਲਾ ਪਰ ਬੈਠੇ ਕਬੀਰ॥੨॥
ਕਹਿ ਕੰਬੀਰ ਕੋਊ ਸੰਗ ਨ ਸਾਥ॥
ਜਲ ਥਲ ਰਾਖਨ ਹੈ ਰਘੁਨਾਥ॥੩॥ *(ਭੈਰਉ, ਪੰਨਾ ੧੧੬੨)*

ਗੰਗਾ ਵਿਚ ਸੁਟਣ 'ਤੇ ਆਪ ਨੂੰ ਕੁਦਰਤ ਨੇ ਬਚਾ ਲਿਆ। ਫਿਰ ਹਾਥੀ ਅੱਗੇ ਸੁੱਟੇ ਗਏ। ਆਪ ਫ਼ੁਰਮਾਉਂਦੇ ਹਨ:

ਭੁਜਾ ਬਾਂਧਿ ਭਿਲਾ ਕਰਿ ਡਾਰਿਓ॥ ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ॥
ਹਸਤਿ ਭਾਗਿ ਕੈ ਚੀਸਾ ਮਾਰੈ॥ ਇਆ ਮੂਰਤਿ ਕੈ ਹਉ ਬਲਿਹਾਰੈ॥੧॥
ਆਹਿ ਮੇਰੇ ਠਾਕੁਰ ਤੁਮਰਾ ਜੋਰੁ॥ ਕਾਜੀ ਬਕਿਬੋ ਹਸਤੀ ਤੋਰੁ॥੧॥ ਰਹਾਉ॥
ਰੇ ਮਹਾਵਤ ਤੁਝੁ ਡਾਰਉ ਕਾਟਿ॥ ਇਸਹਿ ਤੁਰਾਵਹੁ ਘਾਲਹੁ ਸਾਟਿ॥
ਹਸਤਿ ਨ ਤੋਰੈ ਧਰੈ ਧਿਆਨੁ॥ ਵਾ ਕੈ ਰਿਦੈ ਬਸੈ ਭਗਵਾਨੁ॥੨॥

---

੧. *ਸਿਖ ਰਿਲੀਜਨ,* ਕ੍ਰਿਤ ਮੈਕਾਲਫ਼, ਪੰਨਾ ੧੩੧-੩੨, ਭਾਗ ੬।

ਕਿਆ ਅਪਰਾਧੁ ਸੰਤ ਹੈ ਕੀਨਾ॥ ਬਾਂਧਿ ਪੋਟ ਕੁੰਚਰ ਕਉ ਦੀਨਾ॥
ਕੁੰਚਰੁ ਪੋਟ ਲੈ ਲੈ ਨਮਸਕਾਰੈ। ਬੂਝੀ ਨਹੀ ਕਾਜੀ ਅੰਧਿਆਰੈ॥੩॥
ਤੀਨਿ ਬਾਰ ਪਤੀਆ ਭਰਿ ਲੀਨਾ॥ ਮਨ ਕਠੋਰੁ ਅਜਹੂ ਨ ਪਤੀਨਾ॥
ਕਹਿ ਕਬੀਰ ਹਮਰਾ ਗੋਬਿੰਦੁ॥ ਚਉਥੇ ਪਦ ਮਹਿ ਜਨ ਕੀ ਜਿੰਦੁ॥੪॥

*(ਗੌਂਡ, ਪੰਨਾ ੮੭੦-੭੧)*

ਜਦ ਹਾਥੀ ਨੇ ਕਬੀਰ ਜੀ ਨੂੰ ਨਾ ਮਾਰਿਆ, ਉਸ ਵਕਤ ਸਭ ਲੋਕ ਹੈਰਾਨ ਹੋ ਗਏ। ਆਪ ਨੇ ਕਿਹਾ, "ਆਤਮਾ ਅਮਰ ਹੈ, ਕਿਸ ਨੂੰ ਮਾਰੋਗੇ?" ਫ਼ੁਰਮਾਇਆ :

ਨਾ ਇਹੁ ਮਾਨਸ ਨਾ ਇਹੁ ਦੇਉ॥
ਨਾ ਇਹੁ ਜਤੀ ਕਹਾਵੈ ਸੇਉ॥
ਨਾ ਇਹੁ ਜੋਗੀ ਨਾ ਅਵਿਧੂਤਾ॥
ਨਾ ਇਸੁ ਮਾਇ ਨ ਕਾਹੂ ਪੂਤਾ॥੧॥
ਇਆ ਮੰਦਰ ਮਹਿ ਕੌਨ ਬਸਾਈ॥
ਤਾ ਕਾ ਅੰਤੁ ਨ ਕੋਊ ਪਾਈ॥੧॥ਰਹਾਉ॥ *(ਗੌਂਡ, ਪੰਨਾ ੮੭੧)*

ਸ਼ਬਦ ਦੇ ਅੰਤ ਵਿਚ ਕਿਹਾ :

ਕਹੁ ਕਬੀਰ ਇਹੁ ਰਾਮ ਕੀ ਅੰਸੁ॥
ਜਸ ਕਾਗਦ ਪਰ ਮਿਟੈ ਨ ਮੰਸੁ॥ *(ਗੌਂਡ, ਪੰਨਾ ੮੭੧)*

ਸ੍ਰੀ ਕ੍ਰਿਸ਼ਨ ਜੀ ਨੇ ਗੀਤਾ ਵਿਚ ਕਿਹਾ ਸੀ :

ਯਿਹ ਆਤਮਾ ਅਮਰ ਹੈ ਮਾਰੇ ਸੇ ਮਰ ਸਕਤਾ ਨਹੀਂ।
ਨਾਸ਼ ਇਸ ਕਾ ਅਸਤ੍ਰ ਯਾ ਹਥਿਆਰ ਕਰ ਸਕਤਾ ਨਹੀਂ।
ਆਗ ਸੇ ਜਲਤਾ ਨਹੀਂ, ਇਸੇ ਜਲ ਡੁਬੋ ਸਕਤਾ ਨਹੀਂ।
ਦੇਹ ਬਦਲਤਾ ਹੈ, ਮਗਰ ਨਾਸ਼ ਹੋ ਸਕਤਾ ਨਹੀਂ।

ਜੀਵਨ ਦੇ ਇਸ ਤਤ੍ਵ ਨੂੰ ਸ੍ਰੀ ਕਬੀਰ ਜੀ ਨੇ ਅਮਲੀ ਤੌਰ 'ਤੇ ਸਮਝਾਇਆ। ਮੌਤ ਤੋਂ ਨਿਰਭੈ ਰਹੇ, ਜਿਸ ਦਾ ਨਤੀਜਾ ਇਹ ਹੋਇਆ ਕਿ ਸਿਕੰਦਰ ਲੋਧੀ ਨੇ ਉਨ੍ਹਾਂ ਨੂੰ ਛੱਡ ਦਿੱਤਾ। ਮੁਲਾਣਿਆਂ ਨੂੰ ਮੂੰਹ ਦੀ ਖਾਣੀ ਪਈ।

ਸ੍ਰੀ ਕਬੀਰ ਜੀ ਕਿਤਨੇ ਸੁਤੰਤਰ ਵਿਚਾਰਾਂ ਦੇ ਸਨ, ਇਸ ਦੀ ਇਕ ਉਦਾਹਰਣ ਹੋਰ ਪੇਸ਼ ਕਰਦੇ ਹਾਂ। ਇਕ ਵੇਰ ਇਕ ਜਹਾਂ ਗਸ਼ਤ ਨਾਮੀ ਮੁਸਲਮਾਨ ਰਮਤਾ ਉਨ੍ਹਾਂ ਨੂੰ ਮਿਲਣ ਆਇਆ। ਆਪ ਨੇ ਉਸ ਨੂੰ ਆਉਂਦੇ ਦੇਖ ਕੇ ਰਾਹ ਵਿਚ ਇਕ ਸੂਰ ਬੰਨ੍ਹ ਦਿੱਤਾ। ਜਦ ਜਹਾਂ ਗਸ਼ਤ ਨੇ ਸੂਰ ਵੇਖਿਆ ਤਾਂ ਬੜੀ ਗਿਲਾਨੀ ਕੀਤੀ। ਇਸ ਨੂੰ ਆਪਣੇ ਮੱਤ ਦੇ ਵਿਰੁੱਧ ਸਮਝ ਕੇ ਮੁੜ ਪਿਆ। ਕਬੀਰ ਜੀ ਨੇ ਉਸ ਨੂੰ ਸੱਦ ਕੇ ਕਿਹਾ, "ਆਏ ਕਿਵੇਂ ਤੇ ਮੁੜੇ ਕਿਉਂ?"

ਜਹਾਂ ਗਸ਼ਤ—ਤੁਸੀਂ ਬੂਹੇ ਵਿਚ ਸੂਰ ਬੰਨ੍ਹ ਦਿੱਤਾ ਸੀ।

ਕਬੀਰ ਜੀ—ਸਾਡਾ ਭਾਵ ਇਹ ਸੀ ਕਿ ਮਨ ਦੀ ਮੈਲ ਤੇ ਪਲੀਤੀ ਅੰਦਰ ਨਹੀਂ ਰੱਖਣੀ ਚਾਹੀਦੀ, ਬਾਹਰ ਕੱਢ ਦੇਣੀ ਚਾਹੀਦੀ ਹੈ। ਤੁਸੀਂ ਇਸ ਰਮਜ਼ ਨੂੰ ਸਮਝੇ ਨਹੀਂ।

ਇਹ ਸੁਣ ਕੇ ਜਹਾਂ ਗਸ਼ਤ ਬੜਾ ਪ੍ਰਸੰਨ ਹੋਇਆ। ਗਿਆਨ-ਗੋਸ਼ਟ ਕਰ ਕੇ ਵਿਦਾ ਹੋਇਆ।

ਕਬੀਰ ਜੀ ਉਪਰ ਮੁਸਲਮਾਨ ਸੂਫ਼ੀਆਂ ਦਾ ਕੋਈ ਅੰਤ੍ਰੀਵ ਪ੍ਰਭਾਵ ਪਿਆ ਭੀ ਮਲੂਮ ਨਹੀਂ ਹੁੰਦਾ। ਜਦੋਂ ਆਪ ਅੰਤ੍ਰੀਵ ਗੱਲਾਂ ਦਾ ਵਰਣਨ ਕਰਦੇ ਹਨ ਤਾਂ ਅਨਹਦ ਸ਼ਬਦ, ਖਟ ਚਕਰ, ਤ੍ਰਿਕੁਟੀ, ਦਸਮ ਦੁਆਰ, ਕੁੰਡਲਨੀ[1] ਆਦਿ ਦਾ ਜ਼ਿਕਰ ਕਰਦੇ ਹਨ। ਜਿਹਾ ਕਿ :

(੧) **ਮੂਲ ਦੁਆਰੈ ਬੰਧਿਆ ਬੰਧੁ॥ ਰਵਿ ਊਪਰਿ ਗਹਿ ਰਾਖਿਆ ਚੰਦੁ॥**
**ਪਛਮ ਦੁਆਰੈ ਸੂਰਜੁ ਤਪੈ॥ ਮੇਰ ਡੰਡ ਸਿਰ ਊਪਰਿ ਬਸੈ॥੨॥**
**ਪਸਚਮ ਦੁਆਰੇ ਕੀ ਸਿਲ ਓੜ॥ ਤਿਹ ਸਿਲ ਊਪਰਿ ਖਿੜਕੀ ਅਉਰ॥**
**ਖਿੜਕੀ ਊਪਰਿ ਦਸਵਾ ਦੁਆਰ॥ ਕਹਿ ਕਬੀਰ ਤਾ ਕਾ ਅੰਤੁ ਨ ਪਾਰੁ॥੩॥**

*(ਭੈਰਉ, ਪੰਨਾ ੧੧੫੯)*

(੨) **ਦਸਵੈ ਦੁਆਰਿ ਕੁੰਚੀ ਜਬ ਦੀਜੈ॥ ਤਉ ਦਇਆਲ ਕੋ ਦਰਸਨੁ ਕੀਜੈ॥**

*(ਬਾਵਨ ਅਖਰੀ, ਪੰਨਾ ੩੪੧)*

(੩) **ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ॥**
**ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ॥੧੫੨॥**

*(ਸਲੋਕ ਕਬੀਰ, ਪੰਨਾ ੧੩੭੨)*

(੪) **ਤ੍ਰਿਕੁਟੀ[2] ਸੰਧਿ ਮੈ ਪੇਖਿਆ ਘਟ ਹੂ ਘਟ ਜਾਗੀ॥** *(ਬਿਲਾਵਲੁ, ਪੰਨਾ ੮੫੭)*

ਇਹ ਨਿਰੋਲ ਹਿੰਦੂ ਫ਼ਿਲਾਸਫ਼ੀ ਹੈ। ਮੁਸਲਮਾਨ ਸੂਫ਼ੀ ਫ਼ਕੀਰਾਂ ਨੇ 'ਨਸੀਰਾ', 'ਮਹਿਮੂਦਾ', 'ਸੁਲਤਾਨੁਲਜ਼ਕਾ' ਆਦਿਕ ਨਾੜੀਆਂ 'ਤੇ ਅੰਤ੍ਰੀਵ ਟਿਕਾਣੇ ਮੰਨੇ ਹਨ। ਨਾਸੂਤੀ, ਮਲਕੂਤੀ, ਜਬਰੂਤੀ ਤੇ ਲਾਹੂਤੀ ਆਦਿਕ ਸਿਮਰਨ ਦੱਸੇ ਹਨ।[3] ਪਰ ਕਬੀਰ ਜੀ ਨੇ ਆਪਣੀ ਬਾਣੀ ਵਿਚ ਕਿਤੇ ਵੀ ਇਨ੍ਹਾਂ ਦਾ ਜ਼ਿਕਰ ਨਹੀਂ ਕੀਤਾ। ਇਸ ਲਈ ਇਹ ਗੱਲ ਮੰਨਣੀ ਪਵੇਗੀ ਕਿ ਆਪ ਕਿਸੇ ਮੁਸਲਮਾਨ ਸੂਫ਼ੀ ਦੇ ਚੇਲੇ ਨਹੀਂ ਸਨ, ਨਾ ਹੀ ਉਨ੍ਹਾਂ ਨੇ ਸੂਫ਼ੀਆਂ ਦਾ ਕੋਈ ਪ੍ਰਭਾਵ ਕਬੂਲ ਕੀਤਾ।

---

੧. ਯਮ, ਨਿਯਮ, ਪ੍ਰਤਿਆਹਾਰ, ਪ੍ਰਾਣਾਯਾਮ, ਧਾਰਣਾ, ਧਿਆਨ ਅਤੇ ਨਿਰਵਿਕਲਪ ਸਮਾਧੀ ਯੋਗ ਦੇ ਅੰਗ ਮੰਨੇ ਹਨ। ਹਠ ਯੋਗ ਵਿਚ 'ਕੁੰਡਲਨੀ' ਸਰਪਨੀ ਵਤ ਇਕ ਨਾੜੀ ਹੈ, ਜਿਸ ਨੂੰ ਜਗਾਉਣ ਨਾਲ ਸ਼ਕਤੀ ਦੀ ਪ੍ਰਾਪਤੀ ਮੰਨੀ ਜਾਂਦੀ ਹੈ। ਸਿਖ ਧਰਮ ਵਿਚ ਇਸ ਦਾ ਖੰਡਨ ਕੀਤਾ ਹੈ:
ਕੁੰਡਲਨੀ ਸੁਰਝੀ ਸਤ ਸੰਗਤਿ ਪਰਮਾ ਨੰਦ ਗੁਰੂ ਮੁਖਿ ਮਚਾ॥ *(ਸਵਈਏ ਮਹਲੇ ੪ ਕੇ)*

੨. ਇੜਾ, ਪਿੰਗਲਾ ਤੇ ਸੁਖਮਨਾ ਜਿਥੇ ਮਿਲਦੀਆਂ ਹਨ।

੩. ਸੂਫ਼ੀਆਂ ਦੀਆਂ ਤਿੰਨ ਸ਼ਾਖ਼ਾਂ ਹਨ: ੧. ਚਿਸ਼ਤੀਆ, ੨. ਕਾਦਰੀਆ, ੩. ਨਕਸ਼ਬੰਦੀ। ਇਨ੍ਹਾਂ ਵਿਚ ਸਿਮਰਨ ਦੇ ਤਰੀਕੇ ਹਨ। ਜ਼ਿਕਰੇ ਨਾਸੂਤੀ ਦਾ ਮਤਲਬ ਜੀਭ ਰਾਹੀਂ 'ਲਾ ਇਲਾ' ਜਪਣਾ। ਮਲਕੂਤੀ 'ਇਲ ਇਲਾ' ਦਾ ਸਿਮਰਨ ਮਨ ਦੁਆਰਾ ਕਰਨਾ। ਜਬਰੂਤੀ 'ਅਲ੍ਹਾ' ਦਾ ਜਾਪ ਆਤਮਾ ਵਿਚ ਕਰਨਾ। ਲਾਹੂਤੀ ਸੂਫ਼ੀਆਂ ਦੇ 'ਹੂ ਹੂ' ਸ਼ਬਦ ਦੇ ਗੁਪਤ ਜਪਣ ਦਾ ਇਕ ਢੰਗ ਹੈ। *ਜ਼ਿਆਉਲ ਕਲੂਬ*, ਫ਼ਾਰਸੀ ਕ੍ਰਿਤ, ਹਾਜ਼ੀ ਸ਼ਾਹ ਹਿਮਦਾਦਉਲਾ ਦਾਰਾ ਸ਼ਿਕੋਹ ਨੇ ਰਸਾਲਾ *ਹਕ-ਨੁਮਾ* ਵਿਚ ਤਿੰਨ ਕੇਂਦਰ ਮੰਨੇ ਹਨ: ੧. ਦਿਲਿ ਮੁਦਾਵਰ, ੨. ਦਿਲਿ ਸਨੋਬਰੀ, ੩. ਦਿਲਿ ਨੀਲੋਫਰੀ।
*(ਸਰਪੇਂਟ ਪਾਵਰ, ਪੰਨਾ ੨)*

# ਸ੍ਰੀ ਕਬੀਰ ਜੀ ਦਾ ਮੱਤ

## ਹਿੰਦੂ ਮੱਤ ਦੇ ਸੁਧਾਰਕ

ਸ੍ਰੀ ਕਬੀਰ ਜੀ ਨੇ ਇਕ ਸੁਧਾਰਕ ਹੋਣ ਕਰਕੇ ਹਿੰਦੂ ਧਰਮ ਦੀਆਂ ਅੰਤ੍ਰੀਵ ਤੇ ਬਾਹਰਮੁਖੀ ਖ਼ਰਾਬੀਆਂ ਨੂੰ ਦੂਰ ਕਰਨ ਲਈ ਕਰੜੀ ਨੁਕਤਾਚੀਨੀ ਕੀਤੀ ਹੈ। ਆਪ ਨੇ ਜਾਤ ਅਭਿਮਾਨੀ ਪੰਡਤਾਂ ਨੂੰ ਬਹੁਤ ਕੋਸਿਆ ਹੈ। ਪਖੰਡ, ਦਿਖਾਵੇ ਦੇ ਧਰਮ ਅਤੇ ਫੋਕੇ ਕਰਮ-ਕਾਂਡ ਦਾ ਜ਼ੋਰ ਨਾਲ ਖੰਡਨ ਕੀਤਾ ਹੈ। ਪੰਡਤਾਂ ਨਾਲ ਗੋਸ਼ਟ ਕੀਤੀ ਹੈ।

ਕਬੀਰ ਜੀ ਦੀ ਮਸ਼ਹੂਰੀ ਸੁਣ ਕੇ ਇਕ ਪੰਡਤ ਸਰਵਾਜਿਤ ਪੋਥੀਆਂ ਦੇ ਭਾਰ ਲੱਦ ਕੇ ਕਾਸ਼ੀ ਵਿਚ ਬਹਿਸ ਕਰਨ ਆਇਆ। ਉਸ ਨੇ ਲਹਿਰ-ਤਲਾ 'ਤੇ ਪੁੱਜ ਕੇ ਇਕ ਪਾਣੀ ਭਰ ਰਹੀ ਲੜਕੀ ਪਾਸੋਂ ਕਬੀਰ ਜੀ ਦਾ ਟਿਕਾਣਾ ਪੁੱਛਿਆ। ਲੜਕੀ ਨੇ ਉੱਤਰ ਦਿੱਤਾ, "ਕਬੀਰ ਜੀ ਬਹੁਤ ਉੱਚੇ ਟਿਕਾਣੇ ਰਹਿੰਦੇ ਹਨ। ਉਥੇ ਜਾਣ ਵਾਲਾ ਰਸਤਾ ਬਹੁਤ ਭੀੜਾ ਹੈ। ਉਥੋਂ ਕੀੜੀ ਭੀ ਔਖੀ ਲੰਘਦੀ ਹੈ। ਤੂੰ ਪੋਥੀਆਂ ਦਾ ਭਾਰ ਲੈ ਕੇ ਕਿਵੇਂ ਲੰਘੇਂਗਾ?" ਪੰਡਤ ਨੇ ਇਹ ਉੱਤਰ ਸੁਣ ਕੇ ਪਾਣੀ ਦਾ ਭਰਿਆ ਹੋਇਆ ਇਕ ਲੋਟਾ ਲੜਕੀ ਨੂੰ ਦਿੱਤਾ ਤੇ ਕਿਹਾ, "ਜਾਹ, ਕਬੀਰ ਨੂੰ ਦੇ ਆ।" ਜਦ ਲੜਕੀ ਲੋਟਾ ਲੈ ਕੇ ਕਬੀਰ ਜੀ ਪਾਸ ਗਈ ਤਾਂ ਉਨ੍ਹਾਂ ਨੇ ਲੋਟੇ ਵਿਚ ਇਕ ਸੂਈ ਪਾ ਦਿੱਤੀ ਤੇ ਕਿਹਾ, "ਜਾਹ, ਪੰਡਤ ਨੂੰ ਮੋੜ ਦੇ।" ਪੰਡਤ ਦਾ ਇਸ਼ਾਰਾ ਸੀ ਕਿ ਮੈਂ ਵਿਦਿਆ ਨਾਲ ਭਰਪੂਰ ਹਾਂ। ਕਬੀਰ ਜੀ ਦੇ ਸੂਈ ਪਾਉਣ ਦਾ ਭਾਵ ਇਹ ਸੀ ਕਿ ਜਿਵੇਂ ਸੂਈ ਪਾਣੀ ਦੇ ਥੱਲੇ ਬਹਿ ਗਈ ਹੈ, ਭਾਵੇਂ ਕਿ ਉਹ ਛੋਟੀ ਹੈ, ਇਵੇਂ ਹੀ ਚੰਗੇ ਗੁਣ ਉਸ ਹਿਰਦੇ ਵਿਚ ਟਿਕਦੇ ਹਨ, ਜਿਥੇ ਨਿੰਮ੍ਰਤਾ ਹੋਵੇ।

ਕਾਸ਼ੀ ਵਿਚ ਪੰਡਤ ਸਰਵਾਜਿਤ ਦਾ ਆਉਣਾ ਸੁਣ ਕੇ ਬਹੁਤ ਸਾਰੇ ਪੰਡਤ ਰਾਮਾਨੰਦ ਜੀ ਪਾਸ ਗਏ। ਕਹਿਣ ਲੱਗੇ, "ਸਰਵਾਜਿਤ ਇਤਨਾ ਭਾਰਾ ਵਿਦਵਾਨ ਹੈ, ਜਿਸ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ।" ਉਨ੍ਹਾਂ ਨੇ ਉੱਤਰ ਦਿੱਤਾ, "ਜਾਓ ਕਬੀਰ ਨੂੰ ਸੱਦ ਲਿਆਓ।" ਕਬੀਰ ਜੀ ਆਏ। ਆਪ ਦੀ ਅਤੇ ਸਰਵਾਜਿਤ ਦੀ ਚਰਚਾ ਹੋਈ।

ਪੰਡਤ—ਕਬੀਰ ਜੀ, ਤੁਹਾਡੀ ਜਾਤ ਕੀ ਹੈ?

ਕਬੀਰ ਜੀ—ਜੁਲਾਹਾ ਹੁੰਦਾ ਹਾਂ, ਪਰ ਸੁਣੋ ਕਿਹੋ ਜਿਹਾ:

**ਕੋਰੀ ਕੋ ਕਾਹੂ ਮਰਮੁ ਨ ਜਾਨਾਂ॥ ਸਭੁ ਜਗੁ ਆਨਿ ਤਨਾਇਓ ਤਾਨਾਂ॥**

*(ਆਸਾ, ਪੰਨਾ ੪੮੪)*

(ਭਾਵ, ਈਸ਼ੂਰ ਭੀ ਇਕ ਜੁਲਾਹਾ ਹੈ। ਜਿਸ ਦਾ ਭੇਤ ਕਿਸੇ ਨਹੀਂ ਪਾਇਆ। ਇਹ ਜਗਤ ਦਾ ਤਾਣਾ ਉਸ ਨੇ ਤਣਿਆ ਹੈ।)

ਪੰਡਤ—ਇਹ ਠੀਕ ਹੈ ਪਰ ਜੁਲਾਹੇ ਤਾਂ ਸ਼ੂਦਰ ਹੁੰਦੇ ਹਨ, ਤੁਸੀਂ ਮੇਰੇ ਨਾਲ ਸੰਬਾਦ ਕਿਵੇਂ ਕਰ ਸਕਦੇ ਹੋ?

ਕਬੀਰ ਜੀ ਨੇ ਉੱਤਰ ਦਿੱਤਾ:

**ਗਰਭਵਾਸ ਮਹਿ ਕੁਲੁ ਨਹੀ ਜਾਤੀ॥**
**ਬ੍ਰਹਮ ਬਿੰਦੁ ਤੇ ਸਭ ਉਤਪਾਤੀ॥੧॥**

ਕਹੁ ਰੇ ਪੰਡਿਤ ਬਾਮਨ ਕਬ ਕੇ ਹੁਏ ॥
ਬਾਮਨ ਕਹਿ ਕਹਿ ਜਨਮੁ ਮਤ ਖੋਏ ॥੧॥ ਰਹਾਉ ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥
ਤਉ ਆਨ ਬਾਟ ਕਾਹੇ ਨਹੀ ਆਇਆ ॥੨॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥
ਹਮ ਕਤ ਲੋਹੂ ਤੁਮ ਕਤ ਦੂਧ ॥੩॥
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥ *(ਗਉੜੀ, ਪੰਨਾ ੩੨੪)*

ਇਹ ਸੁਣ ਕੇ ਪੰਡਤ ਨਿਰੁਤਰ ਹੋ ਗਿਆ। ਉਸ ਨੇ ਆਪਣੀ ਹਾਰ ਮੰਨ ਲਈ ਤੇ ਕਬੀਰ ਜੀ ਦੀ ਸ਼ਰਨ ਪੈ ਗਿਆ। ਕਹਿਣ ਲੱਗਾ, "ਸੇਵਕ ਬਣਾਉ।" ਕਬੀਰ ਜੀ ਨੇ ਸ੍ਰੀ ਰਾਮਾਨੰਦ ਜੀ ਦੀ ਚਰਨੀਂ ਲਾਇਆ।[1]

ਕਬੀਰ ਜੀ ਦੇ ਸਿਧਾਂਤਾਂ ਤੇ ਧਰਮ-ਭਾਵਾਂ ਨੂੰ ਸਮਝਣ ਲਈ ਸਾਡੇ ਪਾਸ ਆਪ ਦੀ ਬਾਨੀ ਇਕ ਕਸੌਟੀ ਹੈ। ਆਪ ਨੇ ਬਾਨੀ ਬਹੁਤ ਉਚਾਰਨ ਕੀਤੀ ਹੈ ਪਰ ਉਸ ਨੂੰ ਗ੍ਰੰਥ ਰੂਪ ਵਿਚ ਸੰਚਯ ਨਹੀਂ ਕੀਤਾ, ਪਿੱਛੋਂ ਸੇਵਕਾਂ ਨੇ ਇਹ ਬਾਨੀ ਇਕੱਤ੍ਰ ਕੀਤੀ ਹੈ। ਇਸ ਲਈ ਕਬੀਰ ਜੀ ਦੀਆਂ ਪ੍ਰਾਪਤ ਰਚਨਾਵਾਂ ਵਿਚੋਂ ਅਸਲੀ ਤੇ ਨਕਲੀ ਦਾ ਨਿਰਣਾ ਕਰਨਾ ਕਠਨ ਹੈ। ਪਰ ਰਾਹ ਇਕੋ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਬੀਰ ਜੀ ਦੀ ਚੜ੍ਹੀ ਹੋਈ ਬਾਨੀ ਤੋਂ ਬਿਨਾ ਜੋ ਬਾਨੀ ਮਿਲਦੀ ਹੈ, ਉਸ ਵਿਚ ਪਰਸਪਰ ਵਿਰੋਧੀ ਗੱਲਾਂ ਬਹੁਤ ਮਿਲਦੀਆਂ ਹਨ। ਇਸ ਲਈ ਭਰਮ ਰਹਿਤ ਹੋ ਕੇ ਕਿਸੇ ਵਾਸਤਵਿਕ ਸਿਧਾਂਤ ਦਾ ਨਿਖੇੜਾ ਕਰਨਾ ਕਠਨ ਕੰਮ ਹੈ। ਹਾਂ, ਇਹ ਹੋ ਸਕਦਾ ਹੈ ਕਿ ਕਬੀਰ ਜੀ ਨੇ ਜਿਨ੍ਹਾਂ ਵਿਚਾਰਾਂ ਨੂੰ ਵਧੇਰੇ ਕਥਨ ਕੀਤਾ ਹੋਵੇ, ਉਹ ਸਹੀ ਮੰਨ ਲਈਆਂ ਜਾਣ ਤੇ ਬਾਕੀ ਦੀਆਂ ਨੂੰ ਨਿਰਮੂਲ ਸਮਝਿਆ ਜਾਵੇ।

ਕਬੀਰ ਜੀ ਨੇ ਹਿੰਦੂ ਧਰਮ ਦੀਆਂ ਕਿਨ੍ਹਾਂ ਗੱਲਾਂ ਦਾ ਵਿਰੋਧ ਕੀਤਾ ਹੈ ਤੇ ਕਿਨ੍ਹਾਂ ਦੇ ਹੱਕ ਵਿਚ ਸਨ, ਅਸੀਂ ਇਥੇ ਇਸ ਗੱਲ ਦਾ ਨਿਰਣਾ ਕਰਦੇ ਹਾਂ। ਜਿਨ੍ਹਾਂ ਗੱਲਾਂ ਦਾ ਖੰਡਨ ਕੀਤਾ ਹੈ, ਪਹਿਲੇ ਉਹ ਦਰਜ ਕਰਦੇ ਹਾਂ :

### *(੧) ਮੂਰਤੀ ਪੂਜਾ*

ਕਬੀਰ ਜੀ ਇਕ ਈਸ਼ਵਰ ਦੀ ਪੂਜਾ ਕਰਨ ਵਾਲੇ ਭਗਤ ਸਨ। ਅਦਵੈਤਵਾਦੀ ਸਨ, ਈਸ਼ਵਰ ਨੂੰ ਸਰਬ ਵਿਆਪਕ ਮੰਨਦੇ ਸਨ। ਇਸ ਲਈ ਆਪ ਨੇ ਦੇਵ ਪੂਜਾ ਤੇ ਮੂਰਤੀ ਪੂਜਾ ਦਾ ਖੰਡਨ ਕੀਤਾ ਹੈ। ਫ਼ੁਰਮਾਉਂਦੇ ਹਨ :

(੧) ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥
ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨੁ ਨਿਰਜੀਉ ॥੧॥
ਭੂਲੀ ਮਾਲਨੀ ਹੈ ਏਉ ॥
ਸਤਿਗੁਰੁ ਜਾਗਤਾ ਹੈ ਦੇਉ ॥੧॥ ਰਹਾਉ ॥

---

੧. *ਸਿਖ ਰਿਲੀਜਨ,* ਕ੍ਰਿਤ ਮੈਕਾਲਫ਼, ਪੰਨਾ ੧੩੫-੩੬, ਜਿਲਦ ੬।

ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰ ਦੇਉ॥
ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸਕੀ ਸੇਉ॥੨॥
ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ॥
ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ॥ *(ਆਸਾ, ਪੰਨਾ ੪੭੯)*

(੨) ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨ ਹਠਿ ਤੀਰਥ ਜਾਹਿ॥
ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ॥੧੩੫॥

(੩) ਕਬੀਰ ਪਾਹਨੁ ਪਰਮੇਸੁਰੁ ਕੀਆ ਪੂਜੈ ਸਭੁ ਸੰਸਾਰੁ॥
ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ॥੧੩੬॥ *(ਪੰਨਾ ੧੩੭੧)*

(੪) ਪੂਜਹੁ ਰਾਮੁ ਏਕੁ ਹੀ ਦੇਵਾ॥ *(ਆਸਾ, ਪੰਨਾ ੪੮੪)*

### *(੨) ਅਵਤਾਰ ਪੂਜਾ*

ਕਬੀਰ ਜੀ ਈਸ਼ਵਰ ਨੂੰ ਅਜੂਨੀ ਮੰਨਦੇ ਸਨ, ਇਸ ਲਈ ਆਪ ਨੇ ਅਵਤਾਰ ਪੂਜਾ ਦਾ ਖੰਡਨ ਕੀਤਾ ਹੈ। ਜੋ ਰਾਮ ਨਾਮ ਕਬੀਰ ਜੀ ਨੂੰ ਸ੍ਰੀ ਰਾਮਾਨੰਦ ਜੀ ਤੋਂ ਪ੍ਰਾਪਤ ਹੋਇਆ, ਅਗੇ ਚੱਲ ਕੇ ਕਬੀਰ ਦੇ ਰਾਮ ਤੇ ਰਾਮਾਨੰਦ ਦੇ ਰਾਮ ਭਿੰਨ ਭਿੰਨ ਹੋ ਗਏ। ਇਸ ਲਈ ਅਸੀਂ ਕਬੀਰ ਜੀ ਨੂੰ ਪੂਰੀ ਤਰ੍ਹਾਂ ਵੈਸ਼ਨਵ ਸੰਪਰਦਾਇ ਦੇ ਸੰਤ ਨਹੀਂ ਕਹਿ ਸਕਦੇ। ਉਨ੍ਹਾਂ ਦੀ ਪਰਵਿਰਤੀ ਇਕ ਈਸ਼ਵਰ ਦੀ ਪੂਜਾ ਵਿਚ ਹੋਈ। ਇਸ ਦਾ ਫਲ ਇਹ ਹੋਇਆ ਕਿ ਕਬੀਰ ਜੀ ਦੇ ਰਾਮ ਧਨੁਸ਼ਧਾਰੀ ਤੇ ਬੰਸੀ ਵਾਲੇ ਨਹੀਂ ਰਹਿ ਗਏ ਸਨ। ਅਵਤਾਰ ਪੂਜਾ ਦਾ ਖੰਡਨ ਕਰਦੇ ਹੋਏ ਫ਼ੁਰਮਾਉਂਦੇ ਹਨ:

ਲਖ ਚਉਰਾਸੀਹ ਜੀਅ ਜੋਨਿ ਮਹਿ ਭ੍ਰਮਤ ਨੰਦੁ ਬਹੁ ਥਾਕੋ ਰੇ॥
ਭਗਤਿ ਹੇਤਿ ਅਵਤਾਰੁ ਲੀਓ ਹੈ ਭਾਗੁ ਬਡੋ ਬਪੁਰਾ ਕੋ ਰੇ॥੧॥
ਤੁਮ੍ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ॥
ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ॥੧॥ ਰਹਾਉ॥
ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨੁ ਜਾਕੋ ਰੇ॥
ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ॥
*(ਗਉੜੀ, ਪੰਨਾ ੩੩੮-੩੯)*

### *(੩) ਜ਼ਾਤ-ਪਾਤ ਦਾ ਖੰਡਨ*

ਕਬੀਰ ਜੀ ਜਨਮ ਤੋਂ ਜਾਤਿ ਨਹੀਂ ਮੰਨਦੇ ਸਨ, ਇਸ ਲਈ ਆਪ ਨੇ ਜਾਤਿ-ਅਭਿਮਾਨ ਦਾ ਸਖ਼ਤ ਖੰਡਨ ਕੀਤਾ ਹੈ। ਕਹਿੰਦੇ ਹਨ:

ਕਹੁ ਰੇ ਪੰਡਿਤ ਬਾਮਨ ਕਬ ਕੇ ਹੁਏ॥
ਬਾਮਨ ਕਹਿ ਕਹਿ ਜਨਮੁ ਮਤ ਖੋਏ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥ *(ਗਉੜੀ, ਪੰਨਾ ੩੨੪)*

ਇਸ ਤੋਂ ਵਧ ਕੇ ਜ਼ਾਤ-ਪਾਤ ਦੇ ਵਿਰੁੱਧ ਕਟਾਖ਼ਸ਼ ਕੀ ਹੋ ਸਕਦੇ ਹਨ?

ਵਰਣ ਆਸ਼ਰਮ ਤੇ ਜ਼ਾਤ-ਪਾਤ ਦੀ ਬੁਨਿਆਦ ਸਿੰਮ੍ਰਿਤੀ ਨੇ ਕਾਇਮ ਕੀਤੀ ਹੈ। ਕਬੀਰ ਸਾਹਿਬ ਇਸ ਦਾ ਇਉਂ ਖੰਡਨ ਕਰਦੇ ਹਨ:

**ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ॥**
**ਸਾਂਕਲ ਜੇਵਰੀ ਲੈ ਹੈ ਆਈ॥** *(ਗਉੜੀ, ਪੰਨਾ ੩੨੯)*

ਭਗਤਾਂ ਨੇ ਜ਼ਾਤ-ਪਾਤ ਦੇ ਵਿਰੁੱਧ ਆਵਾਜ਼ ਉਠਾਈ ਪਰ ਨਾਲ ਹੀ ਦੱਸਿਆ ਕਿ ਭਗਤੀ ਕਰ ਕੇ ਮਨੁੱਖ ਉੱਚਾ ਹੁੰਦਾ ਹੈ। ਮਨੁੱਖਤਾ ਦੀ ਬਿਨਾਅ 'ਤੇ ਸਾਰੇ ਮਨੁੱਖ ਬਰਾਬਰ ਹਨ, ਇਹ ਗੱਲ ਕਿਸੇ ਨਹੀਂ ਦਰਸਾਈ।

### *(੪) ਸ਼ਰਾਧ*

ਕਬੀਰ ਜੀ ਮਰਨ ਤੋਂ ਪਿੱਛੋਂ ਸ਼ਰਾਧ ਕਰਨ ਦਾ ਖੰਡਨ ਕਰਦੇ ਹਨ:

**ਜੀਵਤ ਪਿਤਰ ਨਾ ਮਾਨੈ ਕੋਊ ਮੂਏਂ ਸਿਰਾਧ ਕਰਾਹੀ॥**
**ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ॥**
*(ਗਉੜੀ, ਪੰਨਾ ੩੩੨)*

ਜ਼ਿਕਰ ਆਉਂਦਾ ਹੈ ਕਿ ਇਕ ਵੇਰ ਸ੍ਰੀ ਰਾਮਾਨੰਦ ਜੀ ਨੇ ਆਪਣੇ ਗੁਰਦੇਵ ਦਾ ਸਰਾਧ ਕਰਨ ਲਈ ਚੇਲਿਆਂ ਨੂੰ ਕਿਹਾ, "ਜਾਉ ਪਿੰਡਾਂ ਵਿਚੋਂ ਦੁੱਧ ਲੈ ਆਉ, ਖੀਰ ਬਣਾਈਏ।" ਹੋਰ ਸਾਥੀਆਂ ਦੇ ਨਾਲ ਕਬੀਰ ਜੀ ਭੀ ਗਏ। ਰਸਤੇ ਵਿਚ ਕੀ ਵੇਖਦੇ ਹਨ ਕਿ ਇਕ ਮੋਈ ਹੋਈ ਗਊ ਕਿ ਮਹਿ ਦਾ ਢਾਂਚਾ ਪਿਆ ਹੋਇਆ ਹੈ। ਕਬੀਰ ਜੀ ਨੇ ਇਸ ਨੂੰ ਖੜਾ ਕੀਤਾ ਤੇ ਉਸ ਦੇ ਥੱਲੇ ਕਮੰਡਲ ਰੱਖ ਕੇ ਇਉਂ ਹੱਥ ਮਾਰਨ ਲੱਗ ਪਏ, ਜਿਵੇਂ ਦੁੱਧ ਚੋਂਦੇ ਹਨ। ਸ੍ਰੀ ਰਾਮਾਨੰਦ ਜੀ ਦੇ ਇਕ ਚੇਲੇ ਨੇ ਸ਼ਿਕਾਇਤ ਕੀਤੀ, "ਮਹਾਰਾਜ! ਕਬੀਰ ਤਾਂ ਮਰੀ ਹੋਈ ਗਊ ਦਾ ਦੁੱਧ ਚੋਂਦਾ ਹੈ।" ਜਦ ਕਬੀਰ ਜੀ ਨੂੰ ਸੱਦਿਆ ਗਿਆ ਤਾਂ ਪੁੱਛਣ 'ਤੇ ਆਪ ਨੇ ਉੱਤਰ ਦਿੱਤਾ, "ਗੁਰਦੇਵ! ਜੇ ਮਰੀ ਹੋਈ ਗਊ ਦੁੱਧ ਨਹੀਂ ਦੇ ਸਕਦੀ ਤਾਂ ਮਰੇ ਹੋਏ ਪਿਤਰਾਂ ਨੇ ਖੀਰ ਕੀ ਖਾਣੀ? ਅਜਿਹੀ ਗਊ ਦੇ ਦੁੱਧ ਦੀ ਖੀਰ ਹੀ ਪਿਤਰਾਂ ਨੂੰ ਖੁਆਈ ਜਾ ਸਕਦੀ ਹੈ।" ਇਹ ਸੁਣ ਕੇ ਸਾਰੇ ਹੱਸ ਪਏ। ਕਬੀਰ ਜੀ ਦਾ ਆਸ਼ਾ ਸਮਝ ਗਏ।

### *(੫) ਸੂਤਕ ਪਾਤਕ*

ਹਿੰਦੂਆਂ ਵਿਚ ਜਨਮ-ਮਰਨ ਤੇ ਸੂਤਕ ਪਾਤਕ ਮੰਨਿਆ ਜਾਂਦਾ ਸੀ। ਕਬੀਰ ਜੀ ਨੇ ਇਸ ਨੂੰ ਭਰਮ ਸਮਝ ਕੇ ਖੰਡਨ ਕੀਤਾ, ਕਹਿੰਦੇ ਹਨ:

**ਜਲਿ ਹੈ ਸੂਤਕੁ ਥਲਿ ਹੈ ਸੂਤਕੁ ਸੂਤਕਿ ਓਪਤਿ ਹੋਈ॥**
**ਜਨਮੇ ਸੂਤਕੁ ਮੂਏਂ ਫੁਨਿ ਸੂਤਕੁ ਸੂਤਕਿ ਪਰਜ ਬਿਗੋਈ॥੧॥**
**ਕਹੁ ਰੇ ਪੰਡੀਆ ਕਉਨ ਪਵੀਤਾ॥**
**ਐਸਾ ਗਿਆਨੁ ਜਪਹੁ ਮੇਰੇ ਮੀਤਾ॥੧॥ ਰਹਾਉ॥**
**ਨੈਨਹੁ ਸੂਤਕੁ ਬੈਨਹੁ ਸੂਤਕੁ ਸੂਤਕੁ ਸ੍ਰਵਨੀ ਹੋਈ॥**
**ਊਠਤ ਬੈਠਤ ਸੂਤਕੁ ਲਾਗੈ ਸੂਤਕੁ ਪਰੈ ਰਸੋਈ॥੨॥**

ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ॥
ਕਹਿ ਕਬੀਰ ਰਾਮੁ ਰਿਦੈ ਬਿਚਾਰੈ ਸੂਤਕੁ ਤਿਨੈ ਨ ਹੋਈ॥੩॥ *(ਗਉੜੀ, ਪੰਨਾ ੩੩੧)*

### *(੬)* ਫੋਕਾ ਕਰਮ ਕਾਂਡ

ਇਸ ਉਪਰ ਕਬੀਰ ਸਾਹਿਬ ਨੇ ਬਹੁਤ ਕੁਝ ਕਥਨ ਕੀਤਾ ਹੈ। ਉਦਾਹਰਣ ਲਈ:

(੧) ਨਗਨ ਫਿਰਤ ਜੌ ਪਾਈਐ ਜੋਗੁ॥
ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥
ਕਿਆ ਨਾਗੇ ਕਿਆ ਬਾਧੇ ਚਾਮ॥
ਜਬ ਨਹੀ ਚੀਨਸਿ ਆਤਮ ਰਾਮ॥ *(ਗਉੜੀ, ਪੰਨਾ ੩੨੪)*

(੨) ਸੰਧਿਆ ਪ੍ਰਾਤ ਇਸ੍ਨਾਨੁ ਕਰਾਹੀ॥
ਜਿਉ ਭਏ ਦਾਦੁਰ ਪਾਨੀ ਮਾਹੀ॥ *(ਗਉੜੀ, ਪੰਨਾ ੩੨੪)*

### *(੭)* ਸਵਰਗ ਤੇ ਨਰਕ

ਪੁਰਾਣੇ ਮਜ਼੍ਹਬ ਨੇ ਪ੍ਰਲੋਕ ਵਿਚ ਸਵਰਗ ਤੇ ਨਰਕ ਮੰਨਿਆ ਹੋਇਆ ਸੀ। ਸਵਰਗ ਦਾ ਲਾਲਚ ਤੇ ਨਰਕ ਦਾ ਡਰ ਦਿੱਤਾ ਜਾਂਦਾ ਸੀ। ਸਵਰਗ ਕਿਥੇ ਹੈ? ਕਬੀਰ ਜੀ ਨੇ ਇਸ ਦਾ ਨਵੀਨ ਉੱਤਰ ਦਿੱਤਾ:

(੧) ਕਹੁ ਕਬੀਰ ਇਹ ਕਹੀਐ ਕਾਹਿ॥
ਸਾਧ ਸੰਗਤਿ ਬੈਕੁੰਠੈ ਆਹਿ॥ *(ਗਉੜੀ, ਪੰਨਾ ੩੨੫)*

(੨) ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰਪਰਸਾਦੇ॥ *(ਰਾਮਕਲੀ, ਪੰਨਾ ੯੬੯)*

(੩) ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥੧੨੦॥ *(ਪੰਨਾ ੧੩੭੦)*

ਕਬੀਰ ਜੀ ਨੇ ਸਿੰਮ੍ਰਿਤੀ ਦੇ ਬੰਧਨਾਂ ਨੂੰ ਤੋੜਿਆ। ਕਰਮ-ਕਾਂਡ, ਕਾਸ਼ੀ ਵਿਚ ਮਰਨ 'ਤੇ ਮੁਕਤੀ, ਫੋਕੇ ਤੀਰਥ ਇਸ਼ਨਾਨ, ਕਠਨ-ਤਪੱਸਿਆ, ਅਤੀਤ ਹੋ ਕੇ ਜੰਗਲਾਂ ਵਿਚ ਟੁਰੇ ਫਿਰਨਾ, ਸਮਾਜਿਕ ਤੇ ਧਾਰਮਿਕ ਖ਼ਰਾਬੀਆਂ ਦਾ ਖੰਡਨ ਕੀਤਾ ਹੈ।

ਕਈ ਹਿੰਦੂ ਲੇਖਕਾਂ ਤੇ ਪੱਛਮੀ ਵਿਦਵਾਨਾਂ ਦਾ ਖ਼ਿਆਲ ਹੈ ਕਿ ਮੂਰਤੀ ਤੇ ਅਵਤਾਰ ਪੂਜਾ ਦਾ ਵਿਰੋਧ ਤੇ ਜ਼ਾਤ-ਪਾਤ ਤੋਂ ਇਨਕਾਰ ਕਬੀਰ ਜੀ ਨੇ ਇਸਲਾਮ ਤੋਂ ਲਿਆ।[1] ਇਹ ਗੱਲ ਕਿਸੇ ਹੱਦ ਤਕ ਸਹੀ ਹੋ ਸਕਦੀ ਹੈ ਪਰ ਸਮੁੱਚੇ ਤੌਰ 'ਤੇ ਨਹੀਂ।

ਭਾਰਤ ਵਿਚ ੫੫੩ ਤੋਂ ੪੮੩ ਵਰ੍ਹੇ ਈਸਾ ਤੋਂ ਪਹਿਲੇ ਮਹਾਤਮਾ ਬੁੱਧ ਹੋਏ ਹਨ। ਉਨ੍ਹਾਂ ਨੇ ਵੇਦ, ਸਿੰਮ੍ਰਿਤੀ, ਕਰਮ-ਕਾਂਡ ਤੇ ਜ਼ਾਤ-ਪਾਤ ਦਾ ਖੰਡਨ ਕੀਤਾ ਸੀ। ਬੁੱਧ ਮੱਤ ਕਈ ਸੌ ਵਰ੍ਹੇ ਹਿੰਦੁਸਤਾਨ ਵਿਚ ਰਿਹਾ। ੮੪੫–੮੭੭ ਬਿ: ਵਿਚ ਸ਼ੰਕਰਾਚਾਰਯਾ ਨੇ ਇਸ ਨੂੰ ਇਥੋਂ ਕੱਢਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬੁੱਧ

੧. *ਕਬੀਰ ਬਚਨਾਵਲੀ*, ਪੰਨਾ ੬੫।

ਮੱਤ ਮਿਟ ਗਿਆ ਪਰ ਉਸ ਨੇ ਪਿੱਛੇ ਅਸਰ ਵੀ ਤੇ ਛੱਡਿਆ ਸੀ। ਸੰਨ ੭੧੨ ਈ: ਵਿਚ ਮੁਹੰਮਦ ਬਿਨ ਕਾਸਮ ਦੀ ਰਾਹੀਂ ਇਸਲਾਮ ਅਰਬ 'ਚੋਂ ਭਾਰਤ ਵਿਚ ਆਇਆ। ਇਸ ਨੇ ਜ਼ਾਤ-ਪਾਤ ਨੂੰ ਮਿਟਾਇਆ ਪਰ ਇਸ ਤੋਂ ਪਹਿਲੇ ਭੀ ਬੁੱਧ ਮੱਤ ਨੇ ਇਹ ਕੰਮ ਕੀਤਾ ਸੀ। ਕਬੀਰ ਜੀ ਪੰਦਰ੍ਹਵੀਂ ਸਦੀ ਵਿਚ ਹੋਏ ਹਨ। ਉਸ ਵਕਤ ਭੀ ਮਿਟ ਚੁੱਕੇ ਬੁੱਧ ਮੱਤ ਦਾ ਅਸਰ ਸੀ। ਬੋਧੀਆਂ ਨੇ ਵੈਰਾਗ, ਤਿਆਗ, ਸੰਨਿਆਸ ਤੇ ਅਹਿੰਸਾ ਆਦਿਕ ਸਿਧਾਂਤਾਂ ਨੂੰ ਪ੍ਰਚਾਰਿਆ ਸੀ, ਇਨ੍ਹਾਂ ਸਾਰੀਆਂ ਗੱਲਾਂ ਦਾ ਅਸਰ ਸਾਨੂੰ ਕਬੀਰ ਜੀ ਦੇ ਜੀਵਨ ਵਿਚ ਮਿਲਦਾ ਹੈ।

ਭਗਤੀ ਮਾਰਗ ਜਾਂ ਵੈਸ਼ਨਵ ਮੱਤ ਬਾਅਦ ਵਿਚ ਪ੍ਰਚਲਿਤ ਹੋਇਆ। ਕਬੀਰ ਜੀ ਵੈਸ਼ਨਵ-ਕਾਲ ਦੇ ਭਗਤ ਸਨ। ਸ੍ਰੀ ਰਾਮਾਨੰਦ ਜੀ ਤੋਂ ਦੀਖਿਯਤ ਹੋਣ ਕਰਕੇ ਉਨ੍ਹਾਂ 'ਤੇ ਇਸ ਮੱਤ ਦਾ ਪ੍ਰਭਾਵ ਸੀ। ਵੈਸ਼ਨਵ ਮੱਤ ਦੇ ਅਸੂਲ ਇਹ ਸਨ :

(੧) ਈਸ਼ਵਰ ਇਕ ਹੈ। ਸਾਰਾ ਜਗਤ ਉਸ ਤੋਂ ਉਤਪਤ ਹੋਇਆ ਹੈ। ਜਦ ਉਸ ਦੀ ਇੱਛਾ ਹੁੰਦੀ ਹੈ, ਇਹ ਬਣਦਾ ਹੈ।

(੨) ਹਰੇਕ ਆਤਮਾ ਪਰਮਾਤਮਾ ਦੀ ਅੰਸ਼ ਹੈ। ਕਿਸੇ ਕਰਮ ਜਾਂ ਗਿਆਨ ਦੁਆਰਾ ਜਨਮ ਮਰਨ ਨਹੀਂ ਮਿਟ ਸਕਦਾ। ਕੇਵਲ ਭਗਤੀ ਕਰ ਕੇ ਆਵਾਗਉਣ ਦਾ ਚੱਕਰ ਮੁਕ ਸਕਦਾ ਹੈ।

(੩) ਈਸ਼ਵਰ ਲਈ ਸਭ ਮਨੁੱਖ ਬਰਾਬਰ ਹਨ। ਮੁਕਤੀ ਜਾਂ ਲਾਭ ਲਈ ਕੇਵਲ ਉੱਚ ਜਾਤੀਆਂ ਹੀ ਅਧਿਕਾਰੀ ਨਹੀਂ, ਬਲਕਿ ਸ਼ੂਦਰ ਵੀ ਭਗਤੀ ਕਰ ਕੇ ਉੱਚੇ ਹੋ ਸਕਦੇ ਹਨ।

(੪) ਅਹਿੰਸਾ ਪਰਮੋ ਧਰਮ।

ਉਪਰਲੀਆਂ ਗੱਲਾਂ ਨੂੰ ਗਹੁ ਨਾਲ ਵਿਚਾਰਿਆ ਜਾਏ ਤਾਂ ਕਬੀਰ ਜੀ ਦੇ ਜੀਵਨ ਵਿਚ ਸਾਰੀਆਂ ਘਟਦੀਆਂ ਹਨ। ਵੈਸ਼ਨਵਾਂ ਨਾਲ ਵਿਰੋਧ ਹੈ ਤਾਂ ਸਰਗੁਣ ਉਪਾਸ਼ਨਾ, ਅਰਥਾਤ ਮੂਰਤੀ ਪੂਜਾ ਤੇ ਅਵਤਾਰ ਫ਼ਿਲਾਸਫ਼ੀ ਦਾ ਹੈ। ਵੈਸ਼ਨਵ ਇਨ੍ਹਾਂ ਗੱਲਾਂ ਨੂੰ ਮੰਨਦੇ ਸਨ। ਕਬੀਰ ਜੀ ਇਨ੍ਹਾਂ ਦਾ ਖੰਡਨ ਕਰਦੇ ਸਨ। ਅਵਤਾਰ ਪੂਜਾ ਦਾ ਵਿਰੋਧ ਭੀ ਕੀਤਾ ਹੈ ਪਰ ਇਹ ਵਾਕ ਭੀ ਮਿਲਦੇ ਹਨ :

(੧) ਰਾਜਨ ਕਉਨੁ ਤੁਮਾਰੈ ਆਵੈ॥
ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ॥੧॥ ਰਹਾਉ॥
ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ॥
ਤੁਮਰੋ ਦੂਧੁ ਬਿਦਰ ਕੋ ਪਾਨ੍ਹੋ ਅੰਮ੍ਰਿਤੁ ਕਰਿ ਮੈ ਮਾਨਿਆ॥੧॥
ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ॥
ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ॥੨॥

*(ਮਾਰੂ, ਪੰਨਾ ੧੧੦੫)*

(੨) ਪ੍ਰਭ ਥੰਭ ਤੇ ਨਿਕਸੇ ਕੈ ਬਿਸਥਾਰ॥ ਹਰਨਾਖਸੁ ਛੇਦਿਓ ਨਖ ਬਿਦਾਰ॥
ਓਇ ਪਰਮ ਪੁਰਖ ਦੇਵਾਧਿ ਦੇਵ॥ ਭਗਤਿ ਹੇਤਿ ਨਰਸਿੰਘ ਭੇਵ॥
ਕਹਿ ਕਬੀਰ ਕੋ ਲਖੈ ਨ ਪਾਰ॥ ਪ੍ਰਹਲਾਦ ਉਧਾਰੇ ਅਨਿਕ ਬਾਰ॥

*(ਬਸੰਤ, ਪੰਨਾ ੧੧੯੪)*

(੩) ਬਿੰਦ੍ਰਾਬਨ ਮਨਹਰਨ ਮਨੋਹਰ ਕ੍ਰਿਸਨ ਚਰਾਵਤ ਗਾਊ ਰੇ॥
ਜਾ ਕਾ ਠਾਕੁਰੁ ਤੁਹੀ ਸਾਰਿੰਗਧਰ ਮੋਹਿ ਕਬੀਰਾ ਨਾਊ ਰੇ॥ *(ਗਉੜੀ, ਪੰਨਾ ੩੩੮)*

(੪) ਸਾਵਲ ਸੁੰਦਰ ਰਾਮਈਆ॥ ਮੇਰਾ ਮਨੁ ਲਾਗਾ ਤੋਹਿ॥ *(ਗਉੜੀ, ਪੰਨਾ ੩੩੫)*

ਕਬੀਰ ਜੀ ਦੀ ਬਾਨੀ ਵਿਚ ਨਵਧਾ ਭਗਤੀ ਮਿਲਦੀ ਹੈ, ਜੋ ਵੈਸ਼ਨਵ ਮੱਤ ਦੀ ਨਿਸ਼ਾਨੀ ਹੈ।[1]

(੧) ਉਪਰ ਦਿੱਤੇ ਪ੍ਰਮਾਣਾਂ ਵਿਚ ਵੈਸ਼ਨਵ ਮੱਤ ਦਾ ਈਸ਼ਵਰ ਸੰਬੰਧੀ ਤਸੱਵਰ ਹੈ। ਇਹ ਕਬੀਰ ਜੀ ਦੀ ਪਹਿਲੀ ਅਵਸਥਾ ਜਾਪਦੀ ਹੈ।

(੨) ਕਬੀਰ ਜੀ ਦੀ ਬਾਨੀ ਵਿਚ ਅਦਵੈਤਵਾਦ ਭੀ ਮਿਲਦਾ ਹੈ। ਜਿਹਾ ਕਿ:

(ੳ) ਮਾਟੀ ਏਕ ਭੇਖ ਧਰਿ ਨਾਨਾ ਤਾ ਮਹਿ ਬ੍ਰਹਮੁ ਪਛਾਨਾ॥ *(ਆਸਾ, ਪੰਨਾ ੪੮੦)*

(ਅ) ਉਦਕ ਸਮੁੰਦ ਸਲਲ ਕੀ ਸਾਖਿਆ ਨਦੀ ਤਰੰਗ ਸਮਾਵਹਿਗੇ॥ *(ਮਾਰੂ, ਪੰਨਾ ੧੧੦੩)*

(ੲ) ਜਉ ਤੁਮ੍ ਮੋਕਉ ਦੂਰਿ ਕਰਤ ਹਉ ਤਉ ਤੁਮ ਮੁਕਤਿ ਬਤਾਵਹੁ॥
ਏਕ ਅਨੇਕ ਹੋਇ ਰਹਿਓ ਸਗਲ ਮਹਿ ਅਬ ਕੈਸੇ ਭਰਮਾਵਹੁ॥ *(ਮਾਰੂ, ਪੰਨਾ ੧੧੦੪)*

(੩) ਆਵਾਗਉਣ ਨੂੰ ਕਬੀਰ ਜੀ ਸਾਫ਼ ਮੰਨਦੇ ਹਨ, ਜਿਹਾ ਕਿ:

(ੳ) ਅਸਥਾਵਰ ਜੰਗਮ ਕੀਟ ਪਤੰਗਾ॥ ਅਨਿਕ ਜਨਮ ਕੀਏ ਬਹੁ ਰੰਗਾ॥
ਐਸੇ ਘਰ ਹਮ ਬਹੁਤੁ ਬਸਾਏ॥ ਜਬ ਹਮ ਰਾਮ ਗਰਭ ਹੋਇ ਆਏ॥
*(ਗਉੜੀ, ਪੰਨਾ ੩੨੫)*

(ਅ) ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ॥ ਅਗਨਿ ਦਹੈ, ਅਰੁ ਗਰਭ ਬਸੇਰਾ॥
*(ਗਉੜੀ, ਪੰਨਾ ੩੨੯)*

(੪) ਅਹਿੰਸਾ ਨੂੰ ਕਥਨ ਕਰਦੇ ਹਨ:

ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ।
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥੧੮੮॥ *(ਪੰਨਾ ੧੩੭੪)*

(੫) 'ਆਤਮਾ ਅਮਰ ਹੈ', ਇਹ ਗੀਤਾ ਦਾ ਸਿਧਾਂਤ ਹੈ। ਕਬੀਰ ਜੀ ਇਸ ਸਿਧਾਂਤ ਨੂੰ ਸਪੱਸ਼ਟ ਮੰਨਦੇ ਹਨ। ਯਥਾ:

ਨਾ ਇਹੁ ਮਾਨਸੁ ਨਾ ਇਹੁ ਦੇਉ॥ ਨਾ ਇਹੁ ਜਤੀ ਕਹਾਵੈ ਸੇਉ॥
ਨਾ ਇਹੁ ਜੋਗੀ ਨਾ ਅਵਧੂਤਾ॥ ਨਾ ਇਸੁ ਮਾਇ ਨ ਕਾਹੂ ਪੂਤਾ॥੧॥
ਇਆ ਮੰਦਰ ਮਹਿ ਕੌਨ ਬਸਾਈ॥ ਤਾ ਕਾ ਅੰਤੁ ਨਾ ਕੋਊ ਪਾਈ॥੧॥ ਰਹਾਉ॥
*(ਗੋਂਡ, ਪੰਨਾ ੮੭੧)*

ਇਸ ਤੋਂ ਬਿਨਾਂ ਕਈ ਵਿਚਾਰਾਂ ਵੇਦਾਂਤ ਨਾਲ ਵੀ ਮਿਲਦੀਆਂ ਹਨ। ਜਿਵੇਂ ਜਗਤ ਮਿਥਿਆ ਤੇ ਨਾਸ਼ਵੰਤ ਹੈ, ਇਹ ਬਾਜ਼ੀਗਰ ਦੀ ਖੇਡ ਹੈ, ਆਦਿਕ।

ਰਜ, ਤਮ, ਸਤ ਇਹ ਸਭ ਮਾਇਆ ਦੇ ਅਸਰ ਹਨ। ਮਾਇਆ ਸਰਪਨੀ ਹੈ, ਇਹ ਹਿੰਦੂ ਫ਼ਕੀਰਾਂ ਦੀਆਂ ਪੁਰਾਣੀਆਂ ਗੱਲਾਂ ਹਨ। ਕਬੀਰ ਜੀ ਦੇ ਇਨ੍ਹਾਂ ਵਾਕਾਂ,

---

੧. ਨਵਧਾ ਭਗਤੀ (੯ ਪ੍ਰਕਾਰ) ਦਾ ਨਿਰਣਾ ਸ੍ਰੀ ਨਾਮਦੇਵ ਜੀ ਦੇ ਜੀਵਨ ਵਿਚ ਦੇਖੋ।

'ਸਰਪਨੀ ਤੇ ਊਪਰਿ ਨਹੀ ਬਲੀਆ', 'ਬਾਜੀਗਰ ਡੰਕ ਬਜਾਈ', 'ਸਭੁ ਖਲਕ ਤਮਾਸੇ ਆਈ' ਤੋਂ ਸਾਬਤ ਹੁੰਦਾ ਹੈ ਕਿ ਕਈ ਵਿਚਾਰਾਂ ਪੁਰਾਣੇ ਸਾਧੂਆਂ ਤੇ ਵੇਦਾਂਤੀਆਂ ਨਾਲ ਭੀ ਮਿਲਦੀਆਂ ਸਨ। ਹਿੰਦੂ ਧਰਮ ਦੇ ਸਿਧਾਂਤਾਂ ਦਾ ਖੰਡਨ ਦੇਖ ਕੇ ਕਈ ਹਿੰਦੂ ਲੇਖਕਾਂ ਦੀ ਇਹ ਰਾਇ ਵੀ ਹੈ ਕਿ ਇਹ ਸਭ ਗੱਲਾਂ ਪਿੱਛੋਂ ਚੇਲਿਆਂ ਨੇ ਘੜ ਲਈਆਂ ਹਨ। ਕਬੀਰ ਜੀ ਦੀ ਬਾਣੀ ਨੂੰ ਬਹੁਤ ਭੰਨਿਆ ਤੋੜਿਆ ਗਿਆ ਹੈ। ਕਈ ਇਸੇ ਆਧਾਰ 'ਤੇ ਕਹਿੰਦੇ ਹਨ ਕਿ ਕਬੀਰ ਮੁਸਲਮਾਨ ਸੀ। ਇਹ ਦੋਵੇਂ ਗੱਲਾਂ ਠੀਕ ਨਹੀਂ। ਕਿਸੇ ਮਹਾਂਪੁਰਸ਼ ਦੇ ਖ਼ਿਆਲਾਂ ਵਿਚ ਕਿਸੇ ਧਰਮ ਸੰਬੰਧੀ ਮੱਤ-ਭੇਦ ਹੋਵੇ ਤਾਂ ਹੀ ਉਸ ਦੀ ਸੰਪਰਦਾ ਚੱਲਦੀ ਹੈ। ਜਦ ਤਕ ਬੁਨਿਆਦੀ ਮੱਤ-ਭੇਦ ਨਾ ਹੋਵੇ, ਉਦੋਂ ਤੀਕ ਵੱਖਰੀ ਸੰਪਰਦਾ ਨਹੀਂ ਚੱਲ ਸਕਦੀ। ਕਬੀਰ ਜੀ ਦੇ ਖ਼ਿਆਲਾਂ ਨੂੰ ਵਧੇਰੇ ਹਿੰਦੂਆਂ ਨੇ ਗ੍ਰਹਿਣ ਕੀਤਾ। ਖ਼ਾਸ ਤੌਰ 'ਤੇ ਜੁਲਾਹੇ ਕਬੀਰ-ਪੰਥੀ ਹਨ। ਸਾਡੀ ਰਾਇ ਵਿਚ ਕਬੀਰ ਜੀ ਨੇ ਬਹੁਤ ਸਾਰੀਆਂ ਗੱਲਾਂ ਹਿੰਦੂ ਧਰਮ ਦੀਆਂ ਕਬੂਲ ਕੀਤੀਆਂ ਹਨ, ਕਈ ਗੱਲਾਂ ਵਿਚ ਉਹਨਾਂ ਦਾ ਮੱਤ-ਭੇਦ ਭੀ ਸੀ, ਜਿਸ ਕਰਕੇ ਕਬੀਰ-ਪੰਥੀ ਸੰਪਰਦਾ ਚੱਲ ਪਈ।

## ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਕਬੀਰ ਜੀ

ਕੀ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਕਬੀਰ ਜੀ ਇਕ ਦੂਜੇ ਨੂੰ ਮਿਲੇ ਹਨ ? ਜਾਂ ਉਨ੍ਹਾਂ ਨੇ ਇਕ ਦੂਜੇ ਦਾ ਕੋਈ ਪ੍ਰਭਾਵ ਕਬੂਲ ਕੀਤਾ ? ਇਸ ਸੰਬੰਧੀ ਦੋ ਰਾਵਾਂ ਹਨ :

(੧) ਪਹਿਲੀ ਇਹ ਕਿ ਗੁਰੂ ਜੀ ਪਹਿਲੀ ਉਦਾਸੀ ਵਿਚ ਕਾਸ਼ੀ ਗਏ ਸਨ। ਕਬੀਰ ਸਾਹਿਬ ਨਾਲ ਉਨ੍ਹਾਂ ਦੀ ਮੁਲਾਕਾਤ ਬਾਰੇ ਸਿਖ ਇਤਿਹਾਸ ਕੁਝ ਰੌਸ਼ਨੀ ਨਹੀਂ ਪਾਂਦਾ। ਪਰ ਇਹ ਗੱਲ ਨਿਸਚਤ ਹੈ ਕਿ ਸਤਿਗੁਰੂ ਹਿੰਦੁਸਤਾਨ ਦੇ ਸਾਰੇ ਤੀਰਥਾਂ 'ਤੇ ਗਏ। ਹਿੰਦੂ ਅਤੇ ਮੁਸਲਮਾਨ ਧਾਰਮਿਕ ਆਗੂਆਂ, ਮੁਖੀ ਸਾਧੂਆਂ, ਸੰਤਾਂ ਤੇ ਫ਼ਕੀਰਾਂ ਨੂੰ ਮਿਲੇ। ਇਸ ਲਈ ਕਬੀਰ ਸਾਹਿਬ ਵਰਗੇ ਮਹਾਂਪੁਰਸ਼ਾਂ ਨੂੰ ਮਿਲਣਾ ਜ਼ਰੂਰੀ ਸੀ ਜਦ ਕਿ ਉਹ ਮੌਜੂਦ ਸਨ।

ਸ: ਨਿਹਾਲ ਸਿੰਘ ਜੀ ਸੂਰੀ ਆਪਣੀ ਪੁਸਤਕ *ਜੀਵਨ ਭਗਤ ਕਬੀਰ* ਵਿਚ ਲਿਖਦੇ ਹਨ—"ਸਮੂੰਹ ਭਗਤਾਂ ਨੂੰ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਚੜ੍ਹੀ ਹੈ, ਪਰਮਪਦ ਦੀ ਦਾਤ ਸ੍ਰੀ ਗੁਰੂ ਨਾਨਕ ਦੇਵ ਦੇ ਦੁਆਰਿਓਂ ਪ੍ਰਾਪਤ ਹੋਈ। ਰਾਮਾਨੰਦ ਜੀ, ਕਬੀਰ, ਰਵਿਦਾਸ, ਨਾਮਦੇਵ ਨੂੰ ਨਾਲ ਲੈ ਕੇ ਪੀਪੇ ਦੇ ਕਹਿਣ 'ਤੇ ਨਗਰ ਗਗਨੌਰ ਨੂੰ ਗਏ। ਰਾਮਾਨੰਦ ਦਵਾਰਕਾ ਨੂੰ ਚਲੇ ਗਏ। ਕਬੀਰ, ਰਵਿਦਾਸ ਆਦਿਕ ਕਾਸ਼ੀ ਮੁੜ ਆਏ।"

ਜਦ ਗੁਰੂ ਜੀ ਕਾਸ਼ੀ ਨੂੰ ਗਏ ਹਨ, ਚਤੁਰ ਦਾਸ ਪੰਡਤ ਨੂੰ ਉਪਦੇਸ਼ ਕੀਤਾ ਹੈ, ਉਸ ਦਾ ਜ਼ਿਕਰ ਕਰ ਕੇ ਸੂਰੀ ਜੀ ਲਿਖਦੇ ਹਨ, "ਰਾਮਾਨੰਦ ਸੁਆਮੀ ਸੰਨਿਆਸੀ ਨੂੰ ਖ਼ਬਰ ਹੋਈ। ਉਹ ਹਾਜ਼ਰ ਹੋ ਕੇ ਇਕ ਗੋਸ਼ਟ ਦਵਾਰਾ ਆਪਣੇ ਸੰਸੇ ਨਵਿਰਤ ਕਰ ਕੇ ਆਪ ਦੀ ਸ਼ਰਨੀਂ ਲੱਗਾ। ਇਸ ਨੇ ਝੱਟ ਜਾ ਕੇ ਕਬੀਰ ਜੀ ਤੇ ਉਨ੍ਹਾਂ ਦੇ ਸਾਰੇ ਸਤਿਸੰਗੀਆਂ ਨੂੰ ਦੱਸਿਆ ਕਿ ਜਿਨ੍ਹਾਂ ਸਤਿਗੁਰਾਂ ਦੀ ਤੁਸੀਂ ਉਡੀਕ ਰਖੀ ਬੈਠੇ ਹੋ,

ਉਹ ਤਸ਼ਰੀਫ਼ ਲੈ ਆਏ ਹਨ। ਮੈਂ ਉਨ੍ਹਾਂ ਦੇ ਚਰਨਾਮ੍ਰਿਤ ਤੇ ਸਤਿਨਾਮ ਦੇ ਅੰਮ੍ਰਿਤ ਨਾਲ ਨਿਹਾਲ ਹੋ ਆਇਆ ਹਾਂ। ਕਬੀਰ ਸੁਣ ਕੇ ਅਤਿ ਪ੍ਰਸੰਨ ਹੋਏ ਤੇ ਉਸੇ ਵਕਤ ਨਾਮਦੇਵ, ਰਵਿਦਾਸ, ਤ੍ਰਿਲੋਚਨ ਤੇ ਸੈਣ ਆਦਿ ਨੂੰ ਨਾਲ ਲੈ ਕੇ ਸਤਿਗੁਰਾਂ ਦੇ ਦਰਸ਼ਨ ਨੂੰ ਤੁਰ ਪਏ। ਅਖ਼ੀਰ ਵਿਚ ਸਿਖ ਬਣੇ।"

ਇਸ ਦੀ ਪੁਸ਼ਟੀ ਲਈ ਸੂਰੀ ਜੀ ਨੇ ਬਿਲਵੇਡੀਅਰ ਪ੍ਰੈਸ, ਅਲਾਹਾਬਾਦ ਵਿਚ ਛਪੀ ਹੋਈ ਸੰਤ ਸੰਪੂਰਨ ਸਿੰਘ ਜੀ ਵੱਲੋਂ ਸਟਿਪਣ *ਪ੍ਰਾਣ ਸੰਗਲੀ* 'ਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਕਬੀਰ ਜੀ ਦੀ ਗੋਸ਼ਟ ਪੇਸ਼ ਕੀਤੀ ਹੈ।

(੨) ਦੂਜੀ ਰਾਇ ਇਹ ਹੈ ਕਿ ਗੁਰੂ ਜੀ ਤੇ ਕਬੀਰ ਜੀ ਆਪਸ ਵਿਚ ਨਹੀਂ ਮਿਲੇ। "ਕਬੀਰ ਜੀ ਦਾ ਦੇਹਾਂਤ ਗੁਰੂ ਨਾਨਕ ਦੇਵ ਜੀ ਤੋਂ ਵੀਹ ਕੁ ਸਾਲ ਪਹਿਲਾਂ ਹੋ ਚੁੱਕਾ ਸੀ। ਗੁਰੂ ਜੀ ਨੇ ਆਪਣੀ ਬਾਣੀ ਵਿਚ, ਜੋ ਗੁਰੂ ਗ੍ਰੰਥ ਸਾਹਿਬ ਵਿਚ ਹੈ, ਕਿਤੇ ਕਬੀਰ ਜੀ ਦਾ ਨਾਂ ਨਹੀਂ ਲਿਆਂਦਾ ਤੇ ਨਾ ਹੀ ਉਨ੍ਹਾਂ ਦਾ ਇਕ ਦੂਸਰੇ ਉੱਤੇ ਕੋਈ ਪ੍ਰਭਾਵ ਪਿਆ। ਪਹਿਲੀ ਵਿਚਾਰ ਨਿਰਮੂਲ ਹੈ।[1]

ਸਾਡੀ ਰਾਇ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਕਬੀਰ ਜੀ ਦੀ ਮੁਲਾਕਾਤ ਹੋਈ। ਗੁਰੂ ਜੀ ਨੇ ਪਹਿਲੀ ਉਦਾਸੀ ਸੰਮਤ ੧੫੫੪ ਬਿ: ਵਿਚ ਸੁਲਤਾਨਪੁਰੋਂ ਆਰੰਭ ਕੀਤੀ। ਇਸ ਵਿਚ ਆਪ ਹਿੰਦੂ ਤੀਰਥਾਂ 'ਤੇ ਗਏ। ਕਾਸ਼ੀ ਜਾਣਾ ਸਿੱਧ ਹੁੰਦਾ ਹੈ। ਕਬੀਰ-ਪੰਥੀਆਂ ਦੀਆਂ ਪੁਸਤਕਾਂ ਅਨੁਸਾਰ ਕਬੀਰ ਜੀ ਦਾ ਦੇਹਾਂਤ ੧੫੭੫ ਬਿ: ਵਿਚ ਹੋਇਆ। ਇਸ ਲਈ ਇਹ ਸ਼ੱਕ ਨਹੀਂ ਕੀਤਾ ਜਾ ਸਕਦਾ ਕਿ ਉਹ ਉਸ ਵਕਤ ਮੌਜੂਦ ਨਹੀਂ ਸਨ। ਇਕ ਵਾਹਿਗੁਰੂ ਤੇ ਨਿਰਾਕਾਰ ਦੀ ਭਗਤੀ ਬਾਰੇ ਦੋਹਾਂ ਦੇ ਖ਼ਿਆਲ ਮਿਲਦੇ ਹਨ। ਮੂਰਤੀ ਪੂਜਾ, ਪਿਤਰ ਤੇ ਅਵਤਾਰ ਪੂਜਾ ਤੋਂ ਇਨਕਾਰ, ਜ਼ਾਤ-ਪਾਤ ਦਾ ਖੰਡਨ, ਮਜ਼੍ਹਬੀ ਤੇ ਸਮਾਜਕ ਖ਼ਰਾਬੀਆਂ ਨੂੰ ਦੂਰ ਕਰਨ ਸੰਬੰਧੀ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਭਗਤ ਕਬੀਰ ਦੇ ਵਿਚਾਰ ਮਿਲਦੇ ਹਨ। ਇਸ ਲਈ ਕਿ ਦੋਵੇਂ ਸਮਕਾਲੀ ਸਨ। ਦੋਹਾਂ ਦੇ ਸਾਹਮਣੇ ਦੇਸ਼ ਦੀਆਂ ਧਾਰਮਿਕ, ਸਮਾਜਿਕ ਜਾਂ ਰਾਜਨੀਤਿਕ ਸਮੱਸਿਆਵਾਂ ਇਕੋ ਸਨ। ਦੋਵੇਂ ਭਗਤੀ ਮਾਰਗ 'ਤੇ ਤੁਰਨ ਵਾਲੇ ਸਨ, ਗ੍ਰਿਹਸਤੀ ਸਨ।

ਪਰ ਗੁਰੂ ਜੀ ਦਾ ਮੱਤ ਤੇ ਪ੍ਰਚਾਰ ਦਾ ਢੰਗ ਕਬੀਰ ਜੀ ਨਾਲੋਂ ਵੱਖਰਾ ਸੀ। ਕਬੀਰ ਜੀ 'ਤੇ ਵੈਸ਼ਨਵ ਮੱਤ ਦਾ ਪ੍ਰਭਾਵ ਸੀ। ਉਹ ਅਹਿੰਸਾ ਦੇ ਕੱਟੜ ਹਾਮੀ ਸਨ। ਕਰਮ-ਕਾਂਡ ਦਾ ਖੰਡਨ ਕਰਦੇ ਹੋਏ ਭੀ 'ਨਿਤ ਉਠ ਕੋਰੀ ਗਾਗਰ ਆਨੈ' ਪਰ ਅਮਲ ਕਰਦੇ ਸਨ। ਉਹ ਸੁਧਾਰਕ ਸਨ, ਇਸ ਲਈ ਚੁਭਵੇਂ ਸ਼ਬਦਾਂ ਤੇ ਹਾਸ-ਰਸ ਵਿਚ ਦੂਜੇ ਮਤਾਂ ਦਾ ਖੰਡਨ ਕਰਦੇ ਸਨ। ਗੁਰੂ ਜੀ ਦੀ ਸਿਖਿਆ ਕੇਵਲ ਖੰਡਨ ਨਹੀਂ ਸੀ। ਉਸ ਵਿਚ ਨਿੱਗਰ ਅਸੂਲ ਹੀ ਪੇਸ਼ ਕੀਤੇ ਗਏ ਹਨ। ਖੰਡਨ ਭੀ ਪ੍ਰੇਮ ਨਾਲ ਕੀਤਾ ਹੈ। ਗੁਰੂ ਸਾਹਿਬ ਨੇ ਹਿੰਦੂ ਤੇ ਮੁਸਲਮਾਨਾਂ ਨੂੰ ਇਹ ਨਹੀਂ ਕਿਹਾ ਕਿ ਤੁਹਾਡਾ ਮੱਤ ਮਾੜਾ ਹੈ, ਸਗੋਂ ਇਹ ਦੱਸਿਆ ਕਿ ਚੰਗੇ ਮੁਸਲਮਾਨ ਬਣੋ।[2] ਸ੍ਰੀ ਗੁਰੂ ਨਾਨਕ ਦੇਵ ਜੀ ਤੇ ਕਬੀਰ ਜੀ ਦੇ ਖ਼ਿਆਲਾਂ ਨੂੰ ਗਹੁ ਨਾਲ ਵਿਚਾਰਿਆ ਜਾਵੇ ਤਾਂ ਇਹ ਗੱਲ

---

੧. ਲੇਖ 'ਪੰਜਾਬੀ ਸਾਹਿਤ ਦਾ ਇਤਿਹਾਸ', ਪ੍ਰੋ: ਮੋਹਨ ਸਿੰਘ ਪੀ-ਐਚ.ਡੀ., ਦੇਖੋ *ਫੁਲਵਾੜੀ*, ਮਾਘ-ਫੱਗਣ ਸੰਮਤ ੧੯੯੧, ਪੰਨਾ ੩੦੫-੧੨।

੨. ਦੇਖੋ ਇਸ ਕਲਮ ਦੀ ਲਿਖਤ *ਗੁਰਮਤਿ ਲੈਕਚਰ*, ਪੰਨਾ ੬੯।

ਸਪੱਸ਼ਟ ਦਿੱਸਦੀ ਹੈ ਕਿ ਗੁਰੂ ਜੀ ਦੀ ਤਾਲੀਮ ਨਿੱਗਰ (Positive) ਸੀ। 'ਏਹ ਕਰੋ' ਉਨ੍ਹਾਂ ਦੀ ਸਿਖਿਆ ਸੀ। ਕਬੀਰ ਜੀ ਸੁਧਾਰਕ ਸਨ, ਉਹ ਕਹਿੰਦੇ ਸਨ, 'ਏਹ ਨਾ ਕਰੋ।' ਗੁਰੂ ਜੀ ਪ੍ਰੇਮ ਨਾਲ ਕੋਈ ਗੱਲ ਕਹਿੰਦੇ ਸਨ, ਕਬੀਰ ਜੀ ਤਰਕਵਾਦੀ ਹੋਣ ਦੇ ਰੂਪ ਵਿਚ ਖੰਡਨ ਕਰਦੇ ਸਨ। ਦੋਹਾਂ ਦੀ ਬਾਣੀ ਪੜ੍ਹੋ ਤਾਂ ਇਹ ਫ਼ਰਕ ਮਾਲੂਮ ਹੋ ਜਾਂਦਾ ਹੈ।

ਡਾਕਟਰ ਈਸ਼ੂਰੀ ਪ੍ਰਸ਼ਾਦ ਐਮ.ਏ., ਡੀ.ਲਿਟ. ਆਪਣੀ ਪੁਸਤਕ *ਭਾਰਤਵਰਸ਼ ਕਾ ਇਤਿਹਾਸ* (ਹਿੰਦੀ) ਵਿਚ ਲਿਖਦੇ ਹਨ—"ਕਬੀਰ ਸਾਹਿਬ ਕੇ ਸ਼ਿਸ਼ੋਂ ਮੇਂ ਸਿਖ ਧਰਮ ਕੇ ਮੂਲ ਪਰਿਵਰਤਕ ਗੁਰੂ ਨਾਨਕ ਭੀ ਥੇ।"[੧]

ਇਸ ਲਿਖਤ ਤੋਂ ਜਾਪਦਾ ਹੈ ਕਿ ਡਾਕਟਰ ਈਸ਼ੂਰੀ ਪ੍ਰਸ਼ਾਦ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ, ਉਨ੍ਹਾਂ ਦੇ ਵਿਚਾਰਾਂ ਅਤੇ ਜੀਵਨ ਨੂੰ ਨਹੀਂ ਪੜ੍ਹਿਆ, ਜੇ ਪੜ੍ਹਦੇ ਤਾਂ ਉਨ੍ਹਾਂ ਨੂੰ ਫ਼ਰਕ ਸਪੱਸ਼ਟ ਮਾਲੂਮ ਹੋ ਜਾਂਦਾ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਕਿਤੇ ਨਹੀਂ ਲਿਖਿਆ ਕਿ ਉਹ ਕਬੀਰ ਜੀ ਦੇ ਸਿਖ ਹਨ, ਨਾ ਹੀ ਉਨ੍ਹਾਂ ਦੇ ਜੀਵਨ ਵਿਚ ਇਹ ਗੱਲ ਮਿਲਦੀ ਹੈ। ਗੁਰੂ ਜੀ ਦੀਆਂ ਵਿਚਾਰਾਂ ਦਾ ਫਲ ਸਿੱਖੀ ਹੈ, ਜਿਸ ਵਿਚ ਭਗਤੀ ਤੇ ਸ਼ਕਤੀ ਦੋਵੇਂ ਮਿਲਦੀਆਂ ਹਨ, ਪਰ ਕਬੀਰ ਜੀ ਦਾ ਪੰਥ ਇਕ ਸਾਧੂ ਸਮਾਜ ਹੈ। ਭਾਵੇਂ ਉਨ੍ਹਾਂ ਵਿਚ ਗ੍ਰਿਹਸਤੀ ਵੀ ਹਨ।

ਕਬੀਰ-ਪੰਥੀਆਂ ਨੇ ਵੀ ਗੁਰੂ ਨਾਨਕ ਦੇਵ ਜੀ ਉੱਤੇ ਕਬੀਰ ਦਾ ਪ੍ਰਭਾਵ ਪੈਣਾ ਦੱਸਿਆ ਹੈ। ਇਨ੍ਹਾਂ ਨੇ ਹਿੰਦਾਲੀਆਂ ਨਾਲ ਮਿਲ ਕੇ ਸਿਖ ਇਤਿਹਾਸ ਨੂੰ ਭੀ ਵਿਗਾੜਨ ਦਾ ਜਤਨ ਕੀਤਾ ਹੈ। ਕਬੀਰ-ਪੰਥੀਆਂ ਦੀ ਪੁਸਤਕ *ਸ਼ਬਦਾਵਲੀ* ਵਿਚ ਗੁਰੂ ਜੀ ਤੇ ਕਬੀਰ ਜੀ ਦਾ ਸੰਬਾਦ ਦਰਜ ਹੈ। *ਜੀਵ ਬੋਧ ਧਰਮ* ਨਾਮੇ ਪੁਸਤਕ ਦੇ ਪੰਨਾ ੧੧੯ 'ਤੇ 'ਨਾਨਕ ਸ਼ਾਹ ਦੇ ਬਚਨ' ਦੇ ਸਿਰਲੇਖ ਹੇਠਾਂ ਕੁਝ ਗੋਸ਼ਟ ਲਿਖੀ ਹੈ। ਇਹ ਬਹੁਤ ਪਿੱਛੋਂ ਲਿਖੀਆਂ ਜਾਪਦੀਆਂ ਹਨ। ਜੀਵ-ਬੋਧ ਵਿਚ ਗੁਰੂ ਨਾਨਕ ਦੇਵ ਜੀ ਦੇ ਮੁਖਾਰਬਿੰਦ ਤੋਂ ਇਹ ਤੁਕ ਅਖਵਾਈ ਹੈ, 'ਕਰੇ ਕਰਾਵੈ ਆਪੇ ਆਪ॥ ਮਾਨੁਖ ਕੈ ਕਛ ਨਾਹੀ ਹਾਥ॥' ਹਾਲਾਂ ਕਿ ਸੁਖਮਨੀ ਸਾਹਿਬ ਵਿਚ ਪੰਚਮ ਪਾਤਸ਼ਾਹ ਦਾ ਵਾਕ ਹੈ, 'ਕਰਨ ਕਰਾਵਨ ਆਪੇ ਆਪਿ॥ ਸਦਾ ਸਦਾ ਨਾਨਕ ਹਰਿ ਜਾਪਿ॥'[੨]

ਕਬੀਰ ਜੀ ਦੇ ਚੇਲੇ ਧਰਮ ਦਾਸ ਨੇ, ਜੋ *ਨਾਨਕ ਬੋਧ* ਲਿਖਿਆ ਹੈ, ਇਹ ਬਹੁਤ ਪਿੱਛੋਂ ਦੀ ਰਚਨਾ ਹੈ।[੩]

ਇਕ ਗੱਲ ਦਾ ਨਿਰਣਾ ਜ਼ਰੂਰੀ ਹੈ ਕਿ ਕੀ ਭਗਤ ਕਬੀਰ ਜੀ, ਨਾਮਦੇਵ, ਰਵਿਦਾਸ ਤੇ ਤ੍ਰਿਲੋਚਨ ਆਦਿਕ ਗੁਰੂ ਕੇ ਸਿਖ ਹਨ ? ਉਨ੍ਹਾਂ ਨੂੰ ਪਰਮ ਪਦ ਦੀ ਦਾਤ

---

੧. ਡਾਕਟਰ ਈਸ਼ੂਰੀ ਪ੍ਰਸ਼ਾਦ ਲਿਖਤ *ਭਾਰਤਵਰਸ਼ ਕਾ ਇਤਿਹਾਸ,* ਇੰਡੀਅਨ ਪ੍ਰੈਸ, ਅਲਾਹਾਬਾਦ ਵਿਚ ਛਪੀ ਸੀ ਅਤੇ ਅਲਾਹਾਬਾਦ ਯੂਨੀਵਰਸਿਟੀ ਨੇ ੧੯੩੧-੩੩ ਵਿਚ ਯੂ.ਪੀ. ਦੇ ਮਿਡਲ ਸਕੂਲਾਂ ਦੇ ਕੋਰਸ ਵਿਚ ਲਾਈ ਸੀ। ਜੈਪੁਰ ਤੇ ਜੋਧਪੁਰ ਆਦਿਕ ਰਿਆਸਤਾਂ ਦੇ ਵਿਦਿਅਕ ਵਿਭਾਗ ਨੇ ਵੀ ਸਕੂਲਾਂ ਲਈ ਇਸ ਨੂੰ ਪ੍ਰਵਾਨ ਕੀਤਾ ਸੀ। ਅਸੀਂ ਉਪ੍ਰੋਕਤ ਲਿਖਤ ਦਾ ਉੱਤਰ ਲਿਖਿਆ ਸੀ। ਦੇਖੋ *ਅਕਾਲੀ ਪਤ੍ਰਕਾ* ੧੩-੮-੩੩।

੨. *ਜੀਵਨ ਭਗਤ ਕਬੀਰ* ਲਿਖਤ ਨਿਹਾਲ ਸਿੰਘ ਸੂਰੀ, ਪੰਨਾ ੪੯।

੩. ਇਹ ਗੱਲ ਲੇਖਕ ਨੂੰ ਕਬੀਰ ਚੌਰੇ (ਕਾਸ਼ੀ) ਦੇ ਮਹੰਤ ਰਾਮ ਬਿਲਾਸ ਦਾਸ ਜੀ ਨੇ ੧੯੩੫ ਈ: ਵਿਚ ਮੁਲਾਕਾਤ ਵਿਚ ਦੱਸੀ।

ਗੁਰੂ ਨਾਨਕ ਜੀ ਤੋਂ ਪ੍ਰਾਪਤ ਹੋਈ? ਸਾਡੀ ਰਾਇ ਹੈ ਕਿ ਇਹ ਗੱਲ ਇਤਿਹਾਸਕ ਤੌਰ 'ਤੇ ਗ਼ਲਤ ਹੈ। ਸ੍ਰੀ ਜੈਦੇਵ, ਭਗਤ ਨਾਮਦੇਵ, ਸ੍ਰੀ ਤ੍ਰਿਲੋਚਨ, ਗੁਰੂ ਨਾਨਕ ਦੇਵ ਜੀ ਤੋਂ ਪਹਿਲੇ ਹੋਏ ਹਨ। ੧੩੦੫ ਈ: ਵਿਚ ਸ੍ਰੀ ਨਾਮਦੇਵ ਜੀ ਨੇ ਪ੍ਰਲੋਕ ਗਮਨ ਕੀਤਾ ਹੈ ਤੇ ਗੁਰੂ ਜੀ ਦਾ ਅਵਤਾਰ ੧੪੬੯ ਈ: (੧੫੨੬ ਬਿ:) ਵਿਚ ਹੋਇਆ।[੧] ਇਸ ਲਈ ਉਪ੍ਰੋਕਤ ਮਨੌਤ ਠੀਕ ਨਹੀਂ।

ਰਾਮਾਨੰਦ ਜੀ ਸੰਨਿਆਸੀ ਕੋਈ ਹੋਇਆ ਹੀ ਨਹੀਂ, ਜੋ ਸਿਖ ਬਣਿਆ ਤੇ ਜਿਸ ਨੇ ਭਗਤਾਂ ਨੂੰ ਖ਼ਬਰ ਕੀਤੀ।

ਸੂਰੀ ਜੀ *ਪ੍ਰਾਣ ਸੰਗਲੀ* ਦਾ ਹਵਾਲਾ ਦੇ ਕੇ ਕਬੀਰ ਜੀ ਦੀ ਗੋਸ਼ਟ ਵਿਚ ਲਿਖਦੇ ਹਨ:

(੧) **ਮੁਕਤ ਭਈ ਸਤਿਗੁਰ ਕੈ ਸਬਦ ਗਿਆ ਸੰਸਾ ਸਭ ਪੀੜ।**
**ਜੁਗ ਜੁਗ ਗੁਰ ਨਾਨਕ ਜਪਿਆ ਕੀਟ ਮੁਰੀਦ ਕਬੀਰ।**

(੨) **ਉਪਦੇਸ਼ ਪੂਰੇ ਸਤਿਗੁਰੂ ਕੈ ਮਨ ਮਹਿ ਭਇਆ ਅਨੰਦ।**
**ਮੁਕਤ ਦਾਤਾ ਨਾਨਕ ਗੁਰੂ ਕਿੰਚਤ ਰਾਮਾਨੰਦ।** *(ਪੰਨਾ ੩੧)*

ਇਹ *ਪ੍ਰਾਣ ਸੰਗਲੀ* ਨਾ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਕ੍ਰਿਤ ਹੈ, ਤੇ ਨਾ ਹੀ ਇਤਿਹਾਸਕ ਤੌਰ 'ਤੇ ਪ੍ਰਮਾਣਿਕ ਹੈ। ਇਸ ਬਾਬਤ ਲਿਖਿਆ ਹੈ:

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਨ ਸਮੇਂ ਭਾਈ ਪੈੜੇ ਨੂੰ ਸੰਗਲਾ ਦੀਪ ਭੇਜ ਕੇ *ਪ੍ਰਾਣ ਸੰਗਲੀ* ਮੰਗਾਈ। ਲਾਲਚ ਕਰ ਕੇ ਭਾਈ ਪੈੜੇ ਨੇ ਇਸ ਵਿਚੋਂ ਕੁਝ ਪ੍ਰਸੰਗ ਰਖ ਲਏ। ਅਪੂਰਣ ਪੋਥੀ ਪੰਚਮ ਪਾਤਸ਼ਾਹ ਦੀ ਸੇਵਾ ਵਿਚ ਪੇਸ਼ ਕੀਤੀ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:

**ਸ੍ਰੀ ਅਰਜਨ ਤਬ ਰਿਦੈ ਬਿਚਾਰੀ।**
**ਜੀਵ ਮੰਦ ਮਤਿ ਹੁਇ ਕਲਿ ਹਾਰੀ।**
**ਪੋਥੀ ਪੜਹਿ ਬੁਧਿ ਫਿਰ ਜਾਇ।**
**ਗਯਾਨ ਹੀਨ ਜਗ ਸਿੱਧ ਕਹਾਇ।**
**ਯਾਂ ਤੇ ਉਚਿਤ ਨ ਪੋਥੀ ਰਾਖਨ।**
**ਰਿਸ ਕਰਿ ਪੈੜੇ ਕੋ ਕਿਯ ਭਾਖਨਿ।**
**ਜੋ ਪ੍ਰਸੰਗ ਇਸ ਤੇ ਨਿਕਸਾਯੋ।**
**ਸੋ ਭੀ ਚਹੀਏ ਇਹਾਂ ਮਿਲਾਯੋ।**
**ਸੋ ਮੰਗਾਇ ਜਲ ਕਰਯੋ ਪ੍ਰਵਾਹਿ।**
**ਅਚਰਜ ਦੇਖਿ ਭਏ ਸਭਿ ਤਾਂਹਿ।** *(ਗੁਰ ਪ੍ਰਤਾਪ ਸੂਰਜ, ਰਾਸ ੩-੩੨)*

ਭਾਵ, ਪੰਚਮ ਪਾਤਸ਼ਾਹ ਨੇ *ਪ੍ਰਾਣ ਸੰਗਲੀ* ਸਵੀਕਾਰ ਨਹੀਂ ਕੀਤੀ, ਇਸ ਨੂੰ ਜਲ ਪ੍ਰਵਾਹ ਕਰ ਦਿੱਤਾ। ਜੇ ਇਹ ਰਚਨਾ ਗੁਰੂ ਨਾਨਕ ਦੇਵ ਜੀ ਦੀ ਹੁੰਦੀ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਉਂ ਨਾ ਚੜ੍ਹਾਈ ਜਾਂਦੀ?

---

੧. ਵੇਖੋ *ਫੁਲਵਾੜੀ*, ਮਾਘ-ਫੱਗਣ ਸੰਮਤ ੧੯੯੧, ਪੰਨਾ ੩੦੫-੧੨ ਦਾ ਲੇਖ 'ਡਾਕਟਰ ਮੋਹਨ ਸਿੰਘ ਜੀ'।

*ਪੁਰਾਤਨ ਜਨਮ ਸਾਖੀ*[1] ਵਿਚ ਜੋ ਪ੍ਰਾਣ ਸੰਗਲੀ ਦਿੱਤੀ ਹੈ, ਉਹ ਇਉਂ ਸ਼ੁਰੂ ਹੁੰਦੀ ਹੈ—'ਉਨਮਨ ਸੁੰਨ ਸੁੰਨ ਸਭ ਕਹੀਐ। ਉਨਮਨ ਹਰਖ ਸੋਗ ਨਹੀਂ ਰਹੀਐ।' ਇਸ ਦੀਆਂ ੨੨ ਪਉੜੀਆਂ ਹਨ। ਜੋ ਲਿਖਤ ਦੀਆਂ ਮਿਲਦੀਆਂ ਹਨ, ਉਨ੍ਹਾਂ ਵਿਚ ੧੩ ਅਧਿਆਇ ਹਨ। ਯਥਾ—੧. ਸੁੰਨ ਮਹਿਲ ਦੀ ਕਥਾ। ੨. ਪਰਮ ਤੱਤ। ੩. ਪ੍ਰਾਨ ਪਿੰਡ। ੪. ਹਾਟਕਾ। ੫. ਨਉ ਨਾੜੀ। ੬. ਪੰਚ ਤੱਤ। ੭. ਜੋਗ ਮਾਰਗ। ੮. ਕਾਲ ਬਾਚ ਨਿਰਜੋਗ। ੯. ਆਸਾ ਜੋਗ ਬੈਰਾਗ। ੧੦. ਓਨਮ ਸੁੰਨ। ੧੧. ਨਿਰਜੋਗ ਭਗਤੀ। ੧੨. ਗੁਰ ਉਸਤਤ। ੧੩. ਸੱਚ-ਖੰਡ ਕੀ ਯੁਗਤੀ।

ਬਿਲਵੇਡੀਅਰ ਪ੍ਰੈਸ ਵਿਚ ਛਪੀ ਹੋਈ *ਪ੍ਰਾਣ ਸੰਗਲੀ* ਦੇ ੨੧ ਅਧਿਆਇ ਹਨ। ਇਹ ਪੁਰਾਤਨ ਜਨਮ ਸਾਖੀ ਨਾਲ ਨਹੀਂ ਮਿਲਦੇ। ਹੁਣ ਕੀ ਸਮਝਿਆ ਜਾਵੇ ਕਿ ਕਿਹੜੀ ਦਰੁਸਤ ਹੈ? ਹਕੀਕਤ ਇਹ ਹੈ ਕਿ *ਪ੍ਰਾਣ ਸੰਗਲੀ* ਪੰਚਮ ਪਾਤਸ਼ਾਹ ਜੀ ਨੇ ਜਲ ਪ੍ਰਵਾਹ ਕਰ ਦਿੱਤੀ। ਹੁਣ ਜਿਹੜੀਆਂ ਹਨ, ਇਨ੍ਹਾਂ ਦੀ ਬੋਲੀ, ਬੰਦਸ਼ ਤੇ ਰਚਨਾ ਦਾ ਢੰਗ ਦੱਸਦਾ ਹੈ ਕਿ ਉਦਾਸੀ ਸਾਧੂਆਂ ਦੀ ਲਿਖਤ ਹੈ।[2]

ਜੇਕਰ ਕਬੀਰ ਜੀ ਗੁਰੂ ਨਾਨਕ ਦੇਵ ਜੀ ਦੇ ਸਿਖ ਬਣਦੇ ਤਾਂ ਇਸ ਦਾ ਜ਼ਿਕਰ ਪੁਰਾਤਨ ਜਨਮ ਸਾਖੀ, ਭਾਈ ਗੁਰਦਾਸ ਜੀ ਦੀਆਂ ਵਾਰਾਂ, ਮੁਹਸਨ ਫ਼ਾਨੀ ਦੀ *ਦਬਿਸਤਾਨੇ ਮਜ਼ਾਹਬ* ਤੇ ਦਸਮ ਪਾਤਿਸ਼ਾਹ ਦੇ *ਬਚਿਤ੍ਰ ਨਾਟਕ* ਵਿਚ ਮਿਲਦਾ, ਜਿਥੇ ਕਿ ਗੁਰੂ ਜੀ ਨੇ ਹਿੰਦੁਸਤਾਨ ਦੀਆਂ ਸੰਪਰਦਾਵਾਂ ਤੇ ਆਚਾਰਯਾਂ ਦਾ ਵਰਣਨ ਕੀਤਾ ਹੈ। ਇਸ ਬਾਰੇ ਭਾਈ ਮਨੀ ਸਿੰਘ ਜੀ ਹੀ ਆਪਣੀ ਜਨਮ ਸਾਖੀ ਵਿਚ ਕੁਝ ਲਿਖਦੇ। ਹਕੀਕਤ ਇਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਕਬੀਰ ਜੀ ਸਮਕਾਲੀ ਸਨ। ਭਗਤੀ ਦੀ ਲਹਿਰ ਸਮੇਂ ਹੋਏ ਹਨ। ਇਕੋ ਥਾਂ ਤੇ ਇਕੋ ਹਾਲਾਤ ਵਿਚ ਉਨ੍ਹਾਂ ਨੇ ਕੰਮ ਸ਼ੁਰੂ ਕੀਤਾ ਹੈ ਪਰ ਉਨ੍ਹਾਂ ਦੀ ਸਿਖਿਆ ਦਾ ਢੰਗ ਆਪਣਾ ਆਪਣਾ ਸੀ। ਅਸੂਲ ਵੱਖ ਵੱਖ ਸਨ। ਪਰ ਕੁਝ ਮਿਲਦੇ ਵੀ ਸਨ। ਜੇਕਰ ਫ਼ਰਕ ਨਾ ਹੁੰਦਾ ਤਾਂ ਦੋਹਾਂ ਦੇ ਮੱਤ ਵੱਖ ਵੱਖ ਨਾ ਚੱਲਦੇ। ਕਬੀਰ-ਪੰਥੀਆਂ ਨੇ ਗੁਰੂ ਜੀ ਬਾਰੇ ਕਈ ਗ਼ਲਤ-ਬਿਆਨੀਆਂ ਕੀਤੀਆਂ ਹਨ, ਜਿਨ੍ਹਾਂ ਦੇ ਕਾਰਣ ਕਈ ਲੇਖਕਾਂ ਨੂੰ ਭੁਲੇਖਾ ਲੱਗਾ ਹੈ। ਗੁਰੂ ਜੀ ਨੇ ਅਜਿਹੇ ਅਸੂਲ ਪੇਸ਼ ਕੀਤੇ ਹਨ, ਜਿਨ੍ਹਾਂ 'ਤੇ ਨਵਾਂ ਸਮਾਜ ਬਣਾਇਆ ਗਿਆ। ਕਬੀਰ ਜੀ ਨੇ ਪੁਰਾਣੇ ਸਮਾਜ ਵਿਚ ਸੁਧਾਰ ਕੀਤਾ ਹੈ।

---

੧. ਇਹ ਜਨਮ ਸਾਖੀ ਛੇਵੇਂ ਪਾਤਿਸ਼ਾਹ ਦੇ ਸਮੇਂ ਲਿਖੇ ਜਾਣ ਦਾ ਅਨੁਮਾਨ ਹੈ। ਇਹ ਈਸਟ ਇੰਡੀਆ ਕੰਪਨੀ ਦੇ ਰਾਜ ਸਮੇਂ ਕੋਲ ਬਰੁਕ ਨੇ ਵਲਾਇਤ ਭੇਜੀ ਸੀ, ਜੋ ਲੰਡਨ ਦੇ ਇੰਡੀਆ ਆਫ਼ਿਸ ਵਿਚ ਰੱਖੀ ਗਈ। ਅੰਮ੍ਰਿਤਸਰ ਦੇ ਸਿਖਾਂ ਨੇ ੧੮੮੩ ਈ: ਵਿਚ ਇਸ ਦੀ ਕਾਪੀ ਦੀ ਮੰਗ ਗੌਰਮਿੰਟ ਪੰਜਾਬ ਤੋਂ ਕੀਤੀ। ਸਰ ਚਾਰਲਸ ਐਚੀਸਨ ਗਵਰਨਰ ਪੰਜਾਬ ਦੇ ਹੁਕਮ ਨਾਲ ਇਸ ਜਨਮ ਸਾਖੀ ਦਾ ਅਕਸੀ ਉਤਾਰਾ ਸਰਵੇਅਰ ਜਨਰਲ ਦੀ ਮਾਰਫ਼ਤ ੧੮੮੫ ਈ: ਨੂੰ ਡੇਹਰਾਦੂਨ ਵਿਚ ਕੀਤਾ ਗਿਆ ਅਤੇ ਸਿਖ ਸਰਦਾਰਾਂ ਤੇ ਸਿਖ ਰਿਆਸਤਾਂ ਨੂੰ ਦਿੱਤਾ ਗਿਆ। ਇਸ ਦੀ ਕਾਪੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਤੋਸ਼ੇਖ਼ਾਨੇ ਵਿਚ ਵੀ ਹੈ। ਹੁਣ ਛਾਪੇ ਵਿਚ ਇਹ ਸਾਖੀ ਮਿਲਦੀ ਹੈ।

੨. ਦੇਖੋ *ਸੂਰਜ ਪ੍ਰਕਾਸ਼*, ਸੰਪਾਦਿਤ ਭਾਈ ਵੀਰ ਸਿੰਘ, ਸਫ਼ਾ ੨੦੪੩-੪੪।

# ਸ੍ਰੀ ਕਬੀਰ ਜੀ ਦੀ ਬਾਣੀ

ਪਿਛਲੇ ਦੋ ਕਾਂਡਾਂ ਵਿਚ ਅਸੀਂ ਭਗਤ ਕਬੀਰ ਜੀ ਦੀ ਬਾਣੀ ਅਤੇ ਜੀਵਨ ਵਿਚੋਂ ਹਿੰਦੂ ਧਰਮ ਤੇ ਇਸਲਾਮ ਬਾਰੇ ਉਨ੍ਹਾਂ ਦੇ ਵਿਚਾਰ ਪੇਸ਼ ਕਰ ਆਏ ਹਾਂ। ਹੁਣ ਭਗਤ ਜੀ ਦੀ ਬਾਣੀ ਸੰਬੰਧੀ ਕੁਝ ਵਿਚਾਰ ਕਰਦੇ ਹਾਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਕਬੀਰ ਜੀ ਦੇ ੫੪੧ ਸ਼ਬਦ ਤੇ ਸਲੋਕ ਦਰਜ ਹਨ। ਇਨ੍ਹਾਂ ਵਿਚ ਖੰਡਨ ਮੰਡਨ ਤੇ ਸੁਧਾਰਕ ਵਿਚਾਰਾਂ ਤੋਂ ਬਿਨਾਂ ਪ੍ਰੇਮ, ਭਗਤੀ, ਗਿਆਨ, ਵੈਰਾਗ, ਨਿਰਭੈਤਾ ਤੇ ਜੀਵਨ ਦੇ ਕਈ ਗੂਹੜ ਸਿਧਾਂਤ ਵੀ ਵਰਣਨ ਕੀਤੇ ਹਨ। ਕਈ ਜੀਵਨ-ਘਟਨਾਵਾਂ ਦਾ ਜ਼ਿਕਰ ਭੀ ਮਿਲਦਾ ਹੈ।

ਭਗਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਵੇਂ ਚੜ੍ਹਾਈ ਗਈ ? ਇਸ ਦਾ ਨਿਰਣਾ ਅਸੀਂ ਇਸ ਪੁਸਤਕ ਦੀ ਭੂਮਿਕਾ ਵਿਚ ਕਰ ਆਏ ਹਾਂ। ਇਥੇ ਇਤਨਾ ਹੀ ਦੱਸਣਾ ਕਾਫ਼ੀ ਹੈ ਕਿ ਕਬੀਰ ਜੀ ਦੀ ਕੁਝ ਬਾਣੀ ਪੰਚਮ ਪਾਤਿਸ਼ਾਹ ਜੀ ਨੇ ਸੈਂਚੀਆਂ ਵਿਚੋਂ ਲਈ, ਕੁਝ ਕਬੀਰ-ਪੰਥੀਆਂ ਪਾਸੋਂ ਇਕੱਤ੍ਰ ਕੀਤੀ। ਸ਼ੁਧ ਕਰ ਕੇ ਬੀੜ ਵਿਚ ਚੜ੍ਹਾਈ। ਜਿਤਨੀ ਸੰਭਾਲ ਸਤਿਗੁਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਕੀਤੀ ਹੈ, ਉਤਨੀ ਕਬੀਰ-ਪੰਥੀਆਂ ਨੇ ਕਬੀਰ ਜੀ ਦੀ ਬਾਣੀ ਦੀ ਨਹੀਂ ਕੀਤੀ, ਇਸ ਲਈ ਉਸ ਵਿਚ ਮਿਲਾਵਟ ਹੋਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਕਬੀਰ ਜੀ ਦੀ ਬਾਣੀ ਹੋਰ ਅਨੇਕਾਂ ਗ੍ਰੰਥਾਂ ਵਿਚ ਮਿਲਦੀ ਹੈ, ਜੋ ਕਬੀਰ-ਪੰਥੀਆਂ ਪਾਸ ਹਨ। ਕਬੀਰ-ਪੰਥੀ ਬਹੁਤ ਸਾਰੇ ਗ੍ਰੰਥਾਂ ਨੂੰ ਕਬੀਰ ਕ੍ਰਿਤ ਦੱਸਦੇ ਹਨ, ਪਰ ਇਹ ਇਕ ਸੱਚਾਈ ਹੈ ਕਿ ਪ੍ਰਾਪਤ ਰਚਨਾਵਾਂ ਵਿਚੋਂ ਅਸਲੀ ਤੇ ਨਕਲੀ ਰਚਨਾਵਾਂ ਦਾ ਨਿਰਣਾ ਕਰਨਾ ਬੜਾ ਕਠਨ ਹੈ। ਕਬੀਰ-ਪੰਥੀਆਂ ਦੇ ਜਿਤਨੇ ਪ੍ਰਮਾਣਿਕ ਗ੍ਰੰਥ ਹਨ, ਉਨ੍ਹਾਂ ਬਾਰੇ ਆਮ ਇਤਿਹਾਸਕਾਰਾਂ ਦੀ ਇਹ ਰਾਇ ਹੈ ਕਿ ਉਹ ਕਬੀਰ ਜੀ ਦੇ ਚਲਾਣੇ ਮਗਰੋਂ ਉਨ੍ਹਾਂ ਦੇ ਚੇਲਿਆਂ ਨੇ ਲਿਖੇ, ਸੰਗ੍ਰਹਿ ਕੀਤੇ ਅਥਵਾ ਪ੍ਰਚਲਤ ਕੀਤੇ ਹਨ। ਉਕਤ ਗ੍ਰੰਥਾਂ ਵਿਚ ਪਰਸਪਰ ਵਿਰੋਧੀ ਵਿਚਾਰ ਭੀ ਹਨ। ਇਸ ਲਈ ਇਹ ਮੰਨਣਾ ਪੈਂਦਾ ਹੈ ਕਿ ਕਬੀਰ ਜੀ ਦੀ ਬਾਣੀ ਵਿਚ ਕਾਫ਼ੀ ਕਾਂਟ-ਛਾਂਟ ਹੋਈ ਹੈ। ਪ੍ਰੋਫ਼ੈਸਰ ਬੀ.ਬੀ. ਰਾਇ ਆਪਣੀ *ਸੰਪ੍ਰਦਾਇ* ਨਾਮੀ ਉਰਦੂ ਪੁਸਤਕ ਦੇ ਪੰਨਾ ੬੩ ਉਪਰ ਲਿਖਦੇ ਹਨ—"ਜਹਾਂ ਤਕ ਮਾਲੂਮ ਹੋਤਾ ਹੈ, ਕਬੀਰ ਨੇ ਅਪਨੀ ਤਾਲੀਮੀ ਬਾਤੋਂ ਕੋ ਕਲਮ-ਬੰਦ ਨਹੀਂ ਕੀਆ। ਉਸ ਕੇ ਬਾਦ ਉਨ ਕੇ ਚੇਲੋਂ ਨੇ ਬਹੁਤ ਸੀ ਕਿਤਾਬੇਂ ਤਸਨੀਫ਼[1] ਕੀਂ। ਯਿਹ ਕਿਤਾਬੇਂ ਅਕਸਰ ਗੁਫ਼ਤਗੂ ਕੀ ਸੂਰਤ ਔਰ ਹਿੰਦੀ ਨਜ਼ਮ ਮੇਂ ਲਿਖੀ ਗਈਂ।" ਉਪਰੋਕਤ ਰਾਇ ਦੀ ਪੁਸ਼ਟੀ ਕਬੀਰ ਜੀ ਦੇ ਆਪਣੇ ਵਾਕਾਂ ਤੋਂ ਹੁੰਦੀ ਹੈ, ਜਿਹਾ ਕਿ :

**ਮਸਿ ਕਾਗਦ ਤੋ ਛੁਯੋ ਨਹੀਂ, ਕਲਮ ਗਹੀ ਨਹਿ ਹਾਥ।**
**ਚਾਰਹੁ ਜੁਗ ਮਹਾਤਮਹਿ ਕਹਿ ਕੈ ਜਨਾਯੋ ਨਾਥ।**

ਭਾਵ, ਇਹ ਹੈ ਕਿ ਕਬੀਰ ਜੀ ਨੇ ਗ੍ਰੰਥ ਲਿਖਣ ਲਈ ਕਲਮ ਪਕੜੀ ਹੀ ਨਹੀਂ। ਉਨ੍ਹਾਂ ਆਪਣੀ ਹੱਥੀਂ ਕੋਈ ਪੁਸਤਕ ਨਹੀਂ ਲਿਖੀ। ਸੋ ਕਬੀਰ ਜੀ ਦੀ ਬਾਣੀ ਠੀਕ

---

੧. ਕਵਿਤਾ ਦੀ ਰਚਨਾ ਕਰਨਾ।

ਉਨ੍ਹਾਂ ਅੱਖਰਾਂ ਵਿਚ ਹੀ ਲਿਖੀ ਗਈ ਹੈ ਜਾਂ ਓਸ ਵਿਚ ਹੋਰ ਸ਼ਬਦ ਨਹੀਂ ਮਿਲਾਏ ਗਏ, ਇਸ ਸੰਬੰਧੀ ਦਰੁਸਤ ਰਾਇ ਕਾਇਮ ਕਰਨੀ ਬੜੀ ਕਠਨ ਹੈ।

*ਕਬੀਰ-ਬੀਜਕ*[1] ਜੋ ਅੱਜ-ਕੱਲ੍ਹ ਪ੍ਰਚਲਤ ਹੈ ਤੇ ਕਬੀਰ-ਪੰਥੀਆਂ ਦਾ ਸਭ ਤੋਂ ਪ੍ਰਮਾਣਿਕ ਗ੍ਰੰਥ ਮੰਨਿਆ ਜਾਂਦਾ ਹੈ, ਭਗੂ ਦਾਸ ਨਾਮੀ ਕਬੀਰ-ਪੰਥੀ ਦਾ ਮੁਰੱਤਬ ਕੀਤਾ ਹੋਇਆ ਦੱਸਿਆ ਜਾਂਦਾ ਹੈ। ਮਹਾਰਾਜ ਵਿਸ਼ਵਾਨਾਥ ਸਿੰਹੁ, ਰੀਵਾ ਸਟੇਟ ਭਗੂ ਦਾਸ ਬਾਬਤ ਲਿਖਦੇ ਹਨ:

"ਭਗੂ ਦਾਸ ਬੀਜਕ ਲੇ ਭਾਗੇ ਹੈਂ", ਸੁ.....ਵਿਸਥਾਰ ਮੇਂ ਕਬੀਰ ਜੀ ਹੀ ਕਹਿ ਦੀਓ। ਕੀ ਕਿਹਾ ਨੇ? ਲਓ ਸੁਣੋ:

**ਭਾਗੂ ਦਾਸ ਕੀ ਖਬਰ ਜਨਾਈ। ਲੈ ਚਰਣਾਮ੍ਰਿਤ ਸਾਧੂ ਪਿਯਾਇ।**
**ਕੋਊ ਆਵ ਕਹਿ ਕਲਿ ਜਰਿ ਗਯਊ। ਬੀਜਕ ਗਰੰਥ ਚੁਰਾਇ ਲੈ ਗਯਊ।**
**ਸਤਿਗੁਰ ਕਹਿ ਵਹਿ ਨਿਗੁਰਾ ਪੰਥੀ। ਕਹਾਂ ਭਯੋ ਲੈ ਬੀਜਕ ਗਰੰਥੀ।**
**ਚੋਰੀ ਕਰ ਵਹਿ ਚੋਰ ਕਹਾਈ। ਕਾਹ ਭਯੋ ਬਡ ਭਗਤ ਕਹਾਈ।**

*(ਕਬੀਰ ਬੀਜਕ, ਪੰਨਾ ੨੯)*

ਉਪਰੋਕਤ ਵਾਕਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਭਗੂ ਦਾਸ ਨੇ 'ਬੀਜਕ' ਚੁਰਾਈ। ਕਬੀਰ ਜੀ ਨੇ ਉਸ ਨੂੰ ਨਿਗੁਰਾ ਤੇ ਚੋਰ ਕਿਹਾ। ਇਸ ਹਾਲਤ ਵਿਚ ਭਗੂ ਦਾਸ ਨੇ ਕੋਈ ਵਾਧਾ ਘਾਟਾ ਕੀਤਾ ਹੋਵੇ ਤਾਂ ਕੋਈ ਵੱਡੀ ਗੱਲ ਨਹੀਂ। ਰੀਵਾ-ਨਰੇਸ਼ ਨੇ ਇਹ ਵੀ ਲਿਖਿਆ ਹੈ ਕਿ ਭਗੂ ਦਾ ਅਸਲੀ ਨਾਮ ਭਗਵਾਨ ਦਾਸ ਸੀ, ਪਰ ਗ੍ਰੰਥ ਚੋਰੀ ਕਰ ਕੇ ਦੌੜ ਜਾਣ 'ਤੇ ਹੀ ਕਬੀਰ ਜੀ ਨੇ ਇਸ ਦਾ ਇਹ ਨਾਮ ਰੱਖਿਆ।

ਪ੍ਰਸ਼ਨ ਪੈਦਾ ਹੁੰਦਾ ਹੈ ਕਿ ਜਦ ਕਬੀਰ ਜੀ ਦੇ ਜੀਵਨ ਵਿਚ ਕੋਈ ਗ੍ਰੰਥ ਲਿਖਿਆ ਹੀ ਨਹੀਂ ਗਿਆ ਤਾਂ ਭਗੂ ਦਾਸ ਨੇ 'ਬੀਜਕ' ਕਿਥੋਂ ਚੁਰਾ ਲਈ? ਪਰਤੀਤ ਇਹ ਹੁੰਦਾ ਹੈ ਕਿ ਕਬੀਰ ਜੀ ਦੀ ਬਾਣੀ ਤੇ ਉਪਦੇਸ਼ ਉਹਨਾਂ ਦੇ ਚੇਲਿਆਂ ਨੇ ਕਿਸੇ ਨਾ ਕਿਸੇ ਸ਼ਕਲ ਵਿਚ ਅੰਕਿਤ ਕੀਤੇ। ਉਹਨਾਂ 'ਚੋਂ ਕੁਝ ਭਗੂ ਦਾਸ ਚੁਰਾ ਕੇ ਲੈ ਗਿਆ।

ਸ੍ਰੀ ਕਬੀਰ ਜੀ ਦੀ ਜੋ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਈ ਹੈ, ਉਸ ਦੇ ਕਈ ਸ਼ਬਦ *ਕਬੀਰ ਬੀਜਕ, ਕਬੀਰ ਸਤ ਸਾਖੀ, ਕਬੀਰ ਬਚਨਾਵਲੀ,* ਆਦਿਕ ਗ੍ਰੰਥਾਂ ਵਿਚ ਆਏ ਹੋਏ ਸ਼ਬਦਾਂ ਨਾਲ ਮਿਲਦੇ ਹਨ। ਕਬੀਰ-ਪੰਥੀਆਂ ਨੇ ਕਬੀਰ ਜੀ ਦੀ ਬਾਣੀ ਉਸ ਸੰਭਾਲ ਨਾਲ ਨਹੀਂ ਰੱਖੀ, ਜਿਸ ਤਰ੍ਹਾਂ ਸਤਿਗੁਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੰਭਾਲ ਕੇ ਰੱਖੀ ਹੈ। ਕਬੀਰ ਜੀ ਦੀ ਬਾਣੀ ਵਿਚ ਕਿੰਨਾ ਵਾਧਾ-ਘਾਟਾ ਹੋਇਆ, ਇਸ ਦਾ ਨਿਰਣਾ ਕਠਿਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਈ ਭਗਤ ਬਾਣੀ ਤੇ ਕਬੀਰ-ਪੰਥੀ ਗ੍ਰੰਥਾਂ ਵਿਚ ਆਏ ਹੋਏ ਮਿਲਦੇ ਸ਼ਬਦ ਸਾਰੇ ਦਰਜ ਕਰਨੇ ਕਠਿਨ ਹਨ। ਉਦਾਹਰਣ ਲਈ ਕੁਝ ਸ਼ਬਦ ਦਰਜ ਕਰਦੇ ਹਾਂ, ਜੋ ਕਈ ਥਾਵਾਂ 'ਤੇ ਵੱਧ-ਘੱਟ ਕਰ ਕੇ ਆਏ। ਯਥਾ:

---

੧. ਗੁਪਤ ਧਨ ਨੂੰ ਦੱਸਣ ਵਾਲੇ ਸੰਕੇਤਕ ਲੇਖ ਨੂੰ 'ਬੀਜਕ' ਕਹਿੰਦੇ ਹਨ। ਯਥਾ 'ਬੀਜਕ ਬਤਾਵੈ ਵਿਤ ਕੋ ਜੋ ਵਿਤ ਗੁਪਤਾ ਹੋਇ। ਸ਼ਬਦ ਬਤਾਵੈ ਜੀਵ ਕੋ ਬੂਝੈ ਵਿਰਲਾ ਕੋਇ।' ਪੰਜਾਬੀ ਦਾ 'ਬੀਚਕ' ਸ਼ਬਦ ਇਸ ਤੋਂ ਹੀ ਬਣਿਆ ਹੈ। ਵਪਾਰੀ ਗਾਹਕ ਨੂੰ ਜੋ ਮਾਲ ਦਿੰਦਾ ਹੈ, ਇਕ ਕਾਗ਼ਜ਼ 'ਤੇ ਉਸ ਦੀ ਕੀਮਤ ਤੇ ਰਕਮ ਦਾ ਜੋੜ ਲਿਖਦਾ ਹੈ, ਉਸ ਨੂੰ 'ਬੀਚਕ' ਕਹਿੰਦੇ ਹਨ।

### ਸ੍ਰੀ ਗੁਰੂ ਗ੍ਰੰਥ ਸਾਹਿਬ

(੧) ਤਨੁ ਰੈਨੀ ਮਨੁ ਪੁਨਰਪਿ ਕਰਿ ਹਉ ਪਾਚਉ ਤਤ ਬਰਾਤੀ॥
ਰਾਮ ਰਾਇ ਸਿਉ ਭਾਵਰਿ ਲੈਹਉ ਆਤਮ ਤਿਹ ਰੰਗਿ ਰਾਤੀ॥੧॥
ਗਾਉ ਗਾਉ ਰੀ ਦੁਲਹਨੀ ਮੰਗਲ ਚਾਰਾ॥
ਮੇਰੇ ਗ੍ਰਿਹਿ ਆਏ ਰਾਜਾ ਰਾਮ ਭਤਾਰਾ॥੧॥ ਰਹਾਉ॥
ਨਾਭਿ ਕਮਲ ਮਹਿ ਬੇਦੀ ਰਚਿ ਲੇ ਬ੍ਰਹਮ ਗਿਆਨ ਉਚਾਰਾ॥
ਰਾਮ ਰਾਇ ਸੋ ਦੂਲਹੁ ਪਾਇਓ ਅਸ ਬਡਭਾਗ ਹਮਾਰਾ॥੨॥
ਸੁਰਿ ਨਰ ਮੁਨਿ ਜਨ ਕਉਤਕ ਆਏ ਕੋਟਿ ਤੇਤੀਸ ਉਜਾਨਾਂ॥
ਕਹਿ ਕਬੀਰ ਮੋਹਿ ਬਿਆਹਿ ਚਲੇ ਹੈ ਪੁਰਖ ਏਕ ਭਗਵਾਨਾ॥੩॥

(ਆਸਾ, ਪੰਨਾ ੪੮੨)

### ਕਬੀਰ ਬੀਜਕ

(੧) ਦੁਲਹਨ ਗਾਵੋ ਮੰਗਲ ਚਾਰਾ।
ਹਮਰੇ ਘਰ ਆਏ ਰਾਮ ਭਤਾਰਾ।
ਤਨ ਰਤ ਕਰ ਮੈਂ ਮਨ ਰਤ ਕਰ ਰੇ ਪਾਚੋ ਤਤ ਬਰਾਤੀ।
ਰਾਮ ਦੇਵ ਮੋਹਿ ਬਿਆਹਿਨ ਏਹੈਂ ਮੈਂ ਜੋਬਨ ਮਦ ਮਾਤੀ।
ਸਰੀਰ ਸਰੋਵਰ ਬੇਦੀ ਕਰਹੋ ਬ੍ਰਹਮ ਵੇਦ ਉਚਾਰਾ।
ਰਾਮ ਦੇਵ ਸੰਗ ਭਾਵਰ ਲੈਹੋਂ ਧਨਿ ਧਨਿ ਭਾਗ ਹਮਾਰਾ।
ਸੁਰ ਤੇਤੀਸੋਂ ਕੌਤਕ ਆਏ ਮੁਨਿਵਰ ਕੋਟ ਅਠਾਸੀ।
ਕਹਿ ਕਬੀਰ ਹਮ ਬਯਾਹਿ ਚਲੇ ਹੈਂ ਪੁਰਖ ਏਕ ਅਬਿਨਾਸੀ। (ਪੰਨਾ ੪੩੧)

### ਕਬੀਰ ਸ਼ਬਦਾਵਲੀ

(੨) ਦੁਲਹਨ ਗਾਵੋ ਮੰਗਲ ਚਾਰ।
ਹਮ ਘਰ ਆਏ ਪਰਮ ਪੁਰਖ ਭਰਤਾਰ।
ਤਨਿ ਰਤਿ ਕਰ ਮੈਂ ਮਨ ਰਤ ਕਰਹੋਂ ਪਾਚੋਂ ਤਤ੍ਹ ਬਰਾਤੀ।
ਗੁਰਦੇਵ ਮੇਰੇ ਪਾਹੁਨ ਆਏ ਮੈਂ ਜੋਬਨ ਮੇਂ ਮਾਤੀ।
ਸਰੀਰ ਸਰੋਵਰ ਬੇਦੀ ਕਰਹੋਂ ਬ੍ਰਹਮ ਬੇਦ ਉਚਾਰ।
ਗੁਰ ਦੇਵ ਸੰਗ ਭਾਵਰ ਲੈਹੋਂ ਧਨ ਧਨ ਭਾਗ ਹਮਾਰ। (ਭਾਗ ੧, ਪੰਨਾ ੯-੧੦)

### ਸ੍ਰੀ ਗੁਰੂ ਗ੍ਰੰਥ ਸਾਹਿਬ

(੨) ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ॥
ਸਾਂਕਲ ਜੇਵਰੀ ਲੈ ਹੈ ਆਈ॥੧॥
ਆਪਨ ਨਗਰੁ ਆਪ ਤੇ ਬਾਧਿਆ॥
ਮੋਹ ਕੈ ਫਾਸਿ ਕਾਲ ਸਰੁ ਸਾਂਧਿਆ॥੧॥ ਰਹਾਉ॥

ਕਟੀ ਨ ਕਟੈ ਤੂਟਿ ਨਹ ਜਾਈ॥
ਸਾ ਸਾਪਨਿ ਹੋਇ ਜਗ ਕਉ ਖਾਈ॥੨॥
ਹਮ ਦੇਖਤ ਜਿਨਿ ਸਭੁ ਜਗੁ ਲੂਟਿਆ॥
ਕਹੁ ਕਬੀਰ ਮੈ ਰਾਮ ਕਹਿ ਛੂਟਿਆ॥੩॥ *(ਗਉੜੀ, ਪੰਨਾ ੩੨੯)*

*ਕਬੀਰ ਬੀਜਕ*

(੨) ਵੇਦ ਕੀ ਪੁਤ੍ਰੀ ਸਿਮ੍ਰਿਤਿ ਭਾਈ। ਸੋ ਜੇਵਰੀ ਕਰ ਲੈ ਤੈ ਆਈ।
ਆਪਹਿੰ ਬਰੀ ਆਪ ਗਰ ਬੰਧਾ। ਝੂਠੀ ਮੋਹ ਕਾਲ ਕੋ ਧੰਧਾ।
ਬੰਧਵਤ ਬੰਸ ਛੋਡ ਨ ਜਾਈ। ਵਿਸ਼ਯ ਸਰੂਪ ਭੂਲ ਦੁਨਿਆਈ।
ਹਮਰੇ ਲਖਤ ਸਗਲ ਜਗ ਲੂਟਾ। ਦਾਸ ਕਬੀਰ ਰਾਮ ਕਹਿ ਛੂਟਾ।
*(ਰਮੈਣੀ ੩੩ਵੀਂ, ਪੰਨਾ ੧੦੩)*

*ਸ੍ਰੀ ਗੁਰੂ ਗ੍ਰੰਥ ਸਾਹਿਬ*

(੩) ਜਿਉ ਜਲ ਛੋਡਿ ਬਾਹਰਿ ਭਇਓ ਮੀਨਾ॥
ਪੂਰਬ ਜਨਮ ਹਉ ਤਪ ਕਾ ਹੀਨਾ॥੧॥
ਅਬ ਕਹੁ ਰਾਮ ਕਵਨ ਗਤਿ ਮੋਰੀ॥
ਤਜੀਲੇ ਬਨਾਰਸ ਮਤਿ ਭਈ ਥੋਰੀ॥੧॥ ਰਹਾਉ॥ *(ਗਉੜੀ, ਪੰਨਾ ੩੨੬)*

*ਕਬੀਰ ਬੀਜਕ*

(੩) ਅਬ ਹਮ ਭਯਲ ਬਹਿਰ ਜਲ ਮੀਨਾ।
ਪੂਰਬ ਜਨਮ ਤਪੁ ਕਾ ਮਦ ਕੀਨਾ।
ਤਜ ਲੇ ਕਾਂਸ਼ੀ ਭੇ ਮਤ ਥੋਰੀ।
ਪ੍ਰਾਣ ਨਾਥ ਕਹੁ ਕਾ ਗਤ ਮੋਰੀ। *(ਸ਼ਬਦ ੧੦੮, ਪੰਨਾ ੪੧੧ ਟੀਕਾ)*

*ਸ੍ਰੀ ਗੁਰੂ ਗ੍ਰੰਥ ਸਾਹਿਬ*

(੪) ਓਇ ਜੁ ਦੀਸਹਿ ਅੰਬਰਿ ਤਾਰੇ॥
ਕਿਨਿ ਓਇ ਚੀਤੇ ਚੀਤਨਹਾਰੇ॥੧॥
ਕਹੁ ਰੇ ਪੰਡਿਤ ਅੰਬਰੁ ਕਾ ਸਿਉ ਲਾਗਾ॥
ਬੂਝੈ ਬੂਝਣਹਾਰੁ ਸਭਾਗਾ॥੧॥ ਰਹਾਉ॥ *(ਗਉੜੀ, ਪੰਨਾ ੩੨੯)*

*ਕਬੀਰ ਬੀਜਕ*

(੪) ਕਹੋ ਹੋ ਅੰਬਰ ਕਾਸੋਂ ਲਾਗਾ। ਚੇਤਨ ਹਾਰੇ ਚੇਤ ਸੁਭਾਗਾ।
ਅੰਬਰ ਮਧ ਯੇ ਦੀਸੈ ਤਾਰਾ। ਯਕ ਚੇਤੈ ਦੂਜੇ ਚਿਤਵਨ ਹਾਰਾ।
*(ਸ਼ਬਦ ੭੯ਵਾਂ, ਪੰਨਾ ੩੬੦)*

### ਸ੍ਰੀ ਗੁਰੂ ਗ੍ਰੰਥ ਸਾਹਿਬ

(੫) ਥਰਹਰ ਕੰਪੈ ਬਾਲਾ ਜੀਉ॥ ਨਾ ਜਾਨਉ ਕਿਆ ਕਰਸੀ ਪੀਉ॥੧॥
ਰੈਨਿ ਗਈ ਮਤ ਦਿਨੁ ਭੀ ਜਾਇ॥ ਭਵਰ ਗਏ ਬਗ ਬੈਠੇ ਆਇ॥੧॥ ਰਹਾਉ॥
ਕਾਚੈ ਕਰਵੈ ਰਹੈ ਨ ਪਾਨੀ॥ ਹੰਸੁ ਚਲਿਆ ਕਾਇਆ ਕੁਮਲਾਨੀ॥੨॥
ਕੁਆਰ ਕੰਨਿਆ ਜੈਸੇ ਕਰਤ ਸੀਗਾਰਾ॥ ਕਿਉ ਰਲੀਆ ਮਾਨੈ ਬਾਝੁ ਭਤਾਰਾ॥੩॥
ਕਾਗ ਉਡਾਵਤ ਭੁਜਾ ਪਿਰਾਨੀ॥ ਕਹਿ ਕਬੀਰ ਇਹ ਕਥਾ ਸਿਰਾਨੀ॥੪॥

*(ਸੂਹੀ, ਪੰਨਾ ੭੯੨)*

### ਕਬੀਰ ਬੀਜਕ

(੫) ਭੰਵਰ ਉਡੇ ਬਗ ਬੈਠੇ ਆਇ। ਰੈਨਿ ਗਈ ਦਿਵਸੋ ਚਲ ਜਾਇ।
ਹਲ ਹਲ ਕਾਯੇਂ ਬਾਲਾ ਜੀਵ। ਨਾ ਜਾਨੈਂ ਕਾ ਕਰਹੈ ਪੀਵ।
ਕਾਚੇ ਬਾਸਨ ਟਿਕੇ ਨ ਪਾਨੀ। ਓਡ ਗਯੇ ਹੰਸ ਕਾਯ ਕੁਮਲਾਨੀ।

*(ਸ਼ਬਦ ੧੦੬ਵਾਂ, ਪੰਨਾ ੪੦੮)*

### ਸ੍ਰੀ ਗੁਰੂ ਗ੍ਰੰਥ ਸਾਹਿਬ

(੬) ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥੨॥

*(ਮਾਰੂ, ਪੰਨਾ ੧੧੦੩)*

### ਕਬੀਰ ਬੀਜਕ

(੬) ਧਰਮ ਕਥੇ ਜਹਾਂ ਜੀਵ ਬਧੇ ਤਹਾਂ ਅਧਰਮ ਕਹੋ ਮੇਰੇ ਭਾਈ।
ਜੋ ਤੁਹਰਾ ਕੋ ਬ੍ਰਾਹਮਨ ਕਹਿਯੇ ਤੋ ਕਾਕੋ ਕਹੋ ਕਸਾਈ।

### ਸ੍ਰੀ ਗੁਰੂ ਗ੍ਰੰਥ ਸਾਹਿਬ

(੭) ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ॥
ਹਿੰਦੂ ਮੂਰਤਿ ਨਾਮੁ ਨਿਵਾਸੀ ਦੁਹ ਮਹਿ ਤਤੁ ਨ ਹੇਰਾ॥੧॥.....
ਦਖਨਿ ਦੇਸਿ ਹਰੀ ਦਾ ਬਾਸਾ ਪਛਿਮਿ ਅਲਹ ਮੁਕਾਮਾ॥
ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ॥

*(ਪ੍ਰਭਾਤੀ, ਪੰਨਾ ੧੩੪੯)*

### ਕਬੀਰ ਬੀਜਕ

(੭) ਜੋ ਖੁਦਾਇ ਮਹਿਜੀਦ ਬਸਤੁ ਹੈ ਔਰ ਮੁਲਕ ਕਿਸ ਕੇਰਾ।
ਤੀਰਥ ਮੂਰਤਿ ਰਾਮ ਨਿਵਾਸੀ ਦੁਹੁ ਮੇਂ ਕਿਨਹੁ ਨ ਹੇਰਾ।
ਪੂਰਬ ਦਿਸਾ ਹਰੀ ਕੋ ਬਾਸਾ ਪਛਿਮ ਅਲਹ ਮੁਕਾਮਾ।
ਦਿਲ ਮੇਂ ਖੋਜ ਦਿਲਹਿਂ ਮੇਂ ਖੋਜੋ ਯਹੀ ਕਰੀਮਾ ਰਾਮਾ।

'ਗਉੜੀ ਬਾਵਨ ਅੱਖਰੀ' ਦੇ ਬਹੁਤ ਸਾਰੇ ਸਲੋਕ *ਕਬੀਰ ਬੀਜਕ* ਵਿਚ ਮਿਲਦੇ ਹਨ। ਪਰ ਉਥੇ ਸਿਰਲੇਖ ਹੈ : 'ਚੌਂਤੀਸੀ'। ਇਵੇਂ *ਕਬੀਰ ਸਤ ਸਾਖੀ* ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਕਬੀਰ ਜੀ ਦੇ ਕਈ ਸਲੋਕ ਕੁਝ ਅੱਖਰਾਂ ਦਾ ਵਾਧਾ ਘਾਟਾ ਕਰ ਕੇ ਮਿਲਦੇ ਹਨ। ਕਬੀਰ-ਪੰਥੀ ਗ੍ਰੰਥਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਸ਼ਬਦਾਂ ਨੂੰ ਰਲਾ ਕੇ ਪੜ੍ਹਿਆਂ ਦਿਲ ਵਿਚ ਦੋ ਖ਼ਿਆਲ ਉਤਪੰਨ ਹੁੰਦੇ ਹਨ :

(੧) ਗੁਰੂ ਅਰਜਨ ਦੇਵ ਜੀ ਨੇ ਕਬੀਰ ਜੀ ਦੀ ਬਾਣੀ ਆਪਣੀ ਮਰਜ਼ੀ ਅਨੁਸਾਰ ਵੱਧ ਘੱਟ ਕਰ ਕੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੀ ਹੈ ਜਾਂ ਉਸੇ ਰੂਪ ਵਿਚ। ਕਬੀਰ ਜੀ ਦਾ ਦੇਹਾਂਤ ੧੫੭੫ ਬਿ: ਵਿਚ ਹੋਇਆ ਹੈ ਤੇ ਪੰਚਮ ਗੁਰੂ ਨੇ ੧੬੬੦ ਬਿ: ਵਿਚ ਬੀੜ ਤਿਆਰ ਕੀਤੀ ਹੈ। ੮੫ ਸਾਲ ਦੇ ਵਿਚਲੇ ਸਮੇਂ ਵਿਚ ਕੀ ਅਸਲੀ ਬਾਣੀ ਗੁਰੂ ਜੀ ਤਕ ਪੁੱਜੀ ਹੈ, ਜਾਂ ਵੱਧ ਘੱਟ ਕੀਤੀ ਹੋਈ ?

(੨) ਕਬੀਰ-ਪੰਥੀਆਂ ਨੇ ਕਬੀਰ ਜੀ ਦੀ ਬਾਣੀ ਵਿਚ ਉਨ੍ਹਾਂ ਦੇ ਦੇਹਾਂਤ ਮਗਰੋਂ ਹੁਣ ਤਕ ਕੋਈ ਕਾਂਟ-ਛਾਂਟ ਕੀਤੀ ਹੈ ਜਾਂ ਨਹੀਂ ? ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਈ ਬਾਣੀ ਹੀ ਪੁਰਾਤਨ ਹੋਣ ਕਰਕੇ ਪ੍ਰਮਾਣਿਕ ਹੈ। ਉਸ ਦੇ ਅਸਲੀ ਹੋਣ ਵਿਚ ਇਸ ਲਈ ਸ਼ੱਕ ਨਹੀਂ ਕੀਤਾ ਜਾ ਸਕਦਾ, ਕਿਉਂ ਜੁ ਪੰਚਮ ਗੁਰੂ ਜੀ ਦਾ ਜਿਥੇ ਵੀ ਕਿਸੇ ਭਗਤ ਦੀ ਬਾਣੀ ਨਾਲ ਮੱਤ-ਭੇਦ ਹੋਇਆ, ਉਥੇ ਬਾਣੀ ਬਦਲਣ ਦੀ ਥਾਵੇਂ ਆਪ ਨੇ 'ਮ: ੫' ਦੇ ਕੇ ਨੋਟ ਚੜ੍ਹਾਇਆ ਹੈ। 'ਗਉੜੀ ਕਬੀਰ ਜੀ ਕੀ ਨਾਲ ਰਲਾਇ ਲਿਖਿਆ ਮ: ੫' ਦਾ ਸਿਰਲੇਖ ਇਸ ਗੱਲ ਦੀ ਪੁਸ਼ਟੀ ਕਰਦਾ ਹੈ। ਇਕ ਗੱਲ ਮੰਨੀ ਜਾ ਸਕਦੀ ਹੈ ਕਿ ਰਾਗਾਂ ਦਾ ਕ੍ਰਮ ਗੁਰੂ ਜੀ ਨੇ ਬਣਾਇਆ। ਕਿਉਂਕਿ ਕਬੀਰ ਜੀ ਦੇ ਦੂਜੇ ਗ੍ਰੰਥਾਂ ਵਿਚ ਜੋ ਬਾਣੀ ਹੈ, ਉਹ ਰਾਗਾਂ ਵਿਚ ਨਹੀਂ, ਬਲਕਿ ਉਸ ਵਿਚ ਰਮੈਣੀ ੩੩ਵੀਂ, ਸਾਖੀ, ਅੰਗ ਅਤੇ ਜਿਸ ਜਿਸ ਵਿਸ਼ੇ ਉਪਰ ਉਚਾਰੀ ਗਈ ਹੈ, ਉਸ ਦੇ ਸਿਰਲੇਖ ਹੇਠਾਂ ਮਿਲਦੀ ਹੈ। ਦੂਜੇ ਖ਼ਿਆਲ ਦੀ ਪੁਸ਼ਟੀ ਕਬੀਰ-ਪੰਥੀਆਂ ਦੇ ਗ੍ਰੰਥ ਖ਼ੁਦ ਹੀ ਕਰਦੇ ਹਨ, ਇਸ ਲਈ ਨਿਰਸੰਦੇਹ ਕਿਹਾ ਜਾ ਸਕਦਾ ਹੈ ਕਿ ਚੇਲਿਆਂ ਨੇ ਪਿੱਛੋਂ ਕਾਫ਼ੀ ਵਾਧਾ-ਘਾਟਾ ਕੀਤਾ ਹੈ।

ਕਬੀਰ ਜੀ ਦੇ ਨਾਮ ਉਪਰ ਰਚਿਤ ਗ੍ਰੰਥਾਂ ਦੀ ਗਿਣਤੀ ਬਾਰੇ ਇਤਿਹਾਸ ਖੋਜੀਆਂ ਦੀਆਂ ਭਿੰਨ ਭਿੰਨ ਰਾਵਾਂ ਹਨ।

*ਮਿਸਰ ਬੰਧੂ ਵਿਨੋਦ* ਭਾਗ ੧, ਪੰਨਾ ੧੧੩ ਉਪਰ ਲਿਖਿਆ ਹੈ—'ਉਨੋਂ (ਕਬੀਰ) ਨੇ ਕੋਈ ਪਚਾਸ ਗ੍ਰੰਥ ਬਨਾਏ, ਜਿਨ ਮੇਂ ਸੇ ੪੬ ਕਾ ਪਤਾ ਲਗ ਚੁਕਾ ਹੈ।'

*(ਕ.ਬ. ਪੰਨਾ ੩੯)*

ਪਾਦਰੀ ਵੇਸਕਟ ਉਕਤ ਗ੍ਰੰਥਾਂ ਦੀ ਗਿਣਤੀ ੮੨ ਤੇ ਮਿਸਟਰ ਵਿਲਸਨ ਆਪਣੀ ਪੁਸਤਕ *ਰਿਲੀਜਨ ਆਫ਼ ਦੀ ਹਿੰਦੂਜ਼* ਵਿਚ *੭੬-੭੭* ਦੇ ਲਗਭਗ ਦੱਸਦਾ ਹੈ। ਪਾਠਕਾਂ ਦੀ ਦਿਲਚਸਪੀ ਲਈ ਕੁਝ ਕੁ ਗ੍ਰੰਥਾਂ ਦੇ ਨਾਮ ਹੇਠਾਂ ਦਰਜ ਕਰਦੇ ਹਾਂ :

੧. **ਕਬੀਰ ਬੀਜਕ**—ਇਹ ਕਬੀਰ-ਪੰਥੀਆਂ ਦੀ ਪ੍ਰਸਿੱਧ ਪੋਥੀ ਹੈ। ਇਸ ਦੇ ੬੫੪ ਅਧਿਆਇ ਹਨ। ਬੀਜਕ ਦੋ ਹਨ—ਵੱਡਾ ਤੇ ਛੋਟਾ। ਕਬੀਰ-ਪੰਥੀ ਕਹਿੰਦੇ ਹਨ ਕਿ ਵੱਡਾ ਬੀਜਕ ਕਾਸ਼ੀ ਦੇ ਰਾਜੇ ਪ੍ਰਤਿ ਉਚਾਰਿਆ ਗਿਆ ਸੀ। ਦੂਜਾ ਬੀਜਕ ਭਗੂ ਦਾਸ ਦਾ ਸੰਗ੍ਰਹਿ ਕੀਤਾ ਹੋਇਆ ਹੈ। ਇਸ ਦੇ ਕਈ ਟੀਕੇ ਮਿਲਦੇ ਹਨ।

੨. **ਗੋਰਖ ਕੀ ਗੋਸ਼ਟੀ**—ਇਸ ਵਿਚ ਕਬੀਰ ਤੇ ਗੋਰਖ ਦਾ ਸੰਬਾਦ ਹੈ।

੩. **ਰਾਮਾਨੰਦ ਕੀ ਗੋਸ਼ਟੀ**—ਇਸ ਵਿਚ ਰਾਮਾਨੰਦ ਤੇ ਕਬੀਰ ਦੀ ਚਰਚਾ ਹੈ।

੪. **ਸੁਖ ਨਿਧਾਨ**—ਇਸ ਗ੍ਰੰਥ ਦੇ ਸੰਗ੍ਰਹਿ ਕਰਤਾ ਸ੍ਰੁਤ ਗੁਪਾਲ ਦਾਸ ਹਨ। ਇਹ ਗ੍ਰੰਥ ਸਮੂਹ ਗ੍ਰੰਥਾਂ ਦੀ ਕੁੰਜੀ ਮੰਨੀ ਜਾਂਦੀ ਹੈ।

ਇਨ੍ਹਾਂ ਤੋਂ ਬਿਨਾ *ਕਬੀਰ ਪਾਂਜੀ, ਬਲਖ ਕੀ ਰੋਸ਼ਨੀ, ਆਨੰਦ, ਰਾਮ ਸਾਗਰ, ਸ਼ਬਦਾਵਲੀ, ਮੰਗਲ, ਬਸੰਤ, ਰਖਤਾ, ਝੂਲਨਾ, ਚਾਚਰ, ਅਲਫ਼ਨਾਮਾ, ਸਾਖੀ, ਗਿਆਨ ਪ੍ਰਕਾਸ਼, ਸ੍ਵਾਂਸ ਗੁੰਜਾਰ, ਗਿਆਨ ਸਾਗਰ, ਅਨੁਰਾਗ ਸਾਗਰ, ਕਬੀਰ ਬਾਨੀ* ਤੇ *ਵਿਵੇਕ ਸਾਗਰ*, ਆਦਿਕ ਗ੍ਰੰਥ ਹਨ।

*(ਕ: ਬ:, ਪੰਨਾ ੩੧-੩੩, ਸਤ ਸਾਖੀ ਦੀ ਭੂਮਿਕਾ, ਪੰਨਾ ੮)*

ਕਬੀਰ ਜੀ ਦੀ ਬਾਣੀ ਦੀ ਬੋਲੀ ਹਿੰਦੀ ਹੈ ਜੋ ਕਾਸ਼ੀ, ਮਿਰਜ਼ਾਪੁਰ ਤੇ ਗੋਰਖਪੁਰ ਆਦਿਕ ਜ਼ਿਲ੍ਹਿਆਂ ਵਿਚ ਬੋਲੀ ਜਾਂਦੀ ਹੈ। ਆਪ ਨੇ ਇਕ ਤਾਂ ਵਿਸ਼ੇ ਗੂਹੜ ਕਥਨ ਕੀਤੇ ਹਨ, ਦੂਜੇ ਬੋਲੀ ਭੀ ਪੁਰਾਤਨ ਹੈ, ਇਸ ਲਈ ਬਾਣੀ ਬਹੁਤ ਕਠਿਨ ਜਾਪਦੀ ਹੈ। ਕਬੀਰ ਜੀ ਨੇ ਕਥਨ ਸਮੇਂ ਸਾਹਿਤਕ ਬੰਧਨਾਂ ਦੀ ਪਰਵਾਹ ਨਹੀਂ ਕੀਤੀ। ਇਕ ਗੱਲ ਵਿਸ਼ੇਸ਼ ਧਿਆਨ ਯੋਗ ਇਹ ਹੈ ਕਿ ਕਬੀਰ ਜੀ ਦੀ ਬੋਲੀ ਹਿੰਦੀ ਹੈ ਪਰ ਇਸ ਵਿਚ ਪੰਜਾਬੀਪਨ ਮਿਲਦਾ ਹੈ। ਕਬੀਰ ਜੀ ਨੇ ਆਪ ਕਿਹਾ ਹੈ ਕਿ ਮੇਰੀ ਬੋਲੀ ਬਨਾਰਸੀ ਹੈ। ਪੰਜਾਬੀਪਨ ਦਾ ਕਾਰਨ ਪੰਜਾਬੀ ਸਾਧੂਆਂ ਦੀ ਸੰਗਤ ਕਰ ਕੇ ਮੰਨਣਾ ਠੀਕ ਹੋਵੇਗਾ।[੧] ਇਸੇ ਤਰ੍ਹਾਂ ਅਰਬੀ, ਫ਼ਾਰਸੀ, ਸੰਸਕ੍ਰਿਤ ਤੇ ਰਾਜਸਥਾਨੀ ਦੇ ਸ਼ਬਦ ਭੀ ਆਪ ਦੀ ਬਾਣੀ ਵਿਚ ਮਿਲਦੇ ਹਨ। ਇਹ ਮੇਲ-ਜੋਲ ਤੇ ਦੇਸ਼ਾਂਟਨ ਦਾ ਨਤੀਜਾ ਹੈ। ਬਾਣੀ ਵਿਚ ਪ੍ਰੇਮ-ਭਗਤੀ ਦੀ ਪ੍ਰਧਾਨਤਾ ਹੈ। ਹਾਸ-ਰਸ ਵਿਚ ਸੁਧਾਰਕ ਭਾਵਾਂ ਨੂੰ ਵਰਣਨ ਕੀਤਾ ਹੈ।

**ਬਾਵਨ ਅਖਰੀ**—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਬੀਰ ਜੀ ਦੀ ਇਕ ਖ਼ਾਸ ਬਾਣੀ 'ਗਉੜੀ ਪੂਰਬੀ ਬਾਵਨ ਅਖਰੀ' ਹੈ। ਬਾਵੰਨ ਦੇ ਅਰਥ ਹਨ—ਬਵੰਜਾ। ਸੰਸਕ੍ਰਿਤ ਦੇ ੫੨ ਅੱਖਰ ਹਨ। ਆਰੰਭਕ ਅੱਖਰ ਅ, ਆ, ਇ, ਈ, ੳ, ਊ ਹਨ। ਕਬੀਰ ਸਾਹਿਬ ਬਾਵਨ ਅਖਰੀ ਵਿਚ ਸੰਸਕ੍ਰਿਤ ਦੇ ੫੨ ਅੱਖਰ ਕ੍ਰਮ ਅਨੁਸਾਰ ਨਹੀਂ ਨਿਭਾਹੁੰਦੇ। ਬਾਵਨ ਅਖਰੀ ਦੇ ਆਰੰਭ ਵਿਚ ਲਿਖਦੇ ਹਨ:

**ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ॥**
**ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ॥** *(ਪੰਨਾ ੩੪੦)*

ਭਾਵ, ਬਵੰਜਾ ਅੱਖਰਾਂ ਵਿਚ ਤਿੰਨ ਲੋਕ ਤੇ ਸਾਰੀ ਮਾਦੀ ਦੁਨੀਆਂ ਦਾ ਗਿਆਨ ਹੋ ਸਕਦਾ ਹੈ, ਪਰ ਵਾਹਿਗੁਰੂ ਇਨ੍ਹਾਂ ਅੱਖਰਾਂ ਵਿਚ ਨਹੀਂ।

ਅੱਖਰਾਂ ਦਾ ਕ੍ਰਮ 'ਅ' ਤੇ 'ੳ' ਤੋਂ ਸ਼ੁਰੂ ਕਰਦੇ ਹਨ, ਜਿਹਾ ਕਿ:

(੧) **ਅਲਹ ਲਹਉ ਤਉ ਕਿਆ ਕਹਉ.....**

(੨) **ਓਅੰਕਾਰ ਆਦਿ ਮੈ ਜਾਨਾ॥** *(ਪੰਨਾ ੩੪੦)*

---

੧. *ਕਬੀਰ ਗ੍ਰੰਥਾਵਲੀ*, ਬਾਬੂ ਸਿਆਮ ਸੁੰਦਰ ਦਾਸ, ਪੰਨਾ ੬-੭।

ਗੁਰਮੁਖੀ ਲਿੱਪੀ ਦੇ 'ੳ' ਤੋਂ ਲੈ ਕੇ 'ੜ' ਤਕ ਪੈਂਤੀ ਅੱਖਰ ਹਨ। ਇਹ 'ਕ' ਤੋਂ ਲੈ ਕੇ 'ਵ' ਤਕ ਕ੍ਰਮ ਅਨੁਸਾਰ ਸੰਸਕ੍ਰਿਤ ਜਾਂ ਹਿੰਦੀ ਨਾਲ ਮਿਲਦੇ ਹਨ। ਕਬੀਰ ਜੀ ਦੀ ਬਾਵਨ ਅਖਰੀ ਵਿਚ ਵੀ 'ਕ' ਤੋਂ ਲੈ ਕੇ 'ਵ' ਤਕ ਕ੍ਰਮ ਅਨੁਸਾਰ ਮਿਲਦੇ ਹਨ। ਸੰਸਕ੍ਰਿਤ ਜਾਂ ਹਿੰਦੀ ਕ, ਖ, ਗ ਦਾ ਇਕਹਿਰਾ ਉਚਾਰਣ ਹੁੰਦਾ ਹੈ। ਗੁਰਮੁਖੀ ਵਿਚ ਕ ਨੂੰ ਕਕਾ, ਖ ਨੂੰ ਖਖਾ, ਗ ਨੂੰ ਗਗਾ ਭਾਵ ਦੂਹਰਾ ਉਚਾਰਣ ਕੀਤਾ ਜਾਂਦਾ ਹੈ। ਕਬੀਰ ਜੀ ਨੇ ਬਾਵਨ ਅਖਰੀ ਵਿਚ ਇਸੇ ਢੰਗ ਨਾਲ ਉਚਾਰਣ ਕੀਤਾ ਹੈ। ਉਦਾਹਰਣ ਲਈ :

(੧) **ਕਕਾ ਕਿਰਣਿ ਕਮਲ ਮਹਿ ਪਾਵਾ॥** *(ਪੰਨਾ ੩੪੦)*

(੨) **ਖਖਾ ਇਹੈ ਖੋੜਿ ਮਨੁ ਆਵਾ॥** *(ਪੰਨਾ ੩੪੦)*

(੩) **ਗਗਾ ਗੁਰ ਕੇ ਬਚਨ ਪਛਾਨਾ॥** *(ਪੰਨਾ ੩੪੦)*

'ਕ' ਤੋਂ 'ਵ' ਤਕ ਇਸੇ ਤਰ੍ਹਾਂ ਬਾਣੀ ਲਿਖੀ ਹੈ। ਇਹ ਇਸ ਗੱਲ ਦਾ ਪ੍ਰਮਾਣ ਹੈ ਕਿ ਕਬੀਰ ਜੀ ਦੀ ਬਾਵਨ ਅਖਰੀ ਗੁਰਮੁਖੀ ਅੱਖਰਾਂ ਦੇ ਉਚਾਰਣ ਤੇ ਲਿੱਪੀ ਨਾਲ ਮਿਲਦੀ ਹੈ।

ਸੰਸਕ੍ਰਿਤ ਦੇ ਸ਼, ਰ ਆਦਿਕ ਦੂਹਰੇ ਅੱਖਰਾਂ ਨੂੰ ਬਾਵਨ ਅਖਰੀ ਦੇ ਅੰਤ ਵਿਚ ਵਰਣਨ ਕੀਤਾ ਹੈ।

ਕਬੀਰ ਜੀ ਦੀ ਬਾਣੀ ਵਿਚ ਇਕ ਖ਼ਾਸ ਗੱਲ ਹੋਰ ਹੈ ਕਿ ਕਈ ਸ਼ਬਦ ਦ੍ਰਿਸ਼ਟ-ਕੂੰਟ ਵਾਂਙੂੰ ਕਥਨ ਕਰਦੇ ਹਨ। ਜਦ ਮਨੁੱਖ ਦੀਆਂ ਗਿਆਨ ਇੰਦ੍ਰੀਆਂ ਦੇ ਹੁਲਾਸਾਂ ਨੂੰ ਪਸ਼ੂਆਂ ਦੀ ਬਿਰਤੀ ਨਾਲ ਤਸ਼ਬੀਹ ਦੇ ਕੇ ਅਣਹੋਣੀਆਂ ਗੱਲਾਂ ਨੂੰ ਕਥਨ ਕਰਦੇ ਹਨ ਤਾਂ ਚਕ੍ਰਿਤ ਕਰ ਦਿੰਦੇ ਹਨ। ਜਿਹਾ ਕਿ 'ਫੀਲ ਰਬਾਬੀ ਬਲਦ ਪਖਾਵਜ' ਤੇ 'ਪਹਿਲਾ ਪੂਤ ਪਿਛੈ ਰੀ ਮਾਈ' ਦੇ ਸ਼ਬਦ ਹਨ। ਅਜਿਹੇ ਬਿਖਮ ਸ਼ਬਦ ਆਪ ਦੀ ਬਾਣੀ ਵਿਚ ਹੀ ਮਿਲਦੇ ਹਨ। ਕਬੀਰ ਜੀ ਦੇ ਦੋਹਰੇ ਤੇ ਸਲੋਕ ਡਾਢੇ ਮਿਠੇ, ਭਾਵ-ਪੂਰਤ, ਸੌਖੇ ਤੇ ਸਰਬ-ਪ੍ਰਿਅ ਹਨ। ਕਈ ਮੁਹਾਵਰੇ ਬਣ ਕੇ ਲੋਕਾਂ ਦੀ ਜ਼ਬਾਨ 'ਤੇ ਚੜ੍ਹੇ ਹੋਏ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਕਬੀਰ ਜੀ ਦੀ ਬਾਣੀ ਦੀਆਂ ਕੁਝ ਉਦਾਹਰਣਾ ਪੇਸ਼ ਕਰਦੇ ਹਾਂ :

## ੧. ਭਗਤੀ

(੧) **ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥ ਬਿਧਵਾ ਕਸ ਨ ਭਈ ਮਹਤਾਰੀ॥੧॥**
**ਜਿਹ ਨਰ ਰਾਮ ਭਗਤਿ ਨਹਿ ਸਾਧੀ॥ ਜਨਮਤ ਕਸ ਨ ਮੁਓ ਅਪਰਾਧੀ॥੧॥ ਰਹਾਉ॥**
*(ਗਉੜੀ, ਪੰਨਾ ੩੨੮)*

(੨) **ਭਗਤਿ ਬਿਨੁ ਬਿਰਥੇ ਜਨਮੁ ਗਇਓ॥**
**ਸਾਧ ਸੰਗਤਿ ਭਗਵਾਨ ਭਜਨ ਬਿਨੁ ਕਹੀ ਨ ਸਚੁ ਰਹਿਓ॥੧॥ ਰਹਾਉ॥**
**ਜਿਉ ਉਦਿਆਨ[1] ਕੁਸਮ[2] ਪਰਫੁਲਿਤ[3] ਕਿਨਹਿ ਨ ਘ੍ਰਾਉ[4] ਲਇਓ॥**
*(ਗਉੜੀ, ਪੰਨਾ ੩੩੬)*

---

੧. ਜੰਗਲ। ੨. ਫੁੱਲ। ੩. ਸੁਗੰਧੀ। ੪. ਪੱਛਮ ਦੇ ਕਵੀ ਗਰੇ ਨੇ ਲਿਖਿਆ ਹੈ—"ਸਮੁੰਦਰ ਦੀ ਤਹਿ ਵਿਚ ਬਹੁਤ ਸਾਰੇ ਮੋਤੀ ਅਜਿਹੇ ਪਏ ਹਨ, ਜਿਨ੍ਹਾਂ ਦੀ ਚਮਕ ਨੂੰ ਕੋਈ ਨਹੀਂ ਵੇਖ ਸਕਦਾ। ਜੰਗਲ ਵਿਚ ਕਈ ਫੁੱਲ ਐਸੇ ਖਿੜੇ ਹੋਏ ਹਨ, ਜਿਨ੍ਹਾਂ ਦੀ ਸੁੰਦਰਤਾ ਨੂੰ ਕੋਈ ਨਹੀਂ ਦੇਖਦਾ, ਸੁਗੰਧੀ ਕੋਈ ਨਹੀਂ ਲੈਂਦਾ।

(੩) ਕਬੀਰ ਰਾਮੁ ਨ ਛੋਡੀਐ ਤਨੁ ਧਨੁ ਜਾਇ ਤ ਜਾਉ॥
ਚਰਨ ਕਮਲ ਚਿਤੁ ਬੇਧਿਆ ਰਾਮਹਿ ਨਾਮਿ ਸਮਾਉ॥੧੦੨॥ *(ਪੰਨਾ ੧੩੬੯)*

(੪) ਕਬੀਰ ਸੋਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ॥
ਦੇਹੀ ਕਿਸਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ॥੧੧੦॥ *(ਪੰਨਾ ੧੩੭੦)*

(੫) ਕਬੀਰ ਲਾਗੀ ਪ੍ਰੀਤਿ ਸੁਜਾਨ ਸਿਉ ਬਰਜੈ ਲੋਗੁ ਅਜਾਨੁ॥
ਤਾ ਸਿਉ ਟੂਟੀ ਕਿਉ ਬਨੈ ਜਾ ਕੇ ਜੀਅ ਪਰਾਨ॥੨੧੭॥ *(ਪੰਨਾ ੧੩੭੬)*

ਕਬੀਰ ਜੀ ਜਨਮ ਤੋਂ ਮੁਸਲਮਾਨ ਸਨ। ਇਸ ਦਾ ਕੁਝ ਅਸਰ ਉਨ੍ਹਾਂ ਦੀ ਬਾਣੀ ਦੇ ਖ਼ਿਆਲਾਂ ਦੀ ਬਣਾਵਟ ਵਿਚ ਮਿਲਦਾ ਹੈ। ਆਪ ਬਾਣੀ ਵਿਚ ਅਰਬੀ ਤੇ ਫ਼ਾਰਸੀ ਦੇ ਕਈ ਸ਼ਬਦ ਵਰਤਦੇ ਹਨ। ਜਿਹਾ ਕਿ :

ਬੇਦ ਕਿਤੇਬ ਇਫਤਰਾ[1] ਭਾਈ ਦਿਲ ਕਾ ਫਿਕਰੁ ਨ ਜਾਇ॥
ਟੁਕੁ ਦਮੁ ਕਰਾਰੀ[2] ਜਉ ਕਰਹੁ ਹਾਜਿਰ ਹਜੂਰ ਖੁਦਾਇ॥੧॥
ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ[3] ਮਾਹਿ॥
ਇਹ ਜੁ ਦੁਨੀਆ ਸਿਹਰੁ[4] ਮੇਲਾ ਦਸਤਗੀਰੀ[5] ਨਾਹਿ॥੧॥ ਰਹਾਉ॥
ਦਰੋਗੁ[6] ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ॥
ਹਕੁ ਸਚੁ ਖਾਲਕੁ[7] ਖਲਕ[8] ਮਿਆਨੇ ਸਿਆਮ[9] ਮੂਰਤਿ ਨਾਹਿ॥੨॥
ਅਸਮਾਨ ਮ੍ਯਿਾਨੇ[10] ਲਹੰਗ[11] ਦਰੀਆ ਗੁਸਲ ਕਰਦਨ ਬੂਦ[12]॥
ਕਰਿ ਫਕਰੁ[13] ਦਾਇਮ ਲਾਇ ਚਸਮੇ[14] ਜਹ ਤਹ ਮਉਜੂਦੁ॥੩॥
ਅਲਾਹ ਪਾਕੰ ਪਾਕ ਹੈ ਸਕ ਕਰਉ ਜੇ ਦੂਸਰ ਹੋਇ[15]॥
ਕਬੀਰ ਕਰਮੁ ਕਰੀਮ ਕਾ ਉਹੁ ਕਰੈ ਜਾਨੈ ਸੋਇ॥੪॥ *(ਤਿਲੰਗ, ਪੰਨਾ ੭੨੭)*

## ੨. ਵੈਰਾਗ

(੧) ਜਬ ਲਗੁ ਤੇਲੁ ਦੀਵੇ ਮੁਖਿ ਬਾਤੀ ਤਬ ਸੂਝੈ ਸਭੁ ਕੋਈ॥
ਤੇਲ ਜਲੇ ਬਾਤੀ ਠਹਰਾਨੀ ਸੂੰਨਾ ਮੰਦਰੁ ਹੋਈ॥੧॥
ਰੇ ਬਉਰੇ ਤੋਹਿ ਘਰੀ ਨ ਰਾਖੈ ਕੋਈ॥
ਤੂੰ ਰਾਮਨਾਮੁ ਜਪਿ ਸੋਈ॥੧॥ ਰਹਾਉ॥
ਕਾ ਕੀ ਮਾਤ ਪਿਤਾ ਕਹੁ ਕਾ ਕੋ[16] ਕਵਨ ਪੁਰਖ ਕੀ ਜੋਈ[17]॥
ਘਟ[18] ਫੂਟੇ ਕੋਊ ਬਾਤ ਨ ਪੂਛੈ ਕਾਢਹੁ ਕਾਢਹੁ ਹੋਈ॥੨॥
ਦੇਹੁਰੀ[19] ਬੈਠੀ ਮਾਤਾ ਰੋਵੈ ਖਟੀਆ[20] ਲੇ ਗਏ ਭਾਈ॥
ਲਟ[21] ਛਿਟਕਾਏ ਤਿਰੀਆ ਰੋਵੈ ਹੰਸੁ[22] ਇਕੇਲਾ ਜਾਈ॥੩॥

---

੧. ਇਫ਼ਤਰਾ (ਅਰਬੀ) ਬਣਾਵਟੀ ਸ਼ੀਸ਼ਾ। ੨. ਰਤਾ ਭਰ ਦਿਲ ਨੂੰ ਟਿਕਾਉ। ੩. ਚਿੰਤਾ। ੪. ਜਾਦੂਗਰੀ ਦਾ ਖੇਲ। ੫. ਬਾਹਾਂ ਪਕੜਨ ਵਾਲਾ। ੬. ਝੂਠ। ੭. ਵਾਹਿਗੁਰੂ। ੮. ਸ੍ਰਿਸ਼ਟੀ। ੯. ਕ੍ਰਿਸ਼ਨ ਰੂਪ। ੧੦. ਦਸਮ ਦੁਆਰ ਵਿਚ। ੧੧. ਵਗਦਾ। ੧੨. ਇਸ਼ਨਾਨ ਕਰਨਾ ਸੀ। ੧੩. ਫ਼ਕੀਰੀ। ੧੪. ਐਨਕ। ੧੫. ਹਰੀ ਪਵਿਤ੍ਰ ਹੈ, ਉਸ 'ਤੇ ਕੋਈ ਸ਼ੱਕ ਨਹੀਂ ਕਿਉਂਕਿ ਦੂਜਾ ਕੋਈ ਨਹੀਂ, ਉਹ ਦਿਆਲੂ ਹੈ, ਸਾਡੇ 'ਤੇ ਕ੍ਰਿਪਾ ਕਰਦਾ ਹੈ। ੧੬. ਕਿਸ ਦੀ। ੧੭. ਇਸਤ੍ਰੀ। ੧੮. ਸਰੀਰ ਰੂਪ ਘੜਾ। ੧੯. ਦਹਿਲੀਜ਼। ੨੦. ਮੰਜੀ। ੨੧. ਲੜ। ੨੨. ਜੀਵ।

ਕਹਤ ਕਬੀਰੁ ਸੁਨਹੁ ਰੇ ਸੰਤਹੁ ਭੈ ਸਾਗਰ ਕੈ ਤਾਈ॥
ਇਸੁ ਬੰਦੇ ਸਿਰਿ ਜੁਲਮੁ ਹੋਤ ਹੈ ਜਮੁ ਨਹੀ ਹਟੈ ਗੁਸਾਈ॥੪॥੯॥

*(ਆਸਾ, ਪੰਨਾ ੪੭੭)*

(੨) ਕਬੀਰ ਆਖੀ ਕੇਰੇ ਮਾਟੁਕੇ ਪਲੁ ਪਲੁ ਗਈ ਬਿਹਾਇ॥
ਮਨੁ ਜੰਜਾਲੁ ਨ ਛੋਡਈ ਜਮ ਦੀਆ ਦਮਾਮਾ ਆਇ॥੨੨੭॥ *(ਪੰਨਾ ੧੩੭੬)*

## ੩. ਗਿਆਨ

ਕਬੀਰ ਜੀ ਨੂੰ ਕਿਸੇ ਨਾਸਤਕ ਨੇ ਕਿਹਾ, "ਇਹ ਸ੍ਰਿਸ਼ਟੀ ਆਪੇ ਬਣ ਗਈ ਹੈ।" ਕਬੀਰ ਜੀ ਕਹਿੰਦੇ ਹਨ:

(੧) ਓਇ ਜੁ ਦੀਸਹਿ ਅੰਬਰਿ ਤਾਰੇ॥ ਕਿਨਿ ਓਇ ਚੀਤੇ ਚੀਤਨਹਾਰੇ॥੧॥

*(ਗਉੜੀ, ਪੰਨਾ ੩੨੯)*

ਭਾਵ, ਐ ਪੰਡਤ, ਜੇ ਜਗਤ ਦਾ ਕਾਰਨ ਕੋਈ ਨਹੀਂ, ਤੂੰ ਦੱਸ ਅਸਮਾਨ ਵਿਚ ਤਾਰੇ ਕਿਸ ਨੇ ਚਿਤਰੇ ਹਨ ? ਸੂਰਜ, ਚੰਦ੍ਰਮਾ, ਗ੍ਰਹਿ ਤੇ ਨਛੱਤਰ ਵੱਡੀ ਆਕਰਸ਼ਣ ਸ਼ਕਤੀ (Gravity) ਦੇ ਆਸਰੇ ਖੜੇ ਹਨ। ਸ਼ਕਤੀ ਕਿਸ ਦੀ ਹੈ ? ਵਾਹਿਗੁਰੂ ਦੀ।

(੨) ਕਿਸੇ ਸੁੰਨਵਾਦੀ ਨੇ ਕਬੀਰ ਜੀ ਨੂੰ ਕਿਹਾ, "ਜੀਵ ਪੰਜਾਂ ਤੱਤਾਂ ਤੋਂ ਬਣਿਆ ਹੈ। ਕਰਮਾਂ ਦਾ ਬੱਧਾ ਹੋਇਆ ਹੈ। ਆਤਮਾ ਕੋਈ ਵੱਖਰੀ ਚੀਜ਼ ਨਹੀਂ। ਪਰਮਾਤਮਾ ਕੋਈ ਨਹੀਂ।" ਉਸ ਨੂੰ ਉੱਤਰ ਦਿੰਦੇ ਹਨ:

ਪੰਚ ਤਤੁ ਮਿਲਿ ਕਾਇਆ ਕੀਨੀ ਤਤੁ ਕਹਾ ਤੇ ਕੀਨੁ ਰੇ॥
ਕਰਮ ਬਧੁ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁ ਰੇ॥੨॥

*(ਗੋਂਡ, ਪੰਨਾ ੮੭੦)*

ਭਾਵ, ਐ ਨਾਸਤਕ! ਤੂੰ ਦੱਸ ਕਿ ਜੀਵ ਤੱਤਾਂ ਦਾ ਨਤੀਜਾ ਹੈ ਤਾਂ ਪੰਜ ਤੱਤ ਕਿਸ ਤੋਂ ਬਣੇ ਹਨ ? ਜੇ ਜੀਵ ਆਪਣੇ ਕਰਮਾਂ ਦਾ ਬੱਧਾ ਹੋਇਆ ਹੈ ਤਾਂ ਇਸ ਨੂੰ ਕਰਮ ਕਿਸ ਨੇ ਦਿੱਤੇ ਹਨ ? ਪਾਠਕ ਅਨੁਮਾਨ ਲਾਉਣ ਕਿ ਆਸਤਕ-ਵਾਦ ਦੀਆਂ ਕਿਤਨੀਆਂ ਅਸਚਰਜ ਤੇ ਲਾ-ਜਵਾਬ ਯੁਕਤੀਆਂ ਹਨ।

ਹਿੰਦੁਸਤਾਨ ਦੇ ਬਹੁਤੇ ਮਹਾਂਪੁਰਸ਼ਾਂ ਦਾ ਮੱਤ ਹੈ ਕਿ ਇਹ ਸਾਰਾ ਦ੍ਰਿਸ਼ਟਮਾਨ ਜਗਤ ਤੇ ਵਿਸ਼ਵ ਇਕ ਪਰਮਾਤਮਾ ਜਾਂ ਇਕ ਸ਼ਕਤੀ ਤੋਂ ਉਤਪੰਨ ਹੋਇਆ ਹੈ। ਇਸ ਨੂੰ 'ਅਦਵੈਤਵਾਦ' ਕਹਿੰਦੇ ਹਨ। ਵਰਤਮਾਨ ਸਾਇੰਸਦਾਨਾਂ ਨੇ ਬੜੀ ਖੋਜ ਕਰ ਕੇ ੧੧੦ ਤੱਤ ਮਾਲੂਮ ਕੀਤੇ ਹਨ। ਤੱਤਾਂ ਦਾ ਮੂਲ ਪ੍ਰਮਾਣੂਆਂ ਨੂੰ ਸਿੱਧ ਕੀਤਾ ਹੈ। ਪ੍ਰਮਾਣੂਆਂ ਨੂੰ ਭੰਨ ਤੋੜ ਕੇ ਉਨ੍ਹਾਂ ਦੇ ਅੰਦਰ ਇਲੈਕਟਰੋਨਾਂ ਤੇ ਪ੍ਰੋਟੋਨਾਂ ਨੂੰ ਸਾਰੀ ਰਚਨਾ ਦਾ ਮੂਲ ਤੇ ਪ੍ਰਕਿਰਤੀ ਦੀ ਇਕਾਈ ਦੱਸਿਆ ਹੈ।

ਕਬੀਰ ਸਾਹਿਬ ਸਾਰੀ ਰਚਨਾ ਦਾ ਮੂਲ ਕਾਰਣ ਪਰਮਾਤਮਾ ਨੂੰ ਦੱਸਦੇ ਹੋਏ ਕਹਿੰਦੇ ਹਨ:

ਬਟਕ ਬੀਜ ਮਹਿ ਰਵਿ ਰਹਿਓ ਜਾ ਕੋ ਤੀਨਿ ਲੋਕ ਬਿਸਥਾਰ॥੩॥

*(ਬਾਵਨ ਅਖਰੀ, ਪੰਨਾ ੩੪੦)*

ਭਾਵ, ਜਿਸ ਤਰ੍ਹਾਂ ਨਿੱਕੇ ਜਿਹੇ ਬੀਜ ਵਿਚ ਬੋਹੜ ਦਾ ਵਿਸਥਾਰ ਮੌਜੂਦ ਹੁੰਦਾ ਹੈ, ਇਸੇ ਤਰ੍ਹਾਂ ਨਿਰਗੁਣ, ਅਦ੍ਰਿਸ਼ਟ ਤੇ ਅਤਿ ਸੂਖਮ ਵਾਹਿਗੁਰੂ ਤੋਂ ਤਿੰਨਾਂ ਲੋਕਾਂ ਤੇ ਵਿਸ਼ਵ ਦੀ ਰਚਨਾ ਹੋਈ ਹੈ।

(੩) ਜਦ ਕੋਈ ਘਟਨਾ ਸਾਡੀ ਮਰਜ਼ੀ ਦੇ ਵਿਰੁੱਧ ਹੁੰਦੀ ਹੈ ਤਾਂ ਅਸੀਂ ਕਹਿੰਦੇ ਹਾਂ, "ਜੇ ਇਹ ਕਾਰਣ ਨਾ ਬਣਦਾ, ਇਹ ਗੱਲ ਨਾ ਹੁੰਦੀ।" ਸਾਇੰਸ ਦੀ ਦੁਨੀਆਂ ਵਿਚ ਕਾਰਨ (Cause) ਤੇ ਕਾਰਜ (Effect) ਅਰਥਾਤ ਫਲ 'ਤੇ ਬਹੁਤ ਵਿਚਾਰ ਹੁੰਦੀ ਹੈ। ਕਾਰਣ ਦੇ ਪਿੱਛੇ ਕਿਸ ਦਾ ਗਿਆਨ ਤੇ ਇਰਾਦਾ ਕੰਮ ਕਰਦਾ ਹੈ ? ਕਬੀਰ ਜੀ ਇਸ ਦਾ ਉੱਤਰ ਦਿੰਦੇ ਹਨ :

**ਕਬੀਰ ਕਾਰਨੁ ਬਪੁਰਾ ਕਿਆ ਕਰੈ ਜਉ ਰਾਮੁ ਨ ਕਰੈ ਸਹਾਇ॥**
**ਜਿਹ ਜਿਹ ਡਾਲੀ ਪਗੁ ਧਰਉ ਸੋਈ ਮੁਰਿ ਮੁਰਿ ਜਾਇ॥੯੭॥** *(ਪੰਨਾ ੧੩੬੯)*

## (੪) ਬਿਖਮ ਸ਼ਬਦ

ਕਬੀਰ ਜੀ ਦੀ ਬਾਣੀ ਵਿਚ ਕੁਝ ਸ਼ਬਦ ਐਸੇ ਮਿਲਦੇ ਹਨ, ਜਿਨ੍ਹਾਂ ਨੂੰ ਬਿਖਮ ਅਰਥਾਤ ਅੰਤ੍ਰੀਵ ਕਿਹਾ ਜਾਂਦਾ ਹੈ। ਵਿਦਵਾਨ ਪੁਰਸ਼ ਇਨ੍ਹਾਂ ਦੇ ਕਈ ਅਰਥ ਕਰਦੇ ਹਨ। ਜਿਹਾ ਕਿ ਸਾਰੰਗ, ਮੋਰ, ਸੱਪ, ਬੱਦਲ, ਧਨੁੱਖ ਆਦਿ ਨੂੰ ਸਾਰੰਗ ਕਹਿੰਦੇ ਹਨ। ਪਰ ਆਮ ਵਾਕ ਅਜਿਹੇ ਨਹੀਂ ਹੁੰਦੇ, ਜਿਨ੍ਹਾਂ ਦੇ ਬਹੁਤੇ ਅਰਥ ਹੋਣ। ਮਹਾਂਪੁਰਸ਼ ਕਈ ਵੇਰ ਆਮ ਫ਼ਹਿਮ ਉਪਦੇਸ਼ ਕਰਦੇ ਹਨ। ਨਿਰਗੁਣੇ ਪੁਰਸ਼ ਅੱਗੇ ਕੋਈ ਚੰਗੀ ਗੱਲ ਕਰਨੀ ਲਾਭਦਾਇਕ ਨਹੀਂ ਹੁੰਦੀ, ਇਸ ਭਾਵ ਨੂੰ ਸਮਝਾਣ ਲੱਗਿਆਂ ਈਸਾ ਕਹਿੰਦੇ ਹਨ, "ਸੂਰ ਅੱਗੇ ਮੋਤੀ ਨਹੀਂ ਸੁੱਟਣੇ।" ਵਾਕ ਕੁਝ ਹੈ ਤੇ ਭਾਵ ਕੁਝ ਹੈ। ਕਬੀਰ ਜੀ ਨੇ ਆਪਣੀ ਬਾਣੀ ਵਿਚ ਇਸ ਢੰਗ ਨੂੰ ਕਈ ਥਾਈਂ ਵਰਤਿਆ ਹੈ। ਪਸ਼ੂਆਂ ਦੀ ਬਿਰਤੀ ਦਾ ਨਾਂ ਲੈ ਕੇ ਮਨੁੱਖ ਦੀਆਂ ਰੁਚੀਆਂ ਨੂੰ ਬਿਆਨ ਕੀਤਾ ਹੈ। ਜਿਹਾ ਕਿ :

(੧) **ਐਸੋ ਅਚਰਜੁ ਦੇਖਿਓ ਕਬੀਰ॥ ਦਧਿ ਕੈ ਭੋਲੈ ਬਿਰੋਲੈ ਨੀਰੁ॥੧॥ ਰਹਾਉ॥**
**ਹਰੀ ਅੰਗੂਰੀ ਗਦਹਾ ਚਰੈ॥ ਨਿਤ ਉਠਿ ਹਾਸੈ ਹੀਗੈ ਮਰੈ॥੧॥**
**ਮਾਤਾ ਭੈਸਾ ਅੰਮੁਹਾ ਜਾਇ॥ ਕੁਦਿ ਕੁਦਿ ਚਰੈ ਰਸਾਤਲਿ ਪਾਇ॥੨॥**
**ਕਹੁ ਕਬੀਰ ਪਰਗਟੁ ਭਈ ਖੇਡ॥ ਲੇਲੇ ਕਉ ਚੂਘੈ ਨਿਤ ਭੇਡ॥੩॥**
*(ਗਉੜੀ, ਪੰਨਾ ੩੨੬)*

ਭਾਵ, ਇਹ ਮਨੁੱਖ ਦਹੀਂ ਦੇ ਭੁਲੇਖੇ ਪਾਣੀ ਰਿੜਕਦਾ ਹੈ। ਨਿਕੰਮੀਆਂ ਚੀਜ਼ਾਂ ਨੂੰ ਫਲਦਾਇਕ ਸਮਝ ਕੇ ਰੇੜਕੇ ਪਾ ਬਹਿੰਦਾ ਹੈ। ਹਰੀ ਅੰਗੂਰੀ—ਵਿਸ਼ੇ ਵਿਕਾਰਾਂ ਦੀ ਹਰਿਆਵਲ, ਮਨ ਰੂਪ ਖੋਤਾ ਖਾਂਦਾ ਹੈ ਤੇ ਹੱਸ ਖੇਡ ਕੇ, ਖਾ ਪੀ ਕੇ ਮਰ ਜਾਂਦਾ ਹੈ। ਮਾਤਾ ਭੈਸਾ—ਮਸਤ ਝੋਟਾ (ਹੰਕਾਰੀ ਮਨ) ਅਮੋੜ ਹੋ ਜਾਂਦਾ ਹੈ। ਕੁਦ ਕੁਦ ਕੇ ਚਰਦਾ ਹੈ। ਰਸਾਤਲ (ਨਰਕ) ਵਿਚ ਪੈਂਦਾ ਹੈ।

ਕਬੀਰ ਜੀ ਕਹਿੰਦੇ ਹਨ, ਸਾਡੇ 'ਤੇ ਇਹ ਗੱਲ ਪ੍ਰਗਟ ਹੋ ਗਈ ਹੈ ਕਿ ਲੇਲੇ ਭਾਵ ਮਨ ਦੇ ਪਿੱਛੇ ਬੁਧੀ (ਭੇਡ) ਚੱਲ ਰਹੀ ਹੈ।[1]

---

੧. *ਸ਼ਬਦਾਰਥ*, ਪੋਥੀ ਦੂਜੀ, ਪੰਨਾ ੪੭੭।

(੨) ਫੀਲੁ ਰਬਾਬੀ ਬਲਦੁ ਪਖਾਵਜ ਕਊਆ ਤਾਲ ਬਜਾਵੈ ॥
ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ ॥੧॥
ਰਾਜਾ ਰਾਮ ਕਕਰੀਆ ਬਰੇ ਪਕਾਏ ॥ ਕਿਨੈ ਬੂਝਨਹਾਰੈ ਖਾਏ ॥੧॥ ਰਹਾਉ ॥
ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲਉਰੇ ਲਿਆਵੈ ॥
ਘਰਿ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ ॥੨॥
ਬੰਸ ਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ ॥
ਰੂਪ ਕੰਨਿਆ ਸੁੰਦਰਿ ਬੇਧੀ ਸਸੈ ਸਿੰਘ ਗੁਨ ਗਾਏ ॥੩॥
ਕਹਤ ਕਬੀਰੁ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ ॥
ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ ॥੪॥੬॥

*(ਆਸਾ, ਪੰਨਾ ੪੭੭)*

ਵਿਦਵਾਨ ਇਸ ਸ਼ਬਦ ਦਾ ਇਕ ਭਾਵ ਤਾਂ ਇਹ ਦੱਸਦੇ ਹਨ ਕਿ ਵਾਹਿਗੁਰੂ ਦੀ ਸ਼ਰਨ ਲਈਏ, ਉਹ (ਇਸ ਸ਼ਬਦ ਵਿਚ ਦਿੱਤੀਆਂ ਗੱਲਾਂ ਵਾਕਰ) ਅਣਹੋਣੀ ਨੂੰ ਹੋਣੀ ਕਰ ਵਿਖਾਂਦਾ ਹੈ। ਚੂੰਕਿ ਗੁਰਬਾਣੀ ਵਿਚ ਮਨ ਲਈ ਹਾਥੀ, 'ਮਨੁ ਤਉ ਮੈਗਲੁ ਹੋਇ ਰਹਿਓ।' ਚਿਤ ਲਈ 'ਬੈਲ', ਮਾਇਆ ਲਈ 'ਸਰਪਨੀ' ਆਦਿ ਸ਼ਬਦ ਵਰਤੇ ਹਨ। ਉਨ੍ਹਾਂ ਦੇ ਆਧਾਰ 'ਤੇ ਵਿਦਵਾਨ ਪੁਰਸ਼ ਇਸ ਦੇ ਇਹ ਅਰਥ ਵੀ ਕਰਦੇ ਹਨ:

ਫੀਲ—ਮਨ-ਰੂਪ ਹਾਥੀ[1] ਵਿਸ਼ਿਆਂ ਵਿਚ ਮਸਤ ਰਹਿਣ ਵਾਲਾ ਹੁਣ ਈਸ਼ਵਰ ਦਾ ਜੱਸ ਕਰਨ ਵਾਲਾ ਰਬਾਬੀ ਬਣ ਗਿਆ। ਚਿੱਤ-ਰੂਪ ਆਲਸੀ ਬਲਦ ਜੋੜੀ ਵਜਾਣ ਵਾਲਾ ਹੋ ਗਿਆ। ਕ੍ਰੋਧ ਨਾਲ ਕਾਲਾ ਹੋਇਆ ਤੇ ਵਿਸ਼ਿਆਂ ਦੀ ਮੈਲ ਖਾਣ ਵਾਲਾ ਮਨ-ਰੂਪ ਕਊਆ, ਉਤਮ ਪੁਰਸ਼ਾਂ ਦੀ ਸੇਵਾ ਵਿਚ ਲੱਗ ਗਿਆ ਹੈ। ਕਾਮ-ਰੂਪ ਗਧੇ ਨੇ ਲਾਜ ਦਾ ਚੋਲਾ ਪਾ ਲਿਆ। ਲੋਭ-ਰੂਪ ਭੈਂਸਾ ਭਗਤੀ ਵਿਚ ਲੱਗ ਗਿਆ। ਵਾਹਿਗੁਰੂ ਨੇ ਖਖੜੀਆਂ ਵਰਗੇ ਜੋ ਕੌੜੇ ਗੁਣ ਸਨ, ਉਨ੍ਹਾਂ ਨੂੰ ਆਂਬਰੇ (ਅੰਬ) ਬਣਾ ਦਿੱਤਾ। ਜਾਂ ਕੰਕਰੀਆਂ ਤੋਂ ਵੜੇ ਪਕਾ ਦਿੱਤੇ। ਕਿਸੇ ਜਾਣਨ ਵਾਲੇ ਨੇ ਇਸ ਗਤੀ ਨੂੰ ਸਮਝਿਆ। ਜੋ ਰਾਜਸੀ ਸੁਭਾ ਸ਼ੇਰ ਵਾਂਙੂ ਸੀ, ਦੂਜਿਆਂ ਨੂੰ ਦੁੱਖ ਦਿੰਦਾ ਸੀ, ਹੁਣ ਉਹ ਪਾਨ ਲਗਾਉਂਦਾ—ਬਿਬੇਕ ਦਿੰਦਾ ਹੈ। ਘੀਸ-ਬੁੱਧੀ ਗਲਉਰੇ (ਸ਼ੁਭ ਗੁਣਾਂ) ਨੂੰ ਲਿਆਉਂਦੀ ਹੈ। ਮੁਸਰੀ—ਗਿਆਨ ਇੰਦ੍ਰੀਆਂ ਹੁਣ ਮੰਗਲ ਗਾ ਰਹੀਆਂ ਹਨ। ਚੰਗੇ ਪਾਸੇ ਲੱਗ ਗਈਆਂ ਹਨ। ਕੱਛੂਕੁੰਮੇ ਦੇ ਤੁਲ ਸੰਕੋਚੀ ਚਿੱਤ ਈਸ਼ਵਰ ਦੀ ਯਾਦ ਦਾ ਸੰਖ ਵਜਾ ਰਿਹਾ ਹੈ। ਬੰਸ ਦਾ ਪੁੱਤਰ ਕੁਲੀਨ ਹੋ ਕੇ ਬ੍ਰਹਮ ਵਿਦਿਆ ਨੂੰ ਵਰਨ ਚੱਲਿਆ। ਸੋਨੇ ਦੇ ਮੰਡਪ ਅਰਥਾਤ ਅਫੁਰ ਅਵਸਥਾ ਵਿਚ ਟਿਕ ਕੇ ਬ੍ਰਹਮ ਵਿਦਿਆ ਇਸ ਨੇ ਪ੍ਰਾਪਤ ਕੀਤੀ। ਸਸੇ—ਸਹੇ-ਰੂਪ ਕਮਜ਼ੋਰ ਜੀਵ ਨੇ ਸਿੰਘ ਬਣ ਕੇ ਪ੍ਰਭੂ ਦੇ ਗੁਣ ਗਾਏ। ਨਿਮਰਤਾ ਨੇ ਪਰਬਤ ਰੂਪ ਹੰਕਾਰ ਨੂੰ ਖਾ ਲਿਆ। ਚਿੱਤ ਕਛੂਏ ਨੇ ਉਸ ਅਗਨਿ (ਅੰਗਾਰ) ਦੀ ਮੰਗ ਕੀਤੀ, ਜਿਸ ਵਿਚ ਸਾਰੇ ਔਗੁਣ ਭਸਮ ਹੋ ਜਾਂਦੇ ਹਨ। ਕਬੀਰ ਜੀ ਕਹਿੰਦੇ ਹਨ ਕਿ ਇਹ ਅਸੀਂ ਲੁਕਿਆ ਹੋਇਆ ਸ਼ਬਦ ਸੁਣਾਇਆ ਹੈ।

---

੧. ਪੰਡਤ ਤਾਰਾ ਸਿੰਘ ਜੀ।

(੩) ਪਹਿਲਾ ਪੂਤੁ ਪਿਛੈ ਰੀ ਮਾਈ॥ ਗੁਰੁ ਲਾਗੋ ਚੇਲੇ ਕੀ ਪਾਈ॥੧॥
ਏਕ ਅਚੰਭਉ ਸੁਨਹੁ ਤੁਮ੍ ਭਾਈ॥ ਦੇਖਤ ਸਿੰਘੁ ਚਰਾਵਤ ਗਾਈ॥੧॥ ਰਹਾਉ॥
ਜਲ ਕੀ ਮਛੁਲੀ ਤਰਵਰਿ ਬਿਆਈ॥ ਦੇਖਤ ਕੁਤਰਾ ਲੈ ਗਈ ਬਿਲਾਈ॥੨॥
ਤਲੈ ਰੇ ਬੈਸਾ ਊਪਰਿ ਸੂਲਾ॥ ਤਿਸ ਕੈ ਪੇਡਿ ਲਗੇ ਫਲ ਫੂਲਾ॥੩॥
ਘੋਰੈ ਚਰਿ ਭੈਸ ਚਰਾਵਨ ਜਾਈ॥ ਬਾਹਰਿ ਬੈਲੁ ਗੋਨਿ ਘਰਿ ਆਈ॥੪॥
ਕਹਤ ਕਬੀਰੁ ਜੁ ਇਸ ਪਦ ਬੂਝੈ॥ ਰਾਮ ਰਮਤ ਤਿਸੁ ਸਭੁ ਕਿਛੁ ਸੂਝੈ॥੫॥੯॥

*(ਆਸਾ, ਪੰਨਾ ੪੮੧)*

ਅਰਥ : ਪਹਿਲੇ ਪੁੱਤਰ ਸੀ, ਪਿੱਛੋਂ ਮਾਂ ਹੋਈ। ਗੁਰੂ ਚੇਲੇ ਦੀ ਪੈਰੀਂ ਲੱਗ ਗਿਆ। ਸ਼ੇਰ ਗਊ ਨੂੰ ਚਰਾ ਰਿਹਾ ਸੀ। ਜਲ ਵਿਚ ਰਹਿਣ ਵਾਲੀ ਮੱਛੀ ਬ੍ਰਿਛ 'ਤੇ ਚੜ੍ਹ ਗਈ ਜਾਂ ਪ੍ਰਸੂਤ ਹੋਈ। ਬਿੱਲੀ ਕੁੱਤੇ ਨੂੰ ਲੈ ਗਈ। ਇਕ ਬ੍ਰਿਛ ਐਸਾ ਦੇਖਿਆ, ਜਿਸ ਦੀਆਂ ਟਾਹਣੀਆਂ ਥੱਲੇ ਤੇ ਜੜ੍ਹ ਉੱਤੇ ਹੈ। ਉਸ ਦੇ ਵਿਚਕਾਰ ਫਲ ਫੁਲ ਲੱਗੇ ਹੋਏ ਹਨ। ਘੋੜੇ 'ਤੇ ਸਵਾਰ ਹੋ ਕੇ ਭੈਂਸਾ ਦੂਜੇ ਘੋੜਿਆਂ ਨੂੰ ਚਰਾਣ ਜਾਂਦਾ ਹੈ। ਬੈਲ ਬਾਹਰ ਹਨ, ਛਟਾਂ ਘਰ ਆ ਗਈਆਂ।

ਭਾਵ, ਪਹਿਲੇ ਮਨੁੱਖ ਦੀ ਆਤਮਾ ਪਵਿੱਤ੍ਰ ਸੀ, ਪਿੱਛੋਂ ਇਸ ਨੂੰ ਮਾਇਆ ਆ ਲੱਗੀ। ਸਿੰਘ ਰੂਪ ਆਤਮਾ ਗਊਆਂ ਨੂੰ ਚਰਾਣ ਲੱਗ ਪਿਆ। ਇੰਦ੍ਰੀਆਂ ਦੇ ਅਧੀਨ ਹੋ ਗਿਆ। ਜਲ ਦੀ ਮਛਲੀ ਭਾਵ ਨਿਰਮਲ ਬੁੱਧੀ ਸੰਸਾਰ ਰੂਪ ਬ੍ਰਿਛ 'ਤੇ ਚੜ੍ਹ ਗਈ ਤੇ ਇਥੇ ਪਰਿਵਰਤ ਹੋ ਗਈ। ਤ੍ਰਿਸ਼ਨਾ ਦੀ ਬਿੱਲੀ ਸੰਤੋਖ ਦੇ ਕੁੱਤੇ ਨੂੰ ਲੈ ਗਈ। ਸੰਸਾਰ-ਰੂਪ ਬ੍ਰਿਛ ਦੇ ਸ਼ੁਭ ਗੁਣ ਥੱਲੇ ਹਨ ਤੇ ਔਗੁਣ (ਸੂਲਾਂ) ਉੱਤੇ ਹਨ। ਜਨਮ ਮਰਨ ਇਸ ਨੂੰ ਫਲ ਤੇ ਫੁੱਲ ਲੱਗੇ ਹਨ। ਪ੍ਰਾਣਾਂ ਦੇ ਘੋੜੇ 'ਤੇ ਚੜ੍ਹ ਕੇ ਜੀਵ ਆਉਂਦਾ ਜਾਂਦਾ ਹੈ। ਧਰਮ ਦਾ ਬੈਲ ਬਾਹਰ ਰਹਿ ਗਿਆ, ਤ੍ਰਿਸ਼ਨਾ ਦੀ ਗੂਣ ਘਰ ਆ ਗਈ। ਕਬੀਰ ਜੀ ਕਹਿੰਦੇ ਹਨ, ਜੋ ਇਸ ਪਦਵੀ ਨੂੰ ਬੁਝ ਲੈਂਦਾ ਹੈ, ਉਹੀ ਗਿਆਨਵਾਨ ਹੁੰਦਾ ਹੈ।

(੪) ਕਬੀਰ ਏਕ ਮਰੰਤੇ ਦੁਇ ਮੂਏ ਦੋਇ ਮਰੰਤਹ ਚਾਰਿ॥
ਚਾਰਿ ਮਰੰਤਹ ਛਹ ਮੂਏ ਚਾਰਿ ਪੁਰਖ ਦੁਇ ਨਾਰਿ॥੯੧॥ *(ਪੰਨਾ ੧੩੬੯)*

ਭਾਵ, ਮਨ ਨੇ ਪਹਿਲੇ ਹੰਗਤਾ ਨੂੰ ਮਾਰਿਆ। ਫਿਰ ਉਸ ਤੋਂ ਪੈਦਾ ਹੋਏ ਰਾਗ ਤੇ ਦਵੈਸ਼ ਮਾਰੇ ਗਏ। ਫਿਰ ਹੰਗਤਾ ਦਾ ਸਾਥੀ ਹੰਕਾਰ ਭੀ ਮਾਰਿਆ ਗਿਆ। ਅਖ਼ੀਰ ਮਨ ਦੀ ਸਾਥਣ ਆਸ਼ਾ ਤ੍ਰਿਸ਼ਨਾ ਭੀ ਮਰ ਗਈਆਂ। ਇਨ੍ਹਾਂ 'ਚੋਂ ਮਨ, ਰਾਗ, ਦਵੈਸ਼ ਤੇ ਹੰਕਾਰ, ਚਾਰ ਪੁਰਸ਼ ਹਨ। ਆਸ਼ਾ, ਤ੍ਰਿਸ਼ਨਾ ਦੋ ਮਦੀਨ ਹਨ।

*ਸ਼ਬਦਾਰਥ* ਦੇ ਪੰਨਾ ੧੩੬੯ 'ਤੇ ਇਸ ਸ਼ਲੋਕ ਨੂੰ ਇਕ ਘਟਨਾ ਨਾਲ ਸੰਬੰਧਿਤ ਕੀਤਾ ਗਿਆ ਹੈ। ਉਹ ਇਹ ਕਿ ਕਬੀਰ ਜੀ ਦੇ ਸਾਹਮਣੇ ਇਕ ਵੇਰ ਸ਼ਿਕਾਰੀ ਨੇ ਹਰਨੀ ਨੂੰ ਮਾਰਿਆ, ਜਿਸ ਦੇ ਪੇਟ ਵਿਚ ਦੋ ਬੱਚੇ ਸਨ। ਉਹ ਦੋਵੇਂ ਮਰ ਗਏ। ਫਿਰ ਉਸ ਹਰਨੀ ਦਾ ਸੰਗੀ ਹਿਰਨ ਆਇਆ। ਉਸ ਨੂੰ ਭੀ ਸ਼ਿਕਾਰੀ ਨੇ ਮਾਰ ਦਿੱਤਾ। ਸ਼ਿਕਾਰੀ ਆਪ ਭੀ ਸੱਪ ਦੇ ਡੰਗਣ ਨਾਲ ਮਰ ਗਿਆ। ਉਸ ਦੇ ਵਿਜੋਗ ਵਿਚ ਉਸ ਦੀ ਸਾਥਣ ਭੀ ਮਰ ਗਈ। ਇਸ ਤਰ੍ਹਾਂ ਚਾਰ ਪੁਰਸ਼ ਤੇ ਦੋ ਮਾਦਾ ਜੀਵ ਮਰ ਗਏ।

ਇਸੇ ਤਰ੍ਹਾਂ ਗੁਰਬਾਣੀ ਦੇ ਵੀ ਕਈ ਵਾਕ ਹਨ। ਜਿਹਾ ਕਿ:

ਪੋਥੀ ਪੁਰਾਣ ਕਮਾਈਐ ॥
ਭਉ ਵਟੀ ਇਤੁ ਤਨਿ ਪਾਈਐ ॥
ਸਚੁ ਬੂਝਣੁ ਆਣਿ ਜਲਾਈਐ ॥੨॥
ਇਹੁ ਤੇਲੁ ਦੀਵਾ ਇਉ ਜਲੈ ॥
ਕਰਿ ਚਾਨਣੁ ਸਾਹਿਬ ਤਉ ਮਿਲੈ ॥੧ ਰਹਾਉ ॥ *(ਸਿਰੀਰਾਗੁ ਮ: ੧, ਪੰਨਾ ੨੫)*

ਧਾਰਮਿਕ ਪੁਸਤਕਾਂ ਦੀ ਸਿਖਿਆ ਦਾ ਤੇਲ, ਡਰ ਦੀ ਵੱਟੀ ਤੇ ਸੱਚੇ ਗਿਆਨ ਦੀ ਅੱਗ ਲੈ ਕੇ ਬਾਲੀਏ, ਤਦ ਜ਼ਿੰਦਗੀ ਦਾ ਦੀਵਾ ਬਲਦਾ ਹੈ।

## ੫. ਆਤਮਿਕ ਉਪਦੇਸ਼

*(੧) ਸਤਿਸੰਗਤ ਦਾ ਗੁਣ*

ਕਬੀਰ ਸੰਗਤਿ ਸਾਧ ਕੀ ਦਿਨ ਦਿਨ ਦੂਨਾ ਹੇਤੁ ॥
ਸਾਕਤ ਕਾਰੀ ਕਾਂਬਰੀ ਧੋਏ ਹੋਇ ਨ ਸੇਤੁ ॥੧੦੦॥ *(ਪੰਨਾ ੧੩੬੯)*

ਭਾਵ, ਸਤਿ ਸੰਗਤ ਦਾ ਪ੍ਰੇਮ ਦਿਨੋਂ ਦਿਨ ਵਧਦਾ ਹੈ। ਸਾਕਤ ਕਾਲੀ ਕੰਬਲੀ ਵਾਂਙੂ ਹੈ, ਜੋ ਧੋਤਿਆਂ ਚਿੱਟੀ ਨਹੀਂ ਹੁੰਦੀ।

*(੨) ਕੁਸੰਗਤ ਦਾ ਦੋਸ਼*

ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ ॥
ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮਰਾਇ ॥੨੧੧॥ *(ਪੰਨਾ ੧੩੭੫)*

*(੩) ਹਉਮੈ ਦਾ ਤਿਆਗ*

ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ ॥
ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥੧੫੬॥ *(ਪੰਨਾ ੧੩੭੨)*

*(੪) ਸੰਤੋਖ*

ਕਬੀਰ ਭਲੀ ਮਧੂਕਰੀ ਨਾਨਾ ਬਿਧਿ ਕੋ ਨਾਜੁ ॥
ਦਾਵਾ ਕਾਹੂ ਕੋ ਨਹੀ ਬਡਾ ਦੇਸੁ ਬਡ ਰਾਜੁ ॥੧੬੮॥ *(ਪੰਨਾ ੧੩੭੩)*

*(੫) ਨਿਰਭੈਤਾ*

(੧) ਕੋਊ ਹਰਿ ਸਮਾਨਿ ਨਹੀ ਰਾਜਾ।
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ॥
*(ਬਿਲਾਵਲ, ਪੰਨਾ ੮੫੬)*

(੨) ਸੰਢਾ ਮਾਰਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥ *(ਰਾਮਕਲੀ, ਪੰਨਾ ੯੬੯)*

(੬) ਭਗਵਾਨ ਨੂੰ ਸੰਬੋਧਨ ਕਰ ਕੇ ਕਹਿੰਦੇ ਹਨ:

ਇਨਿ ਮਾਇਆ ਜਗਦੀਸ ਗੁਸਾਈ ਤੁਮ੍ਰਹੇ ਚਰਨ ਬਿਸਾਰੇ॥
ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ॥

(ਬਿਲਾਵਲੁ, ਪੰਨਾ ੮੫੭)

(੭) ਮਨ ਦੀ ਹਾਲਤ

ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥
ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥੨੧੬॥ (ਪੰਨਾ ੧੩੭੬)

ਭਾਵ, ਮਨ ਸਾਰੀਆਂ ਗੱਲਾਂ ਜਾਣਦਾ ਹੈ, ਫਿਰ ਅਉਗੁਣ ਕਰਦਾ ਹੈ। ਇਹ ਕਾਹਦਾ ਸੁਖ ਹੋਇਆ ਜੇ ਹੱਥ ਵਿਚ ਦੀਵਾ ਲੈ ਕੇ ਖੂਹ ਵਿਚ ਡਿੱਗ ਪਵੇ।

(੮) ਗੁਣ-ਅਉਗੁਣ

ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥
ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥੧੫੫॥ (ਪੰਨਾ ੧੩੭੨)

(੯) ਜੀਵਨ ਉਦੇਸ਼ ਦੀ ਸਫਲਤਾ

ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ॥
ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ॥੧੫੩॥ (ਪੰਨਾ ੧੩੭੨)

ਭਾਵ, ਜਿਸ ਉਤਸ਼ਾਹ ਨਾਲ ਭਗਤੀ ਸ਼ੁਰੂ ਕੀਤੀ ਸੀ, ਜੇ ਉਹ ਇਕ ਰਸ ਤੋੜ ਚੜ੍ਹ ਜਾਵੇ ਤਾਂ ਇਕ ਹੀਰਾ ਕੀ, ਕ੍ਰੋੜਾਂ ਰਤਨ ਉਸ ਦਾ ਮੁਕਾਬਲਾ ਨਹੀਂ ਕਰ ਸਕਦੇ।

(੧੦) ਪਰਮਾਤਮਾ ਵਿਚ ਵਿਲੀਨਤਾ

(੧) ਕਬੀਰ ਮੇਰਾ ਮੁਝ ਮਹਿ ਕਿਛੁ ਨਹੀ, ਜੋ ਕਿਛੁ ਹੈ ਸੋ ਤੇਰਾ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥੨੦੩॥

(੨) ਕਬੀਰ ਤੂੰ ਤੂੰ ਕਰਤਾ ਤੂ ਹੂਆ, ਮੁਝ ਮਹਿ ਰਹਾ ਨ ਹੂੰ॥
ਜਬ ਆਪਾ ਪਰ ਕਾ ਮਿਟਿ ਗਇਆ, ਜਤ ਦੇਖਉ ਤਤ ਤੂ॥੨੦੪॥

(ਪੰਨਾ ੧੩੭੫)

# ਕਬੀਰ ਪੰਥੀ

## ਇਨ੍ਹਾਂ ਦੇ ਅਸੂਲ ਤੇ ਸ਼ਾਖ਼ਾਂ

ਕਬੀਰ ਜੀ ਦੇ ਜੀਵਨ ਵਿਚ ਬੜੀ ਖਿੱਚ ਸੀ। ਆਪ ਦੇ ਉਪਦੇਸ਼ ਮਨੋਹਰ, ਸਿਖਿਆਦਾਇਕ ਤੇ ਅਸਰ ਵਾਲੇ ਹੁੰਦੇ ਸਨ। ਭਗਤੀ, ਸ਼ੀਲ ਤੇ ਸਦਾਚਾਰ ਮਨ ਨੂੰ ਧੂਹ ਪਾਣ ਵਾਲਾ ਸੀ। ਇਸ ਲਈ ਕਈ ਲੋਕ ਆਪ ਦੇ ਜੀਵਨ ਵਿਚ ਸ਼ਰਧਾਲੂ ਤੇ

ਉਪਾਸ਼ਕ ਬਣ ਗਏ। ਇਕ ਅੱਧ ਰਾਜੇ ਉੱਤੇ ਵੀ ਆਪ ਦਾ ਪ੍ਰਭਾਵ ਪਿਆ। ਆਪ ਦੇ ਉਪਦੇਸ਼ ਸਭ ਲਈ ਸਾਂਝੇ ਸਨ। ਪੱਖਪਾਤ ਨੂੰ ਛੱਡ ਕੇ ਉਨ੍ਹਾਂ ਉਪਰ ਵਿਚਾਰ ਕੀਤੀ ਜਾਵੇ ਤਾਂ ਉਹ ਪਰਮੇਸ਼ਰ ਦੇ ਮਿਲਣ ਦਾ ਰਸਤਾ ਦੱਸਦੇ ਹਨ। ਪਰ ਉਨ੍ਹਾਂ ਨੂੰ ਕਹਿਣ ਮਾਤਰ ਨੀਵੀਆਂ ਜਾਤਾਂ ਨੇ ਵਧੇਰੇ ਕਬੂਲ ਕੀਤਾ। ਕਬੀਰ ਜੀ ਜ਼ਾਤ-ਅਭਿਮਾਨੀਆਂ ਦੇ ਵਿਰੁੱਧ ਸਨ, ਆਪਣੇ ਆਪ ਨੂੰ ਕੁਲੀਨ ਅਖਵਾਣ ਵਾਲੇ ਲੋਕਾਂ ਨੇ ਸ਼ੂਦਰਾਂ ਦਾ ਨੱਕ ਦਮ ਕੀਤਾ ਹੋਇਆ ਸੀ, ਇਸ ਲਈ ਕਬੀਰ ਜੀ ਦੀ ਆਵਾਜ਼ ਕਹਿਣ ਮਾਤਰ ਨੀਵੇਂ ਹਿੰਦੂਆਂ ਦੇ ਕੰਨੀਂ ਵਧੇਰੇ ਪਈ। ਬ੍ਰਾਹਮਣਾਂ ਤੇ ਖੱਤਰੀਆਂ ਦੇ ਭਾਣੇ ਕਬੀਰ ਜੁਲਾਹਾ ਹੀ ਸੀ। ਕਬੀਰ ਜੀ ਨੇ ਆਪਣੇ ਖ਼ਿਆਲਾਂ ਨੂੰ ਪ੍ਰਚਾਰਨ ਲਈ ਹਿੰਦੂ ਮੁਸਲਮਾਨ ਆਦਿ ਮੱਤਾਂ ਦਾ ਚੁਭਵੇਂ ਸ਼ਬਦਾਂ ਵਿਚ ਖੰਡਨ ਕੀਤਾ, ਪਰ ਫਿਰ ਵੀ ਹਿੰਦੂਆਂ ਨੇ ਉਨ੍ਹਾਂ ਖ਼ਿਆਲਾਂ ਨੂੰ ਕਿਸੇ ਹੱਦ ਤਕ ਕਬੂਲ ਕਰ ਲਿਆ। ਮੁਸਲਮਾਨਾਂ ਉੱਤੇ ਕੋਈ ਪ੍ਰਭਾਵ ਨਹੀਂ ਪਿਆ ਜਾਪਦਾ। ਪੰਡਤਾਂ ਦੀ ਵਿਰੋਧਤਾ ਦੇ ਬਾਵਜੂਦ ਨੀਵੀਆਂ ਸ਼੍ਰੇਣੀਆਂ ਦੇ ਹਿੰਦੂ ਕਬੀਰ-ਪੰਥ ਵਿਚ ਸ਼ਾਮਲ ਹੋ ਗਏ। ਇਸ ਦਾ ਕਾਰਨ ਇਹ ਪ੍ਰਤੀਤ ਹੁੰਦਾ ਹੈ ਕਿ ਹਿੰਦੂਆਂ ਵਿਚ ਅਨਮਤਾਂ ਦੇ ਮੁਕਾਬਲੇ, ਵਿਚਾਰਾਂ ਦੀ ਸੁਤੰਤ੍ਰਤਾ ਪਰੰਪਰਾ ਤੋਂ ਚਲੀ ਆਉਂਦੀ ਹੈ। ਬੁੱਧ ਨੇ ਪੁਰਾਣੇ ਹਿੰਦੂ ਸਿਧਾਂਤਾਂ ਦਾ ਖੰਡਨ ਕੀਤਾ, ਪਰ ਇਨ੍ਹਾਂ ਉਸ ਨੂੰ ਵੀ ਅਪਨਾਇਆ ਹੈ। ਕਈ ਸੌ ਵਰ੍ਹੇ ਬੁੱਧ ਧਰਮ ਭਾਰਤ ਵਿਚ ਰਿਹਾ ਹੈ। ਵਿਚਾਰਾਂ ਦੀ ਭਿੰਨਤਾ ਹਿੰਦੂ ਮੱਤ ਦਾ ਤਤ੍ਵ ਹੈ। ਇਸ ਦਾ ਪ੍ਰਕਾਸ਼ ਸੰਪਰਦਾਇ ਦੇ ਰੂਪ ਵਿਚ ਹੁੰਦਾ ਰਹਿੰਦਾ ਹੈ। ਜਦ ਕੋਈ ਮਹਾਂਪੁਰਸ਼ ਜਾਂ ਸੁਧਾਰਕ ਸਾਡੇ ਦੇਸ਼ ਵਿਚ ਪੈਦਾ ਹੋਇਆ, ਉਸ ਨੇ ਨਵੀਨ ਜਾਂ ਪੁਰਾਣੇ ਖ਼ਿਆਲਾਂ ਨੂੰ ਮਾਂਜ ਸਵਾਰ ਕੇ ਨਵੇਂ ਰੂਪ ਵਿਚ ਲੋਕਾਂ ਦੇ ਪੇਸ਼ ਕੀਤਾ ਤਾਂ ਉਸ ਦੇ ਨਾਮ ਉਪਰ ਜਾਂ ਖ਼ਿਆਲਾਂ ਦੀ ਸੰਪਰਦਾਇ ਚੱਲ ਪਈ। ਇਵੇਂ ਹੀ ਕਬੀਰ ਜੀ ਦੇ ਨਾਮ ਉਪਰ ਕਬੀਰ-ਪੰਥੀ ਬਣ ਗਏ।

ਕਬੀਰ ਜੀ ਦੇ ਖ਼ਿਆਲਾਂ ਨੂੰ ਗਹੁ ਨਾਲ ਪੜ੍ਹਿਆ ਜਾਵੇ ਤਾਂ ਇਹ ਗੱਲ ਸਮਝ ਵਿਚ ਆ ਜਾਂਦੀ ਹੈ ਕਿ ਆਪ ਹਿੰਦੂ ਮੁਸਲਮਾਨਾਂ ਤੋਂ ਸੁਤੰਤਰ ਤੇ ਨਿਆਰਾ ਪੰਥ ਚਲਾਉਣਾ ਚਾਹੁੰਦੇ ਸਨ। ਭਾਵੇਂ ਆਪ ਨੇ ਉਕਤ ਮੱਤ ਦੀ ਨੀਂਹ ਹਿੰਦੂ ਸਿਧਾਂਤਾਂ ਉਪਰ ਹੀ ਰੱਖੀ ਸੀ ਪਰ ਆਪ ਦੀ ਇਹ ਇੱਛਾ ਸੀ ਕਿ ਭਾਰਤ ਵਿਚ ਅਜਿਹੇ ਲੋਕਾਂ ਦੀ ਇਕ ਜਮਾਤ ਬਣ ਜਾਵੇ, ਜਿਸ ਵਿਚ ਸੁਤੰਤਰ ਵਿਚਾਰਾਂ ਦੇ ਹਿੰਦੂ ਤੇ ਮਜ਼ਬੀ ਤਅੱਸੁਬ ਤੋਂ ਰਹਿਤ ਹੋ ਕੇ ਸੱਚ ਦੇ ਖੋਜੀ ਮੁਸਲਮਾਨ, ਪਿਆਰ ਨਾਲ ਮਿਲ ਬੈਠਣ। ਇਸ ਆਦਰਸ਼ ਦੀ ਪੂਰਤੀ ਲਈ ਕਬੀਰ ਜੀ ਨੇ ਵੇਦ ਕੁਰਾਨ, ਸ਼ਰ੍ਹਾ ਅਤੇ ਕਰਮ-ਕਾਂਡੀ ਧਾਰਮਿਕ ਆਗੂਆਂ ਦੇ ਪਾਖੰਡ ਦਾ ਖ਼ੂਬ ਖੰਡਨ ਕੀਤਾ। ਇਥੋਂ ਤਕ ਕਿਹਾ :

(੧) **ਅਰੇ ਇਨ ਦੋਊਨ ਰਾਹ ਨਾ ਪਾਈ।**
**ਹਿੰਦੂਅਨ ਕੀ ਹਿੰਦੂਆਨੀ ਦੇਖੀ, ਤੁਰਕਨ ਕੀ ਤੁਰਕਾਈ।**
**ਕਹਿਤ ਕਬੀਰ ਸੁਨੋ ਭਾਈ ਸਾਧੋ ਕੌਨ ਰਾਹ ਹੈ ਜਾਈ ?**

*(ਕਬੀਰ ਸ਼ਬਦਾਵਲੀ, ਭਾਗ ੧, ਪੰਨਾ ੪੯)*

(੨) **ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ॥**
**ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ॥੧॥**

*(ਸੋਰਠਿ, ਪੰਨਾ ੬੫੪)*

(੩) ਸੰਤੋ ਰਾਹ ਦੋਊ ਹਮ ਡੀਠਾ।
ਹਿੰਦੂ ਤੁਰਕ ਹਠੀ ਨ ਮਾਨਹਿ ਸਵਾਦ ਸਭਨ ਕੋ ਮੀਠਾ।

*(ਕਬੀਰ ਬੀਜਕ, ਪੰਨਾ ੩੯੧)*

(੪) ਜੋਗ ਜਗ ਜਪ ਸੰਯਮਾਂ, ਤੀਰਥ ਬਰਤ ਦਾਨਾ।
ਨਵਧਾ ਵੇਦ ਕਿਤਾਬ ਹੈ, ਝੂਠ ਕਾ ਬਾਨਾ। *(ਕਬੀਰ ਬੀਜਕ, ਪੰਨਾ ੪੧੧)*

(੫) ਹਿੰਦੂ ਮੁਸਲਮਾਨ ਦੋ ਦੀਨ ਸਰਹਦ ਬਨੇ ਵੇਦ ਕਤੇਬ ਪ੍ਰਪੰਚ ਸਾਜੀ।

*(ਗਯਾਨ ਗੁਦੜੀ, ਪੰਨਾ ੧੬)*

(੬) ਵੇਦ ਕਤੇਬ ਦੋਇ ਫੰਦ ਸਵਾਰਾ। *(ਕਬੀਰ ਬੀਜਕ, ਪੰਨਾ ੨੬੯)*

(੭) ਚਾਰ ਵੇਦ ਬ੍ਰਹਮਾ ਨਿਜ ਠਾਨਾਂ, ਮੁਕਤਿ ਕਾ ਮਰਮ ਉਨਹੁ ਨਹਿ ਜਾਨਾ।
ਹਬੀਬੀ ਔਰ ਨਬੀ ਕੈ ਕਾਮਾਂ ? ਜਿਤਨੇ ਅਮਲ ਸੋ ਸਭੇ ਹਰਾਮਾ।

*(ਕਬੀਰ ਬੀਜਕ, ਪੰਨਾ ੧੦੪)*

(੮) ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ॥

*(ਤਿਲੰਗ, ਪੰਨਾ ੭੨੭)*

ਇਨ੍ਹਾਂ ਮੱਤਾਂ ਦਾ ਖੰਡਨ ਕਰ ਕੇ ਲੋਕਾਂ ਨੂੰ ਆਪਣੀ ਵੱਲ ਖਿੱਚਣ ਲਈ ਕਬੀਰ ਜੀ ਨੇ ਕਈ ਪੈਗ਼ੰਬਰਾਂ ਤੇ ਅਵਤਾਰਾਂ ਦੀ ਤਰ੍ਹਾਂ ਆਪਣੇ ਆਪ ਨੂੰ ਰੱਬ ਦਾ ਖ਼ਾਸ ਭੇਜਿਆ ਹੋਇਆ ਬੰਦਾ ਪ੍ਰਗਟ ਕੀਤਾ ਹੈ। ਆਪ ਦੇ ਕੁਝ ਵਾਕ ਇਸ ਗੱਲ ਦੀ ਪੁਸ਼ਟੀ ਲਈ ਹੇਠਾਂ ਦਰਜ ਕਰਦੇ ਹਾਂ :

(੧) ਕਾਂਸ਼ੀ ਮੇਂ ਹਮ ਪ੍ਰਗਟ ਭਏ ਹੈਂ ਰਾਮਾ ਨੰਦ ਚੇਤਾਇ।
ਸਮਰਥ ਕਾ ਪ੍ਰਵਾਨਾ ਲਾਏ, ਹੰਸ ਉਬਾਰਨ ਆਇ।

*(ਕਬੀਰ ਸ਼ਬਦਾਵਲੀ, ਭਾਗ ੧, ਪੰਨਾ ੭੧)*

(੨) ਸੁਰ ਨਰ, ਮੁਨਿ ਜਨ ਔਲੀਆ, ਇਹ ਸਭ ਉਰਲੀ ਤੀਰ।
ਅਲਹ ਰਾਮ ਕੀ ਗਮ ਨਹੀਂ, ਤਿਹ ਘਰ ਕੀਆ ਕਬੀਰ।

*(ਸਾਖੀ ਸੰਗ੍ਰਹਿ, ਪੰਨਾ ੧੨੫)*

(੩) ਸਮਰਥ ਜਿਨ ਜਗ ਮਾਹਿ ਪਠਾਏ। *(ਕਬੀਰ ਬੀਜਕ, ਪੰਨਾ ੨੦)*

(੪) ਕਹਿਤ ਕਬੀਰ ਪੁਕਾਰ ਕੈ, ਸਭ ਕਾ ਉਹੈ ਹਵਾਲ।
ਕਹਾ ਹਮਰਾ ਮਾਨੈ ਨਹੀਂ, ਕਿਮ ਛੂਟੈ ਭ੍ਰਮ ਜਾਲ। *(ਕਬੀਰ ਬੀਜਕ, ਪੰਨਾ ੧੩੦)*

ਕਬੀਰ ਜੀ ਦੇ ਉਪਰੋਕਤ ਵਿਚਾਰਾਂ ਦਾ ਨਤੀਜਾ ਕਬੀਰ-ਪੰਥੀ ਹਨ।

ਪ੍ਰੋਫ਼ੈਸਰ ਬੀ.ਬੀ. ਰਾਇ ਲਿਖਦੇ ਹਨ—"ਅਗਰਚਿ ਇਬਾਦਤ ਕੇ ਬਾਰੇ ਮੇਂ ਹਿੰਦੂਓਂ ਕੇ ਔਰ ਸੰਪਰਦਾਓਂ ਕੇ ਸਾਥ ਕਬੀਰ ਪੰਥੀਓਂ ਕਾ ਕੁਛ ਭੀ ਤਅੱਲੁਕ ਨਹੀਂ ਹੈ, ਤਾਹਮ ਹਿੰਦੂ ਮਜ਼ਹਬ ਸੇ ਉਨ ਕੇ ਮਜ਼ਹਬ ਕੇ ਨਿਕਲਨੇ ਕਾ ਕਾਫ਼ੀ ਸਬੂਤ ਮਿਲਤਾ ਹੈ। ਪੌਰਾਣਿਕ ਵੈਸ਼ਨਵੋਂ ਕੀ ਤਾਲੀਮਾਤ ਨਤੀਜਨ ਅਨਕਰੀਬ ਯਕਸਾਂ ਹੈ।"

*(ਸੰਪਰਦਾਇ, ਪੰਨਾ ੬੯-੭੦)*

ਰਹਿਨੁਮਾਯਾਨੇ ਹਿੰਦ ਵਿਚ ਲਿਖਿਆ ਹੈ, "ਮੁਰਸ਼ਦ ਰਾਮਾ ਨੰਦ ਕੀ ਵਫ਼ਾਤ ਕੇ ਬਾਦ ਉਨ੍ਹੋਂ (ਕਬੀਰ) ਨੇ ਅਪਨੇ ਮਜ਼ਹਬ ਕਾ ਵਾਹਜ਼ ਵਾ ਤਲਕੀਨ ਸ਼ੁਰੂ ਕੀ।"

ਕਬੀਰ-ਪੰਥੀਆਂ ਵਿਚ ਕਹਿਣ ਮਾਤਰ ਨੀਚ ਜਾਤਾਂ ਦੇ ਲੋਕ ਬਹੁਤ ਹਨ। ਕੁਲੀਨ ਘੱਟ-ਗਿਣਤੀ ਵਿਚ ਹਨ। ਇਹਨਾਂ ਦੇ ਗੁਰੂ ਵੀ ਉਪਰੋਕਤ ਜਾਤਾਂ ਵਿਚੋਂ ਹੁੰਦੇ ਹਨ। ਗ੍ਰਿਹਸਤੀ ਬਹੁਤੇ ਤੇ ਸਾਧੂ ਥੋੜ੍ਹੇ ਹੁੰਦੇ ਹਨ। ਕਬੀਰ-ਪੰਥੀ ਸਾਧੂ ਆਪਣੇ ਆਪ ਨੂੰ ਹਿੰਦੂ ਧਰਮ ਨਾਲੋਂ ਅੱਡਰਾ ਮੰਨਦੇ ਹਨ, ਪਰ ਗ੍ਰਿਹਸਤੀਆਂ ਦੀ ਰਹਿਣੀ-ਬਹਿਣੀ, ਰਸਮੋ-ਰਿਵਾਜ ਹਿੰਦੂਆਂ ਵਰਗੇ ਹੀ ਹੁੰਦੇ ਹਨ। ਕਈ ਦੇਵੀ ਦੇਵਤਿਆਂ ਦੀ ਪੂਜਾ ਭੀ ਕਰਦੇ ਹਨ। ਇਹਨਾਂ ਦੀ ਵਧੇਰੇ ਗਿਣਤੀ ਯੂ.ਪੀ., ਸੀ.ਪੀ. ਤੇ ਗੁਜਰਾਤ ਕਾਠੀਆਵਾੜ ਵਿਚ ਹੈ। ਪੰਜਾਬ, ਬੰਗਾਲ, ਮਹਾਰਾਸ਼ਟਰ ਤੇ ਮਦਰਾਸ ਵਿਚ ਕੋਈ ਟਾਵਾਂ ਟਾਵਾਂ ਮਿਲਦਾ ਹੈ।

ਕਬੀਰ-ਪੰਥੀਆਂ ਦਾ ਗੁਰ-ਮੰਤਰ 'ਸਤਿਨਾਮ' ਤੇ 'ਸਤ ਕਬੀਰ' ਹੈ। ਇਹ ਬੱਚੇ ਦਾ ਜਨਮ ਸੰਸਕਾਰ ਕਰਨ ਲਈ ਉਸ ਦੀ ਜ਼ਬਾਨ 'ਤੇ 'ਸਤ ਕਬੀਰ' ਲਿਖਦੇ ਹਨ। ਸ਼ਾਦੀ ਸਮੇਂ ਵਰ ਤੇ ਕੰਨਿਆ ਗੁਰੂ ਪਾਸ ਜਾਂਦੇ ਹਨ। ਪ੍ਰਸ਼ਾਦ ਲੈਂਦੇ ਹਨ। ਵਿਆਹ ਹਿੰਦੂ ਰੀਤੀ ਅਨੁਸਾਰ ਹੀ ਕਰਦੇ ਹਨ। ਮਿਰਤਕ ਸਰੀਰ ਨੂੰ ਗ੍ਰਿਹਸਤੀ ਅਗਨੀ-ਭੇਟ ਕਰਦੇ ਹਨ। ਸਾਧੂ ਗ੍ਰਿਹਸਤੀ ਹੋ ਜਾਵੇ ਤਾਂ ਉਸ ਨੂੰ ਕਿਸੇ ਅਸਥਾਨ ਦੀ ਗੱਦੀ ਨਹੀਂ ਮਿਲਦੀ। ਕਬੀਰ-ਪੰਥੀ ਕੱਟੜ ਅਹਿੰਸਕ ਹਨ। ਸਾਧੂ ਕੰਠੀ, ਤੁਲਸੀ ਮਾਲਾ, ਚੰਦਨ ਦਾ ਤਿਲਕ, ਜਨੇਊ ਤੇ ਲੰਗੋਟੀ ਰੱਖਦੇ ਹਨ। ਜਦ ਕਿਸੇ ਨੂੰ ਸਾਧੂ ਬਣਾਇਆ ਜਾਂਦਾ ਹੈ ਤਾਂ ਨਾਰੀਅਲ ਫਲ, ਮਿਠਾਈ ਆਦਿ ਆਚਾਰਯ ਦੇ ਭੇਟ ਕਰਦੇ ਹਨ। ਉਹ ਪਾਨ ਦੇ ਪੱਤੇ 'ਤੇ 'ਸਤ ਕਬੀਰ' ਲਿਖ ਕੇ ਖੁਆਂਦਾ ਹੈ।

ਕਾਸ਼ੀ ਵਿਚ 'ਕਬੀਰ ਚੌਰਾ' ਤੇ ਮਗਹਰ ਜ਼ਿਲ੍ਹਾ ਬਸਤੀ ਵਿਚ ਕਬੀਰ ਜੀ ਦੀ ਸਮਾਧ ਕਬੀਰ-ਪੰਥੀਆਂ ਦੇ ਪੂਜਨੀਕ ਅਸਥਾਨ ਹਨ। ਕਬੀਰ ਚੌਰੇ ਦਾ ਇਤਿਹਾਸ ਇਹ ਹੈ ਕਿ ਜਦ ਕਬੀਰ ਜੀ ਮਗਹਰ ਨੂੰ ਜਾਣ ਲੱਗੇ ਤਾਂ ਰਾਜਾ ਬਰਦੇਵ ਸਿੰਘ ਕਾਸ਼ੀ ਵਾਲੇ ਨੇ ਕਿਹਾ, "ਆਪ ਚਲੇ ਹੋ, ਮੈਂ ਆਪ ਦੀ ਥਾਂ ਸੇਵਾ ਪੂਜਾ ਕਿਸ ਦੀ ਕਰਾਂਗਾ ?" ਇਸ ਪਰ ਕਬੀਰ ਜੀ ਨੇ ਇਕ ਖੜਾਂਵ ਤੇ ਇਕ ਤਸਵੀਰ ਰਾਜੇ ਨੂੰ ਦਿੱਤੀ। ਜਿਸ ਥਾਂ ਖੜਾਂਵ ਰੱਖੀ ਗਈ, ਉਥੇ ਪਿਛੋਂ ਆਚਾਰਯ ਰਾਮਦਾਸ ਜੀ ਨੇ ਚਰਨਾਂ ਦੇ ਨਿਸ਼ਾਨ ਬਣਾਏ। ਪੈਰਾਂ ਦੇ ਨਿਸ਼ਾਨ ਨੂੰ 'ਚੌਰਾ' ਕਹਿੰਦੇ ਹਨ। ਇਸ ਲਈ ਅਸਥਾਨ ਦਾ ਨਾਂ 'ਕਬੀਰ ਚੌਰਾ' ਪ੍ਰਸਿੱਧ ਹੋਇਆ। ਮਗਹਰ ਦੀ ਸਮਾਧੀ ਭੀ ਇਸ ਨਾਲ ਸੰਬੰਧਿਤ ਹੈ। ਅਸੀਂ ਦੋਹਾਂ ਦੇ ਦਰਸ਼ਨ ਕੀਤੇ ਹਨ।

ਕਬੀਰ ਜੀ ਦੀ ਖੱਡੀ ਦਾ ਸਾਮਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਕਾਸ਼ੀ ਤੋਂ ਪਟਨੇ ਜਾਂਦਿਆਂ ਨਾਲ ਲੈ ਗਏ ਸਨ, ਤਾਕਿ ਔਰੰਗਜ਼ੇਬ ਨਸ਼ਟ ਨਾ ਕਰ ਦੇਵੇ। ਇਹ ਹੁਣ ਤੀਕ ਤਖ਼ਤ ਪਟਨਾ ਸਾਹਿਬ ਵਿਖੇ ਸੰਭਾਲ ਤੇ ਸਤਿਕਾਰ ਨਾਲ ਮੌਜੂਦ ਹੈ।

ਕਬੀਰ-ਪੰਥੀਆਂ ਨੇ ਇਕ ਸੇਲੀ ਟੋਪੀ ਤੇ ਤ੍ਰਿਸ਼ੂਲ ਵੀ ਰੱਖੇ ਹੋਏ ਹਨ। ਇਨ੍ਹਾਂ ਸੰਬੰਧੀ ਕਿਹਾ ਜਾਂਦਾ ਹੈ ਕਿ ਇਹ ਗੋਰਖ ਨਾਥ ਦੇ ਹਨ। ਕਬੀਰ ਜੀ ਨੇ ਉਸ ਨਾਲ ਗੋਸ਼ਟ ਕਰ ਕੇ ਤੇ ਉਸ ਨੂੰ ਕਰਾਮਾਤ ਵਿਖਾ ਕੇ ਅਧੀਨ ਕੀਤਾ ਸੀ। ਗੋਰਖ ਨੇ ਇਹ ਭੇਟ ਕੀਤੇ ਸਨ।

ਕਬੀਰ ਜੀ ਦੇ ਉਪਦੇਸ਼ ਆਤਮਕ ਉੱਨਤੀ ਤੇ ਭਾਈਚਾਰਕ ਸੁਧਾਰ ਦੀ ਹੱਦ ਵਿਚ ਰਹੇ ਹਨ। ਸਿਖ ਸਤਿਗੁਰੂਆਂ ਵਾਂਗੂ ਉਨ੍ਹਾਂ ਦੇਸ਼ ਦੀ ਕਾਇਆਂ ਪਲਟਣ ਦੀ ਕੋਸ਼ਿਸ਼ ਨਹੀਂ ਕੀਤੀ। ਭਗਤੀ, ਵੈਰਾਗ ਤੇ ਗਿਆਨ ਦੀ ਸਿਖਿਆ ਦੇ ਕੇ ਸੰਤ ਬਣਾਉਣ ਦਾ ਯਤਨ ਕੀਤਾ ਹੈ, ਪਰ ਸੰਤ-ਸਿਪਾਹੀ ਬਣਾਉਣ ਦਾ ਉਪਰਾਲਾ ਨਹੀਂ ਕੀਤਾ। ਇਸ ਲਈ ਕਬੀਰ-ਪੰਥੀਆਂ ਨੇ ਨਾ ਆਪਣੀ ਪਿਛਲੀ ਹਿਸਟਰੀ ਵਿਚ ਦੇਸ਼ ਉੱਨਤੀ ਲਈ ਕੋਈ ਨੀਤਕ ਕੰਮ ਕੀਤਾ ਹੈ ਤੇ ਨਾ ਹੀ ਹੁਣ ਉਨ੍ਹਾਂ ਦੀ ਕੋਈ ਨੀਤਕ ਪੁਜ਼ੀਸ਼ਨ ਹੈ।

ਬਨਾਰਸ ਦੇ 'ਕਬੀਰ ਚੌਰੇ' ਨਾਮੀ ਟਿਕਾਣੇ ਉਪਰ ਕਬੀਰ-ਪੰਥੀ ਸਾਧੂਆਂ ਨੂੰ ਮੈਂ ਖ਼ੁਦ ਅੱਖੀਂ ਦੇਖਿਆ ਹੈ। ਉਨ੍ਹਾਂ ਦੀ ਪੁਸ਼ਾਕ ਤੇ ਖ਼ੁਰਾਕ ਬੜੀ ਸਾਧਾਰਨ ਤੇ ਫ਼ਕੀਰਾਂ ਵਾਲੀ ਸੀ। ਸ਼ਾਨ-ਸ਼ੌਕਤ ਤਾਂ ਨੇੜੇ ਨਹੀਂ ਢੁੱਕੀ ਸੀ; ਉਦਾਸੀਨਤਾ, ਉਪਰਾਮਤਾ ਤੇ ਪੁਰਾਣਾ ਸਾਧੂਪੁਣਾ ਉਨ੍ਹਾਂ ਦੇ ਜੀਵਨ ਤੋਂ ਟਪਕਦਾ ਸੀ। ਇਨ੍ਹਾਂ ਦਾ ਅਸਰ ਹੀ ਉਸ ਮੱਤ ਦੇ ਲੋਕਾਂ ਉਪਰ ਹੋਣਾ ਹੈ। ਕਬੀਰ-ਪੰਥੀਆਂ ਦੀਆਂ ਹੇਠ ਲਿਖੀਆਂ ੧੨ ਸ਼ਾਖ਼ਾਂ ਹਨ :

(੧) **ਸਤ ਗੁਪਾਲ ਦਾਸ**—ਇਨ੍ਹਾਂ ਦੇ ਚੇਲੇ ਕਾਸ਼ੀ, ਕਬੀਰ ਚੌਰਾ, ਮਗਹਰ ਦੀ ਸਮਾਧੀ, ਜਗਨਨਾਥ ਤੇ ਦਵਾਰਕਾ ਦੇ ਮਠਾਂ 'ਤੇ ਅਧਿਕਾਰ ਰੱਖਦੇ ਹਨ। ਇਹ ਸ਼ਾਖ਼ ਦੂਜੀਆਂ ਦੀ ਨਿਸਬਤ ਪ੍ਰਧਾਨ ਮੰਨੀ ਜਾਂਦੀ ਹੈ।

(੨) **ਭਗੂ ਦਾਸੀਏ**, (੩) **ਨਾਰਾਇਣ ਦਾਸੀਏ**, (੪) **ਚੂੜਾਮਣਿ ਦਾਸੀਏ**, ਇਹ ਦੋਵੇਂ ਧਰਮ ਦਾਸ ਬਾਣੀਏ ਦੇ ਪੁਤਰ ਸਨ, ਜੋ ਕਬੀਰ ਜੀ ਦੇ ਮੁਖੀ ਸਿਖ ਹੋਏ ਹਨ। ਧਰਮ ਦਾਸ ਜਬਲਪੁਰ ਦੇ ਪਾਸ 'ਬੰਸੋ' ਨਾਮੀ ਪਿੰਡ ਵਿਚ ਰਹਿੰਦੇ ਸਨ। ਬਹੁਤ ਸਮਾਂ ਨਾਰਾਇਣ ਦਾਸੀਏ ਤੇ ਚੂੜਾਮਣਿ ਖ਼ਾਨਦਾਨ ਦੇ ਲੋਕ ਉਨ੍ਹਾਂ ਮੱਤਾਂ ਦੇ ਮਹੰਤ ਰਹੇ, ਪਰ ਹੁਣ ਨਹੀਂ ਹਨ।

(੫) **ਜਗੂ ਦਾਸੀਏ**—ਇਨ੍ਹਾਂ ਦੀ ਗੱਦੀ ਕਟਕ ਵਿਚ ਹੈ।

(੬) **ਜੀਵਨ ਦਾਸੀਏ**—ਇਨ੍ਹਾਂ ਨੇ ਸਤਨਾਮੀ ਸੰਪਰਦਾ ਚਲਾਈ ਹੈ, ਜ਼ਿਲ੍ਹਾ ਗੋਂਡਾ ਵਿਚ ਇਨ੍ਹਾਂ ਦੇ ਟਿਕਾਣੇ ਹਨ।

(੭) **ਕਮਾਲ**—ਆਪ ਕਬੀਰ ਜੀ ਦੇ ਪੁੱਤਰ ਸਨ, ਇਨ੍ਹਾਂ ਦੇ ਚੇਲੇ ਯੋਗੀ ਹੁੰਦੇ ਹਨ। ਬੰਬਈ ਵਿਚ ਰਹਿੰਦੇ ਹਨ।

(੮) **ਟਕਸਾਲੀ**—ਇਹ ਬੜੋਦੇ ਦੇ ਸਨ, ਇਨ੍ਹਾਂ ਦੇ ਟਿਕਾਣੇ ਵੀ ਉਥੇ ਹੀ ਹਨ।

(੯) **ਗਿਆਨੀ**—ਇਹ ਸਹੰਸਰ ਰਾਮ ਜੀ ਦੇ ਚੇਲੇ ਹਨ।

(੧੦) **ਸਾਹਿਬ ਦਾਸੀਏ**—ਇਹ ਕਟਕ ਵਿਚ ਰਹਿੰਦੇ ਹਨ। ਇਨ੍ਹਾਂ ਦੇ ਤੇ ਦੂਜੇ ਕਬੀਰ-ਪੰਥੀਆਂ ਦੀ ਰਹਿਣੀ-ਬਹਿਣੀ ਵਿਚ ਬੜਾ ਭੇਦ ਹੈ, ਇਸ ਲਈ ਇਨ੍ਹਾਂ ਨੂੰ ਮੂਲ-ਪੰਥੀ ਕਿਹਾ ਜਾਂਦਾ ਹੈ।

(੧੧) **ਨਿਤਯਾ ਨੰਦ**, (੧੨) **ਕਮਲਾ ਨੰਦ**—ਇਹ ਦੋਵੇਂ ਦੱਖਣ ਵਿਚ ਜਾ ਵੱਸੇ, ਅਤੇ ਉਧਰ ਹੀ ਆਪਣੇ ਖ਼ਿਆਲਾਂ ਦਾ ਪ੍ਰਚਾਰ ਕਰਦੇ ਰਹੇ।

ਇਨ੍ਹਾਂ ਤੋਂ ਬਿਨਾ ਹੰਸ ਕਬੀਰ, ਦਾਨ ਕਬੀਰ, ਮੰਗਲ ਕਬੀਰ ਆਦਿਕ ਹੋਰ ਸ਼ਾਖ਼ਾਂ ਵੀ ਹਨ।

*(ਕ: ਬ: ਮੰ: ੪੧-੪੨-੪੩)*

# ਭਗਤ ਕਬੀਰ ਜੀ ਦਾ ਦੇਹਾਂਤ

ਵੈਸੇ ਤਾਂ ਕਬੀਰ ਜੀ ਦਾ ਸਾਰਾ ਜੀਵਨ ਹੀ ਬੜਾ ਪਵਿੱਤਰ ਤੇ ਸਿਖਿਆਦਾਇਕ ਹੈ। ਇਸੇ ਤਰ੍ਹਾਂ ਸਚਖੰਡ ਪਧਾਰਨਾ ਵੀ ਬੜਾ ਅਸਚਰਜ ਤੇ ਮਨੋਰੰਜਕ ਹੈ। ਆਪ ਨੇ ਸਾਰੀ ਆਯੂ ਕਾਸ਼ੀ ਵਿਚ ਗੁਜ਼ਾਰੀ ਪਰ ਦੇਹਾਂਤ ਤੋਂ ਕੁਝ ਚਿਰ ਪਹਿਲਾਂ ਆਪਣੇ ਕੁਝ ਪ੍ਰੇਮੀਆਂ ਨੂੰ ਨਾਲ ਲੈ ਕੇ ਮਗਹਰ ਵਿਚ ਜਾ ਟਿਕੇ, ਜੋ ਜ਼ਿਲ੍ਹਾ ਬਸਤੀ ਵਿਚ ਹੈ। ਗੋਰਖਪੁਰੋਂ ਪੰਦਰਾਂ ਮੀਲ ਪੱਛਮ ਵੱਲ ਹੈ। ਹਿੰਦੂਆਂ ਦਾ ਨਿਸਚਾ ਸੀ ਕਿ ਜੋ ਮਨੁੱਖ ਕਾਸ਼ੀ ਵਿਚ ਮਰਦਾ ਹੈ, ਉਹ ਮੁਕਤ ਹੋ ਜਾਂਦਾ ਹੈ, ਜਾਂ ਸਿੱਧਾ ਸਵਰਗ ਨੂੰ ਜਾਂਦਾ ਹੈ, ਕਿਉਂਕਿ ਇਹ ਸ਼ਿਵ ਜੀ ਦੀ ਨਗਰੀ ਹੈ। ਮਗਹਰ ਵਿਚ ਮਰਨ ਵਾਲਾ 'ਨਰਕ-ਗਾਮੀ' ਹੁੰਦਾ ਹੈ ਤੇ ਖੋਤੇ ਦੀ ਜੂਨ ਪੈਂਦਾ ਹੈ। ਇਹ ਨਗਰੀ ਗਣੇਸ਼ ਜੀ ਦੀ ਮੰਨੀ ਹੋਈ ਸੀ। ਕਬੀਰ ਜੀ ਹਿੰਦੂਆਂ ਦੀ ਇਸ ਮਨੌਤ ਨੂੰ ਕਲਪਤ ਤੇ ਨਿਰਮੂਲ ਮੰਨਦੇ ਸਨ। ਉਨ੍ਹਾਂ ਦਾ ਸਿਧਾਂਤ ਸੀ ਕਿ ਕੇਵਲ ਕਿਸੇ ਤੀਰਥ ਉਪਰ ਮਰਨ ਨਾਲ ਸਵਰਗ ਤੇ ਮੁਕਤੀ ਨਹੀਂ ਮਿਲ ਸਕਦੀ ਤੇ ਨਾ ਹੀ ਕਿਸੇ ਹੋਰ ਥਾਂ ਮਰਨ ਨਾਲ ਨਰਕ ਵਿਚ ਜਾਈਦਾ ਹੈ। ਮੁਕਤ ਹੋਣਾ ਜਾਂ ਨਰਕ ਵਿਚ ਜਾਣਾ ਮਨੁੱਖ ਦੇ ਚੰਗੇ ਮੰਦੇ ਕਰਮਾਂ ਦਾ ਨਤੀਜਾ ਹੈ। ਰੱਬ ਦਾ ਭਗਤ ਮਗਹਰ ਵਿਚ ਮਰੇ ਤਾਂ ਉਹ ਨਰਕ ਵਿਚ ਨਹੀਂ ਜਾ ਸਕਦਾ ਤੇ ਪਾਪੀ ਕਾਸ਼ੀ ਵਿਚ ਮਰ ਕੇ ਮੁਕਤੀ ਦਾ ਅਧਿਕਾਰੀ ਨਹੀਂ ਬਣ ਜਾਂਦਾ।

ਕਬੀਰ ਜੀ ਦਾ ਮਗਹਰ ਵਿਚ ਜਾਣਾ ਕੇਵਲ ਪੰਡਤਾਂ ਦੇ ਵਿਰੁੱਧ ਬਗ਼ਾਵਤ ਕਰਨਾ ਹੀ ਨਹੀਂ ਸੀ, ਬਲਕਿ ਉਨ੍ਹਾਂ ਖੋਭ ਭਰੇ ਵਲਵਲਿਆਂ ਦਾ ਨਤੀਜਾ ਸੀ, ਜੋ ਵਿਰੋਧੀਆਂ ਦੇ ਭੈੜੇ ਵਰਤਾਉ ਨੇ ਉਨ੍ਹਾਂ ਦੇ ਦਿਲ ਵਿਚ ਉਤਪੰਨ ਕੀਤੇ ਸਨ। ਇਸ ਤੋਂ ਸਿੱਧ ਹੁੰਦਾ ਹੈ ਕਿ ਮੁਤੱਸਬ ਤੇ ਪੁਰਾਤਨਤਾ ਵਿਚ ਜਕੜੇ ਹੋਏ ਲੋਕਾਂ ਦੀ ਸਾਰੀ ਵਿਰੋਧਤਾ ਉਨ੍ਹਾਂ ਨੂੰ ਆਪਣੇ ਆਦਰਸ਼ ਤੇ ਇਨਕਲਾਬੀ ਸੁਭਾਅ ਤੋਂ ਨਹੀਂ ਰੋਕ ਸਕੀ। ਕਬੀਰ ਜੀ ਆਪਣੀ ਸੰਸਾਰਕ ਯਾਤਰਾ ਸਮਾਪਤ ਕਰਨ ਤੋਂ ਪਹਿਲੇ ਵਾਹਿਗੁਰੂ ਦੇ ਚਰਨਾਂ ਵਿਚ ਪ੍ਰੇਮ ਭਰੀ ਤੇ ਸ਼ਰਧਾ ਪੂਰਵਕ ਅੰਤਮ ਅਰਦਾਸ ਇਉਂ ਕਰਦੇ ਹਨ:

**ਜਿਉ ਜਲ ਛੋਡਿ ਬਾਹਰਿ ਭਇਓ ਮੀਨਾ॥ ਪੂਰਬ ਜਨਮ ਹਉ ਤਪ ਕਾ ਹੀਨਾ॥੧॥**
**ਅਬ ਕਹੁ ਰਾਮ ਕਵਨ ਗਤਿ ਮੋਰੀ॥ ਤਜੀ ਲੇ ਬਨਾਰਸ ਮਤਿ ਭਈ ਥੋਰੀ॥੧॥ ਰਹਾਉ॥**
**ਸਗਲ ਜਨਮੁ ਸਿਵਪੁਰੀ ਗਵਾਇਆ॥ ਮਰਤੀ ਬਾਰ ਮਗਹਰਿ ਉਠਿ ਆਇਆ॥੨॥**
**ਬਹੁਤੁ ਬਰਸ ਤਪੁ ਕੀਆ ਕਾਸੀ॥ ਮਰਨੁ ਭਇਆ ਮਗਹਰ ਕੀ ਬਾਸੀ॥੩॥**
**ਕਾਸੀ ਮਗਹਰ ਸਮ ਬੀਚਾਰੀ॥ ਓਛੀ ਭਗਤਿ ਕੈਸੇ ਉਤਰਸਿ ਪਾਰੀ॥੪॥**
**ਕਹੁ ਗੁਰ ਗਜਿ ਸਿਵ ਸਭੁ ਕੋ ਜਾਨੈ॥ ਮੁਆ ਕਬੀਰੁ ਰਮਤ ਸ੍ਰੀ ਰਾਮੈ॥੫॥੧੫॥**

*(ਗਉੜੀ, ਪੰਨਾ ੩੨੬)*

ਇਹ ਆਦਰਸ਼ ਲਈ ਕਿਤਨੀ ਦ੍ਰਿੜ੍ਹਤਾ ਹੈ, ਕਿਤਨਾ ਅਟੱਲ ਵਿਸ਼ਵਾਸ ਹੈ।

ਜਿਸ ਤਰ੍ਹਾਂ ਕਬੀਰ ਜੀ ਦੇ ਜਨਮ ਸੰਮਤ ਬਾਰੇ ਇਤਿਹਾਸਕਾਰਾਂ ਵਿਚ ਮੱਤ-ਭੇਦ ਹੈ, ਇਸੇ ਤਰ੍ਹਾਂ ਦੇਹਾਂਤ ਦੇ ਸੰਮਤ ਬਾਰੇ ਭੀ ਹੈ। *ਭਗਤ ਸੁਧਾ ਬਿੰਦੂ* ਵਿਚ ਲਿਖਿਆ

ਹੈ ਕਿ ਸ੍ਰੀ ਕਬੀਰ ਜੀ ੧੫੪੯ ਬਿ: ਵਿਚ ਮਗਹਰ ਗਏ ਤੇ ਉਥੇ ਹੀ ਸੰਮਤ ੧੫੫੨ ਵਿਚ ਅਘਹਨ ਸੁਦੀ ਇਕਾਦਸ਼ੀ ਨੂੰ ਪਰਮ ਧਾਮ ਗਏ।

ਕਈ ਪੁਸਤਕਾਂ ਵਿਚ ਇਹ ਦੋਹਿਰਾ ਮਿਲਦਾ ਹੈ:

**ਪੰਦਰਾਂ ਸੈ ਔ ਪਾਂਚ ਮੇਂ ਮਗਹਰ ਕੀਨੋ ਗੌਨ।**
**ਅਘਹਨ ਸੁਦੀ ਇਕਾਦਸੀ ਮਿਲੀ ਪੌਨ ਮੇਂ ਪੌਨ।**

ਇਸ ਤੋਂ ਸਾਬਤ ਹੁੰਦਾ ਹੈ ਕਿ ਕਬੀਰ ਜੀ ਸੰਮਤ ੧੫੦੫ ਵਿਚ ਪ੍ਰਲੋਕ ਸਿਧਾਰੇ, ਪਰ ਇਹ ਠੀਕ ਨਹੀਂ, ਕਿਉਂਕਿ ਭਗਤ ਮਾਲ, ਅਬੂ ਫ਼ਜ਼ਲ ਕ੍ਰਿਤ *ਆਈਨੇ ਅਕਬਰੀ*, *ਖ਼ੁਲਾਸਤੁਲ ਤ੍ਵਾਰੀਖ਼* ਤੇ *ਫ਼ਰਿਸ਼ਤਾ* ਆਦਿ ਨੇ ਕਬੀਰ ਜੀ ਨੂੰ ਸਿਕੰਦਰ ਲੋਧੀ ਦਾ ਸਮਕਾਲੀ ਮੰਨਿਆ ਹੈ। ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਸਿਕੰਦਰ ਸੰਮਤ ੧੫੪੪ ਵਿਚ ਗੱਦੀ ਉਪਰ ਬੈਠਾ ਸੀ। ਕਬੀਰ ਜੀ ਦੀ ਬਾਣੀ ਤੋਂ ਵੀ ਸਿੱਧ ਹੁੰਦਾ ਹੈ ਕਿ ਜਦ ਉਹ ਕਾਸ਼ੀ ਵਿਚ ਗਏ, ਪੰਡਤਾਂ ਤੇ ਮੁਲਾਣਿਆਂ ਦੇ ਕਹਿਣ 'ਤੇ ਉਨ੍ਹਾਂ ਨੂੰ ਬਾਦਸ਼ਾਹ ਦੇ ਪੇਸ਼ ਕੀਤਾ ਗਿਆ। ਬਾਦਸ਼ਾਹ ਦੇ ਹੁਕਮ ਨਾਲ ਉਨ੍ਹਾਂ ਦਾ ਗੰਗਾ ਵਿਚ ਜਾਂ ਹਾਥੀ ਅਗੇ ਸੁੱਟਣਾ ਤੇ ਕਬੀਰ ਜੀ ਦਾ ਬਚ ਜਾਣਾ ਵੀ ਸਿੱਧ ਹੁੰਦਾ ਹੈ। ਇਸ ਲਈ ਨਿਸਚਿਤ ਹੈ ਕਿ ਕਬੀਰ ਜੀ ੧੫੦੫ ਵਿਚ ਨਹੀਂ ਬਲਕਿ ਬਹੁਤ ਪਿੱਛੋਂ ਪ੍ਰਲੋਕ ਸਿਧਾਰੇ ਹਨ। ਧਰਮ ਦਾਸ ਜੀ ਕਬੀਰ ਜੀ ਦੇ ਪ੍ਰਸਿੱਧ ਚੇਲਿਆਂ ਵਿਚੋਂ ਇਕ ਸਨ। ਉਨ੍ਹਾਂ ਦਾ ਮੱਤ ਹੈ:

**ਪੰਦਰਾਂ ਸੌ ਪਛੱਤਰ ਕੀਆ ਮਗਹਰ ਕੋ ਗੌਨ।**
**ਮਘਰ ਸੁਦੀ ਇਕਾਦਸ਼ੀ ਮਿਲੀ ਪੌਨ ਮੇਂ ਪੌਨ।**

ਭਾਵ, ਸੰਮਤ ੧੫੭੫ ਬਿ: ਵਿਚ ਕਬੀਰ ਜੀ ਸਮਾਏ, ਇਹ ਗੱਲ ਠੀਕ ਹੈ। ਜਦੋਂ ਕਬੀਰ ਜੀ ਸੱਚਖੰਡ ਪਧਾਰਨ ਲੱਗੇ ਤਾਂ ਹਿੰਦੂਆਂ ਤੇ ਮੁਸਲਮਾਨਾਂ ਵਿਚਕਾਰ ਝਗੜਾ ਹੋ ਪਿਆ। ਹਿੰਦੂ ਕਹਿੰਦੇ ਸਨ, "ਕਬੀਰ ਜੀ ਹਿੰਦੂ ਹਨ, ਅਸੀਂ ਇਨ੍ਹਾਂ ਦਾ ਅੰਤਮ ਸੰਸਕਾਰ ਕਰਨਾ ਹੈ।" ਮੁਸਲਮਾਨ ਆਖਦੇ ਸਨ, "ਕਬੀਰ ਸਾਹਿਬ ਮੁਸਲਮਾਨ ਹਨ, ਅਸੀਂ ਇਹਨਾਂ ਨੂੰ ਕਬਰ ਵਿਚ ਦਬਾਉਣਾ ਹੈ।" ਹਿੰਦੂਆਂ ਵੱਲ ਕਾਸ਼ੀ ਦਾ ਰਾਜਾ ਬੀਰ ਸਿੰਘ ਸੀ। ਮੁਸਲਮਾਨਾਂ ਵੱਲੋਂ ਬਿਜਲੀ ਖ਼ਾਂ ਪਠਾਣ ਸੂਬੇਦਾਰ ਗੋਰਖਪੁਰ ਸੀ। ਦੋਹਾਂ ਧਿਰਾਂ ਵਿਚ ਤਲਵਾਰ ਚੱਲਣ ਵਾਲੀ ਸੀ ਕਿ ਕਬੀਰ-ਪੰਥੀਆਂ ਦੇ ਕਥਨ ਅਨੁਸਾਰ, ਜਿਸ ਕੋਠੜੀ ਵਿਚ ਕਬੀਰ ਜੀ ਬਿਰਾਜੇ ਹੋਏ ਸਨ, ਉਥੋਂ ਆਵਾਜ਼ ਆਈ:

(੧) **ਹਿੰਦੂ ਕਹੇਂ ਹਮ ਲੇ ਜਾਰੇਂ ਤੁਰਕ ਕਹੇਂ ਹਮਾਰੋ ਪੀਰ।**
**ਆਪਸ ਮੇਂ ਦੋਨੋਂ ਮਿਲ ਝਗੜੇ ਠਾਢੇ ਦੇਖਹਿ ਹੰਸ ਕਬੀਰ।**

(੨) **ਤੁਮ ਖੋਲੌ ਪਰਦਾ ਹੈ ਨਹਿ ਮੁਰਦਾ, ਜੁਧ ਮਿਥਿਆ ਤੁਮ ਕਰ ਡਾਰੋ।**
**ਸੁਨ ਕੇ ਯਿਹ ਬਾਨੀ, ਅਚਰਜ ਮਾਨੀ, ਦੇਖ ਨਿਸ਼ਾਨੀ ਸਰਮਾਰੀ।**

*ਕਬੀਰ ਕਸੌਟੀ* ਵਿਚ ਲਿਖਿਆ ਹੈ ਕਿ ਕਬੀਰ ਜੀ ਨੇ ਅੰਤ ਸਮੇਂ ਕੰਵਲ ਫੁੱਲ ਤੇ ਦੋ ਚਾਦਰਾਂ ਮੰਗਾਈਆਂ ਤੇ ਲੇਟ ਗਏ। ਜਾਪਦਾ ਇਹ ਹੈ ਕਿ ਦੋਹਾਂ ਧਿਰਾਂ ਨੂੰ ਝਗੜਦੇ ਵੇਖ ਕੇ ਆਪ ਨੇ ਬੜੀ ਸਿਆਣਪ ਨਾਲ ਆਪਣੇ ਪ੍ਰੇਮੀਆਂ ਪਾਸੋਂ ਇਹ

ਚੀਜ਼ਾਂ ਮੰਗਾ ਕੇ ਕੌਤਕ ਵਰਤਾਇਆ ਤੇ ਸਮਾਅ ਗਏ। ਕਿਸੇ ਨੇ ਕਿਹਾ, "ਵੇਖੋ ਤੇ ਸਹੀ ਕਬੀਰ ਜੀ ਕਿਥੇ ਹਨ ?" ਜਦ ਦੋਹਾਂ ਧਿਰਾਂ ਨੇ ਖੱਫਣ ਚੁੱਕ ਕੇ ਵੇਖਿਆ ਤਾਂ ਥੱਲਿਓਂ ਥੋੜ੍ਹੇ ਜਿਹੇ ਕੰਵਲ ਦੇ ਫੁੱਲ ਨਿਕਲੇ, ਦੇਹ ਕਿਸੇ ਨੂੰ ਨਾ ਲੱਭੀ। ਇਸ ਤਰ੍ਹਾਂ ਦੋਹਾਂ ਦਾ ਝਗੜਾ ਮੁੱਕ ਗਿਆ। ਹਿੰਦੂਆਂ ਨੇ ਕਾਸ਼ੀ ਵਿਚ ਯਾਦਗਾਰ ਬਣਾਈ ਜੋ 'ਕਬੀਰ ਚੌਰਾ' ਦੇ ਨਾਂ ਤੋਂ ਪ੍ਰਸਿੱਧ ਹੈ। ਮਗਹਰ ਵਿਚ ਪਿੱਛੋਂ ਸਮਾਧ ਬਣਾਈ ਗਈ। ਸ੍ਰੀ ਕਬੀਰ ਜੀ ਭਾਰਤ ਦੇ ਬਹੁਤ ਉੱਚੇ ਭਗਤ, ਉੱਚੇ ਆਦਰਸ਼ਕ ਗ੍ਰਿਹਸਤੀ, ਧਰਮ ਤੇ ਸਮਾਜ ਦੇ ਭਾਰੀ ਸੁਧਾਰਕ ਸਨ। ਉਨ੍ਹਾਂ ਦਾ ਪਵਿਤਰ ਜੀਵਨ ਤੇ ਉਪਦੇਸ਼ ਸਦਾ ਰੌਸ਼ਨ ਰਹਿਣਗੇ।

# ਜੀਵਨ ਭਗਤ ਨਾਮਦੇਵ ਜੀ

## ਅੰਮ੍ਰਿਤ ਵਚਨ

ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ॥
ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ॥੧॥
ਸਭੁ ਗੋਬਿੰਦੁ ਹੈ ਸਭ ਗੋਬਿੰਦੁ ਹੈ॥ ਗੋਬਿੰਦ ਬਿਨੁ ਨਹੀ ਕੋਈ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥੧॥ਰਹਾਉ॥
ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥
ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥੨॥
ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ॥
ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ. ਮਨੁ ਮਾਨਿਆ॥੩॥
ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ॥
ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ॥੪॥੧॥

*(ਆਸਾ, ਪੰਨਾ ੪੮੫)*

# ਭਗਤ ਨਾਮਦੇਵ ਜੀ

| | | |
|---|---|---|
| ਜਨਮ | : | ਕਤਕ ਸੁਦੀ ੧੧ ਸੰਮਤ ੧੩੨੭ ਬਿਕ੍ਰਮੀ, ਪਿੰਡ ਨਰਸੀ ਬਾਮਨੀ, ਜ਼ਿਲ੍ਹਾ ਸਤਾਰਾ (ਬੰਬਈ)। |
| ਮਾਤਾ-ਪਿਤਾ | : | ਦਾਮ ਸ਼ੇਟੀ, ਮਾਤਾ ਗੋਨਾ ਬਾਈ। |
| ਨਿਵਾਸ | : | ਪੁੰਡਰਪੁਰ। |
| ਗੁਰ-ਦੀਖਿਆ | : | ਵਿਸ਼ੋਭਾ ਖੇਚਰ ਮਹਾਤਮਾ ਤੋਂ। |
| ਵਿਆਹ | : | ਗੋਬਿੰਦ ਸ਼ੇਟੀ ਦੀ ਪੁਤਰੀ ਰਾਜਾ ਬਾਈ ਨਾਲ ਹੋਇਆ। |
| ਦੇਹਾਂਤ | : | ਸੰਮਤ ੧੪੦੭ ਬਿਕ੍ਰਮੀ। |

# ਜੀਵਨ ਭਗਤ ਨਾਮਦੇਵ ਜੀ

## ਜਨਮ, ਬਾਲਪਨ ਤੇ ਆਰੰਭਿਕ ਜੀਵਨ

ਬੁੱਧ ਧਰਮ ਦੇ ਮਿਟ ਜਾਣ ਦੇ ਬਾਅਦ ਤੇ ਮੁਸਲਮਾਨ ਬਾਦਸ਼ਾਹਾਂ ਦੇ ਹਮਲਿਆਂ ਨਾਲ ਹਿੰਦੁਸਤਾਨ ਵਿਚ ਭਗਤੀ ਦੀ ਜੋ ਲਹਿਰ ਜਾਰੀ ਹੋਈ, ਇਹ ਦਰਅਸਲ ਦੱਖਣ 'ਚੋਂ ਉਠੀ। ਭਗਤੀ ਦਾ ਇਹ ਸੋਮਾ ਹੌਲੀ ਹੌਲੀ ਉੱਤਰੀ ਭਾਰਤ ਵੱਲ ਵਧਿਆ। ਰਾਜਨੀਤਿਕ ਪਰਿਵਰਤਨ ਦੇ ਕਾਰਨ ਸੁੰਨ ਪਏ ਹੋਏ ਜਨਤਾ ਦੇ ਹਿਰਦਿਆਂ ਵਿਚ ਇਸ ਨੂੰ ਪੂਰੀ ਥਾਂ ਮਿਲੀ। ਰਾਮਾਨੁਜ ਨੇ (ਸੰਮਤ ੧੦੭੩ ਵਿਚ) ਜਿਸ ਭਗਤੀ ਦਾ ਨਿਰੂਪਣ ਕੀਤਾ ਸੀ, ਉਸ ਵੱਲ ਜਨਤਾ ਆਕਰਸ਼ਿਤ ਹੋਈ। ਗੁਜਰਾਤ ਪ੍ਰਾਂਤ ਵਿਚ ਮਾਧਵਾਚਾਰਯ ਨੇ (੧੨੫੪-੧੩੩੩ ਵਿਚ) ਜੋ ਅਦਵੈਤਵਾਦੀ ਵੈਸ਼ਨਵ ਸੰਪ੍ਰਦਾਇ ਚਲਾਈ, ਉਸ ਵੱਲ ਬਹੁਤ ਸਾਰੇ ਲੋਕ ਝੁਕ ਗਏ।[੧] ਭਗਤੀ ਮਾਰਗ ਵਿਚ ਸਮਾਨਤਾ ਸੀ, ਇਸ ਲਈ ਮਹਾਂਰਾਸ਼ਟਰ ਵਿਚ ਤੇਰ੍ਹਵੀਂ ਸਦੀ ਵਿਚ ਭਗਤੀ ਮਾਰਗ ਦਾ ਜ਼ੋਰ ਹੋ ਗਿਆ। ਇਸ ਪ੍ਰਾਂਤ ਵਿਚ ਜੋ ਸੰਤ ਪੈਦਾ ਹੋਏ, ਉਹ ਖ਼ਾਸ ਤੌਰ 'ਤੇ ਕਹਿਣ-ਮਾਤਰ ਨੀਵੀਆਂ ਜਾਤਾਂ ਵਿਚੋਂ ਸਨ। ਉਨ੍ਹਾਂ ਵਿਚੋਂ ਸ੍ਰੀ ਨਾਮਦੇਵ, ਗਿਆਨੇਸ਼ਵਰ, ਮੁਕਤਾ ਬਾਈ, ਏਕ ਨਾਥ, ਜਨਾਰਧਨ, ਤ੍ਰਿੰਬਕ ਸੁਆਮੀ, ਮੁਦਗਲ ਆਦਿਕ ਦੇ ਨਾਂ ਖ਼ਾਸ ਵਰਣਨਯੋਗ ਹਨ। ਮਹਾਂਰਾਸ਼ਟਰ ਵਿਚ ਧਰਮ ਪ੍ਰਚਾਰ, ਸਮਾਜਕ ਸੁਧਾਰ ਤੇ ਰਾਜਨੀਤਿਕ ਜਾਗਰਤੀ ਦਾ ਕੰਮ ਸੰਤ ਮੰਡਲ ਨੇ ਕੀਤਾ।[੨]

ਸ੍ਰੀ ਨਾਮਦੇਵ ਜੀ ਮਹਾਂਰਾਸ਼ਟਰ ਦੇ ਪ੍ਰਸਿੱਧ ਭਗਤ ਹੋਏ ਹਨ। ਆਪ ਦਾ ਜਨਮ ਐਤਵਾਰ, ਕੱਤਕ ਸੁਦੀ ੧੧, ਸੰਮਤ ੧੩੨੭ ਬਿਕ੍ਰਮੀ ਮੁਤਾਬਿਕ ੧੨੭੦ ਈ: ਨੂੰ ਪਿੰਡ ਨਰਸੀ ਬਾਮਨੀ, ਜ਼ਿਲ੍ਹਾ ਸਤਾਰਾ (ਬੰਬਈ) ਵਿਖੇ ਦਾਮਸ਼ੇਟੀ ਛੀਪੇ ਦੇ ਘਰ ਹੋਇਆ। ਆਪ ਦੀ ਮਾਤਾ ਦਾ ਨਾਮ ਗੋਨਾ ਬਾਈ ਸੀ, ਜੋ ਇਕ ਦਰਜ਼ੀ ਦੀ ਪੁੱਤਰੀ ਸੀ। ਇਨ੍ਹਾਂ ਦਾ ਪਿੰਡ ਕਲਿਆਨ ਸੀ। ਨਾਮਦੇਵ ਜੀ ਦੇ ਮਾਤਾ ਪਿਤਾ ਭਗਤੀ ਭਾਵ ਵਾਲੇ ਸਨ।

ਸ੍ਰੀ ਨਾਮਦੇਵ ਜੀ ਦੇ ਸੰਬੰਧ ਵਿਚ ਇਕ ਸਾਖੀ ਇਹ ਵੀ ਹੈ ਕਿ ਦਾਮਸ਼ੇਟੀ ਤੇ ਗੋਨਾ ਬਾਈ ਦੇ ਕੋਈ ਸੰਤਾਨ ਨਹੀਂ ਸੀ। ਇਹ ਦੋਵੇਂ ਜੀਅ ਵਿਠੋਬਾ ਦੇਵ ਦੀ ਪੂਜਾ ਕਰਦੇ ਸਨ। ਇਕ ਦਿਨ ਭੀਮਾ ਨਦੀ ਤੋਂ ਇਸ਼ਨਾਨ ਕਰ ਕੇ ਵਾਪਸ ਆ ਰਹੇ ਸਨ ਕਿ ਇਨ੍ਹਾਂ ਨੂੰ ਬਾਰ੍ਹਾਂ ਵਰ੍ਹਿਆਂ ਦਾ ਇਕ ਮੁੰਡਾ ਮਿਲਿਆ, ਇਹ ਨਾਮਦੇਵ ਜੀ ਸਨ।[੩]

---

੧. *ਹਿੰਦੀ ਸਾਹਿਤ ਦਾ ਇਤਿਹਾਸ*, ਪੰਨਾ ੬੪।

੨. *ਮਰਾਠੀ ਇਤਿਹਾਸ*, ਪੰਨਾ ੯੬।

੩. *ਹਿੰਦੀ ਵਿਸ਼ਵ ਕੋਸ਼*, ਭਾਗ ੧੧, ਪੰਨਾ ੬੪੫।

ਨਗਰ ਦੇ ਬਾਹਰ ਵਿਠੋਭਾ ਦਾ ਮੰਦਰ ਸੀ। ਉਥੇ ਦਾਮਸ਼ੇਟੀ ਨਿੱਤ ਪੂਜਾ ਕਰਨ ਜਾਇਆ ਕਰਦੇ ਸਨ। 'ਜਿਹੀ ਕੋਕੋ, ਤਿਹੇ ਬੱਚੇ' ਦੀ ਅਖੌਤ ਅਨੁਸਾਰ ਮਾਤਾ ਪਿਤਾ ਦੇ ਸ਼ੁਭ ਸੰਸਕਾਰਾਂ ਦਾ ਪ੍ਰਭਾਵ ਸ੍ਰੀ ਨਾਮਦੇਵ ਜੀ 'ਤੇ ਪਿਆ। ਉਹ ਬਚਪਨ ਤੋਂ ਹੀ ਰੱਬ ਦੀ ਭਗਤੀ ਵੱਲ ਲੱਗ ਪਏ। ਪੰਜ ਵਰ੍ਹੇ ਦੀ ਉਮਰ ਵਿਚ ਆਪ ਨੂੰ ਸਕੂਲੇ ਪੜ੍ਹਨ ਪਾਇਆ ਗਿਆ, ਪਰ ਇਨ੍ਹਾਂ ਨੇ ਪੜ੍ਹਾਈ ਵੱਲ ਕੋਈ ਖ਼ਾਸ ਧਿਆਨ ਨਾ ਦਿੱਤਾ। ਜੇ ਕਦੀ ਸਕੂਲ ਦਾ ਉਸਤਾਦ ਬਾਹਰ ਜਾਂਦਾ ਤਾਂ ਨਾਮਦੇਵ ਜੀ ਇਸ ਮੌਕੇ ਨੂੰ ਦੁਰਲਭ ਸਮਝ ਕੇ ਦੂਜੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਰੱਬ ਦੀ ਭਗਤੀ ਵੱਲ ਲੱਗ ਜਾਂਦੇ। ਆਪ ਸੁਰ-ਤਾਲ ਨਾਲ ਈਸ਼ਵਰ ਦੇ ਗੀਤ ਗਾਉਂਦੇ ਤੇ ਸਾਥੀਆਂ ਨੂੰ ਭੀ ਗਾਉਣ ਦੀ ਪ੍ਰੇਰਨਾ ਕਰਦੇ।

ਜਦ ਰਤਾ ਵਡੀ ਉਮਰ ਦੇ ਹੋਏ ਤਾਂ ਸ੍ਰੀ ਨਾਮਦੇਵ ਜੀ ਦੀ ਸ਼ਾਦੀ ਗੋਬਿੰਦ ਸ਼ੇਟੀ ਦੀ ਲੜਕੀ ਰਾਜਾ ਬਾਈ ਨਾਲ ਹੋਈ। ਆਪ ਦੇ ਮਾਤਾ ਪਿਤਾ ਨੇ ਜਤਨ ਕੀਤਾ ਕਿ ਟੱਬਰਦਾਰ ਹੋਣ ਦੇ ਨਾਲ ਹੀ ਵਿਹਾਰ ਦੀ ਉੱਨਤੀ ਵੱਲ ਖ਼ਾਸ ਧਿਆਨ ਦੇਣ, ਪਰ ਉਨ੍ਹਾਂ ਨੂੰ ਇਸ ਗੱਲ ਵਿਚ ਸਫਲਤਾ ਨਾ ਹੋਈ। ਇਕ ਵੇਰ ਪਿਤਾ ਨੇ ਕੁਝ ਰੁਪਏ ਕਿਸੇ ਸ਼ਾਹੂਕਾਰ ਪਾਸੋਂ ਲੈ ਕੇ ਵਪਾਰ ਕਰਨ ਲਈ ਦਿੱਤੇ। ਆਪ ਨੇ ਉਹ ਰੁਪਏ ਫ਼ਕੀਰਾਂ ਨੂੰ ਖ਼ੁਆ ਦਿੱਤੇ। ਮਾਤਾ-ਪਿਤਾ ਨੂੰ ਆਪ ਦੇ ਇਸ ਵਤੀਰੇ ਤੋਂ ਬੜੀ ਨਿਰਾਸਤਾ ਹੋਈ। ਜਿਸ ਮੰਦਰ ਵਿਚ ਨਾਮਦੇਵ ਜੀ ਪੂਜਾ-ਪਾਠ ਕਰਨ ਜਾਂਦੇ ਸਨ, ਉਥੋਂ ਦੇ ਪੁਜਾਰੀਆਂ ਨੇ ਵੀ ਆਪ ਨੂੰ ਸਮਝਾਉਣ ਦਾ ਜਤਨ ਕੀਤਾ ਪਰ ਉਨ੍ਹਾਂ ਦੀ ਵੀ ਕੋਈ ਪੇਸ਼ ਨਾ ਗਈ।

ਇਕ ਦਿਨ ਨਾਮਦੇਵ ਜੀ ਦਾ ਪਿਤਾ ਕਿਸੇ ਖ਼ਾਸ ਕੰਮ ਲਈ ਬਾਹਰ ਚਲਿਆ ਤਾਂ ਉਸ ਨੇ ਆਪ ਨੂੰ ਬੁਲਾ ਕੇ ਕਿਹਾ, "ਮੈਂ ਕਿਸੇ ਕੰਮ ਲਈ ਬਾਹਰ ਚਲਿਆ ਹਾਂ, ਤੂੰ ਪਿੱਛੋਂ ਮੇਰੀ ਥਾਵੇਂ ਮੰਦਰ ਵਿਚ ਜਾ ਕੇ ਠਾਕੁਰ ਦੀ ਪੂਜਾ-ਸੇਵਾ ਕਰੀਂ। ਠਾਕੁਰ ਨੂੰ ਭੋਗ ਲਵਾਏ ਬਿਨਾ ਆਪ ਅੰਨ ਜਲ ਨਾ ਗ੍ਰਹਿਣ ਕਰੀਂ।" ਨਾਮਦੇਵ ਜੀ ਨੇ ਉੱਤਰ ਦਿੱਤਾ, "ਪਿਤਾ ਜੀ ! ਆਪ ਚਿੰਤਾ ਨਾ ਕਰੋ, ਮੈਂ ਬੜੇ ਪ੍ਰੇਮ ਨਾਲ ਠਾਕੁਰ ਦੀ ਪੂਜਾ-ਸੇਵਾ ਕਰਾਂਗਾ।" ਪਿਤਾ ਬੜੀ ਸਾਧਾਰਨ ਜਿਹੀ ਗੱਲ ਕਹਿ ਕੇ ਚਲਾ ਗਿਆ। ਦੂਜੇ ਦਿਨ ਸਵੇਰੇ ਨਾਮਦੇਵ ਨੇ ਇਸ਼ਨਾਨ ਕਰ ਕੇ ਗਊ ਦਾ ਦੁੱਧ ਚੋਇਆ ਤੇ ਬੜੇ ਪ੍ਰੇਮ ਨਾਲ ਉਹ ਦੁੱਧ ਲੈ ਕੇ ਠਾਕੁਰ ਨੂੰ ਭੋਗ ਲਵਾਣ ਲਈ ਮੰਦਰ ਵਿਚ ਪੁੱਜੇ। ਦੁੱਧ ਮੂਰਤੀ ਦੇ ਸਾਹਮਣੇ ਰੱਖ ਕੇ ਭਜਨ-ਸਿਮਰਨ ਵਿਚ ਜੁੱਟ ਗਏ। ਢੇਰ ਚਿਰ ਹੋ ਗਿਆ ਪਰ ਮੂਰਤੀ ਨੇ ਦੁੱਧ ਨਾ ਪੀਤਾ। ਨਾਮਦੇਵ ਨੂੰ ਸ਼ੱਕ ਪਿਆ ਕਿ ਠਾਕੁਰ ਮੇਰੇ ਪਿਤਾ ਜੀ ਦਾ ਦੁੱਧ ਤਾਂ ਪੀ ਲੈਂਦੇ ਹਨ ਪਰ ਮੇਰੇ ਵਿਚ ਕੁਝ ਕਸੂਰ ਹੈ, ਇਸ ਲਈ ਮੇਰਾ ਦੁੱਧ ਨਹੀਂ ਪੀਂਦੇ। ਭੋਲੇ-ਭਾਅ ਆਪ ਨੇ ਮੂਰਤੀ ਅੱਗੇ ਬੜੇ ਤਰਲੇ ਕੀਤੇ ਪਰ ਨਤੀਜਾ ਕੋਈ ਨਾ ਨਿਕਲਿਆ। ਭੋਲੇ ਨਾਮਦੇਵ ਨੂੰ ਕੀ ਪਤਾ ਸੀ ਕਿ ਜੜ੍ਹ ਪ੍ਰਿਤਮਾ ਨੇ ਕਦੀ ਦੁੱਧ ਨਹੀਂ ਪੀਤਾ। ਉਸ ਨੇ ਪਿਤਾ ਦੇ ਬਚਨ ਮੰਨ ਕੇ ਸਿਰ-ਧੜ ਦੀ ਬਾਜ਼ੀ ਲਾ ਦਿੱਤੀ। ਨਾਮਦੇਵ ਜੀ ਨੇ ਦਿਲ ਵਿਚ ਪ੍ਰਣ ਕਰ ਲਿਆ ਕਿ ਜਦ ਤੀਕ ਠਾਕੁਰ ਦੁੱਧ ਨਹੀਂ ਪੀਂਦੇ, ਉਦੋਂ ਤੀਕ ਮੈਂ ਵੀ ਕੁਝ ਨਹੀਂ ਖਾਣਾ ਪੀਣਾ। ਮਨੁੱਖ ਦਾ ਦ੍ਰਿੜ ਸੰਕਲਪ ਤੇ ਅਟੱਲ ਵਿਸ਼ਵਾਸ ਕਈ ਵੇਰ ਅਣਹੋਣੀ ਗੱਲ ਨੂੰ ਹੋਣੀ ਕਰ ਦਿੰਦਾ ਹੈ। *ਭਗਤ ਮਾਲ* ਤੇ ਹੋਰ ਪੁਰਾਤਨ ਗ੍ਰੰਥਾਂ ਵਿਚ ਲਿਖਿਆ ਹੈ ਕਿ ਨਾਮਦੇਵ ਜੀ ਦੀ ਪ੍ਰੇਮ-ਭਗਤੀ ਨੂੰ

ਦੇਖ ਕੇ ਮੂਰਤੀ ਨੇ ਉਹ ਦੁੱਧ ਪੀ ਲਿਆ। ਭਾਈ ਗੁਰਦਾਸ ਜੀ ਲਿਖਦੇ ਹਨ:

ਕੰਮ ਕਿਤੈ ਪਿਉ ਚਲਿਆ ਨਾਮਦੇਉ ਨੂੰ ਆਖਿ ਸਿਧਾਯਾ॥
ਠਾਕਰ ਦੀ ਸੇਵਾ ਕਰੀਂ ਦੁਧ ਪੀਆਵਣ ਕਹਿ ਸਮਝਾਯਾ॥
ਨਾਮਦੇਵ ਇਸ਼ਨਾਨ ਕਰ ਕਪਲ ਗਾਇ ਦੁਹਿ ਕੈ ਲੈ ਆਯਾ॥
ਠਾਕਰ ਨੋ ਨ੍ਹਾਵਾਲ ਕੈ ਚਰਣੋਦਕ ਲੈ ਤਿਲਕ ਚੜ੍ਹਾਯਾ॥
ਹਥ ਜੋੜ ਬਿਨਤੀ ਕਰੈ ਦੁੱਧ ਪੀਅਹੁ ਜੀ ਗੋਬਿੰਦ ਰਾਯਾ॥
ਨਿਹਚਉ ਕਰ ਆਰਾਧਿਆ ਹੋਇ ਦਯਾਲ ਦਰਸ ਦਿਖਲਾਯਾ॥
ਭਰੀ ਕਟੋਰੀ ਨਾਮ ਦੇਵ ਲੈ ਠਾਕੁਰ ਨੋ ਦੁਧ ਪੀਆਯਾ॥
ਗਾਇ ਮੁਈ ਜੀਵਾਲੀਅਨ ਨਾਮ ਦੇਵ ਦਾ ਛਪਰ ਛਾਯਾ॥
ਫੇਰ ਦੇਹੁਰਾ ਰਖਿਓਨ ਚਾਰ ਵਰਨ ਲੈ ਪੈਰੀ ਪਾਯਾ॥
ਭਗਤ ਜਨਾ ਦਾ ਕਰੇ ਕਰਾਯਾ॥੧੦॥੧੧॥

ਸ੍ਰੀ ਨਾਮਦੇਵ ਜੀ ਇਸ ਘਟਨਾ ਬਾਰੇ ਆਪ ਫ਼ੁਰਮਾਉਂਦੇ ਹਨ:

ਦੂਧੁ ਕਟੋਰੈ ਗਡਵੈ ਪਾਨੀ॥ ਕਪਲ ਗਾਇ ਨਾਮੈ ਦੁਹਿ ਆਨੀ॥੧॥
ਦੂਧੁ ਪੀਉ ਗੋਬਿੰਦੇ ਰਾਇ॥ ਦੂਧੁ ਪੀਉ ਮੇਰੋ ਮਨੁ ਪਤੀਆਇ॥
ਨਾਹੀ ਤ ਘਰ ਕੋ ਬਾਪੁ ਰਿਸਾਇ॥੧॥ ਰਹਾਉ॥
ਸੋੁਇਨ ਕਟੋਰੀ ਅੰਮ੍ਰਿਤ ਭਰੀ॥ ਲੈ ਨਾਮੈ ਹਰਿ ਆਗੈ ਧਰੀ॥੨॥
ਏਕੁ ਭਗਤੁ ਮੇਰੇ ਹਿਰਦੇ ਬਸੈ॥ ਨਾਮੇ ਦੇਖਿ ਨਰਾਇਨੁ ਹਸੈ॥੩॥
ਦੂਧੁ ਪੀਆਇ ਭਗਤੁ ਘਰਿ ਗਇਆ॥ ਨਾਮੇ ਹਰਿ ਕਾ ਦਰਸਨੁ ਭਇਆ॥੪॥੩॥

*(ਭੈਰਉ, ਪੰਨਾ ੧੧੬੩)*

ਅਸੀਂ ਇਸ ਘਟਨਾ ਦਾ ਭਾਵ ਇਹ ਸਮਝਦੇ ਹਾਂ ਕਿ ਮੂਰਤੀ ਨੂੰ ਦੁੱਧ ਪਿਲਾਣ ਦੇ ਭੋਲੇ ਭਾਅ ਨੇ ਹੀ ਨਾਮਦੇਵ ਜੀ ਦੇ ਅੰਤ੍ਰੀਵ-ਆਤਮੇ ਸਰਬ ਵਿਆਪਕ ਈਸ਼ਵਰ ਦੇ ਗਿਆਨ ਦਾ ਪ੍ਰਕਾਸ਼ ਕੀਤਾ। ਉਨ੍ਹਾਂ ਨੇ ਇਕ ਜੜ੍ਹ ਮੂਰਤੀ ਵਿਚ ਜੋ ਈਸ਼ਵਰ-ਭਾਵਨਾ ਕਲਪਤ ਕੀਤੀ ਹੋਈ ਸੀ, ਉਹ ਨਸ਼ਟ ਹੋ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਨਾਮਦੇਵ ਜੀ ਦੀ ਬਾਣੀ ਵਿਚ ਆਉਂਦਾ ਹੈ:

ਦੂਧੁ ਪਿਆਇ ਭਗਤੁ ਘਰਿ ਗਇਆ॥ ਨਾਮੇ ਹਰਿ ਕਾ ਦਰਸਨੁ ਭਇਆ॥

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ 'ਹਰਿ-ਦਰਸ਼ਨ' ਮੂਰਤੀ ਦੇ ਦਰਸ਼ਨ ਨਾਲੋਂ ਕੋਈ ਵੱਖਰੀ ਚੀਜ਼ ਸੀ। ਮੂਰਤੀ ਦੇ ਦਰਸ਼ਨ ਤਾਂ ਰੋਜ਼ ਕਰਦੇ ਹੀ ਸਨ, ਇਸ ਲਈ ਉਸ ਵਿਚ ਈਸ਼ਵਰ ਦੀ ਭਾਵਨਾ ਕਲਪਤ ਕਰ ਕੇ ਦੁਧ ਪਿਆਲਣ ਬੈਠੇ ਸਨ। ਜੇ ਇਹ ਕਿਹਾ ਜਾਵੇ ਕਿ ਮੂਰਤੀ ਵਿਚੋਂ ਹੀ ਹਰਿ ਦਰਸ਼ਨ ਹੋਏ ਤਾਂ ਇਹ ਗੱਲ ਨਾਮਦੇਵ ਜੀ ਦੀ ਬਾਣੀ ਵਿਚ ਕਥਨ ਕੀਤੇ ਗਏ ਨਿਸਚਿਆਂ ਦੇ ਉਲਟ ਹੈ। ਆਪ ਫ਼ੁਰਮਾਉਂਦੇ ਹਨ:

ਏਕੈ ਪਾਥਰ ਕੀਜੈ ਭਾਉ॥ ਦੂਜੈ ਪਾਥਰ ਧਰੀਐ ਪਾਉ॥
ਜੇ ਓਹੁ ਦੇਉ ਤ ਓਹੁ ਭੀ ਦੇਵਾ॥ ਕਹਿ ਨਾਮਦੇਉ ਹਮ ਹਰਿ ਕੀ ਸੇਵਾ॥੪॥੧॥

*(ਗੂਜਰੀ, ਪੰਨਾ ੫੨੫)*

ਭਾਵ, ਇਕ ਪੱਥਰ ਨੂੰ ਰੱਬ ਦੀ ਮੂਰਤੀ ਸਮਝ ਕੇ ਉਸ ਨਾਲ ਪ੍ਰੇਮ ਕਰਦੇ ਹਾਂ

ਤੇ ਦੂਜੇ ਪੱਥਰ 'ਤੇ ਪੈਰ ਰੱਖਦੇ ਹਾਂ। ਜੇ ਇਕ ਪੱਥਰ ਦੇਵਤਾ ਹੈ ਤਾਂ ਦੂਜਾ ਕਿਉਂ ਨਹੀਂ? ਇਸ ਲਈ ਨਾਮਦੇਵ ਨਿਰਾਕਾਰ ਈਸ਼ਵਰ ਦੀ ਸੇਵਾ ਵਿਚ ਲੱਗਾ ਹੈ।

ਸ੍ਰੀ ਨਾਮਦੇਵ ਜੀ ਦੇ ਜੀਵਨ ਵਿਚ ਲਿਖਿਆ ਹੈ ਕਿ ਇਕ ਪਿੰਡ ਵਿਚ ਨਾਗ ਨਾਥ ਦਾ ਮੰਦਰ ਸੀ, ਉਸ ਵਿਚ ਇਕ ਤਤ੍ਵੇਤਾ ਸਾਧੂ 'ਵਿਸ਼ੋਬਾ ਖੇਚਰ' ਰਹਿੰਦਾ ਸੀ। ਆਪ ਨੇ ਉਸ ਦੀ ਮਹਿਮਾ ਸੁਣੀ ਹੋਈ ਸੀ, ਇਸ ਲਈ ਉਸ ਦਾ ਦਰਸ਼ਨ ਕਰਨ ਗਏ।

ਜਾ ਕੇ ਕੀ ਦੇਖਿਆ ਕਿ ਨਾਥ ਦੇ ਮੰਦਰ ਵਿਚ ਇਕ ਡਰਾਉਣੀ ਸ਼ਕਲ ਵਾਲਾ ਤੇ ਮਲੀਨ ਮਨੁੱਖ ਸ਼ਿਵ ਦੀ ਮੂਰਤੀ ਉਪਰ ਪੈਰ ਰੱਖ ਕੇ ਬੈਠਾ ਹੈ।

ਇਹ ਵੇਖ ਕੇ ਆਪ ਬੜੇ ਹੈਰਾਨ ਹੋਏ ਤੇ ਉਸ ਪਾਸੋਂ ਪੁੱਛਣ ਲੱਗੇ:

ਨਾਮਦੇਵ—ਤੂੰ ਮੂਰਤੀ ਉਪਰ ਪੈਰ ਕਿਉਂ ਰੱਖੇ ਹਨ?

ਸਾਧੂ—ਕਿਥੇ ਰੱਖਾਂ?

ਨਾਮਦੇਵ—ਹੋਰ ਕੋਈ ਥਾਂ ਪੈਰ ਰੱਖਣ ਲਈ ਨਹੀਂ?

ਸਾਧੂ—ਜਿਥੇ ਰੱਬ ਨਹੀਂ, ਤੂੰ ਉਥੇ ਮੇਰੇ ਪੈਰ ਰੱਖ ਦੇ।

ਅੰਤ ਵਿਚ ਨਾਮਦੇਵ ਜੀ ਨੂੰ ਪਤਾ ਲੱਗਾ ਕਿ ਇਹ ਤਾਂ ਤਤ੍ਵੇਤਾ ਸਾਧੂ ਵਿਸ਼ੋਬਾ ਖੇਚਰ ਹੈ। ਆਪ ਨੇ ਉਸ ਨੂੰ ਚਰਨ ਸੇਵਕ ਬਣਾਣ ਦੀ ਪ੍ਰਾਰਥਨਾ ਕੀਤੀ। ਵਿਸ਼ੋਬਾ ਖੇਚਰ ਨੇ ਆਪ ਦੇ ਪ੍ਰੇਮ ਨੂੰ ਦੇਖ ਕੇ ਗੁਰ-ਦੀਖਿਆ ਦਿੱਤੀ।

ਸ੍ਰੀ ਨਾਮਦੇਵ ਕੁਝ ਮਹੀਨੇ ਉਸ ਪਾਸ ਟਿਕੇ ਤੇ ਗਿਆਨ ਗੋਸ਼ਟ ਕਰ ਕੇ ਆਤਮਕ ਸਿਖਿਆ ਲੈਂਦੇ ਰਹੇ।

ਇਕ ਵੇਰ ਸ੍ਰੀ ਨਾਮਦੇਵ ਜੀ ਇਕ ਮੰਦਰ ਵਿਚ ਗਏ। ਉਥੇ ਦੇਖਿਆ ਕਿ ਇਕ ਪੁਜਾਰੀ ਠਾਕੁਰ ਨੂੰ ਭੋਗ ਲਵਾਂਦਾ ਹੈ ਤੇ ਲਾਗੇ ਇਕ ਗ਼ਰੀਬ ਇਸਤ੍ਰੀ ਦੀ ਗੋਦ ਵਿਚ ਉਸ ਦਾ ਭੁੱਖਾ ਬੱਚਾ ਤੜਫਦਾ ਹੈ। ਆਪ ਨੇ ਉਸ ਪਾਸੋਂ ਪੁੱਛਿਆ, "ਬੱਚਾ ਕੀ ਚਾਹੁੰਦਾ ਹੈ?" ਇਸਤ੍ਰੀ ਨੇ ਕਿਹਾ, "ਭੁੱਖਾ ਹੋਣ ਕਰਕੇ ਕੁਝ ਖਾਣ ਲਈ ਮੰਗਦਾ ਹੈ।" ਇਹ ਸੁਣ ਕੇ ਨਾਮਦੇਵ ਜੀ ਬੜੇ ਦੁਖੀ ਹੋਏ, ਇਸ ਲਈ ਕਿ ਮੰਦਰ ਦਾ ਪੁਜਾਰੀ ਇਕ ਜੜ੍ਹ ਮੂਰਤੀ ਨੂੰ ਭੋਗ ਲਵਾਉਣ ਵਿਚ ਤਾਂ ਪੁੰਨ ਸਮਝਦਾ ਸੀ, ਪਰ ਸਾਹਮਣੇ ਇਕ ਭੁੱਖ ਨਾਲ ਤੜਪ ਰਹੇ ਮਨੁੱਖ ਦੇ ਬੱਚੇ ਨੂੰ ਪ੍ਰਸ਼ਾਦ ਦੇਣ ਤੋਂ ਝਿਜਕਦਾ ਸੀ।

ਇਹ ਨਜ਼ਾਰਾ ਦੇਖ ਕੇ ਆਪ ਪਾਸੋਂ ਰਿਹਾ ਨਾ ਗਿਆ। ਜਦ ਮੰਦਰ ਵਿਚ ਦਾਖ਼ਲ ਹੋਣ ਲਗੇ ਤਾਂ ਕੁਝ ਅਭਿਮਾਨੀ ਪੰਡਤਾਂ ਨੇ ਆਪ ਨੂੰ ਸ਼ੂਦਰ ਸਮਝ ਕੇ ਘਿਰਣਾ ਕੀਤੀ। ਉਨ੍ਹਾਂ ਨੇ ਰੌਲਾ ਪਾ ਦਿੱਤਾ ਕਿ ਇਕ ਸ਼ੂਦਰ ਨੇ ਸਾਡਾ ਮੰਦਰ ਅਪਵਿਤਰ ਕਰ ਦਿੱਤਾ ਹੈ, ਇਹ ਸੁਣ ਕੇ ਬਹੁਤ ਸਾਰੇ ਲੋਕ ਇਕੱਠੇ ਹੋ ਗਏ ਤੇ ਨਾਮਦੇਵ ਜੀ ਨੂੰ ਧੱਕੇ ਮਾਰ ਕੇ ਮੰਦਰੋਂ ਬਾਹਰ ਕੱਢਣ ਦਾ ਯਤਨ ਕੀਤਾ।

ਨਾਮਦੇਵ ਜੀ ਪੁੰਡਰਪੁਰ ਵਿਖੇ ਵਿਠਲ ਦੇ ਮੰਦਰ ਦੇ ਦਰਸ਼ਨ ਕਰਨ ਗਏ। ਇਹ ਟਿਕਾਣਾ 'ਪੁੰਡਾਰਕ' ਨਾਮੇ ਇਕ ਕ੍ਰਿਸ਼ਨ ਭਗਤ ਦੀ ਯਾਦਗਾਰ ਸੀ। ਇਸ ਸੰਬੰਧੀ ਇਹ ਕਥਾ ਪ੍ਰਸਿੱਧ ਹੈ ਕਿ ਕ੍ਰਿਸ਼ਨ ਜੀ ਇਕ ਵੇਰ ਪੁੰਡਾਰਕ ਨੂੰ ਦਵਾਰਕਾ ਵਿਖੇ ਮਿਲਣ ਆਏ, ਅੱਗੇ ਉਹ ਮਾਂ ਪਿਉ ਦੀ ਸੇਵਾ ਵਿਚ ਲੱਗਾ ਹੋਇਆ ਸੀ। ਉਸ ਨੇ ਕ੍ਰਿਸ਼ਨ ਜੀ ਨੂੰ ਬੈਠਣ ਲਈ ਇਕ ਇੱਟ ਪੇਸ਼ ਕੀਤੀ ਤੇ ਆਪ ਕੰਮ ਵਿਚ ਰੁੱਝਾ ਰਿਹਾ। ਕ੍ਰਿਸ਼ਨ

ਜੀ ਇੱਟ ਉਪਰ ਬੈਠ ਤਾਂ ਗਏ, ਪਰ ਪੁੰਡਾਰਕ ਨੂੰ ਸੇਵਾ ਵਿਚ ਰੁੱਝਿਆਂ ਦੇਖ ਕੇ ਬਹੁਤਾ ਚਿਰ ਨਾ ਠਹਿਰੇ ਤੇ ਚਲਦੇ ਬਣੇ। ਇਸ ਯਾਦਗਾਰ ਵਿਚ ਜੋ ਮੂਰਤੀ ਬਣਾਈ ਗਈ, ਉਸ ਵਿਚ ਕ੍ਰਿਸ਼ਨ ਜੀ ਨੂੰ ਇਕ ਇੱਟ ਉਪਰ ਬੈਠੇ ਦਰਸਾਇਆ ਗਿਆ ਹੈ ਤੇ ਇਸੇ ਦਾ ਨਾਮ 'ਵਿਠਲ' ਕਰਕੇ ਪ੍ਰਸਿੱਧ ਹੈ। ਪੁੰਡਾਰਕ ਦੇ ਨਾਮ ਉਪਰ ਹੀ ਪੁੰਡਰਪੁਰ ਪ੍ਰਸਿੱਧ ਹੈ।

ਇਸ ਟਿਕਾਣੇ ਨਾਮਦੇਵ ਜੀ ਦੀ ਮੁਲਾਕਾਤ ਇਕ ਲੜਕੀ ਜੈਨਾ ਬਾਈ ਨਾਲ ਹੋਈ, ਜੋ ਮਾਪਿਆਂ ਦੇ ਘਰ 'ਵਿਠਲ' ਦੇ ਦਰਸ਼ਨ ਕਰਨ ਆਈ ਸੀ ਤੇ ਭਗਤੀ ਰੰਗ ਵਿਚ ਰੰਗੇ ਜਾਣ ਕਰਕੇ ਮੁੜ ਘਰ ਵਾਪਸ ਆ ਜਾਣ ਦਾ ਨਾਂ ਨਹੀਂ ਲੈਂਦੀ ਸੀ। ਜੈਨ ਬਾਈ ਨੇ ਕਈ ਕਹਾਣੀਆਂ ਤੇ ਕਵਿਤਾ ਲਿਖੀਆਂ ਹਨ। ਉਹ ਸਿਰਫ਼ ਨਾਮਦੇਵ ਜੀ ਦੇ ਜੀਵਨ ਸੰਬੰਧੀ ਹੀ ਹਨ।

ਪੁੰਡਰਪੁਰ ਵਿਚ ਨਾਮਦੇਵ ਜੀ ਕੁਝ ਸਮਾਂ ਠਹਿਰੇ, ਰਾਜਾ ਬਾਈ ਭੀ ਨਾਲ ਹੀ ਸੀ। ਇਸ ਪਿੰਡ ਵਿਚ ਇਕ 'ਪਰਸਾ' ਨਾਮੇ ਪ੍ਰਸਿੱਧ ਬ੍ਰਾਹਮਣ ਰਹਿੰਦਾ ਸੀ। ਰੱਬ ਦੀ ਭਗਤੀ ਕਰ ਕੇ ਇਸ ਨੇ ਪਾਰਸ ਪ੍ਰਾਪਤ ਕੀਤਾ ਸੀ, ਇਸ ਲਈ ਇਸ ਦਾ ਨਾਮ 'ਪਰਸਾ' ਕਰਕੇ ਲੋਕਾਂ ਵਿਚ ਮਸ਼ਹੂਰ ਸੀ। ਮਰਹਟੀ ਪੁਸਤਕਾਂ ਵਿਚ ਲਿਖਿਆ ਹੈ ਕਿ ਇਕ ਦਿਨ ਪਰਸੇ ਦੀ ਇਸਤ੍ਰੀ ਦਰਿਆ ਤੋਂ ਪਾਣੀ ਲੈਣ ਗਈ, ਉਥੇ ਉਸ ਨੂੰ ਨਾਮਦੇਵ ਜੀ ਦੀ ਪਤਨੀ ਰਾਜਾ ਬਾਈ ਮਿਲ ਪਈ। ਗੱਲਾਂ ਬਾਤਾਂ ਕਰਦਿਆਂ ਰਾਜਾ ਬਾਈ ਨੇ ਉਸ ਅਗੇ ਘਰ ਦੀ ਗ਼ਰੀਬੀ ਦਾ ਦੁਖ ਰੋਇਆ। ਪਰਸੇ ਦੀ ਵਹੁਟੀ ਨੇ ਦੁਖ ਭਰੀ ਵਿਥਿਆ ਸੁਣ ਕੇ ਕਿਹਾ, "ਸਾਡੇ ਪਾਸ ਇਕ ਪਾਰਸ ਹੈ, ਜੋ ਮੇਰੇ ਪਤੀ ਨੇ ਬੜੀ ਘਾਲਣਾ ਕਰ ਕੇ ਪ੍ਰਾਪਤ ਕੀਤਾ ਹੈ। ਤੂੰ ਉਹ ਮੇਰੇ ਪਾਸੋਂ ਲੈ ਜਾਵੀਂ ਤੇ ਲੋੜ ਅਨੁਸਾਰ ਸੋਨਾ ਬਣਾ ਕੇ ਮੋੜ ਦੇਵੀਂ।" ਘਰ ਆ ਕੇ ਰਾਜਾ ਬਾਈ ਨੇ ਪਾਰਸ ਲਿਆਂਦਾ। ਜਦ ਸ੍ਰੀ ਨਾਮਦੇਵ ਜੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਪਾਰਸ ਲੈ ਕੇ ਨਦੀ ਵਿਚ ਸੁੱਟ ਦਿੱਤਾ। ਜਦ ਇਸ ਗੱਲ ਦਾ ਪਰਸੇ ਤੇ ਉਸ ਦੀ ਵਹੁਟੀ ਨੂੰ ਪਤਾ ਲੱਗਾ ਤਾਂ ਆ ਦੁਆਲੇ ਹੋਏ। ਸ੍ਰੀ ਨਾਮਦੇਵ ਜੀ ਨੂੰ ਪੁੱਛਣ ਲੱਗੇ, "ਪਾਰਸ ਕਿਥੇ ਸੁੱਟਿਆ ਈ ?"

ਆਪ ਨੇ ਕਿਹਾ, "ਐਸ ਨਦੀ ਵਿਚ ਸੁਟਿਆ ਸੀ, ਤੁਸੀਂ ਟੁਭੀ ਮਾਰ ਕੇ ਲੱਭ ਲਓ।" ਕਹਿੰਦੇ ਹਨ ਕਿ ਜਦ ਟੁਭੀਆਂ ਮਾਰੀਆਂ ਗਈਆਂ ਤਾਂ ਥੱਲਿਓਂ ਜਿਤਨੀਆਂ ਗੀਟੀਆਂ ਕੱਢੀਆਂ ਜਾਣ ਉਹ ਸਾਰੀਆਂ ਇਕੋ ਰੂਪ ਦੀਆਂ ਹੋਣ ਤੇ ਪਤਾ ਨਾ ਲੱਗੇ ਕਿ ਇਨ੍ਹਾਂ 'ਚੋਂ ਪਾਰਸ ਕਿਹੜਾ ਹੈ ਤੇ ਪੱਥਰ ਕਿਹੜਾ ਹੈ। ਉਸ ਸਮੇਂ ਸ੍ਰੀ ਨਾਮਦੇਵ ਜੀ ਨੇ ਉਪਦੇਸ਼ ਕੀਤਾ, "ਮੇਰੇ ਮਿੱਤਰੋ! ਤੁਸੀਂ ਇਕ ਉਸ ਪੱਥਰ ਦੀ ਤਲਾਸ਼ ਵਿਚ ਟੱਕਰਾਂ ਪਏ ਮਾਰਦੇ ਹੋ, ਜਿਸ ਨੇ ਜੜ੍ਹ ਧਾਤਾਂ ਨੂੰ ਸੋਨਾ ਕਰਨਾ ਹੈ, ਪਰ ਮੈਂ ਉਹ ਪਾਰਸ (ਵਾਹਿਗੁਰੂ) ਲੱਭਾ ਹੈ, ਜੋ ਮਨੁੱਖਾਂ ਦੇ ਜੀਵਨ ਨੂੰ ਬਦਲ ਦੇਂਦਾ ਹੈ।" ਇਹ ਸੁਣ ਕੇ ਲੋਕਾਂ ਨੇ ਸਮਝਿਆ ਕਿ ਸ੍ਰੀ ਨਾਮਦੇਵ ਜੀ ਦੀ ਭਗਤੀ ਸੱਚੀ ਤੇ ਨਿਸ਼ਕਾਮ ਹੈ।

ਇਕ ਵੇਰ ਸ੍ਰੀ ਨਾਮਦੇਵ ਜੀ ਕਿਤੇ ਬਾਹਰ ਗਏ ਹੋਏ ਸਨ, ਪਿੱਛੋਂ ਹਨੇਰੀ ਆ ਗਈ। ਹਨੇਰੀ ਨਾਲ ਆਪ ਦੀ ਛਪਰੀ ਡਿੱਗ ਪਈ। ਈਸ਼ਵਰ ਨੇ ਕਿਸੇ ਨੇਕ ਮਨੁੱਖ ਨੂੰ ਪ੍ਰੇਰਨਾ ਕੀਤੀ। ਉਸ ਨੇ ਭਗਤ ਜੀ ਦੀ ਗੈਰ-ਹਾਜ਼ਰੀ ਵਿਚ ਛਪਰੀ ਬਣਾ ਦਿੱਤੀ। ਜਦ ਪਰਤ ਕੇ ਵਾਪਸ ਆਏ ਤਾਂ ਵਾਹਿਗੁਰੂ ਦਾ ਧੰਨਵਾਦ ਕਰਦੇ ਹਨ। ਇਕ ਗੁਆਂਢਣ

ਛਪਰੀ ਦੀ ਸੁੰਦਰਤਾ ਵੇਖ ਕੇ ਪੁੱਛਦੀ ਹੈ, ਇਹ ਕਿਸ ਨੇ ਬਣਾਈ ਹੈ? ਉਸ ਨੂੰ ਉੱਤਰ ਦਿੰਦੇ ਹਨ:

ਪਾੜ[1] ਪੜੋਸਣਿ ਪੂਛਿ ਲੇ ਨਾਮਾ ਕਾਪਹਿ ਛਾਨਿ ਛਵਾਈ ਹੋ॥
ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ[2] ਦੇਹੁ ਬਤਾਈ ਹੋ॥੧॥
ਰੀ ਬਾਈ[3] ਬੇਢੀ ਦੇਨੁ ਨ ਜਾਈ॥ ਦੇਖੁ ਬੇਢੀ ਰਹਿਓ ਸਮਾਈ॥
ਹਮਾਰੈ ਬੇਢੀ ਪ੍ਰਾਨ ਅਧਾਰਾ॥੧॥ ਰਹਾਉ॥
ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ॥
ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ॥੨॥
ਐਸੋ ਬੇਢੀ ਬਰਨਿ ਨ ਸਾਕਉ ਸਭ ਅੰਤਰਿ ਸਭ ਠਾਂਈ ਹੋ॥
ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ॥੩॥
ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ[4] ਬਾਂਧਿ ਧ੍ਰੂ ਥਾਪਿਓ ਹੋ॥
ਨਾਮੇ ਕੇ ਸੁਆਮੀ ਸੀਅ ਬਹੋਰੀ[5] ਲੰਕ ਭਭੀਖਣ ਆਪਿਓ ਹੋ॥੪॥

*(ਸੋਰਠਿ, ਪੰਨਾ ੬੫੭)*

ਪੁੰਡਰਪੁਰ ਵਿਖੇ ਇਕ ਗਿਆਨ ਦੇਵ ਵੇਦਾਂਤੀ ਸਾਧੂ ਸ੍ਰੀ ਨਾਮਦੇਵ ਜੀ ਨੂੰ ਮਿਲਿਆ, ਇਹ ਵਿਸ਼ੋਭਾ ਖੇਚਰ ਦਾ ਸਿਖ ਸੀ। ਗਿਆਨ ਦੇਵ ਵੇਦਾਂਤੀ ਹੋਣ ਕਰਕੇ ਬਹੁਤਾ ਗਿਆਨ ਉਪਰ ਨਿਸਚਾ ਰੱਖਦਾ ਸੀ, ਪਰ ਸ੍ਰੀ ਨਾਮਦੇਵ ਜੀ ਪ੍ਰੇਮਾ-ਭਗਤੀ ਨੂੰ ਮੁੱਖ ਮੰਨਦੇ ਸਨ। ਦੋਹਾਂ ਦੀ ਗਿਆਨ ਗੋਸ਼ਟ ਹੁੰਦੀ ਰਹੀ। ਉਪਰੰਤ ਦੋਵੇਂ ਤੀਰਥ ਯਾਤਰਾ ਨੂੰ ਟੁਰ ਪਏ। ਫਿਰਦੇ ਫਿਰਦੇ ਬਿਦਰ (ਵਰਤਮਾਨ ਆਂਧਰਾ) ਵਿਚ ਪੁੱਜੇ।[6]

---

੧. ਪਾਸ ਦੀ ਗੁਆਂਢਣ। ੨. ਤਰਖਾਣ। ੩. ਐ ਮਾਈ। ੪. ਸਮੁੰਦਰ ਨੂੰ ਬੱਧਾ।
੫. ਸੀਤਾ ਮੋੜ ਕੇ ਲਿਆਂਦੀ ਤੇ ਲੰਕਾ ਭਭੀਖਣ ਨੂੰ ਦਿੱਤੀ।
੬. ਪਹਿਲੀ ਐਡੀਸ਼ਨ ਵਿਚ ਸ੍ਰੀ ਨਾਮਦੇਵ ਜੀ ਵੱਲੋਂ ਗਊ ਜਿਵਾਲਣ ਦੀ ਸਾਖੀ ਹਸਤਨਾਪੁਰ (ਦਿੱਲੀ) ਵਿਚ ਹੋਈ ਲਿਖੀ ਗਈ ਸੀ। ਅਸੀਂ ੨੪ ਜਨਵਰੀ ੧੯੫੧ ਨੂੰ ਸ੍ਰੀ ਵਲੋਡੀ ਪ੍ਰਧਾਨ ਮੰਤਰੀ ਹੈਦਰਾਬਾਦ (ਦੱਖਣ) ਸਰਕਾਰ ਦੇ ਸੱਦਾ ਪੱਤਰ ਉਪਰ ਸਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧ ਬਾਰੇ ਵਿਚਾਰ ਕਰਨ ਲਈ ਇਕ ਪ੍ਰਤੀਨਿਧ ਇਕੱਤ੍ਰਤਾ ਵਿਚ ਸ਼ਾਮਲ ਹੋਣ ਵਾਸਤੇ ਹੈਦਰਾਬਾਦ ਗਏ। ਇਕੱਤ੍ਰਤਾ ਸਮਾਪਤ ਹੋਣ ਉਪਰੰਤ ੨੬ ਜਨਵਰੀ ਨੂੰ ਮੋਟਰ ਦੇ ਰਸਤੇ ਹੈਦਰਾਬਾਦ ਤੋਂ ਨਾਦੇੜ ਨੂੰ ਜਾਂਦਿਆਂ ਰਸਤੇ ਵਿਚ ਨਗਰ ਬਿਦਰ ਆਇਆ। ਇਥੇ ਇਕ ਪੁਰਾਣਾ ਕਿਲ੍ਹਾ ਹੈ, ਜਿਸ ਵਿਚ ਸ੍ਰੀ ਨਾਮਦੇਵ ਜੀ ਦਾ ਪ੍ਰਸਿੱਧ ਮੰਦਰ ਹੈ। ਸਥਾਨਕ ਪ੍ਰੇਮੀਆਂ ਨੇ ਦੱਸਿਆ ਕਿ ਸ੍ਰੀ ਨਾਮਦੇਵ ਜੀ ਵੱਲੋਂ ਗਊ ਜਿਵਾਲਣ ਦੀ ਸਾਖੀ ਇਥੇ ਹੋਈ ਸੀ। ਇਹ ਮੰਦਰ ਉਸ ਦੀ ਯਾਦਗਾਰ ਹੈ। ਇਹ ਗੱਲ ਬਹੁਤ ਹੱਦ ਤੀਕ ਠੀਕ ਪ੍ਰਤੀਤ ਹੁੰਦੀ ਹੈ, ਇਸ ਲਈ ਕਿ ਬਿਦਰ ਦਾ ਇਲਾਕਾ ਮਹਾਂਰਾਸ਼ਟਰ ਨਾਲ ਲੱਗਦਾ ਹੈ। ਬਿਦਰ ਦੇ ਬਾਹਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ 'ਨਾਨਕ ਝੇਰਾ' ਹੈ। ਝੇਰਾ ਚਸ਼ਮੇ ਨੂੰ ਕਹਿੰਦੇ ਹਨ। ਇਹ ਗੜ੍ਹੀ ਦੀ ਸ਼ਕਲ ਦਾ ਬਣਿਆ ਹੋਇਆ ਹੈ। ਇਸ ਦੇ ਬਾਹਰਵਾਰ ਨਿੱਕਾ ਜਿਹਾ ਚਸ਼ਮਾ ਹੈ। ਬ੍ਰਿਛਾਂ ਨਾਲ ਘਿਰੀ ਹੋਈ ਬੜੀ ਰਮਣੀਕ ਤੇ ਸੁੰਦਰ ਥਾਂ ਹੈ। ਇਸ ਅਸਥਾਨ ਨੂੰ ਇਲਾਕੇ ਦੇ ਹਿੰਦੂ ਮੰਨਦੇ ਪੂਜਦੇ ਹਨ। ਨਾਨਕ ਝੇਰੇ ਦੀ ਇਕ ਦੀਵਾਰ ਦੇ ਬਾਹਰਵਾਰ ਤਲਾਅ ਦੇ ਉੱਤੇ ਥੜ੍ਹਾ ਬਣਿਆ ਹੋਇਆ ਹੈ, ਜਿਥੇ ਮੁਸਲਮਾਨ ਫ਼ਕੀਰ ਬੈਠਦੇ ਸਨ। ਇਸ ਕਰਕੇ ਇਸ ਸੰਬੰਧੀ ਸਿੱਖਾਂ ਤੇ ਮੁਸਲਮਾਨਾਂ ਦਾ ਕਾਫ਼ੀ ਚਿਰ ਝਗੜਾ ਚੱਲਦਾ ਰਿਹਾ। ੧੯੫੧ ਵਿਚ ਰਿਆਸਤ ਹੈਦਰਾਬਾਦ ਦਾ ਪ੍ਰਬੰਧ ਭਾਰਤ ਸਰਕਾਰ ਦੀ ਨਿਗਰਾਨੀ ਵਿਚ ਹੋਣ ਕਰਕੇ ਨਾਨਕ ਝੇਰੇ ਦਾ ਝਗੜਾ ਮੁੱਕ ਗਿਆ ਹੈ। ਓਦੋਂ ਇਕ ਸਿੰਘ ਇਸ ਅਸਥਾਨ ਦੀ ਸੇਵਾ ਕਰਦਾ ਸੀ। ਹੁਣ ਇਸ ਗੁਰਦੁਆਰੇ ਦੀ ਬੜੀ ਸ਼ਾਨਦਾਰ ਇਮਾਰਤ ਤਿਆਰ ਹੋ ਗਈ ਹੈ ਅਤੇ ਬੜੀ ਰੌਣਕ ਹੋ ਗਈ ਹੈ।

ਉਨ੍ਹਾਂ ਦਿਨਾਂ ਵਿਚ ਬਾਦਸ਼ਾਹ ਮੁਹੰਮਦ ਬਿਨ ਤੁਗਲਕ ਬਿਦਰ ਵਿਚ ਸੀ। ਜਦ ਉਸ ਨੇ ਲੋਕਾਂ ਕੋਲੋਂ ਸ੍ਰੀ ਨਾਮਦੇਵ ਜੀ ਬਾਬਤ ਬਹੁਤ ਅਸਚਰਜ ਗੱਲਾਂ ਸੁਣੀਆਂ ਤਾਂ ਆਪ ਨੂੰ ਪਕੜ ਮੰਗਾਇਆ ਤੇ ਕਿਹਾ ਕਿ ਜੇ ਤੂੰ ਸੱਚਾ ਭਗਤ ਹੈਂ ਤਾਂ ਕਰਾਮਾਤ ਦੱਸ। ਇਤਿਹਾਸ ਵਿਚ ਲਿਖਿਆ ਹੈ ਕਿ ਮੋਈ ਗਊ ਸ੍ਰੀ ਨਾਮਦੇਵ ਜੀ ਦੇ ਅਗੇ ਲਿਆ ਰੱਖੀ ਤੇ ਬਾਦਸ਼ਾਹ ਨੇ ਕਿਹਾ, "ਤੂੰ ਇਸ ਨੂੰ ਜ਼ਿੰਦਾ ਕਰ।" ਨਾਮਦੇਵ ਜੀ ਨੇ ਉੱਤਰ ਦਿੱਤਾ, "ਬਾਦਸ਼ਾਹ! ਰੱਬ ਜੋ ਕੁਝ ਕਰਦਾ ਹੈ, ਉਹੀ ਹੁੰਦਾ ਹੈ। ਮੇਰੇ ਆਖੇ ਗਊ ਕਿਵੇਂ ਜ਼ਿੰਦਾ ਹੋਵੇ?" ਇਹ ਉੱਤਰ ਸੁਣ ਕੇ ਬਾਦਸ਼ਾਹ ਨੂੰ ਬਹੁਤ ਕ੍ਰੋਧ ਆਇਆ। ਉਸ ਨੇ ਹੁਕਮ ਦਿੱਤਾ ਕਿ ਨਾਮਦੇਵ ਜੀ ਨੂੰ ਹੱਥਕੜੀਆਂ ਬੇੜੀਆਂ ਲਾ ਕੇ ਬੰਦੀਖ਼ਾਨੇ ਪਾ ਦਿਓ।

ਪਰ ਸ੍ਰੀ ਨਾਮਦੇਵ ਜੀ 'ਤੇ ਇਨ੍ਹਾਂ ਗੱਲਾਂ ਦਾ ਕੋਈ ਅਸਰ ਨਾ ਹੋਇਆ ਤਾਂ ਬਾਦਸ਼ਾਹ ਨੇ ਉਨ੍ਹਾਂ ਨੂੰ ਹਾਥੀ ਅੱਗੇ ਸੁੱਟਣ ਦਾ ਹੁਕਮ ਦਿੱਤਾ। ਜਦ ਭਗਤ ਜੀ ਨੂੰ ਹਾਥੀ ਅੱਗੇ ਸੁੱਟਿਆ ਗਿਆ ਤਾਂ ਉਸ ਨੇ ਚੋਟ ਨਾ ਕੀਤੀ। ਇਹ ਵੇਖ ਕੇ ਕਈਆਂ ਲੋਕਾਂ ਨੇ ਕਿਹਾ ਕਿ ਨਾਮਦੇਵ ਜੀ ਦੇ ਬਰਾਬਰ ਤੋਲ ਕੇ ਸੋਨਾ ਲੈ ਲਿਆ ਜਾਵੇ ਤੇ ਇਸ ਨੂੰ ਛੱਡ ਦਿੱਤਾ ਜਾਵੇ, ਪਰ ਬਾਦਸ਼ਾਹ ਨੇ ਇਹ ਗੱਲ ਨਾ ਮੰਨੀ। 'ਪਾਪੀ ਕੇ ਮਾਰਨੇ ਕੋ ਪਾਪ ਮਹਾਂ ਬਲੀ ਹੈ' ਦੇ ਕਥਨ ਅਨੁਸਾਰ ਬਾਦਸ਼ਾਹ ਨੂੰ ਉਸ ਦੀ ਕਰਨੀ ਦਾ ਫਲ ਮਿਲਿਆ। ਜਦ ਉਹ ਮਹਿਲਾਂ ਵਿਚ ਗਿਆ ਤਾਂ ਬੀਮਾਰ ਹੋ ਗਿਆ। ਵਜ਼ੀਰਾਂ ਉਮਰਾਵਾਂ ਨੇ ਉਸ ਨੂੰ ਕਿਹਾ ਕਿ ਇਹ ਨਾਮਦੇਵ ਵਰਗੇ ਭਗਤ ਉਪਰ ਜ਼ੁਲਮ ਕਰਨ ਦਾ ਫਲ ਹੈ। ਇਹ ਸੁਣ ਕੇ ਬਾਦਸ਼ਾਹ ਨੇ ਨਾਮਦੇਵ ਜੀ ਨੂੰ ਰਿਹਾਅ ਕਰਨ ਦਾ ਹੁਕਮ ਦਿੱਤਾ। ਪੁਰਾਣੇ ਗ੍ਰੰਥਾਂ ਵਿਚ ਇਹ ਭੀ ਲਿਖਿਆ ਹੈ ਕਿ ਸ੍ਰੀ ਨਾਮਦੇਵ ਜੀ ਨੇ ਰੱਬ ਅੱਗੇ ਗਊ ਜ਼ਿੰਦਾ ਕਰਨ ਦੀ ਅਰਦਾਸ ਕੀਤੀ, ਜੋ ਪਰਵਾਨ ਹੋਈ।

ਸ੍ਰੀ ਨਾਮਦੇਵ ਜੀ ਨੇ ਇਸ ਬ੍ਰਿਤਾਂਤ ਨੂੰ ਇਸ ਸ਼ਬਦ ਵਿਚ ਕਥਨ ਕੀਤਾ ਹੈ:

**ਸੁਲਤਾਨੁ ਪੂਛੈ ਸੁਨੁ ਬੇ ਨਾਮਾ॥ ਦੇਖਉ ਰਾਮ ਤੁਮ੍ਹਾਰੇ ਕਾਮਾ॥੧॥**
**ਨਾਮਾ ਸੁਲਤਾਨੇ ਬਾਧਿਲਾ॥ ਦੇਖਉ ਤੇਰਾ ਹਰਿ ਬੀਠੁਲਾ॥੧॥ ਰਹਾਉ॥**
**ਬਿਸਮਿਲਿ ਗਊ ਦੇਹੁ ਜੀਵਾਇ॥ ਨਾਤਰੁ ਗਰਦਨਿ ਮਾਰਉ ਠਾਂਇ॥੨॥**

*(ਭੈਰਉ, ਪੰਨਾ ੧੧੬੫)*

ਸ੍ਰੀ ਨਾਮਦੇਵ ਤੇ ਗਿਆਨ ਦੇਵ ਨੇ ਮਿਲ ਕੇ ਕਈ ਤੀਰਥਾਂ ਦੀ ਯਾਤਰਾ ਕੀਤੀ। ਕਾਸ਼ੀ, ਪ੍ਰਾਗ, ਅਯੁਧਿਆ, ਗਯਾ, ਮਥੁਰਾ, ਬਿੰਦਰਾਬਨ, ਜਗਨਨਾਥ ਤੇ ਦਵਾਰਕਾ ਆਦਿ ਅਸਥਾਨਾਂ 'ਤੇ ਗਏ। ਉਨ੍ਹਾਂ ਰਾਮੇਸ਼ਵਰ ਤੇ ਓਅੰਕਾਰ ਦਾ ਮੰਦਰ ਭੀ ਦੇਖਿਆ। ਜਦ ਨਾਮਦੇਵ ਜੀ ਕਲਪਧਾਰਾ ਵਿਖੇ ਪੁੱਜੇ ਤਾਂ ਉਥੇ ਮੰਦਰ ਵਿਚ ਗਏ। ਆਪ ਬੜੇ ਪ੍ਰੇਮ ਨਾਲ ਰੱਬ ਦਾ ਭਜਨ ਤੇ ਕੀਰਤਨ ਕਰਨ ਲਗੇ। ਆਪ ਦੇ ਸ਼ਬਦ ਸੁਣ ਕੇ ਬਹੁਤ ਸਾਰੇ ਲੋਕ ਇਕੱਠੇ ਹੋ ਗਏ। ਪਾਂਡਿਆਂ ਨੂੰ ਇਹ ਗੱਲ ਬੁਰੀ ਲੱਗੀ। ਮੰਦਰ ਦੇ ਪੁਜਾਰੀਆਂ ਨੇ ਨਾਮਦੇਵ ਜੀ ਨੂੰ ਕਿਹਾ, "ਇਥੋਂ ਚਲਿਆ ਜਾ, ਛੋਟੀ ਜ਼ਾਤ ਦਾ ਹੋ ਕੇ ਸਾਡੇ ਮੰਦਰ ਨੂੰ ਅਪਵਿੱਤਰ ਨਾ ਕਰ।"

ਨਾਮਦੇਵ ਜੀ ਨੇ ਕਿਹਾ, "ਰੱਬ ਦੇ ਘਰ ਵਿਚ ਕੋਈ ਊਚ-ਨੀਚ ਨਹੀਂ।"

ਪਰ ਪੁਜਾਰੀ ਕਦ ਮੰਨਣ ਵਾਲੇ ਸਨ, ਉਨ੍ਹਾਂ ਨੇ ਨਾਮਦੇਵ ਜੀ ਨੂੰ ਧਿੰਙੋਜ਼ੋਰੀ

ਮੰਦਰ 'ਚੋਂ ਬਾਹਰ ਕੱਢ ਦਿੱਤਾ, ਆਪ ਪਿਛਵਾੜੇ ਜਾ ਬੈਠੇ ਤੇ ਵਾਹਿਗੁਰੂ ਪਾਸ ਇਹ ਬੇਨਤੀ ਕੀਤੀ:

(੧) ਮੋ ਕਉ ਤੂੰ ਨ ਬਿਸਾਰਿ, ਤੂ ਨ ਬਿਸਾਰਿ॥
ਤੂ ਨ ਬਿਸਾਰੇ ਰਾਮਈਆ॥੧॥ ਰਹਾਉ॥
ਆਲਾਵੰਤੀ ਇਹੁ ਭ੍ਰਮੁ ਜੋ ਹੈ, ਮੁਝ ਊਪਰਿ ਸਭ ਕੋਪਿਲਾ॥
ਸੂਦੁ ਸੂਦੁ ਕਰਿ ਮਾਰਿ ਉਠਾਇਓ, ਕਹਾ ਕਰਉ ਬਾਪ ਬੀਠੁਲਾ॥੧॥
ਮੂਏ ਹੂਏ ਜਉ ਮੁਕਤਿ ਦੇਹੁਗੇ, ਮੁਕਤਿ ਨ ਜਾਨੈ ਕੋਇਲਾ॥
ਏ ਪੰਡੀਆ ਮੋਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ॥੨॥

*(ਮਲਾਰ, ਪੰਨਾ ੧੨੯੨)*

(੨) ਹਸਤ ਖੇਲਤ ਤੇਰੇ ਦੇਹੁਰੇ ਆਇਆ॥
ਭਗਤਿ ਕਰਤ ਨਾਮਾ ਪਕਰਿ ਉਠਾਇਆ॥੧॥
ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥
ਛੀਪੇ ਕੇ ਜਨਮਿ ਕਾਹੇ ਕਉ ਆਇਆ॥੧॥ ਰਹਾਉ॥
ਲੈ ਕਮਲੀ ਚਲਿਓ ਪਲਟਾਇ॥ ਦੇਹੁਰੈ ਪਾਛੈ ਬੈਠਾ ਜਾਇ॥੨॥
ਜਿਉ ਜਿਉ ਨਾਮਾ ਹਰਿ ਗੁਣ ਉਚਰੈ॥ ਭਗਤ ਜਨਾਂ ਕਾ ਦੇਹੁਰਾ ਫਿਰੈ॥੩॥੬॥

*(ਭੈਰਉ, ਪੰਨਾ ੧੧੬੪)*

ਸ੍ਰੀ ਨਾਮਦੇਵ ਜੀ ਮੰਦਰ ਦੇ ਪਿਛਲੇ ਪਾਸੇ ਜਾ ਬੈਠੇ। ਕਹਿੰਦੇ ਹਨ, ਭਗਵਾਨ ਦਾ ਮੂੰਹ ਉਧਰ ਹੋ ਗਿਆ। ਲੋਕੀਂ ਭੀ ਉਧਰ ਉਲਟ ਪਏ। ਇਕ ਸਾਖੀ ਹੈ ਕਿ ਦਵਾਰਕਾ ਵਿਚ ਇਕ ਪਠਾਣ ਨੇ ਭਗਤ ਨਾਮਦੇਵ ਜੀ ਨੂੰ ਵਗਾਰੀ ਪਕੜ ਲਿਆ। ਉਸ ਨੇ ਆਪ ਦੇ ਸਿਰ 'ਤੇ ਭਾਰ ਚੁਕਾਇਆ, ਆਪ ਉਪਰ ਸਖ਼ਤੀ ਕੀਤੀ। ਇਸ ਗੱਲ ਨੂੰ ਵਾਹਿਗੁਰੂ ਦੀ ਰਜ਼ਾ ਮੰਨ ਕੇ ਆਪ ਨੇ ਇਹ ਸ਼ਬਦ ਉਚਾਰਣ ਕੀਤਾ:

ਹਲੇ ਯਾਰਾਂ ਹਲੇ ਯਾਰਾਂ ਖੁਸਿ ਖਬਰੀ॥
ਬਲਿ ਬਲਿ ਜਾਂਉ ਹਉ ਬਲਿ ਜਾਂਉ॥
ਨੀਕੀ ਤੇਰੀ ਬਿਗਾਰੀ ਆਲੇ ਤੇਰਾ ਨਾਉ॥੧॥ ਰਹਾਉ॥
ਕੁਜਾ ਆਮਦ ਕੁਜਾ ਰਫਤੀ ਕੁਜਾ ਮੇਰਵੀ॥
ਦ੍ਵਾਰਿਕਾ ਨਗਰੀ ਰਾਸਿ ਬੁਗੋਈ॥੧॥
ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ॥
ਦ੍ਵਾਰਿਕਾ ਨਗਰੀ ਕਾਹੇ ਕੇ ਮਗੋਲ॥੨॥
ਚੰਦੀਂ ਹਜਾਰ ਆਲਮ ਏਕਲਖਾਨਾਂ॥
ਹਮ ਚਿਨੀ ਪਾਤਿਸਾਹ ਸਾਂਵਲੇ ਬਰਨਾਂ॥੩॥
ਅਸ ਪਤਿ ਗਜ ਪਤਿ ਨਰਹ ਨਰਿੰਦ॥
ਨਾਮੇ ਕੇ ਸ੍ਵਾਮੀ ਮੀਰ ਮੁਕੰਦ॥੪॥੨॥

*(ਤਿਲੰਗ, ਪੰਨਾ ੭[illegible]੭)*

ਭਾਵ, ਹੇ ਮਿੱਤਰ, ਹੇ ਸੱਜਣ, ਆਪਣੀ ਪ੍ਰਸੰਨਤਾ ਦੀ ਖ਼ਬਰ ਦਿਉ। ਖ਼ੁਸ਼ ਹੋ? ਮੈਂ ਤੈਥੋਂ ਕੁਰਬਾਨ ਜਾਂਦਾ ਹਾਂ। ਤੇਰੀ ਵਗਾਰ ਬੜੀ ਚੰਗੀ (ਨੀਕੀ) ਹੈ। ਤੇਰਾ ਨਾਮ

ਬੜਾ ਵੱਡਾ (ਆਲੀ) ਹੈ। ਕੁਜਾ ਆਮਦ—ਕਿਥੋਂ ਆਏ ਹੋ ? ਕੁਜਾ ਰਫਤੀ—ਕਿਥੇ ਗਿਆ ਸੀ ? ਕੁਜਾ ਮੇਰਵੀ—ਕਿਧਰ ਚੱਲਿਆ ਹੈਂ ? ਇਹ ਦਵਾਰਕਾ ਨਗਰੀ ਹੈ, ਇਥੇ ਸੱਚ (ਰਾਸਿ ਬੁਗੋਈ) ਦੱਸੀਂ। ਮੁਗ਼ਲ ਗਾਹਲਾਂ ਕੱਢ ਰਿਹਾ ਸੀ। ਨਾਮਦੇਵ ਜੀ ਉਸ ਨੂੰ ਕਹਿੰਦੇ ਹਨ—ਤੇਰੀ ਪਗੜੀ ਕਿਹੀ ਸੋਹਣੀ ਹੈ। ਤੇਰੇ ਬੋਲ ਮਿੱਠੇ ਹਨ। ਦਵਾਰਕਾ ਵਿਚ ਮੁਗ਼ਲ ਕਿਥੋਂ ? ਤੂੰ ਤਾਂ ਹਰੀ ਦਾ ਰੂਪ ਹੈਂ, ਚੰਦੀਂ ਹਜ਼ਾਰ ਆਲਮ—ਹਜ਼ਾਰਾਂ ਭਵਨਾਂ ਦਾ ਮਾਲਕ ਤੇ ਕ੍ਰਿਸ਼ਨ ਰੂਪ ਹੈਂ। ਤੂੰ ਅਸ ਪਤਿ—ਘੋੜਿਆਂ ਦਾ ਮਾਲਕ ਸੂਰਜ ਹੈ। ਤੂੰ ਹੀ ਗਜਿ ਪਤਿ—ਹਾਥੀਆਂ ਦਾ ਮਾਲਕ ਇੰਦਰ ਹੈਂ। ਨਰਹ ਨਰਿੰਦ— ਮਨੁੱਖਾਂ ਦਾ ਰਾਜਾ ਬ੍ਰਹਮਾ ਤੇ ਤੂੰ ਹੀ ਮੇਰੇ ਸਰਦਾਰ ਮੁਕੰਦ (ਮੁਕਤੀ ਦੇਣ ਵਾਲਾ) ਹੈਂ।

## ਸ੍ਰੀ ਨਾਮਦੇਵ ਜੀ ਦੀ ਬਾਣੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਨਾਮਦੇਵ ਜੀ ਦੇ ੬੨ ਸ਼ਬਦ ਹਨ। ਇਨ੍ਹਾਂ ਦੀ ਬੋਲੀ ਆਮ ਤੌਰ 'ਤੇ ਹਿੰਦੀ ਹੈ। ਕਈ ਸ਼ਬਦ ਮਰਾਠੀ ਭਾਸ਼ਾ, ਪ੍ਰਾਕ੍ਰਿਤ, ਸੰਸਕ੍ਰਿਤ ਤੇ ਫ਼ਾਰਸੀ ਦੇ ਵੀ ਮਿਲਦੇ ਹਨ। ਆਪ ਦੀ ਕ੍ਰਿਤ *ਨਾਮ ਦੇਵ ਗਾਥਾ* ਨਾਮੇ ਪੁਸਤਕ ਮਰਾਠੀ ਵਿਚ ਹੈ। ਇਸ ਵਿਚ ਕੁਝ ਹਿੰਦੀ ਭਾਸ਼ਾ ਦੇ ਸ਼ਬਦ ਵੀ ਹਨ। ਇਨ੍ਹਾਂ ਸਾਰਿਆਂ ਨੂੰ 'ਅਭੰਗ' ਕਹਿੰਦੇ ਹਨ। ਮਹਾਂਰਾਸ਼ਟਰ ਵਿਚ ਸ੍ਰੀ ਨਾਮਦੇਵ ਜੀ ਦੀ ਬਾਣੀ ਹੁਣ ਤੀਕ ਬੜੇ ਪ੍ਰੇਮ ਨਾਲ ਪੜ੍ਹੀ ਜਾਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਹੜੇ ਸ਼ਬਦ ਆਏ ਹਨ, ਉਨ੍ਹਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਸ੍ਰੀ ਨਾਮਦੇਵ ਜੀ ਨੇ ਜੋ ਦੇਸ਼ਾਂਟਨ ਕੀਤਾ ਹੈ, ਉਸ ਦਾ ਪ੍ਰਭਾਵ ਉਨ੍ਹਾਂ ਦੀ ਬੋਲੀ 'ਤੇ ਵੀ ਪਿਆ ਹੈ। ਉਹ ਹਿੰਦੀ ਵਿਚ ਆਪਣੇ ਮਨੋਭਾਵਾਂ ਨੂੰ ਕਥਨ ਕਰਨ ਲੱਗ ਪਏ, ਜਿਸ ਨੂੰ ਕਿ ਮਹਾਰਾਸ਼ਟਰ ਤੋਂ ਬਾਹਰ ਵੀ ਲੋਕੀਂ ਸਮਝ ਸਕਦੇ ਸਨ।

ਸ੍ਰੀ ਨਾਮਦੇਵ ਜੀ ਦੀ ਬਾਣੀ ਵਿਚ ਪ੍ਰੇਮ ਭਗਤੀ ਦੀ ਪ੍ਰਧਾਨਤਾ ਹੈ। ਵੈਸ਼ਨੋ ਪ੍ਰਭਾਵ ਬਹੁਤ ਮਿਲਦਾ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਆਪ ਦਾ ਆਰੰਭਕ ਜੀਵਨ ਮੂਰਤੀ-ਪੂਜਾ ਤੇ ਅਵਤਾਰ-ਪੂਜਾ ਤੋਂ ਸ਼ੁਰੂ ਹੋਇਆ। ਪਿੱਛੋਂ ਇਕੀਸ਼ਵਰ ਦੀ ਪੂਜਾ ਤੋਂ ਸਰਬ-ਵਿਆਪਕਤਾ 'ਤੇ ਆ ਕੇ ਸੰਪੂਰਣ ਹੋਇਆ।

ਸਾਡੇ ਦੇਸ਼ ਵਿਚ ਈਸ਼ਵਰਵਾਦੀ ਭਗਤਾਂ ਤੇ ਸੰਤਾਂ ਨੇ ਨੌਂ ਪ੍ਰਕਾਰ ਦੀ ਭਗਤੀ ਮੰਨੀ ਹੈ, ਜਿਸ ਨੂੰ 'ਨਵਧਾ ਭਗਤੀ' ਕਹਿੰਦੇ ਹਨ। ਨਾਰਦ ਸੂਤਰਾਂ ਵਿਚ ਨੌਂ ਪ੍ਰਕਾਰ ਦੀ ਭਗਤੀ ਇਉਂ ਦੱਸੀ ਹੈ:

(੧) ਸ੍ਰਵਣ—ਆਪਣੇ ਇਸ਼ਟ ਦੇਵ ਜਾਂ ਵਾਹਿਗੁਰੂ ਦਾ ਯਸ਼ ਸੁਣਨਾ।
(੨) ਕੀਰਤਨ ਕਰਨਾ—ਭਾਵ ਉਸ ਦੇ ਗੁਣਾਂ ਤੇ ਯਸ਼ ਨੂੰ ਗਾਉਣਾ।
(੩) ਸਿਮਰਨ—ਯਾਦ ਜਾਂ ਚਿੰਤਨ ਕਰਨਾ।
(੪) ਪਾਦ ਸੇਵਨ—ਚਰਨ ਘੁਟਣੇ।
(੫) ਅਰਚਨ—ਚੰਦਨ ਫੁੱਲ ਆਦਿਕ ਚੜ੍ਹਾਉਣੇ ਤੇ ਧੂਪ ਦੀਪ ਕਰਨਾ।
(੬) ਵੰਦਨ—ਪ੍ਰਣਾਮ ਕਰਨਾ, ਮੱਥਾ ਟੇਕਣਾ, ਡੰਡੌਤ ਕਰਨੀ।
(੭) ਸਖਾ ਭਾਵ—ਇਸ਼ਟ ਨਾਲ ਮਿੱਤਰ ਭਾਵ ਪ੍ਰਗਟ ਕਰਨਾ।

(੮) ਦਾਸਯ—ਸੇਵਕ ਜਾਂ ਦਾਸ ਹੋਣਾ।

(੯) ਆਤਮ ਨਿਵੇਦਨ—ਤਨ ਮਨ ਅਰਪਣ ਕਰਨਾ।

ਭਗਤ ਕਬੀਰ ਜੀ, ਸ੍ਰੀ ਨਾਮਦੇਵ ਜੀ, ਸ੍ਰੀ ਰਵਿਦਾਸ ਆਦਿ ਭਗਤਾਂ ਦੇ ਜੀਵਨ ਤੇ ਬਾਣੀ ਵਿਚ ਨਵਧਾ ਭਗਤੀ ਦੀ ਪ੍ਰਧਾਨਤਾ ਮਿਲਦੀ ਹੈ।[1]

ਸ੍ਰੀ ਨਾਮਦੇਵ ਜੀ ਦੇ ਕਿਸੇ ਕਿਸੇ ਸ਼ਬਦ ਵਿਚ ਕੋਈ ਜੀਵਨ ਘਟਨਾ ਭੀ ਦਰਜ ਹੈ। ਭਗਤੀ, ਗਿਆਨ ਤੇ ਵੈਰਾਗ ਮਿਲਦੇ ਹਨ। ਕਈ ਥਾਈਂ ਮੂਰਤੀ-ਪੂਜਾ, ਫੋਕੇ ਕਰਮ-ਕਾਂਡ, ਸਿਮ੍ਰਤੀ ਦੇ ਬੰਧਨਾਂ, ਹਿੰਦੂਆਂ ਤੇ ਮੁਸਲਮਾਨਾਂ ਦੇ ਵਤੀਰੇ ਦਾ ਖੰਡਨ ਕੀਤਾ ਹੈ। ਕਬੀਰ ਜੀ ਵਾਂਙੂੰ ਕੁਝ ਸ਼ਬਦ ਆਪ ਦੀ ਬਾਣੀ ਵਿਚ ਬਿਖਮ ਭੀ ਮਿਲਦੇ ਹਨ, ਜਿਨ੍ਹਾਂ ਦੀ ਬੋਲੀ ਤੇ ਭਾਵ ਰਤਾ ਕਠਨ ਹੈ। ਉਦਾਹਰਣ ਲਈ ਕੁਝ ਸ਼ਬਦ ਪੇਸ਼ ਕਰਦੇ ਹਾਂ, ਜੋ ਵਾਹਿਗੁਰੂ ਦੀ ਪ੍ਰੇਮ-ਭਗਤੀ ਵਰਣਨ ਕਰਦੇ ਹਨ:

(ੳ) **ਦੇਵਾ ਪਾਹਨ ਤਾਰੀਅਲੇ ॥**
**ਰਾਮ ਕਹਤ ਜਨ ਕਸ ਨ ਤਰੇ ॥੧॥ ਰਹਾਉ ॥**
**ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ ॥**
**ਚਰਨ ਬਧਿਕ ਜਨ ਤੇਊ ਮੁਕਤਿ ਭਏ ॥**
**ਹਉ ਬਲਿ ਬਲਿ ਜਿਨ ਰਾਮ ਕਹੇ ॥੧॥** *(ਗਉੜੀ ਚੇਤੀ, ਪੰਨਾ ੩੪੫)*

(ਅ) **ਜੈਸੀ ਭੂਖੇ ਪ੍ਰੀਤਿ ਅਨਾਜ ॥ ਤ੍ਰਿਖਾਵੰਤ ਜਲ ਸੇਤੀ ਕਾਜ ॥**
**ਜੈਸੀ ਮੂੜ ਕੁਟੰਬ ਪਰਾਇਣ ॥ ਐਸੀ ਨਾਮੇ ਪ੍ਰੀਤਿ ਨਰਾਇਣ ॥੧॥**
*(ਭੈਰਉ, ਪੰਨਾ ੧੧੬੪)*

ਸ੍ਰੀ ਨਾਮਦੇਵ ਜੀ ਦੀ ਪ੍ਰੇਮ ਭਗਤੀ ਇਤਨੀ ਪ੍ਰਸਿੱਧ ਹੈ ਕਿ ਕਈ ਪੁਰਾਤਨ ਇਤਿਹਾਸਕਾਰ ਲਿਖਦੇ ਹਨ ਕਿ ਉਨ੍ਹਾਂ ਨੂੰ ੭੨ ਵੇਰ ਈਸ਼ਵਰ ਦੇ ਦਰਸ਼ਨ ਹੋਏ। ਈਸ਼ਵਰ ਦੀ ਸਰਬ ਵਿਆਪਕਤਾ ਇਉਂ ਕਥਨ ਕਰਦੇ ਹਨ:

*(੧)* **ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥**
**ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥੧॥**
**ਸਭੁ ਗੋਬਿੰਦੁ ਹੈ ਸਭ ਗੋਬਿੰਦੁ ਹੈ ॥ ਗੋਬਿੰਦ ਬਿਨੁ ਨਹੀ ਕੋਈ ॥**
**ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥**
**ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥**
**ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥੨॥**
**ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥**
**ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥੩॥**
**ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ॥**
**ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥੪॥**
*(ਆਸਾ, ਪੰਨਾ ੪੮੫)*

---

੧. ਭਗਤਿ ਨਵੈ ਪ੍ਰਕਾਰਾ ॥ *(ਸ੍ਰੀ ਰਾਗੁ ਮ: ੫)*

(੨) ਆਨੀਲੇ[1] ਕੁੰਭ[2] ਭਰਾਈਲੇ ਊਦਕ[3] ਠਾਕੁਰ ਕਉ ਇਸਨਾਨੁ ਕਰਉ ॥
ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ[4] ਕਾਇ ਕਰਉ ॥੧॥
ਜਤ੍ਰ ਜਾਉ ਤਤ ਬੀਠਲੁ ਭੈਲਾ ॥ ਮਹਾ ਅਨੰਦ ਕਰੇ ਜਦ ਕੇਲਾ ॥

*(ਆਸਾ, ਪੰਨਾ ੪੮੫)*

(੩) ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥ ਰਾਮ ਬਿਨਾ ਕੋ ਬੋਲੈ ਰੇ ॥

*(ਮਾਲੀ ਗਉੜਾ, ਪੰਨਾ ੯੮੮)*

### (੪) ਦੇਵ ਪੂਜਾ ਦਾ ਖੰਡਨ

ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨੁ ਉਹੁ ਛਾਰੁ ਉਡਾਵੈ ॥੧॥
ਹਉ ਤਉ ਏਕੁ ਰਮਈਆ ਲੈਹਉ ॥ ਆਨ ਦੇਵ ਬਦਲਾਵਨਿ ਦੈਹਉ ॥੧॥ ਰਹਾਉ ॥
ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥੨॥
ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥੩॥
ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥
ਗੁਰਮਤਿ ਰਾਮ ਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ ਇਉ ਕਹੈ ਗੀਤਾ ॥੫॥੨॥

*(ਗੋਂਡ, ਪੰਨਾ ੮੭੪)*

### (੫) ਪਖੰਡ ਦੀ ਨਿਖੇਧੀ

ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ ॥ ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ ॥੧॥
ਕਾਹੇ ਕਉ ਕੀਜੈ ਧਿਆਨੁ ਜਪੰਨਾ ॥ ਜਬ ਤੇ ਸੁਧੁ ਨਾਹੀ ਮਨੁ ਅਪਨਾ ॥੧॥

*(ਆਸਾ, ਪੰਨਾ ੪੮੫)*

### (੬) ਕਰਮ ਕਾਂਡ ਦਾ ਵਿਰੋਧ

ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ ॥
ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ ਰਾਮਨਾਮ ਸਰਿ ਤਊ ਨ ਪੂਜੈ ॥੧॥

*(ਰਾਮਕਲੀ, ਪੰਨਾ ੯੭੩)*

### (੭) ਵੈਸ਼ਨਵ ਪ੍ਰਭਾਵ

(੧) ਧਨਿ ਧੰਨਿ ਓ ਰਾਮ ਬੇਨੁ ਬਾਜੈ ॥
ਮਧੁਰ ਮਧੁਰ ਧੁਨਿ ਅਨਹਦ ਗਾਜੈ ॥੧॥ ਰਹਾਉ ॥
ਧਨਿ ਧਨਿ ਮੇਘਾ ਰੋਮਾਵਲੀ ॥ ਧਨਿ ਧਨਿ ਕ੍ਰਿਸਨ ਓਢੈ ਕਾਂਬਲੀ ॥੧॥
ਧਨਿ ਧਨਿ ਤੂ ਮਾਤਾ ਦੇਵਕੀ ॥ ਜਿਹ ਗ੍ਰਿਹਿ ਰਮਈਆ ਕਵਲਾਪਤੀ ॥੨॥
ਧਨਿ ਧਨਿ ਬਨ ਖੰਡ ਬਿੰਦ੍ਰਾਬਨਾ ॥ ਜਹ ਖੇਲੈ ਸ੍ਰੀ ਨਾਰਾਇਨਾ ॥੩॥
ਬੇਨੁ ਬਜਾਵੈ ਗੋਧਨੁ ਚਰੈ ॥ ਨਾਮੇ ਕਾ ਸੁਆਮੀ ਆਨਦ ਕਰੈ ॥੪॥੧॥

*(ਮਾਲੀ ਗਉੜਾ, ਪੰਨਾ ੯੮੮)*

---

੧. ਲਿਆ ਕੇ। ੨. ਘੜਾ। ੩. ਪਾਣੀ। ੪. ਭਾਈ।

(੨) ਮੁਹੰਮਦ ਤੁਗਲਕ ਨੇ ਜਿਸ ਵਕਤ ਨਾਮਦੇਵ ਜੀ ਨੂੰ ਕਿਹਾ ਕਿ ਮੋਈ ਹੋਈ ਗਊ ਜ਼ਿੰਦਾ ਕਰੋ ਜਾਂ ਮੌਤ ਪ੍ਰਵਾਨ ਕਰੋ, ਉਸ ਵਕਤ ਆਪ ਈਸ਼ਵਰ ਦਾ ਸਿਮਰਨ ਕਰਦੇ ਹਨ। ਜਿਸ ਰੂਪ ਵਿਚ ਭਗਵਾਨ ਨੇ ਬਹੁੜੀ ਕੀਤੀ, ਉਸ ਦਾ ਵਰਣਨ ਇਉਂ ਕਰਦੇ ਹਨ:

ਸਾਤ ਘੜੀ ਜਬ ਬੀਤੀ ਸੁਣੀ॥ ਅਜਹੁ ਨ ਆਇਓ ਤ੍ਰਿਭਵਣ ਧਣੀ॥੧੪॥
ਪਾਖੰਤਣ ਬਾਜ ਬਜਾਇਲਾ॥ ਗਰੁੜ ਚੜ੍ਹੇ ਗੋਬਿੰਦ ਆਇਲਾ॥੧੫॥

*(ਭੈਰਉ, ਪੰਨਾ ੧੧੬੬)*

ਇਕ ਥਾਂ ਫੇਰ ਕਹਿੰਦੇ ਹਨ:

(੩) ਸੰਖ ਚਕ੍ਰ ਮਾਲਾ ਤਿਲਕੁ ਬਿਰਾਜਿਤ ਦੇਖਿ ਪ੍ਰਤਾਪੁ ਜਮੁ ਡਰਿਓ॥
ਨਿਰਭਉ ਭਏ ਰਾਮ ਬਲ ਗਰਜਿਤ ਜਨਮ ਮਰਨ ਸੰਤਾਪ ਹਿਰਿਓ॥੨॥
ਅਬਰੀਕ ਕਉ ਦੀਓ ਅਭੈ ਪਦੁ ਰਾਜੁ ਭਭੀਖਨ ਅਧਿਕ ਕਰਿਓ॥
ਨਉਨਿਧਿ ਠਾਕੁਰਿ ਦਈ ਸੁਦਾਮੈ ਧ੍ਰੂਅ ਅਟਲੁ ਅਜਹੂ ਨ ਟਰਿਓ॥੩॥
ਭਗਤ ਹੇਤਿ ਮਾਰਿਓ ਹਰਨਾਖਸੁ ਨਰਸਿੰਘ ਰੂਪ ਹੋਇ ਦੇਹ ਧਰਿਓ॥
ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ॥੪॥੧॥

*(ਮਾਰੂ, ਪੰਨਾ ੧੧੦੫)*

ਇਹ ਸ਼ਬਦ ਵੈਸ਼ਨਵ-ਪ੍ਰਭਾਵ ਪ੍ਰਗਟ ਕਰਦੇ ਹਨ। ਪਰ ਇਹ ਸ੍ਰੀ ਨਾਮਦੇਵ ਜੀ ਦੀ ਪਹਿਲੀ ਅਵਸਥਾ ਦੇ ਲਖਾਇਕ ਹਨ। ਬਾਅਦ ਵਿਚ ਉਹ ਅਵਤਾਰ ਪੂਜਾ ਤੋਂ ਉੱਚੇ ਉੱਠ ਕੇ ਇਕੀਸ਼ਵਰਵਾਦੀ ਹੋ ਗਏ ਸਨ।

### *(੮) ਕਠਨ ਸ਼ਬਦ*

(ੳ) ਅਣ ਮੜਿਆ ਮੰਦਲੁ ਬਾਜੈ॥ ਬਿਨੁ ਸਾਵਣ ਘਨਹਰੁ ਗਾਜੈ॥
ਬਾਦਲ ਬਿਨੁ ਬਰਖਾ ਹੋਈ॥ ਜਉ ਤਤੁ ਬਿਚਾਰੈ ਕੋਈ॥੧॥
ਮੋ ਕਉ ਮਿਲਿਓ ਰਾਮੁ ਸਨੇਹੀ॥ ਜਿਹ ਮਿਲਿਐ ਦੇਹ ਸੁਦੇਹੀ॥੧॥ ਰਹਾਉ॥
ਮਿਲਿ ਪਾਰਸ ਕੰਚਨੁ ਹੋਇਆ॥ ਮੁਖ ਮਨਸਾ ਰਤਨੁ ਪਰੋਇਆ॥
ਨਿਜ ਭਾਉ ਭਇਆ ਭ੍ਰਮੁ ਭਾਗਾ। ਗੁਰ ਪੂਛੇ ਮਨੁ ਪਤਿਆਗਾ॥੨॥
ਜਲ ਭੀਤਰਿ ਕੁੰਭੁ ਸਮਾਨਿਆ॥ ਸਭ ਰਾਮੁ ਏਕੁ ਕਰਿ ਜਾਨਿਆ॥
ਗੁਰ ਚੇਲੇ ਹੈ ਮਨੁ ਮਾਨਿਆ॥ ਜਨ ਨਾਮੈ ਤਤੁ ਪਛਾਨਿਆ॥੩॥੩॥

*(ਸੋਰਠਿ, ਪੰਨਾ ੬੫੭)*

ਭਾਵ, ਈਸ਼ਵਰ ਦੀ ਪ੍ਰਾਪਤੀ ਨਾਲ ਮੇਰੇ ਮਨ ਵਿਚ ਅਣ-ਮੜ੍ਹਿਆ ਢੋਲ (ਮੰਦਲ) ਵੱਜ ਰਿਹਾ ਹੈ। ਸਾਵਣ ਤੋਂ ਬਿਨਾ ਬੱਦਲ ਗੱਜਦਾ ਹੈ। ਬੱਦਲ ਤੋਂ ਬਿਨਾ ਬਰਖਾ ਹੋ ਰਹੀ ਹੈ। ਜੇ ਕੋਈ ਇਸ ਤਤ੍ਹ ਨੂੰ ਵਿਚਾਰੇ। ਵਾਹਿਗੁਰੂ ਦੀ ਪ੍ਰਾਪਤੀ ਨਾਲ ਦੇਹੀ ਸ੍ਰੇਸ਼ਟ ਹੋ ਗਈ ਹੈ। ਮੂੰਹ ਤੇ ਮਨ ਵਿਚ ਨਾਮ ਰੂਪੀ ਰਤਨ ਪਰੋ ਲਿਆ ਹੈ। ਸਮੁੰਦਰ ਵਿਚ ਘੜਾ ਸਮਾ ਗਿਆ, ਭਾਵ ਜੀਵ ਈਸ਼ਵਰ ਵਿਚ ਲੀਨ ਹੋ ਗਿਆ। ਰਾਮ ਨੂੰ ਸਰਬ ਵਿਆਪਕ ਕਰ ਕੇ ਜਾਣਿਆ। ਚੇਲੇ ਦਾ ਗੁਰੂ 'ਤੇ ਮਨ ਮੰਨ ਗਿਆ। ਹੁਣ ਮੇਰੇ ਹਿਰਦੇ ਵਿਚ ਹਉਮੈ ਨਹੀਂ ਰਹੀ, ਇਸ ਤਤ ਨੂੰ ਪਛਾਣ ਲਿਆ ਹੈ।

(ਅ) ਪਹਿਲ ਪੁਰੀਏ ਪੁੰਡਰਕ ਵਨਾ॥ ਤਾ ਚੇ ਹੰਸਾ ਸਗਲੇ ਜਨਾਂ॥
ਕ੍ਰਿਸ੍ਨਾ ਤੇ ਜਾਨਊ ਹਰਿ ਹਰਿ ਨਾਚੰਤੀ ਨਾਚਨਾ॥੧॥
ਪਹਿਲ ਪੁਰਸਾ ਬਿਰਾ[1]॥ ਅਥੋਨ ਪੁਰਸਾਦਮਰਾ[2]॥
ਅਸਗਾ ਅਸ ਉਸਗਾ॥ ਹਰਿ ਕਾ ਬਾਗਰਾ ਨਾਚੈ ਪਿੰਧੀ ਮਹਿ ਸਾਗਰਾ॥੧॥ ਰਹਾਉ॥
ਨਾਚੰਤੀ ਗੋਪੀ ਜੰਨਾ॥ ਨਈਆ ਤੇ ਬੈਰੇ ਕੰਨਾ॥
ਤਰਕੁ ਨਾ ਚਾ॥ ਭ੍ਰਮੀਆ ਚਾ॥
ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਉ॥੨॥
ਪਿੰਧੀ ਉਭਕਲੇ ਸੰਸਾਰਾ॥ ਭ੍ਰਮਿ ਭ੍ਰਮਿ ਆਏ ਤੁਮਚੇ ਦੁਆਰਾ॥
ਤੂ ਕੁਨੁ ਰੇ॥ ਮੈ ਜੀ॥ ਨਾਮਾ॥ ਹੋ ਜੀ॥
ਆਲਾ ਤੇ ਨਿਵਾਰਣਾ ਜਮ ਕਾਰਣਾ॥੩॥੪॥ (ਧਨਾਸਰੀ, ਪੰਨਾ ੬੯੩)

ਭਾਵਾਰਥ, ਪਹਿਲੇ ਸ੍ਰਿਸ਼ਟੀ (ਪੁਰੀਏ) ਕੰਵਲਾਂ (ਪੁੰਡਰੀਕ) ਦਾ ਵਣ ਸੀ, ਪ੍ਰਕ੍ਰਿਤੀ ਬੜੀ ਸੁੰਦਰ ਸੀ। ਉਸ ਤੋਂ ਸਾਰੇ ਜੀਵ (ਹੰਸ) ਹੋਏ। ਇਹ ਸ੍ਰਿਸ਼ਟੀ ਰਚਨਾ ਕਿਸੇ ਖਿੱਚਣ ਵਾਲੇ (ਕ੍ਰਿਸ਼ਨਾ) ਹਰੀ ਦੀ ਨਾਚੀ (ਨਾਚਨਾ) ਹੈ। ਕ੍ਰਿਸ਼ਨ ਗੋਪੀਆਂ ਨੂੰ ਨਚਾਂਦੇ ਸਨ, ਇਸ ਲਈ ਇਹ ਤਸ਼ਬੀਹ ਦਿੱਤੀ ਹੈ। ਪਹਿਲੇ ਹਰੀ ਪ੍ਰਗਟ ਪੁਰਸ਼ ਸੀ। ਪਿੱਛੋਂ (ਅਥੋਨ) ਈਸ਼ਵਰ ਤੋਂ ਮਾਇਆ ਹੋਈ। ਅਸਗਾ—ਇਸ ਮਾਇਆ ਦਾ (ਅਸ) ਹੈ ਤੇ ਉਸਗਾ—ਉਸ ਪਰਮਾਤਮਾ ਦਾ ਇਹ ਸੰਸਾਰ ਬਗੀਚਾ ਹੈ। ਹਰੀ ਸਭ ਵਿਚ ਇਸ ਤਰ੍ਹਾਂ ਵਿਆਪਕ ਹੈ, ਜਿਵੇਂ ਟਿੰਡਾਂ (ਪਿੰਧੀ) ਵਿਚ ਜਲ ਹੁੰਦਾ ਹੈ। ਜੀਵ ਰੂਪੀ ਗੋਪੀਆਂ ਨਿਰਤ ਕਰ ਰਹੀਆਂ ਹਨ। ਉਸ ਵਾਹਿਗੁਰੂ ਰੂਪ ਨਾਇਕ (ਨਈਆ) ਤੋਂ ਬਿਨਾਂ (ਬੈਰੇ) ਹੋਰ ਕੋਈ ਨਹੀਂ। ਇਸ 'ਤੇ ਤਰਕ ਨਾ ਕਰ। ਇਹ ਭਰਮ ਵਾਲੀ ਹੈ। ਇਹ ਹਰੀ ਦਾ (ਕੇਸ਼ਵ ਬਚਉਨੀ) ਬਚਨ ਹੈ ਕਿ ਇਹ ਸੰਸਾਰ (ਅਈਏ) ਤੇ ਮੈਂ (ਮਈਏ) ਇਕ ਰੂਪ ਹਾਂ। ਜੀਵ ਰੂਪੀ ਟਿੰਡਾਂ ਸੰਸਾਰ ਰੂਪੀ ਖੂਹ ਵਿਚ ਹੇਠਾਂ ਉੱਤੇ ਹੁੰਦੀਆਂ ਰਹਿੰਦੀਆਂ ਹਨ। ਐ ਈਸ਼ਵਰ! ਬਹੁਤ ਥਾਈਂ ਭਟਕ ਕੇ ਤੇਰੇ ਦੁਆਰੇ 'ਤੇ ਆਇਆ ਹਾਂ। ਈਸ਼ਵਰ ਕਹਿੰਦਾ ਹੈ, "ਤੂੰ ਕੌਣ ਹੈਂ?" "ਜੀ ਮੈਂ ਨਾਮਾ ਹਾਂ। ਮੈਨੂੰ ਇਸ ਘਰ (ਆਲਯ) ਮਾਇਆ ਦੇ ਜਾਲ ਤੋਂ ਬਚਾਓ, ਜੋ ਮੌਤ ਦਾ ਕਾਰਨ ਹੈ।"

*(ੲ) ਤਿਆਗ*

(ੳ) ਜੌ ਰਾਜੁ ਦੇਹਿ ਤ ਕਵਨ ਬਡਾਈ॥
ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ॥੧॥ (ਗੂਜਰੀ, ਪੰਨਾ ੫੨੫)

(ਅ) ਪਰਧਨ ਪਰਦਾਰਾ ਪਰਹਰੀ॥
ਤਾਕੈ ਨਿਕਟਿ ਬਸੈ ਨਰਹਰੀ॥੧॥ (ਭੈਰਉ, ਪੰਨਾ ੧੧੬੩)

ਭਾਵ, ਜਿਹੜਾ ਪੁਰਸ਼ ਪਰਾਏ ਧਨ ਤੇ ਪਰਾਈ ਇਸਤ੍ਰੀ ਦਾ ਤਿਆਗ ਕਰਦਾ ਹੈ, ਪਰਮਾਤਮਾ ਉਸ ਦੇ ਨੇੜੇ ਵੱਸਦਾ ਹੈ।

---

੧. ਪੁਰਸਾ ਬਿਰਾ—ਪੁਰਸ਼ ਆਬਰਾ, ਪਹਿਲੇ ਹਰੀ ਪ੍ਰਗਟ ਪੁਰਸ਼ ਸੀ।
੨. ਪੁਰਸਾਦਮਰਾ—ਪੁਰਸ਼ਾਤ ਆਮਰਾ, ਹਰੀ ਪੁਰਸ਼ ਤੋਂ ਮਾਇਆ ਹੋਈ।

# ਸ੍ਰੀ ਨਾਮਦੇਵ ਜੀ ਦੀ ਸੰਤਾਨ

## ਸਚਖੰਡ ਪਧਾਰਨਾ

ਸ੍ਰੀ ਨਾਮਦੇਵ ਜੀ ਬਹੁਤ ਆਦਰਸ਼ਕ ਗ੍ਰਿਹਸਤੀ ਸਨ। ਦਸਾਂ ਨਹੁੰਆਂ ਦੀ ਕਿਰਤ ਕਰ ਕੇ ਨਿਰਬਾਹ ਕਰਦੇ ਸਨ। ਆਪ ਦਾ ਜੀਵਨ ਬੜਾ ਸੰਤੋਖੀ ਸੀ। ਦਿਲ ਦੇ ਬਹੁਤ ਹੀ ਕੋਮਲ ਸਨ। ਆਪ ਦੇ ਚਾਰ ਲੜਕੇ ਸਨ, ਜਿਨ੍ਹਾਂ ਦੇ ਨਾਮ ਸਨ—ਨਾਰਾਇਣ, ਮਹਾਂਦੇਵ, ਗੋਬਿੰਦ ਤੇ ਵਿਠਲ। ਇਕ ਪੁੱਤਰੀ ਵੀ ਸੀ, ਜਿਸ ਦਾ ਨਾਮ ਲਿੰਬਾ ਬਾਈ ਸੀ।

ਮਰਾਠੀ ਤਵਾਰੀਖ਼ਾਂ ਵਿਚ ਲਿਖਿਆ ਹੈ ਕਿ ਸ੍ਰੀ ਨਾਮਦੇਵ ਜੀ ਅਤਿਅੰਤ ਪਵਿਤਰ ਤੇ ਭਗਤੀ ਵਾਲਾ ਜੀਵਨ ਬਤੀਤ ਕਰਦੇ ਹੋਏ ਅੱਸੂ ਵਦੀ ੧੩ ਸੰਮਤ ੧੪੦੭ ਬਿਕ੍ਰਮੀ (੧੩੫੦ ਈ:) ਨੂੰ ਸਚਖੰਡ ਪਧਾਰੇ। ਨਾਮਦੇਵ ਜੀ ਦੀ ਆਪਣੀ ਰਚਨਾ ਤੋਂ ਇਹ ਮਾਲੂਮ ਹੁੰਦਾ ਹੈ ਕਿ ਆਪ ਦੇ ਸਾਥੀ ਗਿਆਨ ਦੇਵ ਦਾ ੧੩੦੫ ਈ: ਦੇ ਲਗਪਗ ਪਰਲੋਕ ਵਾਸ ਹੋਇਆ। ਆਪ ਨੇ ਉਸ ਤੋਂ ਕਾਫ਼ੀ ਚਿਰ ਬਾਅਦ ਚਲਾਣਾ ਕੀਤਾ।

ਪਿੱਛੋਂ ਸ਼ਰਧਾਲੂਆਂ ਨੇ ਪੰਡਰਪੁਰ ਵਿਚ ਵਿਸ਼ੋਭਾ ਖੇਚਰ ਦੇ ਮੰਦਰ ਅੱਗੇ ਸ੍ਰੀ ਨਾਮਦੇਵ ਜੀ ਦਾ ਸਿਰ ਬਣਾ ਕੇ ਰੱਖਿਆ ਹੋਇਆ ਹੈ। ਲੋਕ ਉਸ ਨੂੰ ਪੂਜਦੇ ਹਨ।

ਨਾਮਦੇਵ ਨੀਲਾਰੀ ਇਕ ਜਾਤੀ ਹੈ ਜੋ ਹੁਬਲੀ ਆਦਿਕ ਜ਼ਿਲ੍ਹਿਆਂ ਵਿਚ ਆਬਾਦ ਹੈ। ਇਹ ਜਾਤੀ ਪੰਡਰਪੁਰ ਤੇ ਗੋ ਕਰਣ ਦੇ ਮੰਦਰ ਨੂੰ ਆਪਣੇ ਪੂਜਨੀਕ ਅਸਥਾਨ ਮੰਨਦੀ ਹੈ। ਇਸ ਤਰ੍ਹਾਂ ਨਾਮਦੇਵ ਸਿੰਪੀ ਇਕ ਜਾਤੀ ਜੋ ਸ੍ਰੀ ਨਾਮਦੇਵ ਜੀ ਨੂੰ ਆਪਣਾ ਵਡੇਰਾ ਮੰਨਦੀ ਹੈ। ਇਹ ਸ਼੍ਰੇਣੀ ਦਰਜ਼ੀਆਂ ਦਾ ਕੰਮ ਕਰਦੀ ਹੈ। ਲੋਕ ਬੜੇ ਧਾਰਮਿਕ ਜੀਵਨ ਵਾਲੇ ਤੇ ਅਹਿੰਸਕ ਹੁੰਦੇ ਹਨ।

ਪੰਡਰਪੁਰ ਵਿਚ ਵਿਠਲ ਦੇ ਮੰਦਰ ਵਿਖੇ ਚਾਰ ਇਕਾਦਸ਼ੀਆਂ ਉਪਰ ਚੇਤਰ, ਹਾੜ, ਕੱਤਕ ਤੇ ਮੱਘਰ ਵਿਚ ਮੇਲੇ ਹੁੰਦੇ ਹਨ। ਲੋਕੀਂ ਭਜਨ-ਕੀਰਤਨ ਕਰਦੇ ਹਨ, ਵਰਤ ਰੱਖਦੇ ਹਨ। ਕੱਤਕ ਦੇ ਮੇਲੇ 'ਤੇ ਕੋਈ ਦੋ ਤਿੰਨ ਲੱਖ ਆਦਮੀ ਇਕੱਤਰ ਹੁੰਦੇ ਹਨ। ਭਾਰੀ ਜਲੂਸ ਨਿਕਲਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਨਾਮਦੇਵ ਜੀ ਦੀ ਬਾਣੀ ਦਰਜ ਕਰ ਕੇ ਪੰਜਾਬ ਤੇ ਮਹਾਂਰਾਸ਼ਟਰ ਵਿਚਕਾਰ ਅਧਿਆਤਮਿਕ ਏਕਤਾ ਪੈਦਾ ਕੀਤੀ ਹੈ, ਜਿਸ ਕਰਕੇ ਪੰਜਾਬ ਵਿਚ ਸ੍ਰੀ ਨਾਮਦੇਵ ਜੀ ਦੀ ਯਾਦਗਾਰ ਵਿਚ ਘੁਮਾਣ, ਜ਼ਿਲ੍ਹਾ ਗੁਰਦਾਸਪੁਰ ਵਿਚ ਇਕ ਮੰਦਰ ਬਣਿਆ ਹੋਇਆ ਹੈ, ਜਿਸ ਦੀ ਇਮਾਰਤ ਸ: ਜੱਸਾ ਸਿੰਘ ਰਾਮਗੜ੍ਹੀਆ ਨੇ ਬਣਵਾਈ ਸੀ। ਇਥੇ ਹਰ ਸਾਲ ਮਾਘੀ ਦਾ ਬੜਾ ਭਾਰੀ ਮੇਲਾ ਹੁੰਦਾ ਹੈ। ਜਿਸ 'ਤੇ ਕੇਵਲ ਨਾਮਾ-ਬੰਸੀ ਹੀ ਨਹੀਂ ਆਉਂਦੇ, ਬਲਕਿ ਹਜ਼ਾਰਾਂ ਸਿਖ ਹਿੰਦੂ ਵੀ ਇਕੱਤਰ ਹੁੰਦੇ ਹਨ।

## ਅੰਮ੍ਰਿਤ ਵਚਨ

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥
ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥
ਤੁਝਹਿ ਚਰਨ ਅਰਬਿੰਦ ਭਵਨੁ ਮਨੁ ॥
ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ ॥੧॥ਰਹਾਉ॥
ਸੰਪਤਿ ਬਿਪਤਿ ਪਟਲ ਮਾਇਆ ਧਨੁ ॥
ਤਾ ਮਹਿ ਮਗਨ ਹੋਤ ਨ ਤੇਰੋ ਜਨੁ ॥੨॥
ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨੁ ॥
ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥੩॥੪॥

*(ਆਸਾ, ਪੰਨਾ ੪੮੬-੮੭)*

# ਭਗਤ ਰਵਿਦਾਸ ਜੀ

| | | |
|---|---|---|
| ਜਨਮ | : | ਕਾਸ਼ੀ ਵਿਚ ਚਮਾਰਾਂ ਦੇ ਘਰ ਹੋਇਆ। |
| ਮਾਤਾ-ਪਿਤਾ | : | ਪਿਤਾ ਰਘੂ ਤੇ ਮਾਤਾ ਧੁਰਬਿਨੀਆ। |
| ਗੁਰ-ਦੀਖਿਆ | : | ਸ੍ਰੀ ਰਾਮਾਨੰਦ ਜੀ ਤੋਂ ਲਈ। |
| ਮੁਖੀ ਸੇਵਕ | : | ਊਧਵ ਦਾਸ, ਰਾਣੀ ਝਾਲਾ ਬਾਈ, ਮੀਰਾ ਬਾਈ। |
| ਬਾਣੀ | : | ਸ੍ਰੀ ਰਵਿਦਾਸ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾ ਹਿੰਦੀ ਪੁਸਤਕਾਂ ਵਿਚ ਵੀ ਮਿਲਦੀ ਹੈ। |
| ਸਮਾਏ | : | ਕਾਸ਼ੀ ਵਿਚ। |

# ਜੀਵਨ ਭਗਤ ਰਵਿਦਾਸ ਜੀ

ਸ੍ਰੀ ਰਵਿਦਾਸ ਜੀ ਈਸ਼ਵਰ ਦੇ ਪਰਮ ਭਗਤ ਹੋਏ ਹਨ। ਹਿੰਦੀ ਦੀਆਂ ਪੁਸਤਕਾਂ ਵਿਚ ਆਪ ਦਾ ਨਾਮ 'ਰੈਦਾਸ' ਭੀ ਲਿਖਿਆ ਹੈ। ਆਪ ਰਾਮਾਨੰਦ ਜੀ ਦੇ ਚੇਲੇ ਤੇ ਕਬੀਰ ਜੀ ਦੇ ਸਮਕਾਲੀ ਸਨ। ਆਪ ਦਾ ਜਨਮ ਕਾਸ਼ੀ ਵਿਖੇ ਚਮਾਰਾਂ ਦੇ ਘਰ ਹੋਇਆ। ਆਪ ਦੇ ਪਿਤਾ ਰਾਘੂ ਤੇ ਮਾਤਾ ਦਾ ਨਾਂ ਧੁਰਬਿਨੀਆ ਸੀ।[੧]

ਆਪ ਦੀ ਜੋ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਹੈ, ਉਸ ਤੋਂ ਇਹ ਗੱਲ ਨਿਸਚੇ ਹੁੰਦੀ ਹੈ ਕਿ ਆਪ ਦੇ ਸਾਕ-ਸੰਬੰਧੀ ਬਨਾਰਸ ਦੇ ਨੇੜੇ ਤੇੜੇ ਰਹਿਣ ਵਾਲੇ ਸਨ।

ਆਪ ਬਚਪਨ ਤੋਂ ਹੀ ਭਗਤ ਬਿਰਤੀ ਦੇ ਸਨ। ਘਰ ਦੀਆਂ ਕਈ ਵਸਤਾਂ ਸਾਧੂਆਂ ਨੂੰ ਅਰਪਣ ਕਰ ਦਿੰਦੇ ਸਨ, ਜਿਸ ਕਰਕੇ ਪਿਤਾ ਆਪ ਨਾਲ ਗੁਸੇ ਰਹਿੰਦਾ ਸੀ। ਜਦੋਂ ਰਵਿਦਾਸ ਜੀ ਜਵਾਨ ਹੋਏ ਤਾਂ ਪਿਤਾ ਨੇ ਇਨ੍ਹਾਂ ਦੀ ਸ਼ਾਦੀ ਕਰ ਦਿੱਤੀ ਤੇ ਵੱਖ ਕਰ ਦਿੱਤਾ। ਭਾਵੇਂ ਆਪ ਦੇ ਪਿਤਾ ਪਾਸ ਦੌਲਤ ਬਹੁਤ ਸੀ, ਪਰ ਉਸ ਨੇ ਰਵਿਦਾਸ ਜੀ ਨੂੰ ਕੋਈ ਹਿੱਸਾ ਵੱਖਰਾ ਨਹੀਂ ਦਿੱਤਾ ਸੀ। ਪਿਉ ਨਾਲੋਂ ਅੱਡ ਹੋ ਕੇ ਰਵਿਦਾਸ ਜੀ ਨੇ ਕੱਖਾਂ ਦੀ ਇਕ ਝੁੱਗੀ ਪਾ ਲਈ। ਆਪ ਧਰਮ-ਪਤਨੀ ਸਮੇਤ ਇਸ ਝੁੱਗੀ ਵਿਚ ਹੀ ਨਿਵਾਸ ਕਰਨ ਲੱਗੇ। ਆਪ ਦਾ ਜੀਵਨ ਬੜਾ ਸਿੱਧਾ ਸਾਦਾ, ਘੱਟ ਲੋੜਾਂ ਵਾਲਾ ਤੇ ਸੰਤੋਖੀ ਸੀ, ਭਾਵੇਂ ਘਰ ਵਿਚ ਗ਼ਰੀਬੀ ਬਹੁਤ ਸੀ, ਜੁੱਤੀਆਂ ਬਣਾ ਕੇ ਆਪਣਾ ਜੀਵਨ ਨਿਰਬਾਹ ਕਰਦੇ ਸਨ, ਪਰ ਪ੍ਰੇਮ-ਭਗਤੀ ਤੇ ਸੰਤੋਖ ਦੇ ਅਖੁੱਟ ਧਨ ਨਾਲ ਮਾਲਾ ਮਾਲ ਸਨ। ਸਤ ਤੇ ਸੰਤੋਖ ਆਦਿਕ ਗੁਣ ਭਾਰਤ ਦੇ ਮਹਾਂਪੁਰਸ਼ਾਂ, ਸੱਚੇ ਸੰਤਾਂ ਤੇ ਭਗਤਾਂ ਦੀ ਵਿਰਾਸਤ ਹਨ, ਇਹ ਰਵਿਦਾਸ ਜੀ ਦੇ ਹਿੱਸੇ ਵੀ ਆਏ ਸਨ।

ਮਨੁੱਖ ਦੇ ਗੁਣਾਂ ਔਗੁਣਾਂ ਦੀ ਚਰਚਾ ਛੇਤੀ ਹੋਣ ਲੱਗ ਪੈਂਦੀ ਹੈ। ਰਵਿਦਾਸ ਜੀ ਦੇ ਸ਼ੁਭ ਗੁਣਾਂ ਦੀ ਵਾਸ਼ਨਾ ਹਰ ਪਾਸੇ ਖਿਲਰ ਗਈ, ਪ੍ਰੇਮ-ਭਗਤੀ ਤੇ ਸੇਵਾ ਦੀ ਚਰਚਾ ਦੂਰ ਦੂਰ ਹੋਣ ਲੱਗ ਪਈ। ਇਸ ਕਰਕੇ ਬਹੁਤ ਸਾਰੇ ਸਾਧੂ-ਸੰਤ ਆਪ ਪਾਸ ਆਉਣ ਜਾਣ ਲੱਗ ਪਏ। ਰਵਿਦਾਸ ਜੀ ਜਦ ਕਿਸੇ ਸਾਧੂ ਜਾਂ ਗ਼ਰੀਬ-ਗ਼ੁਰਬੇ ਨੂੰ ਨੰਗੀਂ ਪੈਰੀਂ ਦੇਖਦੇ ਤਾਂ ਬਿਨਾ ਮੁੱਲ ਲਏ, ਆਪਣੇ ਕੋਲੋਂ ਜੁੱਤੀ ਉਸ ਦੀ ਪੈਰੀਂ ਪਵਾ ਦਿੰਦੇ। ਇਸ ਕਰਕੇ ਘਰ ਪੈਸੇ ਧੇਲੇ ਦੀ ਡਾਢੀ ਤੰਗੀ ਰਹਿੰਦੀ ਸੀ।

ਇਕ ਦਿਨ ਇਕ ਸਾਧੂ ਆਪ ਦੇ ਪਾਸ ਆਇਆ। ਕੁਝ ਦਿਨ ਠਹਿਰਨ ਮਗਰੋਂ

---

੧. ਬਿਲਵੇਡੀਅਰ ਪ੍ਰੈਸ ਦੁਆਰਾ ਪ੍ਰਕਾਸ਼ਤ *ਜੀਵਨ ਭਗਤ ਰਵਿਦਾਸ ਜੀ*।

ਜਦੋਂ ਟੁਰਨ ਲੱਗਾ ਤਾਂ ਉਸ ਨੇ ਭਗਤ ਜੀ ਨੂੰ ਮੁਖ਼ਾਤਬ ਹੋ ਕੇ ਆਖਿਆ:

ਸਾਧੂ—ਰਵਿਦਾਸ ਜੀ, ਆਪ ਆਏ ਗਏ ਸਾਧੂ-ਸੰਤ ਦੀ ਸੇਵਾ ਕਰਦੇ ਹੋ, ਕਿਰਤ ਕੁਝ ਸਾਧਾਰਨ ਜਿਹੀ ਹੋਣ ਕਰ ਕੇ ਤੁਹਾਡੇ ਘਰ ਵਿਚ ਮਾਇਆ ਦੀ ਤੰਗੀ ਰਹਿੰਦੀ ਹੈ, ਮੇਰੇ ਪਾਸ ਇਕ 'ਪਾਰਸ' ਹੈ, ਉਹ ਤੁਹਾਨੂੰ ਦਿੰਦਾ ਹਾਂ।

ਸ੍ਰੀ ਰਵਿਦਾਸ ਜੀ—ਇਹ ਕੀ ਵਸਤੂ ਹੈ?

ਸਾਧੂ—ਇਸ ਨੂੰ ਪਾਰਸ ਕਹਿੰਦੇ ਹਨ, ਜਿਸ ਧਾਤ ਨਾਲ ਇਸ ਨੂੰ ਛੁਹਾ ਦੇਈਏ, ਉਸ ਨੂੰ ਸੋਨਾ ਬਣਾ ਦਿੰਦਾ ਹੈ।

ਸ੍ਰੀ ਰਵਿਦਾਸ ਜੀ—ਮੈਂ ਇਸ ਨੂੰ ਕੀ ਕਰਨਾ ਹੈ, ਤੁਸੀਂ ਲੈ ਜਾਉ।

ਸਾਧੂ—ਨਹੀਂ ਲੈ ਲਉ, ਜਦੋਂ ਲੋੜ ਪਵੇ, ਉਦੋਂ ਸੋਨਾ ਬਣਾ ਲੈਣਾ।

ਸ੍ਰੀ ਰਵਿਦਾਸ ਜੀ—ਸੰਤ ਜੀ! ਮੈਂ ਇਸ ਪੁਆੜੇ ਵਿਚ ਨਹੀਂ ਪੈਂਦਾ। ਮੈਂ ਸੋਨਾ ਬਣਾਵਾਂ ਕਿ ਆਪਣੇ ਭਗਵਾਨ ਦੀ ਸੰਭਾਲ ਕਰਾਂ?

ਪਰੰਤੂ ਸਾਧੂ ਨੇ ਇਹ ਗੱਲ ਨਾ ਮੰਨੀ ਤੇ ਪਾਰਸ ਨੂੰ ਛਪਰੀ ਵਿਚ ਰੱਖ ਕੇ ਚਲਾ ਗਿਆ। ਕੁਝ ਸਮਾਂ ਦੇਸ਼-ਦੇਸ਼ਾਂਤਰਾਂ ਦਾ ਰਟਨ ਕਰ ਕੇ ਫਿਰ ਉਹ ਸਾਧੂ ਰਵਿਦਾਸ ਜੀ ਦੇ ਪਾਸ ਆਇਆ ਤੇ ਪੁੱਛਣ ਲੱਗਾ:

ਸਾਧੂ—ਪਾਰਸ ਕਿਥੇ ਹੈ?

ਸ੍ਰੀ ਰਵਿਦਾਸ ਜੀ—ਆਪ ਜਿਥੇ ਰੱਖ ਗਏ ਸਉ, ਉਥੇ ਹੀ ਪਿਆ ਹੋਣਾ ਹੈ। ਜਦ ਸਾਧੂ ਨੇ ਝੌਂਪੜੇ ਦੇ ਅੰਦਰ ਵੜ ਕੇ ਵੇਖਿਆ ਤਾਂ ਪਾਰਸ ਉਥੇ ਹੀ ਪਿਆ ਹੋਇਆ ਸੀ, ਜਿਥੇ ਉਹ ਰੱਖ ਕੇ ਗਿਆ ਸੀ।

ਇਕ ਸੇਠ ਨੇ ਰਵਿਦਾਸ ਜੀ ਦੀ ਪ੍ਰੇਮ-ਭਗਤੀ ਨੂੰ ਦੇਖ ਕੇ ਆਪ ਦੀ ਰਿਹਾਇਸ਼ ਲਈ ਇਕ ਮਕਾਨ, ਪੂਜਾ ਪਾਠ ਲਈ ਮੰਦਰ ਤੇ ਆਏ ਗਏ ਮੁਸਾਫ਼ਰਾਂ ਲਈ ਇਕ ਸਰਾਂ ਬਣਵਾ ਦਿੱਤੀ। ਪਰ ਕਾਸ਼ੀ ਦੇ ਪੰਡਤਾਂ ਨੂੰ ਇਹ ਗੱਲ ਚੰਗੀ ਨਾ ਲੱਗੀ। ਉਨ੍ਹਾਂ ਨੇ ਰਾਜੇ ਦੇ ਪਾਸ ਜਾ ਕੇ ਸ਼ਿਕਾਇਤ ਕੀਤੀ ਕਿ ਰਵਿਦਾਸ ਚਮਾਰ ਜਾਤੀ ਦਾ ਹੋ ਕੇ ਮੰਦਰ ਬਣਾ ਕੇ ਪੂਜਾ ਪਾਠ ਕਰਦਾ ਹੈ, ਇਹ ਗੱਲ ਸਾਡੇ ਧਰਮ ਦੇ ਪ੍ਰਤਿਕੂਲ ਹੈ। ਜੇ ਸ਼ੂਦਰ ਪੂਜਾ ਪਾਠ ਕਰਨ ਤੇ ਉਪਦੇਸ਼ ਦੇਣ ਲੱਗ ਪਏ ਤਾਂ ਨਾ ਕੇਵਲ ਵਰਣ ਆਸ਼ਰਮ ਦੀ ਮਰਯਾਦਾ ਹੀ ਭੰਗ ਹੋਵੇਗੀ, ਬਲਕਿ ਧਰਮ ਭ੍ਰਿਸ਼ਟ ਹੋ ਜਾਏਗਾ। ਪੰਡਤਾਂ ਦੇ ਇਸ ਦਾਅਵੇ ਨੂੰ ਸੁਣ ਕੇ ਰਾਜਾ ਨੇ ਰਵਿਦਾਸ ਜੀ ਨੂੰ ਸੱਦ ਕੇ ਪੁੱਛਿਆ। ਪੰਡਤਾਂ ਵੱਲੋਂ ਲਾਏ ਗਏ ਦੋਸ਼ਾਂ ਦਾ ਉੱਤਰ ਦਿੰਦੇ ਹੋਏ ਰਵਿਦਾਸ ਜੀ ਨੇ ਕਿਹਾ, "ਰਾਜਨ! ਸੱਚਾ ਧਰਮ ਉਹ ਹੀ ਹੈ, ਜੋ ਮਨੁੱਖ ਮਾਤਰ ਲਈ ਹੋਵੇ। ਸਾਰੇ ਮਨੁੱਖ ਪੰਜਾਂ ਤੱਤਾਂ ਤੋਂ ਬਣੇ ਹੋਏ ਹਨ। ਊਚ-ਨੀਚ ਦਾ ਵਿਤਕਰਾ ਮਨੁੱਖਾਂ ਨੇ ਪਾਇਆ ਹੋਇਆ ਹੈ, ਜ਼ਾਤ-ਪਾਤ ਮਨੁੱਖਾਂ ਦੀ ਕਲਪਿਤ ਹੈ। ਵਾਹਿਗੁਰੂ ਆਪਣੀ ਜੋਤ ਦਾ ਪ੍ਰਕਾਸ਼ ਸਾਰੇ ਹਿਰਦਿਆਂ ਵਿਚ ਇਕੋ ਜਿਹਾ ਕਰਦਾ ਹੈ। ਮੈਨੂੰ ਰੱਬ ਦੀ ਭਗਤੀ ਤੋਂ ਰੋਕਣਾ ਪੰਡਤਾਂ ਦੀ ਅਗਿਆਨਤਾ ਹੈ।"

*ਭਗਤ ਕਲਪਦ੍ਰੁਮ* ਵਿਚ ਲਿਖਿਆ ਹੈ ਕਿ ਜਦੋਂ ਰਵਿਦਾਸ ਜੀ ਦਾ ਉੱਤਰ ਸੁਣ ਕੇ ਪੰਡਤ ਚੁੱਪ ਹੋ ਗਏ ਤਾਂ ਆਪ ਨੇ ਅੰਤ ਵਿਚ ਕਿਹਾ ਕਿ ਜੇ ਪੰਡਤਾਂ ਨੂੰ ਕੁਲ ਦਾ ਮਾਣ ਹੈ ਜਾਂ ਪੁਜਾਰੀ ਹੋਣ ਦਾ ਹੰਕਾਰ ਹੈ ਤਾਂ ਇਨ੍ਹਾਂ ਨੂੰ ਕਹੋ ਕਿ ਮੰਦਰ ਵਿਚ ਪਈਆਂ ਮੂਰਤੀਆਂ ਨੂੰ ਬੁਲਾਣ, ਜੇ ਉਹ ਇਨ੍ਹਾਂ ਦੀਆਂ ਹੋਈਆਂ ਤਾਂ ਆ

ਜਾਣਗੀਆਂ। ਪੰਡਤਾਂ ਦੇ ਕਹਿਣ ਉਪਰ ਮੂਰਤੀ ਨੇ ਕੀ ਹਰਕਤ ਕਰਨੀ ਸੀ ? ਉਹ ਝੂਠੇ ਹੋ ਗਏ। ਉਸ ਸਮੇਂ ਸਰਬ ਸ਼ਕਤੀਮਾਨ ਨੂੰ ਸਨਮੁਖ ਕਰ ਕੇ ਰਵਿਦਾਸ ਜੀ ਨੇ ਝੂਮਦਿਆਂ ਹੋਇਆਂ ਇਹ ਗੀਤ ਗਾਇਆ :

**ਬਿਲੰਬ ਛਾਡ ਆਈਏ, ਕਿਧੋਂ ਬੁਲਾਏ ਲੀਜੀਏ।**
**ਦੇਵਾਧਿ ਦੇਵ ਆਯੋ ਤੁਮ ਸਰਨ ਕ੍ਰਿਪਾ ਹੂੰ ਕੀਜੀਏ।**

ਇਹ ਪ੍ਰੇਮ ਭਰਿਆ ਗੀਤ ਸੁਣ ਕੇ ਸਾਰਿਆਂ ਦੇ ਚਿੱਤ ਮੋਮ ਹੋ ਗਏ। ਕਹਿੰਦੇ ਹਨ ਕਿ ਰਵਿਦਾਸ ਜੀ ਦੀ ਇਕਾਗਰਤਾ ਤੇ ਮਾਨਸਕ ਸ਼ਕਤੀ ਨੇ ਜੜ੍ਹ ਮੂਰਤੀਆਂ ਨੂੰ ਭੀ ਹਰਕਤ ਵਿਚ ਲੈ ਆਂਦਾ। ਜਿਵੇਂ ਰੀਕਾਰਡ ਭਰਨ ਵਾਲੀ ਜੜ੍ਹ ਮਸ਼ੀਨ ਚੇਤਨ ਮਨੁੱਖ ਦੀ ਆਵਾਜ਼ ਨੂੰ ਬੰਨ੍ਹ ਲੈਂਦੀ ਹੈ, ਤਿਵੇਂ ਰਵਿਦਾਸ ਜੀ ਦੇ ਆਤਮਕ ਬਲ ਨੇ ਜੜ੍ਹ ਪ੍ਰਤਿਮਾ ਵਿਚ ਭੀ ਹਰਕਤ ਉਤਪੰਨ ਕਰ ਦਿੱਤੀ। ਇਸ ਕੌਤਕ ਨੂੰ ਦੇਖ ਕੇ ਆਪ ਦੀ ਪ੍ਰੇਮ-ਭਗਤੀ ਦਾ ਸਿੱਕਾ ਸਾਰੇ ਲੋਕ ਮੰਨ ਗਏ। ਰਾਜਾ ਨੇ ਆਪ ਨੂੰ ਬਰੀ ਕਰ ਦਿੱਤਾ।

ਉਨ੍ਹੀਂ ਦਿਨੀਂ ਰਾਣਾ ਚਿਤੌੜ ਦੀ ਰਾਣੀ ਝਾਲਾ ਬਾਈ ਮੀਰਾ, ਰਵਿਦਾਸ ਜੀ ਦੀ ਚੇਲੀ ਬਣੀ। ਉਹ ਆਪ ਦੇ ਗੁਣਾਂ ਉਪਰ ਮੋਹਤ ਸੀ, ਉਸ ਨੂੰ ਜ਼ਾਤ ਪੁੱਛਣ ਦੀ ਕੀ ਲੋੜ ਸੀ।

ਕਹਿੰਦੇ ਹਨ ਕਿ ਜਦੋਂ ਰਾਜਪੂਤਾਂ ਤੇ ਬ੍ਰਾਹਮਣਾਂ ਨੂੰ ਇਸ ਗੱਲ ਦੀ ਖ਼ਬਰ ਹੋਈ ਤਾਂ ਉਨ੍ਹਾਂ ਨੇ ਬੜਾ ਕ੍ਰੋਧ ਕੀਤਾ। ਰਾਜੇ ਪਾਸ ਜਾ ਕੇ ਸ਼ਿਕਾਇਤੀ ਹੋਏ ਕਿ ਰਾਜਪੂਤ ਘਰਾਣੇ ਦੀ ਰਾਣੀ ਇਕ ਚਮਾਰ ਨੂੰ ਆਪਣਾ ਗੁਰੂ ਬਣਾ ਲਵੇ, ਇਹ ਉਪਦ੍ਰਵ ਨਹੀਂ ਤੇ ਹੋਰ ਕੀ ਹੈ ? ਇਹ ਮੰਨ ਲਵੋ ਕਿ ਚਮਾਰ ਭਗਤੀ ਤਾਂ ਕਰ ਸਕਦਾ ਹੈ ਪਰ ਰਾਜਪੂਤਾਂ ਦਾ ਆਚਾਰਯ ਤੇ ਨਹੀਂ ਬਣ ਸਕਦਾ। ਇਹ ਕਰਮ ਤਾਂ ਬ੍ਰਾਹਮਣਾਂ ਦਾ ਹੀ ਹੈ। ਪੰਡਤਾਂ ਦਾ ਇਹ ਦਾਅਵਾ ਸੁਣ ਕੇ ਰਾਜਾ ਤੇ ਰਾਣੀ ਝਾਲਾ ਬਾਈ ਨੇ ਰਵਿਦਾਸ ਜੀ ਨੂੰ ਚਿਤੌੜ ਦਰਸ਼ਨ ਦੇਣ ਲਈ ਬੇਨਤੀ ਕੀਤੀ। ਉਨ੍ਹਾਂ ਦੀ ਬੇਨਤੀ ਮੰਨ ਕੇ ਆਪ ਚਿਤੌੜ ਵਿਖੇ ਆਏ। ਰਾਣੀ ਮੀਰਾ ਨੇ ਆਪ ਨੂੰ ਗੁਰਦੇਵ ਸਮਝ ਕੇ ਬੜਾ ਸਤਿਕਾਰ ਕੀਤਾ, ਨਾਲ ਹੀ ਇਕ ਭੰਡਾਰਾ ਕਰਨ ਦਾ ਐਲਾਨ ਕੀਤਾ। ਇਸ ਵਿਚ ਸ਼ਾਮਲ ਹੋਣ ਲਈ ਸਾਧੂਆਂ, ਬ੍ਰਾਹਮਣਾਂ, ਵਿਦਵਾਨਾਂ ਤੇ ਕੁਲੀਨ ਪੁਰਸ਼ਾਂ ਨੂੰ ਸੱਦਾ-ਪੱਤਰ ਭੇਜੇ ਗਏ। ਜਦੋਂ ਨਿਯਤ ਦਿਨ ਉਪਰ ਬਹੁਤ ਸਾਰੇ ਲੋਕਾਂ ਦਾ ਇਕੱਠ ਹੋ ਗਿਆ ਤਾਂ ਰਾਣੀ ਨੇ ਚਾਹਿਆ ਕਿ ਰਵਿਦਾਸ ਜੀ ਆਪਣੇ ਮਨੋਹਰ ਉਪਦੇਸ਼ਾਂ ਦਵਾਰਾ ਸਭ ਦੇ ਹਿਰਦੇ ਸ਼ਾਂਤ ਕਰਨ। ਆਪ ਨੇ ਆਤਮਿਕ ਏਕਤਾ ਦਾ ਬੜਾ ਉਤਮ ਉਪਦੇਸ਼ ਕੀਤਾ। ਕੁਲ-ਅਭਿਮਾਨੀ ਬ੍ਰਾਹਮਣਾਂ ਨੇ ਜਦੋਂ ਸ਼ੰਕਾ ਕੀਤੀ ਤੇ ਰਵਿਦਾਸ ਜੀ ਨੂੰ ਚਮਾਰ ਸਮਝ ਕੇ ਉਨ੍ਹਾਂ ਨਾਲ ਇਕ ਪੰਗਤ ਵਿਚ ਬਹਿਣੋਂ ਸੰਕੋਚ ਕੀਤਾ ਤਾਂ ਆਪ ਨੇ ਇਹ ਪਵਿੱਤਰ ਸ਼ਬਦ ਉਚਾਰਨ ਕੀਤਾ :

**ਨਾਗਰ ਜਨਾਂ[1] ਮੇਰੀ ਜਾਤਿ ਬਿਖਿਆਤ[2] ਚੰਮਾਰੰ॥**
**ਰਿਦੈ ਰਾਮ ਗੋਬਿੰਦ ਗੁਨ ਸਾਰੰ॥੧॥ ਰਹਾਉ॥**
**ਸੁਰਸਰੀ[3] ਸਲਲ[4] ਕ੍ਰਿਤ ਬਾਰੁਨੀ[5] ਰੇ ਸੰਤ ਜਨ ਕਰਤ ਨਹੀ ਪਾਨੰ॥**
**ਸੁਰਾ[6] ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ॥੧॥**

---

੧. ਨਗਰ ਦੇ ਰਹਿਣ ਵਾਲਿਓ। ੨. ਪ੍ਰਗਟ। ੩. ਗੰਗਾ। ੪. ਜਲ। ੫. ਸ਼ਰਾਬ। ੬. ਸ਼ਰਾਬ।

ਤਰ ਤਾਰਿ[1] ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ[2] ਕਰਤ ਬੀਚਾਰੰ॥
ਭਗਤਿ ਭਾਗਉਤੁ ਲਿਖੀਐ ਤਿਹ ਊਪਰਿ ਪੂਜੀਐ ਕਰਿ ਨਮਸਕਾਰੰ॥੨॥

(ਮਲਾਰ, ਪੰਨਾ ੧੨੯੩)

ਇਸ ਪਵਿਤਰ ਉਪਦੇਸ਼ ਮਗਰੋਂ ਜਦ ਸਾਰੇ ਪਰਸ਼ਾਦ ਛਕਣ ਲੱਗੇ ਤਾਂ ਹਰੇਕ ਆਦਮੀ ਨੂੰ ਪਰਤੀਤ ਹੋਇਆ ਕਿ ਰਵਿਦਾਸ ਜੀ ਉਸ ਦੇ ਨਾਲ ਬੈਠੇ ਹੋਏ ਹਨ। ਇਹ ਕੌਤਕ ਕੀ ਸੀ ? ਇਹ ਰਵਿਦਾਸ ਜੀ ਦੇ ਆਤਮਿਕ-ਏਕਤਾ ਸੰਬੰਧੀ ਕੀਤੇ ਗਏ ਉਪਦੇਸ਼ ਦਾ ਅਸਲੀ ਰੂਪ ਸੀ। ਆਪ ਦੀ ਬਿਬੇਕ ਬੁੱਧੀ ਨੇ ਲੋਕਾਂ ਨੂੰ ਨਿਸਚੇ ਕਰਾ ਦਿੱਤਾ ਸੀ ਕਿ ਉਹੀ ਆਤਮਾ ਜੋ ਇਕ ਚਮਾਰ ਦੇ ਅੰਦਰ ਪਰਕਾਸ਼ ਕਰ ਰਹੀ ਹੈ, ਆਤਮ ਦ੍ਰਿਸ਼ਟੀ ਨਾਲ ਸਾਰਿਆਂ ਵਿਚ ਪਰਕਾਸ਼ ਕਰਦੀ ਹੈ। ਜਿਹੜੇ ਲੋਕ ਭੁੱਲ ਕਰ ਕੇ ਰਵਿਦਾਸ ਜੀ ਨੂੰ ਚਮਾਰ ਸਮਝ ਕੇ ਨਫ਼ਰਤ ਕਰਦੇ ਸਨ, ਉਹੀ ਹੁਣ ਅਨੁਭਵ ਕਰਨ ਲੱਗ ਪਏ ਸਨ ਕਿ ਇਕ ਇਕ ਰਵਿਦਾਸ ਉਨ੍ਹਾਂ ਦੇ ਨਾਲ ਬੈਠਾ ਹੋਇਆ ਹੈ।

ਪੰਜਾਬੀ ਦੇ ਇਕ ਕਵੀ ਨੇ ਇਸ ਸਾਖੀ ਨੂੰ ਇਉਂ ਕਥਨ ਕੀਤਾ ਹੈ :

ਜੰਮੇ ਚਮਿਆਰ ਘਰ ਬਣੇ ਸਰਦਾਰ ਜਗ,
ਭਗਤ ਰਵਿਦਾਸ ਦੀ ਕਹਾਣੀ ਯਾਦ ਆਈ ਏ।
ਨੇਕ-ਝੇਕ ਲੋਕ ਕਰੇ ਪਾਸ ਬਹਿਣੋਂ ਰੋਕ ਕਰੇ,
ਕੈਸੀ ਪਰਮਾਤਮਾ ਨੇ ਨੇਤ ਵਰਤਾਈ ਏ।
ਬੈਠ ਕੇ ਦੁਰਾਡੇ ਜਦੋਂ ਵੇਖਦੇ ਨੇ ਆਸ ਪਾਸ,
ਦੇਵੇ ਰਵਿਦਾਸ ਪਾਸ ਸਾਰਿਆਂ ਦਿਖਾਈ ਏ।

ਕਈ ਲੇਖਕਾਂ ਦਾ ਖ਼ਿਆਲ ਹੈ ਕਿ ਮੀਰਾ ਬਾਈ ਨੂੰ ਭੀ ਪ੍ਰੇਮ-ਭਗਤੀ ਦੀ ਦਾਤ ਸ੍ਰੀ ਰਵਿਦਾਸ ਜੀ ਤੋਂ ਪ੍ਰਾਪਤ ਹੋਈ। ਇਸ ਲਈ ਉਸ ਦਾ ਪਤੀ ਰਾਣਾ ਤੇ ਕੁਲੀਨ ਲੋਕ ਮੀਰਾ ਦੇ ਵਿਰੁਧ ਸਨ।[3]

ਸ੍ਰੀ ਰਵਿਦਾਸ ਜੀ ਦੇ ਜੀਵਨ ਦੀ ਇਕ ਹੋਰ ਸਾਖੀ ਇਉਂ ਪ੍ਰਸਿੱਧ ਹੈ ਕਿ ਇਕ ਵੇਰ ਅਭੀਚ-ਨਛੱਤ੍ਰ ਦਾ ਪੁਰਬ ਆਇਆ। ਗੰਗਾ ਦੇ ਇਸ਼ਨਾਨ ਲਈ ਲੋਕਾਂ ਦਾ ਬਹੁਤ ਭਾਰੀ ਮੇਲਾ ਲੱਗਾ। ਉਨ੍ਹੀਂ ਦਿਨੀਂ ਰਵਿਦਾਸ ਜੀ ਦੀ ਬੜੀ ਚਰਚਾ ਸੀ, ਜਿਸ ਕਰਕੇ ਚੌਹਾਂ ਵਰਨਾਂ ਦੇ ਲੋਕ ਆਪ ਦੇ ਦਰਸ਼ਨਾਂ ਨੂੰ ਆਉਂਦੇ ਤੇ ਉਪਦੇਸ਼ ਲੈਂਦੇ ਸਨ। ਜਦੋਂ ਪੁਰਬ ਨਹਾਉਣ ਲਈ ਲੋਕ ਗੰਗਾ ਉਪਰ ਜਾ ਰਹੇ ਸਨ ਤਾਂ ਰਵਿਦਾਸ ਜੀ ਭੀ ਉਨ੍ਹਾਂ ਨਾਲ ਟੁਰ ਪਏ। ਪੁਰਬ ਵਾਲੇ ਦਿਨ ਨਿਯਤ ਸਮੇਂ ਹਜ਼ਾਰਾਂ ਆਦਮੀਆਂ ਨੇ ਇਸ਼ਨਾਨ ਕੀਤਾ, ਸ਼ਰਧਾ ਨਾਲ ਫੁੱਲ ਪਤਾਸੇ ਗੰਗਾ ਦੀ ਭੇਟ ਕੀਤੇ, ਗ਼ਰੀਬਾਂ ਨੂੰ ਦਾਨ ਦਿੱਤਾ। ਭਾਈ ਗੁਰਦਾਸ ਜੀ ਲਿਖਦੇ ਹਨ :

ਭਗਤ ਭਗਤ ਜਗ ਵੱਜਿਆ ਚਹੁੰ ਚੱਕਾਂ ਦੇ ਵਿਚ ਚਮਰੇਟਾ॥
ਪਾਣਾ ਗੰਢੇ ਰਾਹ ਵਿਚ ਕੁਲਾ ਧਰਮ ਢੋਇ ਢੋਰ ਸਮੇਟਾ॥

---

੧. ਤਾੜੀ ਦਾ ਰੁੱਖ।  ੨. ਕਾਗ਼ਜ਼।

੩. *ਵਿਸ਼ਵ ਬਾਣੀ*, ਜਨਵਰੀ ੧੯੫੪, ਲੇਖ ਸ੍ਰੀ ਖਿਤ ਮੋਹਨ ਐਮ.ਏ.।

ਜਿਉ ਕਰ ਮੈਲੇ ਚੀਥੜੇ ਹੀਰਾ ਲਾਲ ਅਮੋਲ ਪਲੇਟਾ॥
ਚਹੁੰ ਵਰਨਾਂ ਉਪਦੇਸ਼ ਦਾ ਗਯਾਨ ਧਿਆਨ ਕਰ ਭਗਤ ਸਹੇਟਾ॥
ਨ੍ਹਾਵਣ ਆਯਾ ਸੰਗ ਮਿਲ ਬਾਨਾਰਸ ਕਰ ਗੰਗਾ ਥੇਟਾ॥
ਕੱਢ ਕਸੀਰਾ ਸਉਪਿਆ ਰਵਿਦਾਸੈ ਗੰਗਾ ਦੀ ਭੇਟਾ॥
ਲਗਾ ਪੁਰਬ ਅਭੀਚ ਦਾ ਡਿਠਾ ਚਲਿਤ ਅਚਰਜ ਅਮੇਟਾ॥
ਲਇਆ ਕਸੀਰਾ ਹਥੁ ਕਢਿ ਸੂਤ ਇਕ ਜਿਉ ਤਾਨਾ ਪੇਟਾ॥
ਭਗਤ ਜਨਾਂ ਹਰਿ ਮਾਂ ਪਿਉ ਬੇਟਾ॥ *(ਵਾਰ ੧੦–੧੭)*

ਭਾਵ, ਗ਼ਰੀਬ ਰਵਿਦਾਸ ਨੇ ਵੀ ਇਕ ਕਸੀਰਾ ਭੇਟ ਕੀਤਾ। ਗੰਗਾ ਤਟ ਉਪਰ ਆਏ ਹਜ਼ਾਰਾਂ ਯਾਤਰੂਆਂ ਨੇ ਦੇਖਿਆ ਕਿ ਉਨ੍ਹਾਂ ਦੇ ਫੁੱਲ-ਪਤਾਸੇ ਪਾਣੀ ਵਿਚ ਰੁੜ੍ਹੇ ਜਾ ਰਹੇ ਹਨ। ਕੀਤਾ ਹੋਇਆ ਦਾਨ ਪਾਂਡਿਆਂ ਦੀਆਂ ਜੇਬਾਂ ਵਿਚ ਤੇ ਗ਼ਰੀਬਾਂ ਦੀਆਂ ਝੋਲੀਆਂ ਵਿਚ ਹੈ। ਪਰ ਰਵਿਦਾਸ ਜੀ ਦਾ 'ਕਸੀਰਾ' ਭਗੀਰਥੀ ਦੀ ਧਾਰਾ 'ਚੋਂ ਪ੍ਰਗਟ ਹੋ ਕੇ ਕਿਸੇ ਗ਼ੈਬੀ ਹੱਥ ਨੇ ਲੈ ਲਿਆ ਹੈ।

ਪਾਠਕ ਜਨ! ਇਹ ਓਹੀ ਅਨ-ਦ੍ਰਿਸ਼ਟ, ਅਰੂਪ ਤੇ ਗ਼ੈਬੀ ਹੱਥ ਸੀ, ਜੋ ਕਿਸੇ ਪਰਦੇ ਦੇ ਪਿੱਛੇ ਕੁਦਰਤ ਦੀਆਂ ਅਨੰਤ ਸ਼ਕਤੀਆਂ ਦੀ ਤਾਰ ਨੂੰ ਹਿਲਾ ਰਿਹਾ ਹੈ। ਅਣਗਿਣਤ ਮਨੁੱਖਾਂ ਦੇ ਅਣਗਿਣਤ ਹੱਥ ਇਸ ਪਾਸੋਂ ਕੁਝ ਮੰਗਣ ਲਈ ਪਸਰੇ ਰਹਿੰਦੇ ਹਨ। ਕਮਾਈ 'ਚੋਂ ਵਿਖਾਵੇ ਲਈ ਕੀਤਾ ਗਿਆ ਲੱਖਾਂ ਰੁਪਏ ਦਾਨ, ਇਸ ਹੱਥ ਨੂੰ ਕਬੂਲ ਨਹੀਂ ਪਰ ਰਵਿਦਾਸ ਵਰਗੇ ਨੇਕ ਬੰਦੇ ਦੀ ਸੁੱਚੀ ਕਮਾਈ ਦਾ ਇਕ ਕਸੀਰਾ ਭੀ ਇਸ ਗ਼ੈਬੀ ਹੱਥ ਨੂੰ ਪਰਵਾਨ ਹੈ।

ਸ੍ਰੀ ਰਵਿਦਾਸ ਜੀ ਦੇ ਜੀਵਨ ਸੰਬੰਧੀ ਹੋਰ ਵੀ ਕਈ ਸਾਖੀਆਂ ਪ੍ਰਸਿੱਧ ਹਨ। ੧੭੧੩ ਈ: ਵਿਚ ਪ੍ਰਿਅ ਦਾਸ ਨੇ *ਭਗਤ ਰਸ ਬੋਧਨੀ* ਨਾਮੇ ਗ੍ਰੰਥ ਲਿਖਿਆ। ਉਸ ਵਿਚ ਰਵਿਦਾਸ ਜੀ ਦੇ ਜੀਵਨ ਦੀਆਂ ਕਈ ਕਥਾਵਾਂ ਲਿਖੀਆਂ ਹਨ।

ਸ੍ਰੀ ਰਵਿਦਾਸ ਜੀ ਦੇ ਜੀਵਨ ਵਿਚ ਲਿਖਿਆ ਹੈ ਕਿ ਇਕ ਰਈਸ ਆਦਮੀ ਆਪ ਨੂੰ ਮਿਲਣ ਆਇਆ, ਸਤਿਸੰਗਤ ਹੋਈ। ਜਦ ਪ੍ਰੇਮੀਆਂ ਨੇ ਭਗਤ ਜੀ ਦਾ ਚਰਨਾਮ੍ਰਿਤ ਲਿਆ ਤਾਂ ਰਈਸ ਨੂੰ ਵੀ ਇਕ ਪ੍ਰੇਮੀ ਨੇ ਚਰਨਾਮ੍ਰਿਤ ਪੇਸ਼ ਕੀਤਾ। ਉਸ ਨੇ ਪੀਣ ਦੀ ਬਜਾਏ ਪਿੱਛੇ ਕਰ ਕੇ ਕੱਪੜਿਆਂ 'ਤੇ ਡੋਲ੍ਹ ਲਿਆ। ਉਸ ਨੇ ਦਿਲ ਵਿਚ ਇਹ ਖ਼ਿਆਲ ਕੀਤਾ ਕਿ ਰਵਿਦਾਸ ਜੀ ਭਾਵੇਂ ਭਗਤ ਹਨ, ਪਰ ਜ਼ਾਤ ਦੇ ਤਾਂ ਚਮਾਰ ਹੀ ਹਨ। ਮੈਂ ਇਤਨਾ ਵੱਡਾ ਆਦਮੀ ਹੋ ਕੇ ਇਕ ਸ਼ੂਦਰ ਦਾ ਚਰਨਾਮ੍ਰਿਤ ਕਿਸ ਤਰ੍ਹਾਂ ਲੈ ਸਕਦਾ ਹਾਂ? ਜਦ ਉਹ ਘਰ ਪੁੱਜਾ ਤਾਂ ਉਸ ਨੇ ਕੱਪੜੇ ਉਤਾਰ ਕੇ ਇਕ ਭੰਗੀ ਨੂੰ ਦੇ ਦਿੱਤੇ ਤੇ ਆਪ ਇਸ਼ਨਾਨ ਕੀਤਾ। ਕਹਿੰਦੇ ਹਨ ਕਿ ਰਈਸ ਨੂੰ ਉਸ ਦਿਨ ਤੋਂ ਕੁਸ਼ਟ ਹੋ ਗਿਆ ਤੇ ਜਿਸ ਭੰਗੀ ਨੇ ਕੱਪੜੇ ਪਹਿਨੇ ਸਨ, ਉਸ ਦੀ ਦੇਹੀ ਕੰਚਨ ਵਰਗੀ ਹੋ ਗਈ। ਅਖ਼ੀਰ ਵਿਚ ਰਈਸ ਨੇ ਸ੍ਰੀ ਰਵਿਦਾਸ ਜੀ ਪਾਸ ਪੁੱਜ ਕੇ ਭੁੱਲ ਬਖ਼ਸ਼ਾਈ।

ਜੋਬਨ, ਧਨ, ਪ੍ਰਭਤਾ ਤੇ ਕੁਲ-ਅਭਿਮਾਨ ਮਨੁੱਖ ਨੂੰ ਅੰਨ੍ਹਾ ਤੇ ਬੋਲ਼ਾ ਕਰ ਦਿੰਦੇ ਹਨ। ਕੁਲ-ਅਭਿਮਾਨੀਆਂ ਨੇ ਭਾਰਤ ਵਿਚ ਅਨੇਕ ਸੰਤਾਂ, ਮਹਾਤਮਾਂ ਤੇ ਸ੍ਰੀ ਰਵਿਦਾਸ ਜੈਸੇ ਭਗਤਾਂ ਨਾਲ ਘਿਰਣਾ ਕੀਤੀ, ਬੁਰਾ ਵਰਤਾਉ ਕੀਤਾ। ਸ਼ੋਕ ਕਿ ਭਾਰਤ ਅਜੇ

ਵੀ ਜ਼ਾਤ-ਪਾਤ ਤੇ ਛੂਤ-ਛਾਤ ਦੀ ਬੀਮਾਰੀ ਵਿਚ ਗ੍ਰਸਤ ਹੈ। ਭਾਵੇਂ ਇਹ ਆਪ ਸਾਰੀ ਦੁਨੀਆਂ 'ਚੋਂ ਹੀਣਾ ਹੈ, ਪਰ ਇਥੇ ਕ੍ਰੋੜਾਂ ਮਨੁੱਖਾਂ ਨੂੰ ਅਛੂਤ ਸਮਝਿਆ ਜਾਂਦਾ ਹੈ।

ਰਵਿਦਾਸ ਜੀ ਦੇ ਜੀਵਨ ਤੋਂ ਇਹ ਸਿਖਿਆ ਮਿਲਦੀ ਹੈ ਕਿ ਹਰੇਕ ਮਨੁੱਖ ਭਾਵੇਂ ਕਿਸੇ ਜ਼ਾਤੀ ਵਿਚ ਪੈਦਾ ਹੋਵੇ, ਸਾਧਾਰਨ ਕਿਰਤ ਕਰਨ ਵਾਲਾ ਹੀ ਕਿਉਂ ਨਾ ਹੋਵੇ, ਈਸ਼ਵਰ ਭਗਤੀ ਤੇ ਆਤਮਿਕ ਉੱਨਤੀ ਕਰ ਸਕਦਾ ਹੈ। ਹੀਰਾ ਭਾਵੇਂ ਮੈਲੇ ਲੀੜਿਆਂ ਵਿਚ ਲਪੇਟਿਆ ਹੋਵੇ, ਉਸ ਦੀ ਕੀਮਤ ਘਟ ਨਹੀਂ ਸਕਦੀ। ਕੌਡੀ ਭਾਵੇਂ ਰੇਸ਼ਮ ਵਿਚ ਲਪੇਟੀ ਹੋਵੇ, ਉਸ ਦੀ ਕੀਮਤ ਵਧ ਨਹੀਂ ਜਾਂਦੀ। ਤਿਵੇਂ ਹੀ ਨੀਵੀਂ ਕਰਨੀ ਵਾਲਾ ਕੋਈ ਮਨੁੱਖ ਉੱਚੀ ਕੁਲ ਵਿਚ ਜਨਮ ਲੈਣ ਕਰਕੇ ਉੱਤਮ ਨਹੀਂ ਹੋ ਜਾਂਦਾ ਤੇ ਉੱਚੀ ਕਰਨੀ ਵਾਲਾ ਕੋਈ ਪੁਰਸ਼ ਕਹਿਣ ਮਾਤਰ ਕਿਸੇ ਨੀਵੀਂ ਕੁਲ ਦਾ ਹੋਣ ਕਰਕੇ ਨੀਵਾਂ ਨਹੀਂ ਹੋ ਸਕਦਾ। ਰਵਿਦਾਸ ਜੀ ਦੀ ਸ਼ੁਭ ਕਰਨੀ ਦਾ ਇਹ ਨਤੀਜਾ ਹੈ ਕਿ ਅੱਜ ਸਾਡੇ ਦੇਸ਼ ਵਿਚ ਕਈ ਲੋਕੀ ਆਪਣੀ ਜਾਤੀ ਨਾਲ 'ਰਵਿਦਾਸੀਆ' ਪਦ ਬੜੇ ਮਾਣ ਨਾਲ ਵਰਤਦੇ ਹਨ।

ਸ੍ਰੀ ਰਵਿਦਾਸ ਜੀ ਨੇ ਆਪ ਕੋਈ ਪੰਥ ਨਹੀਂ ਚਲਾਇਆ। ਇਨ੍ਹਾਂ ਦੇ ਪ੍ਰੇਮੀ ਤੇ ਸ਼ਰਧਾਲੂ ਬਹੁਤ ਸਨ। ਉਨ੍ਹਾਂ 'ਚੋਂ ਊਧਵ ਦਾਸ ਜੀ ਇਕ ਸਨ। ਇਨ੍ਹਾਂ ਦੇ ਸ਼ਿਸ਼ ਬੀਰ ਭਾਨ ਨੇ ਪੂਰਬ ਉੱਤਰ ਰਾਜਪੂਤਾਨੇ ਵਿਚ ਬਿਜੇਸ਼ਵਰ ਨਾਮੇ ਥਾਂ 'ਤੇ ਇਕ ਸਾਧੂ ਸੰਪਰਦਾ ਚਲਾਈ, ਜਿਸ ਨੂੰ 'ਸਤ ਨਾਮੀ' ਕਿਹਾ ਜਾਂਦਾ ਹੈ। ਇਹ ਲੋਕ ਬੜੇ ਧਾਰਮਿਕ ਹੁੰਦੇ ਹਨ, ਰਵਿਦਾਸ ਜੀ ਨੂੰ ਮੰਨਦੇ ਹਨ।

## ਭਗਤ ਰਵਿਦਾਸ ਜੀ ਦੀ ਬਾਣੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਰਵਿਦਾਸ ਜੀ ਦੇ ੪੧ ਸ਼ਬਦ ਹਨ। ਇਨ੍ਹਾਂ ਦੀ ਬੋਲੀ ਹਿੰਦੀ ਹੈ, ਜੋ ਕਾਸ਼ੀ ਦੇ ਇਲਾਕੇ ਵਿਚ ਬੋਲੀ ਜਾਂਦੀ ਹੈ। ਬਾਣੀ ਵਿਚ ਪ੍ਰਧਾਨਤਾ ਪ੍ਰੇਮ-ਭਗਤੀ ਦੀ ਹੈ। ਇਹ ਡਾਢੀ ਮਿੱਠੀ, ਸੌਖੀ ਤੇ ਭਾਵ-ਪੂਰਤ ਹੈ। ਆਪ ਇਕੀਸ਼ਵਰਵਾਦੀ ਭਗਤ ਸਨ। ਭਗਤੀ ਕਰ ਕੇ ਨੀਵੀਂ ਜਾਤ ਦਾ ਕੋਈ ਮਨੁੱਖ ਵੀ ਉੱਚਾ ਹੋ ਸਕਦਾ ਹੈ, ਇਹ ਸ੍ਰੀ ਰਵਿਦਾਸ ਜੀ ਦਾ ਨਿਸ਼ਚਾ ਸੀ।

ਭਗਤ ਰਵਿਦਾਸ ਜੀ ਦੀ ਜੋ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਹੈ, ਇਸ ਤੋਂ ਬਿਨਾ ਹਿੰਦੀ ਦੀਆਂ ਪੁਸਤਕਾਂ ਵਿਚ[1] ਆਪ ਦੇ ਸ਼ਬਦ ਵੀ ਮਿਲਦੇ ਹਨ। ਇਨ੍ਹਾਂ 'ਚੋਂ ਕੁਝ ਸ਼ਬਦ ਵੱਧ-ਘੱਟ ਕਰ ਕੇ ਬੀੜ ਵਿਚ ਦਰਜ ਬਾਣੀ ਨਾਲ ਵੀ ਮਿਲਦੇ ਹਨ।

ਸਾਡੀ ਰਾਇ ਵਿਚ ਪੰਚਮ ਪਾਤਸ਼ਾਹ ਨੇ ਜਿਸ ਤਰ੍ਹਾਂ ਕਬੀਰ ਜੀ ਦੀ ਬਾਣੀ ਨੂੰ ਸਹੀ ਰੂਪ ਵਿਚ ਸੁਰੱਖਿਅਤ ਕੀਤਾ ਹੈ, ਇਸੇ ਤਰ੍ਹਾਂ ਸ੍ਰੀ ਰਵਿਦਾਸ ਜੀ ਦੀ ਬਾਣੀ ਦੀ ਵੀ ਸੰਭਾਲ ਕੀਤੀ ਹੈ। ਪੁਰਾਤਨ ਤੇ ਅਸਲੀ ਓਹੀ ਬਾਣੀ ਹੈ ਜੋ ਸ੍ਰੀ ਗੁਰੂ ਗ੍ਰੰਥ

---

੧. ਬਿਲਵੇਡੀਅਰ ਪ੍ਰੈਸ, ਅਲਾਹਾਬਾਦ ਨੇ ਮਈ ੧੯੧੮ ਵਿਚ *ਸ੍ਰੀ ਰਵਿਦਾਸ ਜੀ ਦਾ ਜੀਵਨ ਤੇ ਬਾਣੀ* ਹਿੰਦੀ ਅੱਖਰਾਂ ਵਿਚ ਪੁਸਤਕ ਰੂਪ ਵਿਚ ਪ੍ਰਕਾਸ਼ਤ ਕੀਤੀ ਹੈ। ਇਸ ਵਿਚ ਸ੍ਰੀ ਰਵਿਦਾਸ ਜੀ ਦੇ ੬ ਦੋਹਰੇ ਤੇ ੮੭ ਸ਼ਬਦ ਦਰਜ ਕੀਤੇ ਹਨ।

ਸਾਹਿਬ ਵਿਚ ਦਰਜ ਹੈ। ਇਸ ਦੀ ਰਚਨਾ ਦਾ ਢੰਗ, ਬੋਲੀ, ਖ਼ਿਆਲਾਂ ਦੀ ਵਿਉਂਤ, ਸ਼ਬਦਾਂ ਦਾ ਵਜ਼ਨ ਬਹੁਤ ਸੁਲਝੀਆਂ ਹੋਈਆਂ ਚੀਜ਼ਾਂ ਹਨ। ਦੂਜੇ ਗ੍ਰੰਥਾਂ ਵਿਚ ਜਿਹੜੀ ਬਾਣੀ ਮਿਲਦੀ ਹੈ, ਉਸ ਵਿਚ ਕਈ ਕਮੀਆਂ ਹਨ। ਅਸੀਂ ਭਗਤ ਜੀ ਦੀ ਪ੍ਰੇਮ-ਭਗਤੀ ਦੇ ਇਕ ਦੋ ਸ਼ਬਦ ਦਰਜ ਕਰਦੇ ਹਾਂ, ਜਿਸ ਤੋਂ ਉਨ੍ਹਾਂ ਦੀ ਆਤਮਾ ਦੇ ਸਾਨੂੰ ਦਰਸ਼ਨ ਹੁੰਦੇ ਹਨ।

(੧) ਹਉਮੈ ਦਾ ਤਿਆਗ ਕਰ ਕੇ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ, ਇਸ ਪਰਥਾਇ ਕਹਿੰਦੇ ਹਨ:

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥
ਅਨਲ ਅਗਮ ਜੈਸੇ ਲਹਰਿ ਮਇਓ ਦਧਿ ਜਲ ਕੇਵਲ ਜਲ ਮਾਂਹੀ॥੧॥
ਮਾਧਵੇ ਕਿਆ ਕਹੀਐ ਭ੍ਰਮੁ ਐਸਾ॥
ਜੈਸਾ ਮਾਨੀਐ ਹੋਇ ਨ ਤੈਸਾ॥੧॥ ਰਹਾਉ॥
ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥੨॥
ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ॥
ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ॥੩॥
ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ॥
ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ॥੪॥੧॥

*(ਸੋਰਠਿ, ਪੰਨਾ ੬੫੭)*

ਭਾਵ, ਐ ਈਸ਼ਵਰ! ਜਦ ਮੇਰੇ ਵਿਚ ਹਉਮੈ ਸੀ, ਤਦ ਤੂੰ ਦੂਰ ਸੀ। ਹੁਣ ਤੂੰ ਹਿਰਦੇ ਵਿਚ ਆ ਗਿਆ ਹੈਂ, ਹਉਮੈ ਨਹੀਂ ਰਹੀ। ਜਿਸ ਤਰ੍ਹਾਂ ਹਵਾ (ਅਨਲ) ਨਾਲ ਸਮੁੰਦਰ (ਮਹਾਂਉਦਧਿ) ਵਿਚ ਬੇਅੰਤ ਲਹਿਰਾਂ ਉਠਦੀਆਂ ਹਨ ਪਰ ਹੁੰਦੀਆਂ ਉਹ ਪਾਣੀ ਦਾ ਰੂਪ ਹੀ ਹਨ, ਇਸੇ ਤਰ੍ਹਾਂ ਜੀਵਾਂ ਵਿਚ ਤੇ ਤੇਰੇ ਵਿਚ ਭੇਦ ਨਹੀਂ। ਭਰਮ ਵਿਚ ਪੈ ਕੇ ਚੀਜ਼ਾਂ ਦੀ ਅਸਲੀਅਤ ਦਾ ਪਤਾ ਨਹੀਂ ਲੱਗਦਾ। ਜਿਸ ਤਰ੍ਹਾਂ ਕੋਈ ਰਾਜਾ (ਨਰਪਤਿ) ਸਿੰਘਾਸਨ 'ਤੇ ਸੁੱਤਾ ਹੋਇਆ ਸੁਪਨੇ ਵਿਚ ਫ਼ਕੀਰ ਬਣ ਜਾਂਦਾ ਹੈ, ਰਾਜ ਹੁੰਦਿਆਂ ਦੁਖੀ ਹੁੰਦਾ ਹੈ, ਇਹੀ ਸਾਡੀ ਹਾਲਤ ਹੋਈ ਹੈ। ਜਿਸ ਤਰ੍ਹਾਂ ਹਨੇਰੇ ਵਿਚ ਰੱਸੀ (ਰਜੂ) ਸਰਪ (ਭੁਇਅੰਗ) ਪ੍ਰਤੀਤ ਹੁੰਦਾ ਹੈ, ਜਿਸ ਤਰ੍ਹਾਂ ਅਨੇਕਾਂ ਸੋਨੇ ਦਾ ਕੰਙਣ ਦੇਖ ਕੇ ਭੁੱਲ ਜਾਈਏ ਕਿ ਕੰਙਣ ਸੋਨੇ ਤੋਂ ਵੱਖ ਹਨ, ਇਸੇ ਤਰ੍ਹਾਂ ਸੰਸਾਰ ਰਚਨਾ ਵਿਚ ਜੋ ਨਾਮ-ਰੂਪ ਦਾ ਭੇਦ ਹੈ, ਉਸ ਨੂੰ ਦੇਖ ਕੇ ਅਸੀਂ ਮੂਲ ਤਤੂ ਨੂੰ ਭੁੱਲ ਗਏ ਸਾਂ। ਹੁਣ ਕੁਝ ਸਮਝ ਪਈ ਹੈ ਕਿ ਸਾਰੇ ਹਿਰਦਿਆਂ ਵਿਚ ਇਕ ਤੂੰ ਹੀ ਵਿਆਪਕ ਹੈਂ।

(੨) ਈਸ਼ਵਰ ਭਗਤਾਂ ਦੇ ਪ੍ਰੇਮ ਵਿਚ ਬੱਝਾ ਹੋਇਐ, ਇਸ ਭਾਵ ਨੂੰ ਸ੍ਰੀ ਰਵਿਦਾਸ ਜੀ ਇਉਂ ਕਥਨ ਕਰਦੇ ਹਨ:

ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥
ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ॥੧॥
ਮਾਧਵੇ ਜਾਨਤ ਹਹੁ ਜੈਸੀ ਤੈਸੀ॥
ਅਬ ਕਹਾ ਕਰਹੁਗੇ ਐਸੀ॥੧॥ ਰਹਾਉ॥

ਮੀਨੁ ਪਕਰਿ ਫਾਂਕਿਓ[1] ਅਰੁ ਕਾਟਿਓ ਰਾਂਧਿ[2] ਕੀਓ ਬਹੁ ਬਾਨੀ[3] ॥
ਖੰਡ ਖੰਡ[4] ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥੨॥
ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥
ਮੋਹ ਪਟਲ[5] ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ[6] ॥੩॥
ਕਹਿ ਰਵਿਦਾਸ ਭਗਤਿ ਇਕ ਬਾਢੀ[7] ਅਬ ਇਹ ਕਾ ਸਿਉ ਕਹੀਐ ॥
ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ ਅਜਹੂ ਸਹੀਐ ॥ *(ਸੋਰਠਿ, ਪੰਨਾ ੬੫੮)*

ਹੁਣ ਅਸੀਂ ਕੁਝ ਅਜਿਹੇ ਸ਼ਬਦ ਦਰਜ ਕਰਦੇ ਹਾਂ ਜੋ ਹਿੰਦੀ ਪੁਸਤਕਾਂ ਵਿਚ ਮਿਲਦੇ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਸ਼ਬਦਾਂ ਨਾਲ ਵੱਧ ਘੱਟ ਕਰਕੇ ਮਿਲਦੇ ਜੁਲਦੇ ਹਨ। ਇਸ ਤੋਂ ਪਾਠਕ ਸ੍ਰੀ ਰਵਿਦਾਸ ਜੀ ਦੀ ਬੀੜ ਵਿਚ ਆਈ ਬਾਣੀ ਤੇ ਦੂਜੀ ਬਾਣੀ ਦੇ ਸ਼ਬਦਾਂ ਦਾ ਅੰਤਰਾ ਵੀ ਸਮਝ ਲੈਣਗੇ।

*ਸ੍ਰੀ ਗੁਰੂ ਗ੍ਰੰਥ ਸਾਹਿਬ*

(੧) ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥
ਕਨਕ ਕਟਿਕ ਜਲ ਤਰੰਗ ਜੈਸਾ ॥੧॥
ਜਉਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥੧॥ ਰਹਾਉ ॥
ਤੁਮ੍ ਜੁ ਨਾਇਕ ਆਛਹੁ ਅੰਤਰਜਾਮੀ ॥
ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥੨॥
ਸਰੀਰੁ ਆਰਾਧੈ ਮੋਕਉ ਬੀਚਾਰੁ ਦੇਹੂ ॥
ਰਵਿਦਾਸ ਸਮ ਦਲ ਸਮਝਾਵੈ ਕੋਊ ॥੩॥ *(ਸ੍ਰੀਰਾਗੁ, ਪੰਨਾ ੯੩)*

*ਹਿੰਦੀ ਪੁਸਤਕ 'ਚੋਂ*

(੧) ਦੇਵਾ ਹਮ ਨ ਪਾਪ ਕਰੰਤ ਅਨੰਤਾ। ਪਤਿਤ ਪਾਵਨ ਤੇਰਾ ਬਿਰਦ ਕਯੋਂ ਕਹੰਤਾ।
ਤੋਹਿ ਮੋਹਿ ਮੋਹਿ ਤੋਹਿ ਅੰਤਰ ਏਸਾ। ਕਨਕ ਕਟਕ ਜਲ ਤਰੰਗ ਜੈਸਾ।
ਮੈ ਕੋਈ ਨਰ ਤੁਹਿ ਅੰਤਰ ਜਾਮੀ। ਠਾਕੁਰ ਥੈਂ ਜਨ ਜਾਨਿਯੇ ਜਨ ਥੈਂ ਸਵਾਮੀ।
ਤੁਮ ਸਬਨ ਮੈ ਸਬ ਤੁਮ ਮਾਂਹੀ। ਰੈਦਾਸ ਦਾਸ ਅਸਮਝ ਸੀ ਕਹੋਂ ਕਹਾਂ ਹੀਂ।

*ਸ੍ਰੀ ਗੁਰੂ ਗ੍ਰੰਥ ਸਾਹਿਬ*

(੨) ਬੇਗਮਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥
ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥
ਕਾਇਮੁ ਦਾਇਮੁ ਸਦਾ ਪਾਤਿਸਾਹੀ। ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥੧॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮਸਹਰੀ ਸੁ ਮੀਤੁ ਹਮਾਰਾ ॥੩॥੨॥
*(ਗਉੜੀ, ਪੰਨਾ ੩੪੫)*

---

੧. ਫਾੜੀ ਫਾੜੀ। ੨. ਰਿੰਨੀ। ੩. ਕਈ ਤਰ੍ਹਾਂ ਦੀ। ੪. ਟੁਕੜੇ। ੫. ਮੋਹ ਦੇ ਪਰਦੇ। ੬. ਦੁਖ। ੭. ਵਧੀ।

### ਹਿੰਦੀ ਪੁਸਤਕ 'ਚੋਂ

(੨) ਅਬ ਹਮ ਖੂਬ ਵਤਨ ਘਰ ਪਾਯਾ। ਊਂਚਾ ਖੇਰ ਸਦਾ ਮੇਰੇ ਭਾਯਾ।
ਬੇਗਮ ਪੁਰਾ ਸਹਰ ਕੋ ਨਾਮ। ਫਿਕਰ ਅੰਦੇਸ ਨਹੀਂ ਤੇਹਿ ਗ੍ਰਾਮ।
ਨਹਿ ਜਹਾਂ ਸਾਂਸਨ ਲਾਨਤ ਮਾਰ। ਹੈਫ ਨ ਖਤਾ ਨ ਤਰਸ ਜਵਾਲ।
ਆਵ ਨ ਜਾਵ ਰਹਮ ਔਜੂਦ। ਜਹਾਂ ਗਨੀ ਆਪ ਬਸੈ ਮਾਬੂਦ।
ਜੋਈ ਸੈਲ ਕਰੇ ਸੋਈ ਭਾਵੈ। ਮਹਰਮ ਮਹਲ ਮੇਂ ਕੋ ਅਟਕਾਵੈ।
ਕਹ ਰੈਦਾਸ ਖਲਾਸ ਚਮਾਰਾ। ਜੋ ਉਸ ਸਹਰ ਸੋ ਮੀਤ ਹਮਾਰਾ॥੩੧॥

### ਸ੍ਰੀ ਗੁਰੂ ਗ੍ਰੰਥ ਸਾਹਿਬ

(੩) ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ॥
ਪ੍ਰੇਮ ਭਗਤਿ ਨਹੀ ਊਪਜੈ ਤਾਤੇ ਰਵਿਦਾਸ ਉਦਾਸ॥ *(ਗਉੜੀ, ਪੰਨਾ ੩੪੬)*

### ਹਿੰਦੀ ਪੁਸਤਕ 'ਚੋਂ

(੩) ਅਨੇਕ ਜਤਨ ਕਰ ਟਾਰਿਯੇ ਟਾਰੇ ਨ ਟਰੈ ਭ੍ਰਮ ਪਾਸ।
ਪ੍ਰੇਮ ਭਗਤਿ ਨਹਿ ਉਪਜੈ ਤਾਤੇ ਜਨ ਰੈਦਾਸ ਉਦਾਸ।੨੯।

### ਸ੍ਰੀ ਗੁਰੂ ਗ੍ਰੰਥ ਸਾਹਿਬ

(੪) ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥੧॥
ਮਾਧੋ ਅਬਿਦਿਆ ਹਿਤ ਕੀਨ॥ ਬਿਬੇਕ ਦੀਪ ਮਲੀਨ॥੧॥ ਰਹਾਉ॥
ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ॥
ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ॥੨॥
ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ॥
ਕਾਲ ਫਾਸ ਅਬਧ ਲਾਗੇ ਕਛੁ ਨਾ ਚਲੈ ਉਪਾਇ॥੩॥
ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ॥
ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ॥੪॥ *(ਆਸਾ, ਪੰਨਾ ੪੮੬)*

### ਹਿੰਦੀ ਪੁਸਤਕ 'ਚੋਂ

(੪) ਮਾਧੋ ਅਵਿਦਯਾ ਹਿਤ ਕੀਨਹ। ਤਾਂ ਤੇ ਮੈਂ ਤੋਰ ਨਾਮ ਨ ਲੀਨਹ।
ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਜਰ ਏਕ ਦੋਸ ਬਿਨਾਸ।
ਪੰਚ ਬਯਾਧਿ ਅਸਾਧ ਯਹ ਤਨ ਕੌਨ ਤਾਕੀ ਆਸ।
ਜਲ ਥਲ ਜੀਵ ਜਹਾਂ ਤਹਾਂ ਲੌਂ ਕਰਮਨ ਯਾਸਨ ਜਾਈ।
ਮੋਹ ਪਾਸੀ ਅਬੰਧ ਬੰਧਯੋ ਕਰਿਯੇ ਕੌਨ ਉਪਾਈ।
ਤ੍ਰਿਗੁਨ ਜੋਨਿ ਅਚੇਤ ਭ੍ਰਮ ਭਰਮੇ, ਪਾਪ ਪੁੰਨ ਨ ਸੋਚ।
ਮਾਨੁਖਾ ਔਤਾਰ ਦੁਰਲਭ ਤਹੂੰ ਸੰਕਟ ਪੋਚ।
ਰੈਦਾਸ ਉਦਾਸ ਮਨ ਭੌ ਜਪ ਨ ਤਪ ਗੁਨ ਗਯਾਨ।
ਭਗਤ ਜਨ ਭਵ ਹਰਨ ਕਹਿਯੇ ਏਸੇ ਪਰਮ ਨਿਧਾਨ॥੩੯॥

ਸ੍ਰੀ ਗੁਰੂ ਗ੍ਰੰਥ ਸਾਹਿਬ

(੫) ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥੧॥
ਮਾਧਉ ਸਤ ਸੰਗਤਿ ਸਰਨਿ ਤੁਮ੍ਾਰੀ॥
ਹਮ ਅਉਗਨ ਤੁਮ੍ ਉਪਕਾਰੀ॥੧॥ ਰਹਾਉ॥
ਤੁਮ ਮਖਤੂਲ[1] ਸੁਪੇਦ[2] ਸਪੀਅਲ[3] ਹਮ ਬਪੁਰੇ ਜਸ ਕੀਰਾ[4]॥
ਸਤ ਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ[5]॥੨॥
ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ॥
ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ॥੩॥੩॥

*(ਆਸਾ, ਪੰਨਾ ੪੮੬)*

ਹਿੰਦੀ ਪੁਸਤਕ 'ਚੋਂ

(੫) ਸਾਧੋ ਸੰਗਤ ਸਰਣਿ ਤੁਮਾਰੀ। ਜਗ ਜੀਵਨ ਕਿਸ਼ਨ ਮੁਰਾਰੀ।
ਤੁਮ ਮਖਤੂਲ ਚਤੁਰਭੁਜ ਮੈਂ ਬਪੁਰੋ ਜਸ ਕੀਰਾ।
ਪੀਵਤ ਡਾਲ ਫੂਲ ਫਲ ਅੰਮ੍ਰਿਤ ਸਹਜ ਭਈ ਮਤਿ ਹੀਰਾ।
ਤੁਮ ਚੰਦਨ ਹਮ ਅਰੰਡ ਭਯੇ ਹੈਂ ਤੇਰੀ ਬਾਸ ਸੁਬਾਸਨ ਬਾਸਾ।
ਜਾਤਿ ਭੀ ਓਛੀ ਜਨਮ ਭੀ ਓਛਾ ਓਛਾ ਕਰਮ ਹਮਾਰਾ।
ਹਮ ਰੈਦਾਸ ਰਾਮ ਰਾਈ ਕੋ ਕਹ ਰੈਦਾਸ ਚਮਾਰਾ॥੩੯॥

ਸ੍ਰੀ ਗੁਰੂ ਗ੍ਰੰਥ ਸਾਹਿਬ

(੬) ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ॥
ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ॥੧॥
ਤੁਝਹਿ ਚਰਨ ਅਰਬਿੰਦ ਭਵਨ ਮਨੁ॥
ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ॥੧॥ ਰਹਾਉ॥
ਸੰਪਤਿ ਬਿਪਤਿ ਪਟਲ ਮਾਇਆ ਧਨੁ॥
ਤਾ ਮਹਿ ਮਗਨ ਹੋਤ ਨ ਤੇਰੋ ਜਨੁ॥੨॥
ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨੁ॥
ਕਹਿ ਰਵਿਦਾਸ ਛੂਟਿਬੋ ਕਵਨ ਗੁਨ॥੩॥੪॥ *(ਆਸਾ, ਪੰਨਾ ੪੮੬)*

ਹਿੰਦੀ ਪੁਸਤਕ 'ਚੋਂ

(੬) ਤੁਝ ਚਰਨਾਰ ਬਿੰਦ ਭੰਵਰ ਮਨ। ਪਾਨ ਕਰਤ ਮੈਂ ਪਾਯੋ ਰਾਮ ਧਨ।
ਸੰਪਤ ਬਿਪਤ ਪਟਲ ਮਾਯਾ ਧਨ। ਤਾ ਮੈ ਮਗਨ ਹੋਇ ਕੈਸੇ ਤੇਰੋ ਜਨ।
ਕਹਾ ਭਯੋ ਜੋ ਗਤ ਤਨ ਛਨ ਛਨ। ਪ੍ਰੇਮ ਜਾਇ ਤੌ ਡਰੈ ਤੇਰੋ ਨਿਜ ਜਨ।
ਪ੍ਰੇਮ ਰਜਾ ਲੈ ਰਾਖੋ ਹਿਰਦੇ ਧਰਿ। ਕਹ ਰੈਦਾਸ ਛੂਟਿਯੋ ਕਵਨ ਪਰਿ।੩੫।

---

੧. ਰੇਸ਼ਮ। ੨. ਚਿੱਟਾ। ੩. ਪੀਲਾ। ੪. ਜਿਸ ਤਰ੍ਹਾਂ ਕੀੜੇ ਹੁੰਦੇ ਹਨ। ੫. ਸ਼ਹਿਦ ਦੀ ਮੱਖੀ।

### ਸ੍ਰੀ ਗੁਰੂ ਗ੍ਰੰਥ ਸਾਹਿਬ

(੭) ਦੂਧੁ ਤ ਬਛਰੈ ਥਨਹੁ ਬਿਟਾਰਿਓ ॥ ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥੧॥
ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥
ਅਵਰੁ ਨ ਫੂਲੁ ਅਨੂਪੁ ਨ ਪਾਵਉ ॥੧॥ ਰਹਾਉ ॥
ਮੈਲਾਗਰ ਬੇਰ੍ਹੇ ਹੈ ਭੁਇਅੰਗਾ ॥ ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ॥੨॥
ਧੂਪ ਦੀਪ ਨਈਬੇਦਹਿ ਬਾਸਾ ॥ ਕੈਸੇ ਪੂਜ ਕਰਹਿ ਤੇਰੀ ਦਾਸਾ ॥੩॥
ਤਨੁ ਮਨੁ ਅਰਪਉ ਪੂਜ ਚਰਾਵਉ ॥ ਗੁਰ ਪਰਸਾਦਿ ਨਿਰੰਜਨੁ ਪਾਵਉ ॥੪॥
ਪੂਜਾ ਅਰਚਾ ਆਹਿ ਨ ਤੋਰੀ ॥ ਕਹਿ ਰਵਿਦਾਸ ਕਵਨ ਗਤਿ ਮੋਰੀ ॥੫॥੧॥

*(ਗੂਜਰੀ, ਪੰਨਾ ੫੨੫)*

### ਹਿੰਦੀ ਪੁਸਤਕ 'ਚੋਂ

(੭) ਰਾਮ ਮੈ ਪੂਜ ਕਹਾਂ ਚੜਾਊਂ। ਫਲ ਅਰੁ ਫੂਲ ਅਨੂਪ ਨ ਪਾਊਂ।
ਥਨ ਹਰ ਦੂਧ ਜੋ ਬਛਰੂ ਜੁਠਾਰੀ। ਪੁਹੁਪ ਭੰਵਰ ਜਬ ਮੀਨ ਬਿਗਾਰੀ।
ਮਲਯਾਗਿਰ ਬੇਧਿਯੋ ਭੁਅੰਗਾ। ਵਿਸ਼ ਅਮ੍ਰਿਤ ਦੋਊ ਏਕੈ ਸੰਗਾ।
ਮਨ ਹੀ ਪੂਜਾ ਮਨ ਹੀ ਧੂਪ। ਮਨ ਹੀ ਸੇਊ ਸਹਜ ਸਰੂਪ।
ਪੂਜਾ ਅਰਚਾ ਨ ਜਾਨੂੰ ਤੇਰੀ। ਕਹ ਰੈਦਾਸ ਕਵਨ ਗਤਿ ਮੋਰੀ।੩੪।

### ਸ੍ਰੀ ਗੁਰੂ ਗ੍ਰੰਥ ਸਾਹਿਬ

(੮) ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ ॥
ਲੋਹਾ ਕੰਚਨ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ ॥੧॥
ਦੇਵ ਸੰਸੈ ਗਾਂਠਿ ਨ ਛੂਟੈ ॥
ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ ॥੧॥ ਰਹਾਉ ॥
ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥੨॥
ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ ॥
ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ ॥੩॥੧॥

*(ਰਾਮਕਲੀ, ਪੰਨਾ ੯੭੪)*

### ਹਿੰਦੀ ਪੁਸਤਕ 'ਚੋਂ

(੮) ਰਾਮ ਬਿਨ ਸੰਸਯ ਗਾਂਠ ਨ ਛੂਟੇ।
ਕਾਮ ਕਿਰੋਧ ਲੋਭ ਮਦ ਮਾਯਾ ਇਨ ਪੰਚਨ ਮਿਲਿ ਲੂਟੇ। ਟੇਕ।
ਹਮ ਬੜ ਕਬਿ ਕੁਲੀਨ ਹਮ ਪੰਡਤ ਹਮ ਜੋਗੀ ਸੰਨਯਾਸੀ।
ਗਯਾਨੀ ਗੁਨੀ ਸੂਰ ਹਮ ਦਾਤਾ ਯਾਹੁ ਕਹੇ ਮਤਿ ਨਾਸੀ।
ਪੜੇ ਗੁਨੇ ਕਛੁ ਸਮੁਝਿ ਨ ਪਰਈ ਜੌਂ ਲੌਂ ਭਾਵ ਨ ਦਰਸੈ।
ਲੋਹਾ ਹਿਰਨ ਹੋਇ ਧੌਂ ਕੈਸੇ ਜੌਂ ਪਾਰਸ ਨਹਿ ਪਰਸੈ।
ਕਹ ਰੈਦਾਸ ਔਰ ਅਸਮੁਝ ਸੀ ਚਾਲ ਪਰੇ ਭ੍ਰਮ ਭੋਰੇ।
ਏਕ ਅਧਾਰ ਨਾਮ ਨਰਹਰਿ ਕੋ ਜਿਵਨ ਪ੍ਰਾਨ ਧਨ ਮੋਰੇ।੧੪।

ਸ੍ਰੀ ਗੁਰੂ ਗ੍ਰੰਥ ਸਾਹਿਬ

(੯) ਫਲ ਕਾਰਨ ਫੂਲੀ ਬਨਰਾਇ॥ ਫਲੁ ਲਾਗਾ ਤਬ ਫੂਲੁ ਬਿਲਾਇ॥
ਗਿਆਨੈ ਕਾਰਨ ਕਰਮ ਅਭਿਆਸੁ॥ ਗਿਆਨੁ ਭਇਆ ਤਹ ਕਰਮਹ ਨਾਸੁ॥੩॥

(ਭੈਰਉ, ਪੰਨਾ ੧੧੬੭)

ਹਿੰਦੀ ਪੁਸਤਕ 'ਚੋਂ

(੯) ਫਲ ਕਾਰਨ ਫੂਲੈ ਬਨਰਾਈ। ਉਪਜੈ ਫਲ ਤਬ ਪੁਹੁਪ ਬਿਲਾਈ।
ਗਯਾਨਹਿ ਕਾਰਨ ਕਰਮ ਕਰਾਈ। ਉਪਜੈ ਗਯਾਨ ਤ ਕਰਮ ਨਸਾਈ।੨।

ਸ੍ਰੀ ਗੁਰੂ ਗ੍ਰੰਥ ਸਾਹਿਬ

(੧੦) ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥
ਰਿਦੈ ਰਾਮ ਗੋਬਿੰਦ ਗੁਨ ਸਾਰੰ॥੧॥ ਰਹਾਉ॥
ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ॥
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ॥੧॥
ਤਰ ਤਾਰਿ ਅਪਵਿਤ੍ਰ ਕਰ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ॥
ਭਗਤਿ ਭਾਗਉਤੁ ਲਿਖੀਐ ਤਿਹ ਊਪਰਿ ਪੂਜੀਐ ਕਰਿ ਨਮਸਕਾਰੰ॥੨॥
ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ,
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥੩॥੧॥ (ਮਲਾਰ, ਪੰਨਾ ੧੨੯੩)

ਹਿੰਦੀ ਪੁਸਤਕ 'ਚੋਂ

(੧੦) ਰਾਗ ਸੋਰਠ—ਏਸੀ ਮੇਰੀ ਜਾਤਿ ਬਿਖਯਾਤ ਚਮਾਰੰ।
ਹਿਰਦਯ ਰਾਮ ਗੋਬਿੰਦ ਗੁਨ ਸਾਰੰ।
ਸੁਰਸਰਿ ਜਲ ਕ੍ਰਿਤ ਬਾਰੁਨੀ ਰੇ, ਜੇਹਿ ਸੰਤ ਜਨ ਨਹਿ ਕਰਤ ਪਾਨੰ।
ਸੁਰਾ ਅਪਵਿਤ੍ਰ ਨਿਤਿ ਗੰਗ ਜਲ ਜਾਨਿਯੇ, ਸੁਰਸਰਿ ਮਿਲਤ ਨਹਿ ਹੋਤ ਆਨੰ।
ਤਤਕਰਾ ਅਪਵਿਤ੍ਰ ਕਰ ਮਾਨਿਯੇ, ਜੈਸੇ ਕਾਗਦ ਕਰਤ ਬਿਚਾਰੰ।
ਭਗਵਤ ਭਗਵੰਤ ਜਬ ਊਪਰੇ ਲੇਖਿਯੇ ਤਬ ਪੂਜੀਏ ਕਰ ਨਮਸਕਾਰੰ।
ਅਨੇਕ ਅਧਮ ਜਿਵ ਨਾਮ ਗੁਨ ਉਧਰੇ ਪਤਿਤ ਪਾਵਨ ਭਏ ਪਰਸਿ ਸਾਰੰ।
ਭਨਤ ਰੈਦਾਸ ਰਰੰਕਾਰੰ ਗੁਨ ਗਾਵਤੇ, ਸੰਤ ਸਾਧੂ ਭਏ ਸਹਜ ਪਾਰੰ।੪੨।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

(੧੧) ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥੨੪੨॥

(ਸਲੋਕ ਕਬੀਰ ਜੀ, ਪੰਨਾ ੧੩੭੭)

ਹਿੰਦੀ ਪੁਸਤਕ 'ਚੋਂ

(੧੧) ਹਰਿ ਸਾ ਹੀਰਾ ਛਾਡਿ ਕੈ, ਕਰੋ ਆਨ ਕੀ ਆਸ।
ਤੇ ਨਰ ਜਮ ਪੁਰ ਜਾਹਿਗੇ ਸਤ ਭਾਸ਼ੈ ਰੈਦਾਸ।

ਹਿੰਦੀ ਪੁਸਤਕ ਵਿਚ ਰਾਗ ਜੰਗਲੀ ਗੌੜੀ ਵਿਚ ਰਵਿਦਾਸ ਜੀ ਦੇ ਪਹਿਰੇ ਹਨ, ਜਿਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਰੀਰਾਗੁ ਵਿਚ ਹਨ। ਇਹ ਬਾਣੀ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ:

**ਪਹਿਲੈ ਪਹਿਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ॥**

*(ਸਿਰੀਰਾਗੁ ਮ: ੧, ਪੰਨਾ ੭੪)*

ਸ੍ਰੀ ਰਵਿਦਾਸ ਜੀ ਦੇ ਪਹਿਰੇ ਇਸੇ ਤਰ੍ਹਾਂ ਆਰੰਭ ਹੁੰਦੇ ਹਨ:

**ਪਹਿਲੇ ਪਹਰੇ ਰੈਨ ਦੇ ਬਨਿਜਾਰਿਆ, ਤੈ ਜਨਮ ਲਿਯਾ ਸੰਸਾਰ ਰੇ।**

ਸੋਰਠ ਰਾਗ ਵਿਚ ਭਗਤ ਰਵਿਦਾਸ ਜੀ ਦਾ ਇਕ ਸ਼ਬਦ ਹੈ:

**ਜਉ ਤੁਮ ਗਿਰਿਵਰ ਤਉ ਹਮ ਮੋਰਾ॥**
**ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥੧॥** *(ਸੋਰਠਿ, ਪੰਨਾ ੬੫੮)*

ਇਹ ਇਕ ਹਿੰਦੀ ਫ਼ਿਲਮ ਵਿਚ ਮੀਰਾ ਬਾਈ ਦੇ ਨਾਮ ਉਪਰ ਗਾਇਨ ਕੀਤਾ ਗਿਆ ਹੈ। ਪਰ ਮੀਰਾ ਸ੍ਰੀ ਰਵਿਦਾਸ ਜੀ ਦੀ ਚਰਨ ਸੇਵਿਕਾ ਸੀ, ਇਸ ਲਈ ਮੀਰਾ ਨੇ ਉਨ੍ਹਾਂ ਦਾ ਸ਼ਬਦ ਗਾਇਨ ਕੀਤਾ ਜਾਪਦਾ ਹੈ।

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਪ੍ਰੇਮ-ਭਗਤੀ ਦੇ ਨਾਲ ਵੈਰਾਗ ਭੀ ਮਿਲਦਾ ਹੈ। ਇਹ ਭਾਰਤ ਦੇ ਮਹਾਤਮਾ ਦੇ ਜੀਵਨ ਦਾ ਇਕ ਖ਼ਾਸ ਅੰਗ ਹੈ। ਮਨੁੱਖ ਦੀ ਅਸਲੀਅਤ ਕੀ ਹੈ ? ਇਸ ਨੂੰ ਸ੍ਰੀ ਰਵਿਦਾਸ ਜੀ ਇਉਂ ਵਰਣਨ ਕਰਦੇ ਹਨ:

**ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥**
**ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥੧॥**
**ਪ੍ਰਾਨੀ ਕਿਆ ਮੇਰਾ ਕਿਆ ਤੇਰਾ॥**
**ਜੈਸੇ ਤਰਵਰਿ ਪੰਖਿ ਬਸੇਰਾ॥੧॥ ਰਹਾਉ॥**
**ਰਾਖਹੁ ਕੰਧ ਉਸਾਰਹੁ ਨੀਵਾਂ॥ ਸਾਢੇ ਤੀਨਿ ਹਾਥ ਤੇਰੀ ਸੀਵਾਂ॥੨॥**
**ਬੰਕੇ ਬਾਲ ਪਾਗ ਸਿਰਿ ਡੇਰੀ॥ ਇਹੁ ਤਨੁ ਹੋਇਗੋ ਭਸਮ ਕੀ ਢੇਰੀ॥੩॥**
**ਊਚੇ ਮੰਦਰ ਸੁੰਦਰ ਨਾਰੀ॥ ਰਾਮ ਨਾਮ ਬਿਨੁ ਬਾਜੀ ਹਾਰੀ॥੪॥**
**ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ॥**
**ਤੁਮ ਸਰਨਾਗਤਿ ਰਾਜਾ ਰਾਮਚੰਦ ਕਹਿ ਰਵਿਦਾਸ ਚਮਾਰਾ॥੫॥੬॥**

*(ਸੋਰਠਿ, ਪੰਨਾ ੬੫੯)*

ਭਗਤਿ ਰਵਿਦਾਸ ਜੀ ਨੇ ਆਪਣੇ ਪਵਿਤਰ ਜੀਵਨ ਤੇ ਪ੍ਰੇਮ ਭਗਤੀ ਦੁਆਰਾ ਅਨੇਕ ਜੀਵਾਂ ਨੂੰ ਕ੍ਰਿਤਾਰਥ ਕੀਤਾ। ਤੁਲਸੀ ਦਾਸ ਜੀ ਨੇ ਕਿਹਾ ਹੈ:

**ਉਤਮ ਔਰ ਚੰਡਾਲ ਘਰ ਇਕ ਦੀਪਕ ਉਜਿਆਰ।**
**ਤੁਲਸੀ ਮਤੇ ਪਤੰਗ ਕੇ ਸਭੀ ਜੋਤ ਇਕ ਸਾਰ।**

ਦੀਪਕ ਭਾਵੇਂ ਰਾਜ ਮਹਿਲਾਂ ਵਿਚ ਜਗੇ ਜਾਂ ਗ਼ਰੀਬ ਦੀ ਝੌਂਪੜੀ ਵਿਚ, ਉਹ ਪ੍ਰਕਾਸ਼ ਹੀ ਕਰਦਾ ਹੈ। ਪਤੰਗੇ ਉਸ ਦੀ ਰੌਸ਼ਨੀ ਉਪਰ ਆਉਂਦੇ ਹਨ।

ਸ੍ਰੀ ਰਵਿਦਾਸ ਜੀ ਨੇ ਪ੍ਰੇਮ-ਭਗਤੀ, ਸੇਵਾ ਤੇ ਸੰਤੋਖੀ ਜੀਵਨ ਦੁਆਰਾ ਅਨੇਕ

ਜੀਵਾਂ ਨੂੰ ਕ੍ਰਿਤਾਰਥ ਕੀਤਾ। ਪਵਿਤਰ ਜੀਵਨ ਬਤੀਤ ਕਰਦੇ ਹੋਏ ਕਾਸ਼ੀ ਵਿਚ ਹੀ ਸਮਾਏ।

ਚਮਾਰਾਂ ਦੇ ਘਰ ਜੋ ਦੀਪਕ ਪ੍ਰਕਾਸ਼ਤ ਹੋਇਆ ਸੀ, ਉਸ ਨੇ ਭਾਰਤਵਰਸ਼ ਨੂੰ ਮਹਾਨ ਆਤਮਿਕ ਰੌਸ਼ਨੀ ਦਿੱਤੀ।

ਭਗਤ ਕਬੀਰ ਜੀ, ਸ੍ਰੀ ਨਾਮਦੇਵ ਜੀ, ਭਗਤ ਰਵਿਦਾਸ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਉਤਰ-ਅਧਿਕਾਰੀ ਸਤਿਗੁਰੂਆਂ ਨੇ ਜ਼ਾਤ-ਪਾਤ ਤੇ ਛੂਤ-ਛਾਤ ਵਿਰੁੱਧ ਜੋ ਵਿਚਾਰ ਦਿੱਤੇ ਸਨ, ਉਨ੍ਹਾਂ ਦਾ ਨਤੀਜਾ ਹੈ ਕਿ ਆਜ਼ਾਦੀ ਦੇ ਉਪਰੰਤ ਭਾਰਤ ਦੀ ਰਾਜ-ਬਣਤਰ ਵਿਚ ਪਛੜੀਆਂ ਸ਼੍ਰੇਣੀਆਂ ਨੂੰ ਰਾਜਨੀਤਕ ਤੇ ਸਮਾਜਕ ਬਰਾਬਰੀ ਦਿੱਤੀ ਗਈ ਹੈ। ਭਾਰਤ ਦੇ ਵਿਧਾਨ ਵਿਚ ਕਿਸੇ ਨੂੰ ਚੂਹੜਾ ਚਮਾਰ ਜਾਂ ਅਛੂਤ ਕਹਿਣਾ ਹੀ ਜੁਰਮ ਮੰਨਿਆ ਗਿਆ ਹੈ।

# ਜੀਵਨ ਸ੍ਰੀ ਰਾਮਾਨੰਦ ਜੀ

ਸ੍ਰੀ ਰਾਮਾਨੰਦ ਜੀ ਪਰਮ ਭਗਤ, ਹਿੰਦੂ ਧਰਮ ਦੇ ਸੁਧਾਰਕ, ਵੈਰਾਗੀ ਸੰਪ੍ਰਦਾਇ ਦੇ ਬਾਨੀ, ਪ੍ਰਸਿੱਧ ਆਚਾਰਯ, ਭਗਤੀ-ਮਾਰਗ ਦਾ ਪ੍ਰਚਾਰ ਕਰਨ ਵਾਲੇ ਮਹਾਂ ਪੁਰਖ ਹੋਏ ਹਨ। ਵੈਸ਼ਨਵ ਮੱਤ ਦੀਆਂ ਚਾਰ ਪ੍ਰਧਾਨ ਸ਼ਾਖ਼ਾਂ ਹਨ—ਮਾਧਵ, ਵਿਸ਼ਨੂੰ, ਨਿੰਬਾਰਕ ਤੇ ਰਾਮਾਨੁਜੀ। ਆਪ ਅੰਤਲੀ ਸ਼ਾਖ਼ਾ, ਭਾਵ ਰਾਮਾਨੁਜੀਆਂ[1] ਵਿਚੋਂ ਸਨ ਤੇ ਰਾਮਾਨੁਜ ਦੀ ਚੌਥੀ ਥਾਵੇਂ ਹੋਏ ਹਨ। ਇਨ੍ਹਾਂ ਦੀ ਪ੍ਰਣਾਲੀ ਇਉਂ ਚੱਲਦੀ ਹੈ:

ਸ੍ਰੀ ਰਾਮਾਨੁਜ
|
ਦੇਵਾਨੰਦ
|
ਹਰਿਆਨੰਦ
|
ਰਾਘਵਾਨੰਦ
|
ਰਾਮਾਨੰਦ

ਆਪ ਦਾ ਜਨਮ ਸੰਮਤ ੧੪੨੩ ਪ੍ਰਯਾਗ ਵਿਖੇ ਇਕ ਕਾਨਕੁਬਜ ਬ੍ਰਾਹਮਣ ਭੂਰਿ-ਕਰਮਾਂ ਦੇ ਘਰ ਹੋਇਆ। ਇਨ੍ਹਾਂ ਦੀ ਮਾਤਾ ਦਾ ਨਾਮ ਸੁਸ਼ੀਲਾ ਸੀ। ਮਾਂ ਪਿਉ ਨੇ ਇਨ੍ਹਾਂ ਦਾ ਨਾਮ ਰਾਮ ਦੱਤ ਰੱਖਿਆ।

ਰਾਮਾਨੰਦ ਜੀ ਦੇ ਜਨਮ-ਸੰਮਤ, ਪਿਤਾ ਦੇ ਨਾਮ ਤੇ ਟਿਕਾਣੇ ਸੰਬੰਧੀ ਇਤਿਹਾਸਕਾਰਾਂ ਵਿਚ ਕੁਝ ਮੱਤਭੇਦ ਹੈ। ਮਿ: ਮੈਕਾਲਿਫ਼ ਨੇ ਆਪ ਦਾ ਜਨਮ ਗੌੜ ਬ੍ਰਾਹਮਣਾਂ ਦੇ ਘਰ 'ਮੇਲ ਕੋਟ' ਵਿਖੇ ਹੋਣਾ ਲਿਖਿਆ ਹੈ। ਜਿਥੇ ਕਿ ਰਾਮਾਨੁਜ ਨੇ ਵਿਸ਼ਨੂੰ ਦੀ ਮੂਰਤੀ ਸਥਾਪਤ ਕਰ ਕੇ ਬ੍ਰਾਹਮਣਾਂ ਨੂੰ ਵਿਸ਼ਨੂੰ-ਪੂਜਨ ਦਾ ਉਪਦੇਸ਼ ਕੀਤਾ

---

੧. ਰਾਮਾਨੁਜ ਜੀ ੧੦੭੩ ਬਿ: ਵਿਚ ਹੋਏ ਹਨ। ਆਪ ਦੇ ਮੱਤ ਨੂੰ 'ਵਸ਼ਿਸ਼ਟ ਅਦਵੈਤਵਾਦ' ਕਹਿੰਦੇ ਹਨ। ਰਾਮਾਨੁਜ ਕਹਿੰਦੇ ਸਨ, "ਸ੍ਰੀ ਸ਼ੰਕਰਾਚਾਰਯ ਦਾ ਮਾਇਆ ਮਿਥਿਆ ਤੇ ਅਦਵੈਤਵਾਦ ਦੋਵੇਂ ਗ਼ਲਤ ਸਨ। ਜੀਵ, ਈਸ਼ਵਰ ਤੇ ਜਗਤ ਭਾਵੇਂ ਵੱਖ ਵੱਖ ਹਨ, ਪਰ ਜੀਵ (ਚੇਤੰਨ) ਤੇ ਜਗਤ (ਜੜ੍ਹ) ਦੋਵੇਂ ਈਸ਼ਵਰ ਦਾ ਸਰੀਰ ਹਨ।" ਸ਼ੰਕਰ ਨੇ ਸੰਨਿਆਸ ਨੂੰ ਪ੍ਰਧਾਨਤਾ ਦਿੱਤੀ ਸੀ। ਰਾਮਾਨੁਜ ਨੇ ਭਗਤੀ ਪ੍ਰਧਾਨ ਤੇ ਮੁਕਤੀ ਦਾ ਸਾਧਨ ਮੰਨਿਆ ਹੈ।

*(ਗੀਤਾ ਰਹਸਯ, ਹਿੰਦੀ, ਲਿਖਤ ਤਿਲਕ, ਪੰਨਾ ੧੫)*

ਸੀ।[1] ਕਈ ਲੇਖਕਾਂ ਦੀ ਰਾਇ ਹੈ ਕਿ ਰਾਮਾਨੰਦ ਜੀ ਦਾ ਜਨਮ ੧੩੫੬ ਬਿ: ਪ੍ਰਯਾਗ ਵਿਖੇ ਪੁੰਨ ਸਦਨ ਨਾਮੇ ਕਾਨਕੁਬਜ ਬ੍ਰਾਹਮਣ ਦੇ ਘਰ ਹੋਇਆ।[2]

ਭਗਤਾਂ ਦੇ ਜੀਵਨ ਸੰਬੰਧੀ ਨਾਭਾ ਜੀ ਦੀ *ਭਗਤ-ਮਾਲ* ਸਭ ਤੋਂ ਪੁਰਾਤਨ ਰਚਨਾ ਹੈ। ਇਸ ਵਿਚ ਅਨੇਕ ਭਗਤਾਂ ਦੇ ਜੀਵਨ ਚਰਿੱਤ੍ਰ ਹਨ। ਪਰ ਜਨਮ ਸੰਮਤ ਤੇ ਟਿਕਾਣਿਆਂ ਦਾ ਪਤਾ ਇਸ ਵਿਚੋਂ ਵੀ ਨਹੀਂ ਲੱਗਦਾ। *ਭਗਤ ਮਾਲ* ਵਿਚ ਰਾਮਾਨੰਦ ਜੀ ਨੂੰ ਰਾਮ ਦਾ ਅਵਤਾਰ ਕਰਕੇ ਲਿਖਿਆ ਹੈ। ਪਰ ਉਨ੍ਹਾਂ ਦੇ ਜੀਵਨ ਉਪਰ ਪੂਰੀ ਤਰ੍ਹਾਂ ਚਾਨਣਾ ਨਹੀਂ ਪਾਇਆ ਗਿਆ, ਜੋ ਕੁਝ ਲਿਖਿਆ ਹੈ, ਉਹ ਬਹੁਤ ਸੰਖੇਪ ਹੈ।

ਰਾਮਾਨੰਦ ਜੀ ਦਾ ਜਨਮ-ਸੰਮਤ ੧੩੫੬ ਬਿ: ਠੀਕ ਨਹੀਂ ਪ੍ਰਤੀਤ ਹੁੰਦਾ। ਕਿਉਂਕਿ ਪ੍ਰਸਿੱਧ ਇਤਿਹਾਸਕਾਰਾਂ ਦੀ ਇਹ ਨਿਸਚਿਤ ਰਾਇ ਹੈ ਕਿ ਕਬੀਰ ਜੀ ਦਾ ਜਨਮ ਸੰਮਤ ੧੪੫੧-੫੫ ਵਿਚ ਹੋਇਆ ਹੈ, ਇਸ ਹਾਲਤ ਵਿਚ ਉਸ ਸਮੇਂ ਰਾਮਾਨੰਦ ਜੀ ਦੀ ਉਮਰ ਸੌ ਵਰ੍ਹੇ ਦੀ ਬਣਦੀ ਹੈ। ਫਿਰ ਜੇ ਕਦੀ ਕਬੀਰ ਜੀ ਨੇ ੨੦-੨੫ ਵਰ੍ਹੇ ਦੀ ਉਮਰ ਵਿਚ ਵੀ ਆਪ ਪਾਸੋਂ ਉਪਦੇਸ਼ ਲਿਆ ਹੋਵੇ, ਤਾਂ ਇਸ ਹਿਸਾਬ ਅਨੁਸਾਰ ੧੨੫ ਬਰਸ ਹੁੰਦੀ ਹੈ। ਜਿਸ ਸਮੇਂ ਕਬੀਰ ਜੀ ੨੫ ਵਰ੍ਹੇ ਦੇ ਹੁੰਦੇ ਹਨ, ਉਸ ਸਮੇਂ ਰਾਮਾਨੰਦ ਜੀ ੧੨੫ ਬਰਸ ਦੇ ਮੰਨਣੇ ਪੈਣਗੇ। ਉਪਦੇਸ਼ ਦੇਣ ਤੋਂ ਉਪਰੰਤ ਭੀ ਉਨ੍ਹਾਂ ਦਾ ਜੀਵਨ ਮੰਨਿਆ ਜਾਵੇ ਤਾਂ ਆਯੂ ਹੋਰ ਭੀ ਵਧ ਜਾਂਦੀ ਹੈ, ਪਰ ਇਨ੍ਹਾਂ ਦੀ ਇਤਨੀ ਦੀਰਘ ਆਯੂ ਕਿਸੇ ਭੀ ਪੁਰਾਤਨ ਗ੍ਰੰਥ ਵਿਚ ਨਹੀਂ ਲਿਖੀ ਹੋਈ।

ਇਸ ਲਈ ਠੀਕ ਇਹੋ ਪ੍ਰਤੀਤ ਹੁੰਦਾ ਹੈ ਕਿ ਰਾਮਾਨੰਦ ਜੀ ਚੌਧਵੀਂ ਸਦੀ ਈਸਵੀ ਦੇ ਅੰਤ ਤੋਂ ਲੈ ਕੇ ਪੰਦਰ੍ਹਵੀਂ ਸਦੀ ਈਸਵੀ ਦੇ ਮੱਧ-ਕਾਲ ਤਕ ਹੋਏ ਹਨ।

ਆਪ ਦੇ ਪਿਤਾ ਦੇ ਨਾਮ ਬਾਰੇ ਜੋ ਅੰਤਰਾ ਹੈ, ਉਸ ਸੰਬੰਧੀ ਸਾਡਾ ਅਨੁਮਾਨ ਹੈ ਕਿ 'ਭੂਰਿ ਕਰਮਾਂ' ਤੇ 'ਪੁੰਨ ਸਦਨ' ਇਕੋ ਹੀ ਪੁਰਸ਼ ਦੇ ਦੋ ਨਾਮ ਹੋ ਸਕਦੇ ਹਨ। ਸੰਭਵ ਹੈ ਕਿ ਭੂਰਿ ਕਰਮਾਂ ਅਸਲੀ ਨਾਮ ਹੋਵੇ ਤੇ ਇਕ ਮਹਾਂਪੁਰਸ਼ (ਜਿਸ ਤੋਂ ਸੰਸਾਰ ਦੇ ਅਨੇਕ ਮਨੁੱਖ ਆਤਮਿਕ ਤੌਰ 'ਤੇ ਵਰੋਸਾਏ ਹੋਣ) ਦੇ ਪਿਤਾ ਹੋਣ ਕਰਕੇ ਲੋਕਾਂ ਨੇ ਉਸ ਨੂੰ 'ਪੁੰਨ ਸਦਨ' ਅਰਥਾਤ 'ਪੁੰਨ ਦਾ ਘਰ' ਦੀ ਪਦਵੀ ਨਾਲ ਸੰਬੋਧਨ ਕੀਤਾ ਹੋਵੇ।

ਰਾਮਾਨੰਦ ਜੀ ਨੇ ਬਾਲ ਅਵਸਥਾ ਵਿਚ ਇਕ ਸੰਨਿਆਸੀ ਸਾਧੂ ਪਾਸੋਂ ਧਾਰਮਿਕ ਸਿਖਿਆ ਤੇ ਵਿਦਿਆ ਪ੍ਰਾਪਤ ਕੀਤੀ। ਸ਼ੁਰੂ ਤੋਂ ਹੀ ਆਪ ਦੀ ਰੁਚੀ ਭਗਤੀ ਵੱਲ ਵਧੇਰੇ ਸੀ। ਉਨ੍ਹਾਂ ਦਿਨਾਂ ਵਿਚ ਵੈਸ਼ਨਵ ਮੱਤ ਦਾ ਪਰਚਾਰ ਸੀ। ਇਕ ਦਿਨ ਰਾਮਾਨੰਦ ਜੀ ਇਕ ਫੁਲਵਾੜੀ ਵਿਚ ਫੁੱਲ ਤੋੜਨ ਲਈ ਗਏ, ਤਾਂ ਉਥੇ ਇਨ੍ਹਾਂ ਨੂੰ ਰਾਘਵਾਨੰਦ ਨਾਮੇ ਵੈਸ਼ਨਵ ਸਾਧੂ ਮਿਲਿਆ, ਜੋ ਸ੍ਰੀ ਰਾਮਾਨੁਜ ਦੀ ਸੰਪਰਦਾ ਵਿਚੋਂ ਤੀਜੀ ਥਾਵੇਂ ਸੀ, ਉਸ ਨੇ ਆਪ ਨੂੰ ਦੇਖਿਆ। ਦੋਹਾਂ ਦੀ ਗੱਲ-ਬਾਤ ਹੋਈ।

ਰਾਘਵਾਨੰਦ—ਤੈਨੂੰ ਕੁਝ ਆਪਣੀ ਜ਼ਿੰਦਗੀ ਬਾਰੇ ਮਾਲੂਮ ਹੈ?

ਰਾਮ ਦੱਤ (ਰਾਮਾਨੰਦ)—ਨਹੀਂ ਮਹਾਰਾਜ! ਮੈਨੂੰ ਕੁਝ ਪਤਾ ਨਹੀਂ।

---

੧. *ਸਿਖ ਰੀਲੀਜਨ*, ਜਿਲਦ ੬, ਪੰਨਾ ੧੦੦।
੨. *ਭਾਰਤ ਮੱਤ ਦਰਪਨ*, ਪੰਨਾ ੨੪੩।

ਰਾਘਵਾਨੰਦ—ਤੇਰਾ ਜੀਵਨ ਛੇਤੀ ਹੀ ਮੁੱਕਣ ਵਾਲਾ ਤੇ ਸ਼ਕਤੀ ਨਸ਼ਟ ਹੋਣ ਵਾਲੀ ਹੈ।

ਰਾਮ ਦੱਤ—ਆਪ ਨੂੰ ਕਿਵੇਂ ਮਾਲੂਮ ਹੈ?

ਰਾਘਵਾਨੰਦ—ਮੈਂ ਯੋਗ ਦੇ ਬਲ ਨਾਲ ਅਨੁਭਵ ਕੀਤਾ ਹੈ ਕਿ ਤੇਰੇ ਜੀਵਨ ਦੀਆਂ ਘੜੀਆਂ ਸ਼ੀਘਰ ਹੀ ਮੁੱਕਣ ਵਾਲੀਆਂ ਹਨ।

ਰਾਮ ਦੱਤ—ਫਿਰ ਆਪ ਦੱਸੋ, ਮੈਂ ਕੀ ਕਰਾਂ?

ਰਾਘਵਾਨੰਦ—ਜਦੋਂ ਕਿਸੇ ਮਨੁੱਖ ਦਾ ਅੰਤ ਕਾਲ ਨੇੜੇ ਆ ਜਾਵੇ ਤਾਂ ਉਸ ਨੂੰ ਭਗਵਤ-ਭਜਨ ਵਿਚ ਲੱਗ ਜਾਣਾ ਚਾਹੀਦਾ ਹੈ। ਅੰਤਮ ਸੁਆਸਾਂ ਨੂੰ ਸਫਲ ਕਰਨ ਲਈ ਈਸ਼ਵਰ ਦਾ ਸਿਮਰਨ ਕਰਨਾ ਚਾਹੀਦਾ ਹੈ।

ਰਾਘਵਾਨੰਦ ਦੀਆਂ ਇਹ ਗੱਲਾਂ ਸੁਣ ਕੇ ਰਾਮਾਨੰਦ ਜੀ ਆਪਣੇ ਪਹਿਲੇ ਸੰਨਿਆਸੀ ਗੁਰੂ ਪਾਸ ਆਏ। ਉਸ ਨੂੰ ਸਾਰਾ ਬ੍ਰਿਤਾਂਤ ਸੁਣਾਇਆ। ਸੰਨਿਆਸੀ ਨੇ ਭੀ ਅੰਤਰ ਧਿਆਨ ਹੋ ਕੇ ਦੇਖਿਆ ਤਾਂ ਰਾਮਾਨੰਦ ਦਾ ਜੀਵਨ ਸਮਾਪਤ ਹੋਣ ਵਾਲਾ ਹੀ ਅਨੁਭਵ ਕੀਤਾ। ਉਸ ਨੇ ਭੀ ਰਾਘਵਾਨੰਦ ਦੇ ਬਚਨਾਂ ਦੀ ਪੁਸ਼ਟੀ ਕੀਤੀ।

ਅੰਤ ਨੂੰ ਦੋਵੇਂ ਜਣੇ ਸਲਾਹ ਕਰ ਕੇ ਰਾਘਵਾਨੰਦ ਪਾਸ ਪੁਜੇ। ਸੰਨਿਆਸੀ ਨੇ ਕਿਹਾ, "ਕਿਸੇ ਤਰ੍ਹਾਂ ਰਾਮ ਦੱਤ ਮੌਤ ਦੇ ਮੂੰਹ 'ਚੋਂ ਬਚ ਸਕਦਾ ਹੈ?"

ਰਾਘਵਾਨੰਦ—ਹਾਂ।

ਰਾਮਾਨੰਦ—ਮਹਾਰਾਜ! ਉਹ ਜੀਵਨ-ਜੁਗਤੀ ਮੈਨੂੰ ਦੱਸੋ।

ਰਾਘਵਾਨੰਦ—ਯੋਗ ਸਾਧਨਾਂ ਨਾਲ ਪ੍ਰਾਣ ਦਸਮ ਦੁਆਰ ਚੜ੍ਹਾਏ ਜਾਣ ਤਾਂ ਮਨੁੱਖ ਦੀਰਘ ਆਯੂ ਵਾਲਾ ਹੋ ਸਕਦਾ ਹੈ।

ਇਹ ਉੱਤਰ ਸੁਣ ਕੇ ਰਾਮਾਨੰਦ ਜੀ ਨੇ ਰਾਘਵਾਨੰਦ ਨੂੰ ਗੁਰ-ਦੀਖਿਆ ਦੇਣ ਲਈ ਬੇਨਤੀ ਕੀਤੀ। ਉਸ ਨੇ ਵੈਸ਼ਨਵ ਮੱਤ ਅਨੁਸਾਰ ਗੁਰ-ਮੰਤਰ ਦੇ ਕੇ 'ਰਾਮ ਦੱਤ' ਤੋਂ 'ਰਾਮਾਨੰਦ' ਬਣਾ ਦਿੱਤਾ। ਯੋਗ ਅਭਿਆਸ ਦੁਆਰਾ ਸੁਰਤਿ ਦਸਮ ਦੁਆਰ ਚੜ੍ਹਾ ਦਿੱਤੀ ਤੇ ਅੱਗੋਂ ਲਈ ਪ੍ਰਾਣ ਦਸਮ ਦੁਆਰ ਵਿਚ ਸਥਿਤ ਕਰਨ ਦੀ ਜਾਚ ਵੀ ਦੱਸੀ।

ਰਾਮਾਨੰਦ ਕੁਝ ਸਮਾਂ ਆਪਣੇ ਗੁਰੂ ਪਾਸ ਟਿਕੇ, ਯੋਗ ਸਾਧਨ ਕਰਨ ਨਾਲ ਇਨ੍ਹਾਂ ਦਾ ਸਰੀਰ ਬੜਾ ਸੁੰਦਰ ਤੇ ਅਰੋਗ ਹੋ ਗਿਆ। ਮਨ ਵੀ ਟਿਕਾਉ ਵਿਚ ਹੋ ਗਿਆ ਸੀ। ਰਾਘਵਾਨੰਦ ਆਪਣੇ ਸੇਵਕ ਦੀ ਆਤਮਿਕ ਉੱਨਤੀ ਨੂੰ ਦੇਖ ਕੇ ਬੜਾ ਪ੍ਰਸੰਨ ਹੋਇਆ, ਉਸ ਨੇ ਅਸੀਸ ਦਿੱਤੀ, "ਮੇਰੇ ਚੇਲੇ! ਜਾਹ ਸੰਸਾਰ ਵਿਚ ਤੇਰਾ ਨਾਮ ਰੌਸ਼ਨ ਹੋਵੇਗਾ, ਆਯੂ ਭੀ ਵੱਡੀ ਹੋਵੇਗੀ।"

ਕਾਫ਼ੀ ਸਮਾਂ ਗੁਰੂ ਦੀ ਸੇਵਾ ਕਰਨ ਉਪਰੰਤ ਆਪ ਨੇ ਤੀਰਥ ਯਾਤਰਾ ਕਰਨ ਦੀ ਆਗਿਆ ਮੰਗੀ। ਰਾਘਵਾਨੰਦ ਨੇ ਬੜੀ ਪ੍ਰਸੰਨਤਾ ਨਾਲ ਪਰਵਾਨਗੀ ਦਿੱਤੀ।

ਰਾਮਾਨੰਦ ਜੀ ਗੁਰੂ ਪਾਸੋਂ ਵਿਦਾ ਹੋ ਕੇ, ਦੇਸ਼ਾਂਟਨ ਕਰਦੇ ਹੋਏ ਬਦ੍ਰਿਕਾ ਆਸ਼ਰਮ (ਬਦਰੀ ਨਾਰਾਇਣ) ਪੁਜੇ। ਕੁਝ ਸਮਾਂ ਉਥੇ ਠਹਿਰ ਕੇ ਫਿਰ ਹੋਰ ਤੀਰਥਾਂ ਦੇ ਦਰਸ਼ਨਾਂ ਲਈ ਟੁਰ ਪਏ। ਫਿਰਦੇ ਫਿਰਦੇ ਕਾਸ਼ੀ ਵਿਚ ਪੁੱਜੇ, ਇਹ ਥਾਂ ਹਿੰਦੂ ਧਰਮ ਦਾ ਗੜ੍ਹ ਸੀ, ਉਨ੍ਹੀਂ ਦਿਨੀਂ ਮੁਸਲਮਾਨ ਭਾਰਤ ਵਿਚ ਨਵੇਂ ਨਵੇਂ ਆਏ ਸਨ, ਇਸ ਲਈ ਉਨ੍ਹਾਂ ਦੇ ਮੌਲਵੀ ਤੇ ਸੂਫ਼ੀ ਭੀ ਕਾਸ਼ੀ ਵਿਚ ਪੁੱਜ ਕੇ ਹਿੰਦੂ ਪੰਡਤਾਂ ਨਾਲ ਮੱਤਾਂ ਦੀ ਚਰਚਾ ਕਰਦੇ ਸਨ। ਰਾਮਾਨੰਦ ਜੀ ਆਪਣੇ ਮੱਤ ਦੇ ਵਿਦਵਾਨ ਤਾਂ ਸਨ ਹੀ, ਕਾਸ਼ੀ ਵਿਚ

ਟਿਕਣ ਕਰਕੇ ਹੋਰ ਮੱਤਾਂ ਦੇ ਸਿਧਾਂਤਾਂ ਤੋਂ ਭੀ ਵਾਕਫ਼ ਹੋ ਗਏ। ਆਪ ਨੇ ਕਈ ਜੈਨੀ ਸਾਧੂਆਂ ਤੇ ਬੋਧੀ ਭਿਖਸ਼ੂਆਂ ਤੇ ਪੰਡਤਾਂ ਨਾਲ ਚਰਚਾ ਕਰ ਕੇ ਉਨ੍ਹਾਂ ਨੂੰ ਵਿਜੈ ਕੀਤਾ। ਇਨ੍ਹਾਂ ਦਿਨਾਂ ਵਿਚ ਆਪ ਦੇ ਵਿਚਾਰਾਂ ਵਿਚ ਬੜੀ ਤਬਦੀਲੀ ਹੋਈ। ਕਾਸ਼ੀ ਦੇ ਪੰਚ ਗੰਗਾ ਘਾਟ ਉਪਰ ਕੁਝ ਸਮਾਂ ਟਿਕ ਕੇ ਅਨੇਕ ਪੁਰਸ਼ਾਂ ਨੂੰ ਸਤ-ਧਰਮ ਦਾ ਉਪਦੇਸ਼ ਕੀਤਾ। ਇਥੇ ਹੁਣ ਤਕ ਆਪ ਦੀ ਯਾਦਗਾਰ ਵਿਚ ਪੱਥਰ ਦੀ ਇਕ ਵੇਦੀ ਬਣੀ ਹੋਈ ਹੈ, ਤੇ ਖੜਾਓਂ ਭੀ ਰੱਖੀ ਹੋਈ ਹੈ। ਵੈਰਾਗੀ ਸਾਧੂ ਇਨ੍ਹਾਂ ਦੀ ਪੂਜਾ ਕਰਦੇ ਹਨ।

ਤੀਰਥ ਯਾਤਰਾ ਸਮਾਪਤ ਕਰਨ ਮਗਰੋਂ ਰਾਮਾਨੰਦ ਜੀ ਫਿਰ ਰਾਘਵਾਨੰਦ ਦੀ ਸੇਵਾ ਵਿਚ ਹਾਜ਼ਰ ਹੋਏ। ਉਦੋਂ ਆਪ ਦੇ ਵਿਚਾਰਾਂ ਵਿਚ ਕਾਫ਼ੀ ਤਬਦੀਲੀ ਆ ਚੁੱਕੀ ਸੀ। ਭਾਵੇਂ ਉਨ੍ਹਾਂ ਰਾਘਵਾਨੰਦ ਪਾਸੋਂ ਰਾਮਾਨੁਜ ਦਾ ਵੈਸ਼ਨਵ ਮੱਤ ਗ੍ਰਹਿਣ ਕੀਤਾ ਸੀ, ਪਰ ਉਕਤ ਮੱਤ ਦੇ ਕਈ ਅਸੂਲਾਂ ਨੂੰ ਉਹ ਦਿਲੋਂ ਤਰਕ ਕਰ ਚੁੱਕੇ ਸਨ। ਜਦ ਗੁਰ-ਭਾਈਆਂ ਨੇ ਤੇ ਆਚਾਰਯ ਨੇ ਆਪ ਪਾਸੋਂ ਤੀਰਥ ਯਾਤਰਾ ਦਾ ਹਾਲ ਪੁੱਛਿਆ ਤਾਂ ਆਪ ਨੇ ਸਾਰਾ ਬ੍ਰਿਤਾਂਤ ਕਹਿ ਸੁਣਾਇਆ। ਪੰਗਤ ਵਿਚ ਬੈਠੇ ਹੋਏ ਸਾਧੂਆਂ ਨੇ ਪੁੱਛਿਆ, "ਆਪ ਨੇ ਪ੍ਰਦੇਸ ਵਿਚ ਤੀਰਥ ਰਟਨ ਕਰਦੇ ਹੋਏ ਵੈਸ਼ਨਵ ਅਸੂਲਾਂ ਦੀ ਪਾਬੰਦੀ ਕਿਵੇਂ ਕੀਤੀ?"

ਸ੍ਰੀ ਰਾਮਾਨੰਦ ਜੀ ਨੇ ਉੱਤਰ ਦਿੱਤਾ, "ਮੇਰੇ ਖ਼ਿਆਲ ਵਿਚ ਆਚਾਰਯ ਲੋਕਾਂ ਦੀ ਰੀਤੀ ਆਚਾਰ ਨਹੀਂ ਹੈ। ਮੈਂ ਸ਼ਾਸਤਰਾਂ 'ਚੋਂ ਇਹ ਸਿਧਾਂਤ ਮੰਨ ਲਿਆ ਹੈ ਕਿ ਜੋ ਮਨੁੱਖ ਈਸ਼ਵਰ ਦੀ ਸ਼ਰਨ ਵਿਚ ਆ ਜਾਵੇ, ਉਸ ਲਈ ਵਰਨ-ਆਸ਼ਰਮ ਦੇ ਬੰਧਨ ਟੁੱਟ ਜਾਂਦੇ ਹਨ। ਸਾਰੇ ਭਗਤਾਂ ਦਾ ਗੋਤ੍ਰ ਇਕ ਹੈ। ਸਭ ਨੂੰ ਇਕੋ ਪੰਗਤ ਵਿਚ ਭੋਜਨ ਕਰਨਾ ਚਾਹੀਦੈ।"

ਆਪ ਦੇ ਇਨ੍ਹਾਂ ਵਿਚਾਰਾਂ ਨੂੰ ਸੁਣ ਕੇ ਵੈਸ਼ਨਵ ਸਾਧੂਆਂ ਤੇ ਰਾਘਵਾਨੰਦ ਦੇ ਹੋਰ ਚੇਲਿਆਂ ਵਿਚ ਖਲਬਲੀ ਮੱਚ ਗਈ। ਕਿਉਂਕਿ ਉਹ ਜ਼ਾਤ-ਪਾਤ ਦੇ ਬੜੇ ਪਾਬੰਦ ਸਨ। ਸੁੱਚ-ਭਿੱਟ ਭੀ ਬੜੀ ਮੰਨਦੇ ਸਨ, ਇਥੋਂ ਤੀਕ ਕਿ ਮੂਰਤੀ ਨੂੰ ਭੋਗ ਸਮੇਂ ਭੀ ਮੂਰਤੀ ਤੇ ਆਪਣੇ ਵਿਚਕਾਰ ਪਰਦਾ ਤਾਣ ਦਿੰਦੇ ਸਨ। ਜਿਸ ਬ੍ਰਾਹਮਣ ਨੇ ਠਾਕਰਾਂ ਦੇ ਭੋਗ ਲਈ ਭੋਜਨ ਤਿਆਰ ਕੀਤਾ ਹੋਵੇ, ਜੇ ਉਸ ਤੋਂ ਬਿਨਾਂ ਉਸ ਭੋਜਨ 'ਤੇ ਕਿਸੇ ਹੋਰ ਦੀ ਨਜ਼ਰ ਪੈ ਜਾਂਦੀ ਸੀ, ਤਾਂ ਉਸ ਨੂੰ ਅਪਵਿਤਰ ਸਮਝਦੇ ਸਨ। ਅਜਿਹੇ ਲੋਕਾਂ ਨੂੰ ਰਾਮਾਨੰਦ ਧਰਮ ਤੋਂ ਬਾਗੀ ਨਜ਼ਰ ਆਇਆ। ਅੰਤ ਨੂੰ ਸਾਰਿਆਂ ਨੇ ਰਾਮਾਨੰਦ ਨੂੰ ਆਪਣੀ ਸੰਪ੍ਰਦਾਇ 'ਚੋਂ ਅੱਡ ਕਰਨ ਲਈ ਰੌਲਾ ਪਾਇਆ। ਭਾਵੇਂ ਉਸ ਸਮੇਂ ਸਾਰੇ ਲੋਕ ਵਿਰੋਧੀ ਸਨ, ਪਰ ਰਾਘਵਾਨੰਦ, ਰਾਮਾਨੰਦ ਜੀ ਦੇ ਵਿਚਾਰਾਂ ਦੇ ਹਾਮੀ ਹੋ ਗਏ ਤੇ ਖ਼ੁਸ਼ੀ ਨਾਲ ਕਿਹਾ, "ਐ ਰਾਮਾਨੰਦ! ਤੇਰੇ ਖ਼ਿਆਲਾਂ ਵਿਚ ਤਬਦੀਲੀ ਹੋ ਚੁੱਕੀ ਹੈ, ਇਸ ਲਈ ਗੁਰ-ਭਾਈ ਨਾਰਾਜ਼ ਹਨ। ਮੈਂ ਤੈਨੂੰ ਆਗਿਆ ਦਿੰਦਾ ਹਾਂ ਕਿ ਤੂੰ ਆਪਣੀ ਵੱਖਰੀ ਸੰਪ੍ਰਦਾਇ ਚਲਾ ਤੇ ਉਕਤ ਵਿਚਾਰਾਂ ਦਾ ਪ੍ਰਚਾਰ ਕਰ।"

ਪਿਆਰੇ ਪਾਠਕੋ! ਇਹ ਭਾਰਤ ਹੀ ਸੀ ਜਿਥੇ ਵਿਚਾਰਾਂ ਦੀ ਸਵਤੰਤਰਤਾ ਨੂੰ ਕਬੂਲ ਕੀਤਾ ਗਿਆ ਹੈ। ਜੇ ਕੋਈ ਪੱਛਮੀ ਧਰਮ ਹੁੰਦਾ ਤਾਂ ਰਾਮਾਨੰਦ ਵਰਗੇ ਧਾਰਮਿਕ ਬਾਗ਼ੀ ਲਈ ਸਲੀਬ ਹੁੰਦੀ, ਜਾਂ ਪੁੱਠੀ ਖੱਲ ਲੁਹਾਣ ਦੇ ਫ਼ਤਵੇ ਦਿੱਤੇ ਜਾਂਦੇ।

ਗੁਰੂ ਦੀ ਆਗਿਆ ਲੈ ਕੇ ਰਾਮਾਨੰਦ ਜੀ ਨੇ ਪੰਚ-ਗੰਗਾ ਕਾਸ਼ੀਪੁਰ ਆ ਕੇ

ਵੱਖਰੀ ਸੰਪ੍ਰਦਾਇ ਚਲਾਈ। ਜਿਸ ਨੂੰ ਰਾਮਾਨੰਦੀ ਰਾਮਾਵਤ ਜਾਂ ਵੈਰਾਗੀ ਕਹਿੰਦੇ ਹਨ।

ਆਪ ਨੇ ਭਗਤੀ ਦੀ ਬਿਨਾਅ ਉਪਰ ਸਾਰੇ ਮਨੁੱਖਾਂ ਨੂੰ ਜਾਤ-ਵਰਣ ਦੀ ਹੱਦ ਤੋੜ ਕੇ ਆਪਣੇ ਵਿਚ ਸ਼ਾਮਲ ਕਰ ਲੈਣ ਦਾ ਉਪਦੇਸ਼ ਕੀਤਾ। ਸਾਰਿਆਂ ਨੂੰ ਇਕੋ ਪੰਗਤ ਵਿਚ ਬੈਠ ਕੇ ਭੋਜਨ ਕਰਨ ਲਈ ਆਗਿਆ ਦਿੱਤੀ ਤੇ ਸਿਧਾਂਤ ਨੂੰ ਪ੍ਰਚਾਰਿਆ ਕਿ ਕਹਿਣ ਮਾਤਰ ਨੀਚ ਜਾਤ ਦਾ ਆਦਮੀ ਜੇਕਰ ਭਗਤੀ ਕਰਦਾ ਹੈ, ਤਾਂ ਉਸ ਕਰਮ-ਕਾਂਡੀ ਬ੍ਰਾਹਮਣ ਨਾਲੋਂ ਚੰਗਾ ਹੈ, ਜਿਸ ਦੇ ਦਿਲ ਵਿਚ ਈਸ਼ਵਰ ਦਾ ਪਿਆਰ ਨਹੀਂ।

ਵੈਸ਼ਨਵਾਂ ਤੇ ਰਾਮਾਵਤ ਸਾਧੂਆਂ ਵਿਚ ਕਈ ਅਸੂਲਾਂ ਦਾ ਮਤ-ਭੇਦ ਹੈ। ਪਹਿਲੇ ਲਕਸ਼ਮੀ-ਨਰਾਇਣ ਦੀ ਪੂਜਾ ਕਰਦੇ ਹਨ, ਪਰ ਰਾਮਾਵਤ 'ਸੀਤਾ ਰਾਮ' ਨੂੰ ਪੂਜਦੇ ਹਨ, ਇਨ੍ਹਾਂ ਦਾ ਮੂਲ ਮੰਤ੍ਰ ਵੀ 'ਰਾਮ ਨਾਮ' ਹੈ। ਤੁਲਸੀ ਦੀ ਕੰਠੀ ਗਲ ਵਿਚ ਪਾਂਦੇ ਤੇ ਸਰੀਰ 'ਤੇ ੧੨ ਤਿਲਕ ਕਰਦੇ ਹਨ। ਇਨ੍ਹਾਂ ਵਿਚ ਗ੍ਰਿਹਸਥੀ ਤੇ ਅਤੀਤ ਸਾਧੂ ਦੋਵੇਂ ਕਿਸਮ ਦੇ ਆਦਮੀ ਹੁੰਦੇ ਹਨ।

ਇਹ ਅਜੁਧਿਆ ਨੂੰ ਆਪਣਾ ਖ਼ਾਸ ਤੀਰਥ ਮੰਨਦੇ ਹਨ। ਸਮੇਂ ਦੇ ਪ੍ਰਭਾਵ ਕਰਕੇ ਰਾਮਾਨੰਦ ਵਾਲੇ ਫਿਰ ਜ਼ਾਤ-ਪਾਤ ਤੇ ਊਚ-ਨੀਚ ਦੇ ਟੋਏ ਵਿਚ ਡਿੱਗ ਪਏ ਹਨ, ਇਹ ਗੱਲ ਰਾਮਾਨੰਦ ਜੀ ਦੇ ਸਿਧਾਂਤਾਂ ਦੇ ਉਲਟ ਹੈ।

ਰਾਮਾਨੰਦ ਜੀ ਨੇ *ਸਾਂਖ ਸ਼ਾਸਤਰ* ਦੇ ਕਰਤਾ ਕਪਿਲ ਮੁਨੀ ਦਾ ਅਸਥਾਨ ਵੀ ਪਰਗਟ ਕੀਤਾ ਹੈ। ਇਨ੍ਹਾਂ ਦੇ ੧੨ ਮੁਖੀ ਚੇਲੇ ਹੋਏ ਹਨ, ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ— ਅਨੰਤਾ ਨੰਦ, ਸੁਰੇਸ਼ੂਰਾ ਨੰਦ, ਨਰ ਹਰਿਆ ਨੰਦ, ਯੋਗਾ ਨੰਦ, ਕਬੀਰ ਜੀ, ਰਵਿਦਾਸ ਜੀ, ਪੀਪਾ ਜੀ, ਸੈਣ ਜੀ, ਭਾਵਾ ਨੰਦ, ਧਨੇਸ਼ੂਰ, ਗਾਲਵਾ ਨੰਦ ਆਦਿਕ। ਧੰਨਾ ਜੀ ਭੀ ਆਪ ਦੇ ਸ਼ਿਸ਼ ਸਨ। ਗੁਸਾਈਂ ਤੁਲਸੀ ਦਾਸ ਜੀ ਭੀ ਇਨ੍ਹਾਂ ਦੀ ਹੀ ਸੰਪ੍ਰਦਾਇ ਵਿਚੋਂ ਹੋਏ ਹਨ।

ਜਿਵੇਂ ਬਾਗ਼ ਦੀ ਸ਼ੋਭਾ ਉਸ ਦੇ ਸੁੰਦਰ ਤੇ ਸੁਗੰਧਿਤ ਫੁੱਲਾਂ ਨਾਲ ਤੇ ਕਿਸੇ ਉਸਤਾਦ ਦੀ ਵਡਿਆਈ ਉਸ ਦੇ ਚੰਗੇ ਸ਼ਗਿਰਦਾਂ ਤੋਂ ਹੁੰਦੀ ਹੈ, ਤਿਵੇਂ ਕਿਸੇ ਗੁਰੂ ਜਾਂ ਆਚਾਰਯ ਦੀ ਉਪਮਾ ਉਸ ਦੇ ਚੇਲਿਆਂ ਜਾਂ ਮੰਨਣ ਵਾਲਿਆਂ ਦੇ ਚੰਗੇ ਜੀਵਨ ਦੇਖ ਕੇ ਹੁੰਦੀ ਹੈ। ਸ੍ਰੀ ਰਾਮਾਨੰਦ ਜੀ ਨੇ ਜੀਵਨ-ਵਾਲੇ ਪੁਰਸ਼ ਪੈਦਾ ਕਰਨ ਵਿਚ ਕਮਾਲ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਭਗਤਾਂ ਦੀ ਬਾਣੀ ਪ੍ਰਵਾਨ ਹੋਈ ਹੈ, ਉਨ੍ਹਾਂ ਵਿਚੋਂ ਕਬੀਰ, ਰਵਿਦਾਸ, ਪੀਪਾ, ਧੰਨਾ ਤੇ ਸੈਣ ਭਗਤ ਹਨ, ਜਿਨ੍ਹਾਂ ਨੇ ਰਾਮਾਨੰਦ ਜੀ ਪਾਸੋਂ ਆਤਮਕ ਉਪਦੇਸ਼ ਲਿਆ ਸੀ। ਇਹ ਰਾਮਾਨੰਦ ਜੀ ਨੂੰ ਪਾ ਕੇ ਗਿਣਤੀ ਦੇ ਲਿਹਾਜ਼ ਨਾਲ ਤੀਜਾ ਹਿੱਸਾ ਬਣਦੇ ਹਨ। ਜੇ ਇਨ੍ਹਾਂ ਦੀ ਬਾਣੀ ਇਕੱਤਰ ਕੀਤੀ ਜਾਵੇ ਤਾਂ ਉਹ ਦੂਜੇ ਸਾਰੇ ਭਗਤਾਂ ਦੀ ਬਾਣੀ ਨਾਲੋਂ ਵਧ ਜਾਂਦੀ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਭਗਤ ਬਾਣੀ ਵਿਚ ਉਨ੍ਹਾਂ ਮਹਾਂਪੁਰਖਾਂ ਦੇ ਖ਼ਿਆਲਾਂ ਦੀ ਪ੍ਰਧਾਨਤਾ ਹੈ, ਜਿਨ੍ਹਾਂ ਨੇ ਕਿ ਸ੍ਰੀ ਰਾਮਾਨੰਦ ਦੀ ਚਰਨ-ਛੋਹ ਪ੍ਰਾਪਤ ਕੀਤੀ ਸੀ, ਜਿਨ੍ਹਾਂ ਭਗਤਾਂ ਉਪਰ ਆਪ ਦੀ ਕ੍ਰਿਪਾ ਹੋਈ ਤੇ ਪ੍ਰਭਾਵ ਪਿਆ।

ਸ੍ਰੀ ਰਾਮਾਨੰਦ ਜੀ ਪਹਿਲੇ ਮੂਰਤੀ-ਪੂਜਕ ਸਨ, ਪਰ ਅੰਤਮ ਅਵਸਥਾ ਵਿਚ ਪੂਰਨ ਬ੍ਰਹਮ ਗਿਆਨੀ ਹੋਏ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਦਾ ਇਹ ਸ਼ਬਦ ਦਰਜ ਹੈ:

ਕਤ[1] ਜਾਈਐ ਰੇ ਘਰਿ ਲਾਗੋ ਰੰਗੁ ॥
ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ[2] ॥੧॥ ਰਹਾਉ ॥
ਏਕ ਦਿਵਸ ਮਨਿ ਭਈ ਉਮੰਗ ॥ ਘਸਿ ਚੰਦਨ ਚੋਆ ਬਹੁ ਸੁਗੰਧ ॥
ਪੂਜਨ ਚਾਲੀ ਬ੍ਰਹਮ ਠਾਇ ॥ ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥੧॥
ਜਹਾ ਜਾਈਐ ਤਹ ਜਲ ਪਖਾਨ[3] ॥ ਤੂ ਪੂਰਿ ਰਹਿਓ ਹੈ ਸਭ ਸਮਾਨ ॥
ਬੇਦ ਪੁਰਾਨ ਸਭ ਦੇਖੇ ਜੋਇ ॥ ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥੨॥
ਸਤਿਗੁਰ ਮੈ ਬਲਿਹਾਰੀ ਤੋਰ ॥ ਜਿਨਿ ਸਕਲ ਬਿਕਲ ਭ੍ਰਮ ਕਾਟ ਮੋਰ ॥
ਰਾਮਾਨੰਦ ਸੁਆਮੀ ਰਮਤ ਬ੍ਰਹਮ ॥ ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥੩॥੧॥

*(ਬਸੰਤੁ, ਪੰਨਾ ੧੧੯੫)*

ਭਾਵ, ਹੁਣ ਕਿਥੇ ਜਾਣਾ ਹੈ ? ਘਰ ਵਿਚ ਰੰਗ ਲੱਗ ਗਿਆ ਹੈ। ਮੇਰਾ ਮਨ ਹੁਣ ਭਟਕਦਾ ਨਹੀਂ, ਪਿੰਗਲਾ ਹੋ ਗਿਆ ਹੈ, ਭਾਵ ਟਿਕ ਗਿਆ ਹੈ। ਇਕ ਦਿਨ ਮਨ ਵਿਚ ਇਹ ਉਮੰਗ ਪੈਦਾ ਹੋਈ ਕਿ ਕਿਸੇ ਮੰਦਰ ਵਿਚ ਠਾਕਰ ਦੀ ਪੂਜਾ ਕਰੀਏ। ਚੰਦਨ ਤੇ ਅਤਰ ਆਦਿਕ ਤਿਆਰ ਕੀਤੇ। ਪੂਜਾ ਕਰਨ ਚਲੇ ਪਰ ਉਹ ਬ੍ਰਹਮ ਗੁਰੂ ਨੇ ਮਨ ਵਿਚ ਹੀ ਦੱਸ ਦਿੱਤਾ। ਹੁਣ ਜਿਸ ਵੀ ਤੀਰਥ 'ਤੇ ਜਾਂਦੇ ਹਾਂ, ਉਥੇ ਜਲ ਤੇ ਠਾਕੁਰਦੁਆਰੇ ਮਿਲਦੇ ਹਨ। ਐ ਈਸ਼ਵਰ, ਤੂੰ ਤਾਂ ਸਰਬ ਵਿਆਪਕ ਹੈਂ। ਵੇਦਾਂ ਤੇ ਪੁਰਾਨਾਂ ਨੂੰ ਪੜ੍ਹਿਆ ਹੈ, ਉਨ੍ਹਾਂ ਤੋਂ ਮਾਲੂਮ ਹੁੰਦਾ ਹੈ ਕਿ ਈਸ਼ਵਰ ਸਭ ਥਾਵੇਂ ਹੈ। ਬਾਹਰ ਤਾਂ ਜਾਈਏ ਜੇ ਉਹ ਅੰਦਰ ਨਾ ਹੋਵੇ। ਐ ਸਤਿਗੁਰੂ, ਅਸੀਂ ਤੁਹਾਥੋਂ ਬਲਿਹਾਰ ਜਾਂਦੇ ਹਾਂ, ਜਿਨ੍ਹਾਂ ਨੇ ਸਾਰੇ ਫ਼ਿਕਰ ਤੇ ਭਰਮ ਕੱਟ ਦਿੱਤੇ ਹਨ। ਰਾਮਾਨੰਦ ਹੁਣ ਬ੍ਰਹਮ ਨੂੰ ਯਾਦ ਕਰਦਾ ਹੈ। ਗੁਰੂ ਕੇ ਸ਼ਬਦ ਨੇ ਮੇਰੇ ਕਰਮ ਨਾਸ ਕਰ ਦਿੱਤੇ ਹਨ।

ਸ੍ਰੀ ਰਾਮਾਨੰਦ ਜੀ ਦਾ ਦੇਹਾਂਤ ਸੰਮਤ ੧੫੨੪ ਵਿਚ ਕਾਸ਼ੀ ਵਿਖੇ ਹੋਇਆ।

ਜਿਵੇਂ ਆਪ ਦੇ ਜਨਮ-ਸੰਮਤ ਬਾਰੇ ਇਤਿਹਾਸਕਾਰਾਂ ਦਾ ਮਤ-ਭੇਦ ਹੈ, ਤਿਵੇਂ ਦੇਹਾਂਤ ਬਾਰੇ ਭੀ ਇਖ਼ਤਲਾਫ਼ ਹੈ। *ਰਾਮਾਨੰਦ ਦਿਗ ਵਿਜਯ* ਦੇ ਲੇਖਕ ਭਗਵਤ ਦਾਸ ਜੀ ਦੇਹਾਂਤ-ਸੰਮਤ ੧੪੪੯ ਈ: ਦੱਸਦੇ ਹਨ, ਜੋ ਕਿ ੧੫੦੬ ਬਿ: ਹੁੰਦਾ ਹੈ। ਕਈਆਂ ਨੇ ੧੪੬੭ ਦੇਹਾਂਤ ਦਾ ਸੰਮਤ ਮੰਨਿਆ ਹੈ ਪਰ ਇਹ ਭਾਰੀ ਭੁੱਲ ਹੈ।

---

੧. ਕਿਥੇ। ੨. ਪਿੰਗਲਾ। ੩. ਜਲ ਤੇ ਠਾਕਰ, ਤੀਰਥਾਂ ਦੇ ਠਾਕਰਦੁਆਰੇ।

# ਜੀਵਨ ਭਗਤ ਪੀਪਾ ਜੀ

ਸ੍ਰੀ ਪੀਪਾ ਜੀ ਗਗਰੌਨ (ਜੋ ਕੋਟੇ ਤੋਂ ੪੫ ਮੀਲ ਪੂਰਬ ਵੱਲ ਹੈ) ਦੇ ਰਾਜਾ ਸਨ। ਆਪ ਦਾ ਜਨਮ ਸੰਮਤ ੧੪੮੩ ਬਿ: ਵਿਚ ਹੋਇਆ। ਆਪ ਪਹਿਲਾਂ ਦੁਰਗਾ ਦੇ ਭਗਤ ਸਨ। ਇਕ ਦਿਨ ਇਕ ਵੈਸ਼ਨਵ ਸਾਧੂ ਪੀਪਾ ਜੀ ਦੇ ਘਰ ਆ ਟਿਕਿਆ। ਆਪ ਨੇ ਉਸ ਦੀ ਸੇਵਾ ਕੀਤੀ। ਜਦ ਸਾਧੂ ਨੂੰ ਪ੍ਰਸ਼ਾਦ ਛਕਾਣ ਲੱਗੇ ਤਾਂ ਉਹ ਤ੍ਰਿਪਤ ਨਾ ਹੋਇਆ। ਸਾਧੂ ਵੈਸ਼ਨਵ ਸੀ ਤੇ ਪੀਪਾ ਜੀ ਦੇਵੀ ਭਗਤ ਸਨ, ਇਸ ਲਈ ਦੋਹਾਂ ਦੇ ਵਿਚਾਰ ਨਹੀਂ ਸਨ ਮਿਲਦੇ। ਸਾਧੂ ਆਪਣੀ ਥਾਵੇਂ ਮਹਿਸੂਸ ਕਰਦਾ ਸੀ, ਪੀਪਾ ਜੀ ਆਪਣੀ ਥਾਵੇਂ ਵੈਸ਼ਨਵਾਂ ਨੂੰ ਚੰਗਾ ਨਹੀਂ ਸਮਝਦੇ ਸਨ। ਸਾਧੂ ਰਤਾ ਖੁਲ੍ਹ-ਦਿਲਾ ਸੀ। ਉਸ ਨੇ ਇਕ ਦਿਨ ਪ੍ਰਾਰਥਨਾ ਕੀਤੀ, "ਹੇ ਭਗਵਾਨ! ਪੀਪਾ ਦੇਵੀ ਭਗਤ ਹੈ, ਇਹ ਸ੍ਰੀ ਰਾਮ ਤੇ ਕ੍ਰਿਸ਼ਨ ਲਈ ਪ੍ਰੇਮ-ਭਾਵ ਨਹੀਂ ਰੱਖਦਾ। ਤੂੰ ਇਸ ਦੀ ਦਵੈਤ ਨੂੰ ਮਿਟਾ ਦੇ। ਇਹ ਸਭ ਨੂੰ ਇਕੋ ਜੋਤ ਸਮਝੇ, ਤਦ ਇਸ ਦਾ ਜਨਮ ਸਫਲ ਹੋ ਸਕਦਾ ਹੈ।" ਇਤਿਹਾਸ ਵਿਚ ਲਿਖਿਆ ਹੈ ਕਿ ਰਾਜੇ ਨੇ ਸੁਪਨੇ ਵਿਚ ਦੇਖਿਆ ਕਿ ਭਗਵਤੀ ਬੜੇ ਭਿਆਨਕ ਰੂਪ ਵਿਚ ਉਸ ਦੀ ਛਾਤੀ 'ਤੇ ਸਵਾਰ ਹੈ, ਉਸ ਨੂੰ ਵੈਸ਼ਨਵ ਸਾਧੂ ਦੀ ਸ਼ਰਨੀ ਪੈਣ ਦੀ ਪ੍ਰੇਰਨਾ ਕਰ ਰਹੀ ਹੈ। ਦੂਜੇ ਦਿਨ ਸਵੇਰੇ ਪੀਪੇ ਨੇ ਉਸ ਮਹਾਤਮਾ ਦੇ ਚਰਨ ਪਕੜੇ। ਉਹ ਵੈਸ਼ਨਵ ਮੱਤ ਦੀ ਸਿਖਿਆ ਲੈ ਕੇ ਸਾਧੂ ਦਾ ਸੇਵਕ ਬਣ ਗਿਆ।

ਉਸ ਸਾਧੂ ਦੀ ਸੰਗਤ ਕਰ ਕੇ ਪੀਪੇ ਨੇ ਬਨਾਰਸ ਵਿਖੇ ਰਾਮਾਨੰਦ ਦੀ ਸੇਵਾ ਵਿਖੇ ਹਾਜ਼ਰ ਹੋ ਕੇ ਗੁਰ-ਦੀਖਿਆ ਲਈ। ਪਰਮ ਪਦ ਦੀ ਪ੍ਰਾਪਤੀ ਕੀਤੀ। ਰਾਮਾਨੰਦ ਤੋਂ ਉਪਦੇਸ਼ ਲੈਣ ਤੋਂ ਬਾਅਦ ਪੀਪਾ ਜੀ ਨੇ ਆਪਣੇ ਨਗਰ ਵਿਚ ਜਾ ਕੇ ਭਗਤੀ ਦਾ ਜੀਵਨ ਬਤੀਤ ਕੀਤਾ। ਰਾਜ ਮਹਿਲਾਂ ਦੀਆਂ ਇਸਤਰੀਆਂ ਨੂੰ ਉਪਦੇਸ਼ ਕਰਨ ਲਈ ਰਾਮਾਨੰਦ ਜੀ ਨੂੰ ਕਾਸ਼ੀ ਤੋਂ ਸੱਦਿਆ ਤੇ ਉਨ੍ਹਾਂ ਨੂੰ ਉਪਦੇਸ਼ ਕਰਵਾਇਆ ਤੇ ਆਪ ਵੈਰਾਗਮਈ ਜੀਵਨ ਬਤੀਤ ਕਰਨ ਲਈ ਰਾਮਾਨੰਦ ਜੀ ਨਾਲ ਜਾਣ ਦੀ ਤਿਆਰੀ ਕੀਤੀ। ਰਾਜ ਮਹਿਲਾਂ ਵਿਚੋਂ ਸੱਤ ਰਾਣੀਆਂ ਭੀ ਪੀਪਾ ਜੀ ਨਾਲ ਜਾਣ ਲਈ ਤਿਆਰ ਹੋਈਆਂ। ਸਭ ਤੋਂ ਪਹਿਲੇ ਸੀਤਾ ਨਾਮੀ ਛੋਟੀ ਰਾਣੀ ਗਹਿਣੇ ਕੱਪੜੇ ਤਿਆਗ ਕੇ ਨਾਲ ਜਾਣ ਲਈ ਤਿਆਰ ਹੋਈ। ਰਾਜਾ ਤੇ ਰਾਣੀ ਪਹਿਲੇ ਦੁਆਰਕਾ ਆਏ। ਇਥੇ ਆ ਕੇ ਲੋਕਾਂ ਨੂੰ ਪੁੱਛਣ ਲੱਗੇ, "ਕ੍ਰਿਸ਼ਨ ਜੀ ਕਿਥੇ ਨੇ ?" ਲੋਕਾਂ ਨੇ ਉੱਤਰ ਦਿੱਤਾ, "ਕ੍ਰਿਸ਼ਨ ਲੀਲ੍ਹਾ ਦੀ ਸਤਮੀ ਰਾਤ ਬਾਅਦ ਉਹ ਸਮੁੰਦਰ ਵਿਚ ਲੀਨ ਹੋ ਗਏ ਸੀ।" ਇਹ ਸੁਣ ਕੇ ਰਾਜਾ ਤੇ ਰਾਣੀ ਜਲ ਵਿਚ ਕੁਦ ਪਏ। ਭਗਵਾਨ ਨੇ

ਯੁਗਲ ਰੂਪ ਵਿਚ ਉਨ੍ਹਾਂ ਨੂੰ ਦਰਸ਼ਨ ਦਿੱਤੇ। ਇਸ ਤੋਂ ਪਿੱਛੋਂ ਪੀਪਾ ਜੀ ਨੇ ਹੋਰ ਤੀਰਥਾਂ ਦੀ ਯਾਤਰਾ ਕੀਤੀ।

ਇਕ ਵੇਰ ਪੀਪਾ ਜੀ ਆਪਣੀ ਧਰਮ ਪਤਨੀ ਸਮੇਤ ਤੀਰਥ ਯਾਤਰਾ ਕਰਦੇ ਹੋਏ ਕਿਸੇ ਜੰਗਲ 'ਚੋਂ ਲੰਘੇ। ਉਥੇ ਆਪ ਨੂੰ ਚੋਰ, ਡਾਕੂ ਤੇ ਬਿਆਧ ਮਿਲ ਪਏ। ਉਨ੍ਹਾਂ ਸਮਝਿਆ, ਇਸ ਪ੍ਰਦੇਸੀ ਪਾਸ ਕੁਝ ਹੋਵੇਗਾ, ਅਸੀਂ ਲੁੱਟ ਲਵਾਂਗੇ। ਉਹ ਅਗੇ ਵਧੇ।

ਬਿਆਧ—ਤੁਹਾਡੇ ਪਾਸ ਜੋ ਕੁਝ ਹੈ, ਇਥੇ ਰੱਖ ਦਿਓ, ਨਹੀਂ ਤੇ ਤੁਹਾਨੂੰ ਪਕੜ ਲਵਾਂਗੇ, ਮਾਰ ਦਿਆਂਗੇ।

ਪੀਪਾ ਜੀ—ਅਸੀਂ ਤਾਂ ਤੀਰਥ ਯਾਤਰੂ ਹਾਂ, ਸਾਡੇ ਪਾਸ ਧਨ ਪਦਾਰਥ ਕੋਈ ਨਹੀਂ, ਗੋਬਿੰਦ ਦਾ ਪਵਿਤਰ ਨਾਮ ਹੈ, ਇਹ ਤੁਹਾਨੂੰ ਦੇ ਸਕਦੇ ਹਾਂ।

ਇਹ ਸੁਣ ਕੇ ਬਿਆਧ ਹੈਰਾਨ ਹੋ ਗਏ। ਪੀਪਾ ਜੀ ਦੀ ਪ੍ਰੇਮ-ਭਗਤੀ, ਉੱਤਮ ਵੈਰਾਗ ਤੇ ਤਿਆਗ ਦੇਖ ਕੇ ਮੋਹਤ ਹੋ ਗਏ। ਈਸ਼ਵਰ ਦਾ ਭਜਨ ਸਿਮਰਨ ਸੁਣ ਕੇ ਮੋਮ ਹੋ ਗਏ। ਮਾਰਨ ਦੀ ਥਾਵੇਂ ਪ੍ਰਣਾਮ ਕਰ ਕੇ ਚਲੇ ਗਏ।

ਬਿੰਦਰਾਬਨ ਵਿਚ ਪੀਪਾ ਜੀ ਇਕ ਗ਼ਰੀਬ ਬ੍ਰਾਹਮਣ ਸ੍ਰੀਧਰ ਦੇ ਘਰ ਠਹਿਰੇ। ਉਸ ਸਮੇਂ ਬ੍ਰਾਹਮਣ ਦੇ ਘਰ ਖਾਣ ਦੀ ਕੋਈ ਚੀਜ਼ ਨਹੀਂ ਸੀ। ਬ੍ਰਾਹਮਣ ਦੀ ਇਸਤ੍ਰੀ ਨੇ ਆਪਣੇ ਬਸਤਰ ਵੇਚ ਕੇ ਅਤਿਥੀ ਦੀ ਸੇਵਾ ਕੀਤੀ। ਜਿਸ ਸਮੇਂ ਭੋਜਨ ਤਿਆਰ ਹੋਇਆ ਤਾਂ ਚੌਹਾਂ ਨੇ ਇਕੱਠੇ ਬੈਠ ਕੇ ਭੋਜਨ ਖਾਣ ਦੀ ਇੱਛਾ ਪ੍ਰਗਟ ਕੀਤੀ ਪਰ ਇਸਤ੍ਰੀ ਦੇ ਪਾਸ ਪੂਰੇ ਬਸਤਰ ਨਹੀਂ ਸਨ, ਇਸ ਲਈ ਉਹ ਪ੍ਰਾਹੁਣਿਆਂ ਦੇ ਨਾਲ ਬੈਠ ਕੇ ਭੋਜਨ ਤੋਂ ਸੰਕੋਚ ਕਰਦੀ ਸੀ। ਪੀਪਾ ਜੀ ਦੀ ਇਕ ਇਸਤ੍ਰੀ ਸੀਤਾ ਨੇ ਉਸ ਦਾ ਪ੍ਰੇਮ ਤੇ ਅੱਤ ਗ਼ਰੀਬੀ ਦਸ਼ਾ ਦੇਖ ਕੇ ਆਪਣੇ ਕੁਝ ਬਸਤਰ ਲਾਹ ਕੇ ਉਸ ਨੂੰ ਦਿੱਤੇ ਅਰ ਵਾਪਸੀ ਦੇ ਸਮੇਂ ਪ੍ਰਾਰਥਨਾ ਕੀਤੀ, "ਹੇ ਭਗਵਾਨ! ਅਜਿਹੇ ਨੇਕ, ਸੰਤੋਖੀ ਤੇ ਵੰਡ ਛਕਣ ਵਾਲੇ ਗ਼ਰੀਬਾਂ ਦਾ ਦਰਿਦ੍ਰ ਦੂਰ ਕਰ ਦੇਹ। ਇਹ ਤੇਰੇ ਭਗਤ ਹਨ।"

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਪੀਪਾ ਜੀ ਦਾ ਇਹ ਇਕੋ ਸ਼ਬਦ ਦਰਜ ਹੈ:

**ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ॥**
**ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ॥੧॥**
**ਕਾਇਆ ਬਹੁ ਖੰਡ ਖੋਜਤੇ ਨਵਨਿਧਿ ਪਾਈ॥**
**ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ॥੧॥ ਰਹਾਉ॥**
**ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥**
**ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ॥੨॥੩॥**

*(ਧਨਾਸਰੀ, ਪੰਨਾ ੬੯੫)*

ਭਾਵ, ਕਾਇਆਂ (ਸਰੀਰ) ਹੀ ਦੇਵਤਾ ਹੈ। ਇਹੀ ਉਸ ਦਾ ਮੰਦਰ ਹੈ। ਸਰੀਰ ਹੀ ਸਾਧੂ ਦੀ (ਜੰਗਮ ਜਾਤੀ) ਇਕ ਸ਼੍ਰੇਣੀ ਹੈ। ਸਰੀਰ ਹੀ ਧੂਪ, ਦੀਪ ਤੇ ਪ੍ਰਸ਼ਾਦ (ਨਈਬੇਦ) ਭੇਟ ਕਰ ਕੇ ਫੁੱਲਾਂ ਪੱਤਰਾਂ ਨਾਲ ਪੂਜਾ ਕਰ ਸਕਦਾ ਹੈ। ਸਾਰੇ ਦੇਸ਼ਾਂ ਵਿਚ ਜਿਸ ਚੀਜ਼ ਦੀ ਭਾਲ ਕਰਦੇ ਸਾਂ, ਉਹ ਕਾਇਆਂ ਵਿਚੋਂ ਹੀ ਪ੍ਰਾਪਤ ਹੋਈ। ਜੋ ਕੁਝ

ਬ੍ਰਹਮੰਡ ਵਿਚ ਹੈ, ਓਹੀ ਸਰੀਰ (ਪਿੰਡ) ਵਿਚ ਹੈ। ਜਿਹੜਾ ਇਸ ਦੀ ਤਲਾਸ਼ ਕਰਦਾ ਹੈ, ਉਹ ਪ੍ਰਾਪਤ ਕਰਦਾ ਹੈ। ਪੀਪਾ ਬੇਨਤੀ ਕਰਦਾ ਹੈ ਕਿ ਈਸ਼ਵਰ ਹੀ ਸਾਰੀ ਰਚਨਾ ਦਾ ਮੂਲ ਤਤੂ ਹੈ। ਉਹ ਆਪ ਹੀ ਗੁਰੂ ਬਣ ਕੇ ਇਹ ਅਸਲੀਅਤ ਸਾਨੂੰ ਸਮਝਾਉਂਦਾ ਹੈ।

ਈਸ਼ਵਰ ਹੀ ਸ੍ਰਿਸ਼ਟੀ ਦਾ ਸਿਰਜਨਹਾਰ ਤੇ ਮੂਲ ਕਾਰਨ ਹੈ। ਆਮ ਤੌਰ 'ਤੇ 'ਕਾਰਨ' ਤੇ 'ਕਾਰਜ' ਇਕ ਦੂਸਰੇ ਤੋਂ ਵੱਖਰੇ ਹੁੰਦੇ ਹਨ। ਪਰ ਉਹ ਕਰਤਾ ਪੁਰਖ ਹੈ, ਜੋ 'ਆਪਣੇ ਕਾਰਜ ਮਹਿ ਆਪ ਸਮਾਇਆ' ਅਨੁਸਾਰ ਰਚਨਾ ਵਿਚ ਮੌਜੂਦ ਹੈ।

ਭਾਰਤੀ ਫ਼ਿਲਾਸਫ਼ੀ ਦਾ ਇਹ ਪਰਮ ਤੱਤ ਭਗਤ ਪੀਪਾ ਜੀ ਨੇ ਇਸ ਸ਼ਬਦ ਵਿਚ ਵਰਣਨ ਕੀਤਾ ਹੈ।

# ਜੀਵਨ ਸ੍ਰੀ ਸੈਣ ਜੀ

ਸੈਣ ਜੀ ਆਪਣੇ ਸਮੇਂ ਦੇ ਪ੍ਰਸਿੱਧ ਭਗਤਾਂ ਵਿਚੋਂ ਸਨ। ਆਪ ਬਾਂਧਵ ਗੜ੍ਹ (ਰੀਵਾ) ਦੇ ਰਾਜਾ 'ਰਾਜਾ ਰਾਮ' ਦੇ ਨਾਈ ਸਨ।[੧] ਰਾਮਾਨੰਦ ਜੀ ਦੀ ਸੰਗਤ ਕਰ ਕੇ ਰੱਬ ਦੀ ਭਗਤੀ ਵੱਲ ਲੱਗੇ। ਆਪ ਭਗਤ ਫੁਲਵਾੜੀ ਦੇ ਸੁੰਦਰ ਮਹਿਕਦੇ ਫੁੱਲ ਹੋਏ ਹਨ, ਜਿਸ ਦੀ ਆਤਮ-ਰਸ ਭਿੰਨੀ ਖ਼ੁਸ਼ਬੂ ਨੇ ਸਾਰੇ ਦੇਸ਼ ਨੂੰ ਮਹਿਕਾ ਦਿੱਤਾ ਸੀ।

ਉਸ ਸਮੇਂ ਦੇ ਨਾਈਆਂ ਦਾ ਕੰਮ ਨਹੁੰ ਲਾਹੁਣੇ, ਅਮੀਰਾਂ ਦੀ ਮੁੱਠੀ ਚਾਪੀ ਕਰਨੀ, ਮਲ-ਦਲ ਕੇ ਇਸ਼ਨਾਨ ਕਰਾਉਣਾ ਤੇ ਬਸਤਰ ਪਹਿਨਾਣਾ ਹੁੰਦਾ ਸੀ। ਇਸ ਤੋਂ ਬਿਨਾ ਲੋਕਾਂ ਦਾ ਘਰੋਗੀ ਕੰਮ, ਰਿਸ਼ਤੇ ਨਾਤੇ ਕਰਨ ਲਈ ਯੋਗ ਵਰਾਂ ਦੀ ਦੇਖ ਭਾਲ ਕਰਨੀ ਅਤੇ ਬੁੱਤੀਆਂ ਕੱਢਣ ਦਾ ਕਿੱਤਾ ਵੀ ਕਰਦੇ ਸਨ। ਕਈ ਫੋੜੇ ਫਿਨਸੀਆਂ ਨੂੰ ਮਰ੍ਹਮ-ਪੱਟੀ ਤੇ ਘਾਵਾਂ ਦੀ ਚੀਰ-ਫਾੜ (Surgery) ਕਰਨ ਭੀ ਜਾਣਦੇ ਸਨ। ਕੁਝ ਕੁ ਰਾਜਿਆਂ ਤੇ ਅਮੀਰਾਂ ਦੇ ਦਰਬਾਰਾਂ ਵਿਚ ਕਿੱਸੇ ਕਹਾਣੀਆਂ ਭੀ ਸੁਣਾ ਕੇ ਉਨ੍ਹਾਂ ਨੂੰ ਪ੍ਰਸੰਨ ਕਰਿਆ ਕਰਦੇ ਸਨ। ਸ਼ਾਇਦ ਇਹੀ ਕਾਰਨ ਹੈ ਕਿ ਲੋਕ ਇਨ੍ਹਾਂ ਨੂੰ 'ਰਾਜਾ' ਸੱਦਣ ਲੱਗ ਪਏ ਸਨ। ਪੰਜਾਬ ਵਿਚ ਹੁਣ ਤੀਕ ਨਾਈਆਂ ਨੂੰ ਰਾਜਾ ਕਹਿੰਦੇ ਹਨ।

ਸ੍ਰੀ ਸੈਣ ਜੀ ਭਾਵੇਂ ਰਾਜ-ਦਰਬਾਰ ਦੇ ਨਾਈ ਸਨ, ਪਰ ਕੰਮ ਕਰਨ ਤੋਂ ਵਿਹਲੇ ਹੋ ਕੇ ਕੁਝ ਸਮਾਂ ਭਗਤੀ ਵੱਲ ਭੀ ਦਿੰਦੇ ਸਨ। ਹੌਲੀ ਹੌਲੀ ਇਨ੍ਹਾਂ ਦੀ ਰੁਚੀ ਇਸ ਪਾਸੇ ਵਧਦੀ ਗਈ। ਆਪ ਰਾਮਾਨੰਦ ਜੀ ਦੇ ਬਣਾਏ ਹੋਏ ਭਜਨਾਂ ਨੂੰ ਪਿਆਰ ਨਾਲ ਪੜ੍ਹਦੇ ਤੇ ਉਨ੍ਹਾਂ ਦੇ ਖ਼ਿਆਲਾਂ ਦੇ ਸਾਂਚੇ ਵਿਚ ਆਪਣਾ ਜੀਵਨ ਢਾਲਣ ਦਾ ਯਤਨ ਕਰਨ ਲੱਗ ਪਏ। ਇਸੇ ਤਰ੍ਹਾਂ ਕਰਦਿਆਂ ਕਰਦਿਆਂ ਕੁਝ ਸਮੇਂ ਵਿਚ ਹੀ ਚੰਗੀ ਆਤਮਕ ਉੱਨਤੀ ਕਰ ਗਏ। ਭਜਨ-ਕੀਰਤਨ ਤੋਂ ਬਿਨਾਂ ਚੰਗੇ ਮਹਾਤਮਾ ਦੀ ਸੰਗਤ ਤੇ ਸੇਵਾ ਕਰਨੀ, ਸੈਣ ਜੀ ਦੇ ਜੀਵਨ ਦਾ ਇਕ ਖ਼ਾਸ ਅੰਗ ਬਣ ਗਿਆ ਸੀ।

ਜਿਵੇਂ ਧਰਤੀ ਆਪਣੀ ਖਿੱਚ ਨਾਲ ਪੁਲਾੜ ਦੀਆਂ ਕਈ ਛੋਟੀਆਂ ਵੱਡੀਆਂ ਵਸਤਾਂ ਨੂੰ ਆਪਣੇ ਵੱਲ ਖਿੱਚਦੀ ਹੈ, ਜਿਵੇਂ ਚੁੰਬਕ-ਪੱਥਰ ਆਪਣੀ ਆਕਰਸ਼ਣ ਸ਼ਕਤੀ ਨਾਲ ਲੋਹੇ ਦੇ ਟੁਕੜਿਆਂ ਨੂੰ ਖਿੱਚਦਾ ਹੈ, ਤਿਵੇਂ ਇਕ ਭਗਤ-ਹਿਰਦੇ ਦਾ ਸੱਚਾ ਪ੍ਰੇਮ ਸੰਤਾਂ ਮਹਾਤਮਾਂ ਨੂੰ ਖਿੱਚ ਲਿਆਉਂਦਾ ਹੈ।

ਸੈਣ ਜੀ ਦਾ ਪ੍ਰੇਮ ਨੇਕ ਬੰਦਿਆਂ ਲਈ ਦਿਨੋਂ ਦਿਨ ਵਧ ਰਿਹਾ ਸੀ, ਇਸ ਲਈ

---

੧. ਨਾਭਾ ਜੀ ਦੀ *ਭਗਤ ਮਾਲ* ਦੇ ਟੀਕੇ ਵਿਚ ਇਸ ਰਾਜੇ ਦਾ ਨਾਂ ਬੀਰ ਸਿੰਘ ਬਘੇਲਾ ਲਿਖਿਆ ਹੈ।

ਬਹੁਤ ਸਾਰੇ ਸਾਧੂ ਮਹਾਤਮਾ ਦੂਰੋਂ ਦੂਰੋਂ ਚੱਲ ਕੇ ਦਰਸ਼ਨ ਦੇਣ ਲੱਗ ਪਏ। ਇਕ ਦਿਨ ਸੈਣ ਜੀ ਰਾਜ-ਦੁਆਰ ਵੱਲ ਜਾ ਰਹੇ ਸਨ ਕਿ ਅਗੋਂ ਕੁਝ ਸਾਧੂ ਮਿਲ ਪਏ। ਬਜਾਏ ਰਾਜ-ਦੁਆਰੇ ਪੁੱਜਣ ਦੇ ਸਾਧੂਆਂ ਨੂੰ ਨਾਲ ਲੈ ਕੇ ਘਰ ਨੂੰ ਪਰਤ ਆਏ। ਘਰ ਅੱਪੜ ਕੇ ਸਾਧੂਆਂ ਦੀ ਸੇਵਾ ਵਿਚ ਜੁੱਟ ਗਏ। ਜਦੋਂ ਵਿਹਲ ਹੋਈ ਤਾਂ ਇਹ ਸਾਰੀ ਭਗਤ-ਮੰਡਲੀ ਜੁੜ ਬੈਠੀ। ਆਤਮਕ ਚਰਚਾ ਅਤੇ ਹਰਿ ਕੀਰਤਨ ਦੀ ਵਰਖਾ ਹੋਈ।

ਸੈਣ ਜੀ ਕੀਰਤਨ ਵਿਚ ਅਜਿਹੇ ਮਗਨ ਹੋਏ ਕਿ ਰਾਜੇ ਦੀ ਸੇਵਾ ਵਿਚ ਜਾਣਾ ਹੀ ਭੁੱਲ ਗਏ। ਜਿਵੇਂ ਭੌਰਾ ਮਕਰੰਦ ਰਸ ਵਿਚ ਮਗਨ ਹੋਇਆ ਸਭ ਕੁਝ ਭੁੱਲ ਜਾਂਦਾ ਹੈ, ਤਿਵੇਂ ਸੰਤਾਂ ਦੀ ਸੰਗਤ ਵਿਚ ਉਹ ਸਭ ਕੁਝ ਭੁੱਲ ਚੁੱਕੇ ਸਨ।

ਦੂਜੇ ਦਿਨ ਸਵੇਰੇ ਸੰਤ-ਪ੍ਰਾਹੁਣੇ ਵਿਦਾ ਹੋ ਗਏ, ਸੈਣ ਜੀ ਵਿਹਲੇ ਹੋ ਕੇ ਰਾਜਾ ਪਾਸ ਭੁੱਲ ਬਖ਼ਸ਼ਾਣ ਲਈ ਪੁੱਜੇ। ਆਪ ਨੇ ਰਾਜੇ ਨੂੰ ਸਾਰੀ ਗੱਲ ਦੱਸੀ।

ਸੈਣ—ਸਵਾਮੀ! ਮੇਰੀ ਭੁੱਲ ਖਿਮਾ ਕੀਤੀ ਜਾਵੇ, ਕੱਲ੍ਹ ਮੈਂ ਆਪ ਦੀ ਸੇਵਾ ਵਿਚ ਹਾਜ਼ਰ ਨਹੀਂ ਹੋ ਸਕਿਆ।

ਰਾਜਾ—ਖਿਮਾ ਕਾਹਦੀ? ਤੂੰ ਤਾਂ ਹੁਣੇ ਹੀ ਮੇਰੇ ਪਾਸੋਂ ਉੱਠ ਕੇ ਗਿਆ ਹੈਂ।

ਸੈਣ—ਮਹਾਰਾਜ, ਮੈਂ ਤੇ ਆਇਆ ਹੀ ਨਹੀਂ ਸੀ, ਕੀ ਆਪ ਮੇਰੀ ਗ਼ੈਰ-ਹਾਜ਼ਰੀ ਨੂੰ ਇਸ ਢੰਗ ਨਾਲ ਮਾਫ਼ ਕਰਨਾ ਚਾਹੁੰਦੇ ਹੋ?

ਜਦ ਰਾਜੇ ਨੂੰ ਸਾਰਾ ਬ੍ਰਿਤਾਂਤ ਪਤਾ ਲੱਗਾ ਕਿ ਸੈਣ ਜੀ ਤਾਂ ਸੱਚਮੁੱਚ ਨਹੀਂ ਆਏ ਪਰ ਉਹਨਾਂ ਦੀ ਥਾਵੇਂ ਕਿਸੇ ਹੋਰ ਵਿਅਕਤੀ ਨੇ ਰੱਬ ਦੀ ਪ੍ਰੇਰਨਾ ਨਾਲ ਸੈਣ ਰੂਪ ਵਿਚ ਕੰਮ ਕੀਤਾ ਹੈ ਤਾਂ ਉਹ ਆਪ ਦਾ ਸੇਵਕ ਬਣ ਗਿਆ।

ਭਾਈ ਗੁਰਦਾਸ ਜੀ ਲਿਖਦੇ ਹਨ:

**ਸੁਣ ਪ੍ਰਤਾਪ ਕਬੀਰ ਦਾ ਦੂਜਾ ਸਿਖ ਹੋਆ ਸੈਣ ਨਾਈ।**
**ਪ੍ਰੇਮ ਭਗਤ ਰਾਤੀਂ ਕਰੈ ਭਲਕੇ ਰਾਜ ਦੁਆਰੈ ਜਾਈ।**
**ਆਏ ਸੰਤ ਪਰਾਹੁਣੇ ਕੀਰਤਨ ਹੋਆ ਰੈਣ ਸਬਾਈ।**
**ਛਡ ਨਾ ਸਕੈ ਸੰਤ ਜਨ ਰਾਜ ਦੁਆਰ ਨ ਸੇਵ ਕਮਾਈ।**
**ਸੈਣ ਰੂਪ ਹਰਿ ਹੋਇ ਕੈ ਆਯਾ ਰਾਣੇ ਨੋਂ ਰੀਝਾਈ।**
**ਸਾਧ ਜਨਾਂ ਨੋ ਵਿਦਾ ਕਰ ਰਾਜ ਦੁਆਰ ਗਇਆ ਸ਼ਰਮਾਈ।**
**ਰਾਣੇ ਦੂਰਹੁੰ ਸੱਦ ਕੇ ਗਲਹੁੰ ਕਵਾਇ[1] ਖੋਲ ਪੈਨ੍ਹਾਈ।**
**ਵੱਸ ਕੀਤਾ ਹਉਂ ਤੁਧ ਅਜ ਬੋਲੈ ਰਾਜਾ ਸੁਣੈ ਲੁਕਾਈ।**
**ਪ੍ਰਗਟ ਕਰੈ ਭਗਤ ਵਡਿਆਈ।** *(ਵਾਰ ੧੦—੧੬)*

ਹੁਣ ਤਕ ਰੀਵਾ-ਨਰੇਸ਼ ਦੀ ਸੰਤਾਨ ਸੈਣ-ਬੰਸੀਆਂ ਨੂੰ ਬੜੇ ਸਤਿਕਾਰ ਨਾਲ ਦੇਖਦੀ ਹੈ, ਜੋ ਰਿਆਸਤ ਰੀਵਾ ਵਿਚ ਮੌਜੂਦ ਹਨ।

ਸੈਣ ਜੀ ਦੀ ਬਾਣੀ-ਰਚਨਾ ਦਾ ਸਮਾਂ ਸੰਮਤ ੧੫੫੭ ਦੇ ਲਗਪਗ ਮੰਨਿਆ ਜਾਂਦਾ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਦਾ ਕੇਵਲ ਇਕ ਸ਼ਬਦ ਧਨਾਸਰੀ ਰਾਗ ਵਿਚ ਦਰਜ ਹੈ:

---

੧. ਕਬਾ ਫ਼ਾਰਸੀ ਵਿਚ ਪੁਸ਼ਾਕ ਨੂੰ ਕਹਿੰਦੇ ਹਨ।

ਧੂਪ ਦੀਪ ਘ੍ਰਿਤ ਸਾਜਿ ਆਰਤੀ॥ ਵਾਰਨੇ ਜਾਉ ਕਮਲਾਪਤੀ॥੧॥
ਮੰਗਲਾ ਹਰਿ ਮੰਗਲਾ॥ ਨਿਤ ਮੰਗਲੁ ਰਾਜਾ ਰਾਮ ਰਾਇ ਕੋ॥੧॥ ਰਹਾਉ॥
ਊਤਮੁ ਦੀਅਰਾ ਨਿਰਮਲ ਬਾਤੀ॥ ਤੂਹੀ ਨਿਰੰਜਨੁ ਕਮਲਾਪਾਤੀ॥੨॥
ਰਾਮਾ ਭਗਤਿ ਰਾਮਾਨੰਦੁ ਜਾਨੈ॥ ਪੂਰਨ ਪਰਮਾਨੰਦੁ ਬਖਾਨੈ॥੩॥
ਮਦਨ ਮੂਰਤਿ ਭੈ ਤਾਰਿ ਗੋਬਿੰਦੇ॥ ਸੈਨੁ ਭਣੈ ਭਜੁ ਪਰਮਾਨੰਦੇ॥੪॥੨॥

(ਧਨਾਸਰੀ, ਪੰਨਾ ੬੯੫)

ਭਾਵ, ਕਮਲਾਪਤੀ ਦੇ ਵਾਰਨੇ ਜਾਣਾ, ਇਹੀ ਮੇਰਾ ਧੂਪ, ਦੀਪ ਤੇ ਘ੍ਰਿਤ ਸਾਜ ਕੇ ਆਰਤੀ ਕਰਨਾ ਹੈ। ਸ੍ਰੀ ਰਾਮ ਦਾ ਨਿੱਤ ਮੰਗਲ ਹੋ ਰਿਹਾ ਹੈ। ਦੀਵਾ ਉਤਮ ਹੈ, ਉਸ ਵਿਚ ਬੱਤੀ ਨਿਰਮਲ ਹੈ। ਐ ਕਮਲਾਪਤੀ, ਤੂੰ ਹੀ ਨਿਰੰਜਨ (ਮਾਇਆ ਤੋਂ ਰਹਿਤ) ਹੈਂ। ਰਾਮ ਦੀ ਭਗਤੀ ਨੂੰ ਸ੍ਰੀ ਰਾਮਾਨੰਦ ਜੀ ਜਾਣ ਕੇ ਪੂਰਨ ਤੇ ਪਰਮ ਆਨੰਦ ਨੂੰ ਕਥਨ ਕਰਦੇ ਹਨ। ਐ ਮਨਮੋਹਨ ਮੂਰਤੀ, ਸੰਸਾਰ ਸਾਗਰ ਤੋਂ ਤਾਰਨ ਵਾਲੇ, ਸੈਣ ਕਹਿੰਦਾ ਹੈ ਕਿ ਪਰਮ ਆਨੰਦ ਦੇਣ ਵਾਲੇ ਹਰੀ ਨੂੰ ਭਜੋ, ਉਸ ਦਾ ਸਿਮਰਨ ਕਰੋ।

ਸਰੋਜਕਾਰ ਨੇ ਇਕ ਹੋਰ ਸੈਣ ਦਾ ਸਮਾਂ ਸੰਮਤ ੧੫੯੦ ਲਿਖਿਆ ਹੈ। ਪਰ ਇਹ ਕਵਿ ਸ੍ਰੀ ਕ੍ਰਿਸ਼ਨ ਦਾ ਉਪਾਸ਼ਕ ਸੀ, ਜਿਹਾ ਕਿ ਇਸ ਦੀ ਕਵਿਤਾ ਤੋਂ ਪ੍ਰਗਟ ਹੁੰਦਾ ਹੈ:

ਜਬ ਸੌ ਗੋਪਾਲ ਮਧੁ-ਬਨ ਸੌਂ ਸਿਧਾਰੇ ਆਲੀ,
ਮਧੁ-ਬਨ ਭਯੋ ਮਧੁ ਦਾਨਵ ਬਿਖਮ ਸੌਂ।

ਭਾਵ, ਹੇ ਸਖੀ (ਆਲੀ)! ਜਦ ਤੋਂ ਗੋਪਾਲ ਕ੍ਰਿਸ਼ਨ ਮਧੁ-ਬਨ[1] ਤੋਂ ਚਲੇ ਗਏ ਹਨ, ਉਦੋਂ ਤੋਂ ਇਹ ਮਧੁ-ਰਾਖਸ਼ ਵਾਂਗ ਡਰਾਉਣਾ ਪ੍ਰਤੀਤ ਹੁੰਦਾ ਹੈ।

ਸ੍ਰੀ ਰਾਮਾਨੰਦ ਜੀ ਦੇ ਸੇਵਕ ਭਗਤ ਕਬੀਰ ਜੀ, ਸ੍ਰੀ ਰਵਿਦਾਸ ਤੇ ਸੈਣ ਜੀ ਨਿਰਾਕਾਰਵਾਦੀ ਭਗਤ ਹੋਏ ਹਨ।

ਉਪਰੋਕਤ ਦੋਹਾਂ ਵਿਅਕਤੀਆਂ ਵਿਚ ਕੇਵਲ ਸਮੇਂ ਦੀ ਹੀ ਵਿਥ ਨਹੀਂ, ਸਗੋਂ ਖ਼ਿਆਲਾਂ ਦਾ ਭੀ ਬੜਾ ਅੰਤਰ ਹੈ। ਇਸ ਲਈ ਇਹ ਗੱਲ ਨਿਸਚਾ ਕਰਾਉਂਦੀ ਹੈ ਕਿ ਪਹਿਲੇ ਸੈਣ ਜੀ ਪ੍ਰਸਿੱਧ ਭਗਤ ਸਨ ਤੇ ਦੂਸਰੇ ਕੇਵਲ ਕਵੀ ਹੋਏ ਹਨ।

---

੧. ਮਧੁ-ਬਨ ਮਥਰਾ ਦੇ ਪਾਸ ਜਮਨਾ ਦੇ ਕੰਢੇ ਇਕ ਜੰਗਲ ਦਾ ਨਾਂ ਹੈ। ਮਧੁ ਸ਼ਹਿਦ ਨੂੰ ਵੀ ਕਹਿੰਦੇ ਹਨ।

# ਜੀਵਨ ਭਗਤ ਧੰਨਾ ਜੀ

ਭਗਤ ਧੰਨਾ ਜੀ ਦਾ ਜਨਮ ਟਾਂਕ ਦੇ ਇਲਾਕੇ ਪਿੰਡ ਧੂਆਨ, ਜੋ ਦੇਊਲੀ (ਰਾਜਸਥਾਨ) ਤੋਂ ਵੀਹ ਮੀਲ ਹੈ, ਵਿਖੇ ਸੰਮਤ ੧੪੭੩ ਬਿ: ਵਿਚ ਜੱਟਾਂ ਦੇ ਘਰ ਹੋਇਆ। ਇਹ ਬਚਪਨ ਤੋਂ ਬੜੇ ਸਿਧੇ ਸੁਭਾਵ ਦੇ ਸਨ। ਆਚਰਣ ਦੇ ਨੇਕ, ਧਰਮ ਦੀ ਕਿਰਤ ਕਰਨ ਵਾਲੇ ਤੇ ਚੰਗੇ ਗ੍ਰਿਹਸਤੀ ਸਨ। ਬਚਪਨ ਵਿਚ ਪਸ਼ੂ ਚਰਾਂਦੇ ਅਤੇ ਜਵਾਨ ਹੋ ਕੇ ਖੇਤੀ-ਬਾੜੀ ਦਾ ਕੰਮ ਕਰਦੇ ਸਨ। ਸਾਧੂ-ਸੇਵਾ ਕਰਨੀ ਤੇ ਵੰਡ ਛਕਣਾ ਇਨ੍ਹਾਂ ਦੇ ਖ਼ਾਸ ਗੁਣ ਸਨ।

ਭਾਗ ਚੰਗੇਂ ਹੋਣ ਤਾਂ ਮਨੁੱਖ ਪਰਮਾਰਥ ਵੱਲ ਲੱਗਦਾ ਹੈ। ਚੰਗੀ ਸੰਗਤ ਕਰਦਾ ਹੈ। ਨੇਕ ਕੰਮਾਂ ਵਿਚ ਪਰਿਵਰਤ ਹੁੰਦਾ ਹੈ। ਧੰਨਾ ਜੀ ਬੜੇ ਭਗਤੀ-ਭਾਵ ਵਾਲੇ ਸਨ, ਇਸ ਲਈ ਮੰਦਰ ਜ਼ਾਇਆ ਕਰਦੇ ਸਨ, ਜਿਥੇ ਕਿ ਕਈ ਹੋਰ ਆਦਮੀ ਰੋਜ਼ ਠਾਕਰਾਂ ਦੀ ਪੂਜਾ ਕਰਨ ਜਾਂਦੇ ਸਨ। ਭਗਤ ਜੀ ਦੇ ਗੁਆਂਢ ਇਕ ਬ੍ਰਾਹਮਣ ਰਹਿੰਦਾ ਸੀ, ਜੋ ਨਿਤਾ-ਪ੍ਰਤਿ ਠਾਕਰ ਦੀ ਪੂਜਾ ਕਰਦਾ ਸੀ। ਪਿੰਡ ਵਿਚ ਉਹ ਬੜਾ ਭਗਤ ਤੇ ਕਰਮ-ਕਾਂਡੀ ਮੰਨਿਆ ਹੋਇਆ ਸੀ।

ਕਹਾਵਤ ਹੈ ਕਿ ਖ਼ਰਬੂਜ਼ੇ ਨੂੰ ਦੇਖ ਕੇ ਖ਼ਰਬੂਜ਼ਾ ਰੰਗ ਪਕੜਦਾ ਹੈ, ਇਸ ਅਨੁਸਾਰ ਧੰਨੇ ਨੇ ਇਕ ਦਿਨ ਪੰਡਤ ਨੂੰ ਕਿਹਾ, "ਵੇਖੋ ਪੰਡਤ ਜੀ! ਤੁਸੀਂ ਇਕੱਲੇ ਹੀ ਠਾਕਰ ਦੀ ਪੂਜਾ ਕਰੀ ਜਾਂਦੇ ਹੋ, ਜੇ ਇਕ ਠਾਕੁਰ ਮੈਨੂੰ ਵੀ ਲਿਆ ਦਿਓ ਤਾਂ ਮੈਂ ਵੀ ਉਸ ਦੀ ਪੂਜਾ ਕਰਿਆ ਕਰਾਂ। ਮੇਰਾ ਜੀਅ ਕਰਦਾ ਹੈ ਕਿ ਈਸ਼ਵਰ ਦੀ ਭਗਤੀ ਕਰਾਂ।"

ਪੰਡਤ—ਵੇਖੇਂ ਨਾ ਧੰਨਿਆ, ਤੈਨੂੰ ਠਾਕਰ ਦੀ ਪੂਜਾ ਦਾ ਕੀ ਪਤਾ ? ਤੂੰ ਤਾਂ ਪਸ਼ੂ ਹੀ ਚਰਾਣਾ ਜਾਣਦਾ ਹੈਂ। ਜੱਟਾਂ ਦੀ ਕਿਰਤ ਮੋਟੀ-ਠੁੱਲ੍ਹੀ ਹੁੰਦੀ ਹੈ। ਇਹ ਠਾਕਰ-ਪੂਜਾ ਦਾ ਕੰਮ ਬਹੁਤ ਹੀ ਕਠਨ ਹੈ।

ਧੰਨਾ—ਮੈਨੂੰ ਤੁਸੀਂ ਜਿਸ ਤਰ੍ਹਾਂ ਦਾ ਢੰਗ ਦੱਸੋਗੇ, ਉਸੇ ਤਰ੍ਹਾਂ ਦੀ ਪੂਜਾ ਕਰਾਂਗਾ।

ਪੰਡਤ—ਪੂਜਾ ਲਈ ਪਹਿਲੇ ਸਵੇਰੇ ਇਸ਼ਨਾਨ ਕਰੀਦਾ ਹੈ। ਸੂਛ ਬਸਤ੍ਰ ਪਹਿਨ ਕੇ ਮੰਦਰ ਵਿਚ ਜਾਈਦਾ ਹੈ। ਠਾਕਰਾਂ ਦੀ ਮੂਰਤੀ ਨੂੰ ਇਸ਼ਨਾਨ ਕਰਾ ਕੇ ਧੂਪ ਦੀਪ ਕਰੀਦਾ ਤੇ ਆਰਤੀ ਉਤਾਰੀਦੀ ਹੈ। ਇਕ ਮਨ ਹੋ ਕੇ ਪ੍ਰਾਰਥਨਾ ਕਰੀਦੀ ਹੈ, ਫਿਰ ਠਾਕਰ ਨੂੰ ਭੋਗ ਲੁਆ ਕੇ ਸੀਤ-ਪ੍ਰਸ਼ਾਦ ਆਪ ਖਾਈਦਾ ਹੈ। ਚਰਨਾਮ੍ਰਿਤ ਭੀ ਲਈਦਾ ਹੈ। ਇਸ ਤਰ੍ਹਾਂ ਮਨ ਬਾਂਛਤ ਫਲ ਪ੍ਰਾਪਤ ਹੁੰਦਾ ਹੈ।

ਧੰਨਾ—ਮੈਂ ਇਹ ਸਾਰੀਆਂ ਗੱਲਾਂ ਕਰਾਂਗਾ। ਤੁਸੀਂ ਮੈਨੂੰ ਇਕ ਠਾਕਰ ਤਾਂ ਲਿਆ ਦਿਓ।

ਜਦ ਪ੍ਰੇਮ-ਭਗਤੀ ਵਿਚ ਮਗਨ ਧੰਨੇ ਨੇ ਪੰਡਤ ਦਾ ਬਹੁਤ ਪਿੱਛਾ ਕੀਤਾ ਤਾਂ

ਉਸ ਨੇ ਕਾਲੇ ਰੰਗ ਦਾ ਇਕ ਸਾਲਗ੍ਰਾਮ ਲਿਆ ਦਿੱਤਾ, ਜਿਸ ਨੂੰ ਵਿਸ਼ਨੂੰ ਸਰੂਪ ਸਮਝ ਕੇ ਪੂਜਿਆ ਜਾਂਦਾ ਸੀ। ਪੰਡਤ ਦੀ ਦਿਲੋਂ ਸ਼ਰਧਾ ਕੋਈ ਨਹੀਂ ਸੀ। ਉਸ ਦਾ ਮਨ ਅਭਿੱਜ ਪੱਥਰ ਵਾਂਙੂ ਸੀ, ਪਰ ਧੰਨੇ ਦਾ ਦਿਲ ਸ਼ਰਧਾ ਤੇ ਪ੍ਰੇਮ ਨਾਲ ਭਰਪੂਰ, ਕੋਮਲ, ਭੋਲੇ-ਭਾਵ ਦਾ ਤੇ ਮੋਮ ਦੀ ਤਰ੍ਹਾਂ ਸੀ।

ਇਕ ਦਿਨ ਦੀ ਗੱਲ ਹੈ ਕਿ ਧੰਨੇ ਨੇ ਠਾਕਰ ਨੂੰ ਇਸ਼ਨਾਨ ਕਰਾਇਆ, ਬੜੇ ਸਤਿਕਾਰ ਨਾਲ ਧੂਪ ਕਰ ਕੇ ਉਸ ਦੀ ਪੂਜਾ ਕਰਨ ਲੱਗਾ। ਰੋਟੀ ਤੇ ਲੱਸੀ ਜੋ ਘਰ ਵਿਚ ਹੈ ਸੀ, ਠਾਕਰ ਦੇ ਅੱਗੇ ਰੱਖ ਕੇ ਲੱਗਾ ਬੇਨਤੀਆਂ ਕਰਨ, "ਮਹਾਰਾਜ! ਭੋਗ ਲਾਓ, ਜਦ ਤੀਕ ਆਪ ਨਹੀਂ ਛਕਦੇ, ਮੈਂ ਮੂੰਹ ਜੂਠਾ ਨਹੀਂ ਕਰਨਾ। ਕੀ ਤੁਸੀਂ ਮੇਰੇ ਨਾਲ ਰੁਸੇ ਹੋਏ ਹੋ, ਜੋ ਮੇਰਾ ਪ੍ਰਸ਼ਾਦ ਰਸਨਾ ਲਾਇਕ ਨਹੀਂ ਕਰਦੇ?" ਇਸ ਤਰ੍ਹਾਂ ਤਰਲੇ ਮਿੰਨਤਾਂ ਕਰਦਿਆਂ ਢੇਰ ਸਮਾਂ ਲੰਘ ਗਿਆ। ਮੂਰਤੀ ਨੇ ਕੁਝ ਨਾ ਖਾਧਾ ਪੀਤਾ। ਬੇਜਾਨ ਚੀਜ਼ ਨੇ ਖਾਣਾ ਵੀ ਕੀ ਸੀ?

ਧੰਨੇ ਦੇ ਸਾਹਮਣੇ ਇਕ ਜੜ੍ਹ ਪ੍ਰਿਤਮਾ ਸੀ। ਉਸ ਰਾਹੀਂ ਉਹ ਸਰਬ ਵਿਆਪਕ ਚੇਤੰਨ ਹਸਤੀ ਸ੍ਰੀ ਵਾਹਿਗੁਰੂ ਦੇ ਦਰਸ਼ਨ ਤੇ ਗਿਆਨ ਪ੍ਰਾਪਤ ਕਰਨਾ ਚਾਹੁੰਦਾ ਸੀ। ਭਾਵੇਂ ਈਸ਼ਵਰ ਪ੍ਰਾਪਤੀ ਲਈ ਇਹ ਸਾਧਨ ਚੰਗਾ ਨਹੀਂ ਸੀ, ਪਰ ਉਦੇਸ਼ ਚੰਗਾ ਸੀ। ਜਦ ਕਿਸੇ ਮਨੁੱਖ ਦਾ ਮਨ ਕਿਸੇ ਉਦੇਸ਼ ਦੀ ਪ੍ਰਾਪਤੀ ਲਈ ਇਕ ਨੁਕਤੇ 'ਤੇ ਇਕਾਗਰ ਹੋ ਜਾਂਦਾ ਹੈ ਤੇ ਉਹ ਅੰਤ੍ਰੀਵ ਆਤਮੇ ਵੱਲ ਰਜੂਹ ਕਰਦਾ ਹੈ, ਉਸ ਨੂੰ ਕਈ ਵੇਰ ਅਜਿਹਾ ਆਤਮ-ਪ੍ਰਕਾਸ਼ ਤੇ ਗਿਆਨ ਪ੍ਰਾਪਤ ਹੁੰਦਾ ਹੈ, ਜਿਸ ਦਾ ਅਨੁਮਾਨ ਭੀ ਨਹੀਂ ਕੀਤਾ ਜਾ ਸਕਦਾ। ਜਿਸ ਤਰ੍ਹਾਂ ਕੋਈ ਮਰਜੀਵੜਾ ਸਮੁੰਦਰ ਵਿਚ ਟੁੱਬੀ ਮਾਰਦਾ ਹੈ, ਲਹਿਰਾਂ ਤੋਂ ਬਹੁਤ ਥੱਲੇ ਜਾ ਕੇ ਤਹਿ ਵਿਚੋਂ ਸੁੱਚੇ ਮੋਤੀ ਕੱਢ ਲਿਆਉਂਦਾ ਹੈ, ਇਸੇ ਤਰ੍ਹਾਂ ਆਤਮ-ਵਿਸਮਾਦ ਵਿਚ ਟਿਕੀ ਹੋਈ ਸੁਰਤਿ ਉਹ ਪ੍ਰਕਾਸ਼, ਗਿਆਨ ਤੇ ਅਨੁਭਵ ਪ੍ਰਾਪਤ ਕਰਦੀ ਹੈ, ਜਿਸ ਨੂੰ ਆਮ ਲੋਕੀਂ ਨਹੀਂ ਸਮਝ ਸਕਦੇ। ਨਾ ਹੀ ਆਮ ਹਾਲਤਾਂ ਵਿਚ ਅਜਿਹਾ ਗਿਆਨ ਪ੍ਰਾਪਤ ਹੁੰਦਾ ਹੈ।

ਪੱਛਮ ਦੇ ਤੱਤ-ਵੇਤਾ ਨਿਊਟਨ ਨੇ ਆਕਰਸ਼ਣ ਸ਼ਕਤੀ ਦਾ ਗਿਆਨ ਸੰਸਾਰ ਨੂੰ ਦਿੱਤਾ ਹੈ। ਉਸ ਨੇ ਇਹ ਪ੍ਰਾਪਤ ਕਿਥੋਂ ਕੀਤਾ? ਇਕ ਸੇਬ ਦੇ ਬ੍ਰਿਛ ਕੋਲੋਂ। ਨਿਊਟਨ ਇਕਾਗਰ ਚਿੱਤ ਹੋ ਕੇ ਪੜ੍ਹ ਤੇ ਵਿਚਾਰ ਰਿਹਾ ਸੀ ਕਿ ਬੂਟੇ ਤੋਂ ਇਕ ਸੇਬ ਥੱਲੇ ਡਿੱਗਾ। ਨਿਊਟਨ ਨੂੰ ਇਸ ਤੋਂ ਖ਼ਿਆਲ ਆਇਆ ਕਿ ਹਰੇਕ ਚੀਜ਼ ਥੱਲੇ ਧਰਤੀ ਉੱਤੇ ਹੀ ਡਿੱਗਦੀ ਹੈ, ਉਤਾਹਾਂ ਕਿਉਂ ਨਹੀਂ ਜਾਂਦੀ, ਸੱਜੇ ਖੱਬੇ ਨਹੀਂ ਡਿੱਗਦੀ? ਬੜੀ ਦੀਰਘ ਵਿਚਾਰ ਦੇ ਬਾਅਦ ਉਸ ਨੂੰ ਇਸ ਗਿਆਨ ਦਾ ਪ੍ਰਕਾਸ਼ ਹੋਇਆ ਕਿ ਧਰਤੀ ਵਿਚ ਵੱਡੀ ਆਕਰਸ਼ਣ ਸ਼ਕਤੀ ਹੈ। ਦੂਜੀ ਕਸ਼ਸ਼ ਹੈ, ਜੋ ਹਰੇਕ ਚੀਜ਼ ਨੂੰ ਆਪਣੀ ਥਾਂ 'ਤੇ ਰੱਖੀ ਬੈਠੀ ਹੈ। ਕੀ ਆਮ ਲੋਕ ਰੋਜ਼ ਸੇਬ ਡਿੱਗਦੇ ਨਹੀਂ ਵੇਖਦੇ ਸਨ? ਵੇਖਦੇ ਸਨ, ਪਰ ਨਿਊਟਨ ਨੇ ਜਿੰਨਾ ਮਨ ਇਕਾਗਰ ਕਰ ਕੇ ਇਸ ਮਸਲੇ ਉਪਰ ਵਿਚਾਰ ਕੀਤੀ, ਹੋਰ ਕਿਸੇ ਨੇ ਨਹੀਂ ਕੀਤੀ ਸੀ। ਸਾਧਨ ਮਾਮੂਲੀ ਅਤੇ ਘਟਨਾ ਸਾਧਾਰਨ ਸੀ। ਪਰ ਉਸ ਦੇ ਮਨ ਦੀ ਇਕਾਗਰਤਾ ਉੱਚੀ ਸੀ। ਇਸ ਲਈ ਇਕ ਸਾਧਾਰਨ ਘਟਨਾ ਤੋਂ ਬਹੁਤ ਉੱਚੇ ਗਿਆਨ ਦਾ ਪ੍ਰਕਾਸ਼ ਹੋਇਆ।

ਰੇਲ ਗੱਡੀ ਦੇ ਸਟੀਮ-ਇੰਜਨ ਦਾ ਗਿਆਨ ਸਟੀਫ਼ਨਸਨ ਨੂੰ ਹੋਇਆ। ਉਸ ਨੂੰ ਇਸ ਮਹਾਨ ਸ਼ਕਤੀ ਦਾ ਪਤਾ ਉਬਲ ਰਹੇ ਦੇਗਚੇ ਦੀ ਭਾਪ ਨਾਲ ਉੱਛਲ ਰਹੇ

ਢੱਕਣ ਤੋਂ ਲੱਗਾ। ਕੀ ਸੰਸਾਰ ਦੇ ਲੱਖਾਂ ਆਦਮੀ ਰੋਜ਼ ਦੇਗਚੇ ਉਬਲਦੇ ਨਹੀਂ ਦੇਖਦੇ ਸਨ ? ਦੇਖਦੇ ਸਨ, ਪਰ ਜਿਸ ਬਾਰੀਕ-ਬੀਨੀ ਅਤੇ ਅੰਦਰਲੀ ਨੀਝ ਨਾਲ ਸਟੀਫ਼ਨਸਨ ਨੇ ਭਾਪ ਦੀ ਸ਼ਕਤੀ ਨੂੰ ਸਮਝਣ ਦਾ ਯਤਨ ਕੀਤਾ, ਉਸ ਤਰ੍ਹਾਂ ਹੋਰ ਕਿਸੇ ਨਹੀਂ ਕੀਤਾ ਸੀ। ਮਨੁੱਖ ਕੁਝ ਤਾਂ ਗਿਆਨ ਤੇ ਵਿਸ਼ਵਾਸ ਨਾਲ ਪ੍ਰਾਪਤ ਕਰਦਾ ਹੈ, ਕੁਝ ਗੱਲਾਂ ਨਿੱਜ ਅਨੁਭਵ ਤੇ ਤਜਰਬੇ ਦਵਾਰਾ ਉਸ ਨੂੰ ਪ੍ਰਤੱਖ ਵੇਖ ਕੇ ਜਾਂ ਮਹਿਸੂਸ ਕਰ ਕੇ ਨਿਸਚਾ ਕਰਦਾ ਹੈ। ਨਿੱਜ ਅਨੁਭਵ ਤੇ ਪ੍ਰਤੱਖ ਕੀਤੀ ਹੋਈ ਚੀਜ਼ ਦਾ ਨਿਸਚਾ ਬਹੁਤ ਦ੍ਰਿੜ੍ਹ ਹੁੰਦਾ ਹੈ।

ਜਿਸ ਤਰ੍ਹਾਂ ਨਿਊਟਨ ਤੇ ਸਟੀਫ਼ਨਸਨ ਨੂੰ ਪ੍ਰਾਕਿਰਤਕ ਜਗਤ ਵਿਚ ਸਾਧਾਰਨ ਘਟਨਾਵਾਂ ਤੋਂ ਬਹੁਤ ਉੱਚਾ ਪ੍ਰਾਕਿਰਤਕ ਗਿਆਨ ਪ੍ਰਾਪਤ ਹੋਇਆ, ਇਸੇ ਤਰ੍ਹਾਂ ਆਤਮਿਕ ਮੰਡਲ ਵਿਚ ਭਗਤ ਧੰਨਾ ਜੀ ਨੂੰ ਚਿੱਤ ਦੀ ਇਕਾਗਰਤਾ ਤੇ ਪ੍ਰਭੂ-ਪ੍ਰੇਮ ਵਿਚ ਲੀਨ ਹੋ ਕੇ ਮਾਮੂਲੀ ਸਾਧਨ ਤੋਂ ਆਤਮਿਕ ਗਿਆਨ ਦਾ ਪ੍ਰਕਾਸ਼ ਹੋਇਆ। ਆਪ ਬੈਠੇ ਸਨ ਮੂਰਤੀ ਪੂਜਾ ਕਰਨ ਲਈ, ਪਰ ਪੁਜੇ ਉਸ ਅਵਸਥਾ ਵਿਚ, ਜਿਥੇ 'ਵਣ-ਤ੍ਰਿਣ ਪਰਬਤ ਹੈ ਪਾਰਬ੍ਰਹਮ' ਪ੍ਰਤੀਤ ਹੁੰਦਾ ਹੈ। ਵਿਸ਼ਵ-ਵਿਆਪੀ ਸ੍ਰੀ ਵਾਹਿਗੁਰੂ ਦਾ ਅਨੁਭਵ ਹੋਇਆ।

ਭਾਈ ਗੁਰਦਾਸ ਜੀ ਲਿਖਦੇ ਹਨ:

**ਬਾਮ੍ਹਣ ਪੂਜੈ ਦੇਵਤੇ ਧੰਨਾ ਗਊ ਚਰਾਵਣ ਆਵੈ।**
**ਧੰਨੈ ਡਿਠਾ ਚਲਿਤ ਏਹ, ਪੂਛੈ ਬਾਮ੍ਹਣ ਆਖ ਸੁਣਾਵੈ।**
**ਠਾਕੁਰ ਦੀ ਸੇਵਾ ਕਰੈ, ਜੋ ਇਛੈ ਸੋਈ ਫਲੁ ਪਾਵੈ।**
**ਧੰਨਾ ਕਰਦਾ ਜੋਦੜੀ ਮੈ ਭਿ ਦੇਹ ਇਕ ਜੇ ਤੁਧ ਭਾਵੈ।**
**ਪੱਥਰ ਇਕ ਪਲੇਟ ਕਰ ਦੇ ਧੰਨੇ ਨੋਂ ਗੈਲ ਛੁਡਾਵੈ।**
**ਠਾਕੁਰ ਨੋਂ ਨ੍ਹਾਵਾਲ ਕੈ ਛਾਹਿ ਰੋਟੀ ਲੈ ਭੋਗ ਚੜ੍ਹਾਵੈ।**
**ਹੱਥ ਜੋੜਿ ਮਿੰਨਤ ਕਰੈ ਪੈਰੀਂ ਪੈ ਪੈ ਬਹੁਤ ਮਨਾਵੈ।**
**ਹਉਂ ਭੀ ਮੂੰਹ ਨ ਜੁਠਾਲਸਾਂ ਤੂੰ ਰੁਠਾ ਮੈਂ ਕਿਹੁ ਨ ਸੁਖਾਵੈ।**
**ਗੋਸਾਈਂ ਪਰਤੱਖ ਹੋਇ ਰੋਟੀ ਖਾਹਿ ਛਾਹਿ ਮੁਹਿ ਲਾਵੈ।**
**ਭੋਲਾ ਭਾਉ ਗੋਬਿੰਦ ਮਿਲਾਵੈ॥** *(ਵਾਰ ੧੦—੧੩)*

ਪੰਡਤ ਨੇ ਧੰਨਾ ਜੀ ਨੂੰ ਠਾਕਰ ਟਾਲਣ ਲਈ ਦਿੱਤਾ ਸੀ, ਪਰ ਉਸ ਦਾ ਫਲ ਬੜਾ ਅਸਚਰਜ ਹੋਇਆ। ਸ੍ਰੀ ਧੰਨਾ ਜੀ ਦੀਆਂ ਅੰਤ੍ਰੀਵੀ ਅੱਖਾਂ ਖੁਲ੍ਹ ਗਈਆਂ। ਖਾਂਦੇ, ਪੀਂਦੇ, ਸੌਂਦੇ, ਖੇਤੀਬਾੜੀ ਕਰਦੇ, ਗਊਆਂ ਦਾ ਦੁੱਧ ਚੋਂਦਿਆਂ ਉਹ ਭਗਵਾਨ ਨੂੰ ਅੰਗ ਸੰਗ ਸਮਝਣ ਲੱਗ ਪਏ। ਸੁਰਤਿ ਦੀ ਗੁੱਡੀ ਪ੍ਰੇਮ-ਭਗਤੀ ਦੇ ਰੰਗ ਵਿਚ ਚੜ੍ਹਦੀ ਹੀ ਗਈ।

ਧੰਨਾ ਜੀ ਦੀ ਸ਼ੁਹਰਤ ਸੁਣ ਕੇ ਉਹੀ ਪੰਡਤ ਇਕ ਦਿਨ ਮਿਲਣ ਆਇਆ।

ਪੰਡਤ—ਧੰਨਾ ਜੀ ! ਮੈਂ ਸੁਣਿਆ ਹੈ ਕਿ ਤੁਸੀਂ ਭਗਵਾਨ ਦੇ ਦਰਸ਼ਨ ਕੀਤੇ ਹਨ, ਮੈਂ ਸਾਰੀ ਉਮਰ ਮੂਰਤੀ ਪੂਜਦਾ ਰਿਹਾਂ, ਮੈਨੂੰ ਕਦੀ ਦਰਸ਼ਨ ਨਹੀਂ ਹੋਏ, ਤੁਸੀਂ ਕਿਵੇਂ ਕਰ ਲਏ ?

ਧੰਨਾ ਜੀ—ਵੇਖੋ ਪੰਡਤ ਜੀ, ਮੈਨੂੰ ਅਨੁਭਵ ਹੋਇਆ ਹੈ ਕਿ ਭਗਵਾਨ ਇਕ ਮੂਰਤੀ ਵਿਚ ਨਹੀਂ, ਉਹ ਸਾਰੇ ਬ੍ਰਹਮੰਡ ਦੇ ਇਕ ਇਕ ਕਣ ਵਿਚ ਹੈ, ਜਿਸ ਤਰ੍ਹਾਂ

ਚੰਦ੍ਰਮਾ ਇਕ ਹੈ, ਪਰ ਡਲ੍ਹਕ ਸਾਰੇ ਘੜਿਆਂ ਵਿਚ ਮਾਰਦਾ ਹੈ।

ਪੰਡਤ—ਕ੍ਰਿਪਾ ਕਰ ਕੇ ਮੈਨੂੰ ਵੀ ਉਸ ਦਾ ਅਨੁਭਵ ਕਰਾਓ।

ਇਤਿਹਾਸ ਵਿਚ ਲਿਖਿਆ ਹੈ ਕਿ ਸ੍ਰੀ ਧੰਨਾ ਜੀ ਦੀ ਸੰਗਤ ਕਰ ਕੇ ਤੇ ਪ੍ਰੇਮ-ਭਗਤੀ ਦੇ ਪਵਿਤ੍ਰ ਉਪਦੇਸ਼ ਸੁਣ ਕੇ ਪੰਡਤ ਦਾ ਮਨ ਭੀ ਨਿਰਮਲ ਹੋ ਗਿਆ। ਉਸ ਦੇ ਹਿਰਦੇ ਵਿਚ ਈਸ਼ਵਰ ਦੀ ਜੋਤ ਦਾ ਪ੍ਰਕਾਸ਼ ਹੋਇਆ। ਉਹ ਪਰਮ ਪਦਵੀ ਨੂੰ ਪ੍ਰਾਪਤ ਹੋਇਆ।

ਧੰਨਾ ਜੀ ਨੂੰ ਪਰਮਾਰਥ ਦੀ ਲਗਨ ਵਧਦੀ ਹੀ ਗਈ। ਉਸ ਨੇ ਕਾਸ਼ੀ ਵਿਚ ਜਾ ਕੇ ਸ੍ਰੀ ਰਾਮਾਨੰਦ ਜੀ ਤੋਂ ਗੁਰ-ਦੀਖਿਆ ਲਈ। ਆਪਣਾ ਜੀਵਨ ਭਜਨ ਸਿਮਰਨ ਵਿਚ ਬਤੀਤ ਕਰਨ ਲੱਗੇ। ਇਸੇ ਰੰਗ ਵਿਚ ਉਹ ਵਾਹਿਗੁਰੂ ਵਿਚ ਲੀਨ ਹੋ ਗਏ।

ਭਗਤ ਧੰਨਾ ਜੀ ਨੇ ਭਗਤੀ ਦਾ ਆਰੰਭ ਮੂਰਤੀ ਪੂਜਾ ਤੋਂ ਕੀਤਾ ਸੀ, ਪਰ ਅਖ਼ੀਰ ਵਿਚ ਸਰਬ-ਵਿਆਪਕ ਨਿਰੰਕਾਰ ਦੇ ਪੂਜਕ ਹੋਏ। ਇਹ ਗੱਲ ਆਪ ਦੀ ਬਾਣੀ ਤੋਂ ਸਪੱਸ਼ਟ ਹੁੰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਧੰਨਾ ਜੀ ਦੇ ੪ ਸ਼ਬਦ ਦਰਜ ਹਨ। ਤਿੰਨ ਆਸਾ ਰਾਗ ਵਿਚ ਤੇ ਇਕ ਧਨਾਸਰੀ ਵਿਚ ਹੈ। ਇਨ੍ਹਾਂ ਵਿਚ ਇਕੀਸ਼ਵਰ ਦੀ ਭਗਤੀ, ਦ੍ਰਿੜ ਵਿਸ਼ਵਾਸ ਤੇ ਸਰਬ ਵਿਆਪਕਤਾ ਕਥਨ ਕੀਤੀ ਹੈ। ਇਕ ਸ਼ਬਦ ਵਿਚ ਭਗਵਾਨ ਦੇ ਸਾਹਮਣੇ ਆਪਣੀਆਂ ਲੋੜਾਂ ਪੇਸ਼ ਕੀਤੀਆਂ ਹਨ।

ਪਾਠਕਾਂ ਦੀ ਗਿਆਤ ਲਈ ਸਾਰੇ ਸ਼ਬਦ ਅਤੇ ਉਨ੍ਹਾਂ ਦਾ ਭਾਵਾਰਥ ਦਰਜ ਕਰਦੇ ਹਾਂ। ਕਹਿੰਦੇ ਹਨ:

(੧) **ਭ੍ਰਮਤ ਫਿਰਤ ਬਹੁ ਜਨਮ ਬਿਲਾਨੇ, ਤਨੁ ਮਨੁ ਧਨੁ ਨਹੀ ਧੀਰੇ॥**
**ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀ ਰੇ॥੧॥ ਰਹਾਉ॥**
**ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ॥**
**ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ॥੧॥**
**ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ॥**
**ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ॥੨॥**
**ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ॥**
**ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ॥੩॥**
**ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ॥**
**ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ॥੪॥੧॥**

*(ਆਸਾ, ਪੰਨਾ ੪੮੭)*

ਭਾਵ, ਭਟਕਦਿਆਂ ਭਟਕਦਿਆਂ ਕਈ ਜਨਮ ਬੀਤ (ਬਿਲਾਨੇ) ਗਏ। ਤਨ, ਮਨ ਤੇ ਧਨ ਤਿੰਨੇ ਟਿਕ ਨਹੀਂ ਸਕੇ। ਤਨ ਬਿਨਸ ਜਾਂਦਾ ਹੈ। ਮਨ ਭਟਕਦਾ ਹੈ ਤੇ ਧਨ ਖਿੰਡ ਪੁੰਡ ਜਾਂਦਾ ਹੈ। ਲੋਭੀ ਜੀਵ (ਲੁਬਧ) ਜ਼ਹਿਰ ਤੇ ਕਾਮ ਦਾ ਡਸਿਆ ਹੋਇਆ ਪ੍ਰਭੂ ਨੂੰ ਵਿਸਾਰ ਦਿੰਦਾ ਹੈ। ਇਸ ਬਉਰੇ ਮਨ ਨੂੰ ਵਿਸ਼ਿਆਂ ਦੇ ਫਲ ਮਿੱਠੇ ਲੱਗਦੇ ਹਨ। ਇਸ ਲਈ ਚੰਗੀ ਮੰਦੀ ਗੱਲ (ਚਾਰ-ਬਿਚਾਰ) ਦਾ ਨਿਰਣਾ ਨਹੀਂ ਕਰ ਸਕਦਾ।

ਚੰਗੇ ਗੁਣਾਂ ਤੋਂ ਉਲਟ ਇਸ ਦੀ ਪ੍ਰੀਤੀ ਹੋਰ ਗੁਣਾਂ ਵਿਚ ਵਧ ਗਈ ਹੈ, ਜਿਸ

ਕਰਕੇ ਆਵਾਗਉਣ (ਜਨਮ-ਮਰਨ) ਦਾ ਤਾਣਾ ਤਣਿਆ ਗਿਆ। ਈਸ਼ਵਰ ਪ੍ਰਾਪਤੀ ਦੀ ਚੰਗੀ ਜੁਗਤੀ ਇਸ ਮਨੁੱਖ ਨੇ ਹਿਰਦੇ ਵਿਚ ਨਹੀਂ ਟਿਕਾਈ। ਤ੍ਰਿਸ਼ਨਾ ਦੀ ਅੱਗ ਵਿਚ ਸੜਦੇ ਹੋਏ ਮੌਤ ਦੇ ਜਾਲ ਵਿਚ ਫਸੇ ਰਹੇ। ਵਿਸ਼ਿਆਂ ਦੇ ਰਸ ਇਕੱਠੇ ਕਰ ਕੇ ਮਨ ਵਿਚ ਭਰ ਲਏ ਤੇ ਅਕਾਲ ਪੁਰਖ ਨੂੰ ਵਿਸਾਰ ਦਿੱਤਾ ਹੈ।

ਗੁਰੂ ਨੇ ਜਦ ਗਿਆਨ ਦਾ ਧਨ ਦਿੱਤਾ, ਸਾਡੇ ਹਿਰਦੇ ਵਿਚ ਗਿਆਨ ਦਾ ਪ੍ਰਵੇਸ਼ ਕਰਾਇਆ, ਇਕ ਈਸ਼ਵਰ ਨੂੰ ਮੰਨਣਾ ਤੇ ਓਸੇ ਵਿਚ ਧਿਆਨ ਲਾਉਣਾ ਪ੍ਰਾਪਤ ਹੋਇਆ। ਪ੍ਰੇਮ-ਭਗਤੀ ਕਰ ਕੇ ਸੁਖ ਪ੍ਰਾਪਤ ਕੀਤਾ ਤੇ ਤ੍ਰਿਪਤ ਹੋ ਗਏ। ਤਸੱਲੀ ਹੋ ਗਈ। ਮੁਕਤ ਹੋ ਗਏ। ਜਿਸ ਦੇ ਹਿਰਦੇ ਵਿਚ ਈਸ਼ਵਰ ਦੀ ਜੋਤ ਸਮਾ ਗਈ, ਉਸ ਨੇ ਨਾ ਛਲੇ ਜਾਣ ਵਾਲੇ (ਅਛਲੀ) ਪਰਮਾਤਮਾ ਨੂੰ ਪਛਾਣ ਲਿਆ। ਧੰਨੇ ਨੇ ਉਹ ਧਨ ਪ੍ਰਾਪਤ ਕੀਤਾ ਹੈ ਜੋ ਸਾਰੀ ਧਰਤੀ ਨੂੰ ਸਹਾਰਾ (ਧਰਣੀ ਧਰ) ਦੇਣ ਵਾਲਾ ਹੈ। ਸੰਤ ਜਨਾਂ ਦੀ ਸੰਗਤ ਵਿਚ ਮਿਲ ਕੇ ਹਰੀ ਵਿਚ ਸਮਾ ਗਏ।।

(੨) ਈਸ਼ਵਰ ਦੀ ਭਗਤੀ ਨਾਲ ਕਿਸ ਕਿਸ ਦਾ ਉੱਧਾਰ ਹੋਇਆ ? ਇਸ ਦਾ ਵਰਣਨ ਇਉਂ ਕਰਦੇ ਹਨ:

**ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ[੧] ॥**
**ਆਢ[੨] ਦਾਮ ਕੋ ਛੀਪਰੋ ਹੋਇਓ ਲਾਖੀਣਾ[੩] ॥੧॥ ਰਹਾਉ ॥**
**ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥**
**ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ[੪] ॥੧॥**
**ਰਵਿਦਾਸੁ ਢੁਵੰਤਾ ਢੋਰ[੫] ਨੀਤਿ ਤਿਨਿ੍ ਤਿਆਗੀ ਮਾਇਆ ॥**
**ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥੨॥**
**ਸੈਨੁ ਨਾਈ ਬੁਤਕਾਰੀਆ[੬] ਓਹੁ ਘਰਿ ਘਰਿ ਸੁਨਿਆ ॥**
**ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥੩॥**
**ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥**
**ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥੪॥੨॥** *(ਆਸਾ, ਪੰਨਾ ੪੮੭)*

(੩) ਈਸ਼ਵਰ ਸਭ ਨੂੰ ਰੋਜ਼ੀ ਦਿੰਦਾ ਹੈ, ਇਸ ਉਪਰ ਫ਼ੁਰਮਾਉਂਦੇ ਹਨ:

**ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ ਬਿਬਹਿ ਨ ਜਾਨਸਿ ਕੋਈ ॥**
**ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ ॥੧॥ ਰਹਾਉ ॥**
**ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ ॥**
**ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ ॥੧॥**
**ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ ॥**
**ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ ॥੨॥**
**ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ ॥**
**ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ ॥੩॥੩॥** *(ਆਸਾ, ਪੰਨਾ ੪੮੮)*

---

੧. ਲੀਨ ਹੋਇਆ। ੨. ਦੋ ਕੌਡੀ ਦਾ ਛੀਂਬਾ। ੩. ਲਖਪਤੀ ਬਣ ਗਿਆ। ੪. ਗੁਣਾਂ ਕਰਕੇ ਡੂੰਘਾ (ਗੰਭੀਰ) ਸਮੁੰਦਰ। ੫. ਮੋਏ ਹੋਏ ਪਸ਼ੂ ਢੋਣ ਵਾਲਾ। ੬. ਬੁੱਤੀਆਂ (ਛੋਟੇ ਮੋਟੇ ਕੰਮ) ਕਰਨ ਵਾਲਾ।

ਭਾਵ, ਹੇ ਮਨ, ਤੂੰ ਦਿਆਲ-ਦਮੋਦਰ ਈਸ਼ਵਰ ਨੂੰ ਕਿਉਂ ਨਹੀਂ ਯਾਦ ਕਰਦਾ, ਜਿਸ ਤੋਂ ਬਿਨਾ ਅਸੀਂ ਹੋਰ ਕਿਸੇ ਨੂੰ ਜਾਣਦੇ ਹੀ ਨਹੀਂ। ਭਾਵੇਂ ਤੂੰ ਬ੍ਰਹਿਮੰਡਾਂ ਵਿਚ ਭਜਿਆ ਫਿਰੇਂ, ਪਰ ਹੋਵੇਗਾ ਉਹੀ ਜੋ ਕਰਤਾਰ ਕਰੇਗਾ। ਜਿਸ ਈਸ਼ਵਰ ਨੇ ਮਾਂ ਦੇ ਪੇਟ ਦੇ ਪਾਣੀ ਵਿਚ ਦਸਾਂ ਸੋਤਾਂ (ਨੱਕ ਮੂੰਹ ਆਦਿ ਵਾਲਾ) ਸਾਡਾ ਸਰੀਰ ਸਾਜਿਆ, ਜਿਸ ਨੇ ਪੇਟ ਦੀ ਅਗਨੀ ਵਿਚ ਅਹਾਰ ਦਿੱਤਾ, ਸਾਡਾ ਮਾਲਕ ਅਜਿਹਾ ਹੈ। ਕਛੂ-ਕੁੰਮੀ ਜਲ ਵਿਚ ਹੁੰਦੀ ਹੈ ਪਰ ਉਸ ਦੇ ਬੱਚੇ (ਤਨ) ਬਾਹਰ ਕਿਨਾਰੇ 'ਤੇ ਹੁੰਦੇ ਹਨ। ਨਾ ਉਨ੍ਹਾਂ ਨੂੰ ਮਾਂ ਦਾ ਦੁਧ ਪ੍ਰਾਪਤ ਹੁੰਦਾ ਹੈ ਨਾ ਖੰਭਾਂ ਦੀ ਰੱਖਿਆ। ਤੁਸੀਂ ਮਨ ਵਿਚ ਸਮਝ ਕੇ ਦੇਖੋ ਕਿ ਪੂਰਨ ਪਰਮਾਨੰਦ, ਮਨਮੋਹਨ ਪਰਮਾਤਮਾ ਉਨ੍ਹਾਂ ਦੀ ਭੀ ਪਾਲਨਾ ਕਰਦਾ ਹੈ। ਪੱਥਰਾਂ (ਪਾਖਾਣ) ਵਿਚ ਕੀੜਾ ਛੁਪ ਕੇ ਰਹਿੰਦਾ ਹੈ, ਉਸ ਲਈ ਨਿਕਲਣ ਦਾ ਕੋਈ ਰਸਤਾ ਭੀ ਨਹੀਂ ਹੁੰਦਾ, ਪਰ ਪੂਰਨ ਪਰਮਾਤਮਾ ਉਸ ਨੂੰ ਭੀ ਰਜਾਂਦਾ ਹੈ। ਹੇ ਮਨ, ਤੂੰ ਕਿਉਂ ਡਰਦਾ ਹੈਂ?

(੪) ਧੰਨਾ ਜੀ ਪਰਮਾਰਥ ਦੇ ਨਾਲ ਸਰੀਰਕ ਲੋੜਾਂ ਪੂਰੀਆਂ ਕਰਨ ਲਈ ਭੀ ਭਗਵਾਨ ਪਾਸ ਪ੍ਰਾਰਥਨਾ ਕਰਦੇ ਹੋਏ ਕਹਿੰਦੇ ਹਨ:

> ਗੋਪਾਲ ਤੇਰਾ ਆਰਤਾ॥
> ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥੧॥ ਰਹਾਉ॥
> ਦਾਲਿ ਸੀਧਾ[1] ਮਾਗਉ ਘੀਉ॥ ਹਮਰਾ ਖੁਸੀ ਕਰੈ ਨਿਤ ਜੀਉ॥
> ਪਨ੍ਹੀਆ[2] ਛਾਦਨੁ[3] ਨੀਕਾ॥ ਅਨਾਜ ਮਗਉ ਸਤ ਸੀ ਕਾ[4]॥੧॥
> ਗਊ ਭੈਸ ਮਗਉ ਲਾਵੇਰੀ॥ ਇਕ ਤਾਜਨਿ[5] ਤੁਰੀ ਚੰਗੇਰੀ॥
> ਘਰ ਕੀ ਗੀਹਨਿ[6] ਚੰਗੀ॥ ਜਨੁ ਧੰਨਾ ਲੇਵੈ ਮੰਗੀ॥੨॥੪॥ *(ਧਨਾਸਰੀ, ਪੰਨਾ ੬੯੫)*

ਭਾਵ, ਹੇ ਭਗਵਾਨ! ਮੈਂ ਤੇਰੀ ਆਰਤੀ ਕਰਦਾ ਹਾਂ। ਜੋ ਪੁਰਸ਼ ਤੇਰੀ ਭਗਤੀ ਕਰਦੇ ਹਨ, ਤੂੰ ਉਨ੍ਹਾਂ ਦੇ ਕੰਮ ਸੁਆਰਦਾ ਹੈਂ। ਸਰੀਰਕ ਜੀਵਨ ਨੂੰ ਕਾਇਮ ਰੱਖਣ ਲਈ ਮੈਂ ਤੈਥੋਂ ਆਟਾ, ਦਾਲ ਤੇ ਘਿਉ ਮੰਗਦਾ ਹਾਂ। ਮੈਂ ਇਸੇ 'ਤੇ ਪ੍ਰਸੰਨ ਹਾਂ। ਮੇਰੇ ਪਾਸ ਜੁੱਤੀ ਤੇ ਕੱਪੜਾ ਵੀ ਹੋਣਾ ਚਾਹੀਦਾ ਹੈ। ਅਨਾਜ ਸੱਤਾਂ ਸੀਆਂ ਦਾ ਹੋਵੇ, ਗਊ ਜਾਂ ਮਹਿੰ ਲਵੇਰੀ ਤੇ ਸਵਾਰੀ ਲਈ ਘੋੜੀ ਭੀ ਚਾਹੀਦੀ ਹੈ। ਇਸਤਰੀ ਚੰਗੀ ਹੋਵੇ। ਇਹ ਵਸਤਾਂ ਧੰਨਾ ਤੈਥੋਂ ਮੰਗਦਾ ਹੈ।

ਭਗਤ ਧੰਨਾ ਜੀ ਨੇ ਇਸ ਸ਼ਬਦ ਵਿਚ ਮਨੁੱਖ-ਜੀਵਨ ਦੀ ਇਕ ਅਸਲੀਅਤ ਨੂੰ ਬਿਆਨ ਕੀਤਾ ਹੈ। ਉਨ੍ਹਾਂ ਨੇ ਦੱਸਿਆ ਹੈ ਕਿ ਆਤਮਿਕ ਉੱਨਤੀ ਦੇ ਨਾਲ ਮਨੁੱਖ ਦੀਆਂ ਮੁੱਢਲੀਆਂ ਸਰੀਰਕ ਲੋੜਾਂ ਵੀ ਪੂਰੀਆਂ ਹੋਣੀਆਂ ਚਾਹੀਦੀਆਂ ਹਨ।

---

੧. ਆਟਾ। ੨. ਜੁੱਤੀ। ੩. ਕੱਪੜੇ। ੪. ਸੱਤਾਂ ਸੀਆਂ ਦਾ ਪੈਦਾ ਕੀਤਾ। ੫. ਚੰਗੀ ਘੋੜੀ। ੬. ਇਸਤਰੀ।

ਗਿਆਨੀ ਸਰੂਪ ਸਿੰਘ ਕਡਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕਡਿਆਣਾ ਤਹਿ: ਫਿਲੌਰ (ਜਲੰਧਰ)

# ਜੀਵਨ ਸ੍ਰੀ ਜੈ ਦੇਵ ਜੀ

ਭਗਤੀ ਦੀ ਜੋ ਲਹਿਰ ਦੱਖਣ 'ਚੋਂ ਉੱਠੀ, ਜਿਸ ਨੇ ਉੱਤਰੀ ਭਾਰਤ ਵਿਚ ਸ੍ਰੀ ਰਾਮਾਨੰਦ, ਭਗਤ ਕਬੀਰ ਜੀ ਤੇ ਸ੍ਰੀ ਰਵਿਦਾਸ ਜੀ ਪੈਦਾ ਕੀਤੇ, ਉਸ ਦਾ ਪ੍ਰਭਾਵ ਪੂਰਬੀ ਭਾਰਤ 'ਤੇ ਵੀ ਪਿਆ। ਪ੍ਰੇਮ-ਭਗਤੀ ਦੀ ਜੋ ਮਧੁਰ ਬੀਣਾ ਵੱਜ ਰਹੀ ਸੀ, ਵਿਦਿਆਪਤੀ ਤੇ ਸ੍ਰੀ ਜੈ ਦੇਵ ਜੀ ਨੇ ਉਸ ਵਿਚ ਆਪਣੀ ਸੁਰ ਮਿਲਾਈ। ਬੰਗਾਲ ਨੂੰ ਅੱਜ 'ਗਾ ਰਹੇ ਪੰਛੀਆਂ ਦਾ ਆਲ੍ਹਣਾ' ਕਿਹਾ ਜਾਂਦਾ ਹੈ। ਇਸ ਪ੍ਰਾਂਤ ਵਿਚ ਭਗਤੀ, ਕਾਵਿ, ਰਾਗ, ਪੁਰਾਤਨ ਸਭਿਅਤਾ ਦਾ ਕੋਈ ਨਿਸ਼ਾਨ ਜਾਂ ਜੀਵਨ ਦਾ ਰਸ ਪਾਇਆ ਜਾਂਦਾ ਹੈ ਤਾਂ ਉਸ ਵਿਚ ਸ੍ਰੀ ਜੈ ਦੇਵ ਵਰਗੇ ਕਵੀ-ਭਗਤ ਦਾ ਵੀ ਹਿੱਸਾ ਹੈ।

ਸ੍ਰੀ ਜੈ ਦੇਵ ਜੀ ਕਦੋਂ ਹੋਏ ਹਨ ? ਇਸ ਸੰਬੰਧੀ ਇਤਿਹਾਸਕਾਰਾਂ ਦਾ ਮੱਤ-ਭੇਦ ਹੈ। ਕਈ ਲੇਖਕ ਇਨ੍ਹਾਂ ਨੂੰ ਰਾਮਾਨੰਦ ਜੀ ਤੋਂ ਕੁਝ ਚਿਰ ਪਹਿਲੇ ਹੋਇਆ ਮੰਨਦੇ ਹਨ, ਭਾਵ ਪੰਦਰ੍ਹਵੀਂ ਸਦੀ ਵਿਚ। ਰਾਧਾ ਕ੍ਰਿਸ਼ਨ ਦਾਸ ਜੀ ਨੇ ਆਪਣੀ ਪੁਸਤਕ *ਭਗਤ ਨਾਮਾਵਲੀ* ਵਿਚ ਭਗਤ ਜੀ ਦੇ ਮਾਤਾ ਪਿਤਾ ਦਾ ਸੰਮਤ ੧੦੨੫ ਈਸਵੀ ਤੋਂ ੧੦੫੦ ਈਸਵੀ (੧੦੯੨ ਬਿ: ਤੋਂ ੧੧੦੭) ਦਿੱਤਾ ਹੈ।

ਭਗਤ ਜੈ ਦੇਵ ਜੀ ਦਾ ਜਨਮ ਪਿੰਡ ਕੇਂਦੂਲੀ ਪਰਗਨਾ ਬੀਰ ਭੂਮ (ਬੰਗਾਲ) ਵਿਖੇ ਹੋਇਆ। ਇਨ੍ਹਾਂ ਦੇ ਪਿਤਾ ਦਾ ਨਾਮ ਭੋਜ ਦੇਵ ਤੇ ਮਾਤਾ ਦਾ ਨਾਮ ਬਾਮ ਦੇਵੀ ਸੀ। ਇਹ ਖ਼ਾਨਦਾਨ ਕਨੌਜੀ ਬ੍ਰਾਹਮਣਾਂ ਦਾ ਸੀ। ਜੈ ਦੇਵ ਦਾ ਬਚਪਨ ਪਿੰਡ ਵਿਚ ਹੀ ਗੁਜ਼ਰਿਆ। ਮਾਪਿਆਂ ਨੇ ਛੋਟੀ ਉਮਰੇ ਹੀ ਆਪ ਨੂੰ ਸੰਸਕ੍ਰਿਤ ਪੜ੍ਹਨ ਲਈ ਪਾਇਆ। ਇਸ ਲਈ ਜਵਾਨੀ ਤਕ ਆਪ ਸੰਸਕ੍ਰਿਤ ਦੇ ਚੰਗੇ ਵਿਦਵਾਨ ਹੋ ਗਏ। ਕਾਵਯ ਤੇ ਰਾਗ ਵੱਲ ਆਪ ਦੀ ਖ਼ਾਸ ਰੁਚੀ ਸੀ। *ਭਗਤ ਮਾਲ* ਦੇ ਕਰਤਾ ਨੇ ਆਪ ਨੂੰ ਕਾਵਯ ਦਾ ਅਵਤਾਰ ਤੇ ਰਾਗ ਦਾ ਖ਼ਜ਼ਾਨਾ ਲਿਖਿਆ ਹੈ। ਆਪ ਦੇ ਸ਼ੁਭ ਗੁਣਾਂ ਦੀ ਵਾਸ਼ਨਾ ਹਰ ਪਾਸੇ ਖਿੱਲਰ ਚੁੱਕੀ ਸੀ। ਇਸ ਲਈ ਬੰਗਾਲ ਦੇ ਰਾਜਾ ਲਛਮਨ ਸੈਨ ਨੇ ਆਪ ਨੂੰ ਦਰਬਾਰੀ ਕਵੀਆਂ ਵਿਚ ਸ਼ਾਮਲ ਕਰ ਲਿਆ। ਉਸ ਦੇ ਦਰਬਾਰ ਵਿਚ ਪੰਜ 'ਕਵੀ-ਰਤਨ' ਸਨ, ਜਿਨ੍ਹਾਂ ਵਿਚੋਂ ਜੈ ਦੇਵ ਜੀ ਇਕ ਸਨ।

ਰਾਜ ਦਰਬਾਰ ਦੇ ਕਵੀ ਹੋਣ ਦੇ ਬਾਵਜੂਦ ਆਪ ਅਤੀਤ ਤੇ ਫ਼ਕੀਰੀ ਸੁਭਾਵ ਦੇ ਸਨ। ਇਸ ਲਈ ਸਭ ਕੁਝ ਛੱਡ ਕੇ ਫ਼ਕੀਰੀ ਬਾਣੇ ਵਿਚ ਦੇਸ਼-ਦੇਸ਼ਾਂਤਰਾਂ ਦੀ ਯਾਤਰਾ ਕਰਨ ਲਈ ਟੁਰ ਪਏ। ਗਲ ਖਫ਼ਣੀ ਤੇ ਹੱਥ ਵਿਚ ਚਿੱਪੀ ਰੱਖਦੇ ਸਨ। ਆਪ ਕਵੀ ਸਨ, ਇਸ ਲਈ ਕੁਦਰਤੀ ਨਜ਼ਾਰਿਆਂ ਨੂੰ ਵੇਖ ਕੇ ਭਗਤੀ ਦੇ ਰੰਗ ਵਿਚ ਖੀਵੇ ਹੋ, ਆਪਣੀ ਮਨ-ਤਰੰਗਾਂ ਨੂੰ ਕਾਵਯ ਦੇ ਰੂਪ ਵਿਚ ਅੰਕਿਤ ਕਰਦੇ ਸਨ।

ਸ੍ਰੀ ਜੈ ਦੇਵ ਜੀ ਇਤਨੇ ਵੈਰਾਗੀ ਸਨ ਕਿ ਇਕ ਰਾਤ ਤੋਂ ਵਧੇਰੇ ਕਿਸੇ ਬ੍ਰਿਛ

ਤਲੇ ਵੀ ਨਹੀਂ ਠਹਿਰਦੇ ਸਨ। ਜਵਾਨੀ ਦੀ ਉਮਰ ਤੇ ਉਸ ਵਿਚ ਪ੍ਰਧਾਨਤਾ ਭਗਤੀ ਅਤੇ ਵੈਰਾਗ ਦੀ, ਅਜਿਹੀ ਉੱਚੀ ਅਵਸਥਾ ਦਾ ਅਨੁਮਾਨ ਕੌਣ ਲਾ ਸਕਦਾ ਹੈ? ਜਿਸ ਤਰ੍ਹਾਂ ਪਾਣੀ ਨਿਵਾਣ ਨੂੰ ਜਾਂਦਾ ਹੈ, ਜਵਾਨੀ ਵਿਚ ਮਨ ਵਧੇਰੇ ਨੀਵੇਂ ਪਾਸੇ ਜਾਂਦਾ ਹੈ, ਭਾਵ, ਵਿਸ਼ੇ-ਵਿਕਾਰਾਂ ਵਿਚ ਲੀਨ ਹੁੰਦਾ ਹੈ। ਉਸ ਪੁਰਸ਼ ਨੂੰ ਵਡਭਾਗੀ ਸਮਝਣਾ ਚਾਹੀਦਾ ਹੈ, ਜਿਸ ਦਾ ਮਨ ਇਸ ਉਮਰੇ ਪਰਮਾਰਥ ਵੱਲ ਲੱਗ ਜਾਵੇ।

ਸ੍ਰੀ ਜੈ ਦੇਵ ਜੀ ਦੇਸ਼ਾਂਟਨ ਤੇ ਤੀਰਥਾਂ ਦੀ ਯਾਤਰਾ ਕਰਦੇ ਹੋਏ ਜਗਨਨਾਥ ਪੁਰੀ ਪੁੱਜੇ। ਇਹ ਅਸਥਾਨ ਵੈਸ਼ਨਵ ਮਹਾਤਮਾਂ ਦਾ ਬੜਾ ਪੂਜਨੀਕ ਅਸਥਾਨ ਤੇ ਹਿੰਦੂ ਧਰਮ ਦਾ ਕੇਂਦਰ ਹੈ। ਇਥੇ ਇਕ ਅਗਨੀਹੋਤਰੀ ਬ੍ਰਾਹਮਣ ਨੇ ਆਪਣੀ ਲੜਕੀ ਪਦਮਾਵਤੀ ਦੀ ਸ਼ਾਦੀ ਸ੍ਰੀ ਜੈ ਦੇਵ ਜੀ ਨਾਲ ਕਰਨੀ ਚਾਹੀ। ਲੜਕੀ ਬੜੀ ਸੁੰਦਰ, ਗੁਣਵਾਨ ਤੇ ਸ਼ੀਲਵੰਤ ਸੀ। ਪਰ ਜੈ ਦੇਵ ਜੀ ਨੂੰ ਬੜਾ ਤੀਬਰ ਵੈਰਾਗ ਸੀ, ਇਸ ਲਈ ਉਨ੍ਹਾਂ ਨੇ ਪਦਮਾਵਤੀ ਨਾਲ ਸ਼ਾਦੀ ਕਰਨ ਤੋਂ ਇਨਕਾਰ ਕਰ ਦਿੱਤਾ। ਬ੍ਰਾਹਮਣ ਨੇ ਦਿਲ ਵਿਚ ਧਾਰ ਲਈ ਕਿ ਮੈਂ ਲੜਕੀ ਜੈ ਦੇਵ ਨੂੰ ਹੀ ਦੇਣੀ ਹੈ। ਪਰ ਉਹ ਸ਼ਾਦੀ ਲਈ ਤਿਆਰ ਨਹੀਂ ਸਨ।

ਜਦ ਪੰਡਤ ਨੇ ਬਹੁਤ ਜ਼ੋਰ ਪਾਇਆ ਤਾਂ ਸ੍ਰੀ ਜੈ ਦੇਵ ਜੀ ਨੇ ਉਸ ਨੂੰ ਉੱਤਰ ਦਿੱਤਾ, "ਆਪ ਆਪਣੀ ਲੜਕੀ ਕਿਸੇ ਧਨਾਢ ਜਾਂ ਅਮੀਰ ਆਦਮੀ ਨੂੰ ਦਿਉ, ਮੇਰੇ ਜਿਹੇ ਅਤੀਤ ਤੇ ਧਨਹੀਣ ਪੁਰਸ਼ ਨੂੰ ਦੇਣ ਦੀ ਕੀ ਲੋੜ ਹੈ?"

ਪੰਡਤ—ਇਹ ਭਗਵਾਨ ਦੀ ਮਰਜ਼ੀ ਹੈ, ਮੇਰਾ ਇਸ ਵਿਚ ਕੀ ਵੱਸ ਹੈ?

ਅਖ਼ੀਰ ਵਿਚ ਬ੍ਰਾਹਮਣ ਨੇ ਪਦਮਾ ਨੂੰ ਕਿਹਾ, "ਬੇਟੀ! ਮੈਂ ਦਿਲੋਂ ਸੰਕਲਪ ਕਰ ਚੁੱਕਾ ਹਾਂ ਕਿ ਤੇਰੀ ਸ਼ਾਦੀ ਸ੍ਰੀ ਜੈ ਦੇਵ ਨਾਲ ਕਰ ਦਿਆਂ, ਇਸ ਲਈ ਪੁੱਤਰੀ, ਤੂੰ ਇਨ੍ਹਾਂ ਦੀ ਸੇਵਕਾ ਹੋ ਗਈ ਹੈਂ। ਮੈਂ ਤੈਨੂੰ ਆਪਣੇ ਵੱਲੋਂ ਇਨ੍ਹਾਂ ਦੇ ਲੜ ਲਾ ਦਿੱਤਾ ਹੈ।" ਇਹ ਆਖ ਕੇ ਉਹ ਪਦਮਾ ਨੂੰ ਸ੍ਰੀ ਜੈ ਦੇਵ ਜੀ ਦੇ ਪਾਸ ਛੱਡ ਕੇ ਚਲਾ ਗਿਆ।

ਸ੍ਰੀ ਜੈ ਦੇਵ ਜੀ ਨੇ ਪਦਮਾ ਨੂੰ ਕਿਹਾ, "ਮੇਰੇ ਮਨ ਵਿਚ ਭਗਤੀ ਤੇ ਵੈਰਾਗ ਦੀ ਪ੍ਰਧਾਨਤਾ ਹੈ। ਮੇਰੇ ਪਾਸੋਂ ਗ੍ਰਿਹਸਤ ਸ਼ਾਇਦ ਨਾ ਨਿਭ ਸਕੇ। ਤੇਰੇ ਗੁਜ਼ਾਰੇ ਲਈ ਸਾਰੀਆਂ ਚੀਜ਼ਾਂ ਚਾਹੀਦੀਆਂ ਹਨ। ਕੱਲ੍ਹ ਨੂੰ ਸੰਤਾਨ ਹੋ ਪਵੇਗੀ। ਈਸ਼ਵਰ ਦੀ ਭਗਤੀ ਵਿਚ ਵਿਘਨ ਪਵੇਗਾ, ਇਸ ਲਈ ਮੈਂ ਚਾਹੁੰਦਾ ਹਾਂ ਤੂੰ ਵੀ ਔਖੀ ਨਾ ਹੋਵੇਂ, ਤੇ ਮੈਂ ਵੀ ਆਪਣੇ ਆਦਰਸ਼ ਤੋਂ ਡੋਲ ਨਾ ਜਾਵਾਂ।"

ਪਦਮਾਵਤੀ—ਸਵਾਮੀ! ਜਦ ਮੇਰੇ ਪਿਤਾ ਨੇ ਦਿਲੋਂ ਸੰਕਲਪ ਕਰ ਲਿਆ ਕਿ ਮੈਂ ਆਪ ਦੀ ਅਰਧੰਗੀ ਹਾਂ ਤਾਂ ਮੈਂ ਵੀ ਆਪ ਦੀ ਦਿਲੋਂ ਬਣ ਚੁੱਕੀ ਹਾਂ। ਹੁਣ ਹੋਰ ਕਿਸੇ ਨਾਲ ਸ਼ਾਦੀ ਨਹੀਂ ਕਰਨੀ। ਆਪ ਦੇ ਚਰਨਾਂ ਵਿਚ ਰਹਿ ਕੇ ਜੀਵਨ ਬਤੀਤ ਕਰਨਾ ਹੈ। ਮੇਰੀ ਸੇਵਾ ਨੂੰ ਪ੍ਰਵਾਨ ਕਰੋ ਤਾਂ ਅਹੋ ਭਾਗ! ਬਾਕੀ ਰਹੀ ਆਪ ਦੀ ਭਗਤੀ ਤੇ ਵੈਰਾਗ ਦੀ ਗੱਲ, ਪੂਜਨੀਕ ਪਤੀ, ਮੈਂ ਇਸ ਵਿਚ ਵਿਘਨ ਨਹੀਂ ਪਾਵਾਂਗੀ। ਹੋ ਸਕਿਆ ਤਾਂ ਆਪ ਦੀ ਸਹਾਇਤਾ ਕਰਾਂਗੀ। ਜਿਸ ਤਰ੍ਹਾਂ ਆਪ ਆਗਿਆ ਕਰੋਗੇ, ਮੈਂ ਉਸੇ ਤਰ੍ਹਾਂ ਦਾ ਜੀਵਨ ਗੁਜ਼ਾਰਾਂਗੀ।

ਪਦਮਾ ਦੇ ਇਹ ਬਚਨ ਸੁਣ ਕੇ ਸ੍ਰੀ ਜੈ ਦੇਵ ਜੀ ਨੂੰ ਬੜੀ ਖ਼ੁਸ਼ੀ ਹੋਈ। ਉਨ੍ਹਾਂ ਨੇ ਉਸ ਨਾਲ ਸ਼ਾਦੀ ਕਰ ਲਈ। ਇਹ ਦੋਵੇਂ ਜੀਅ ਪ੍ਰੇਮ-ਭਗਤੀ ਤੇ ਸਾਧੂ ਸੇਵਾ ਵਿਚ ਜੀਵਨ ਬਤੀਤ ਕਰਨ ਲੱਗ ਪਏ। ਪਿੰਡੋਂ ਬਾਹਰ ਕੱਖਾਂ ਦੀ ਇਕ ਝੁੱਗੀ ਪਾ ਲਈ,

ਉਸ ਵਿਚ ਹੀ ਨਿਵਾਸ ਕਰਦੇ ਸਨ।

ਹੁਣ ਤੀਕ ਸ੍ਰੀ ਜੈ ਦੇਵ ਜੀ ਦੇ ਮਨ ਵਿਚ ਵੈਰਾਗ ਦੀ ਧਾਰਾ ਬੜੇ ਵੇਗ ਨਾਲ ਚੱਲ ਰਹੀ ਸੀ। ਵੈਰਾਗ ਮਨੁੱਖ ਦੀ ਸੁਰਤਿ ਨੂੰ ਬਹੁਤ ਤੇਜ਼ੀ ਨਾਲ ਇਕ ਪਾਸੇ ਲਿਜਾਂਦਾ ਹੈ। ਆਦਰਸ਼-ਪ੍ਰਾਪਤੀ ਲਈ ਮਨੁੱਖ ਬਿਹਬਲ ਹੋ ਉੱਠਦਾ ਹੈ। ਵੈਰਾਗ ਉਹ ਨਿਰਮਲ ਵਹਿਣ ਹੈ, ਜਿਸ ਰਾਹੀਂ ਮਨ ਦੀ ਮੈਲ ਧੋਤੀ ਜਾਂਦੀ ਹੈ। ਪਦਮਾਵਤੀ ਦੇ ਸੰਜੋਗ ਨੇ ਵੈਰਾਗ ਦੇ ਨਾਲ ਪ੍ਰੇਮ ਭੀ ਪੈਦਾ ਕਰ ਦਿੱਤਾ। ਵੈਰਾਗ ਉੱਚੀ ਲਗਨ ਪੈਦਾ ਕਰਦਾ ਹੈ, ਪ੍ਰੇਮ ਜੀਵਨ ਵਿਚ ਰਸ ਪੈਦਾ ਕਰ ਦਿੰਦਾ ਹੈ। ਉਸ ਆਤਮ-ਰਸ ਦੀ ਅਵਸਥਾ ਵਿਚ ਹੀ ਸ੍ਰੀ ਜੈ ਦੇਵ ਜੀ ਨੇ ਸੰਸਕ੍ਰਿਤ ਵਿਚ ਕਈ ਕਵਿਤਾਵਾਂ ਲਿਖੀਆਂ। *ਚੰਦਰ ਲੋਕ* ਤੇ *ਰਸਨਾ ਰਾਘਵ* ਦੋ ਗ੍ਰੰਥ ਲਿਖੇ ਹਨ, ਪਰ ਜਿਸ ਰਚਨਾ ਨੇ ਸ੍ਰੀ ਜੈ ਦੇਵ ਜੀ ਨੂੰ ਪ੍ਰਸਿੱਧ ਤੇ ਅਮਰ ਕਵੀ ਬਣਾ ਦਿੱਤਾ, ਉਹ ਹੈ *ਗੀਤ ਗੋਬਿੰਦ*। ਇਹ ਗ੍ਰੰਥ ਆਪ ਨੇ ਗ੍ਰਿਹਸਤੀ ਹੋਣ ਤੋਂ ਬਾਅਦ ਲਿਖਿਆ। ਇਸ ਵਿਚ ਕ੍ਰਿਸ਼ਨ-ਚਰਿੱਤ੍ਰ ਵਰਣਨ ਕੀਤਾ ਹੈ।

ਇਤਿਹਾਸ ਵਿਚ ਲਿਖਿਆ ਹੈ ਕਿ ਜਿਸ ਵਕਤ ਸ੍ਰੀ ਜੈ ਦੇਵ ਜੀ *ਗੀਤ ਗੋਬਿੰਦ* ਲਿਖ ਰਹੇ ਸਨ ਤਾਂ ਇਕ ਦਿਨ ਆਪ ਨੇ ਇਕ ਛੰਦ ਦੇ ਤਿੰਨ ਪਾਦ ਪੂਰੇ ਲਿਖ ਲਏ, ਪਰ ਇਕ ਨਾ ਲਿਖਿਆ ਗਿਆ। ਛੰਦ ਨੂੰ ਅਪੂਰਨ ਹੀ ਛੋੜ ਕੇ ਇਸ਼ਨਾਨ ਕਰਨ ਲਈ ਚਲੇ ਗਏ। ਦਿਲ ਵਿਚ ਬਹੁਤ ਸੋਚਦੇ ਸਨ ਪਰ ਫੁਰਦਾ ਕੁਝ ਨਹੀਂ ਸੀ। ਕਹਿੰਦੇ ਹਨ ਕਿ ਭਗਵਾਨ ਸ੍ਰੀ ਜੈ ਦੇਵ ਜੀ ਦਾ ਰੂਪ ਧਾਰ ਕੇ ਆਏ। *ਗੀਤ ਗੋਬਿੰਦ* ਵਿਚ ਉਨ੍ਹਾਂ ਨੇ ਇਹ ਪਾਦ ਲਿਖਿਆ:

**ਸਮਰ ਗਰਲ ਖੰਡਨੰ ਮਮ ਸ਼ਿਰਸਿ ਮੰਡਨੰ**
**ਦੇਹਿ ਪਾਦ ਪੱਲਵਮੁਦਾਰਮ।**

ਭਾਵ, ਹੇ ਪ੍ਰਿਅ! ਕਾਮ ਦਾ ਵਿਸ ਖੰਡਨ ਕਰਨ ਵਾਲੇ ਮੇਰੇ ਮਸਤਕ ਦੇ ਭੂਸ਼ਣ, ਆਪਣੇ ਉੱਦਾਰ ਚਰਨ ਕੰਵਲ ਮੇਰੇ ਸੀਸ ਉਪਰ ਰੱਖ ਦੇਹ।[੧]

ਜਦ ਸ੍ਰੀ ਜੈ ਦੇਵ ਜੀ ਇਸ਼ਨਾਨ ਕਰ ਕੇ ਘਰ ਮੁੜ ਆਏ ਤਾਂ *ਗੀਤ ਗੋਬਿੰਦ* ਦਾ ਛੰਦ ਸੰਪੂਰਨ ਦੇਖ ਕੇ ਬੜੇ ਹੈਰਾਨ ਹੋਏ। ਪਦਮਾਵਤੀ ਨੂੰ ਪੁੱਛਣ ਲੱਗੇ—ਕਿਉਂ ਜੀ, ਇਹ ਪਾਦ ਕਿਸ ਲਿਖਿਆ ਹੈ?

ਪਦਮਾਵਤੀ—ਸਵਾਮੀ ਜੀ! ਹੁਣੇ ਤੁਸੀਂ ਆਪ ਆ ਕੇ ਲਿਖ ਗਏ ਹੋ। ਮੈਨੂੰ ਪੁੱਛਦੇ ਹੋ ਕਿ ਕਿਸ ਲਿਖਿਆ ਹੈ?

ਇਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ:

**ਪ੍ਰੇਮ ਭਗਤਿ ਜੈ ਦੇਉ ਕਰ ਗੀਤ ਗੋਵਿੰਦ ਸਹਜ ਧੁਨਿ ਗਾਵੈ।**
**ਲੀਲ੍ਹਾ ਚਲਿਤ ਵਖਾਣਦਾ ਅੰਤਰਜਾਮੀ ਠਾਕੁਰ ਭਾਵੈ।**
**ਅਖਰ ਇਕ ਨ ਆਵੜੈ ਪੁਸਤਕ ਬੰਨ੍ਹ ਸੰਧਿਆ ਕਰ ਆਵੈ।**
**ਗੁਣ ਨਿਧਾਨ ਘਰ ਆਇਕੈ ਭਗਤ ਰੂਪ ਲਿਖ ਲੇਖ ਬਣਾਵੈ।**
**ਅਖਰ ਪੜ੍ਹ ਪਰਤੀਤ ਕਰ ਹੁਇ ਵਿਸਮਾਦ ਨ ਅੰਗ ਸਮਾਵੈ।**

---

੧. *ਟੀਕਾ ਭਗਤ ਮਾਲ*, ਹਿੰਦੀ, ਪੰਨਾ ੩੫੪।

ਵੇਖੇ ਜਾਇ ਉਜਾੜ ਵਿਚ ਕਿਰਖ ਇਕ ਆਚਰਜ ਸੁਹਾਵੈ।
ਗੀਤ ਗੋਵਿੰਦ ਸੰਪੂਰਣੋ ਪਤੁ ਪਤੁ ਲਿਖਿਆ ਅੰਤ ਨ ਪਾਵੈ।
ਭਗਤ ਹੇਤ ਪ੍ਰਗਾਸ ਕਰ ਹੋਇ ਦਇਆਲ ਮਿਲੈ ਗਲ ਲਾਵੈ।
ਸੰਤ ਅਨੰਤ ਨ ਭੇਦ ਗਣਾਵੈ। *(ਵਾਰ ੧੦–੧੦)*

ਸ੍ਰੀ ਜੈ ਦੇਵ ਜੀ ਵਿਸਮਾਦ ਵਿਚ ਸਨ। ਉਨ੍ਹਾਂ ਨੂੰ ਨਿਸਚਾ ਹੋ ਗਿਆ ਕਿ ਇਹ ਕੰਮ ਭਗਵਾਨ ਨੇ ਕੀਤਾ ਹੈ। ਭਾਈ ਸਾਹਿਬ ਜੀ ਦੇ ਬਚਨਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਜੈ ਦੇਵ ਜੀ ਕ੍ਰਿਸ਼ਨ ਜੀ ਨੂੰ ਈਸ਼ਵਰ ਸਮਝ ਕੇ ਉਨ੍ਹਾਂ ਦੀ ਲੀਲ੍ਹਾ ਤੇ ਚਰਿਤ੍ਰ ਲਿਖਦੇ ਰਹੇ। ਉਸ ਵਿਚ ਮਨੁੱਖ ਜੀਵਨ ਦੇ ਕਈ ਚਿੱਤਰ ਅਪੂਰਨ ਵੀ ਸਨ। ਸੁਭਾਵਕ ਕਮਜ਼ੋਰੀਆਂ ਭੀ ਸਨ ਪਰ ਜਦ ਅੰਤ੍ਰੀਵ ਅੱਖਾਂ ਖੁੱਲ੍ਹ ਗਈਆਂ ਤਾਂ ਭਗਤ ਜੀ ਨੂੰ ਹਰ ਪਾਸੇ ਈਸ਼ਵਰ ਦੀ ਜੋਤ ਨਜ਼ਰ ਆਈ। *ਗੀਤ ਗੋਬਿੰਦ* ਲਿਖ ਕੇ ਉਨ੍ਹਾਂ ਦਾ ਖ਼ਿਆਲ ਸੀ ਕਿ ਮੈਂ ਭਗਵਾਨ ਦੇ ਗੁਣ ਕਥਨ ਕੀਤੇ ਹਨ। ਲੀਲ੍ਹਾ ਲਿਖੀ ਹੈ। ਪਰ ਜਦ ਸੁੱਤਾ ਮਨ ਜਾਗ ਪਿਆ, ਅੰਤਰ ਆਤਮੇ ਪ੍ਰਕਾਸ਼ ਹੋਇਆ ਤਾਂ ਉਨ੍ਹਾਂ ਨੂੰ ਪ੍ਰਤੀਤ ਹੋਇਆ ਕਿ ਬਨਸਪਤੀ ਦਾ ਪੱਤਾ ਪੱਤਾ ਵਾਹਿਗੁਰੂ ਦੇ ਗੁਣ ਗਾਉਂਦਾ ਹੈ। ਉਸ ਉਪਰ *ਗੀਤ ਗੋਬਿੰਦ* ਲਿਖਿਆ ਹੋਇਆ ਹੈ। ਆਤਮਿਕ ਉੱਨਤੀ ਦੀ ਇਹ ਵੀ ਇਕ ਮੰਜ਼ਲ ਹੈ, ਜਿਥੇ ਪੁੱਜ ਕੇ ਮਨੁੱਖ ਇਹ ਅਨੁਭਵ ਕਰਦਾ ਹੈ ਕਿ ਬ੍ਰਹਿਮੰਡ ਦੀ ਸਾਰੀ ਰਚਨਾ ਤੇ ਸਾਰੀਆਂ ਵਸਤਾਂ ਈਸ਼ਵਰ ਦੇ ਗੁਣ ਗਾ ਰਹੀਆਂ ਹਨ। ਜਿਹਾ ਕਿ ਬਾਣੀ ਵਿਚ ਆਇਆ ਹੈ:

ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ ਸੁਨਿ ਘਨਿਹਰ ਕੀ ਘੋਰ ॥੨॥
ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥੩॥
*(ਮਲਾਰ ਮ: ੪, ਪੰਨਾ ੧੨੬੫)*

*ਗੀਤ ਗੋਬਿੰਦ* ਸੰਸਕ੍ਰਿਤ ਕਾਵਿ ਦਾ ਸੁੰਦਰ ਨਮੂਨਾ ਹੈ। ਇਸ ਵਿਚ ਸ੍ਰੀ ਕ੍ਰਿਸ਼ਨ, ਰਾਧਾ ਤੇ ਹੋਰ ਗੋਪੀਆਂ ਦਾ ਪ੍ਰੇਮ ਕਥਨ ਕੀਤਾ ਹੈ। ਕਈ ਥਾਈਂ ਵਾਰਤਾਲਾਪ ਹੈ। ਇਸ ਦੇ ੨੯੦ ਸਲੋਕ ਤੇ ਛੰਦ ਅਤੇ ੧੨ ਸਰਗ ਹਨ। ਇਕ ਇਕ ਸਰਗ ਵਿਚ ਕਈ ਪ੍ਰਬੰਧ ਹਨ। ਗੂਜਰੀ, ਬਸੰਤ ਆਦਿਕ ਕਈ ਰਾਗ ਤੇ ਨਾਲ ਹੀ ਤਾਲ ਦਰਜ ਕੀਤੇ ਹਨ। *ਗੀਤ ਗੋਬਿੰਦ* ਦੇ ਆਰੰਭ ਵਿਚ ਪਹਿਲੇ ਦਸਾਂ ਅਵਤਾਰਾਂ ਦਾ ਮੰਗਲ ਕੀਤਾ ਹੈ। ਸੁਆਦਲੀ ਗੱਲ ਇਹ ਹੈ ਕਿ ਸ੍ਰੀ ਜੈ ਦੇਵ ਵੈਸ਼ਨਵ ਕਾਲ ਦੇ ਭਗਤ ਸਨ, ਪਰ ਆਪਣੇ ਗ੍ਰੰਥ ਦੇ ਮੰਗਲ ਵਿਚ ਮਹਾਤਮਾ ਬੁੱਧ ਦਾ ਜ਼ਿਕਰ ਵੀ ਕਰਦੇ ਹਨ। *ਗੀਤ ਗੋਬਿੰਦ* ਵਿਚ ਸ਼ਿੰਗਾਰ ਰਸ ਕਥਨ ਕੀਤਾ ਗਿਆ ਹੈ, ਇਸ ਲਈ ਆਮ ਲੋਕਾਂ ਵਿਚ ਭੀ ਇਸ ਦੀ ਕਵਿਤਾ ਬਹੁਤ ਪ੍ਰਵਾਨ ਹੋਈ।

ਗਊ ਚਰਾਂਦੇ ਗਵਾਲੇ ਤੇ ਬਾਗਾਂ ਵਿਚ ਫੁੱਲ ਚੁਣਦੀਆਂ ਮਾਲਨਾਂ ਇਸ ਨੂੰ ਗਾਉਂਦੀਆਂ ਸਨ। *ਭਗਤ ਮਾਲ* ਵਿਚ ਲਿਖਿਆ ਹੈ ਕਿ ਉਸ ਵਕਤ ਯਵਨ ਭੀ ਇਸ ਨੂੰ ਗਾਉਂਦੇ ਸਨ। ਇਸ ਨਾਂ ਦੀ ਇਕ ਹੋਰ ਪੁਸਤਕ ਪੰਡਤਾਂ ਨੇ ਬਣਾਈ ਤੇ ਰਾਜਾ ਦੇ ਪੇਸ਼ ਕੀਤੀ। ਪਰ ਉਹ ਜਗਨਨਾਥ ਦੇ ਮੰਦਰ ਵਿਚ ਪ੍ਰਵਾਨ ਨਾ ਕੀਤੀ ਗਈ। ਇਸ ਲਈ ਰਾਜੇ ਤੇ ਪੰਡਤਾਂ ਨੂੰ ਬਹੁਤ ਸ਼ਰਮਿੰਦਾ ਹੋਣਾ ਪਿਆ। *ਗੀਤ ਗੋਬਿੰਦ* ਦੇ ਭਜਨ ਜਗਨਨਾਥ ਦੇ ਮੰਦਰ ਵਿਚ ਗਾਏ ਜਾਂਦੇ ਹਨ।

*ਗੀਤ ਗੋਬਿੰਦ* ਦਾ ਅਨੁਵਾਦ ਹਿੰਦੀ, ਬੰਗਲਾ ਤੇ ਆਸਾਮੀ ਆਦਿ ਕਈ ਬੋਲੀਆਂ ਵਿਚ ਹੋ ਚੁੱਕਾ ਹੈ।

ਸ੍ਰੀ ਜੈ ਦੇਵ ਜੀ ਤੀਰਥਾਂ ਦੀ ਯਾਤਰਾ ਕਰਦੇ ਹੋਏ ਇਕ ਵੇਰ ਬ੍ਰਿੰਦਾਬਨ ਤੋਂ ਹੋ ਕੇ ਜੈਪੁਰ ਦੇਖਣ ਗਏ। ਉਥੋਂ ਦੇ ਰਾਜਾ ਨੇ ਆਪ ਨੂੰ ਸੱਦਾ-ਪੱਤਰ ਦਿੱਤਾ। ਇਸ ਸਫ਼ਰ ਵਿਚ ਜੈ ਦੇਵ ਜੀ ਨੂੰ ਰਾਹ ਵਿਚ ਠੱਗਾਂ ਦਾ ਇਕ ਟੋਲਾ ਮਿਲ ਪਿਆ, ਉਨ੍ਹਾਂ ਨੇ ਆਪ ਨੂੰ ਲੁੱਟਣਾ ਚਾਹਿਆ। ਜੈ ਦੇਵ ਨੇ ਖ਼ੁਸ਼ੀ ਨਾਲ ਆਪਣੀਆਂ ਸਾਰੀਆਂ ਵਸਤਾਂ ਉਨ੍ਹਾਂ ਨੂੰ ਦੇ ਦਿੱਤੀਆਂ। ਠੱਗਾਂ ਨੇ ਆਪ ਦੀ ਇਸ ਗੱਲ ਨੂੰ ਦੇਖ ਕੇ ਸ਼ੱਕ ਕੀਤਾ ਕਿ ਮਤਾਂ ਕਿਧਰੇ ਫੜਾ ਨਾ ਦੇਵੇ। ਇਹ ਸੋਚ ਕੇ ਉਨ੍ਹਾਂ ਨੇ ਤਜਵੀਜ਼ ਕੀਤੀ ਕਿ ਜੈ ਦੇਵ ਨੂੰ ਕਤਲ ਕਰ ਦਿੱਤਾ ਜਾਏ, ਪਰ ਵਿਚੋਂ ਕਈਆਂ ਨੇ ਕਿਹਾ ਕਿ ਜਾਨੋਂ ਕਾਹਨੂੰ ਮਾਰਨਾ ਹੈ? ਸਾਨੂੰ ਮਾਯਾ ਦੀ ਲੋੜ ਸੀ ਸੁ ਉਹ ਸਾਨੂੰ ਮਿਲ ਗਈ ਹੈ। ਹੁਣ ਕੇਵਲ ਹੱਥ ਪੈਰ ਵੱਢ ਕੇ ਖੂਹ ਵਿਚ ਸੁਟ ਦੇਣਾ ਹੀ ਕਾਫ਼ੀ ਹੈ। ਇਸ ਸਕੀਮ ਅਨੁਸਾਰ ਠੱਗਾਂ ਨੇ ਜੈ ਦੇਵ ਜੀ ਦੇ ਹੱਥ ਪੈਰ ਵੱਢੇ ਤੇ ਖੂਹ ਵਿਚ ਸੁੱਟ ਦਿੱਤਾ ਤੇ ਆਪ ਚੱਲਦੇ ਬਣੇ।

ਖੂਹ ਵਿਚ ਪਏ ਜੈ ਦੇਵ ਨੇ ਆਪਣੇ ਕਸ਼ਟਾਂ ਨੂੰ ਬੜੇ ਸਬਰ ਨਾਲ ਸਹਾਰਿਆ ਤੇ ਰੱਬ ਅੱਗੇ ਅਰਦਾਸ ਕੀਤੀ।

ਇਤਿਹਾਸ ਵਿਚ ਲਿਖਿਆ ਹੈ ਕਿ ਉਟਕਲ ਦੇ ਰਾਜਾ ਦਾ ਉਧਰੋਂ ਲੰਘਣਾ ਹੋਇਆ। ਜਦ ਉਸ ਨੂੰ ਪਤਾ ਲੱਗਾ ਕਿ ਜੈ ਦੇਵ ਖੂਹ ਵਿਚ ਪਿਆ ਹੈ ਤਾਂ ਉਸ ਨੇ ਝਟ ਪਟ ਆਪਣੇ ਆਦਮੀ ਖੂਹ ਵਿਚ ਉਤਾਰ ਕੇ ਆਪ ਨੂੰ ਬਾਹਰ ਕੱਢਿਆ ਤੇ ਪੁੱਛਿਆ, "ਮਹਾਰਾਜ! ਕਿਸ ਪਾਪੀ ਨੇ ਆਪ ਦੇ ਹੱਥ ਪੈਰ ਵੱਢ ਕੇ ਆਪ ਨੂੰ ਇਸ ਖੂਹ ਵਿਚ ਸੁੱਟਿਆ ਹੈ?"

ਜੈ ਦੇਵ—ਇਹ ਮੇਰੇ ਆਪਣੇ ਕਰਮਾਂ ਦਾ ਫਲ ਹੈ।

ਇਹ ਉੱਤਰ ਸੁਣ ਕੇ ਰਾਜਾ ਬੜਾ ਹੈਰਾਨ ਹੋਇਆ ਤੇ ਜੈ ਦੇਵ ਜੀ ਨੂੰ ਆਪਣੀ ਰਾਜਧਾਨੀ ਵਿਚ ਲੈ ਗਿਆ। ਉਥੇ ਜਾ ਕੇ ਉਸ ਨੇ ਆਪ ਦਾ ਬੜਾ ਸਤਿਕਾਰ ਕੀਤਾ, ਚੰਗੇ ਆਦਮੀ ਦੀ ਸੰਗਤ ਕਰ ਕੇ ਓਹ ਸੰਤ-ਸੇਵਕ ਬਣ ਗਿਆ। ਜੋ ਵੀ ਆਧਾਰੀ ਮਨੁੱਖ ਇਸ ਦੇ ਦਰ 'ਤੇ ਆਉਂਦਾ, ਖ਼ਾਲੀ ਨਹੀਂ ਜਾਂਦਾ ਸੀ। ਰਾਜਾ ਦੀ ਇਹ ਖ਼ੁਸ਼ਬੂ ਹਰ ਪਾਸੇ ਖਿੱਲਰ ਗਈ ਸੀ। ਇਸ ਲਈ ਉਹ ਠੱਗ ਵੀ ਸੰਤਾਂ ਵਾਲਾ ਬਾਣਾ ਧਾਰਨ ਕਰ ਕੇ ਆ ਗਏ, ਜਿਨ੍ਹਾਂ ਨੇ ਜੈ ਦੇਵ ਨੂੰ ਕਸ਼ਟ ਦਿੱਤਾ ਸੀ। ਜਦ ਇਨ੍ਹਾਂ ਠੱਗਾਂ ਦਾ ਮਿਲਾਪ ਜੈ ਦੇਵ ਨਾਲ ਹੋਇਆ ਤਾਂ ਆਪ ਉਨ੍ਹਾਂ ਨੂੰ ਇਉਂ ਮਿਲੇ ਜਿਵੇਂ ਕੋਈ ਪੁਰਾਣਾ ਬੇਲੀ ਮਿਲਦਾ ਹੈ। ਰਾਜਾ ਨੂੰ ਇਹ ਦੇਖ ਕੇ ਹੋਰ ਭੀ ਖ਼ੁਸ਼ੀ ਹੋਈ।

ਰਾਜਾ—ਇਨ੍ਹਾਂ ਨਵੇਂ ਆਏ ਮਹਾਤਮਾਂ ਨੂੰ ਜਾਣਦੇ ਹੋ?

ਜੈ ਦੇਵ—ਹਾਂ, ਇਹ ਬੜੀ ਸ਼ੁਭ ਕਰਣੀ ਵਾਲੇ ਹਨ।

ਇਹ ਸੁਣ ਕੇ ਰਾਜਾ ਬੜਾ ਪ੍ਰਸੰਨ ਹੋਇਆ ਤੇ ਠੱਗਾਂ ਨੂੰ ਭੀ ਮਹਾਤਮਾ ਸਮਝ ਕੇ ਰਾਜ-ਮਹਿਲਾਂ ਵਿਚ ਲੈ ਗਿਆ ਤੇ ਬੜੇ ਪ੍ਰੇਮ-ਸਤਿਕਾਰ ਨਾਲ ਸੇਵਾ ਕਰਨ ਲੱਗਾ।

ਭਾਵੇਂ ਜੈ ਦੇਵ ਜੀ ਦੇ ਮਨ ਵਿਚ ਠੱਗਾਂ ਦੇ ਵਿਰੁੱਧ ਕੋਈ ਘ੍ਰਿਣਾ ਨਹੀਂ ਸੀ, ਪਰ ਉਨ੍ਹਾਂ ਨੂੰ ਆਪਣਾ ਪਾਲਾ ਮਾਰ ਰਿਹਾ ਸੀ। ਕੁਝ ਦਿਨਾਂ ਪਿੱਛੋਂ ਉਨ੍ਹਾਂ ਨੇ ਵਿਦਾ ਮੰਗੀ। ਜਦ ਟੁਰਨ ਲੱਗੇ ਤਾਂ ਰਾਜਾ ਤੇ ਜੈ ਦੇਵ ਦੋਹਾਂ ਨੇ ਕਾਫ਼ੀ ਪੂਜਾ-ਭੇਟ ਚੜ੍ਹਾਈ। ਨਿਯਤ ਅਸਥਾਨ ਉਪਰ ਸੁੱਖ ਨਾਲ ਪੁੱਜਣ ਲਈ ਸਿਪਾਹੀ ਵੀ ਨਾਲ ਦਿੱਤੇ। ਜਦ

ਇਹ ਲੋਕ ਰਾਜਧਾਨੀ ਤੋਂ ਕੁਝ ਪੈਂਡਾ ਬਾਹਰ ਗਏ ਤਾਂ ਆਪਸ ਵਿਚ ਗੱਲ ਬਾਤ ਸ਼ੁਰੂ ਹੋਈ।

ਸਿਪਾਹੀ—ਸੰਤ ਜੀ! ਜੈ ਦੇਵ ਜੀ ਤੇ ਆਪ ਦਾ ਕੁਝ ਗੂੜ੍ਹਾ ਸੰਬੰਧ ਹੈ। ਉਨ੍ਹਾਂ ਆਪ ਦੀ ਬੜੀ ਸੇਵਾ ਕੀਤੀ ਹੈ। ਹੋਰ ਵੀ ਬਥੇਰੇ ਮਹਾਤਮਾਂ ਆਉਂਦੇ ਹਨ ਪਰ ਆਪ ਨਾਲ ਤਾਂ ਉਨ੍ਹਾਂ ਖ਼ਾਸ ਵਰਤਾਓ ਕੀਤਾ ਹੈ।

ਠੱਗ—ਇਸ ਵਿਚ ਕੁਝ ਗੁੱਝਾ ਭੇਦ ਹੈ ਪਰ ਦੱਸਣ ਦੀ ਲੋੜ ਨਹੀਂ, ਮੂੰਹੋਂ ਨਿਕਲੀ ਗੱਲ ਦੂਰ ਚਲੀ ਜਾਂਦੀ ਹੈ।

ਸਿਪਾਹੀ—ਮਹਾਤਮਾ ਜੀ! ਜ਼ਰੂਰ ਕ੍ਰਿਪਾ ਕਰੋ।

ਠੱਗ—ਗੁਪਤ ਗੱਲ ਦੱਸਣੀ ਤਾਂ ਨਹੀਂ ਸੀ ਪਰ ਤੁਸੀਂ ਜ਼ੋਰ ਦਿੰਦੇ ਹੋ, ਇਸ ਲਈ ਪ੍ਰਗਟ ਕਰਨੀ ਹੀ ਪਈ ਹੈ। ਅਸਲ ਗੱਲ ਇਹ ਹੈ ਕਿ ਜੈ ਦੇਵ ਤੇ ਅਸੀਂ ਇਕ ਰਾਜਾ ਦੇ ਨੌਕਰ ਸੀ। ਕਿਸੇ ਅਪਰਾਧ ਵਿਚ ਉਸ ਨੇ ਜੈ ਦੇਵ ਨੂੰ ਕਤਲ ਕਰ ਦੇਣ ਦਾ ਹੁਕਮ ਦੇ ਕੇ ਸਾਡੇ ਸਪੁਰਦ ਕੀਤਾ ਸੀ। ਅਸੀਂ ਉਸ ਨੂੰ ਜਾਨੋਂ ਮਾਰ ਦੇਣ ਦੀ ਬਜਾਏ ਹੱਥ ਪੈਰ ਵੱਢ ਕੇ ਖੂਹ ਵਿਚ ਸੁੱਟ ਦਿੱਤਾ ਸੀ, ਇਸ ਖ਼ਿਆਲ ਨਾਲ ਕਿ ਇਸ ਦੀ ਜਾਨ ਬਚ ਜਾਏ। ਇਸ ਅਹਿਸਾਨ ਦੇ ਬਦਲੇ ਉਸ ਨੇ ਸਾਡਾ ਸਤਿਕਾਰ ਕੀਤਾ ਹੈ।

ਰਵਾਇਤ ਹੈ ਕਿ ਜਦੋਂ ਉਹ ਲੋਕ ਝੂਠ ਬੋਲ ਰਹੇ ਸਨ ਤਾਂ ਉਨ੍ਹਾਂ ਦੇ ਪੈਰਾਂ ਹੇਠੋਂ ਧਰਤੀ ਫਟ ਗਈ ਤੇ ਇਹ ਪਾਪੀ ਵਿਚੇ ਨਿੱਘਰ ਗਏ।

ਜਦ ਸਿਪਾਹੀਆਂ ਨੇ ਵਾਪਸ ਆ ਕੇ ਇਸ ਘਟਨਾ ਦਾ ਜ਼ਿਕਰ ਜੈ ਦੇਵ ਜੀ ਨਾਲ ਕੀਤਾ ਤਾਂ ਉਨ੍ਹਾਂ ਅਫ਼ਸੋਸ ਕਰ ਕੇ ਹੱਥ ਮਲਣੇ ਸ਼ੁਰੂ ਕੀਤੇ ਤਾਂ ਦੇਵਨੇਤ ਨਾਲ ਆਪ ਦੇ ਹੱਥ ਨੌਂ-ਬਰ-ਨੌਂ ਹੋ ਗਏ। ਜਦ ਰਾਜਾ ਨੂੰ ਇਸ ਸਾਰੀ ਅਸਲੀਅਤ ਦਾ ਪਤਾ ਲੱਗਾ ਤਾਂ ਉਸ ਦੇ ਵਿਸ਼ਵਾਸ ਵਿਚ ਹੋਰ ਵਾਧਾ ਹੋ ਗਿਆ।

ਕੁਝ ਚਿਰ ਪਿੱਛੋਂ ਜੈ ਦੇਵ ਜੀ ਨੇ ਰਾਜਾ ਪਾਸੋਂ ਵਿਦਾਇਗੀ ਮੰਗੀ ਤਾਂ ਉਸ ਕਿਹਾ, "ਮਹਾਰਾਜ! ਆਪ ਦੇ ਚਰਨ ਪਾਉਣ ਨਾਲ ਮੇਰੀ ਸਾਰੀ ਰਾਜਧਾਨੀ ਤੇ ਪਰਜਾ ਸੁਧਰ ਗਈ ਹੈ, ਇਸ ਲਈ ਆਪ ਇਥੇ ਹੀ ਨਿਵਾਸ ਕਰੋ।" ਰਾਜਾ ਦੀ ਇਹ ਬੇਨਤੀ ਮੰਨ ਕੇ ਜੈ ਦੇਵ ਜੀ ਆਪਣੇ ਘਰ ਗਏ ਤੇ ਧਰਮ-ਪਤਨੀ ਨੂੰ ਨਾਲ ਲਿਆ ਕੇ ਮੁੜ ਵਾਪਸ ਆਏ। ਜੈ ਦੇਵ ਜੀ ਤੇ ਉਨ੍ਹਾਂ ਦੀ ਧਰਮ-ਪਤਨੀ ਦਾ ਆਪਸ ਵਿਚ ਬੜਾ ਗੂੜ੍ਹਾ ਪ੍ਰੇਮ ਸੀ। ਇਕ ਦਿਨ ਰਾਜ-ਮਹਿਲਾਂ ਵਿਚ ਰਾਣੀ ਨੇ ਸਾਜ਼ਿਸ਼ ਕਰ ਕੇ ਇਕ ਮਨੁੱਖ ਪਾਸੋਂ ਇਹ ਗੱਲ ਅਖਵਾਈ ਕਿ ਜੈ ਦੇਵ ਜੀ ਤਾਂ ਜੰਗਲ ਵਿਚ ਮਾਰੇ ਗਏ ਹਨ। ਜਦ ਇਹ ਗੱਲ ਉਨ੍ਹਾਂ ਦੀ ਧਰਮ-ਪਤਨੀ ਨੇ ਸੁਣੀ ਤਾਂ ਬੇਹੋਸ਼ ਹੋ ਕੇ ਡਿੱਗ ਪਈ, ਇਉਂ ਪ੍ਰਤੀਤ ਹੋਇਆ ਕਿ ਪਤੀ ਦੇ ਵਿਛੋੜੇ ਵਿਚ ਸੱਚਮੁੱਚ ਮਰ ਗਈ ਹੈ। ਇਹਦੀ ਹਾਲਤ ਦੇਖ ਕੇ ਰਾਣੀ ਨੂੰ ਬੜੀ ਚਿੰਤਾ ਹੋਈ, ਰਾਜਾ ਨੂੰ ਭੀ ਸਖ਼ਤ ਖ਼ੇਦ ਹੋਇਆ ਪਰ ਜਦ ਜੈ ਦੇਵ ਜੀ ਬਾਹਰੋਂ ਆਏ ਤਾਂ ਉਨ੍ਹਾਂ ਆਪਣੀ ਧਰਮ-ਪਤਨੀ ਨੂੰ ਬਾਹੋਂ ਫੜ ਕੇ ਹਿਲਾਇਆ ਤਾਂ ਉਹ ਸੁਰਜੀਤ ਹੋ ਗਈ।

ਇਸ ਸਾਖੀ ਤੋਂ ਸਾਬਤ ਹੁੰਦਾ ਹੈ ਕਿ ਸ੍ਰੀ ਜੈ ਦੇਵ ਜੀ ਜਿਥੇ ਈਸ਼ਵਰ ਦੇ ਪਰਮ ਭਗਤ ਸਨ, ਉਥੇ ਆਦਰਸ਼ਕ ਗ੍ਰਿਹਸਤੀ ਵੀ ਸਨ। ਉਨ੍ਹਾਂ ਦੀ ਪਤਨੀ ਪਦਮਾਵਤੀ ਬੜੀ ਸਤਵੰਤੀ ਤੇ ਪਤੀਬ੍ਰਤਾ ਧਰਮ ਦਾ ਨਮੂਨਾ ਸੀ।

ਸ੍ਰੀ ਜੈ ਦੇਵ ਜੀ ਦੀ ਪ੍ਰੇਮ-ਭਗਤੀ ਅਤੇ ਕੋਮਲ ਸੰਗੀਤਕ ਕਾਵਿ ਦਾ ਪ੍ਰਭਾਵ ਬੰਗਾਲ ਉੱਤੇ ਬਹੁਤ ਪਿਆ ਹੈ, ਇਸ ਪ੍ਰਾਂਤ ਵਿਚ ਚੰਡੀ ਦਾਸ ਅਤੇ ਵਿਦਿਆਪਤੀ ਵਰਗੇ ਭਗਤ ਕਵੀ ਅਤੇ ਇਸ ਸਦੀ ਵਿਚ ਸ੍ਰੀ ਰਾਬਿੰਦਰ ਨਾਥ ਟੈਗੋਰ ਵਰਗੇ ਮਹਾਨ ਕਵੀ ਤੇ ਕਹਾਣੀਕਾਰ ਹੋਏ ਹਨ, ਜਿਸ ਦੀ ਲਿਖਤ *ਗੀਤਾਂਜਲੀ* ਨੇ ਸੰਸਾਰ ਪ੍ਰਸਿੱਧ 'ਨੋਬਲ ਇਨਾਮ' ਪ੍ਰਾਪਤ ਕਰ ਕੇ ਸਾਹਿਤਕ ਜਗਤ ਵਿਚ ਭਾਰਤ ਨੂੰ ਚਮਕਾਇਆ ਹੈ।

## ਸ੍ਰੀ ਜੈ ਦੇਵ ਜੀ ਦੀ ਬਾਣੀ

### ਕੇਂਦੂਲੀ ਵਿਚ ਦਿਹਾਂਤ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਜੈ ਦੇਵ ਜੀ ਦੇ ਦੋ ਸ਼ਬਦ ਹਨ—ਇਕ ਰਾਗ ਗੂਜਰੀ ਵਿਚ ਤੇ ਦੂਜਾ ਮਾਰੂ ਵਿਚ। ਇਨ੍ਹਾਂ ਦੀ ਬੋਲੀ ਪ੍ਰਾਕ੍ਰਿਤ ਤੇ ਹਿੰਦੀ ਹੈ। ਇਕ ਸ਼ਬਦ ਵਿਚ ਈਸ਼ਵਰ ਦੀ ਹੋਂਦ, ਸੰਜਮੀ ਜੀਵਨ ਤੇ ਪ੍ਰੇਮ-ਭਗਤੀ ਦਾ ਵਰਣਨ ਕੀਤਾ ਹੈ। ਦੂਜੇ ਵਿਚ ਦੱਸਿਆ ਹੈ ਕਿ ਭਗਤੀ ਕਰ ਕੇ ਯੋਗੀ ਦੀ ਪਦਵੀ ਪ੍ਰਾਪਤ ਹੁੰਦੀ ਹੈ। ਇਹ ਸ਼ਬਦ ਬੋਲੀ ਤੇ ਭਾਵ ਦੇ ਲਿਹਾਜ਼ ਨਾਲ ਰਤਾ ਕਠਨ ਹਨ, ਇਸ ਲਈ ਪਦਾਂ ਦੇ ਅਰਥ ਤੇ ਭਾਵਾਰਥ ਭੀ ਦਿੱਤੇ ਜਾਂਦੇ ਹਨ।

(੧) **ਪਰਮਾਦਿ ਪੁਰਖ ਮਨੋਪਿਮੰ ਸਤਿ ਆਦਿ ਭਾਵ ਰਤੰ ॥**
**ਪਰਮਦਭੁਤੰ ਪਰਕ੍ਰਿਤਿ ਪਰੰ ਜਦਿ ਚਿੰਤਿ ਸਰਬ ਗਤੰ ॥੧॥**
**ਕੇਵਲ ਰਾਮ ਨਾਮ ਮਨੋਰਮੰ ॥ ਬਦਿ ਅੰਮ੍ਰਿਤ ਤਤ ਮਇਅੰ ॥**
**ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ ॥੧॥ ਰਹਾਉ ॥**
**ਇਛਸਿ ਜਮਾਦਿ ਪਰਾ ਭਯੰ ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ ॥**
**ਭਵ ਭੂਤ ਭਾਵ ਸਮਬ੍ਹਿਅੰ ਪਰਮੰ ਪ੍ਰਸੰਨ ਮਿਦੰ ॥੨॥**
**ਲੋਭਾਦਿ ਦ੍ਰਿਸਟਿ ਪਰਗ੍ਰਿਹੰ ਜਦਿ ਬਿਧਿ ਆਚਰਣੰ ॥**
**ਤਜਿ ਸਕਲ ਦੁਹਕ੍ਰਿਤਦੁਰਮਤੀ ਭਜੁ ਚਕ੍ਰਧਰ ਸਰਣੰ ॥੩॥**
**ਹਰਿ ਭਗਤਿ ਨਿਜ ਨਿਹਕੇਵਲਾ ਰਿਦ ਕਰਮਣਾ ਬਚਸਾ ॥**
**ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ ॥੪॥**
**ਗੋਬਿੰਦ ਗੋਬਿੰਦੇਤਿ ਜਪਿ ਨਰ ਸਕਲ ਸਿਧਿ ਪਦੰ ॥**
**ਜੈ ਦੇਵ ਆਇਉ ਤਸ ਸਫੁਟੰ ਭਵ ਭੂਤ ਸਰਬ ਗਤੰ ॥੫॥੧॥**

*(ਗੂਜਰੀ, ਪੰਨਾ ੫੨੬)*

***ਪਦ ਅਰਥ :*** ਪਰਮਾਦਿ—ਆਦਿ ਪੁਰਸ਼ ਵਾਹਿਗੁਰੂ। ਮਨੋਪਿਮੰ—ਜਿਸ ਦੀ ਉਪਮਾ ਨਹੀਂ ਕਹੀ ਜਾ ਸਕਦੀ। ਸਤਿ ਆਦਿ—ਸੱਚ ਆਦਿਕ। ਭਾਵ ਰਤੰ—ਭਾਵ ਨੂੰ ਪਿਆਰ ਕਰਦਾ ਹੈ। ਪਰਮਦਭੁਤੰ—ਪਰਮ ਅਦਭੁਤ ਹੈ। ਪਰਕ੍ਰਿਤਿ ਪਰੰ—ਪ੍ਰਕਿਰਤੀ ਤੋਂ ਪਰੇ। ਜਦਿ—ਜਿਸ ਦਾ। ਚਿੰਤਿ—ਧਿਆਨ। ਮਨੋਰਮੰ—ਪਿਆਰ ਕਰੇ। ਬਦਿ—ਜਪੇ। ਤਤ ਮਇਅੰ—ਸਾਰੇ ਸੰਸਾਰ ਦਾ ਤੱਤ੍ਵ ਹੈ। ਨ ਦਨੋਤਿ—ਵਿਆਪਦਾ ਜਾਂ ਦੁੱਖ ਦਿੰਦਾ। ਜਸਮਰਣੇਨ—ਜਿਸ ਦੇ ਸਿਮਰਨ ਕਰ ਕੇ। ਜਰਾਧਿ—ਜਰ, ਬੁਢੇਪਾ ਆਦਿ ਰੋਗ, ਭਾਵ

ਬੁਢੇਪੇ ਦਾ ਦੁੱਖ। ਇਛਸਿ—ਚਾਹੁੰਦਾ, ਇੱਛਾ ਕਰਦਾ। ਜਮਾਦਿ—ਜਮ ਆਦਿਕ ਨੂੰ। ਪਰਾ ਭਯੰ—ਪਰਾ ਭਯ-ਹਰਾਣਾ। ਜਸੁ ਸ੍ਵਸਤਿ—ਹਰੀ ਦਾ ਜੱਸ। ਸੁਕ੍ਰਿਤ ਕ੍ਰਿਤੰ—ਸ਼ੁਭ ਕਰਮ। ਭਵ ਭੂਤ ਭਾਵ—ਤਿੰਨ ਕਾਲ। ਸਮਬ੍ਰਿਅੰ—ਸਮਾਨ, ਇਕੋ ਜਿਹਾ। ਪ੍ਰਸੰਨ ਮਿਦੰ—ਪ੍ਰਸੰਨੰ-ਇਦੰ—ਅਨੰਦ ਰੂਪ। ਦੁਹਕ੍ਰਿਤ—ਖੋਟੇ ਕਰਮ। ਰਿਦ ਕਰਮਣਾ ਬਚਸਾ—ਮਨ ਬਚਨ ਕਰਮ ਕਰ ਕੇ। ਜੋਗੇਨ—ਜੋਗ। ਜਗੇਨ—ਜਗ। ਦਾਨੇਨ—ਦਾਨ। ਕਿੰ—ਕੀ ਲਾਭ ? ਸਿਧਿ ਪਦੰ—ਸਭ ਪਦਾਰਥਾਂ ਦੀ ਪ੍ਰਾਪਤੀ ਦੀ ਥਾਂ। ਤਸ—ਉਸ ਦੀ। ਸਫੁਟੰ—ਪ੍ਰਤੱਖ ਹਜ਼ੂਰੀ।

***ਭਾਵ ਅਰਥ*** : ਸਭ ਤੋਂ ਪਹਿਲੇ ਅਕਾਲ ਪੁਰਖ ਸੀ, ਜਿਸ ਦੀ ਉਪਮਾ ਕਹੀ ਨਹੀਂ ਜਾ ਸਕਦੀ। ਉਹ ਸੱਚ ਆਦਿਕ ਭਾਵਾਂ ਨੂੰ ਪਿਆਰ ਕਰਦਾ ਹੈ। ਉਹ ਪਰਮ ਅਦਭੁਤ ਹੈ। ਮਹਾਨ ਅਸਚਰਜ ਹੈ। ਪ੍ਰਕਿਰਤੀ ਤੋਂ ਪਰੇ ਹੈ। ਜਿਸ ਦਾ ਧਿਆਨ ਕਰਨ ਨਾਲ ਸਭ ਗਤੀ ਪਾਉਂਦੇ ਹਨ। ਅਜਿਹੇ ਵਾਹਿਗੁਰੂ ਦੇ ਨਾਮ ਨੂੰ ਹੀ ਮਨ ਵਿਚ ਪਿਆਰ ਕਰੋ। ਅੰਮ੍ਰਿਤ ਨਾਮ ਜੋ ਸਾਰੇ ਸੰਸਾਰ ਦਾ ਤਤੂ ਹੈ, ਉਸ ਨੂੰ ਜਪੋ। ਜਿਸ ਦੇ ਸਿਮਰਨ ਨਾਲ ਜਨਮ, ਬੁਢੇਪਾ ਤੇ ਮੌਤ ਦਾ ਡਰ ਦੁੱਖ ਨਹੀਂ ਦਿੰਦਾ। ਜੇ ਤੂੰ ਜਮਾਦਿਕਾਂ ਨੂੰ ਹਰਾਣਾ ਚਾਹੁੰਦਾ ਹੈਂ ਤਾਂ ਸ਼ੁਭ ਕਰਮ ਕਰ। ਈਸ਼ਵਰ ਭੂਤ, ਭਵਿੱਖਤ ਤੇ ਵਰਤਮਾਨ ਤਿੰਨਾਂ ਕਾਲਾਂ ਵਿਚ ਇਕ ਰਸ ਹੈ। ਉਹ ਪਰਮਾਨੰਦ ਰੂਪ ਹੈ। ਜੇ ਚੰਗੇ ਕਰਮ ਕਰਨੇ ਚਾਹੁੰਦਾ ਹੈਂ ਤਾਂ ਲੋਭਾਦਿਕਾਂ ਤੇ ਪਰਗ੍ਰਿਹ (ਪਰਾਈ ਇਸਤ੍ਰੀ ਤੇ ਪਰਾਏ ਧਨ) ਵੱਲ ਤੱਕਣਾ ਛੱਡ ਦੇਹ। ਸਾਰੇ ਮੰਦੇ ਕੰਮ ਤੇ ਦੁਰਮਤੀ ਨੂੰ ਤਿਆਗ ਦੇਹ। ਸੁਦਰਸ਼ਨ ਚੱਕਰ ਧਾਰਨ ਵਾਲੇ ਵਿਸ਼ਨੂੰ ਹਰੀ ਦੀ ਸ਼ਰਨ ਪੈ ਜਾ। ਹਰੀ ਦੀ ਭਗਤੀ ਮਨ, ਬਚਨ ਤੇ ਕਰਮ ਨਾਲ ਕਰ। ਯੱਗ, ਦਾਨ ਤੇ ਤਪ ਦਾ ਕੀ ਲਾਭ ਹੈ ? ਹੇ ਪ੍ਰਾਣੀਓ ! ਸਭ ਗੋਬਿੰਦ ਗੋਬਿੰਦ ਨਾਮ ਜਪੋ, ਜੋ ਸਭ ਪਦਾਰਥਾਂ ਦੀ ਪ੍ਰਾਪਤੀ ਦਾ ਅਸਥਾਨ ਹੈ। ਜੈ ਦੇਵ ਉਸੇ ਦੀ ਹਜ਼ੂਰੀ ਵਿਚ ਆਇਆ ਹੈ। ਜੋ ਹੁਣ (ਵਰਤਮਾਨ ਕਾਲ ਵਿਚ) ਤੇ ਪਿੱਛੇ (ਭੂਤ ਕਾਲ) ਸਭ ਦੀ ਗਤੀ ਕਰਦਾ ਰਿਹਾ ਹੈ।

(੨) **ਚੰਦਸਤ ਭੇਦਿਆ ਨਾਦਸਤ ਪੂਰਿਆ ਸੂਰਸਤ ਖੋੜਸਾਦਤੁ ਕੀਆ॥**
**ਅਬਲ ਬਲੁ ਤੋੜਿਆ ਅਚਲ ਚਲੁ ਥਪਿਆ**
**ਅਘੜੁ ਘੜਿਆ ਤਹਾ ਅਪਿਉ ਪੀਆ॥੧॥**
**ਮਨ ਆਦਿ ਗੁਣ ਆਦਿ ਵਖਾਣਿਆ॥**
**ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ॥੧॥ ਰਹਾਉ॥**
**ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ**
**ਸਲਲ ਕਉ ਸਲਲਿ ਸੰਮਾਨਿ ਆਇਆ॥**
**ਬਦਤਿ ਜੈਦੇਉ ਜੈਦੇਵ ਕਉ ਰੰਮਿਆ**
**ਬ੍ਰਹਮੁ ਨਿਰਬਾਣੁ ਲਿਵਲੀਣੁ ਪਾਇਆ॥੨॥੧॥** *(ਮਾਰੂ, ਪੰਨਾ ੧੧੦੬)*

***ਪਦ ਅਰਥ*** : ਚੰਦਸਤ—ਚੰਦਰਮਾ ਦੀ ਨਾੜੀ, ਇੜਾ। ਸਤ—ਸਤ੍ਵ-ਪ੍ਰਾਣ। ਨਾਦਸਤ—ਸੁਖਮਨਾ ਨਾੜੀ। ਸੂਰ ਸਤ—ਸੂਰਜ ਦੀ ਨਾੜੀ, ਪਿੰਗਲਾ। ਖੋੜਸ—ਸੋਲ੍ਹਾਂ ਵੇਰ। ਆਦਤੁ—ਅਭਿਆਸ। ਸਲਲਿ—ਪਾਣੀ। ਬਦਤਿ—ਕਥਨ ਕਰਦਾ।

***ਭਾਵ ਅਰਥ*** : ਇੜਾ, ਪਿੰਗਲਾ ਤੇ ਸੁਖਮਨਾ ਦੁਆਰਾ ਪ੍ਰਾਣਾਂ ਦਾ ਅਭਿਆਸ

ਕਰਨਾ ਯੋਗ ਦੇ ਸਾਧਨ ਹਨ। ਜੈ ਦੇਵ ਜੀ ਕਹਿੰਦੇ ਹਨ ਕਿ ਈਸ਼ਵਰ ਦੀ ਭਗਤੀ ਕਰ ਕੇ ਅਸੀਂ ਇਸ ਅਵਸਥਾ ਨੂੰ ਪ੍ਰਾਪਤ ਹੋਏ, ਜਿਸ ਵਿਚ ਯੋਗੀ ਚੰਦ੍ਰਮਾ ਦੀ ਨਾੜੀ ਇੜਾ ਨੂੰ ਵਿੰਨ੍ਹ ਕੇ ਪ੍ਰਾਣ ਚੜ੍ਹਾਂਦੇ ਹਨ। ਸੁਖਮਨਾ ਵਿਚ ਸ੍ਵਾਸ ਰੋਕੇ ਜਾਂਦੇ ਹਨ, ਸੂਰਜ ਦੀ ਨਾੜੀ ਪਿੰਗਲਾ ਰਾਹੀਂ ਸੋਲ੍ਹਾਂ ਵੇਰ 'ਓਮ' ਸ਼ਬਦ ਆਖ ਕੇ ਬਾਹਰ ਕੱਢੇ ਜਾਂਦੇ ਹਨ। ਵਿਸ਼ੇ ਵਿਕਾਰਾਂ ਵਿਚ ਪਏ ਹੋਏ ਮਨ ਦਾ ਬਲ ਟੁੱਟ ਗਿਆ, ਉਹ ਅਬਲ ਹੋ ਗਿਆ। ਮਨ ਦਾ ਚੰਚਲ ਸੁਭਾਉ ਰੋਕ ਕੇ ਅਚਲ ਕਰ ਲਈਦਾ ਹੈ। ਅਮੋੜ ਮਨ ਘੜਿਆ ਗਿਆ, ਤਦ ਅੰਮ੍ਰਿਤ (ਅਪਿਉ) ਪੀਤਾ।

ਜੋਗੀ ਮੰਨਦੇ ਸਨ ਕਿ ਦਸਮ ਦੁਆਰ 'ਚੋਂ ਤਾਲੂ ਵਿਚ ਅੰਮ੍ਰਿਤ ਡਿੱਗਦਾ ਹੈ।

ਅਜਿਹੀ ਦਸ਼ਾ ਵਿਚ ਮਨ! ਤੂੰ ਗੁਣਾਂ ਦੇ ਆਦਿ ਈਸ਼ਵਰ ਨੂੰ ਸਿਮਰਿਆ ਤਾਂ ਤੇਰੀ ਦੁਬਿਧਾ ਮਿਟ ਗਈ। ਸਮਾਨ ਦ੍ਰਿਸ਼ਟੀ ਹੋ ਗਈ। ਫਿਰ ਆਰਾਧਨ ਯੋਗ ਹਰੀ ਨੂੰ ਆਰਾਧਿਆ। ਸ਼ਰਧਾ ਕਰਨ ਯੋਗ ਈਸ਼ਵਰ ਵਿਚ ਸ਼ਰਧਾ ਕੀਤੀ। ਜਿਸ ਤਰ੍ਹਾਂ ਪਾਣੀ ਵਿਚ ਪਾਣੀ ਮਿਲ ਜਾਂਦਾ ਹੈ, ਜੀਵ ਉਸ ਵਿਚ ਲੀਨ ਹੋ ਗਿਆ। ਜੈ ਦੇਵ ਜੀ ਕਹਿੰਦੇ (ਬਦਤਿ) ਹਨ ਕਿ ਈਸ਼ਵਰ ਦਾ ਸਿਮਰਨ ਕੀਤਾ, ਨਿਰਬਾਣ ਸਰੂਪ ਬ੍ਰਹਮ ਨੂੰ ਪ੍ਰਾਪਤ ਕੀਤਾ ਜੋ ਸਾਰਿਆਂ ਵਿਚ ਲਿਵਲੀਨ ਹੈ।

ਸ੍ਰੀ ਜੈ ਦੇਵ ਜੀ ਨੇ ਬਹੁਤਾ ਜੀਵਨ ਆਪਣੇ ਪਿੰਡ ਕੇਂਦੂਲੀ ਵਿਚ ਹੀ ਗੁਜ਼ਾਰਿਆ। ਆਪ ਬੜੇ ਆਦਰਸ਼ਕ ਗ੍ਰਿਹਸਤੀ, ਉੱਚੇ ਭਗਤ, ਆਏ ਗਏ ਦੀ ਸੇਵਾ ਕਰਨ ਵਾਲੇ ਧਰਮ ਤੇ ਇਖ਼ਲਾਕ ਨੂੰ ਪ੍ਰਚਾਰਨ ਵਾਲੇ ਸਨ। ਕਹਿੰਦੇ ਹਨ ਕਿ ੧੮ ਕੋਹ ਪਿੰਡੋਂ ਚੱਲ ਕੇ ਰੋਜ਼ ਗੰਗਾ ਦਾ ਇਸ਼ਨਾਨ ਕਰਨ ਜਾਂਦੇ ਸਨ, ਪਰ ਜਦ ਅਵਸਥਾ ਬਿਰਧ ਹੋ ਗਈ, ਇਸ਼ਨਾਨ ਕਰਨ ਲਈ ਜਾਣ ਜੋਗੇ ਨਾ ਰਹੇ ਤਾਂ ਭਾਗੀਰਥੀ ਨੇ ਆਪਣਾ ਰੁਖ਼ ਕੇਂਦੂਲੀ ਵੱਲ ਕਰ ਲਿਆ। ਇਸ ਲਈ ਆਪ ਦੇ ਇਸ਼ਨਾਨ ਦਾ ਨਿਯਮ ਅੰਤ ਤੀਕ ਚੰਗੀ ਤਰ੍ਹਾਂ ਨਿਭ ਗਿਆ।

ਸ੍ਰੀ ਜੈ ਦੇਵ ਜੀ ਪ੍ਰੇਮ-ਭਗਤੀ ਵਿਚ ਜੀਵਨ ਬਤੀਤ ਕਰਦੇ ਰਹੇ, ਅਨੇਕਾਂ ਜੀਵਾਂ ਨੂੰ ਆਪਣੇ ਜੀਵਨ ਦੇ ਉਦੇਸ਼ਾਂ ਰਾਹੀਂ ਵਾਹਿਗੁਰੂ ਦੀ ਭਗਤੀ ਦ੍ਰਿੜ੍ਹ ਕਰਾਉਂਦੇ ਕੇਂਦੂਲੀ ਵਿਚ ਹੀ ਸਮਾਏ। ਉਥੇ ਹੁਣ ਮੰਦਰ ਹੈ। ਹਰ ਸਾਲ ਮਾਘ ਦੀ ਸੰਗਰਾਂਦ ਨੂੰ ਵੈਸ਼ਨਵਾਂ ਦਾ ਬੜਾ ਭਾਰੀ ਮੇਲਾ ਹੁੰਦਾ ਹੈ, ਜਿਸ ਵਿਚ ਦੂਰ ਦੂਰ ਤੋਂ ਸਾਧੂ-ਮਹਾਤਮਾਂ ਤੇ ਯਾਤਰੂ ਆਉਂਦੇ ਹਨ। ਮੇਲੇ ਵਿਚ ਸ੍ਰੀ ਜੈ ਦੇਵ ਜੀ ਦੇ ਭਜਨ ਗਾਏ ਜਾਂਦੇ ਹਨ।

# ਜੀਵਨ ਭਗਤ ਸੂਰਦਾਸ ਜੀ

ਸੂਰਦਾਸ ਨਾਮ ਦੇ ਦੋ ਪ੍ਰਸਿੱਧ ਕਵੀ ਤੇ ਭਗਤ ਹੋਏ ਹਨ। ਇਕ ਤਾਂ *ਸੂਰ ਸਾਰਾਵਲੀ, ਸਾਹਿਤਯ ਲਹਿਰੀ* ਆਦਿਕ ਗ੍ਰੰਥਾਂ ਦੇ ਕਰਤਾ ਸਨ। ਇਨ੍ਹਾਂ ਦਾ ਸਮਾਂ ੧੫੪੦–੧੬੨੦ ਬਿ: ਤਕ ਦਾ ਮੰਨਿਆ ਜਾਂਦਾ ਹੈ। ਪਰ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ, ਇਨ੍ਹਾਂ ਦਾ ਜਨਮ ੧੫੮੬ ਬਿ: ਵਿਚ ਬ੍ਰਾਹਮਣਾਂ ਦੇ ਘਰ ਹੋਇਆ। ਸੂਰਦਾਸ ਜੀ ਦਾ ਪਹਿਲਾ ਨਾਂ ਮਦਨ ਮੋਹਨ ਸੀ। ਬਹੁਤ ਸੁੰਦਰ ਹੋਣ ਕਰਕੇ ਇਹ ਨਾਉਂ ਪ੍ਰਸਿੱਧ ਹੋਇਆ ਸੀ। ਆਪ ਬਚਪਨ ਤੋਂ ਹੀ ਰਾਗ, ਕਾਵਿ ਤੇ ਕੋਮਲ ਹੁਨਰਾਂ ਦੇ ਪ੍ਰੇਮੀ ਸਨ। ਸੰਸਕ੍ਰਿਤ, ਹਿੰਦੀ, ਫ਼ਾਰਸੀ ਦੇ ਪੂਰਨ ਵਿਦਵਾਨ ਸਨ। ਜਵਾਨੀ ਵਿਚ ਇਹ ਚੰਗੇ ਕਵੀ ਤੇ ਰਾਗੀ ਹੋ ਗਏ। ਇਨ੍ਹਾਂ ਦੇ ਮੁਖਾਰਬਿੰਦ ਤੋਂ ਗਾਏ ਗੀਤਾਂ ਨੂੰ ਲੋਕ ਬੜੇ ਚਾਅ ਨਾਲ ਸੁਣਦੇ ਸਨ। ਸੰਸਾਰਕ ਨੁਕਤਾ-ਖ਼ਿਆਲ ਨਾਲ ਲੋਕਾਂ ਵਿਚ ਸੂਰਦਾਸ ਜੀ ਨੂੰ ਬੜਾ ਮਾਨ ਪ੍ਰਾਪਤ ਸੀ।

ਅਕਬਰ ਨੇ ਸੋਭਾ ਸੁਣ ਕੇ ਸੂਰਦਾਸ ਜੀ ਨੂੰ ਅਵਧ ਦੇ ਇਲਾਕੇ 'ਸੰਧੀਲਾ' ਦਾ ਹਾਕਮ ਬਣਾ ਦਿੱਤਾ। ਲੋਕਾਂ ਪਾਸੋਂ ਭੋਇੰ ਦਾ ਮਾਮਲਾ ਇਕੱਠਾ ਕਰ ਕੇ ਸਰਕਾਰੀ ਖ਼ਜ਼ਾਨੇ ਵਿਚ ਦਾਖ਼ਲ ਕਰਨਾ ਇਨ੍ਹਾਂ ਦਾ ਕੰਮ ਸੀ, ਪਰ ਆਪ ਕਾਮਯਾਬ ਹਾਕਮ ਸਾਬਤ ਨਾ ਹੋਏ, ਸਗੋਂ ਇਕੱਤਰ ਹੋਇਆ ਸਰਕਾਰੀ ਮਾਮਲਾ ਸਾਧੂ ਫ਼ਕੀਰਾਂ ਨੂੰ ਖਵਾ ਛੱਡਦੇ ਸਨ। ਜਦ ਅਕਬਰ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਹਿਸਾਬ ਦੀ ਦੇਖ ਭਾਲ ਕਰਨ ਲਈ ਪੜਤਾਲੀਏ ਭੇਜੇ। ਸੂਰਦਾਸ ਜੀ ਅਗੇ ਹੀ ਬਹੁਤ ਵੈਰਾਗ-ਮਈ ਦਸ਼ਾ ਵਿਚ ਸਨ, ਜਦ ਉਨ੍ਹਾਂ ਨੂੰ ਇਹ ਪਤਾ ਲੱਗਾ ਕਿ ਬਾਦਸ਼ਾਹ ਨੇ ਮੇਰੇ ਕੰਮ ਦੀ ਪੜਤਾਲ ਕਰਨੀ ਹੈ ਤਾਂ ਆਪ ਸਾਰਾ ਕੰਮ ਛੱਡ ਕੇ ਅਲੋਪ ਹੋ ਗਏ। ਜਦ ਸਰਕਾਰੀ ਅਫ਼ਸਰਾਂ ਨੇ ਇਨ੍ਹਾਂ ਦੇ ਡੇਰੇ ਪੁੱਜ ਕੇ ਸੰਦੂਕਾਂ ਤੇ ਬੰਦ ਅਲਮਾਰੀਆਂ ਨੂੰ ਖੋਲ੍ਹ ਕੇ ਵੇਖਿਆ ਤਾਂ ਮੋਹਰਾਂ ਅਤੇ ਰੁਪਿਆਂ ਦੀ ਥਾਵੇਂ ਪੱਥਰ ਪਏ ਹੋਏ ਸਨ। ਨਾਲ ਇਕ ਪੱਤਰ ਵੀ ਲਿਖਿਆ ਹੋਇਆ ਸੀ, ਜਿਸ ਦਾ ਭਾਵ ਇਹ ਸੀ ਕਿ ਸੰਧੀਲਾ ਦੇ ਇਲਾਕੇ ਦਾ ਇਕੱਤਰ ਕੀਤਾ ਹੋਇਆ ਰੁਪਿਆ ਸਾਧੂਆਂ ਨੂੰ ਖਵਾ ਦਿੱਤਾ ਗਿਆ ਹੈ, ਇਸ ਕਾਰਨ ਸੂਰਦਾਸ ਅੱਧੀ ਰਾਤ ਨੂੰ ਆਪਣੀ ਡਿਊਟੀ ਤੋਂ ਲੋਪ ਹੋ ਗਿਆ ਹੈ।

ਜਦ ਅਕਬਰ ਨੂੰ ਇਸ ਸਾਰੀ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਸੂਰਦਾਸ ਜੀ ਦੀ ਇਸ ਬੇ-ਪਰਵਾਹੀ ਉਪਰ ਗੁੱਸਾ ਕੀਤਾ, ਪਰ ਜਦੋਂ ਉਸ ਨੂੰ ਇਨ੍ਹਾਂ ਦੀ ਪ੍ਰੇਮ-ਭਗਤੀ, ਵੈਰਾਗ-ਮਈ ਅਵਸਥਾ ਤੇ ਸੰਤ-ਸੇਵਕ ਹੋਣ ਦਾ ਪਤਾ ਲੱਗਾ ਤਾਂ ਉਸ ਨੇ ਇਨ੍ਹਾਂ ਦੇ ਨਾਮ ਹੁਕਮ ਜਾਰੀ ਕੀਤਾ ਕਿ ਤੁਹਾਨੂੰ ਪਿਛਲਾ ਕਸੂਰ ਮਾਫ਼ ਕੀਤਾ ਜਾਂਦਾ ਹੈ ਤੇ ਹਾਕਮ ਦੀ ਪਦਵੀ ਉਪਰ ਉਸੇ ਤਰ੍ਹਾਂ ਰਹਿਣ ਦਿੱਤਾ ਜਾਂਦਾ ਹੈ। ਇਕ

ਵੇਰ ਦਰਬਾਰ ਵਿਚ ਜ਼ਰੂਰ ਆਓ।

ਇਹ ਫ਼ੁਰਮਾਨ ਜਦ ਸੂਰਦਾਸ ਜੀ ਨੇ ਸੁਣਿਆ ਤਾਂ ਉਨ੍ਹਾਂ ਨੇ ਕੇਵਲ ਸ਼ਾਹੀ ਨੌਕਰੀ ਕਰਨ ਤੋਂ ਇਨਕਾਰ ਹੀ ਨਾ ਕੀਤਾ, ਬਲਕਿ ਰਾਜ-ਦਰਬਾਰ ਵਿਚ ਹਾਜ਼ਰ ਹੋਣ ਤੋਂ ਵੀ ਅਸਮਰੱਥਾ ਪਰਗਟ ਕੀਤੀ। ਆਪ ਨੇ ਬਾਦਸ਼ਾਹ ਨੂੰ ਇਹ ਵੀ ਲਿਖਿਆ, "ਹਾਕਮ ਬਣਨ ਦੀ ਬਜਾਇ ਮੈਨੂੰ ਸੰਤਾਂ ਸਾਧੂਆਂ ਦੀ ਸੇਵਾ ਕਰਨ ਵਿਚ ਵਧੇਰੇ ਅਨੰਦ ਪ੍ਰਾਪਤ ਹੁੰਦਾ ਹੈ, ਇਸ ਲਈ ਕੋਈ ਸੰਸਾਰਕ ਪਦਵੀ ਪ੍ਰਾਪਤ ਕਰਨਾ ਮੇਰਾ ਆਦਰਸ਼ ਨਹੀਂ ਹੈ।" ਇਹ ਉੱਤਰ ਸੁਣ ਕੇ ਅਕਬਰ ਦੇ ਵਜ਼ੀਰ ਟੋਡਰ ਮੱਲ ਨੇ ਬੜਾ ਕ੍ਰੋਧ ਕੀਤਾ, ਉਸ ਨੇ ਬਾਦਸ਼ਾਹ ਨੂੰ ਸੂਰਦਾਸ ਜੀ ਦੀ ਗ੍ਰਿਫ਼ਤਾਰੀ ਲਈ ਪ੍ਰੇਰਿਆ ਅਤੇ ਅੰਤ ਨੂੰ ਬਾਦਸ਼ਾਹ ਨੇ ਆਪ ਦੇ ਨਾਮ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਕਰ ਦਿੱਤਾ।

ਸੂਰਦਾਸ ਜੀ ਪਕੜੇ ਗਏ, ਜੇਲ੍ਹ ਵਿਚ ਡਕ ਦਿੱਤੇ ਗਏ। ਜੇਲ੍ਹ ਦੇ ਦਰੋਗੇ ਦਾ ਨਾਮ ਤਿਮਰ ਦਾਸ ਸੀ। ਜਦ ਉਸ ਨੇ ਸੂਰਦਾਸ ਜੀ ਨੂੰ ਬਹੁਤ ਤਕਲੀਫ਼ ਦਿੱਤੀ ਤਾਂ ਆਪਣੀ ਮਨੋਰੰਜਕ ਕਵਿਤਾ ਵਿਚ ਬਾਦਸ਼ਾਹ ਨੂੰ ਇਕ ਸੰਦੇਸ਼ ਲਿਖਿਆ। ਜਿਸ ਦਾ ਭਾਵ ਇਹ ਸੀ—"ਐ ਬਾਦਸ਼ਾਹ ਅਕਬਰ! ਇਕ ਹਨੇਰੀ ਰਾਤ ਦਾ ਹਨੇਰਾ ਮਾਣ ਨਹੀਂ, ਕਿਤਨੇ ਹੀ ਦੀਪਕ ਬਾਲੀਏ ਤਾਂ ਕੁਝ ਸੁਝਦਾ ਹੈ, ਪਰ ਤੂੰ ਮੈਨੂੰ ਦਸ ਹਨੇਰਿਆਂ ਵਰਗੇ ਇਕ ਤਿਮਰ ਦਾਸ[1] ਦੇ ਹਵਾਲੇ ਕੀਤਾ ਹੋਇਆ ਹੈ।" ਬਾਦਸ਼ਾਹ ਨੇ ਇਨ੍ਹਾਂ ਦੇ ਇਸੇ ਕਟਾਖ਼ਸ਼ ਤੋਂ ਪ੍ਰਸੰਨ ਹੋ ਕੇ ਆਪ ਨੂੰ ਰਿਹਾਅ ਕਰ ਦਿੱਤਾ।

ਉਪਰ ਦੱਸ ਆਏ ਹਾਂ ਕਿ ਸੂਰਦਾਸ ਜੀ ਸੰਤਾਂ ਸਾਧੂਆਂ ਦੇ ਬੜੇ ਮੇਲੀ ਸਨ। ਇਕ ਵੇਰ ਇਕ ਸਾਧੂ ਨੇ ਆਪ ਨੂੰ ਜੋੜਿਆਂ ਦੀ ਰਾਖੀ ਬਿਠਾਇਆ ਤੇ ਆਪ ਮੰਦਰ ਵਿਚ ਚਲਾ ਗਿਆ। ਉਹ ਢੇਰ ਚਿਰ ਉਥੇ ਠਹਿਰਿਆ। ਉਸ ਨੂੰ ਸੂਰਦਾਸ ਜੀ ਦਾ ਖ਼ਿਆਲ ਹੀ ਭੁੱਲ ਗਿਆ, ਪਰ ਜਦੋਂ ਕਾਫ਼ੀ ਸਮੇਂ ਪਿੱਛੋਂ ਉਸ ਨੇ ਵਾਪਸ ਆ ਕੇ ਦੇਖਿਆ ਤਾਂ ਸੂਰਦਾਸ ਜੀ ਸੇਵਾ-ਭਾਵ ਵਿਚ ਮਗਨ ਉਥੇ ਹੀ ਖੜੋਤੇ ਸਨ।

ਸੰਸਾਰਕ ਲਟਾ-ਪਟਾ ਛੱਡ ਕੇ ਸੂਰਦਾਸ ਜੀ ਆਪਣੇ ਜੀਵਨ ਦਾ ਕੁਝ ਹਿੱਸਾ ਜੰਗਲਾਂ ਵਿਚ ਭੀ ਫਿਰਦੇ ਰਹੇ। ਇਸ ਦਾ ਕਾਰਨ ਅਸੀਂ ਉਨ੍ਹਾਂ ਦੀ ਵੈਰਾਗਮਈ ਅਵਸਥਾ, ਕਾਵਿ-ਬਿਰਤੀ ਤੇ ਕੁਦਰਤ ਵਿਚ ਕਾਦਰ ਵੇਖਣ ਦੀ ਲਾਲਸਾ ਸਮਝਦੇ ਹਾਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਸੂਰਦਾਸ ਜੀ ਦੀ ਸਾਰੰਗ ਰਾਗ ਵਿਚ ਇਕ ਸ਼ਬਦ ਦੀ ਇਹ ਤੁਕ 'ਛਾਡਿ ਮਨ ਹਰਿ ਬਿਮੁਖਨ ਕੋ ਸੰਗੁ॥' ਦਰਜ ਹੈ। ਭਾਈ ਬੰਨੋ ਸਾਹਿਬ ਵਾਲੀ ਬੀੜ ਜੋ ਮਾਂਗਟ ਜ਼ਿਲ੍ਹਾ ਗੁਜਰਾਤ ਵਿਚ ਸੀ, ਉਨ੍ਹਾਂ ਦੀ ਸੰਤਾਨ ਦੇ ਪਾਸ ਯੂ.ਪੀ. ਵਿਚ ਹੈ। ਹੁਣ ਉਸ ਵਿਚ ਉਪਰੋਕਤ ਤੁਕ ਦੀ ਬਜਾਏ ਸਾਰਾ ਸ਼ਬਦ ਦਰਜ ਹੈ। ਸ੍ਰੀ ਕਰਤਾਰਪੁਰ ਵਾਲੀ ਬੀੜ ਵਿਚ ਇਕ ਤੁਕ ਦੇ ਕੇ ਬਾਕੀ ਸਾਰੇ ਸ਼ਬਦ 'ਤੇ ਹੜਤਾਲ ਫੇਰੀ ਹੋਈ ਹੈ। ਇਸ ਸ਼ਬਦ ਵਿਚ ਬੇਮੁਖਾਂ ਨੂੰ ਹਾਥੀ, ਸੱਪ, ਕਾਂ, ਖੋਤਾ ਤੇ ਕਾਲੀ ਕੰਮਲੀ ਨਾਲ ਤਸ਼ਬੀਹ ਦੇ ਕੇ ਸਦਾ ਲਈ ਅਮੋੜ ਤੇ ਅਭਿੱਜ ਸਿੱਧ ਕੀਤਾ ਹੈ। ਸੁਧਾਰ ਦੀ ਕੋਈ ਆਸ ਨਹੀਂ ਦੱਸੀ ਗਈ।

ਸਿਖ ਧਰਮ ਚੂੰਕਿ ਈਸ਼ਵਰ ਦੀ ਬਖ਼ਸ਼ਿਸ਼ ਉਪਰ ਭਰੋਸਾ ਰੱਖਦਾ ਤੇ ਆਸ਼ਾਵਾਦੀ

---

੧. ਤਿਮਰ ਹਿੰਦੀ ਵਿਚ ਹਨੇਰੇ ਨੂੰ ਕਹਿੰਦੇ ਹਨ। ਸੂਰਦਾਸ ਜੀ ਨੇ ਕਾਵਿ ਦਾ ਕਟਾਖ਼ਸ਼ ਵਰਤ ਕੇ ਤਿਮਰ ਦਾਸ ਦਰੋਗੇ ਨੂੰ ਤਿਮਰ—ਹਨੇਰਾ ਦਾਸ ਕਰ ਕੇ ਕਥਨ ਕੀਤਾ।

ਹੈ, ਇਸ ਲਈ ਗੁਰੂ ਜੀ ਨੇ ਸੂਚਨਾ ਮਾਤਰ ਇਕ ਤੁਕ ਦੇ ਕੇ ਬਾਕੀ ਦੀਆਂ ਤੁਕਾਂ ਛੱਡ ਦਿੱਤੀਆਂ ਹਨ।[1]

ਸ੍ਰੀ ਸੂਰਦਾਸ ਜੀ ਦਾ ਸਾਰੰਗ ਰਾਗ ਵਿਚ ਪੂਰਨ ਸ਼ਬਦ ਹੈ:

**ਹਰਿ ਕੇ ਸੰਗ ਬਸੇ ਹਰਿ ਲੋਕ॥**
**ਤਨੁ ਮਨੁ ਅਰਪਿ ਸਰਬਸੁ[2] ਸਭੁ ਅਰਪਿਓ ਅਨਦ ਸਹਜ ਧੁਨਿ ਝੋਕ[3] ॥੧॥ ਰਹਾਉ ॥**
**ਦਰਸਨੁ ਪੇਖਿ[4] ਭਏ ਨਿਰਬਖਈ[5] ਪਾਏ ਹੈ ਸਗਲੇ ਥੋਕ[6] ॥**
**ਆਨ ਬਸਤੁ ਸਿਉ ਕਾਜੁ ਨ ਕਛੂਐ ਸੁੰਦਰ ਬਦਨ[7] ਅਲੋਕ ॥੧॥**
**ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ॥**
**ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ ॥੨॥੧॥**

*(ਸਾਰੰਗ, ਪੰਨਾ ੧੨੫੩)*

ਭਾਵ, ਈਸ਼ਵਰ ਦੇ ਭਗਤ ਉਸ ਦੇ ਨਾਲ ਹੀ ਵੱਸਦੇ ਹਨ। ਉਨ੍ਹਾਂ ਨੇ ਤਨ, ਮਨ ਤੇ ਸਾਰਾ ਧਨ ਪਦਾਰਥ ਉਸ ਨੂੰ ਸੌਂਪ ਦਿੱਤਾ ਹੈ। ਹਰ ਰੋਜ਼ ਪੂਰਨ ਅਨੰਦ ਦੀ ਧੁਨੀ ਉਠਦੀ ਹੈ। ਉਸੇ ਵਿਚ ਝੁਕੇ ਹੋਏ ਅਨੰਦ ਦਾ ਹੁਲਾਰਾ ਲੈ ਰਹੇ ਹਾਂ। ਈਸ਼ਵਰ ਦੇ ਦਰਸ਼ਨ ਕਰ ਕੇ ਵਿਸ਼ਿਆਂ ਤੋਂ ਰਹਿਤ ਹੋ ਗਏ ਹਾਂ। ਸਾਰੇ ਪਦਾਰਥ ਪ੍ਰਾਪਤ ਕਰ ਲਏ ਹਨ। ਭਗਵਾਨ ਦਾ ਸੁੰਦਰ ਮੁਖਾਰਬਿੰਦ ਦੇਖ ਕੇ ਹੋਰ ਕਿਸੇ ਨਾਲ ਸਾਡਾ ਵਾਸਤਾ ਹੀ ਨਹੀਂ ਰਿਹਾ। ਸਿਆਮ-ਸੁੰਦਰ ਵਾਹਿਗੁਰੂ ਨੂੰ ਛੱਡ ਕੇ ਜੋ ਲੋਕ ਹੋਰ ਚੀਜ਼ਾਂ ਚਾਹੁੰਦੇ ਹਨ, ਉਹ ਇਸ ਤਰ੍ਹਾਂ ਨਾਸ਼ ਹੋ ਜਾਂਦੇ ਹਨ, ਜਿਵੇਂ ਕੁਸ਼ਟੀ ਦੇ ਸਰੀਰ ਵਿਚੋਂ ਜੋਕ ਲਹੂ ਪੀ ਕੇ ਮਰ ਜਾਂਦੀ ਹੈ। ਸੂਰਦਾਸ ਜੀ ਕਹਿੰਦੇ ਹਨ ਕਿ ਮਨ ਪ੍ਰਭੂ ਨੇ ਲੈ ਲਿਆ ਤੇ ਇਹ ਫਲ ਪ੍ਰਲੋਕ ਦੇ ਤੌਰ 'ਤੇ ਦਿੱਤਾ ਹੈ।

ਸ੍ਰੀ ਸੂਰਦਾਸ ਜੀ ਦੀ ਬਾਣੀ ਵਿਚ ਈਸ਼ਵਰ ਦਾ ਪਿਆਰ, ਉਸ ਵਿਚ ਲੀਨਤਾ ਤੇ ਆਤਮ ਸਮਰਪਣ ਦੱਸਿਆ ਗਿਆ ਹੈ। ਇਸ ਵਿਚ ਪ੍ਰੇਮ-ਭਗਤੀ ਦੀ ਪ੍ਰਧਾਨਤਾ ਹੈ।

*ਸੂਰ-ਸਾਗਰ* ਦੇ ਕਰਤਾ ਸੂਰਦਾਸ ਜੀ ਨੇ ਸ੍ਰੀ ਕ੍ਰਿਸ਼ਨ ਜੀ ਦੀ ਭਗਤੀ ਵਿਚ ਸੁੰਦਰ ਗੀਤ ਲਿਖੇ ਹਨ। ਇਨ੍ਹਾਂ ਦੀ ਕਵਿਤਾ ਹਿੰਦੀ ਸਾਹਿਤਯ ਵਿਚ ਬਹੁਤ ਉਤਮ ਮੰਨੀ ਜਾਂਦੀ ਸੀ।

ਕਿਸੇ ਕਵੀ ਦਾ ਕਥਨ ਹੈ:

**ਸੂਰ ਸੂਰ ਤੁਲਸੀ ਸ਼ਸ਼ਿ ਉਡਗਨ ਕੇਸ਼ੋ ਦਾਸ।**
**ਅਉਰ ਕਵੀ ਖਦਯੋਤ ਸਮ ਸਨੇ ਸਨੇ ਪ੍ਰਕਾਸ।**

ਭਾਵ, ਸੂਰਦਾਸ ਜੀ ਹਿੰਦੀ ਕਵਿਤਾ ਦੇ ਸੂਰਜ ਹਨ। ਗੋਸੁਆਮੀ ਤੁਲਸੀ ਦਾਸ ਜੀ ਚੰਦਰਮਾ, ਕੇਸਵ ਦਾਸ ਜੀ ਚਮਕਦੇ ਤਾਰੇ ਹਨ। ਹੋਰ ਕਵੀ ਜੁਗਨੂੰ ਵਾਂਗੂੰ ਹਨ, ਜਿਹੜੇ ਹੌਲੀ ਹੌਲੀ ਪ੍ਰਕਾਸ਼ ਕਰਦੇ ਹਨ।

ਸੂਰਦਾਸ ਤੇ ਮੀਰਾ ਬਾਈ ਦੇ ਭਜਨ ਬਹੁਤ ਮਿੱਠੇ ਤੇ ਪ੍ਰੇਮ-ਭਗਤੀ ਨਾਲ ਭਰਪੂਰ

---

੧. *ਸ਼ਬਦਾਰਥ* ਪੋਥੀ ੪, ਪੰਨਾ ੧੨੫੩।
੨. ਸਰਬਸੁ—ਸਾਰਾ ਧਨ ਪਦਾਰਥ। ੩. ਹੁਲਾਰਾ, ਅਨੰਦ ਵਿਚ ਝੁਕ ਜਾਣਾ। ੪. ਦੇਖ ਲੈਣਾ।
੫. ਵਿਸ਼ੇ ਰਹਿਤ। ੬. ਸਮੂੰਹ। ੭. ਮੁਖਾਰਬਿੰਦ।

ਹਨ, ਧਰਮ ਮੰਦਰਾਂ ਤੇ ਅੱਜ-ਕੱਲ੍ਹ ਭਾਰਤ ਦੇ ਰੇਡੀਓ ਸਟੇਸ਼ਨਾਂ ਉਪਰ ਗਾਏ ਜਾਂਦੇ ਹਨ। ਪਰ ਜਿਨ੍ਹਾਂ ਦਾ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਹ ਇਕੀਸ਼ਵਰਵਾਦੀ ਭਗਤ ਸਨ। ਆਪ ਦੇ ਸ਼ਬਦ ਨੂੰ ਵਿਚਾਰਿਆ ਜਾਵੇ ਤਾਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ।

ਭਗਤ ਸੂਰਦਾਸ ਜੀ ਆਪਣੀ ਆਯੂ ਪ੍ਰੇਮ-ਭਗਤੀ, ਵੈਰਾਗ ਤੇ ਅਤੀਤ ਜੀਵਨ ਵਿਚ ਗੁਜ਼ਾਰਦੇ ਹੋਏ ਕਾਸ਼ੀ ਦੇ ਪਾਸ ਪ੍ਰਲੋਕ ਸਿਧਾਰੇ। ਇਥੇ ਆਪ ਦੀ ਸਮਾਧ ਬਣੀ ਹੋਈ ਹੈ।

# ਜੀਵਨ ਭਗਤ ਪਰਮਾਨੰਦ ਜੀ

ਭਗਤ ਪਰਮਾਨੰਦ ਸ੍ਰੀ ਵਲਭਾਚਾਰਯ[1] ਦੇ ਸ਼ਿਸ਼ ਸਨ। ਆਚਾਰਯ ਦੇ ਪੁੱਤਰ ਗੋਸਵਾਮੀ ਵਿਠਲ ਨਾਥ ਜੀ ਨੇ ਬ੍ਰਿਜ ਭਾਸ਼ਾ ਦੇ ਅੱਠ ਕਵੀਆਂ ਦੀ *ਅਸ਼ਟਛਾਪ* ਬਣਾਈ ਸੀ, ਜਿਨ੍ਹਾਂ ਵਿਚ ਸੂਰਦਾਸ[2], ਕ੍ਰਿਸ਼ਨ ਦਾਸ, ਕੁੰਭਨ ਦਾਸ, ਛਿਤ ਸਵਾਮੀ, ਗੋਬਿੰਦ ਸਵਾਮੀ, ਚਤੁਰ ਭੁਜ ਦਾਸ, ਨੰਦ ਦਾਸ ਤੇ ਪਰਮਾਨੰਦ ਜੀ ਸ਼ਾਮਲ ਹਨ।

*ਮਿਸ਼ਰ ਬੰਧੂ ਵਿਨੋਦ*[3] ਵਿਚ ਲਿਖਿਆ ਹੈ ਕਿ ਪਰਮਾਨੰਦ ਜੀ ਕਾਨ ਕੁਬਜ ਬ੍ਰਾਹਮਣ ਤੇ ਕਨੌਜ ਦੇ ਵਸਨੀਕ ਸਨ। ਬਾਬੂ ਸ਼ਾਮ ਸੁੰਦਰ ਦਾਸ ਕਰਤਾ *ਹਿੰਦੀ ਸ਼ਬਦ ਸਾਗਰ* ਵੀ ਇਸੇ ਗੱਲ ਨੂੰ ਸਵੀਕਾਰ ਕਰਦੇ ਹਨ।[4]

ਮਿ. ਮੈਕਾਲਫ਼ *ਸਿਖ ਰਿਲੀਜਨ* ਵਿਚ ਲਿਖਦੇ ਹਨ ਕਿ ਪਰਮਾਨੰਦ ਜੀ ਬਾਰਸੀ ਜ਼ਿਲ੍ਹਾ ਸ਼ੋਲਾਪੁਰ ਦੇ ਰਹਿਣ ਵਾਲੇ ਸਨ। ਇਹ ਟਿਕਾਣਾ ਪੁੰਡਰਪੁਰ ਤੋਂ ਉੱਤਰ ਵੱਲ ਹੈ।

*ਮਹਾਨ ਕੋਸ਼* ਦੇ ਕਰਤਾ ਭਾਈ ਕਾਨ੍ਹ ਸਿੰਘ ਦੀ ਰਾਇ ਭੀ ਮਿ. ਮੈਕਾਲਫ਼ ਨਾਲ ਮਿਲਦੀ ਹੈ।

ਮਿ. ਮੈਕਾਲਫ਼ ਹਿੰਦੀ ਲੇਖਕਾਂ ਨਾਲ ਇਸ ਗੱਲ ਵਿਚ ਸਹਿਮਤ ਹਨ ਕਿ ਪਰਮਾਨੰਦ ਜੀ *ਅਸ਼ਟਛਾਪ* ਦੇ ਕਵੀਆਂ ਵਿਚੋਂ ਇਕ ਸਨ।

ਪਰਮਾਨੰਦ ਜੀ ਦਾ *ਅਸ਼ਟਛਾਪ* ਦੇ ਕਵੀਆਂ ਵਿਚੋਂ ਹੋਣਾ ਉਨ੍ਹਾਂ ਦੀ ਬ੍ਰਿਜ ਭਾਸ਼ਾ ਦੀ ਕਾਵਿ ਇਹ ਗੱਲ ਸਾਬਤ ਕਰਦੀ ਹੈ ਕਿ ਉਹ ਬਾਰਸੀ (ਮਹਾਂਰਾਸ਼ਟਰ) ਦੇ ਵਸਨੀਕ ਨਹੀਂ ਸਨ ਬਲਕਿ ਕਨੌਜੀ ਬ੍ਰਾਹਮਣ ਸਨ। ਇਹ ਹੋ ਸਕਦਾ ਹੈ ਕਿ ਫਿਰਦੇ ਟੁਰਦੇ ਉਧਰ ਚਲੇ ਗਏ ਹੋਣ, ਜਿਸ ਕਰਕੇ ਮਹਾਂਰਾਸ਼ਟਰ ਵਿਚ ਵੀ ਉਨ੍ਹਾਂ ਦਾ ਟਿਕਾਣਾ ਪ੍ਰਸਿੱਧ ਹੋ ਗਿਆ ਹੋਵੇ।

ਇਨ੍ਹਾਂ ਦੀ ਕਵਿਤਾ ਤੋਂ ਸਿੱਧ ਹੁੰਦਾ ਹੈ ਕਿ ਉਹ ਯੂ.ਪੀ. ਦੇ ਵਸਨੀਕ ਸਨ। ਪਰਮਾਨੰਦ ਜੀ ਦੀ ਕਾਵਿ ਰਚਨਾ ਦਾ ਸਮਾਂ ਸੰਮਤ ੧੬੦੬ ਦੇ ਲਗ ਪਗ ਮੰਨਿਆ

---

੧. ਸ੍ਰੀ ਵਲਭਾਚਾਰਯ ਸੰਮਤ ੧੫੩੬ ਬਿ: ਵਿਚ ਹੋਏ ਹਨ। ਇਨ੍ਹਾਂ ਦੇ ਮੱਤ ਨੂੰ ਸ਼ੁੱਧ ਅਦਵੈਤਵਾਦ ਕਿਹਾ ਜਾਂਦਾ ਹੈ। ਇਸ ਮੱਤ ਦਾ ਸਿਧਾਂਤ ਹੈ—ਮਾਇਆ ਤੋਂ ਬਿਨਾ ਸ਼ੁੱਧ ਜੀਵ ਤੇ ਪਰਮਾਤਮਾ ਇਕ ਰੂਪ ਹਨ, ਵੱਖੋ ਵੱਖ ਨਹੀਂ। ਮਾਇਆ ਈਸ਼ਵਰ ਦੀ ਇੱਛਾ ਨਾਲ ਹੁੰਦੀ ਹੈ, ਇਸ ਲਈ ਮਾਇਕ ਜਗਤ ਮਿਥਿਆ ਨਹੀਂ। ਮਾਇਆ ਇਕ ਸ਼ਕਤੀ ਹੈ। ਈਸ਼ਵਰ ਦੀ ਕ੍ਰਿਪਾ ਦੇ ਬਿਨਾ ਗਿਆਨ ਨਹੀਂ ਹੋ ਸਕਦਾ ਤੇ ਮੁਕਤੀ ਭੀ ਨਹੀਂ ਮਿਲਦੀ। ਮੁਕਤੀ ਦਾ ਸਹੀ ਰਸਤਾ ਭਗਤੀ ਹੈ।

੨. *ਸੂਰ ਸਾਗਰ* ਦੇ ਕਰਤਾ।

੩. ਦੇਖੋ ਭਾਗ ੧, ਪੰਨਾ ੨੪੪-੪੫।

੪. ਦੇਖੋ, *ਹਿੰਦੀ ਸ਼ਬਦ ਸਾਗਰ* ਦੀ ਭੂਮਿਕਾ, ਪੰਨਾ ੧੦੮।

ਜਾਂਦਾ ਹੈ। ਇਸ ਸਮੇਂ ਭਾਰਤ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ, ਕਬੀਰ ਜੀ, ਨਾਮਦੇਵ, ਜੈ ਦੇਵ ਤੇ ਹੋਰ ਵੈਸ਼ਨਵ ਆਚਾਰਯਾਂ ਦੁਆਰਾ ਜਾਰੀ ਕੀਤੀ ਗਈ ਭਗਤੀ ਦੀ ਰੌਅ ਬੜੇ ਜ਼ੋਰਾਂ 'ਤੇ ਸੀ। ਵੈਸ਼ਨਵ ਸੰਪਰਦਾਵਾਂ ਸਾਕਾਰ ਪੂਜਾ ਤੇ ਅਵਤਾਰ ਫ਼ਿਲਾਸਫ਼ੀ ਨੂੰ ਮੰਨਦੀਆਂ ਸਨ। ਇਸ ਲਈ ਇਨ੍ਹਾਂ ਵਿਚ ਲਕਸ਼ਮੀ ਨਰਾਇਣ, ਰਾਮ ਕ੍ਰਿਸ਼ਨ ਆਦਿ ਅਵਤਾਰਾਂ ਦੀ ਪੂਜਾ ਹੀ ਪ੍ਰਧਾਨ ਸੀ। ਦੂਜੇ ਪਾਸੇ ਨਿਰਾਕਾਰ ਦੇ ਮੰਨਣ ਵਾਲੇ ਮਹਾਂਪੁਰਖਾਂ ਦੀ ਗੂੰਜ ਪੈ ਰਹੀ ਸੀ। ਇਸ ਸਮੇਂ ਭਗਤਾਂ ਦੇ ਦੋ ਗਰੁੱਪ ਸਨ। ਇਕ ਤਾਂ ਕਿਸੇ ਵਿਅਕਤੀ ਨੂੰ ਈਸ਼ਵਰ ਅਵਤਾਰ ਮੰਨ ਕੇ ਉਸ ਦੀ ਪੂਜਾ ਦੁਆਰਾ ਹੀ ਰੱਬ ਨੂੰ ਮਿਲਣਾ ਸਮਝਦੇ ਸਨ। ਦੂਜੇ ਸਰਬ ਵਿਆਪਕ ਤੇ ਮਹਾਨ ਸ਼ਕਤੀ ਦੇ ਮਾਲਕ ਨੂੰ ਨਿਰਾਕਾਰ ਰੂਪ ਵਿਚ ਦੇਖ ਰਹੇ ਸਨ। ਭਗਤਾਂ ਦੇ ਪਹਿਲੇ ਹਿੱਸੇ ਨੇ ਅਵਤਾਰ-ਪੂਜਾ, ਮੂਰਤੀ-ਪੂਜਾ ਤੇ ਦੇਵ-ਪੂਜਾ ਨੂੰ ਪ੍ਰਚਲਤ ਕੀਤਾ ਹੈ, ਅਵਤਾਰਾਂ ਦੇ ਗੁਣ ਕਥਨ ਕਰ ਕੇ ਹੀ ਇਨ੍ਹਾਂ ਵਿਚ ਭਗਤੀ ਸਮਝੀ ਜਾਂਦੀ ਸੀ।

ਦੂਜਾ ਭਾਗ ਇਨ੍ਹਾਂ ਗੱਲਾਂ ਦਾ ਖੰਡਨ ਕਰ ਕੇ ਦ੍ਰਿਸ਼ਟਮਾਨ ਜਗਤ ਦੇ ਓਹਲੇ ਜੋ ਅਨਦ੍ਰਿਸ਼ਟ ਸ਼ਕਤੀ ਹੈ, ਉਸ ਵੱਲ ਲਿਜਾਂਦਾ ਹੈ। ਚੂੰਕਿ ਵਲਭਾਚਾਰਯ ਸ੍ਰੀ ਕ੍ਰਿਸ਼ਨ ਦੇ ਉਪਾਸ਼ਕ ਸਨ, ਇਸ ਲਈ ਪਰਮਾਨੰਦ ਜੀ ਉਪਰ ਉਨ੍ਹਾਂ ਦਾ ਪ੍ਰਭਾਵ ਪੈਣਾ ਕੁਦਰਤੀ ਗੱਲ ਸੀ। ਸ੍ਰੀ ਪਰਮਾਨੰਦ ਦੀ ਕਵਿਤਾ ਵਿਚ ਕ੍ਰਿਸ਼ਨ ਚਰਿੱਤ੍ਰ ਨੂੰ ਵਧੇਰੇ ਕਥਨ ਕੀਤਾ ਗਿਆ ਹੈ।

ਕਹਿੰਦੇ ਹਨ ਕਿ ਇਕ ਦਿਨ ਸ੍ਰੀ ਵਲਭਾਚਾਰਯ ਨੇ ਪਰਮਾਨੰਦ ਜੀ ਨੂੰ ਕਿਹਾ ਕਿ ਤੁਸੀਂ ਆਪਣੀ ਮਨੋਰੰਜਕ ਕਵਿਤਾ ਸੁਣਾਉ। ਆਚਾਰਯ ਦਾ ਕਹਿਣਾ ਮੰਨ ਕੇ ਜਦੋਂ ਪਰਮਾਨੰਦ ਨੇ ਭਗਤੀ ਨਾਲ ਭਰਪੂਰ ਕਾਵਿ ਸੁਣਾਈ ਤਾਂ ਵਲਭ ਸਵਾਮੀ ਕਿੰਨਾ ਚਿਰ ਬੇਸੁਧ ਪਏ ਰਹੇ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਹ ਕਿੰਨੇ ਉੱਚੇ ਕਵੀ ਸਨ।

ਈਸ਼ਵਰ-ਭਗਤੀ ਦੀ ਠੰਡੀ ਤੇ ਮਿੱਠੀ ਰੌਅ ਨੂੰ ਜਾਰੀ ਕਰਨ ਵਿਚ ਆਪ ਵਰਗੇ ਭਗਤ ਸੇਵੀਆਂ ਦਾ ਖ਼ਾਸ ਹਿੱਸਾ ਸੀ। ਬ੍ਰਿਜ ਭਾਸ਼ਾ ਦੀ ਕਾਵਿ ਵਿਚ ਭਗਤੀ ਦਾ ਰਸ ਭਰਨ ਵਾਲੇ ਪਰਮਾਨੰਦ ਤੇ ਇਨ੍ਹਾਂ ਦੇ ਸਾਥੀ ਕਵੀ ਹੀ ਸਨ। ਇਹ ਰਬ ਦੇ ਪਿਆਰ ਗੂੜ੍ਹੇ ਰੰਗੇ ਹੋਏ ਮਹਾਂਪੁਰਸ਼ ਸਨ। ਜਦ ਕਦੀ ਈਸ਼ਵਰ-ਸਿਮਰਨ ਵਿਚ ਲੱਗਦੇ ਤਾਂ ਕਿੰਨਾ ਕਿੰਨਾ ਸਮਾਂ ਇਸੇ ਰਸ ਵਿਚ ਬਤੀਤ ਕਰ ਦਿੰਦੇ, ਅੱਖੀਆਂ ਵਿਚੋਂ ਹੰਝੂਆਂ ਦੀ ਝੜੀ ਲੱਗ ਜਾਂਦੀ। ਆਪ ਦਾ ਕਹਿਣਾ ਸੀ ਕਿ ਕਦੀ ਕਦੀ ਭਜਨ ਕਰਨ ਨਾਲ ਮਨ ਲਾਂਭੇ ਦੌੜ ਜਾਂਦਾ ਹੈ, ਪਰ ਜੇ ਕਦੀ ਇਕ ਰਸ ਭਜਨ ਕੀਤਾ ਜਾਵੇ ਤਾਂ ਮਨ ਵਿਚ ਰੱਬ ਦਾ ਨਿਵਾਸ ਹੁੰਦਾ ਹੈ।

ਪਰਮਾਨੰਦ ਜੀ ਬੜੇ ਅਤੀਤ ਭੀ ਸਨ। ਇਕ ਦਿਨ ਇਕ ਸੁਦਾਗਰ ਨੇ ਆਪ ਨੂੰ ਰੇਸ਼ਮੀ ਕੱਪੜਾ ਤਨ ਢੱਕਣ ਲਈ ਦਿੱਤਾ, ਪਰ ਆਪ ਨੇ ਕਿਹਾ, "ਇਹ ਕੱਪੜਾ ਮੈਥੋਂ ਵੱਧ ਲੋੜ ਵਾਲੇ ਨੂੰ ਦਿੱਤਾ ਜਾਏ ਤਾਂ ਚੰਗਾ ਹੈ।" ਇਹ ਕਹਿ ਕੇ ਉਹ ਕੱਪੜਾ ਮੋੜ ਦਿੱਤਾ। ਵਲਭ ਜੀ ਦੇ ਪੋਤਰੇ ਗੋਕਲ ਨਾਥ ਨੇ ਜੋ ੮੪ ਅਤੇ ੨੫੨ *ਵੈਸ਼ਨਵਾਂ ਦੀ ਵਾਰਤਾ* ਨਾਮ ਦੇ ਦੋ ਗ੍ਰੰਥ ਲਿਖੇ ਹਨ, ਉਨ੍ਹਾਂ ਵਿਚ ਪਰਮਾਨੰਦ ਜੀ ਦਾ ਜ਼ਿਕਰ ਵੀ ਕੀਤਾ ਹੈ।[1]

---

੧. *ਮਿਸ਼ਰ ਬੰਧੂ ਵਿਨੋਦ*, ਪੰਨਾ ੨੩੩।

ਪਰਮਾਨੰਦ ਜੀ ਦੀ ਬ੍ਰਿਜ ਭਾਸ਼ਾ ਦੀ ਕਵਿਤਾ ਦੇ ਕੁਝ ਨਮੂਨੇ ਹੇਠਾਂ ਦਰਜ ਕਰਦੇ ਹਾਂ :

(੧) ਦੇਖੋ ਰੀ ਯਿਹ ਕੈਸਾ ਬਾਲਿਕ, ਰਾਣੀ ਜਸੁ ਮਨ ਭਾਇਆ ਹੈ।
ਸੁੰਦਰ ਬਦਨ ਕਮਲ ਦਲ ਲੋਚਨ, ਦੇਖਤ ਚੰਦ੍ਰ ਲਜਾਯਾ ਹੈ।
ਪੂਰਨ ਬ੍ਰਹਮ ਅਲਖ ਅਬਿਨਾਸੀ, ਪ੍ਰਗਟ ਨੰਦ ਘਰ ਆਯਾ ਹੈ।
ਪਰਮਾਨੰਦ ਕ੍ਰਿਸ਼ਨ ਮਨਮੋਹਨ ਚਰਨ ਕਮਲ ਚਿਤ ਲਾਯਾ ਹੈ।

(੨) ਕਹਾਂ ਕਰੋਂ ਬੈਕੁੰਠਹਿ ਜਾਇ।
ਜਹਿ ਨਹਿ ਨੰਦ, ਜਹਾਂ ਨਹੀਂ ਜਸੋਧਾ ਜਹਿ ਨਹਿ ਗੋਪੀ ਗ੍ਵਾਲਨ ਜਾਇ।
ਜਹਿ ਨਹਿ ਜਲ ਜਮੁਨਾ ਕੋ ਨਿਰਮਲ ਔਰ ਨਹੀਂ ਕਦਬਨ ਕੀ ਛਾਇ।
ਪਰਮਾਨੰਦ ਪ੍ਰਭੂ ਚਤਰ ਗ੍ਵਾਲਿਨ ਬ੍ਰਿਜ ਰਜੁ ਤਜਿ ਮੋਰੀ ਜਾਇ ਬਲਾਇ।

ਕਈ ਦੇਸੀ ਇਤਿਹਾਸਕਾਰਾਂ ਨੂੰ ਨਵੀਨ ਖੋਜ ਵਿਚ ਪਰਮਾਨੰਦ ਜੀ ਦੇ ਰਚਿਤ ਕਈ ਗ੍ਰੰਥ ਮਿਲੇ ਹਨ, ਜਿਨ੍ਹਾਂ 'ਚੋਂ *ਪਰਮਾਨੰਦ ਸਾਗਰ*, *ਪਰਮਾਨੰਦ ਦਾਸ ਕਾ ਪਦ*, *ਦਾਨ ਲੀਲ੍ਹਾ* ਤੇ *ਧ੍ਰੂਅ-ਚਰਿਤ੍ਰ* ਆਦਿਕ ਹਨ।

ਪਰਮਾਨੰਦ ਜੀ ਆਪਣੀ ਕਵਿਤਾ ਦੇ ਅੰਤ ਵਿਚ ਕਿਤੇ ਕਿਤੇ ਆਪਣਾ ਤਖ਼ੱਲਸ 'ਸਾਰੰਗ' ਭੀ ਵਰਤਦੇ ਰਹੇ ਹਨ। ਜਿਸ ਦਾ ਅਰਥ ਹੈ—ਸਵਾਂਤ ਬੂੰਦ ਨੂੰ ਲੈਣ ਵਾਲਾ ਪਪੀਹਾ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪਰਮਾਨੰਦ ਨਾਮ ਹੈ। ਸ੍ਰੀ ਗੁਰੂ ਜੀ ਨੇ ਇਨ੍ਹਾਂ ਦਾ ਇਕ ਹੀ ਸ਼ਬਦ ਬੀੜ ਵਿਚ ਦਰਜ ਕੀਤਾ ਹੈ, ਜੋ ਇਸ ਪ੍ਰਕਾਰ ਹੈ :

ਤੈ ਨਰ ਕਿਆ ਪੁਰਾਨੁ ਸੁਨਿ ਕੀਨਾ॥
ਅਨਪਾਵਨੀ[1] ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ॥੧॥ ਰਹਾਉ॥
ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ[2]॥
ਪਰਨਿੰਦਾ ਮੁਖ ਤੇ ਨਹੀ ਛੂਟੀ ਨਿਫਲ[3] ਭਈ ਸਭ ਸੇਵਾ॥੧॥
ਬਾਟ ਪਾਰਿ[4] ਘਰੁ ਮੂਸਿ[5] ਬਿਰਾਨੋ[6] ਪੇਟੁ ਭਰੈ ਅਪ੍ਰਾਧੀ॥
ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ[7] ਸਾਧੀ॥੨॥
ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ॥
ਪਰਮਾਨੰਦ ਸਾਧ ਸੰਗਤਿ ਮਿਲਿ ਕਥਾ ਪੁਨੀਤ[8] ਨ ਚਾਲੀ॥੩॥੧॥

*(ਸਾਰੰਗ, ਪੰਨਾ ੧੨੫੩)*

*ਭਾਵਾਰਥ :* ਐ ਮਨੁੱਖ! ਤੂੰ ਪੁਰਾਣਾਂ ਦੀਆਂ ਕਥਾਵਾਂ ਸੁਣ ਕੇ ਕੀ ਸਵਾਰਿਆ ? ਜਿਸ ਭਗਤੀ ਦਾ ਨਾਸ਼ ਨਾ ਹੋ ਸਕੇ, ਉਹ ਤੇਰੇ ਵਿਚ ਪੈਦਾ ਨਹੀਂ ਹੋਈ। ਕਿਸੇ ਭੁੱਖੇ

---

੧. ਅਨਪਾਵਨੀ—ਪੱਕੀ, ਅਪਾਯ—ਜਿਸ ਦਾ ਨਾਸ਼ ਨਾ ਹੋ ਸਕੇ। ੨. ਹੇ ਦੇਵ, ਹੇ ਭਾਈ। ੩. ਨਿਸਫਲ, ਅਕਾਰਥ। ੪. ਰਾਹ ਮਾਰਨਾ। ੫. ਲੁੱਟਣਾ। ੬. ਬਿਗਾਨਾ। ੭. ਮੂਰਖਤਾਈ ਜਾਂ ਅਗਿਆਨਤਾ। ੮. ਪੁਨੀਤ—ਪਵਿੱਤਰ।

ਨੂੰ ਤੂੰ ਆਪਣੀ ਕਮਾਈ 'ਚੋਂ ਦਾਨ ਨਹੀਂ ਦਿੱਤਾ। ਹੇ ਭਾਈ! ਤੂੰ ਕਾਮ ਕ੍ਰੋਧ ਤੇ ਲੋਭ ਨੂੰ ਨਹੀਂ ਛੱਡਿਆ। ਪਰਾਈ ਨਿੰਦਾ ਨਹੀਂ ਛੱਡੀ। ਇਸ ਲਈ ਤੇਰੀ ਕੀਤੀ ਹੋਈ ਸੇਵਾ ਨਿਸਫਲ ਗਈ। ਤੂੰ ਰਸਤੇ ਲੁੱਟੇ, ਪਰਾਏ ਘਰ ਭੰਨੇ ਤੇ ਚੋਰੀ ਕੀਤੀ, ਜਿਸ ਕੰਮ ਨਾਲ ਪ੍ਰਲੋਕ ਵਿਚ ਅਪਜਸ ਹੋਵੇ, ਤੂੰ ਉਹ ਮੂਰਖਤਾਈ ਵਾਲੇ ਕੰਮ ਕੀਤੇ। ਤੂੰ ਜੀਵ ਮਾਰਨੇ ਨਹੀਂ ਛੱਡੇ, ਉਨ੍ਹਾਂ 'ਤੇ ਦਇਆ ਨਹੀਂ ਕੀਤੀ। ਪਰਮਾਨੰਦ ਜੀ ਕਹਿੰਦੇ ਹਨ, ਤੂੰ ਸਾਧ ਸੰਗਤ ਵਿਚ ਆ ਕੇ ਹਰੀ ਦੀ ਪਵਿੱਤਰ ਕਥਾ ਨਹੀਂ ਸਰਵਣ ਕੀਤੀ।

# ਜੀਵਨ ਭਗਤ ਸਧਨਾ ਜੀ

ਸਧਨਾ ਜੀ ਨਗਰ ਸੇਹਵਾਨ, ਇਲਾਕਾ ਹੈਦਰਾਬਾਦ ਸਿੰਧ[1] ਦੇ ਵਸਨੀਕ ਸਨ। ਇਹ ਨਾਮਦੇਵ ਜੀ ਦੇ ਸਮਕਾਲੀ ਹੋਏ ਹਨ। ਆਪ ਜ਼ਾਤ ਦੇ ਕਸਾਈ ਸਨ, ਪਰ ਖ਼ੁਦ ਜਾਨਵਰਾਂ ਨੂੰ ਘੱਟ ਮਾਰਦੇ ਸਨ, ਦੂਜਿਆਂ ਪਾਸੋਂ ਮਾਸ ਲੈ ਕੇ ਵੇਚਣ ਦਾ ਵਿਹਾਰ ਕਰਦੇ ਸਨ। ਚੰਗੇ ਭਾਗਾਂ ਨੂੰ ਸਧਨਾ ਜੀ ਦਾ ਮੇਲ-ਜੋਲ ਸੰਤਾਂ ਸਾਧੂਆਂ ਨਾਲ ਹੋ ਗਿਆ, ਜਿਸ ਕਰਕੇ ਰੱਬ ਦੀ ਭਗਤੀ ਵੱਲ ਲੱਗ ਗਏ। ਇਨ੍ਹਾਂ ਦੀ ਭਗਤੀ ਦਾ ਆਰੰਭ ਮੂਰਤੀ-ਪੂਜਾ ਤੋਂ ਹੁੰਦਾ ਹੈ, ਪਰ ਅੰਤਮ ਅਵਸਥਾ ਵਿਚ ਪੂਰਨ ਗਿਆਨੀ ਪੁਰਖ ਹੋਏ ਹਨ।

ਸਧਨਾ ਜੀ ਬਾਬਤ ਇਤਿਹਾਸ ਵਿਚ ਲਿਖਿਆ ਹੈ ਕਿ ਜਦੋਂ ਦੁਕਾਨ ਉੱਤੇ ਬਹਿ ਕੇ ਮਾਸ ਵੇਚਦੇ ਸਨ ਤਾਂ ਉਹ ਮਾਸ ਪੂਜਣ ਵਾਲੇ ਸਾਲਗ੍ਰਾਮਾਂ ਨਾਲ ਹੀ ਤੋਲਿਆ ਕਰਦੇ ਸਨ। ਹੋਰ ਲੋਕ ਤਾਂ ਪੂਜਾ ਕਰਦੇ ਸਨ ਪਰ ਇਹ ਆਪਣੇ ਠਾਕੁਰਾਂ (ਪੱਥਰਾਂ) ਨੂੰ ਕੰਮ ਕਾਜ ਵਿਚ ਵੀ ਵਰਤਦੇ ਸਨ। ਆਮ ਮਨੁੱਖ ਇਸ ਭੇਦ ਨੂੰ ਕਿਵੇਂ ਸਮਝ ਸਕਦੇ ਸਨ ? ਇਸ ਲਈ ਉਹ ਭਗਤ ਜੀ ਦੀ ਇਸ ਗੱਲ ਉਪਰ ਖਿਝਦੇ ਤੇ ਕ੍ਰਿਝਦੇ ਸਨ।

ਇਕ ਦਿਨ ਇਕ ਸਾਧੂ ਨੇ ਸਾਲਗ੍ਰਾਮ ਦੀ ਇਹ ਹਾਲਤ ਦੇਖ ਕੇ ਬੜਾ ਕ੍ਰੋਧ ਕੀਤਾ। ਉਸ ਮਨ ਵਿਚ ਵਿਚਾਰਿਆ ਕਿ ਇਹ ਕਸਾਈ ਸਧਨੇ ਪਾਸ ਨਹੀਂ ਰਹਿਣੇ ਚਾਹੀਦੇ। ਉਸ ਨੇ ਮੰਗ ਕੀਤੀ, ਸਧਨਾ ਜੀ ਨੇ ਖ਼ੁਸ਼ੀ ਨਾਲ ਸਾਲਗ੍ਰਾਮ ਦੇ ਦਿੱਤੇ, ਕਿਉਂਕਿ ਇਨ੍ਹਾਂ ਦੇ ਅੰਤ੍ਰੀਵ ਨੇਤ੍ਰ ਖੁੱਲ੍ਹ ਚੁੱਕੇ ਸਨ। ਇਨ੍ਹਾਂ ਨੂੰ ਪੱਥਰਾਂ ਵਿਚ ਰੱਬ ਦਿਸਣ ਦੀ ਬਜਾਏ ਸਾਰੇ ਵਿਸ਼ਵ ਵਿਚ ਦਿਸ ਰਿਹਾ ਸੀ। ਸਾਧੂ ਸਾਲਗ੍ਰਾਮ ਲੈ ਕੇ ਚਲਾ ਗਿਆ। ਕੁਝ ਚਿਰ ਉਹ ਧੂਪ ਦੀਪ ਪੂਜਾ ਕਰਦਾ ਰਿਹਾ, ਪਰ ਅੰਤ ਨੂੰ ਉਸ ਨੂੰ ਇਹ ਪਤਾ ਲੱਗਾ ਕਿ ਸਧਨੇ ਦੀ ਪ੍ਰੇਮ-ਭਗਤੀ ਨਾਲ ਮੇਰੀ ਇਹ ਬਾਹਰੀ ਪੂਜਾ ਨਹੀਂ ਮਿਚਦੀ। ਇਹ ਸੋਚ ਕੇ ਸਾਧੂ ਸਾਲਗ੍ਰਾਮ ਵਾਪਸ ਲਿਆਇਆ, ਪਰ ਸਧਨੇ ਨੇ ਉਸ ਨੂੰ ਕੀ ਕਰਨਾ ਸੀ, ਉਸ ਦੀ ਨਜ਼ਰ ਵਿਚ ਤਾਂ ਠਾਕੁਰ ਵਿਸ਼ਵ-ਵਿਆਪੀ ਸੀ।

ਇਕ ਸਾਖੀ ਇਉਂ ਪ੍ਰਸਿੱਧ ਹੈ ਕਿ ਸਧਨਾ ਜੀ ਕਿਸੇ ਅਮੀਰ ਆਦਮੀ ਦੀ

---

੧. ਇਹ ਨਗਰ ਰੋਹੜੀ ਜੰਕਸ਼ਨ ਤੋਂ ੧੪੨ ਮੀਲ ਹੈ। ਇਸ ਥਾਂ ਪੁਰਾਣੇ ਕਿਲ੍ਹੇ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਵਿੱਤਰ ਅਸਥਾਨ ਨਾਨਕ-ਬਾੜਾ ਹੈ, ਜਿਸ ਨੂੰ ਹਿੰਦੂ ਮੁਸਲਮਾਨ ਪੂਜਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਸਿੰਧ ਦੀ ਯਾਤਰਾ ਕਰਦੇ ਇਸ ਥਾਂ ਪਧਾਰੇ ਸਨ। ਕਰਨਲ ਟਾਡ ਨੇ 'ਰਾਜਸਥਾਨ' ਵਿਚ ਇਸ ਗੁਰਦੁਆਰੇ ਦਾ ਜ਼ਿਕਰ ਕੀਤਾ ਹੈ। *(ਮ: ਕ:, ਪੰਨਾ ੭੬੭)*

ਮੰਗ ਉਪਰ ਰਾਤ ਨੂੰ ਬੱਕਰਾ ਮਾਰਨ ਲੱਗੇ। ਝਟਕਾਣ ਦੀ ਬਜਾਏ ਉਸ ਦਾ ਕੋਈ ਅੰਗ ਕੱਟਣ ਲੱਗੇ। ਬੱਕਰਾ ਹੱਸ ਪਿਆ ਤੇ ਕਹਿਣ ਲੱਗਾ, "ਸਧਨਿਆਂ! ਇਹ ਨਵੀਂ ਭਾਜੀ ਪਾਣ ਲੱਗਾ ਹੈਂ ?" ਇਸ ਉਪਰ ਸਧਨਾ ਜੀ ਨੂੰ ਵੈਰਾਗ ਹੋ ਗਿਆ। ਪਰ ਇਹ ਸਾਖੀ ਕੇਵਲ ਰੋਚਕ ਹੈ। ਬੱਕਰੇ ਨੇ ਕੀ ਹੱਸਣਾ ਸੀ ਤੇ ਕੀ ਕਹਿਣਾ ਸੀ; ਸਧਨਾ ਜੀ ਦੇ ਆਪਣੇ ਮਨ ਨੇ ਹੀ ਮੋੜ ਖਾਧਾ।

ਭਗਤੀ ਵਲ ਲੱਗਿਆਂ ਕੁਝ ਸਮਾਂ ਹੀ ਗੁਜ਼ਰਿਆ ਸੀ ਕਿ ਸਧਨਾ ਜੀ ਦਾ ਮਨ ਸੰਸਾਰ ਵੱਲੋਂ ਵਧੇਰੇ ਉਚਾਟ ਹੋ ਗਿਆ। ਆਪ ਨੇ ਘਰ-ਬਾਰ, ਸਾਕ-ਸੰਬੰਧੀ ਤਿਆਗ ਕੇ ਇਕਾਂਤ ਭਗਤੀ ਕਰਨ ਦਾ ਇਰਾਦਾ ਕਰ ਲਿਆ। ਸਭ ਕੁਝ ਛੱਡ ਕੇ ਜੰਗਲ ਦਾ ਰਾਹ ਲਿਆ।

ਇਕ ਦਿਨ ਸਧਨਾ ਜੀ ਫ਼ਕੀਰੀ ਬਾਣੇ ਵਿਚ ਟੁਰਦੇ ਫਿਰਦੇ ਇਕ ਪਿੰਡ ਪੁੱਜੇ; ਰਾਤ ਹੋ ਚੁੱਕੀ ਸੀ। ਇਕ ਘਰ ਭਿੱਖਿਆ ਮੰਗਣ ਲਈ ਗਏ। ਉਸ ਘਰ ਵਾਲੀ ਤੀਵੀਂ ਇਨ੍ਹਾਂ ਦਾ ਸੁੰਦਰ ਰੂਪ ਤੇ ਜਵਾਨ ਅਵਸਥਾ ਦੇਖ ਕੇ ਮੋਹਿਤ ਹੋ ਗਈ। ਉਸ ਨੇ ਕਈ ਪਰਕਾਰ ਦੇ ਸਵਾਦਲੇ ਭੋਜਨ ਤਿਆਰ ਕਰ ਕੇ ਇਨ੍ਹਾਂ ਦੇ ਅੱਗੇ ਰੱਖੇ ਤੇ ਕਈ ਢੰਗਾਂ ਨਾਲ ਆਪਣੀ ਮੰਦੀ-ਵਾਸ਼ਨਾ ਨੂੰ ਪ੍ਰਗਟ ਕੀਤਾ ਪਰ ਸਧਨਾ ਜੀ ਉੱਤੇ ਉਸ ਦੀਆਂ ਗੱਲਾਂ ਦਾ ਕੋਈ ਅਸਰ ਨਾ ਹੋਇਆ।

ਜਿਵੇਂ ਗੰਧਲੇ ਪਾਣੀ ਦਾ ਉਛਾਲ ਕਮਲ ਫੁੱਲ ਨੂੰ ਮਲੀਨ ਨਹੀਂ ਕਰ ਸਕਦਾ, ਤਿਵੇਂ ਨੇਕ ਆਦਮੀ ਦੇ ਨਿਰਮਲ ਮਨ ਨੂੰ ਕੋਈ ਅਪਵਿੱਤਰ ਨਹੀਂ ਬਣਾ ਸਕਦਾ। ਇਕ ਲੰਪਟ ਤੇ ਪਾਖੰਡੀ ਮਨੁੱਖ ਤਾਂ ਅਜਿਹੇ ਕਠਨ ਸਮੇਂ ਗਿਰ ਸਕਦਾ ਹੈ, ਪਰ ਸੱਚਾ ਤੇ ਅਤੀਤ ਪੁਰਸ਼ ਨਹੀਂ ਡੋਲ ਸਕਦਾ। ਸੱਚੇ ਵੈਰਾਗ ਦੀ ਰੌਅ ਨਾਲ ਜਿਹੜਾ ਮਨ ਧੋਤਾ ਗਿਆ ਹੋਵੇ, ਉਸ ਨੂੰ ਭੈੜੇ ਫੁਰਨਿਆਂ ਨਾਲ ਗੰਦਾ ਨਹੀਂ ਕੀਤਾ ਜਾ ਸਕਦਾ।

ਜਦ ਉਸ ਤੀਵੀਂ ਨੇ ਦੇਖਿਆ ਕਿ ਉਸ ਦੇ ਹਾਵ-ਭਾਵ ਤੇ ਭੈੜੇ ਖ਼ਿਆਲਾਂ ਨੇ ਸਧਨਾ ਜੀ ਉਪਰ ਕੋਈ ਅਸਰ ਨਹੀਂ ਕੀਤਾ ਤਾਂ ਉਸ ਆਪੇ ਹੀ ਮਨ ਵਿਚ ਇਹ ਨਤੀਜਾ ਕੱਢਿਆ ਕਿ ਸ਼ਾਇਦ ਇਹ ਮੇਰੇ ਪਤੀ ਤੋਂ ਡਰਦਾ ਹੋਵੇ। ਇਹ ਸੋਚ ਕੇ ਉਸ ਪਾਪਣ ਨੇ ਆਪਣੇ ਪਤੀ ਨੂੰ ਵੱਢ ਦਿੱਤਾ ਤੇ ਇਹ ਸਾਰਾ ਬ੍ਰਿਤਾਂਤ ਸਧਨੇ ਨੂੰ ਆ ਸੁਣਾਇਆ। ਅੱਗੋਂ ਭਗਤ ਜੀ ਨੇ ਆਖਿਆ, "ਹੇ ਪਾਪਣ ਇਸਤ੍ਰੀ! ਤੂੰ ਇਹ ਹੋਰ ਪਾਪ ਕੀਤਾ ਹੈ। ਤੂੰ ਲੱਖ ਯਤਨ ਕਰੇਂ ਪਰ ਮੈਂ ਆਪਣਾ ਧਰਮ ਨਹੀਂ ਹਾਰਨਾ, ਭਾਵੇਂ ਇਸ ਵੇਲੇ ਮਨੁੱਖ ਤਾਂ ਕੋਈ ਨਹੀਂ ਵੇਖਦਾ, ਪਰ ਅੰਤਰਯਾਮੀ ਰੱਬ ਤਾਂ ਸਾਡੇ ਚੰਗੇ ਮੰਦੇ ਕਰਮਾਂ ਨੂੰ ਵੇਖਦਾ ਹੈ।"

ਜਿਵੇਂ ਤੱਤੇ ਤਵੇ ਉਪਰ ਪਾਣੀ ਦੀ ਬੂੰਦ ਦਾ ਕੋਈ ਅਸਰ ਨਹੀਂ ਹੁੰਦਾ, ਤਿਵੇਂ ਪਾਪਣ ਇਸਤ੍ਰੀ ਦੇ ਦਿਲ ਉਪਰ ਸਧਨਾ ਜੀ ਦੇ ਉਪਦੇਸ਼ ਦਾ ਕੋਈ ਅਸਰ ਨਾ ਹੋਇਆ। ਪਸਚਾਤਾਪ ਕਰਨ ਦੀ ਥਾਵੇਂ ਉਸ ਨੇ ਆਪਣੇ ਆਪ ਨੂੰ ਬੇਗੁਨਾਹ ਸਾਬਤ ਕਰਨ ਲਈ ਰੌਲਾ ਪਾ ਦਿੱਤਾ। ਜਦ ਰੌਲਾ ਸੁਣ ਕੇ ਲੋਕ ਇਕੱਠੇ ਹੋ ਗਏ ਤਾਂ ਉਹ ਕਹਿਣ ਲੱਗੀ, "ਸਧਨੇ ਨੇ ਮੇਰਾ ਸਤ ਭੰਗ ਕਰਨ ਦੀ ਕੋਸ਼ਸ਼ ਹੀ ਨਹੀਂ ਕੀਤੀ, ਬਲਕਿ ਮੇਰੇ ਪਤੀ ਨੂੰ ਵੀ ਕਤਲ ਕਰ ਦਿੱਤਾ ਹੈ।"

ਜਦ ਹਾਕਮ ਨੇ ਸਧਨਾ ਜੀ ਪਾਸੋਂ ਬਿਆਨ ਪੁੱਛਿਆ ਤਾਂ ਉਨ੍ਹਾਂ ਕਿਹਾ, "ਜੇ

ਮੇਰੇ ਵਾਹਿਗੁਰੂ ਦੀ ਮਰਜ਼ੀ ਹੈ ਕਿ ਮੈਂ ਕਸ਼ਟ ਉਠਾਵਾਂ ਜਾਂ ਬਿਪਤਾ ਵਿਚ ਦਿਨ ਕੱਟਾਂ ਤਾਂ ਮੇਰਾ ਕੀ ਜ਼ੋਰ ਹੈ।"

ਇਹ ਸੱਚੇ ਭਗਤ ਦਾ ਆਤਮ ਸਮਰਪਨ ਸੀ ਪਰ ਇਸ ਨੂੰ ਹਾਕਮ ਤੇ ਲੋਕਾਂ ਨੇ ਕੀ ਸਮਝਣਾ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਹਾਕਮ ਨੇ ਸਧਨੇ ਨੂੰ ਦੋਸ਼ੀ ਠਹਿਰਾ ਕੇ ਹੱਥ ਕੱਟ ਦੇਣ ਦੀ ਸਜ਼ਾ ਦਿੱਤੀ। ਸਧਨਾ ਜੀ ਨੇ ਇਸ ਦੰਡ ਨੂੰ ਖ਼ੁਸ਼ੀ ਨਾਲ ਸਹਾਰਿਆ। ਹਸੂੰ ਹਸੂੰ ਕਰਦੇ ਹੱਥ ਕਟਵਾਏ। ਪੁਰਾਤਨ ਲੇਖਕਾਂ ਦੀ ਰਾਇ ਹੈ ਕਿ ਕੁਝ ਚਿਰ ਮਗਰੋਂ ਵਾਹਿਗੁਰੂ ਦੀ ਕ੍ਰਿਪਾ ਨਾਲ ਸਧਨਾ ਜੀ ਦੇ ਹੱਥ ਨੌ-ਬਰ-ਨੌ ਹੋ ਗਏ। ਉਹ ਪਾਪਣ ਇਸਤ੍ਰੀ ਝੂਠੀ ਤੇ ਸ਼ਰਮਿੰਦੀ ਹੋ ਕੇ ਸੜ ਮੋਈ।

ਕਈ ਹਿੰਦੂ ਲੇਖਕਾਂ ਦੀ ਰਾਇ ਹੈ ਕਿ ਸਧਨਾ ਜੀ ਤੀਰਥਾਂ ਦੀ ਯਾਤਰਾ ਕਰਦੇ ਹੋਏ ਜਗਨਨਾਥ ਗਏ। ਜਦ ਉਥੇ ਜਾ ਕੇ ਰੱਬ ਦੀ ਭਗਤੀ ਵਿਚ ਲੱਗੇ ਹੋਏ ਸਨ ਤਾਂ ਹੱਥ ਰਾਜ਼ੀ ਹੋ ਗਏ ਤੇ ਦੇਵ-ਬਾਣੀ ਹੋਈ, "ਸਧਨਾ! ਇਹ ਤੇਰੇ ਪਿਛਲੇ ਕਰਮਾਂ ਦਾ ਫਲ ਸੀ, ਸੋ ਪੂਰਾ ਹੋ ਗਿਆ ਹੈ, ਹੁਣ ਤੂੰ ਸੰਸਾਰ ਵਿਚ ਪ੍ਰਸਿੱਧ ਭਗਤ ਹੋਵੇਂਗਾ।"[੧]

ਸਧਨਾ ਜੀ ਦੇ ਜੀਵਨ ਵਿਚ ਇਹ ਬ੍ਰਿਤਾਂਤ ਵੀ ਆਉਂਦਾ ਹੈ ਕਿ ਇਕ ਵੇਰ ਇਕ ਰਾਜਾ ਨੇ ਧਾਰਮਿਕ ਮੱਤ-ਭੇਦ ਦੇ ਕਾਰਨ ਆਪ ਨੂੰ ਪਕੜ ਲਿਆ ਤੇ ਹੁਕਮ ਦਿੱਤਾ, "ਤੂੰ ਕਸਾਈ ਹੋਣ ਕਰਕੇ ਭਗਤੀ ਨਹੀਂ ਕਰ ਸਕਦਾ, ਇਸ ਲਈ ਰਾਤ ਨੂੰ ਮੇਰੇ ਲਈ ਮਾਸ ਬਣਾਇਆ ਕਰ।" ਸਧਨਾ ਜੀ ਕਸਾਈਪੁਣੇ ਨੂੰ ਕਦੋਂ ਦਾ ਛਡ ਚੁੱਕੇ ਸਨ, ਇਸ ਲਈ ਉਨ੍ਹਾਂ ਨੇ ਇਹ ਅਯੋਗ ਹੁਕਮ ਮੰਨਣੋਂ ਨਾਂਹ ਕਰ ਦਿੱਤੀ। ਰਾਜੇ ਨੇ ਕ੍ਰੋਧ ਕਰ ਕੇ ਇਨ੍ਹਾਂ ਨੂੰ ਜੀਂਵਦੇ ਕੰਧ ਵਿਚ ਚਿਣੇ ਜਾਣ ਦੀ ਸਜ਼ਾ ਦਿੱਤੀ। ਉਸ ਸਮੇਂ ਆਪ ਨੇ ਰੱਬ ਦੇ ਚਰਨਾਂ ਵਿਚ ਇਹ ਅਰਦਾਸ ਕੀਤੀ:

**ਨ੍ਰਿਪ[੨] ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥**
**ਕਾਮਾਰਥੀ[੩] ਸੁਆਰਥੀ ਵਾ ਕੀ ਪੈਜ ਸਵਾਰੀ ॥੧॥**
**ਤਵ ਗੁਨ ਕਹਾ ਜਗਤ ਗੁਰਾ ਕਉ ਕਰਮੁ ਨ ਨਾਸੈ ॥**
**ਸਿੰਘ[੪] ਸਰਨ ਕਤ ਜਾਈਐ ਜਉ ਜੰਬੁਕੁ[੫] ਗ੍ਰਾਸੈ ॥੧॥ ਰਹਾਉ ॥**
**ਏਕ ਬੂੰਦ ਜਲ ਕਾਰਨੇ ਚਾਤ੍ਰਿਕੁ[੬] ਦੁਖੁ ਪਾਵੈ ॥**
**ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ॥੨॥**
**ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ[੭] ॥**
**ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥੩॥**
**ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥**
**ਅਉਸਰ[੮] ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥੪॥੧॥**

*(ਬਿਲਾਵਲੁ, ਪੰਨਾ ੮੫੮)*

***ਭਾਵਾਰਥ :*** ਹੇ ਈਸ਼ਵਰ! ਰਾਜੇ ਦੀ ਲੜਕੀ ਨੂੰ ਵਿਆਹੁਣ ਲਈ ਇਕ ਤਰਖਾਣ

---

੧. ਦੇਖੋ *ਕਲਯਾਣ* ਵਿਸਾਖ ਸੰ: ੧੯੯੩ ਬਿ:, ੧੯੩੬ ਈ:। ੨. ਰਾਜਾ। ੩. ਕਾਮੀ। ੪. ਸ਼ੇਰ। ੫. ਗਿੱਦੜ। ੬. ਪਪੀਹਾ। ੭. ਧੀਰਜ ਦਿਆਂ, ਪਰਚਾਵਾਂ। ੮. ਮੌਕਾ, ਸਮਾਂ।

ਨੇ ਵਿਸ਼ਨੂੰ ਦਾ ਰੂਪ ਧਾਰਨ ਕੀਤਾ[1], ਤੂੰ ਕਾਮੀ ਤੇ ਸੁਆਰਥੀ ਪੁਰਸ਼ ਦੀ ਲਾਜ ਰੱਖ ਲਈ। ਮੇਰੀ ਪੈਜ ਕਿਉਂ ਨਹੀਂ ਰੱਖ ਸਕਦਾ ? ਹੇ ਜਗਤ ਗੁਰੂ ! ਤੇਰਾ ਕੀ ਗੁਣ ਹੋਇਆ, ਕੀ ਵਡਿਆਈ ਹੋਈ, ਜੇ ਤੇਰੀ ਕ੍ਰਿਪਾ ਨਾਲ ਮੇਰੇ ਕੀਤੇ ਹੋਏ ਕਰਮ ਨਾਸ਼ ਨਾ ਹੋਣ ! ਸ਼ੇਰ ਦੀ ਸ਼ਰਨ ਜਾਣ ਦੀ ਕੀ ਲੋੜ ਹੈ, ਜੇ ਗਿੱਦੜ ਖਾ ਲੈਣ ! ਇਕ ਸ੍ਵਾਂਤੀ-ਬੂੰਦ ਲਈ ਪਪੀਹਾ ਦੁਖ ਪਾਉਂਦਾ ਹੈ, ਜੇ ਉਸ ਨੂੰ ਮਰਨ ਪਿੱਛੋਂ ਸ੍ਵਾਂਤੀ-ਬੂੰਦਾਂ ਦਾ ਸਮੁੰਦਰ ਵੀ ਮਿਲ ਜਾਏ, ਤਾਂ ਦੱਸੋ ਉਸ ਦੇ ਕਿਸ ਕੰਮ ! ਪ੍ਰਾਣ ਥੱਕ ਗਏ ਹਨ, ਇਹ ਸਥਿਰਤਾ ਨਹੀਂ ਪਕੜਦੇ, ਮੈਂ ਇਨ੍ਹਾਂ ਨੂੰ ਕਿਸ ਤਰ੍ਹਾਂ ਪਰਚਾਵਾਂ, ਧੀਰਜ ਦਿਆਂ ? ਡੁੱਬ ਕੇ ਮੋਏ ਹੋਏ ਨੂੰ ਬੇੜੀ ਮਿਲ ਜਾਏ ਤਾਂ ਕਿਸ ਕੰਮ ! ਸਧਨਾ ਜੀ ਕਹਿੰਦੇ ਹਨ, ਹੇ ਭਗਵਾਨ ! ਮੈਂ ਕੁਝ ਨਹੀਂ ਹਾਂ, ਤੇਰਾ ਜਨ ਹਾਂ, ਇਸ ਲਈ ਇਸ ਸਮੇਂ ਮੇਰੀ ਲਾਜ ਰੱਖ ਲਉ।

ਅਖ਼ੀਰ ਰਾਜੇ ਨੂੰ ਸਾਰੀ ਗੱਲ ਦਾ ਪਤਾ ਲੱਗ ਗਿਆ। ਉਸ ਨੇ ਸਧਨਾ ਜੀ ਦੀ ਪ੍ਰੇਮ-ਭਗਤੀ, ਪਵਿੱਤਰ ਆਚਰਣ ਤੇ ਦ੍ਰਿੜ੍ਹਤਾ ਵੇਖ ਕੇ ਉਨ੍ਹਾਂ ਨੂੰ ਬਰੀ ਕਰ ਦਿੱਤਾ।

ਭਗਤ ਸਧਨਾ ਜੀ ਦਾ ਦੇਹਾਂਤ ਪੰਜਾਬ ਵਿਚ ਹੋਇਆ, ਇਨ੍ਹਾਂ ਦਾ ਦੇਹੁਰਾ ਸਰਹਿੰਦ ਦੇ ਪਾਸ ਹੈ।

---

੧. ਇਕ ਰਾਜੇ ਦੀ ਲੜਕੀ ਨੇ ਪ੍ਰਣ ਕੀਤਾ ਸੀ ਕਿ ਵਿਸ਼ਨੂੰ ਨਾਲ ਵਿਆਹ ਕਰਾਂਗੀ। ਉਸ ਨੂੰ ਵਰਨ ਲਈ ਇਕ ਤਰਖਾਣ ਨੇ ਵਿਸ਼ਨੂੰ ਦਾ ਰੂਪ ਧਾਰਨ ਕੀਤਾ, ਲੜਕੀ ਨਾਲ ਸ਼ਾਦੀ ਕਰ ਲਈ। ਉਸ ਦੇਸ ਦੇ ਰਾਜੇ ਉਪਰ ਕਿਸੇ ਹੋਰ ਰਾਜੇ ਨੇ ਚੜ੍ਹਾਈ ਕੀਤੀ। ਕੰਨਿਆ ਦੇ ਪਿਤਾ ਨੇ ਆਪਣੇ ਜਵਾਈ ਦੀ ਸਹਾਇਤਾ ਮੰਗੀ, ਪਰ ਉਹ ਭੇਖੀ ਸ਼ਕਤੀ-ਹੀਣ ਸੀ। ਉਸ ਨੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਮੇਰੇ ਸਹੁਰੇ ਦੀ ਫ਼ਤਹਿ ਹੋਵੇ। ਈਸ਼ਵਰ ਨੇ ਉਸ ਦੀ ਅਰਦਾਸ ਸੁਣ ਲਈ ਤੇ ਰਾਜੇ ਦੀ ਫ਼ਤਹਿ ਹੋਈ।

# ਜੀਵਨ ਸ੍ਰੀ ਤ੍ਰਿਲੋਚਨ ਜੀ

ਭਗਤ ਤ੍ਰਿਲੋਚਨ ਜੀ ਮਹਾਰਾਸ਼ਟਰ ਦੇ ਭਗਤਾਂ ਵਿਚੋਂ ਸਨ, ਆਪ ਸ੍ਰੀ ਨਾਮਦੇਵ ਜੀ ਦੇ ਸਮਕਾਲੀ ਤੇ ਗਿਆਨ ਦੇਵ ਜੀ ਦੇ ਸਿਖਿਅਤ ਅਤੇ ਸੰਮਤ ੧੩੨੫ ਬਿ: ਦੇ ਕਰੀਬ ਪਿੰਡ ਬਾਰਸੀ ਜ਼ਿਲ੍ਹਾ ਸ਼ੋਲਾਪੁਰ ਵਿਚ ਹੋਏ ਹਨ। ਤ੍ਰਿਲੋਚਨ ਜੀ ਵੈਸ਼ ਜਾਤੀ 'ਚੋਂ ਸਨ। ਆਪ ਬਹੁਤ ਉੱਚੇ ਵੈਸ਼ਨਵ ਭਗਤ ਤੇ ਗ੍ਰਿਹਸਤੀ, ਸਤਿਸੰਗੀ ਤੇ ਆਏ ਗਏ ਦੀ ਸੇਵਾ ਕਰਨ ਵਾਲੇ ਸਨ। *ਭਗਤ ਮਾਲ* ਵਿਚ ਇਨ੍ਹਾਂ ਦਾ ਜ਼ਿਕਰ ਮਿਲਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ:

**ਦਰਸਨ ਵੇਖਣ ਨਾਮ ਦੇਵ ਭਲਕੇ ਉੱਠਿ ਤ੍ਰਿਲੋਚਨ ਆਵੈ।**
**ਭਗਤਿ ਕਰਨ ਮਿਲਿ ਦੁਇ ਜਣੇ ਨਾਮ ਦੇਉ ਹਰਿ ਚਲਿਤ ਸੁਣਾਵੈ।**
**ਮੇਰੀ ਭੀ ਕਰ ਬੇਨਤੀ ਦਰਸਨ ਦੇਖਾਂ ਜੇ ਤਿਸ ਭਾਵੈ।**
**ਠਾਕਰ ਜੀ ਨੋ ਪੁਛਿਓਸੁ ਦਰਸਨ ਕਿਵੇਂ ਤ੍ਰਿਲੋਚਨ ਪਾਵੈ।**
**ਹਸਿ ਕੇ ਠਾਕੁਰ ਬੋਲਿਆ ਨਾਮ ਦੇਉ ਨੌਂ ਕਹਿ ਸਮਝਾਵੈ।**
**ਹੱਥ ਨ ਆਵੈ ਭੇਟ ਸੋ ਤੁਸਿ ਤ੍ਰਿਲੋਚਨ ਮੈਂ ਮੁਹਿ ਲਾਵੈ।**
**ਹਉਂ ਅਧੀਨੇ ਹਾਂ ਭਗਤ ਦੇ ਪਹੁੰਚ ਨ ਹੰਘਾਂ ਭਗਤੀ ਦਾਵੈ।**
**ਹੋਇ ਵਿਚੋਲਾ ਆਣ ਮਿਲਾਵੈ।** *(ਵਾਰ ੧੦–੧੨)*

*ਭਗਤ ਮਾਲ* ਵਿਚ ਲਿਖਿਆ ਹੈ ਕਿ ਤ੍ਰਿਲੋਚਨ ਜੀ ਦੇ ਘਰ ਪ੍ਰਾਹੁਣੇ ਬਹੁਤ ਆਉਂਦੇ ਸਨ। ਕਈ ਸਾਧੂ ਮਹਾਤਮਾ ਤੇ ਸਤਸੰਗੀ ਆ ਕੇ ਟਿਕਦੇ ਸਨ। ਇਸ ਲਈ ਘਰ ਵਿਚ ਆਪ ਦੀ ਪਤਨੀ ਲਈ ਬਹੁਤ ਕੰਮ ਰਹਿੰਦਾ ਸੀ। ਉਸ ਨੂੰ ਇਕ ਪਲ ਵਿਹਲ ਨਹੀਂ ਸੀ ਲੱਗਦਾ। ਉਹ ਅੱਕ ਗਈ। ਇਕ ਦਿਨ ਪਤੀ ਨੂੰ ਕਹਿਣ ਲੱਗੀ, "ਮਹਾਰਾਜ! ਕੋਈ ਨੌਕਰ ਰੱਖ ਦਿਓ, ਘਰ ਦਾ ਕੰਮ ਬਹੁਤ ਹੋ ਗਿਆ ਹੈ।" ਭਗਤ ਜੀ ਨੇ ਉੱਤਰ ਦਿੱਤਾ, "ਕੋਈ ਚੰਗਾ ਨੌਕਰ ਲੱਭਦੇ ਹਾਂ, ਜੋ ਚੰਗੇ ਆਚਰਣ ਦਾ ਹੋਵੇ। ਭਜਨ ਸਿਮਰਨ ਕਰਨ ਵਾਲਾ, ਨਾਲ ਹੀ ਸੇਵਕ ਸੁਭਾਵ ਦਾ ਹੋਣਾ ਚਾਹੀਦਾ ਹੈ।"

ਦੇਵ-ਨੇਤ ਨਾਲ ਇਕ ਆਦਮੀ ਸ੍ਰੀ ਤ੍ਰਿਲੋਚਨ ਜੀ ਪਾਸ ਆਇਆ। ਉਸ ਦਾ ਨਾਂ ਅੰਤਰਜਾਮੀ ਸੀ। ਉਸ ਦੇ ਬਸਤ੍ਰ ਫਟੇ ਹੋਏ ਸਨ। ਜਾਪਦਾ ਗ਼ਰੀਬ ਸੀ, ਪਰ ਬੜੇ ਕੋਮਲ ਸੁਭਾਵ ਤੇ ਸੇਵਾ-ਭਾਵ ਵਾਲਾ ਸੀ। ਉਸ ਦਾ ਆਚਰਣ ਬੜਾ ਪਵਿੱਤਰ ਸੀ, ਸੁਰਤਿ ਉੱਚੀ ਸੀ। ਪ੍ਰਭੂ ਦੀ ਭਗਤੀ ਕਰਨ ਵਾਲਾ ਸੀ। ਨਿਰਾ ਭਗਵਾਨ ਦਾ ਰੂਪ ਸੀ। ਇਕ ਕਵੀ ਨੇ ਲਿਖਿਆ ਹੈ:

ਆਪ ਪ੍ਰਭੂ ਟਹਿਲੂਆ ਰੂਪ ਧਾਰਿ ਦ੍ਵਾਰ ਪਰ,
ਫਟੀ ਇਕ ਕਾਮਰੀ[1] ਪਨਹੀਆ[2] ਟੂਟੀ ਪਾਇ ਹੈ।
ਨਿਕਸਤ ਪੂਛੇਂ ਅਹੋ ਕਹਾਂ ਤੇ ਪਧਾਰੇ ਆਪ?
ਬਾਪ ਮਹਿਤਾਰੀ ਔਰ ਦੇਖਿਯੇ ਨ ਗਾਂਵ ਹੈ।
ਬਾਪ ਮਹਿਤਾਰੀ ਮੇਰੇ ਕੋਊ ਨਾਂਹਿ ਸਾਚ ਕਹੋਂ।

ਤ੍ਰਿਲੋਚਨ ਜੀ ਘਰੋਂ ਨਿਕਲੇ ਸਨ ਕਿ ਇਹ ਆਦਮੀ ਮਿਲ ਪਿਆ। ਗੱਲ-ਬਾਤ ਹੋਈ। ਅੰਤਰਜਾਮੀ ਨੇ ਕਿਹਾ, "ਮੈਂ ਪ੍ਰਸ਼ਾਦ ਪਾਣੀ ਰਤਾ ਖੁੱਲ੍ਹਾ ਛਕਦਾ ਹਾਂ। ਘਰਵਾਲੀ ਨੂੰ ਕਹਿ ਦਿਓ ਕਿ ਉਹ ਖਾਣ-ਪੀਣ ਤੋਂ ਮੈਨੂੰ ਨਾ ਰੋਕੇ। ਕਿਸੇ ਪਾਸ ਮੇਰੀ ਨਿੰਦਾ ਨਾ ਕਰੇ। ਕਿਸੇ ਕੰਮ ਤੋਂ ਖਿਝ ਕੇ ਨਿਰਾਦਰੀ ਨਾ ਕਰੇ। ਇਨ੍ਹਾਂ ਸ਼ਰਤਾਂ ਉਪਰ ਮੈਂ ਤੁਹਾਡੇ ਘਰ ਨੌਕਰੀ ਕਰਾਂਗਾ। ਜਿਹੜੀ ਸੇਵਾ ਦੱਸੋਗੇ, ਉਹ ਨਿਭਾਵਾਂਗਾ।"

ਤ੍ਰਿਲੋਚਨ ਜੀ ਨੇ ਇਨ੍ਹਾਂ ਗੱਲਾਂ ਨੂੰ ਪ੍ਰਵਾਨ ਕਰ ਲਿਆ। ਅੰਤਰਜਾਮੀ ਨੇ ਨੌਕਰੀ ਸ਼ੁਰੂ ਕਰ ਦਿੱਤੀ। ਉਹ ਘਰ ਦਾ ਸਾਰਾ ਕੰਮ ਕਾਜ ਕਰਦਾ ਸੀ। ਸਫ਼ਾਈ ਕਰਦਾ ਤੇ ਪਾਣੀ ਲਿਆਉਂਦਾ ਸੀ। ਆਏ ਗਏ ਸੰਤ ਸਾਧੂ ਦੀ ਬੜੀ ਸੇਵਾ ਕਰਦਾ ਸੀ। ਮਾਲਕ ਵੀ ਭਗਤ ਸੀ ਤੇ ਨੌਕਰ ਵੀ ਭਗਵਾਨ ਦੇ ਪ੍ਰੇਮ ਵਿਚ ਖੀਵਾ ਸੀ। ਸਾਧੂ ਮਹਾਤਮਾ ਵੀ ਬਹੁਤ ਆਉਣ ਲੱਗ ਪਏ। ਅਤਿਥੀ-ਸਤਿਕਾਰ ਹੋਣ ਕਰਕੇ ਤ੍ਰਿਲੋਚਨ ਜੀ ਦੀ ਬਹੁਤ ਸ਼ੋਭਾ ਹੋਣ ਲੱਗ ਪਈ। ਅੰਤਰਜਾਮੀ ਨੂੰ ਸੇਵਾ ਕਰਦਿਆਂ ਤੇਰ੍ਹਾਂ ਮਹੀਨੇ ਗੁਜ਼ਰ ਗਏ।

ਇਕ ਦਿਨ ਤ੍ਰਿਲੋਚਨ ਜੀ ਦੀ ਧਰਮ ਪਤਨੀ ਨੇ ਗੁਆਂਢਣ ਨਾਲ ਗੱਲ-ਬਾਤ ਕਰਦਿਆਂ ਝੁਰਣਾ ਝੂਰਿਆ, "ਵੇਖੋਂ ਨਾ ਭੈਣ! ਸਾਡਾ ਨੌਕਰ ਤੇ ਚੰਗਾ ਹੈ, ਪਰ ਖਾਊ ਬੜਾ ਹੈ। ਰੋਟੀਆਂ ਨਾਲ ਰੱਜਦਾ ਨਹੀਂ। ਸਾਡਾ ਘਰ ਤਾਂ ਉਜੜ ਜਾਏਗਾ। ਕਿਹੜਾ ਗ੍ਰਿਹਸਤੀ ਹੈ ਜੋ ਇਤਨਾ ਖਰਚ ਬਰਦਾਸ਼ਤ ਕਰ ਸਕਦਾ ਹੈ। ਮੈਨੂੰ ਹਰ ਵੇਲੇ ਇਸ ਗੱਲ ਦੀ ਚਿੰਤਾ ਲੱਗੀ ਰਹਿੰਦੀ ਹੈ। ਮੇਰੇ ਪਤੀ-ਦੇਵ ਇਸ ਗੱਲ ਨੂੰ ਸਮਝਦੇ ਨਹੀਂ। ਜੇ ਕਦੀ ਗੱਲ ਕਰਦੀ ਹਾਂ ਤਾਂ ਸਗੋਂ ਨਾਰਾਜ਼ ਹੁੰਦੇ ਹਨ। ਮੈਂ ਬੜੀ ਦੁਖੀ ਹਾਂ, ਦੱਸ ਕੀ ਕਰਾਂ?"

ਜਦ ਅੰਤਰਜਾਮੀ ਨੂੰ ਪਤਾ ਲੱਗਾ ਕਿ ਮੇਰੀ ਮਾਲਕਿਆਣੀ ਮੇਰੇ 'ਤੇ ਨਾਰਾਜ਼ ਹੈ, ਉਹ ਨੌਕਰੀ ਛੱਡ ਕੇ ਚਲਾ ਗਿਆ। ਇਸ ਗੱਲ ਦਾ ਤ੍ਰਿਲੋਚਨ ਜੀ ਨੇ ਬੜਾ ਅਫ਼ਸੋਸ ਕੀਤਾ।

ਕਿਸੇ ਚੰਗੇ ਆਦਮੀ ਦੇ ਗੁਣ ਉਸ ਦੇ ਗਿਆਂ ਜਾਂ ਮੋਇਆਂ ਯਾਦ ਆਉਂਦੇ ਹਨ। ਤ੍ਰਿਲੋਚਨ ਜੀ ਦੀ ਧਰਮਪਤਨੀ ਨੂੰ ਨੌਕਰ ਦੇ ਚਲੇ ਜਾਣ 'ਤੇ ਮਹਿਸੂਸ ਹੋਇਆ ਕਿ ਉਸ ਨੇ ਅੰਤਰਜਾਮੀ ਦੀ ਨਿੰਦਾ ਕਰ ਕੇ ਮਾੜਾ ਕੰਮ ਕੀਤਾ ਹੈ। ਪਰ ਜਿਸ ਤਰ੍ਹਾਂ ਦਰਿਆ ਦਾ ਪਾਣੀ ਲੰਘ ਜਾਵੇ ਤਾਂ ਫਿਰ ਹੱਥ ਨਹੀਂ ਆਉਂਦਾ, ਲੱਦ ਗਏ ਜੋਗੀ ਨਹੀਂ ਬਹੁੜਦੇ , ਇਸੇ ਤਰ੍ਹਾਂ ਹੁਣ ਅੰਤਰਜਾਮੀ ਨੇ ਕਿਥੋਂ ਆਉਣਾ ਸੀ! ਤਿੰਨ ਦਿਨ ਘਰ ਵਿਚ ਬੜਾ ਕਲੇਸ਼ ਰਿਹਾ। ਅਖ਼ੀਰ ਵਿਚ ਤ੍ਰਿਲੋਚਨ ਜੀ ਨੂੰ ਆਕਾਸ਼ਬਾਣੀ ਹੋਈ, "ਪ੍ਰਭੂ ਭਗਤਾਂ ਦੇ ਅੰਗ ਸੰਗ ਹੈ, ਉਹ ਪ੍ਰੇਮ ਦਾ ਭੁੱਖਾ ਹੈ।"

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਤ੍ਰਿਲੋਚਨ ਜੀ ਦੀ ਬਾਣੀ ਦੇ ਚਾਰ ਸ਼ਬਦ

---
੧. ਕਮਲੀ। ੨. ਜੁੱਤੀ।

ਹਨ। ਇਕ ਸਿਰੀਰਾਗੁ ਵਿਚ, ਦੋ ਗੂਜਰੀ ਵਿਚ ਤੇ ਇਕ ਧਨਾਸਰੀ ਰਾਗ ਵਿਚ ਹੈ। ਇਨ੍ਹਾਂ ਵਿਚ ਮੋਹ ਮਾਇਆ ਤੋਂ ਨਿਰਲੇਪ ਹੋਣ, ਪਖੰਡ ਤੋਂ ਬਚਣ, ਆਵਾਗਉਣ ਤੇ ਕਰਮ ਦੀ ਗਤੀ ਨਾ ਟਲਣ ਦਾ ਉਪਦੇਸ਼ ਕੀਤਾ ਹੈ। ਨਿਸ਼ਾਨਾ ਪ੍ਰੇਮ-ਭਗਤੀ ਹੈ।

ਸ੍ਰੀ ਕਬੀਰ ਜੀ ਦੇ ਸਲੋਕਾਂ ਵਿਚ ਸ੍ਰੀ ਨਾਮਦੇਵ ਜੀ ਤੇ ਤ੍ਰਿਲੋਚਨ ਜੀ ਦੀ ਵਾਰਤਾਲਾਪ ਇਉਂ ਦਰਜ ਹੈ:

**ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ ॥**
**ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ॥੨੧੨॥**

**ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸਮੑਾਲਿ ॥**
**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥੨੧੩॥**

*(ਸਲੋਕ ਕਬੀਰ ਜੀ, ਪੰਨਾ ੧੩੭੬)*

ਭਾਵ, ਸ੍ਰੀ ਨਾਮਦੇਵ ਜੀ ਨੂੰ ਘਰ ਦਾ ਕੰਮ ਕਾਜ ਕਰਦੇ ਵੇਖ ਕੇ ਸ੍ਰੀ ਤ੍ਰਿਲੋਚਨ ਜੀ ਨੇ ਕਿਹਾ, "ਹੇ ਮਿੱਤਰ! ਤੁਸੀਂ ਤੇ ਮਾਇਆ ਵਿਚ ਲੀਨ ਹੋ ਗਏ। ਛੀਂਬਿਆਂ ਦਾ ਕੰਮ ਕਰਦੇ ਹੋ, ਛੀਟਾਂ ਨੂੰ ਪਏ ਛਾਪਦੇ ਹੋ। ਰਾਮ ਨਾਲ ਚਿੱਤ ਕਿਉਂ ਨਹੀਂ ਲਾਉਂਦੇ ?"

ਸ੍ਰੀ ਨਾਮਦੇਵ ਜੀ ਉੱਤਰ ਦਿੰਦੇ ਹਨ ਕਿ ਤ੍ਰਿਲੋਚਨ ਜੀ! ਹੱਥਾਂ ਨਾਲ ਕੰਮ ਕਾਜ ਕਰਨਾ ਚਾਹੀਦਾ ਹੈ। ਮੂੰਹੋਂ ਈਸ਼ਵਰ ਦੀ ਉਸਤਤ ਕਰਨੀ ਚਾਹੀਦੀ ਹੈ। ਕੰਮ ਕਰਦਿਆਂ ਸੁਰਤਿ ਈਸ਼ਵਰ ਨਾਲ ਜੋੜੀ ਰੱਖਣੀ, ਇਹੀ ਸੱਚੀ ਭਗਤੀ ਹੈ।

ਹੁਣ ਅਸੀਂ ਸ੍ਰੀ ਤ੍ਰਿਲੋਚਨ ਜੀ ਦੇ ਬਾਕੀ ਸ਼ਬਦ ਤੇ ਉਨ੍ਹਾਂ ਦੇ ਭਾਵਾਰਥ ਦਰਜ ਕਰਦੇ ਹਾਂ:

(੧) **ਮਾਇਆ ਮੋਹੁ ਮਨਿ ਆਗਲੜਾ[1] ਪ੍ਰਾਣੀ ਜਰਾ[2] ਮਰਣੁ ਭਉ ਵਿਸਰਿ ਗਇਆ ॥**
**ਕੁਟੰਬੁ ਦੇਖਿ ਬਿਗਸਹਿ[3] ਕਮਲਾ ਜਿਉ ਪਰ ਘਰਿ ਜੋਹਹਿ ਕਪਟ ਨਰਾ ॥੧॥**
**ਦੂੜਾ[4] ਆਇਓਹਿ ਜਮਹਿ ਤਣਾ[5] ॥ ਤਿਨ ਆਗਲੜੈ[6] ਮੈ ਰਹਣੁ ਨ ਜਾਇ ॥**
**ਕੋਈ ਕੋਈ ਸਾਜਣੁ ਆਇ ਕਹੈ ॥ ਮਿਲੁ ਮੇਰੇ ਬੀਠੁਲਾ ਲੈ ਬਾਹੜੀ[7] ਵਲਾਇ ॥**
**ਮਿਲੁ ਮੇਰੇ ਰਮਈਆ ਮੈ ਲੇਹਿ ਛਡਾਇ ॥੧॥ ਰਹਾਉ ॥**
**ਅਨਿਕ ਅਨਿਕ ਭੋਗ ਰਾਜ ਬਿਸਰੇ ਪ੍ਰਾਣੀ ਸੰਸਾਰ ਸਾਗਰ ਪੈ ਅਮਰੁ ਭਇਆ ॥**
**ਮਾਇਆ ਮੂਠਾ[8] ਚੇਤਸਿ ਨਾਹੀ ਜਨਮੁ ਗਵਾਇਓ ਆਲਸੀਆ ॥੨॥**
**ਬਿਖਮ ਘੋਰ ਪੰਥਿ ਚਾਲਣਾ ਪ੍ਰਾਣੀ ਰਵਿ ਸਸਿ ਤਹ ਨ ਪ੍ਰਵੇਸੰ ॥**
**ਮਾਇਆ ਮੋਹੁ ਤਬ ਬਿਸਰਿ ਗਇਆ ਜਾਂ ਤਜੀਅਲੇ ਸੰਸਾਰੰ ॥੩॥**
**ਆਜੁ ਮੇਰੈ ਮਨਿ ਪ੍ਰਗਟੁ ਭਇਆ ਹੈ ਪੇਖੀਅਲੇ[9] ਧਰਮਰਾਓ ॥**
**ਤਹ ਕਰਦਲ[10] ਕਰਨਿ ਮਹਾਬਲੀ ਤਿਨ ਆਗਲੜੈ ਮੈ ਰਹਣੁ ਨ ਜਾਇ ॥੪॥**
**ਜੇ ਕੋ ਮੂੰ ਉਪਦੇਸੁ ਕਰਤੁ ਹੈ ਤਾ ਵਣਿ ਤ੍ਰਿਣਿ ਰਤੜਾ ਨਾਰਾਇਣਾ ॥**
**ਐਜੀ ਤੂੰ ਆਪੇ ਸਭ ਕਿਛੁ ਜਾਣਦਾ ਬਦਤਿ[11] ਤ੍ਰਿਲੋਚਨੁ ਰਾਮਈਆ ॥੫॥੨॥**

*(ਸਿਰੀਰਾਗੁ, ਪੰਨਾ ੯੨)*

---

੧. ਬਹੁਤਾ। ੨. ਬੁਢੇਪਾ। ੩. ਖਿੜਦਾ। ੪. ਸੁਨੇਹਾ ਲਿਆਉਣ ਵਾਲਾ ਦੂਤ। ੫. ਪੁੱਤਰ। ੬. ਅਗੇ। ੭. ਗਲਵਕੜੀ। ੮. ਠਗਿਆ ਹੋਇਆ। ੯. ਦੇਖਿਆ। ੧੦. ਹੱਥਾਂ ਵਿਚ ਦਲ ਦਿੰਦੇ। ੧੧. ਕਹਿੰਦਾ।

(੨) ਕਿਸੇ ਜੈ ਚੰਦ ਪੰਡਤ ਨਾਲ ਬਾਹਰਮੁਖੀ ਕਰਮ-ਕਾਂਡ ਬਾਰੇ ਗੱਲ-ਬਾਤ ਹੋਈ। ਉਸ ਨੂੰ ਕਹਿੰਦੇ ਹਨ:

ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ॥
ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨਾ ਕਾਹੇ ਭਇਆ ਸੰਨਿਆਸੀ॥੧॥
ਭਰਮੇ ਭੂਲੀ ਰੇ ਜੈ ਚੰਦਾ॥
ਨਹੀ ਨਹੀ ਚੀਨਿਆ ਪਰਮਾਨੰਦਾ॥੧॥ ਰਹਾਉ॥
ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ॥
ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ॥੨॥
ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ॥
ਲਖ ਚਉਰਾਸੀਹ ਜਿਨਿ ਉਪਾਈ ਸੋ ਸਿਮਰਹੁ ਨਿਰਬਾਣੀ॥੩॥
ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ॥
ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ॥੪॥੧॥

*(ਗੂਜਰੀ, ਪੰਨਾ ੫੨੫-੨੬)*

ਭਾਵ, ਮਨ ਦੀ ਮੈਲ ਨੂੰ ਅੰਦਰੋਂ ਧੋਤਾ ਨਹੀਂ, ਬਾਹਰੋਂ ਉਦਾਸੀ ਭੇਖ ਬਣਾ ਲਿਆ, ਇਸ ਦਾ ਕੀ ਲਾਭ! ਹਿਰਦੇ ਰੂਪ ਕੰਵਲ ਵਿਚ ਵਾਹਿਗੁਰੂ ਨੂੰ ਜਾਨਿਆ ਨਹੀਂ, ਬਾਹਰੋਂ ਸੰਨਿਆਸੀ ਬਣ ਗਿਆ, ਦੱਸੋ ਕੀ ਫ਼ਾਇਦਾ! ਹੇ ਜੈ ਚੰਦ ਪੰਡਤ! ਉਦਾਸੀਆਂ ਤੇ ਸੰਨਿਆਸੀਆਂ ਨੇਂ ਪਰਮਾਨੰਦ ਵਾਹਿਗੁਰੂ ਨੂੰ ਨਹੀਂ ਜਾਨਿਆ। ਇਹ ਲੋਕ ਭਰਮ ਵਿਚ ਭੁੱਲੇ ਹੋਏ ਹਨ। ਘਰ ਘਰ ਤੋਂ ਮੰਗ ਕੇ ਰੋਟੀ ਖਾਧੀ ਤੇ ਸਰੀਰ (ਪਿੰਡ) ਨੂੰ ਪਾਲਿਆ। ਗੋਦੜੀ (ਖਿੰਥਾ) ਤੇ ਮੁੰਦਰਾਂ ਪਾ ਲਈਆਂ। ਮਸਾਣ ਭੂਮੀ ਦੀ ਸੁਆਹ ਸਰੀਰ 'ਤੇ ਮਲ ਲਈ ਪਰ ਗੁਰੂ ਤੋਂ ਬਿਨਾਂ ਤਤ੍ਵ ਵਸਤੂ ਦਾ ਪਤਾ ਨਹੀਂ ਲੱਗ ਸਕਦਾ। ਕਿਉਂ ਦਿਖਾਵੇ ਦਾ ਅਜਿਹਾ ਜਪ ਕਰਦੇ ਹੋ? ਇਹ ਤਾਂ ਪਾਣੀ ਰਿੜਕਦੇ ਹੋ। ਜਿਸ ਵਾਹਿਗੁਰੂ ਨੇ ਚੌਰਾਸੀ ਲੱਖ ਜੋਨ ਪੈਦਾ ਕੀਤੀ ਹੈ, ਉਸ ਦਾ ਸਿਮਰਨ ਕਰੋ। ਐ ਕਾਪੜੀਏ (ਭਗਵੇ ਪੋਸ਼)! ਕਮੰਡਲ ਫੜੀ ਅਠਾਹਠ ਤੀਰਥਾਂ 'ਤੇ ਪਿਆ ਫਿਰਦਾ ਹੈਂ। ਤ੍ਰਿਲੋਚਨ ਜੀ ਕਹਿੰਦੇ ਹਨ, ਦਾਨਿਆਂ ਤੋਂ ਬਿਨਾਂ ਗਾਹ ਪਾ ਰਿਹਾ ਹੈਂ। ਤੋਹ ਨੂੰ ਗਾਹੀ ਜਾਂਦਾ ਹੈਂ।

(੩) ਭਾਰਤ ਦੇ ਮਹਾਂਪੁਰਸ਼ਾਂ ਨੇ ਆਵਾਗਉਣ ਨੂੰ ਮੰਨਿਆ ਹੈ। ਮਨੁੱਖਤਾ ਦੀਆਂ ਤਿੰਨ ਹਾਲਤਾਂ ਹਨ—(੧) ਮਨੁੱਖ, (੨) ਦੇਵਤੇ, (੩) ਪਸ਼ੂ। ਮਨੁੱਖ ਈਸ਼ਵਰ ਦੀ ਅੰਸ਼ ਹੈ। ਇਸ ਦਾ ਉਦੇਸ਼ ਵਾਹਿਗੁਰੂ ਵਿਚ ਲੀਨ ਹੋਣਾ ਹੈ। ਜੇ ਮਨੁੱਖ ਭਜਨ ਸਿਮਰਨ ਤੇ ਚੰਗੇ ਕਰਮ ਕਰੇ ਤਾਂ ਮਨੁੱਖ ਤੋਂ ਉੱਚਾ ਉਠ ਕੇ ਦੇਵਤਾ ਬਣਦਾ ਹੈ। ਜੇ ਨੀਵਾਂ ਹੋ ਜਾਏ ਤਾਂ ਪਸ਼ੂ। ਮਨੁੱਖਤਾ ਦੇਵ-ਬਿਰਤੀ ਤੇ ਪਸ਼ੂ-ਪੁਣੇ ਦੇ ਵਿਚਕਾਰ ਹੈ।

ਆਵਾਗਉਣ ਦਾ ਸਿਧਾਂਤ ਇਹ ਹੈ ਕਿ ਅੰਤ ਸਮੇਂ ਜੀਵ ਆਪਣੀ ਚੰਗੀ ਮੰਦੀ ਰੁਚੀ ਅਨੁਸਾਰ ਜੋਨੀਆਂ ਵਿਚ ਪੈਂਦਾ ਹੈ। 'ਅੰਤ ਮਤਾ ਸੋਈ ਗਤਾ'।

ਪੱਛਮ ਦੇ ਤਤ੍ਵ ਵੇਤਾ ਪੁਰਸ਼ਾਂ 'ਚੋਂ ਡਾਰਵਿਨ ਦਾ ਮੱਤ ਹੈ ਕਿ ਸ੍ਰਿਸ਼ਟੀ ਰਚਨਾ ਤੋਂ ਪਹਿਲੇ ਇਕ ਗਰਮ ਤੇ ਪਿਘਲੇ ਹੋਏ ਲੋਹੇ ਵਾਂਙੂ ਇਕ ਤਤ੍ਵ ਸੀ। ਗਰਮੀ ਘਟਣ ਨਾਲ ਚਿੱਕੜ ਜਿਹਾ ਬਣ ਗਿਆ, ਜਿਸ ਤੋਂ ਧਰਤੀ ਬਣੀ। ਉਸ ਤੋਂ ਕੀੜੇ ਮਕੌੜੇ, ਮੱਛੀਆਂ ਤੇ ਹੋਰ ਕਈ ਜਾਨਵਰ ਬਣ ਗਏ। ਚੁਪਾਏ ਹੋ ਗਏ। ਬਨਸਪਤੀ, ਦਰਿਆ

ਤੇ ਪਹਾੜ ਬਣੇ। ਇਸ ਤਰ੍ਹਾਂ ਵਿਕਾਸ ਹੋਇਆ। ਡਾਰਵਿਨ ਨੇ ਸਭ ਤੋਂ ਪਹਿਲੇ ਸੰਨ ੧੮੫੯ ਈ: ਵਿਚ ਇਸ ਮਜ਼ਮੂਨ 'ਤੇ ਪੁਸਤਕ ਲਿਖੀ—Origin of Species, ਜਿਸ ਵਿਚ ਉਸ ਨੇ ਵਿਕਾਸ ਦੇ ਸਿਧਾਂਤ ਨੂੰ ਬਿਆਨ ਕੀਤਾ। ਡਾਰਵਿਨ ਨੇ ਮਨੁੱਖ ਦੀ ਬਣਤਰ ਇਉਂ ਦੱਸੀ ਕਿ ਕੀੜਿਆਂ ਮਕੌੜਿਆਂ ਤੇ ਮੱਛੀਆਂ ਤੋਂ ਹੋਰ ਜਾਨਵਰ ਬਣੇ। ਅਖ਼ੀਰ ਵਿਚ ਬਾਂਦਰ ਬਣੇ ਤੇ ਬਾਂਦਰਾਂ ਤੋਂ ਮਨੁੱਖ ਬਣਿਆ। ਇਹ ਸਿਧਾਂਤ ਉਸ ਨੇ ਜ਼ਮੀਨ 'ਚੋਂ ਨਿਕਲੇ ਜਾਨਵਰਾਂ ਦੇ ਢਾਂਚਿਆਂ, ਦੂਜੇ ਮਾਂ ਦੇ ਪੇਟ ਵਿਚ ਬਹੁਤ ਸਾਰੇ ਜਾਨਵਰਾਂ ਤੇ ਮਨੁੱਖ ਦੀ ਮਿਲਵੀਂ ਬਣਤਰ ਤੇ ਖ਼ੂਨ ਦੇ ਮਿਲਾਪ ਤੋਂ ਸਿੱਧ ਕੀਤਾ ਹੈ। ਉਸ ਨੇ ਇਹ ਗੱਲ ਭੀ ਦੱਸੀ ਹੈ ਕਿ ਜੀਵਨ ਸੰਘਰਸ਼ ਤੋਂ ਸ੍ਰਿਸ਼ਟੀ ਦਾ ਵਿਕਾਸ ਹੁੰਦਾ ਹੈ।[1]

ਡਾਰਵਿਨ ਮਨੁੱਖ ਦੇ ਇਹ ਲੱਛਣ ਕਰਦਾ ਹੈ, "ਮਨੁੱਖ ਜੀਉਂਦੇ ਜਾਨਦਾਰਾਂ ਦੇ ਉਸ ਭਾਗ ਨੂੰ ਕਹਿੰਦੇ ਹਨ, ਜਿਸ ਵਿਚ ਬੁੱਧੀ, ਗਿਆਨ ਵਿਵੇਕ (ਚੰਗੇ ਮੰਦੇ ਦੀ ਪਰਖ) ਅਤੇ ਆਤਮ ਤਿਆਗ ਦਾ ਜਜ਼ਬਾ ਪਾਇਆ ਜਾਂਦਾ ਹੈ। ਇਹ ਖ਼ਾਨਦਾਨੀ ਨਿਯਮਾਂ ਦੇ ਅਨੁਸਾਰ ਤਾਕਤਵਰ ਹੋ ਗਿਆ ਹੈ। ਪਸ਼ੂਆਂ ਤੇ ਮਨੁੱਖਾਂ ਵਿਚ ਅੰਤਰ ਕੇਵਲ ਇਹ ਹੈ ਕਿ ਪਸ਼ੂਆਂ ਨੂੰ ਆਪਣੇ ਜੀਵਨ ਦੀ ਹੋਂਦ ਲਈ ਜੰਗ ਵੱਖ ਵੱਖ ਲੜਨੀ ਪੈਂਦੀ ਹੈ। ਉਨ੍ਹਾਂ ਵਿਚ ਸਮਾਜਿਕ ਜੀਵਨ ਨਹੀਂ। ਮਨੁੱਖ ਤਾਕਤ ਤੇ ਸਮਾਜਕ ਰਿਸ਼ਤੇ ਵਿਚ ਬੱਝਾ ਹੋਇਆ ਹੈ।"[2] ਡਾਰਵਿਨ ਦੇ ਮੱਤ ਨੂੰ ਵਿਕਾਸਵਾਦ ਕਹਿੰਦੇ ਹਨ।

ਡਾਰਵਿਨ ਨੇ ਇਹ ਤਾਂ ਸਿੱਧ ਕਰ ਦਿੱਤਾ ਕਿ ਸੜਦਾ ਬਲਦਾ ਮਾਦਾ ਠੰਡਾ ਹੋ ਗਿਆ। ਉਸ ਤੋਂ ਚਿੱਕੜ ਬਣਿਆ, ਚਿੱਕੜ ਤੋਂ ਧਰਤੀ ਬਣੀ, ਪਰ ਇਸ ਵਿਚ ਜੀਵ ਕਿਥੋਂ ਆ ਪਏ? ਡਾਰਵਿਨ ਥਿਊਰੀ ਨੇ ਇਸ ਦਾ ਮੁਕੰਮਲ ਉੱਤਰ ਨਹੀਂ ਦਿੱਤਾ। ਹਿੰਦੁਸਤਾਨ ਦੇ ਰਿਸ਼ੀਆਂ, ਸੰਤਾਂ ਤੇ ਭਗਤਾਂ ਨੇ ਮਨੁੱਖ ਰਾਮ ਦੀ ਅੰਸ਼ ਮੰਨਿਆ ਹੈ। ਜੇ ਉਹ ਮਨੁੱਖਤਾ ਤੋਂ ਉੱਚਾ ਹੋਵੇ ਤਾਂ ਦੇਵਤਾ ਬਣਦਾ ਹੈ, ਜੇ ਨੀਵਾਂ ਹੋਵੇ ਤਾਂ ਪਸ਼ੂ। ਪੂਰਬ ਕਹਿੰਦਾ ਹੈ, ਮਨੁੱਖ ਸਰਬ-ਸ਼ਕਤੀਮਾਨ ਦੀ ਅੰਸ਼ ਹੈ, ਉੱਚੇ ਆਤਮਿਕ ਮੰਡਲਾਂ ਵਿਚੋਂ ਨੀਵਾਂ ਆਇਆ ਹੈ। ਪੱਛਮ ਕਹਿੰਦਾ ਹੈ, ਨੀਵੇਂ ਦਰਜੇ 'ਚੋਂ ਉੱਚਾ ਹੋਇਆ ਹੈ।

ਕਈ ਗ੍ਰੰਥਾਂ ਵਿਚ ਜ਼ਿਕਰ ਮਿਲਦਾ ਹੈ ਕਿ ਕਈ ਯੋਗੀ ਪੁਰਸ਼ਾਂ ਨੇ ਆਪਣੇ ਪਿਛਲੇ ਜਨਮਾਂ ਦੇ ਸੰਸਕਾਰ ਮਾਲੂਮ ਕੀਤੇ ਤੇ ਦੱਸੇ ਹਨ। ਜੋ ਵੀ ਮੱਤ ਹਿੰਦੁਸਤਾਨ ਵਿਚ ਪੈਦਾ ਹੋਏ ਹਨ ਜਾਂ ਜਿਨ੍ਹਾਂ ਉਪਰ ਆਰੀਅਨ ਪ੍ਰਭਾਵ ਪਿਆ ਹੈ, ਉਹ ਆਵਾਗਉਣ ਨੂੰ ਮੰਨਦੇ ਹਨ। ਬੁੱਧ ਮੱਤ ਸੁੰਨਵਾਦੀ ਹੈ, ਪਰ ਉਹ ਵੀ ਇਸ ਸਿਧਾਂਤ ਨੂੰ ਮੰਨਦਾ ਹੈ। ਬੁੱਧ ਦੇ ਕਈ ਅਵਤਾਰ ਮੰਨੇ ਜਾਂਦੇ ਹਨ ਤੇ ਉਸ ਨੂੰ 'ਤਥਾ ਗਤਿ' ਕਿਹਾ ਜਾਂਦਾ ਹੈ। ਤਿੱਬਤ ਵਿਚ ਹੁਣ ਤੀਕ ਲਾਮੇ ਦਾ ਪ੍ਰਗਟ ਹੋਣਾ ਮੰਨਦੇ ਹਨ, ਜਿਸ ਦੀ ਗੱਦੀ ਚੀਨ ਨੇ ਖ਼ਤਮ ਕਰ ਦਿੱਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤ੍ਰਿਲੋਚਨ ਜੀ ਨੇ ਆਪਣੀ ਬਾਣੀ ਵਿਚ ਆਵਾਗਉਣ ਦੇ ਸਿਧਾਂਤ ਨੂੰ ਇਉਂ ਕਥਨ ਕੀਤਾ ਹੈ:

---

੧. *ਜੀਵਨ ਵਿਕਾਸ,* ਪੰਨਾ ੨੦ ਤੋਂ ੬੫।

੨. *ਨੀਤੀ ਵਿਗਿਆਨ,* ਪੰਨਾ ੧੨੨-੪, ਲਿਖਤ ਗੁਵਰਧਨ ਦਾਸ।

ਅੰਤਿ ਕਾਲਿ ਜੋ ਲਛਮੀ[1] ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲਿ ਵਲਿ[2] ਅਉਤਰੈ[3] ॥੧॥
ਅਰੀ ਬਾਈ ਗੋਬਿੰਦ ਨਾਮੁ ਮਤਿ ਬੀਸਰੈ ॥ ਰਹਾਉ ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥
ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸੂਕਰ[4] ਜੋਨਿ ਵਲਿ ਵਲਿ ਅਉਤਰੈ ॥੩॥
ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥
ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ[5] ਵਾ ਕੇ ਰਿਦੈ ਬਸੈ ॥੫॥੨॥

*(ਗੂਜਰੀ, ਪੰਨਾ ੫੨੬)*

ਭਾਵ, ਈਸ਼ਵਰ ਨੂੰ ਭੁੱਲ ਕੇ ਜੋ ਮਨੁੱਖ ਅੰਤ ਕਾਲ ਸਮੇਂ ਪਦਾਰਥਾਂ—ਇਸਤ੍ਰੀ, ਪੁੱਤਰਾਂ ਆਦਿਕ ਦਾ ਸਿਮਰਨ ਕਰਦੇ ਹਨ, ਉਹ ਆਪਣੇ ਬਣੇ ਹੋਏ ਸੁਭਾਵ ਅਨੁਸਾਰ ਅਗਲਾ ਜਨਮ ਪਾਉਂਦੇ ਹਨ ਪਰ ਜੋ ਵਾਹਿਗੁਰੂ ਦਾ ਸਿਮਰਨ ਕਰਦੇ ਹਨ, ਅੰਤ ਸਮੇਂ ਆਪਣੀ ਸੁਰਤਿ ਉਸ ਨਾਲ ਜੋੜਦੇ ਹਨ, ਉਹ ਆਵਾਗਉਣ ਨੂੰ ਮਿਟਾ ਲੈਂਦੇ ਹਨ। ਈਸ਼ਵਰ ਵਿਚ ਲੀਨ ਹੋ ਜਾਂਦੇ ਹਨ।

ਕਰਮਾਂ ਦਾ ਫਲ ਮਿਲਦਾ ਹੈ, ਇਹ ਟਲ ਨਹੀਂ ਸਕਦਾ। ਇਸ 'ਤੇ ਸ੍ਰੀ ਤ੍ਰਿਲੋਚਨ ਜੀ ਆਪਣੀ ਇਸਤ੍ਰੀ ਨੂੰ ਸੰਬੋਧਨ ਕਰ ਕੇ ਕਹਿੰਦੇ ਹਨ:

ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ॥
ਦੁਕ੍ਰਿਤੁ ਸੁਕ੍ਰਿਤੁ[6] ਥਾਰੋ[7] ਕਰਮੁ ਰੀ ॥੧॥ ਰਹਾਉ ॥
ਸੰਕਰਾ[8] ਮਸਤਕਿ ਬਸਤਾ[9] ਸੁਰਸਰੀ[10] ਇਸਨਾਨ ਰੇ ॥
ਕੁਲ ਜਨ ਮਧੇ ਮਿਲ੍ਯ੍ਯਿ ਸਾਰਗਪਾਨ[11] ਰੇ ॥
ਕਰਮ ਕਰਿ ਕਲੰਕੁ ਮਫੀਟਸਿ ਰੀ[12] ॥੧॥
ਬਿਸ੍ਵ ਕਾ ਦੀਪਕੁ[13] ਸ੍ਵਾਮੀ ਤਾ ਚੇ ਰੇ ਸੁਆਰਥੀ[14] ਪੰਖੀ ਰਾਇ ਗਰੁੜ ਤਾ ਚੇ ਬਾਧਵਾ ॥
ਕਰਮ ਕਰਿ ਅਰੁਣ ਪਿੰਗੁਲਾ ਰੀ ॥੨॥
ਅਨਿਕ ਪਾਤਿਕ[15] ਹਰਤਾ ਤ੍ਰਿਭਵਣ ਨਾਥੁ ਰੀ
ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ ॥
ਕਰਮ ਕਰਿ ਕਪਾਲੁ[16] ਮਫੀਟਸਿ ਰੀ ॥੩॥
ਅੰਮ੍ਰਿਤ ਸਸੀਅ[17] ਧੇਨ[18] ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ ॥
ਕਰਮ ਕਰਿ ਖਾਰੁ ਮਫੀਟਸਿ ਰੀ ॥੪॥

---

੧. ਮਾਇਆ। ੨. ਫਿਰ ਫਿਰ। ੩. ਜਨਮ ਲੈਂਦਾ ਹੈ। ੪. ਸੂਰ। ੫. ਸ੍ਰੀ ਕ੍ਰਿਸ਼ਨ ਪੀਲੇ ਬਸਤਰਾਂ ਵਾਲਾ। ੬. ਚੰਗੇ ਮੰਦੇ ਕਰਮ। ੭. ਤੇਰੇ। ੮. ਸ਼ਿਵ ਦੇ ਮੱਥੇ ਵਿਚ। ੯. ਚੰਦ੍ਰਮਾ। ੧੦. ਗੰਗਾ। ੧੧. ਸ੍ਰੀ ਕ੍ਰਿਸ਼ਨ। ੧੨. ਨਹੀਂ ਮਿਟਦਾ। ੧੩. ਸੂਰਜ। ੧੪. ਰਥਵਾਹੀ। ੧੫. ਪਾਪ। ੧੬. ਸਿਰ। ੧੭. ਚੰਦ੍ਰਮਾ। ੧੮. ਕਪਲਾ ਗਊ।

ਦਾਧੀ ਲੇ ਲੰਕਾ ਗੜੁ ਉਪਾੜੀਲੇ[1] ਰਾਵਣ ਬਣੁ ਸਲਿ ਬਿਸਲਿ[2] ਆਣਿ ਤੋਖੀਲੇ[3] ਹਰੀ ॥
ਕਰਮ ਕਰਿ ਕਛਉਟੀ ਮਫੀਟਸਿ ਰੀ ॥੫॥
ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ
ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ ਬਦਤਿ ਤ੍ਰਿਲੋਚਨ ਰਾਮ ਜੀ ॥੬॥੧॥

*(ਧਨਾਸਰੀ, ਪੰਨਾ ੬੯੫)*

*ਭਾਵਾਰਥ :* ਹੇ ਇਸਤ੍ਰੀ! ਤੂੰ ਈਸ਼ਵਰ ਨੂੰ ਕਿਉਂ ਦੋਸ਼ ਦਿੰਦੀ ਹੈਂ? ਮੰਦਾ ਚੰਗਾ, ਦੁਖ ਸੁਖ ਤੇਰੇ ਕਰਮਾਂ ਦਾ ਫਲ ਹੈ। ਦੇਖੋ, ਚੰਦ੍ਰਮਾ ਸ਼ਿਵਜੀ ਦੇ ਮਸਤਕ ਵਿਚ ਵੱਸਦਾ ਹੈ। ਰੋਜ਼ ਗੰਗਾ ਵਿਚ ਇਸ਼ਨਾਨ ਕਰਦਾ ਹੈ। (ਕਿਉਂਕਿ ਗੰਗਾ ਸ਼ਿਵਜੀ ਦੀਆਂ ਜਟਾਂ 'ਚੋਂ ਨਿਕਲਦੀ ਹੈ) ਉਸ ਦੀ ਕੁਲ (ਚੰਦਰ ਵੰਸ਼) ਵਿਚ ਵਿਸ਼ਨੂੰ ਦੇ ਅਵਤਾਰ ਧਨੁੱਖਧਾਰੀ ਸ੍ਰੀ ਕ੍ਰਿਸ਼ਨ ਜੀ ਹੋਏ। ਪਰ ਚੰਦ੍ਰਮਾ ਨੇ ਗੋਤਮ ਰਿਸ਼ੀ ਦੀ ਇਸਤ੍ਰੀ ਦਾ ਸਤ ਭੰਗ ਕੀਤਾ ਸੀ, ਰਿਸ਼ੀ ਨੇ ਇਸ ਨੂੰ ਸਰਾਪ ਦਿੱਤਾ ਸੀ, ਇਤਨੀਆਂ ਗੱਲਾਂ ਹੁੰਦਿਆਂ ਵੀ ਚੰਦ੍ਰਮਾ ਦਾ ਕਲੰਕ ਮਿਟ ਨਹੀਂ ਸਕਿਆ।

ਫਿਰ ਵੇਖੋ, ਸੂਰਜ ਸੰਸਾਰ ਦਾ ਦੀਪਕ ਹੈ, ਅਰੁਣ ਉਸ ਦਾ ਰਥਵਾਹੀ ਹੈ, ਜਿਸ ਦਾ ਭਰਾ ਪੰਛੀਆਂ ਦਾ ਰਾਜਾ ਗਰੁੜ ਹੈ। ਅਰੁਣ ਨੇ ਬੀਂਡੇ ਦੇ ਪੈਰ ਬੰਨ੍ਹ ਕੇ ਉਸ ਨੂੰ ਸੀਖ 'ਤੇ ਭੁਆਇਆ ਸੀ, ਇਸੇ ਕਰਮ ਦਾ ਫਲ ਇਹ ਹੋਇਆ ਕਿ ਅਰੁਣ ਆਪ ਪਿੰਗਲਾ ਹੋ ਗਿਆ।

ਤਿੰਨਾਂ ਲੋਕਾਂ ਦਾ ਨਾਥ ਸ਼ਿਵਜੀ ਅਨੇਕਾਂ ਪਾਪਾਂ ਦੇ ਨਾਸ ਕਰਨ ਵਾਲਾ ਹੈ, ਪਰ ਆਪ ਤੇ ਮਾਰਿਆ ਮਾਰਿਆ ਫਿਰਦਾ ਹੈ। ਕਿਉਂ? ਸ਼ਿਵ ਜੀ ਨੇ ਬ੍ਰਹਮਾ ਦਾ ਸੁਰਸਤੀ ਬਾਰੇ ਮਲੀਨ ਚਿੱਤ ਵੇਖ ਕੇ ਉਸ ਦਾ ਸਿਰ ਵੱਢਿਆ। ਜਿਸ ਦਾ ਫਲ ਇਹ ਹੋਇਆ ਕਿ ਉਸ ਨੂੰ ਬ੍ਰਹਮ ਹੱਤਿਆ ਲੱਗੀ। ਬ੍ਰਹਮਾ ਦਾ ਸਿਰ ਇਸ ਦੇ ਹੱਥ ਨਾਲ ਚੰਮੜ ਗਿਆ। ਇਸ ਦੇ ਪ੍ਰਾਸਚਿਤ ਲਈ ਸ਼ਿਵ ਜੀ ਕਪਾਲ-ਮੋਚਨ ਤੀਰਥ 'ਤੇ ਪੁੱਜਾ ਤਾਂ ਇਹ ਦੂਰ ਹੋਇਆ।

ਵੇਖੋ ਸਮੁੰਦਰ ਕਿੰਨਾ ਵੱਡਾ ਹੈ! ਅੰਮ੍ਰਿਤ, ਚੰਦ੍ਰਮਾ, ਕਪਲਾ, ਲਛਮੀ, ਕਲਪ ਬ੍ਰਿਛ, ਘੋੜਾ (ਸਿਖਰ), ਧਨੰਤਰ ਵੈਦ (ਸੁਨਾਗਰ) ਇਸ 'ਚੋਂ ਨਿਕਲੇ। ਸਮੁੰਦਰ ਸਮੂਹ ਨਦੀਆਂ ਦਾ ਮਾਲਕ ਹੈ। ਪਰ ਕਰਮ ਕਰ ਕੇ ਖਾਰਾ ਹੈ। ਐਸਾ ਕਿਉਂ ਹੋਇਆ? ਕਹਿੰਦੇ ਹਨ ਕਿ ਅਗਸਤ ਮੁਨੀ ਨੇ ਬ੍ਰਹਮ ਭੋਜ ਕੀਤਾ। ਉਸ ਵਿਚ ਸਮੁੰਦਰ ਨੂੰ ਭੀ ਸੱਦਿਆ, ਪਰ ਇਹ ਨਾ ਗਿਆ। ਅਗਸਤ ਮੁਨੀ ਨੇ ਗੁੱਸੇ ਹੋ ਕੇ ਪੀ ਲਿਆ ਤੇ ਪਿਸ਼ਾਬ ਰਾਹੀਂ ਕੱਢਿਆ। ਜਿਸ ਲਈ ਇਹ ਖਾਰਾ ਹੈ।

ਹਨੂੰਮਾਨ ਦੀ ਕਿੰਨੀ ਵਡਿਆਈ ਹੈ! ਉਸ ਨੇ ਲੰਕਾ ਦੇ ਕਿਲ੍ਹੇ ਨੂੰ ਸਾੜਿਆ। ਰਾਵਣ ਦੇ ਬਾਗ ਨੂੰ ਉਜਾੜ ਦਿੱਤਾ। ਸੰਜੀਵਨੀ ਬੂਟੀ ਲਿਆ ਕੇ ਸ੍ਰੀ ਰਾਮ ਚੰਦਰ ਨੂੰ ਪ੍ਰਸੰਨ ਕੀਤਾ। ਲਛਮਨ ਨੂੰ ਮੂਰਛਾ ਤੋਂ ਬਚਾਇਆ। ਪਰ ਇਤਨੀ ਸੇਵਾ ਕਰਨ ਦੇ ਬਦਲੇ ਉਸ ਨੂੰ ਇਕ ਕੱਛ (ਕਛਉਟੀ) ਮਿਲੀ। ਇਹ ਕਰਮਾਂ ਦਾ ਫਲ ਸੀ। ਐ ਪਤਨੀ! ਪੂਰਬਲੇ ਕਰਮ ਨਹੀਂ ਮਿਟਦੇ, ਇਸ ਲਈ ਮੈਂ ਰਾਮ-ਨਾਮ ਜਪਦਾ ਹਾਂ। ਤ੍ਰਿਲੋਚਨ ਇਹ ਬੇਨਤੀ ਕਰਦਾ ਹੈ।

---

੧. ਉਜਾੜ ਦਿੱਤਾ। ੨. ਜ਼ਖ਼ਮ ਤੋਂ ਰਹਿਤ ਕਰਨ ਵਾਲੀ ਸੰਜੀਵਨੀ ਬੂਟੀ। ੩. ਪ੍ਰਸੰਨ।

ਸੰਸਾਰ ਵਿਚ ਦੋ ਕਿਸਮ ਦੇ ਮਜ਼੍ਹਬ ਹਨ, ਇਕ ਉਹ ਹਨ ਜਿਨ੍ਹਾਂ ਦਾ ਨਿਸਚਾ ਹੈ ਕਿ ਕਰਮ ਨਹੀਂ ਮਿਟ ਸਕਦਾ। ਕਰਮਾਂ ਦਾ ਫਲ ਜ਼ਰੂਰ ਭੋਗਣਾ ਪੈਂਦਾ ਹੈ। ਦੂਜੇ ਮੱਤ—ਯਹੂਦੀ, ਈਸਾਈ ਤੇ ਮੁਸਲਮਾਨ ਆਦਿਕ ਹਨ, ਜਿਨ੍ਹਾਂ ਦਾ ਭਰੋਸਾ ਹੈ ਕਿ ਕਿਸੇ ਖ਼ਾਸ ਪੈਗ਼ੰਬਰ 'ਤੇ ਈਮਾਨ ਲਿਆਵੀਏ ਤਾਂ ਰੱਬ ਬਖ਼ਸ਼ ਦਿੰਦਾ ਹੈ। ਨਿਰੀ ਕਰਮ ਫ਼ਿਲਾਸਫ਼ੀ ਨੇ ਹਉਮੈ ਲਿਆਂਦੀ ਹੈ। ਇਬਰਾਨੀ ਮੱਤਾਂ ਨੇ ਬਖ਼ਸ਼ਸ਼ ਦੇ ਭਰੋਸੇ ਦੂਜਿਆਂ ਨੂੰ ਕਾਫ਼ਰ ਕਿਹਾ। ਉਨ੍ਹਾਂ ਉਪਰ ਸਖ਼ਤੀ ਕੀਤੀ। ਗੁਰਮਤਿ ਨੇ ਚੰਗੇ ਕਰਮ ਕਰਨ ਦੀ ਪ੍ਰੇਰਨਾ ਕੀਤੀ ਹੈ। ਪਰ ਨਾਲ ਹੀ ਵਾਹਿਗੁਰੂ ਦੀ ਬਖ਼ਸ਼ਸ਼ ਉਪਰ ਭਰੋਸਾ ਕਰਨਾ ਦੱਸਿਆ ਹੈ। ਸ਼ਬਦ ਦੀ ਅੰਤਮ ਤੁਕ ਵਿਚ ਭਗਤ ਜੀ ਵੀ ਇਸ ਨੂੰ ਮੰਨਦੇ ਹਨ।

# ਜੀਵਨ ਤੇ ਬਾਣੀ ਭਗਤ ਬੇਣੀ ਜੀ

ਬੇਣੀ ਦਾ ਅਰਥ ਹੈ—ਜਲ ਦਾ ਪ੍ਰਵਾਹ। ਗੰਗਾ, ਜਮਨਾ ਤੇ ਸਰਸਵਤੀ ਦੇ ਸੰਗਮ ਨੂੰ ਭੀ ਬੇਣੀ ਕਹਿੰਦੇ ਹਨ। ਭਗਤ ਬੇਣੀ ਜੀ ਸੰਬੰਧੀ ਕੋਈ ਵਿਸ਼ੇਸ਼ ਹਾਲਾਤ ਨਹੀਂ ਮਿਲਦੇ। ਭਾਈ ਗੁਰਦਾਸ ਜੀ ਨੇ ਜਿਸ ਕਰਮ ਅਨੁਸਾਰ *ਭਗਤ ਰਤਨਾਵਲੀ* ਲਿਖੀ ਹੈ, ਉਸ ਤੋਂ ਅਨੁਮਾਨ ਹੈ ਕਿ ਆਪ ਰਾਮਾਨੰਦ ਕਾਲ ਦੇ ਭਗਤ ਸਨ। ਆਪ ਗ੍ਰਿਹਸਤੀ ਭਗਤ ਸਨ। ਇਕਾਂਤ ਵਿਚ ਭਜਨ ਕਰਨ ਜਾਂਦੇ ਸਨ, ਘਰ ਦਾ ਨਿਰਬਾਹ ਟੁਰਦਾ ਨਹੀਂ ਸੀ। ਜਦ ਘਰ ਵਾਲੇ ਨਿਰਬਾਹ ਲਈ ਇਨ੍ਹਾਂ ਨੂੰ ਕਾਰੋਬਾਰ ਵੱਲ ਪ੍ਰੇਰਦੇ ਤਾਂ ਉੱਤਰ ਦਿੰਦੇ, "ਮੈਂ ਰਾਜ-ਦੁਆਰੇ ਜਾ ਰਿਹਾ ਹਾਂ, ਉਥੋਂ ਸਾਰੇ ਪਦਾਰਥ ਲੈ ਆਵਾਂਗਾ।" ਇਸ ਤਰ੍ਹਾਂ ਦਿਨ ਕੱਟਦੇ ਸਨ। ਈਸ਼ਵਰ ਨੇ ਭਗਤ ਦਾ ਪ੍ਰੇਮ ਦੇਖ ਕੇ ਰਾਜੇ ਨੂੰ ਪ੍ਰੇਰਨਾ ਕੀਤੀ, ਜਿਸ ਨੇਂ ਬੇਣੀ ਦੇ ਘਰ ਧਨ ਪਦਾਰਥ ਦੇ ਕੇ ਇਨ੍ਹਾਂ ਨੂੰ ਆਰਥਿਕ ਸੰਕਟ ਵਿਚੋਂ ਕੱਢਿਆ। ਕਰਮ ਅਧਿਆਤਮੀ ਕਰਦੇ ਸਨ, ਇਸ ਲਈ ਜਾਪਦਾ ਹੈ ਕਿ ਬ੍ਰਾਹਮਣ ਸਨ। ਭਾਈ ਗੁਰਦਾਸ ਜੀ ਭਗਤ ਬੇਣੀ ਜੀ ਬਾਬਤ ਲਿਖਦੇ ਹਨ :

**ਗੁਰਮੁਖਿ ਬੇਣੀ ਭਗਤਿ ਕਰ ਜਾਇ ਇਕਾਂਤ ਬਹੈ ਲਿਵਲਾਵੈ।**
**ਕਰਮ ਕਰੈ ਅਧਿਆਤਮੀ ਹੋਰਸੁ ਕਿਸੈ ਨ ਅਲਖੁ ਲਖਾਵੈ।**
**ਘਰ ਆਯਾ ਜਾਂ ਪੁਛੀਐ ਰਾਜ ਦੁਆਰ ਗਿਆ ਆਲਾਵੈ।**
**ਘਰ ਸਭ ਵਥੂ ਮੰਗੀਅਨ ਵਲ ਛਲ ਕਰ ਕੈ ਝਤ ਲੰਘਾਵੈ।**
**ਵਡਾ ਸਾਂਗ ਵਰਤਦਾ ਓਹੁ ਇਕ ਮਨ ਪਰਮੇਸਰ ਧਯਾਵੈ।**
**ਪੈਜ ਸਵਾਰੈ ਭਗਤ ਦੀ ਰਾਜਾ ਹੁਇਕੈ ਘਰ ਚਲ ਆਵੈ।**
**ਦੇਇ ਦਿਲਾਸਾ ਤੁਸ ਕੈ ਅਣਗਣਤੀ ਖਰਚੀ ਪਹੁਚਾਵੈ।**
**ਓਥਹੁੰ ਆਯਾ ਭਗਤ ਪਾਸ ਹੋਇ ਦਿਆਲ ਹੇਤ ਉਪਜਾਵੈ।**
**ਭਗਤ ਜਨਾਂ ਜੈਕਾਰ ਕਰਾਵੈ।** *(ਵਾਰ ੧੦—੧੪)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਬੇਣੀ ਜੀ ਦੇ ਤਿੰਨ ਸ਼ਬਦ ਹਨ। ਇਕ ਸਿਰੀਰਾਗੁ ਵਿਚ, ਦੂਜਾ ਰਾਮਕਲੀ ਤੇ ਤੀਜਾ ਪ੍ਰਭਾਤੀ ਰਾਗ ਵਿਚ। ਇਨ੍ਹਾਂ 'ਚੋਂ ਪਹਿਲੇ ਸ਼ਬਦ ਵਿਚ ਮਨੁੱਖ ਨੂੰ ਉਸ ਦੀ ਅਸਲੀਅਤ ਸਮਝਾਈ ਹੈ ਤੇ ਦੱਸਿਆ ਹੈ ਕਿ ਮਨੁੱਖ ਕਿਸ ਤਰ੍ਹਾਂ ਮਾਂ ਦੇ ਪੇਟ ਵਿਚ ਰਿਹਾ। ਜਨਮ ਲੈ ਕੇ ਮੋਹ-ਮਾਇਆ ਤੇ ਵਿਸ਼ੇ-ਵਿਕਾਰਾਂ ਵਿਚ ਕਿਵੇਂ ਲੀਨ ਹੋਇਆ ਤੇ ਅਖ਼ੀਰ ਬੁੱਢਾ ਹੋ ਕੇ ਮਰ ਗਿਆ।

ਦੂਜੇ ਸ਼ਬਦ ਵਿਚ ਯੋਗ ਦੇ ਸਿਸਟਮ, ਇੜਾ, ਪਿੰਗਲਾ, ਸੁਖਮਨਾ ਆਦਿਕ

ਨਾੜੀਆਂ ਦਾ ਜ਼ਿਕਰ ਕੀਤਾ ਹੈ। ਦਸਮ ਦੁਆਰ ਵਿਚ ਟਿਕਣਾ ਈਸ਼ਵਰ ਦੇ ਸਰੂਪ ਨੂੰ ਅਨੁਭਵ ਕਰਨਾ ਆਦਿਕ ਗੱਲਾਂ ਵਰਣਨ ਕੀਤੀਆਂ ਹਨ।

ਪ੍ਰਭਾਤੀ ਰਾਗ ਦੇ ਸ਼ਬਦ ਵਿਚ ਫੋਕੇ ਕਰਮ-ਕਾਂਡ, ਸੰਧਿਆ, ਤਰਪਣ, ਮੂਰਤੀ-ਪੂਜਾ, ਇਸ਼ਨਾਨ, ਤਿਲਕ ਆਦਿਕ ਰਸਮੀ ਮਜ਼ਬ ਦਾ ਖੰਡਨ ਕੀਤਾ ਹੈ। ਇਸ ਕਰਮ-ਕਾਂਡ ਨੂੰ ਫੋਕਟ ਦੱਸ ਕੇ ਕਿਹਾ ਹੈ ਕਿ ਪ੍ਰੇਮ-ਭਗਤੀ ਦੇ ਬਿਨਾਂ ਮੁਕਤੀ ਨਹੀਂ ਮਿਲਦੀ। ਸਤਿਗੁਰੂ ਤੋਂ ਬਿਨਾ ਇਸ ਮਾਰਗ ਦੀ ਪ੍ਰਾਪਤੀ ਨਹੀਂ ਹੁੰਦੀ।

ਹੁਣ ਅਸੀਂ ਭਗਤ ਬੇਣੀ ਜੀ ਦੇ ਤਿੰਨੇ ਸ਼ਬਦ ਤੇ ਉਨ੍ਹਾਂ ਦੇ ਭਾਵਾਰਥ ਦਰਜ ਕਰਦੇ ਹਾਂ:

(੧) ਰੇ ਨਰ ਗਰਭ ਕੁੰਡਲ[੧] ਜਬ ਆਛਤ[੨] ਉਰਧ[੩] ਧਿਆਨ ਲਿਵ ਲਾਗਾ॥
ਮਿਰਤਕ[੪] ਪਿੰਡਿ ਪਦ ਮਦਨਾ[੫] ਅਹਿਨਿਸਿ ਏਕੁ ਅਗਿਆਨ ਸੁਨਾਗਾ[੬]॥
ਤੇ ਦਿਨ ਸੰਮਲੁ ਕਸਟ ਮਹਾ ਦੁਖ ਅਬ ਚਿਤ ਅਧਿਕ ਪਸਾਰਿਆ॥
ਗਰਭ ਛੋਡਿ ਮ੍ਰਿਤ ਮੰਡਲ ਆਇਆ ਤਉ ਨਰਹਰਿ ਮਨਹੁ ਬਿਸਾਰਿਆ॥੧॥
ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ॥
ਚੇਤਿ ਰਾਮੁ ਨਾਹੀ ਜਮਪੁਰਿ ਜਾਹਿਗਾ ਜਨੁ ਬਿਚਰੈ ਅਨਰਾਧਾ[੭]॥੧॥ ਰਹਾਉ॥
ਬਾਲ ਬਿਨੋਦ[੮] ਚਿੰਦ ਰਸ[੯] ਲਾਗਾ ਖਿਨੁ ਖਿਨੁ ਮੋਹਿ ਬਿਆਪੈ॥
ਰਸੁ ਮਿਸੁ[੧੦] ਮੇਧੁ[੧੧] ਅੰਮ੍ਰਿਤੁ ਬਿਖੁ ਚਾਖੀ ਤਉ ਪੰਚ[੧੨] ਪ੍ਰਗਟ ਸੰਤਾਪੈ[੧੩]॥
ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮਨਾਮੁ ਨ ਅਰਾਧਿਆ॥
ਉਛਲਿਆ ਕਾਮੁ ਕਾਲ ਮਤਿ[੧੪] ਲਾਗੀ ਤਉ ਆਨਿ ਸਕਤਿ[੧੫] ਗਲਿ ਬਾਂਧਿਆ॥੨॥
ਤਰੁਣ ਤੇਜੁ[੧੬] ਪਰਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ[੧੭] ਨ ਪਛਾਣਿਆ॥
ਉਨਮਤ[੧੮] ਕਾਮਿ ਮਹਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ॥
ਸੁਤ ਸੰਪਤਿ ਦੇਖਿ ਇਹੁ ਮਨੁ ਗਰਬਿਆ ਰਾਮੁ ਰਿਦੈ ਤੇ ਖੋਇਆ॥
ਅਵਰ ਮਰਤ ਮਾਇਆ ਮਨੁ ਤੋਲੇ ਤਉ ਭਗ ਮੁਖਿ[੧੯] ਜਨਮੁ ਵਿਗੋਇਆ॥੩॥
ਪੁੰਡਰ[੨੦] ਕੇਸ ਕੁਸਮ ਤੇ ਧਉਲੇ ਸਪਤ[੨੧] ਪਾਤਾਲ ਕੀ ਬਾਣੀ॥
ਲੋਚਨ[੨੨] ਸ੍ਰਮਹਿ[੨੩] ਬੁਧਿ ਬਲ ਨਾਠੀ ਤਾ ਕਾਮੁ[੨੪] ਪਵਸਿ ਮਾਧਾਣੀ॥
ਤਾ ਤੇ ਬਿਖੈ ਭਈ ਮਤਿ ਪਾਵਸਿ[੨੫] ਕਾਇਆ ਕਮਲੁ ਕੁਮਲਾਣਾ॥
ਅਵਗਤਿ ਬਾਣਿ[੨੬] ਛੋਡਿ ਮ੍ਰਿਤ ਮੰਡਲਿ[੨੭] ਤਉ ਪਾਛੈ ਪਛੁਤਾਣਾ॥੪॥
ਨਿਕੁਟੀ ਦੇਹ[੨੮] ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ॥
ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ॥

---

੧. ਮਾਂ ਦੇ ਪੇਟ ਵਿਚ , ਘੇਰਾ। ੨. ਹੁੰਦਾ। ੩. ਪੁੱਠਾ ਟੰਗਿਆ ਹੁੰਦਾ ਹੈ, ਰੱਬ ਦੇ ਧਿਆਨ ਵਿਚ ਲੱਗਾ ਹੁੰਦਾ ਹੈ। ੪. ਮਿੱਟੀ ਦੇ ਪਿੱਲੇ ਸਰੀਰ ਵਿਚ। ੫. ਮਾਣ। ੬. ਅਭਾਵ। ੭. ਸੰ: ਅਨਿਰੁਧ—ਅਮੋੜ। ੮. ਖੇਡ ਤਮਾਸ਼ੇ। ੯. ਰਸਾਂ ਦੀ ਚਿੰਤਾ ਵਿਚ। ੧੦. ਮਿੱਸੇ ਰਸ। ੧੧. ਮਾਸ ਆਦਿ ਸਾਰੇ ਰਸ। ੧੨. ਪੰਜ ਕਾਮ ਕ੍ਰੋਧਾਦਿਕ। ੧੩. ਦੁੱਖ। ੧੪. ਕਾਲਖ ਮੱਤ ਨੂੰ ਲੱਗੀ ਹੈ। ੧੫. ਇਸਤ੍ਰੀ, ਕਬੀਲਦਾਰੀ। ੧੬. ਜਵਾਨੀ ਦਾ ਤੇਜ। ੧੭. ਮੌਕਾ ਕਮੌਕਾ। ੧੮. ਕਾਮ ਵਿਚ ਮਸਤ। ੧੯. ਭਗ—ਇੰਦਰੀ ਤੇ ਵਿਸ਼ੇ ਤੇ ਮੁਖਿ—ਖਾਣ ਪੀਣ ਵਿਚ। ੨੦. ਚਿਟੇ ਫੁੱਲ। ੨੧. ਮੱਧਮ ਆਵਾਜ਼, ਜਿਵੇਂ ਸੱਤਾਂ ਪਾਤਾਲਾਂ 'ਚੋਂ ਬੋਲਦਾ ਹੈ। ੨੨. ਅੱਖਾਂ। ੨੩. ਵਗਦੀਆਂ ਹਨ। ੨੪. ਕਾਮਨਾਂ। ੨੫. ਵਰਖਾ। ੨੬. ਈਸ਼ਵਰ ਦੀ ਬਾਣੀ। ੨੭. ਇਸ ਸੰਸਾਰ ਵਿਚ। ੨੮. ਪੁੱਤਰ ਪੋਤਰੇ।

ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ[1] ਨ ਸੁਖਾਈ॥
ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ॥੫॥

*(ਸਿਰੀਰਾਗੁ, ਪੰਨਾ ੯੩)*

*ਭਾਵਾਰਥ :* ਹੇ ਮਨੁੱਖ! ਜਦ ਤੂੰ ਮਾਤਾ ਦੇ ਪੇਟ ਵਿਚ ਪੁੱਠਾ ਟੰਗਿਆ ਹੁੰਦਾ ਹੈਂ, ਪਰ ਈਸ਼ਵਰ ਦੇ ਧਿਆਨ ਵਿਚ ਲੱਗਾ ਹੁੰਦਾ ਹੈਂ। ਮਿੱਟੀ ਦੇ ਪਿੱਲੇ ਸਰੀਰ ਵਿਚ ਤੈਨੂੰ ਆਪਣੀ ਮਨੁੱਖ-ਪਦਵੀ ਦਾ ਕੋਈ ਮਾਣ ਨਹੀਂ ਸੀ। ਦਿਨੇ ਰਾਤ ਈਸ਼ਵਰ ਦੇ ਧਿਆਨ ਵਿਚ ਮਗਨ ਸੀ ਤੇ ਅਗਿਆਨ ਵੱਲੋਂ ਕੋਰਾ ਸੀ, ਅਭਾਵ ਸੀ। ਤੂੰ ਉਨ੍ਹਾਂ ਦਿਨਾਂ ਦੇ ਕਲੇਸ਼ ਨੂੰ ਯਾਦ ਕਰ। ਕਿੰਨਾ ਹੁਣ ਕਿੱਤ ਪਸਾਰ ਲਿਆ ਈ! ਮਾਂ ਦੇ ਪੇਟ 'ਚੋਂ ਮਾਤ ਲੋਕ ਵਿਚ ਆਇਆ ਤੇ ਤੂੰ ਈਸ਼ਵਰ ਨੂੰ ਵਿਸਾਰ ਦਿੱਤਾ। ਮੂਰਖਾ, ਤੂੰ ਫਿਰ ਪਛਤਾਏਂਗਾ, ਦੱਸ ਕਿਹੜੀ ਕੁਮੱਤ ਵਿਚ ਲੱਗ ਗਿਆ ਹੈਂ! ਵਾਹਿਗੁਰੂ ਨੂੰ ਯਾਦ ਕਰ, ਨਹੀਂ ਤੇ ਅਮੋੜ ਵਿਚਰਨ ਵਾਲੇ ਮਨੁੱਖ ਜਮਪੁਰੀ ਨੂੰ ਜਾਵੇਂਗਾ।

ਬਚਪਨ ਦੀ ਅਵਸਥਾ ਤੇ ਖੇਡ ਤਮਾਸ਼ਿਆਂ ਵਿਚ ਜਾਂ ਖਾਣ ਪੀਣ ਦੇ ਰਸਾਂ ਵਿਚ ਗੁਜ਼ਾਰੀ। ਮੋਹ ਵਧਦਾ ਗਿਆ। ਮਿੱਸੇ ਰਸ, ਮਾਸਾਦਿਕ, ਚੰਗੇ ਮੰਦੇ ਸਾਰੇ ਰਸ ਤੂੰ ਭੋਗੇ। ਫਲ ਕੀ ਹੋਇਆ? ਕਾਮ, ਕ੍ਰੋਧ ਆਦਿਕ ਨੇ ਤੈਨੂੰ ਆ ਦੁੱਖ ਦਿੱਤਾ। ਜਤ, ਤਪ, ਸੰਜਮੀ ਜੀਵਨ ਤੇ ਚੰਗੇ ਕੰਮ ਛੱਡ ਕੇ ਹਰੀ ਦਾ ਸਿਮਰਨ ਨਹੀਂ ਕੀਤਾ। ਜਵਾਨੀ ਵਿਚ ਕਾਮ ਉਛਲਿਆ। ਮੱਤ ਨੂੰ ਕਾਲਖ ਲੱਗ ਗਈ। ਉਸ ਵਕਤ ਸੰਬੰਧੀਆਂ ਨੇ ਇਸਤ੍ਰੀ ਲਿਆ ਤੇਰੇ ਗਲ ਨਾਲ ਬੱਧੀ। ਗ੍ਰਿਹਸਤੀ ਹੋ ਕੇ ਵੀ ਜਵਾਨੀ ਦੇ ਤੇਜ ਵਿਚ ਪਰਾਈਆਂ ਇਸਤ੍ਰੀਆਂ ਦੇ ਮੂੰਹ ਵੱਲ ਵੇਖਦਾ ਹੈਂ। ਚੰਗੇ ਮੰਦੇ ਸਮੇਂ ਨੂੰ ਨਹੀਂ ਪਛਾਣਿਆ। ਕਾਮ ਜੋ ਮਹਾਨ ਵਿਸ਼ਾ ਹੈ, ਇਸ ਵਿਚ ਮਸਤ ਹੋ ਕੇ ਪਾਪ ਪੁੰਨ ਦੇ ਫ਼ਰਕ ਨੂੰ ਭੁੱਲ ਗਿਆ ਹੈਂ। ਪੁੱਤਰ, ਧਨ-ਪਦਾਰਥ ਦੇਖ ਕੇ ਇਸ ਮਨ ਨੇ ਹੰਕਾਰ ਕੀਤਾ, ਈਸ਼ਵਰ ਨੂੰ ਹਿਰਦੇ 'ਚੋਂ ਗਵਾ ਦਿੱਤਾ। ਦੂਜਿਆਂ ਦੇ ਮਰਨ 'ਤੇ ਇਹ ਉਨ੍ਹਾਂ ਦੀ ਮਾਇਆ ਨੂੰ ਮਨ ਵਿਚ ਤੋਲਦਾ ਹੈ ਕਿ ਮੇਰੇ ਹਿੱਸੇ ਕਿੰਨੀ ਆਵੇਗੀ? ਇਸ ਮਨੁੱਖ ਨੇ ਇੰਦਰੀ ਦੇ ਰਸ ਤੇ ਮੁਖ ਖਾਣ ਪੀਣ ਰਸ ਵਿਚ ਜਨਮ ਗੁਆ ਦਿੱਤਾ।

ਹੁਣ ਤੀਜੀ ਅਵਸਥਾ ਆਈ ਬੁਢੇਪੇ ਦੀ। ਇਸ ਦੇ ਵਾਲ ਚਿੱਟੇ ਫੁੱਲ ਵਾਂਙੂ ਹੋ ਗਏ। ਆਵਾਜ਼ ਇੰਨੀ ਮੱਧਮ ਹੋ ਗਈ ਕਿ ਜਿਵੇਂ ਸਤਵੇਂ ਪਾਤਾਲ ਵਿਚੋਂ ਪਿਆ ਬੋਲਦਾ ਹੈ। ਅੱਖਾਂ ਵਗਦੀਆਂ ਹਨ। ਬੁੱਧੀ ਤੇ ਬਲ ਦੋਵੇਂ ਨੱਸ ਗਏ ਹਨ। ਕਰ ਕੁਝ ਨਹੀਂ ਸਕਦਾ ਪਰ ਕਾਮਨਾਂ (ਖ਼ਾਹਿਸ਼ਾਂ) ਦੀ ਮਧਾਣੀ ਨਾਲ ਰਿੜਕਿਆ ਜਾ ਰਿਹਾ ਹੈ। ਭਾਵ ਕਾਮਨਾਂ ਵਧ ਗਈਆਂ ਹਨ। ਬਹੁਤ ਬਰਖਾ ਹੋਵੇ ਤਾਂ ਕਮਲ ਕੁਮਲਾ ਜਾਂਦੇ ਹਨ, ਇਸੇ ਤਰ੍ਹਾਂ ਵਿਸ਼ਿਆਂ ਦੀ ਝੜੀ ਲੱਗਣ ਕਰਕੇ ਸਰੀਰ-ਰੂਪੀ ਕਮਲ ਫੁੱਲ ਕੁਮਲਾ ਗਿਆ। ਅਬਿਨਾਸ਼ੀ ਵਾਹਿਗੁਰੂ ਦੀ ਬਾਣੀ ਇਸ ਨੇ ਇਸ ਸੰਸਾਰ ਵਿਚ ਛੱਡ ਦਿੱਤੀ। ਇਸ ਨੂੰ ਪਿੱਛੋਂ ਪਛਤਾਣਾ ਪਿਆ। ਨਿੱਕੇ ਨਿੱਕੇ ਪੁੱਤਰ ਪੋਤਰੇ (ਨਿਕਟੀ ਦੇਹ) ਦੇਖ ਕੇ ਇਸ ਨੂੰ ਚਾਅ ਪੈਦਾ ਹੁੰਦਾ ਹੈ, ਉਨ੍ਹਾਂ 'ਤੇ ਮਾਣ ਕਰਦਾ ਹੈ। ਅਸਲੀਅਤ ਨੂੰ ਨਹੀਂ ਸਮਝਦਾ। ਅੱਖਾਂ ਤੋਂ ਕੁਝ ਨਹੀਂ ਦਿਸਦਾ ਪਰ ਵਧੇਰੇ ਜੀਵਨ ਲਈ ਲਾਲਚ ਕਰਦਾ ਹੈ।

---

੧. ਵੇਹੜਾ।

ਅਖ਼ੀਰ ਵਿਚ ਸਰੀਰ ਦਾ ਤੇਜ ਮੁੱਕ ਗਿਆ। ਮਨ ਰੂਪ ਪੰਖੀ ਸਰੀਰ 'ਚੋਂ ਉੱਡ ਗਿਆ। ਹੁਣ ਚੂੰਕਿ ਮੁਰਦਾ ਹੈ ਇਸ ਲਈ ਘਰ ਅਤੇ ਵੇਹੜੇ ਵਿਚ ਚੰਗਾ ਨਹੀਂ ਲੱਗਦਾ। ਬੇਣੀ ਜੀ ਕਹਿੰਦੇ ਹਨ, ਹੇ ਭਗਤੋ ! ਦੱਸੋ ਅਜਿਹੀ ਮੌਤ ਪਿੱਛੋਂ ਮੁਕਤੀ ਕਿਸ ਨੇ ਪ੍ਰਾਪਤ ਕੀਤੀ ?

(੨) ਭਗਤ ਬੇਣੀ ਜੀ ਜੋਗੀਆਂ ਦੀ ਬੋਲੀ ਵਿਚ ਉਨ੍ਹਾਂ ਦੇ ਢੰਗ ਦੇ ਟਾਕਰੇ 'ਤੇ ਨਿਰਾਕਾਰ ਵਾਹਿਗੁਰੂ ਵਿਚ ਮਨ ਨੂੰ ਜੋੜਨਾ ਤੇ ਉਸ ਦੀ ਭਗਤੀ ਕਰਨੀ ਇਉਂ ਵਰਣਨ ਕਰਦੇ ਹਨ :

ਇੜਾ[੧] ਪਿੰਗੁਲਾ[੨] ਅਉਰ ਸੁਖਮਨਾ[੩] ਤੀਨਿ ਬਸਹਿ ਇਕ ਠਾਈ ॥
ਬੇਣੀ[੪] ਸੰਗਮੁ ਤਹ ਪਿਰਾਗੁ ਮਨੁ ਮਜਨੁ[੫] ਕਰੇ ਤਿਥਾਈ ॥੧॥
ਸੰਤਹੁ ਤਹਾ ਨਿਰੰਜਨ ਰਾਮੁ ਹੈ ॥ ਗੁਰ ਗਮਿ[੬] ਚੀਨੈ ਬਿਰਲਾ ਕੋਇ ॥
ਤਹਾਂ ਨਿਰੰਜਨੁ ਰਮਈਆ ਹੋਇ ॥੧॥ ਰਹਾਉ ॥
ਦੇਵ ਸਥਾਨੈ ਕਿਆ ਨੀਸਾਣੀ ॥ ਤਹ ਬਾਜੇ ਸਬਦ ਅਨਾਹਦ ਬਾਣੀ ॥
ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ ॥ ਸਾਖੀ[੭] ਜਾਗੀ ਗੁਰਮੁਖਿ ਜਾਣੀ ॥੨॥
ਉਪਜੈ ਗਿਆਨੁ ਦੁਰਮਤਿ[੮] ਛੀਜੈ ॥ ਅੰਮ੍ਰਿਤ ਰਸਿ ਗਗਨੰਤਰਿ[੯] ਭੀਜੈ ॥
ਏਸੁ ਕਲਾ ਜੋ ਜਾਣੈ ਭੇਉ ॥ ਭੇਟੈ ਤਾਸੁ ਪਰਮ ਗੁਰ ਦੇਉ ॥੩॥
ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥
ਊਪਰਿ ਹਾਟੁ[੧੦] ਹਾਟ ਪਰਿ ਆਲਾ[੧੧] ਆਲੇ ਭੀਤਰਿ ਥਾਤੀ[੧੨] ॥੪॥
ਜਾਗਤੁ ਰਹੈ ਸੁ ਕਬਹੂ ਨ ਸੋਵੈ ॥ ਤੀਨਿ ਤਿਲੋਕ ਸਮਾਧਿ ਪਲੋਵੈ[੧੩] ॥
ਬੀਜ ਮੰਤ੍ਰੁ ਲੈ ਹਿਰਦੈ ਰਹੈ ॥ ਮਨੂਆ ਉਲਟਿ ਸੁੰਨ[੧੪] ਮਹਿ ਗਹੈ ॥੫॥
ਜਾਗਤੁ ਰਹੈ ਨ ਅਲੀਆ[੧੫] ਭਾਖੈ ॥ ਪਾਚਉ ਇੰਦ੍ਰੀ ਬਸਿ ਕਰਿ ਰਾਖੈ ॥
ਗੁਰ ਕੀ ਸਾਖੀ ਰਾਖੈ ਚੀਤਿ ॥ ਮਨੁ ਤਨੁ ਅਰਪੈ ਕ੍ਰਿਸਨ ਪਰੀਤਿ ॥੬॥
ਕਰ ਪਲਵ[੧੬] ਸਾਖਾ ਬੀਚਾਰੇ ॥ ਅਪਨਾ ਜਨਮੁ ਨ ਜੂਐ ਹਾਰੇ ॥
ਅਸੁਰ[੧੭] ਨਦੀ ਕਾ ਬੰਧੈ ਮੂਲੁ ॥ ਪਛਿਮ ਫੇਰਿ ਚੜਾਵੈ ਸੂਰੁ[੧੮] ॥
ਅਜਰੁ ਜਰੈ ਸੁ ਨਿਝਰੁ ਝਰੈ ॥ ਜਗੰਨਾਥ ਸਿਉ ਗੋਸਟਿ ਕਰੈ ॥੭॥
ਚਉਮੁਖ ਦੀਵਾ[੧੯] ਜੋਤਿ ਦੁਆਰ ॥ ਪਲੂ[੨੦] ਅਨਤ ਮੂਲੁ ਬਿਚਕਾਰਿ ॥
ਸਰਬ ਕਲਾ ਲੇ ਆਪੇ ਰਹੈ ॥ ਮਨੁ ਮਾਣਕੁ ਰਤਨਾ ਮਹਿ ਗੁਹੈ ॥੮॥
ਮਸਤਕਿ ਪਦਮੁ ਦੁਆਲੈ ਮਣੀ[੨੧] ॥ ਮਾਹਿ ਨਿਰੰਜਨੁ ਤ੍ਰਿਭਵਣ ਧਣੀ ॥

---

੧. ਇੜਾ—ਸੱਜੀ ਸੁਰ, ਸੂਰਜ ਦੀ ਨਾੜੀ। ੨. ਪਿੰਗੁਲਾ—ਖੱਬੀ ਸੁਰ, ਚੰਦ੍ਰਮਾ ਦੀ ਨਾੜੀ। ੩. ਸੁਖਮਨਾ—ਜੋਗੀਆਂ ਨੇ ਇਕ ਨਾੜੀ ਮੰਨੀ ਹੈ, ਜੋ ਨੱਕ ਦੇ ਮੁੱਢ ਤੋਂ ਲੈ ਕੇ ਕੰਗਰੋੜ ਦੇ ਨਾਲ ਹੁੰਦੀ ਹੋਈ ਦਿਮਾਗ਼ ਤਕ ਜਾਂਦੀ ਹੈ (ਦੇਖੋ *ਭਗਤ ਬਾਣੀ*, ਪੰ: ਤਾਰਾ ਸਿੰਘ, ਪੰਨਾ ੨੧੪ ਤੇ *ਸ਼ਬਦਾਰਥ* ਪੋਥੀ ਤੀਜੀ, ਪੰਨਾ ੯੭੩)। ੪. ਬੇਣੀ— ਸੰਗਮ, ਜਿਥੇ ਗੰਗਾ, ਜਮਨਾ ਤੇ ਸਰਸਵਤੀ ਮਿਲਦੀਆਂ ਹਨ, ਪਿਰਾਗ। ੫. ਇਸ਼ਨਾਨ। ੬. ਗੁਰੂ ਨੂੰ ਪਹੁੰਚ ਕੇ। ੭. ਸਿਧਾਆ। ੮. ਖੋਟੀ ਮੱਤ ਨਾਸ ਹੁੰਦੀ ਹੈ। ੯. ਦਸਮ-ਦੁਆਰ। ੧੦. ਜੀਵ ਸ਼੍ਰੇਣੀ 'ਚੋਂ ਉੱਤਮ ਮਨੁੱਖ। ੧੧. ਦਿਮਾਗ਼, ਸਿਰ। ੧੨. ਤਾਕੀ, ਵਸਤ। ੧੩. ਲੋਪ ਹੋ ਜਾਂਦੀ ਹੈ। ੧੪. ਅਫੁਰ ਅਵਸਥਾ। ੧੫. (ਸੰ: ਅਲੀਕ) ਝੂਠ। ੧੬. ਕਰ, ਹੱਥਾਂ ਨੂੰ ਪੱਤੇ ਤੇ ਸਰੀਰ ਨੂੰ ਸ਼ਾਖ਼ਾ ਜਾਣੇ। ੧੭. ਮੰਦੇ ਵਿਚਾਰਾਂ ਦੀ ਨਦੀ। ੧੮. ਗਿਆਨ ਦਾ ਪ੍ਰਕਾਸ਼। ੧੯. ਦਸਮ ਦੁਆਰ ਵਿਚ ਗਿਆਨ ਦਾ ਚੌਮੁਖੀਆ ਦੀਵਾ। ੨੦. ਮੂਲ ਹਰੀ ਹੈ ਤੇ ਪੱਤੇ ਸ੍ਰਿਸ਼ਟੀ। ੨੧. ਮੱਥੇ ਵਿਚ ਪਦਮ ਹੈ, ਦੁਆਲੇ ਮਣੀਆਂ ਹਨ।

ਪੰਚ ਸਬਦ ਨਿਰਮਾਇਲ ਬਾਜੇ ॥ ਢੂਲਕੇ[1] ਚਵਰ ਸੰਖ ਘਨ ਗਾਜੇ ॥
ਦਲਿ ਮਲਿ ਦੈਤਹੁ[2] ਗੁਰਮੁਖਿ ਗਿਆਨੁ ॥ ਬੇਣੀ ਜਾਚੈ ਤੇਰਾ ਨਾਮੁ ॥੯॥੧॥

*(ਰਾਗੁ ਰਾਮਕਲੀ, ਪੰਨਾ ੯੭੪)*

*ਭਾਵਾਰਥ :* ਇੜਾ, ਪਿੰਗਲਾ ਤੇ ਸੁਖਮਨਾ ਤਿੰਨੇ ਇਕ ਥਾਂ ਵੱਸਦੇ ਹਨ। ਉਥੇ ਹੀ ਮਨ ਤਿਰਬੇਣੀ ਵਿਚ ਇਸ਼ਨਾਨ ਕਰਦਾ ਹੈ। ਸੰਤ ਪੁਰਸ਼ੋ ! ਇਥੇ ਹੀ ਨਿਰੰਜਨ ਰਾਮ ਦਾ ਨਿਵਾਸ ਹੈ। ਗੁਰੂ ਨੂੰ ਪਹੁੰਚ ਕੇ ਕੋਈ ਵਿਰਲਾ ਹੀ ਇਸ ਗੱਲ ਨੂੰ ਜਾਣਦਾ ਹੈ। ਵਾਹਿਗੁਰੂ ਦੇ ਨਿਵਾਸ ਅਸਥਾਨ ਦੀ ਕੀ ਨਿਸ਼ਾਨੀ ਹੈ ? ਉਥੇ ਅਨਹਦ ਸ਼ਬਦ ਵੱਜਦੇ ਤੇ ਬਾਣੀ ਹੁੰਦੀ ਹੈ। ਇਥੇ ਇਤਨਾ ਆਤਮ ਪ੍ਰਕਾਸ਼ ਹੁੰਦਾ ਹੈ ਕਿ ਬਾਹਰਲੇ ਚੰਦ, ਸੂਰਜ, ਪੌਣ ਤੇ ਪਾਣੀ ਦੀ ਲੋੜ ਨਹੀਂ ਰਹਿੰਦੀ। ਗੁਰੂ ਪਾਸੋਂ ਜੋ ਸਿਖਿਆ ਲਈ ਸੀ, ਉਹ ਪ੍ਰਗਟ ਹੋਈ। ਗਿਆਨ ਪੈਦਾ ਹੋਇਆ। ਖੋਟੀ ਬੁੱਧੀ ਨਾਸ਼ ਹੋ ਗਈ। ਮਨ ਦਸਮ ਦੁਆਰ ਵਿਚ ਅਨੰਦ ਤੇ ਭਿੱਜਾ ਰਹਿੰਦਾ ਹੈ। ਇਸ ਢੰਗ ਜਾਂ ਵਿਉਂਤ ਦੇ ਭੇਦ ਨੂੰ ਜੋ ਆਦਮੀ ਜਾਣਦਾ ਹੈ, ਉਸ ਨੂੰ ਗੁਰੂ ਦੀ ਪ੍ਰਾਪਤੀ ਹੋਈ ਸਮਝੋ। ਦਸਮ ਦੁਆਰ ਕੀ ਹੈ ? ਅਗੰਮ ਹੈ, ਅਪਾਰ ਹੈ। ਪਰਮ ਪੁਰਖ ਦੀ ਘਾਟੀ ਹੈ। ਜੀਵ-ਸ਼੍ਰੇਣੀ ਵਿਚੋਂ ਮਨੁੱਖ ਸਭ ਤੋਂ ਉੱਤੇ ਇਕ ਹੱਟ ਹੈ। ਇਸ ਵਿਚ ਦਿਮਾਗ਼ (ਆਲਾ) ਹੈ। ਇਸ ਆਲੇ ਵਿਚ ਇਕ ਤਾਕੀ (ਥਾਤੀ) ਹੈ, ਜੋ ਪੁਰਸ਼ ਗਿਆਨ ਵਿਚ ਜਾਗਦਾ ਹੈ, ਉਹ ਅਗਿਆਨ ਦੀ ਨੀਂਦਰ ਕਦੀ ਨਹੀਂ ਸੌਂਦਾ। ਤਿੰਨੇ ਲੋਕ ਉਸ ਦੀ ਸਮਾਧੀ ਵਿਚ ਲੀਨ ਹੋ ਜਾਂਦੇ ਹਨ। ਈਸ਼ਵਰ ਦਾ ਨਾਂ—ਜੋ ਬੀਜ ਰੂਪ ਕਰ ਕੇ ਹਰੇਕ ਹਿਰਦੇ ਵਿਚ ਮੌਜੂਦ ਹੈ—ਉਸ ਵਿਚ ਮਨ ਨੂੰ ਲਾ ਕੇ ਅਫੁਰ ਅਵਸਥਾ ਪ੍ਰਾਪਤ ਕਰੇ। ਗਿਆਨ ਵਿਚ ਜਾਗਦਾ ਰਹੇ। ਝੂਠ ਨਾ ਬੋਲੇ। ਕੰਨ, ਨੱਕ, ਮੂੰਹ ਆਦਿਕ ਪੰਜ ਇੰਦਰੀਆਂ ਨੂੰ ਵੱਸ ਵਿਚ ਕਰੇ। ਗੁਰੂ ਦੀ ਸਿਖਿਆ ਨੂੰ ਚਿੱਤ ਵਿਚ ਰੱਖੇ। ਮਨ ਤੇ ਤਨ ਈਸ਼ਵਰ ਦੀ ਭੇਟ ਕਰ ਦੇਵੇ। ਹੱਥ ਪੱਤੇ ਹਨ ਤੇ ਸਰੀਰ ਸ਼ਾਖ਼ਾਂ ਰੂਪ ਹੈ। ਸੇਵਾ ਵਿਚ ਲਾ ਕੇ ਇਨ੍ਹਾਂ ਨੂੰ ਸਫਲ ਕਰੇ। ਮਨੁੱਖਾ ਜਨਮ ਜੂਏ ਵਿਚ ਨਾ ਹਾਰੇ। ਕੋਈ ਲਾਹਾ ਖੱਟੇ।

ਗੰਦੇ ਖ਼ਿਆਲਾਂ ਦੀ ਜੋ ਨਦੀ ਹੈ, ਉਸ ਦੇ ਨਿਕਾਸ ਨੂੰ ਬੰਦ ਕਰੇ। ਪੱਛਮ ਵੱਲੋਂ ਸੂਰਜ ਚੜ੍ਹਾਵੇ, ਭਾਵ ਅਗਿਆਨਤਾ ਦੂਰ ਕਰ ਕੇ ਗਿਆਨ ਦਾ ਪ੍ਰਕਾਸ਼ ਕਰੇ। ਅਜਰ ਨੂੰ ਜਰੇ ਤਾਂ ਹੀ ਅਨੰਦ ਦੀ ਪ੍ਰਾਪਤੀ ਹੋ ਸਕਦੀ ਹੈ, ਉਸ ਹਾਲਤ ਵਿਚ ਵਾਹਿਗੁਰੂ ਨਾਲ ਮੇਲ ਕਰ ਸਕਦਾ ਹੈ। ਗਿਆਨ ਰੂਪ ਚੌਮੁਖੀਆ ਦੀਵਾ ਦਸਮ ਦੁਆਰ ਵਿਚ ਜਗ ਰਿਹਾ ਹੈ। ਈਸ਼ਵਰ ਮੂਲ ਰੂਪ ਕਰਕੇ ਵਿਚਕਾਰ ਹੈ। ਸਾਰੀ ਸ੍ਰਿਸ਼ਟੀ ਇਸ ਮੂਲ ਦੇ ਪੱਤੇ ਹਨ। ਉਹ ਸਭ ਕਲਾਂ ਨੂੰ ਲੈ ਕੇ ਆਪ ਬਿਰਾਜ ਰਿਹਾ ਹੈ। ਮਨੁੱਖ ਮਨ-ਮਾਣਕ ਨੂੰ ਸ਼ੁਭ ਖ਼ਿਆਲਾਂ ਦੇ ਰਤਨਾਂ ਵਿਚ ਪਰੋਵੇ।

ਮਸਤਕ 'ਤੇ ਕਮਲ ਹੈ, ਉਸ ਦੇ ਆਲੇ ਦੁਆਲੇ ਮਣੀਆਂ ਹਨ, ਜਿਨ੍ਹਾਂ ਦੇ ਵਿਚਕਾਰ ਤਿੰਨਾਂ ਭਵਨਾਂ ਦਾ ਮਾਲਕ ਨਿਰੰਜਨ ਰਹਿੰਦਾ ਹੈ। ਨਿਰਮਲ ਤੇ ਸ਼ੁੱਧ ਪੰਜ ਸ਼ਬਦ ਉਥੇ ਵੱਜਦੇ ਹਨ। ਚਉਰ ਝੁੱਲਦੇ ਹਨ। ਬਹੁਤ ਸਾਰੇ ਸੰਖ ਵੱਜ ਰਹੇ ਹਨ। ਗੁਰੂ ਪਾਸੋਂ ਜਿਸ ਨੂੰ ਗਿਆਨ ਪ੍ਰਾਪਤ ਹੋਇਆ, ਉਹ ਪੰਜ ਦੈਂਤਾਂ—ਕਾਮ ਕ੍ਰੋਧ ਆਦਿਕ ਨੂੰ ਦਲ ਮਲ ਦਿੰਦਾ ਹੈ।

---

੧. ਝੁਲ ਰਿਹਾ। ੨. ਕਾਮ ਕ੍ਰੋਧਾਦਿਕ ਦੈਂਤਾਂ ਨੂੰ ਦਲ ਦਿੱਤਾ।

ਬੇਣੀ ਜੀ ਕਹਿੰਦੇ ਹਨ ਕਿ ਹੇ ਈਸ਼ਵਰ! ਮੈਂ ਤੇਰਾ ਨਾਮ ਹੀ ਮੰਗਦਾ ਹਾਂ।

(੩) ਅੰਦਰ ਜੀਵਨ ਨਾ ਹੋਵੇ ਤਾਂ ਬਾਹਰਮੁਖੀ ਕਰਮ ਕਾਂਡ ਤੇ ਧਾਰਨ ਕੀਤੇ ਹੋਏ ਚਿੰਨ੍ਹ ਪਖੰਡ ਬਣ ਜਾਂਦੇ ਹਨ। ਭਗਤ ਬੇਣੀ ਜੀ ਕਿਸੇ ਪਖੰਡੀ ਵੈਸ਼ਨਵ ਤੇ ਭੇਖੀ ਸਾਧੂ ਦੇ ਕਰਮ ਕਾਂਡ ਤੇ ਧਾਰਨ ਕੀਤੇ ਹੋਏ ਚਿੰਨ੍ਹ ਦਾ ਇਸ ਪਰਕਾਰ ਖੰਡਨ ਕਰਦੇ ਹੋਏ ਫ਼ੁਰਮਾਉਂਦੇ ਹਨ:

**ਤਨਿ ਚੰਦਨੁ ਮਸਤਕਿ ਪਾਤੀ[੧] ॥ ਰਿਦ ਅੰਤਰਿ ਕਰਤਲ[੨] ਕਾਤੀ[੩] ॥**
**ਠਗ ਦਿਸਟਿ ਬਗਾ[੪] ਲਿਵ ਲਾਗਾ ॥ ਦੇਖਿ ਬੈਸਨੋ ਪ੍ਰਾਨ ਮੁਖ ਭਾਗਾ[੫] ॥੧॥**
**ਕਲਿ[੬] ਭਗਵਤ ਬੰਦ ਚਿਰਾਂਮੰ[੭] ॥ ਕ੍ਰੂਰ ਦਿਸਟਿ[੮] ਰਤਾ ਨਿਸਿਬਾਦੰ[੯] ॥੧॥ ਰਹਾਉ ॥**
**ਨਿਤਪ੍ਰਤਿ[੧੦] ਇਸਨਾਨੁ ਸਰੀਰੰ ॥ ਦੁਇ ਧੋਤੀ[੧੧] ਕਰਮ ਮੁਖਿ ਖੀਰੰ[੧੨] ॥**
**ਰਿਦੈ ਛੁਰੀ ਸੰਧਿਆਨੀ[੧੩] ॥ ਪਰ ਦਰਬੁ[੧੪] ਹਿਰਨ[੧੫] ਕੀ ਬਾਨੀ ॥੨॥**
**ਸਿਲ ਪੂਜਸਿ ਚਕ੍ਰ[੧੬] ਗਣੇਸੰ ॥ ਨਿਸਿ ਜਾਗਸਿ[੧੭] ਭਗਤ ਪ੍ਰਵੇਸੰ ॥**
**ਪਗ ਨਾਚਸਿ ਚਿਤੁ ਅਕਰਮੰ[੧੮] ॥ ਏ ਲੰਪਟ ਨਾਚ ਅਧਰਮੰ ॥੩॥**
**ਮ੍ਰਿਗ ਆਸਣੁ ਤੁਲਸੀ ਮਾਲਾ ॥ ਕਰ ਊਜਲ ਤਿਲਕੁ ਕਪਾਲਾ ॥**
**ਰਿਦੈ ਕੂੜੁ ਕੰਠਿ ਰੁਦ੍ਰਾਖੰ ॥ ਰੇ ਲੰਪਟ ਕ੍ਰਿਸਨੁ ਅਭਾਖੰ[੧੯] ॥੪॥**
**ਜਿਨਿ ਆਤਮ ਤਤੁ ਨ ਚੀਨਿਆ[੨੦] ॥ ਸਭ ਫੋਕਟ ਧਰਮ ਅਬੀਨਿਆ[੨੧] ॥**
**ਕਹੁ ਬੇਣੀ ਗੁਰਮੁਖਿ ਧਿਆਵੈ ॥ ਬਿਨੁ ਸਤਿਗੁਰ ਬਾਟ ਨ ਪਾਵੈ ॥੫॥੧॥**

*(ਪ੍ਰਭਾਤੀ, ਪੰਨਾ ੧੩੫੧)*

***ਭਾਵਾਰਥ :*** ਪਾਖੰਡੀ ਨੇ ਤਨ 'ਤੇ ਚੰਦਨ ਅਤੇ ਮੱਥੇ 'ਤੇ ਪੱਤਰ ਲਾਏ ਹੋਏ ਹਨ, ਹਿਰਦੇ ਵਿਚ ਕਪਟ ਹੈ। ਹੱਥਾਂ ਦੀਆਂ ਤਲੀਆਂ ਵਿਚ ਇਸ ਨੇ ਛੁਰੀ ਪਕੜੀ ਹੋਈ ਹੈ। ਦ੍ਰਿਸ਼ਟੀ ਠੱਗਾਂ ਵਾਲੀ ਹੈ, ਪਰ ਬਗਲੇ ਵਾਂਗੂੰ ਸਮਾਧੀ ਵਿਚ ਲੀਨ ਹੈ। ਦੇਖਣ ਵਿਚ ਵੈਸ਼ਨੋ ਤੇ ਇਉਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਪ੍ਰਾਣ ਇਸ ਦੇ ਮੂੰਹ ਵਿਚੋਂ ਨੱਠ ਹੀ ਗਏ ਹਨ। ਇੰਨਾ ਸ਼ਾਂਤ ਜਾਪਦਾ ਹੈ।

ਇਹ ਭਗਵਾਨ ਦੇ ਸੁੰਦਰ ਰੂਪ ਨੂੰ ਚਿਰ ਤਕ ਬੰਦਨਾ ਕਰਦਾ ਹੈ ਪਰ ਨਜ਼ਰ ਖੋਟੀ ਹੈ। ਸਦਾ ਝਗੜੇ ਕਰਦਾ ਹੈ। ਰੋਜ਼ ਇਸ਼ਨਾਨ ਵੇਲੇ ਜਾਂ ਕਿਸੇ ਕੰਮ ਦੇ ਸਮੇਂ ਬਦਲ ਲੈਂਦਾ ਹੈ। ਮੂੰਹ ਵਿਚ ਦੁਧ ਰੱਖਦਾ ਹੈ, ਭਾਵ ਦੁਧਾਧਾਰੀ ਹੈ। ਪਰ ਰਿਦੇ ਵਿਚ ਛੁਰੀ ਖਿੱਚੀ ਹੋਈ ਸੂ। ਇਸ ਨੂੰ ਪਾਖੰਡ ਕਰ ਕੇ ਪਰਾਇਆ ਧਨ ਚੁਰਾਣ ਦੀ ਆਦਤ (ਬਾਨੀ) ਹੈ। ਸਿਲ੍ਹਾ ਨੂੰ ਪੂਜਦਾ ਹੈ। ਗਣੇਸ਼ ਜੀ ਦੇ ਨਿਸ਼ਾਨ ਬਣਾਉਂਦਾ ਹੈ। ਭਗਤੀ ਦੇ ਅੰਦਰ ਪ੍ਰਵੇਸ਼ ਕਰ ਕੇ ਰਾਤ ਨੂੰ ਜਾਗਦਾ ਹੈ। ਇਸ ਦੇ ਪੈਰ ਨਿਰਤ ਕਰਦੇ ਹਨ ਪਰ ਮਾੜੇ ਕੰਮਾਂ ਲਈ। ਇਹ ਲੋਭੀ ਤੇ ਅਧਰਮੀ ਨਾਚ ਕਰਦਾ ਹੈ।

ਇਸ ਨੇ ਮ੍ਰਿਗਸ਼ਾਲਾ ਦਾ ਆਸਣ ਰੱਖਿਆ ਹੋਇਆ ਹੈ। ਤੁਲਸੀ ਦੀ ਮਾਲਾ

---

੧. ਪੱਤੇ। ੨. ਹੱਥ ਦੀ ਤਲੀ। ੩. ਛੁਰੀ। ੪. ਬਗਲੇ ਵਾਂਙੂ। ੫. ਮੂੰਹ ਵਿਚ ਪ੍ਰਾਣ ਹੀ ਨਹੀਂ। ੬. ਸੋਹਣੇ ਭਗਵਾਨ ਨੂੰ। ੭. ਚਿਰ ਤਕ ਬੰਦਨਾ ਕਰਦਾ ਹੈ। ੮. ਦ੍ਰਿਸ਼ਟੀ ਖੋਟੀ ਹੈ। ੯. ਰਾਤ ਝਗੜੇ ਕਰਦਾ ਹੈ। ੧੦. ਰੋਜ਼। ੧੧. ਦੋ ਧੋਤੀਆਂ ਬੰਨ੍ਹਦਾ ਹੈ। ੧੨. ਦੁਧਾਧਾਰੀ। ੧੩. ਖਿੱਚੀ ਹੋਈ। ੧੪. ਪਰਾਇਆ ਧਨ। ੧੫. ਚੁਰਾਣ ਦੀ ਆਦਤ। ੧੬. ਗਣੇਸ਼ ਦੇ ਨਿਸ਼ਾਨ। ੧੭. ਰਾਤ ਨੂੰ ਜਾਗਦਾ ਹੈ। ੧੯. ਖੋਟੇ ਕਰਮ। ੧੯. ਕ੍ਰਿਸ਼ਨ ਨੂੰ ਨਹੀਂ ਆਖਦਾ। ੨੦. ਜਾਨਿਆ। ੨੧. ਅਨਯ ਕਰਮ।

ਪਾਉਂਦਾ ਹੈ। ਮੱਥੇ 'ਤੇ ਸੁੰਦਰ ਤਿਲਕ ਕਰਦਾ ਹੈ। ਗਲੇ ਵਿਚ ਰੁਦਰਾਖ਼ ਦੀ (ਰੁਦਰ—ਸ਼ਿਵ ਦੀ ਅੱਖ ਵਰਗੀ) ਮਾਲਾ ਹੈ। ਇਹ ਲੰਪਟ, ਸ੍ਰੀ ਕ੍ਰਿਸ਼ਨ ਨੂੰ ਕੁਝ ਆਖ ਨਹੀਂ ਰਿਹਾ, ਇਸ ਦੇ ਉਲਟ ਕੁਝ ਕਰ ਰਿਹਾ ਹੈ। ਹਰੀ ਦਾ ਨਾਮ ਨਹੀਂ ਜਪਦਾ। ਜਿਨ੍ਹਾਂ ਪੁਰਸ਼ਾਂ ਨੇ ਆਤਮ-ਤਤੂ ਨੂੰ ਨਹੀਂ ਜਾਣਿਆ, ਅਜਿਹੇ ਅੰਨ੍ਹੇ ਪੁਰਸ਼ਾਂ ਦੇ ਸਾਰੇ ਕਰਮ-ਧਰਮ ਫੋਕਟ ਹਨ।

ਬੇਣੀ ਜੀ ਕਹਿੰਦੇ ਹਨ, ਗੁਰੂ ਦੁਆਰਾ ਈਸ਼ਵਰ ਨੂੰ ਯਾਦ ਕਰ ਸਕਦੇ ਹਾਂ। ਬਿਨਾ ਸਤਿਗੁਰੂ ਦੇ ਰਸਤਾ ਨਹੀਂ ਮਿਲਦਾ।

# ਜੀਵਨ ਤੇ ਬਾਣੀ ਭਗਤ ਭੀਖਨ ਜੀ

ਭੀਖਨ ਜੀ ਮੁਸਲਮਾਨ ਸੂਫ਼ੀ ਭਗਤ ਸਨ। ਆਪ ਕਾਕੋਰੀ ਪਰਗਣਾ ਲਖਨਊ ਦੇ ਵਸਨੀਕ ਸਨ। ਬੜੇ ਵਿਦਵਾਨ, ਕੁਰਾਨ ਦੇ ਹਾਫ਼ਿਜ਼, ਸ਼ਰੀਅਤ, ਤਰੀਕਤ, ਹਕੀਕਤ ਤੇ ਮਾਰਫ਼ਤ ਦੇ ਜਾਣੂ ਸਨ। ਸੱਯਦ ਮੀਰ ਇਬਰਾਹੀਮ ਤੋਂ ਆਪ ਨੇ ਆਤਮਕ ਸਿਖਿਆ ਲਈ। ਭੀਖਨ ਜੀ ਸੂਫ਼ੀ ਫ਼ਕੀਰਾਂ ਵਾਂਗੂ ਅੰਤ੍ਰੀਵ ਸਿਖਿਆ ਦਿੰਦੇ ਸਨ। ਫ਼ਾਰਸੀ ਦੇ ਲੇਖਕ ਬਦਾਯੂਨੀ ਨੇ ਇਨ੍ਹਾਂ ਦਾ ਜਿਕਰ ਲਿਖਿਆ ਹੈ।

ਮੈਕਾਲਫ਼ ਲਿਖਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਸ ਭੀਖਨ ਦੀ ਬਾਣੀ ਹੈ, ਇਸ ਦੇ ਵਿਚਾਰ ਸ਼ੇਖ਼ ਫ਼ਰੀਦ ਦੂਸਰੇ ਨਾਲ ਮਿਲਦੇ ਹਨ। ਉਸ ਵਕਤ ਹਿੰਦੁਸਤਾਨ ਵਿਚ ਜੋ ਸੁਧਾਰ ਦੀ ਲਹਿਰ ਚੱਲ ਰਹੀ ਸੀ, ਉਸ ਦਾ ਅਸਰ ਇਸ ਮਹਾਤਮਾ 'ਤੇ ਵੀ ਪਿਆ। ਇਹ ਕਬੀਰ ਜੀ ਦੇ ਸ਼ਤਸੰਗੀ ਜਾਪਦੇ ਹਨ।[੧] ਭੀਖਨ ਜੀ ਦਾ ਦੇਹਾਂਤ ਸੰਮਤ ੧੬੩੧ ਵਿਚ ਹੋਇਆ।[੨] ਇਸ ਤੋਂ ਵਧੀਕ ਹਾਲਾਤ ਨਹੀਂ ਮਿਲਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਭੀਖਨ ਜੀ ਦੇ ਕੇਵਲ ਦੋ ਸ਼ਬਦ ਸੋਰਠਿ ਰਾਗ ਵਿਚ ਹਨ। ਇਨ੍ਹਾਂ ਵਿਚ ਵੈਰਾਗ ਤੇ ਭਗਤੀ ਦੀ ਪ੍ਰਧਾਨਤਾ ਹੈ। ਇਨ੍ਹਾਂ ਦੀ ਬੋਲੀ ਪੁਰਾਣੀ ਹਿੰਦੀ ਹੈ। ਇਕ ਸ਼ਬਦ ਵਿਚ ਵੈਰਾਗ ਕਥਨ ਕੀਤਾ ਹੈ। ਦੂਜੇ ਵਿਚ ਈਸ਼ਵਰ ਦੀ ਪ੍ਰਾਪਤੀ ਦੀ ਅਵਸਥਾ ਦੱਸੀ ਹੈ। ਪਾਠਕਾਂ ਦੀ ਗਿਆਤ ਲਈ ਦੋਵੇਂ ਸ਼ਬਦ ਤੇ ਇਨ੍ਹਾਂ ਦੇ ਭਾਵਾਰਥ ਦਰਜ ਕਰਦੇ ਹਾਂ :

(੧) ਨੈਨਹੁ ਨੀਰੁ ਬਹੈ ਤਨੁ ਖੀਨਾ[੩] ਭਏ ਕੇਸ ਦੁਧਵਾਨੀ[੪] ॥
ਰੂਧਾ ਕੰਠੁ[੫] ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ ॥
ਰਾਮਰਾਇ ਹੋਹਿ ਬੈਦ ਬਨਵਾਰੀ[੬] ॥
ਅਪਨੇ ਸੰਤਹ ਲੇਹੁ ਉਬਾਰੀ ॥੧॥ ਰਹਾਉ ॥
ਮਾਥੇ ਪੀਰ[੭] ਸਰੀਰੀ ਜਲਨਿ ਹੈ ਕਰਕ ਕਰੇਜੇ ਮਾਹੀ[੮] ॥
ਐਸੀ ਬੇਦਨ[੯] ਉਪਜਿ ਖਰੀ ਭਈ ਵਾ ਕਾ ਅਉਖਧੁ[੧੦] ਨਾਹੀ ॥੨॥
ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ ॥
ਗੁਰਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ ॥੩॥੧॥

*(ਸੋਰਠਿ, ਪੰਨਾ ੬੫੯)*

---

੧. *ਸਿਖ ਰੀਲੀਜਨ*, ਜਿਲਦ ੬, ਪੰਨਾ ੪੧੫।

੨. *ਮਹਾਨ ਕੋਸ਼*, ਪੰਨਾ ੯੧੮।

੩. ਨਿਰਬਲ। ੪. ਦੁਧ ਵਰਗੇ ਚਿੱਟੇ। ੫. ਕਫ ਨਾਲ ਰੁਕਿਆ ਸੰਘ। ੬. ਬਨਮਾਲਾ ਪਹਿਨਣ ਵਾਲਾ ਵਿਸ਼ਨੂੰ, ਭਾਵ ਵਾਹਿਗੁਰੂ। ੭. ਪੀੜ। ੮. ਕਲੇਜੇ ਵਿਚ। ੯. ਬੀਮਾਰੀ। ੧੦. ਦਾਰੂ।

ਭਾਵ, ਸਰੀਰ ਨਿਰਬਲ ਹੋ ਗਿਆ ਹੈ। ਅੱਖੀਆਂ 'ਚੋਂ ਨੀਰ ਚੱਲਦਾ ਹੈ। ਕੇਸ ਦੁੱਧ ਵਰਗੇ ਚਿੱਟੇ ਹੋ ਗਏ ਹਨ। ਬਲਗਮ ਨਾਲ ਸੰਘ ਰੁਕ ਗਿਆ ਹੈ। ਐ ਪ੍ਰਾਣੀ! ਹੁਣ ਤੂੰ ਕੀ ਕਰ ਸਕਦਾ ਹੈਂ? ਹੇ ਰਾਮ, ਹੁਣ ਤੂੰ ਮੇਰੇ ਇਸ ਦੁਖ ਦਾ ਇਲਾਜ ਹੈਂ। ਸਿਰ ਦਰਦ ਕਰਦਾ ਹੈ। ਕਲੇਜੇ ਵਿਚ ਪੀੜ ਉਠ ਰਹੀ ਹੈ। ਅਜਿਹੀ ਬੀਮਾਰੀ ਪੈਦਾ ਹੋ ਗਈ ਹੈ, ਜਿਸ ਦੀ ਕੋਈ ਦਵਾਈ ਨਹੀਂ। ਕੋਈ ਔਸ਼ਧੀ ਜਾਂ ਇਲਾਜ ਹੈ? ਹਾਂ, ਹਰਿ ਦਾ ਨਾਮ ਅੰਮ੍ਰਿਤ ਜਲ ਹੈ, ਜੋ ਸਾਰੇ ਸੰਸਾਰ ਲਈ ਮਹਾਨ ਔਸ਼ਧੀ ਹੈ। ਇਹ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ। ਭੀਖਨ ਜੀ ਕਹਿੰਦੇ ਹਨ, ਇਸ ਨੂੰ ਪਾ ਕੇ ਮੁਕਤੀ ਪ੍ਰਾਪਤ ਹੁੰਦੀ ਹੈ।

(੨) **ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ॥**
**ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ॥੧॥**
**ਹਰਿ ਗੁਨ ਕਹਤੇ ਕਹਨੁ ਨ ਜਾਈ॥**
**ਜੈਸੇ ਗੂੰਗੇ ਕੀ ਮਿਠਿਆਈ॥੧॥ ਰਹਾਉ॥**
**ਰਸਨਾ ਰਮਤ ਸੁਨਤ ਸੁਖੁ ਸ੍ਰਵਨਾ ਚਿਤ ਚੇਤੇ ਸੁਖੁ ਹੋਈ॥**
**ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾਂ ਤਹ ਸੋਈ॥੨॥੨॥**

*(ਸੋਰਠਿ, ਪੰਨਾ ੬੫੯)*

ਭਾਵ, ਅਸੀਂ ਅਜਿਹੇ ਨਾਮ ਰੂਪੀ ਰਤਨ ਨੂੰ ਪ੍ਰਾਪਤ ਕੀਤਾ ਹੈ, ਜਿਸ ਦਾ ਕੋਈ ਮੁਲ ਨਹੀਂ। ਕਈ ਯਤਨ ਕਰ ਕੇ ਇਸ ਨੂੰ ਛੁਪਾਇਆ, ਪਰ ਰਤਨ ਨਹੀਂ ਛੁਪ ਸਕਦਾ। ਹਰੀ ਦੇ ਗੁਣ ਕਹਿਣ ਨਾਲ ਨਹੀਂ ਕਹੇ ਜਾਂਦੇ। ਇਹ ਗੂੰਗੇ ਦੇ ਮਠਿਆਈ ਖਾਣ ਵਾਂਙ ਹਨ। ਉਹ ਮਠਿਆਈ ਖਾ ਕੇ ਉਸ ਦਾ ਸੁਆਦ ਦੱਸ ਨਹੀਂ ਸਕਦਾ। ਈਸ਼ਵਰ ਨਾਮ ਜੀਭ ਦੁਆਰਾ ਜਪਦਿਆਂ, ਕੰਨਾਂ ਨਾਲ ਸੁਣਦਿਆਂ ਚਿੱਤ ਵਿਚ ਯਾਦ ਕੀਤਿਆਂ ਆਤਮਿਕ ਸੁਖ ਪ੍ਰਾਪਤ ਹੁੰਦਾ ਹੈ। ਭੀਖਨ ਜੀ ਕਹਿੰਦੇ ਹਨ, ਇਸ ਹਾਲਤ ਵਿਚ ਮੇਰੀਆਂ ਅੱਖਾਂ ਸ਼ਾਂਤ ਹੋ ਗਈਆਂ ਹਨ, ਜਿਧਰ ਵੇਖਦਾ ਹਾਂ, ਉਧਰ ਹਰੀ ਦਾ ਸਰੂਪ ਹੀ ਦਿਸਦਾ ਹੈ।

# ਜੀਵਨ ਸ਼ੇਖ਼ ਫ਼ਰੀਦ ਜੀ

## ਵੈਰਾਗ ਭਰਪੂਰ ਵਚਨ

੧. ਫਰੀਦਾ ਜਿਨ੍ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥
ਕਜਲ ਰੇਖ ਨ ਸਹਿਦਿਆ ਸੇ ਪੰਖੀ ਸੂਇ ਬਹਿਠੁ ॥੧੪॥
*(ਪੰਨਾ ੧੩੭੮)*

੨. ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮਿ ॥
ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥੨੦॥
*(ਪੰਨਾ ੧੩੭੮)*

੩. ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ ॥
ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ ॥੩੮॥
*(ਪੰਨਾ ੧੩੭੯)*

੪. ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥
ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥੪੬॥
*(ਪੰਨਾ ੧੩੮੦)*

੫. ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥
ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥੫੭॥
*(ਪੰਨਾ ੧੩੮੦)*

੬. ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥੫੯॥
*(ਪੰਨਾ ੧੩੮੧)*

੭. ਫਰੀਦਾ ਗਰਬੁ ਜਿਨ੍ਹਾ ਵਡਿਆਈਆ ਧਨਿ ਜੋਬਨਿ ਆਗਾਹ ॥
ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥੧੦੫॥
*(ਪੰਨਾ ੧੩੮੩)*

# ਸ਼ੇਖ਼ ਫ਼ਰੀਦ ਜੀ

| | | |
|---|---|---|
| ਜਨਮ | : | ਪਿੰਡ ਖੋਤਵਾਲ, ਜ਼ਿਲ੍ਹਾ ਮੁਲਤਾਨ ਵਿਚ ਮਹੀਨਾ ਰਮਜ਼ਾਨ ਸੰਨ ੫੯੨ ਹਿਜਰੀ ਵਿਚ ਹੋਇਆ। |
| ਮਾਤਾ-ਪਿਤਾ | : | ਫ਼ਰੀਦ ਜੀ ਦੇ ਪਿਤਾ ਸ਼ੇਖ਼ ਜਮਾਲੁੱਦੀਨ ਸੁਲੇਮਾਨ ਤੇ ਮਾਤਾ ਮਰੀਅਮ ਸੀ। |
| ਸ਼ਾਦੀ | : | ੧. ਬੀਬੀ ਹਿਜ਼ੀਰਾ ਨਾਲ ਹੋਈ, ਜੋ ਦਿੱਲੀ ਦੇ ਬਾਦਸ਼ਾਹ ਗਿਆਸੁੱਦੀਨ ਬਲਬਨ ਦੀ ਧੀ ਸੀ।<br>੨. ਸਾਰਾ ਤੇ ਸ਼ਕਰਾ ਦੋ ਕਨੀਜ਼ਾਂ ਵੀ ਸਨ।<br>੩. ਇਕ ਕਲਸੂਮ ਨਾਮੇ ਵਿਧਵਾ ਵੀ ਘਰ ਪਾਈ ਹੋਈ ਸੀ। |
| ਸੰਤਾਨ | : | ਸ਼ੇਖ਼ ਫ਼ਰੀਦ ਜੀ ਦੇ ੬ ਪੁੱਤਰ ਤੇ ੩ ਧੀਆਂ ਸਨ। ਪੁੱਤਰਾਂ ਦੇ ਨਾਂ ਇਹ ਹਨ—੧. ਅਬਦੁੱਲਾ, ੨. ਬਦਰੁੱਦੀਨ ਸੁਲੇਮਾਨ, ੩. ਬਹਾਵੁੱਦੀਨ, ੪. ਯਾਕੂਬ, ੫. ਨਿਜ਼ਾਮੁੱਦੀਨ, ੬. ਨਸਰੁੱਲਾ। |
| ਗੁਰ-ਦੀਖਿਆ | : | ਖ਼੍ਵਾਜਾ ਕੁਤਬਦੀਨ ਬਖ਼ਤਯਾਰ ਕਾਕੀ ਪਾਸੋਂ। |
| ਤਪ-ਅਸਥਾਨ | : | ੧. ਅਜੁਧਣ, ੨. ਚਾਵਲੀ ਮਸ਼ਾਇਖਾਂ, ਪਰਗਣਾ ਕਬੂਲਾ ਦੇ ਪਾਸ ਇਕ ਖੂਹ ਹੈ, ਜਿਥੇ ਫ਼ਰੀਦ ਜੀ ਲਟਕੇ ਸਨ। |
| ਪ੍ਰਸਿੱਧ ਚੇਲੇ | : | ਨਜ਼ਾਮਦੀਨ ਔਲੀਆ ਸਿਲਸਿਲਾ ਚਿਸ਼ਤੀਆ। |
| ਸਮਾਏ | : | ਪਾਕ ਪਟਨ ਵਿਚ ਸੰਨ ੧੨੬੫ ਈ: ਸੰਨ ਹਿਜਰੀ ੬੬੪। |

# ਜੀਵਨ ਸ਼ੇਖ਼ ਫ਼ਰੀਦ ਜੀ

ਸ਼ੇਖ਼ ਫ਼ਰੀਦ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਇਨ੍ਹਾਂ ਦਾ ਅਸਲੀ ਨਾਂ ਸ਼ੇਖ਼ ਫ਼ਰੀਦ ਮਸਊਦ ਸ਼ਕਰਗੰਜ ਸੀ। ਆਪ ਦੇ ਪਿਤਾ ਦਾ ਨਾਂ ਸ਼ੇਖ਼ ਜਮਾਲੁੱਦੀਨ ਸੁਲੇਮਾਨ ਤੇ ਮਾਤਾ ਦਾ ਨਾਂ ਮਰੀਅਮ ਸੀ। ਆਪ ਦੇ ਪਿਤਾ ਸੁਲਤਾਨ ਮਹਿਮੂਦ ਗ਼ਜ਼ਨਵੀ ਦੇ ਭਤੀਜੇ ਸਨ। ਇਹ ਸੁਲਤਾਨ ਸ਼ਹਾਬੁੱਦੀਨ ਦੇ ਸਮੇਂ ਕਾਬਲ ਤੋਂ ਹਿੰਦੁਸਤਾਨ ਵਿਚ ਆਏ ਸਨ। ਕੁਝ ਚਿਰ ਇਹ ਲਾਹੌਰ ਰਹੇ, ਫਿਰ ਕਸੂਰ ਟਿਕੇ, ਅਖ਼ੀਰ ਵਿਚ ਮੁਲਤਾਨ ਪਹੁੰਚੇ। ਇਥੇ ਸ਼ੇਖ਼ ਜਮਾਲੁੱਦੀਨ ਸੁਲੇਮਾਨ ਦੀ ਸ਼ਾਦੀ ਮੁਲਾਂ ਵਜੀਹਉੱਦੀਨ ਦੀ ਲੜਕੀ ਨਾਲ ਹੋਈ, ਜਿਸ ਤੋਂ ਤਿੰਨ ਪੁੱਤਰ ਹੋਏ—ਅਜ਼ੁੱਦੀਨ ਮਹਿਮੂਦ, ਫਰੀਦੁੱਦੀਨ ਮਸਊਦ ਅਤੇ ਨਜੀਬੁੱਦੀਨ। ਇਹ ਖ਼ਾਨਦਾਨ ਦੀਪਾਲਪੁਰ ਤੇ ਪਾਕਪਟਨ ਵਿਚ ਨਿਵਾਸ ਕਰਦਾ ਰਿਹਾ।

ਸ਼ੇਖ਼ ਫ਼ਰੀਦ ਜੀ ਦਾ ਜਨਮ ਪਿੰਡ ਖੋਤਵਾਲ ਜ਼ਿਲ੍ਹਾ ਮੁਲਤਾਨ ਵਿਚ ਸੰਨ ੧੧੭੬ ਈ: (੫੮੨ ਹਿਜਰੀ) ਵਿਚ ਹੋਇਆ। ਆਪ ਬਚਪਨ ਤੋਂ ਹੀ ਬੜੇ ਹੋਣਹਾਰ, ਰੱਬ ਦੇ ਪਿਆਰੇ ਤੇ ਚੰਗੇ ਆਚਰਣ ਵਾਲੇ ਸਨ।

ਹਿੰਦੁਸਤਾਨ ਵਿਚ ਜਿਹੜੇ ਸੂਫ਼ੀ ਫ਼ਕੀਰ ਆਏ ਹਨ, ਉਨ੍ਹਾਂ ਵਿਚੋਂ ਚਿਸ਼ਤੀ, ਕਾਦਰੀ, ਨਕਸ਼ਬੰਦੀ, ਸੁਹਰਵਰਦੀ, ਕਲੰਦਰੀਆ, ਮਦਾਰੀਆ ਆਦਿਕ ਪ੍ਰਸਿੱਧ ਸ਼ਾਖ਼ਾਂ ਹਨ। ਸ਼ੇਖ਼ ਫ਼ਰੀਦ ਸਾਹਿਬ ਚਿਸ਼ਤੀਆ ਸਿਲਸਿਲੇ ਵਿਚੋਂ ਸਨ। ਪੰਜਾਬ ਦੇ ਸਾਰੇ ਉਘੇ ਫ਼ਕੀਰ ਇਸੇ ਸ਼ਾਖ਼ਾ ਵਿਚੋਂ ਹੋਏ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਇਨ੍ਹਾਂ 'ਚੋਂ ਕਈਆਂ ਦੀ ਮੁਲਾਕਾਤ ਹੋਈ, ਜਿਸ ਦਾ ਵਰਣਨ *ਜਨਮਸਾਖੀਆਂ* ਵਿਚ ਮਿਲਦਾ ਹੈ।

ਚਿਸ਼ਤੀਆ ਸ਼ਾਖ਼ ਹਜ਼ਰਤ ਮੁਹੰਮਦ ਤੇ ਖ਼ਲੀਫ਼ੇ ਅਲੀ ਨਾਲ ਜੁੜਦੀ ਹੈ। ਪ੍ਰਣਾਲੀ ਇਉਂ ਹੈ:

| | |
|---|---|
| ਹਜ਼ਰਤ ਅਲੀ | ੬੬੦ ਈ: |
| ਖ਼੍ਵਾਜਾ ਹੁਸੈਨ ਬਸਰੀ | ੭੨੮ ਈ: |
| ਸੁਲਤਾਨ ਇਬਰਾਹੀਮ ਅਦਹਮ | ੭੮੩ ਈ: |
| ਕੁਤਬੁੱਦੀਨ ਚਿਸ਼ਤੀ | ੧੨੩੨ ਈ: |
| ਕੁਤਬੁੱਦੀਨ ਬਖ਼ਤਯਾਰ ਕਾਕੀ | ੧੨੩੫ ਈ: |
| ਮੁਈਨੁੱਦੀਨ ਹਸਨ ਸੰਜਰੀ | ੧੨੩੬ ਈ: |
| ਸ਼ੇਖ਼ ਫ਼ਰੀਦ ਸ਼ਕਰ ਗੰਜ | ੧੨੬੫ ਈ: |
| ਨਜ਼ਾਮੁੱਦੀਨ ਔਲੀਆ[1] | ੧੩੨੫ ਈ: |

੧. *ਸੂਫ਼ੀਆਂ ਦਾ ਕਲਾਮ*, ਲਿਖਤ ਡਾ: ਮੋਹਨ ਸਿੰਘ, ਪੰਨਾ ੯੯।

ਸ਼ੇਖ਼ ਫ਼ਰੀਦ ਸ਼ਕਰਗੰਜ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਕਾਫ਼ੀ ਚਿਰ ਪਹਿਲੋਂ ਹੋਏ ਹਨ। ਮਹਾਰਾਜ ਦੀ ਮੁਲਾਕਾਤ ਸ਼ੇਖ਼ ਇਬਰਾਹੀਮ (ਬ੍ਰਹਮ) ਨਾਲ ਹੋਈ ਹੈ, ਜੋ ਫ਼ਰੀਦ ਜੀ ਤੋਂ ਦਸਵੀਂ ਥਾਵੇਂ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੋ ਵੇਰ ਪਾਕਪਟਨ ਗਏ ਹਨ, ਇਥੇ ਸ਼ੇਖ਼ ਇਬਰਾਹੀਮ ਨਾਲ ਆਪ ਦੀ ਗੋਸ਼ਟ ਹੋਈ ਹੈ। *ਨਾਨਕ ਪ੍ਰਕਾਸ਼* ਵਿਚ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:

**ਸ਼ੇਖ਼ ਫਰੀਦ ਪਟਨ ਹੈ ਜਿੰਹਵਾ। ਸ਼ੇਖ ਬ੍ਰਹਮ ਤਕ ਬਸਾਈ ਪਹਿੰਵਾ।**
**ਤਹਿ ਕੇ ਹੇਤ ਮਿਲਨ ਗਤ ਦਾਈ। ਦੋਇ ਕੋਸ ਪਰ ਬੈਠੇ ਜਾਈ।**

*(ਨਾਨਕ ਪ੍ਰਕਾਸ਼, ਉਤਰਾ: ੩੩)*

*ਪੁਰਾਤਨ ਜਨਮਸਾਖੀ* ਵਿਚ ਪਹਿਲੀ ਉਦਾਸੀ ਵਿਚ ਗੁਰੂ ਜੀ ਤੇ ਸ਼ੇਖ਼ ਇਬਰਾਹੀਮ ਦੀ ਮੁਲਾਕਾਤ ਦਾ ਜ਼ਿਕਰ ਮਿਲਦਾ ਹੈ।[1] ਸ਼ੇਖ਼ ਫ਼ਰੀਦ ਜੀ ਤੋਂ ਲੈ ਕੇ ਸ਼ੇਖ਼ ਇਬਰਾਹੀਮ (ਬ੍ਰਹਮ) ਤਕ ਬੰਸਾਵਲੀ ਇਸ ਪ੍ਰਕਾਰ ਹੈ:

ਸ਼ੇਖ਼ ਜਮਾਲੁਦੀਨ ਸੁਲੇਮਾਨ
|
ਸ਼ੇਖ਼ ਫ਼ਰੀਦ ਸ਼ਕਰਗੰਜ
|
ਖ਼੍ਵਾਜਾ ਪੀਰ ਬਦੱਰੁਦੀਨ ਸੁਲੇਮਾਨ
|
ਖ਼੍ਵਾਜਾ ਪੀਰ ਅਲਾਉੱਦੀਨ 'ਮੌਜੇ ਦਰਯਾ'
|
ਖ਼੍ਵਾਜਾ ਪੀਰ ਮੁਇਜ਼ੁੱਦੀਨ
|
ਦੀਵਾਨ ਪੀਰ ਫ਼ਜ਼ਲ ਸ਼ਾਹ
|
ਖ਼੍ਵਾਜਾ ਪੀਰ ਮੁਨੱਵਰ ਸ਼ਾਹ
|
ਦੀਵਾਨ ਪੀਰ ਬਹਾਉਦੀਨ 'ਹਾਰੂੰ'
|
ਦੀਵਾਨ ਸ਼ੇਖ਼ ਅਹਿਮਦ ਸ਼ਾਹ
|
ਦੀਵਾਨ ਪੀਰ ਅਤਾਉੱਲਾ
|
ਖ਼੍ਵਾਜਾ ਸ਼ੇਖ਼ ਮੁਹੰਮਦ
|
ਸ਼ੇਖ਼ ਇਬਰਾਹੀਮ (ਬ੍ਰਹਮ)[2]
|
ਤਾਜਦੀਨ — ਮੁਨੱਵਰ ਸ਼ਾਹ

---

੧. ਦੇਖੋ *ਗੁਰਮਤਿ ਲੈਕਚਰ*, ਪੰਨਾ ੫੭-੫੯।

੨. ਸ਼ੇਖ਼ ਬ੍ਰਹਮ ੨੧ ਰਜਬ ੯੬੦ ਹਿਜਰੀ (੧੫੫੨ ਈ:) ਵਿਚ ਸਮਾਏ। *ਖ਼ੁਲਾਸਤੁਲ ਤ੍ਵਾਰੀਖ਼* ਵਿਚ ਲਿਖਿਆ ਹੈ ਕਿ ਸ਼ੇਖ਼ ਸਰਹਿੰਦ ਵਿਚ ਦਫ਼ਨ ਕੀਤੇ ਗਏ।

ਸ਼ੇਖ਼ ਬ੍ਰਹਮ ਨੂੰ ਫ਼ਰੀਦ ਸਾਨੀ, ਬਲਰਾਜਾ, ਸ਼ਾਲਸ ਫ਼ਰੀਦ ਆਦਿਕ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ।

ਇਹ ਠੀਕ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸ਼ੇਖ਼ ਇਬਰਾਹੀਮ ਦੀ ਮੁਲਾਕਾਤ ਤੇ ਗੋਸ਼ਟ ਹੋਈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਦੀ ਬਾਣੀ ਨਹੀਂ ਬਲਕਿ ਸ਼ੇਖ਼ ਫ਼ਰੀਦ ਸ਼ਕਰਗੰਜ ਦੀ ਹੈ। ਇਸ ਦਾ ਵਰਣਨ ਅਸੀਂ ਅਗਲੇ ਪ੍ਰਕਰਣ ਵਿਚ ਕਰਾਂਗੇ।

ਹੁਣ ਸ਼ੇਖ਼ ਫ਼ਰੀਦ ਜੀ ਦੇ ਜੀਵਨ ਦੇ ਹਾਲਾਤ ਹੀ ਵਰਣਨ ਕਰਦੇ ਹਾਂ। ਇਤਿਹਾਸ ਵਿਚ ਲਿਖਿਆ ਹੈ ਕਿ ਸ਼ੇਖ਼ ਫ਼ਰੀਦ ਜੀ ਦਾ ਜਨਮ ਰਮਜ਼ਾਨ (ਰੋਜ਼ਿਆਂ) ਦੇ ਮਹੀਨੇ ਵਿਚ ਹੋਇਆ। ਜਦ ਮਾਂ ਨੇ ਆਪ ਨੂੰ ਦੁੱਧ ਦਿੱਤਾ ਤਾਂ ਆਪ ਨੇ ਨਹੀਂ ਪੀਤਾ। ਜਾਪਦਾ ਇਉਂ ਸੀ ਕਿ ਬੱਚੇ ਨੇ ਰੋਜ਼ਾ ਰੱਖਿਆ ਹੋਇਆ ਹੈ। ਸਵੇਰੇ ਸ਼ਾਮ ਦੁੱਧ ਪੀਂਦੇ ਸਨ। ਇਕ ਫ਼ਕੀਰ ਆਪ ਦੇ ਪਿਤਾ ਜਮਾਲੁੱਦੀਨ ਸੁਲੇਮਾਨ ਪਾਸ ਆਇਆ। ਬੱਚੇ ਨੂੰ ਵੇਖ ਕੇ ਕਹਿਣ ਲੱਗਾ, "ਇਹ ਬਾਲਕ ਬੜਾ ਰੱਬ ਦਾ ਪਿਆਰਾ ਵੱਲੀ-ਅੱਲਾ, ਸੂਫ਼ੀ ਫ਼ਕੀਰ ਤੇ ਸਤਾਰੇ ਵਾਲਾ ਹੋਵੇਗਾ।" ਸਚਮੁੱਚ ਇਹ ਗੱਲ ਠੀਕ ਨਿਕਲੀ।

ਫ਼ਰੀਦ ਜੀ ਦੀ ਮਾਤਾ ਬੜੀ ਧਾਰਮਿਕ ਵਿਚਾਰਾਂ ਦੀ ਸੀ, ਉਸ ਨੇ ਬਚਪਨ ਵਿਚ ਹੀ ਧਾਰਮਿਕ ਸਿਖਿਆ ਦੇਣੀ ਸ਼ੁਰੂ ਕਰ ਦਿੱਤੀ। ਮਾਂ ਆਪ ਨੂੰ ਨਿਮਾਜ਼ ਪੜ੍ਹਨਾ ਦੱਸਦੀ ਸੀ। ਛੋਟੀ ਉਮਰੇ ਹੀ ਫ਼ਰੀਦ ਜੀ ਨੂੰ ਕੁਰਾਨ ਯਾਦ ਹੋ ਗਿਆ। ਸੰਤਾਨ ਉੱਤੇ ਸਭ ਤੋਂ ਵਧੇਰੇ ਅਸਰ ਮਾਂ ਦਾ ਹੁੰਦਾ ਹੈ। ਪੰਜਾਬੀ ਦੀ ਕਹਾਵਤ ਹੈ—'ਜੇਹੀ ਕੋਕੋ, ਤਿਹੇ ਬੱਚੇ', ਬੱਚੇ ਕੋਮਲ ਤੇ ਵਧਣ ਵਾਲੀ ਵੇਲ ਦੀ ਤਰ੍ਹਾਂ ਹੁੰਦੇ ਹਨ, ਜਿਸ ਪਾਸੇ ਉਨ੍ਹਾਂ ਦਾ ਰੁਖ਼ ਕਰ ਦਿਓ, ਉਹੋ ਜਿਹਾ ਆਚਰਣ ਬਣ ਜਾਂਦਾ ਹੈ। ਇਕ ਦਿਨ ਫ਼ਰੀਦ ਜੀ ਦੀ ਮਾਂ ਨੇ ਕਿਹਾ, "ਬੇਟਾ ਨਿਮਾਜ਼ ਪੜ੍ਹ।" ਫ਼ਰੀਦ ਜੀ ਨੇ ਤੋਤਲੀ ਜ਼ਬਾਨ ਵਿਚ ਕਿਹਾ, "ਮਾਂ, ਰੱਬ ਨੂੰ ਯਾਦ ਕਰਨ ਤੋਂ ਕੀ ਮਿਲੇਗਾ ?"

ਮਾਂ—ਬੇਟਾ, ਅਸੀਂ ਰੱਬ ਦੇ ਬਣਾਏ ਹੋਏ ਹਾਂ। ਉਸ ਦਾ ਦਿੱਤਾ ਖਾਂਦੇ ਹਾਂ। ਚੰਦ੍ਰਮਾ, ਸੂਰਜ, ਤਾਰੇ, ਜ਼ਮੀਨ, ਅਸਮਾਨ ਸਭ ਉਸ ਦੇ ਬਣਾਏ ਹੋਏ ਹਨ। ਤੂੰ ਜਿਹੜੀ ਚੀਜ਼ ਰੱਬ ਪਾਸੋਂ ਮੰਗੇਂਗਾ, ਉਹ ਤੈਨੂੰ ਦੇਵੇਗਾ।

ਫ਼ਰੀਦ—ਮਾਂ, ਮੇਰਾ ਜੀ ਖੰਡ ਖਾਣ ਨੂੰ ਕਰਦਾ ਹੈ। ਕੀ ਉਹ ਵੀ ਰੱਬ ਦਿੰਦਾ ਹੈ ?

ਮਾਂ—ਹਾਂ ਬੱਚਾ।

ਫ਼ਰੀਦ—ਫਿਰ ਮੈਂ ਜ਼ਰੂਰ ਰੱਬ ਨੂੰ ਯਾਦ ਕਰਿਆ ਕਰਾਂਗਾ।

ਕਹਿੰਦੇ ਹਨ ਕਿ ਫ਼ਰੀਦ ਨੇ ਸਵੇਰੇ ਉੱਠ ਕੇ ਅੱਖਾਂ ਮੀਟ ਕੇ ਰੱਬ ਦੀ ਯਾਦ ਕਰਨੀ ਤੇ ਮਾਂ ਨੇ ਉਸ ਦੇ ਮੁਸੱਲੇ ਦੇ ਥੱਲੇ ਖੰਡ ਰੱਖ ਦੇਣੀ। ਇਹ ਬੱਚੇ ਦੀ ਸੁਰਤਿ ਨੂੰ ਭਗਤੀ ਵਾਲੇ ਪਾਸੇ ਲਾਉਣ ਦਾ ਇਕ ਢੰਗ ਸੀ। ਜਿਸ ਤਰ੍ਹਾਂ ਕੋਈ ਉਸਤਾਦ ਗੋਲੀਆਂ, ਫਲਾਂ ਤੇ ਜਾਨਵਰਾਂ ਦੇ ਨਿਸ਼ਾਨ ਦੇ ਕੇ ਬੱਚਿਆਂ ਨੂੰ ਗਿਣਤੀ ਸਿਖਾਂਦਾ ਹੈ ਜਾਂ ਨਕਸ਼ੇ ਦੀਆਂ ਲਕੀਰਾਂ ਖਿੱਚ ਕੇ ਦਰਿਆ, ਪਹਾੜ, ਸਮੁੰਦਰ ਤੇ ਦੇਸ਼ਾਂ ਦੀਆਂ ਹੱਦਾਂ ਦੱਸਦਾ ਹੈ, ਇਸੇ ਤਰ੍ਹਾਂ ਫ਼ਰੀਦ ਜੀ ਦੀ ਮਾਂ ਨੇ ਕੀਤਾ। ਖੰਡ ਤੋਂ ਭਗਤੀ ਵੱਲ ਮੋੜਿਆ।

ਮਜ਼੍ਹਬੀ ਦੁਨੀਆਂ ਵਿਚ ਆਮ ਲੋਕੀ ਅਜਿਹੀ ਬੱਚਿਆਂ ਵਾਲੀ ਹੀ ਭਗਤੀ ਕਰਦੇ ਹਨ। ਸੰਸਾਰਕ ਚੀਜ਼ਾਂ, ਧਨ, ਦੌਲਤ, ਅਰੋਗਤਾ, ਉੱਚੀ ਪਦਵੀ ਤੇ ਸੰਤਾਨ

ਦੀ ਮੰਗ ਅਸੀਂ ਰੱਬ ਪਾਸੋਂ ਕਰਦੇ ਹਾਂ। ਪ੍ਰਾਰਥਨਾ ਕਰਦੇ, ਦੁਆਵਾਂ ਮੰਗਦੇ ਤੇ ਮਨੌਤਾਂ ਮੰਨਦੇ ਹਾਂ। ਰੱਬ ਦੀ ਰਜ਼ਾ ਵਿਚ ਟੁਰਨਾ ਨਹੀਂ ਚਾਹੁੰਦੇ, ਆਪਣੀ ਮਰਜ਼ੀ ਉਸ ਪਾਸੋਂ ਪੂਰੀ ਕਰਨੀ ਚਾਹੁੰਦੇ ਹਾਂ। ਜੇ ਕੋਈ ਗੱਲ ਸਾਡੀ ਮਰਜ਼ੀ ਦੇ ਵਿਰੁੱਧ ਹੋ ਜਾਵੇ ਤਾਂ ਉਸ ਤੋਂ ਇਨਕਾਰੀ ਹੋ ਜਾਂਦੇ ਹਾਂ। ਕਈ ਆਦਮੀ ਨਾਸਤਕ ਹੋ ਜਾਂਦੇ ਹਨ। ਅਜਿਹੇ ਮਨੁੱਖ ਪਰਮ ਪਿਤਾ ਸ੍ਰੀ ਵਾਹਿਗੁਰੂ ਨੂੰ ਉਦੋਂ ਤਕ ਪਿਤਾ ਮੰਨਣ ਲਈ ਤਿਆਰ ਹੁੰਦੇ ਹਨ, ਜਦ ਤਕ ਉਹ ਮਿੱਠੇ ਪਦਾਰਥ ਦਿੰਦਾ ਹੈ, ਨਹੀਂ ਤੇ ਉਸ ਦੀ ਹੋਂਦ ਤੋਂ ਇਨਕਾਰੀ ਹੋ ਜਾਂਦੇ ਹਨ। ਆਤਮਿਕ ਅਵਸਥਾ ਵਿਚ ਜਦ ਤਕ ਬੱਚਿਆਂ ਵਾਲੀ ਸੁਰਤਿ ਹੁੰਦੀ ਹੈ, ਉਦੋਂ ਤਕ ਨਿਜ-ਸਵਾਰਥ ਪੂਰਾ ਕਰਨ ਲਈ ਭਗਤੀ ਕੀਤੀ ਜਾਂਦੀ ਹੈ। ਜਦ ਅਵਸਥਾ ਉੱਚੀ ਹੋ ਜਾਂਦੀ ਹੈ, ਫਿਰ ਰੱਬ ਦੀ ਰਜ਼ਾ ਵਿਚ ਰਾਜ਼ੀ ਰਹੀਦਾ ਹੈ। ਫ਼ਰੀਦ ਬੱਚਾ ਸੀ, ਉਸ ਦੀ ਸੁਰਤਿ ਨਿੱਕੀਆਂ ਚੀਜ਼ਾਂ ਵੱਲ ਜਾਣੀ ਸੀ; ਪਰ ਜਦ ਨਾਮ ਤੇ ਸਿਮਰਨ ਦਾ ਰਸ ਆ ਗਿਆ ਤਾਂ ਕਹਿਣ ਲੱਗਾ:

> **ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥**
> **ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥੨੭॥** *(ਪੰਨਾ ੧੩੭੯)*

ਸ਼ੇਖ਼ ਫ਼ਰੀਦ ਜੀ ਦਾ ਨਾਂ ਸ਼ਕਰ ਗੰਜ ਕਿਉਂ ਪਿਆ? ਇਸ ਸੰਬੰਧੀ ਕਈ ਸਾਖੀਆਂ ਪ੍ਰਚਲਤ ਹਨ। ਇਸ ਉਪਨਾਮ ਸੰਬੰਧੀ ਇਕ ਸਾਖੀ ਇਉਂ ਹੈ:

ਜਦ ਹਜ਼ਰਤ ਮੁਹੰਮਦ ਮਿਅਰਾਜ (ਅਸਮਾਨ) ਨੂੰ ਗਏ, ਸਵਰਗ 'ਚੋਂ ਉਨ੍ਹਾਂ ਨੂੰ ਮਿਠਾਈ ਪ੍ਰਾਪਤ ਹੋਈ। ਕੁਝ ਉਨ੍ਹਾਂ ਖਾ ਲਈ, ਕੁਝ ਇਕ ਫ਼ਕੀਰ ਨੂੰ ਦੇ ਦਿੱਤੀ। ਜਦ ਮਿਅਰਾਜ ਤੋਂ ਵਾਪਸ ਆਏ ਤਾਂ ਸਾਥੀਆਂ ਦੇ ਪੁੱਛਣ 'ਤੇ ਉਨ੍ਹਾਂ ਕਿਹਾ, "ਮੇਰੇ ਪਿੱਛੋਂ ਇਕ ਰੱਬ ਦਾ ਪਿਆਰਾ ਹੋਵੇਗਾ, ਜਿਸ ਨੂੰ ਇਹ ਦਾਤ ਪ੍ਰਾਪਤ ਹੋਵੇਗੀ।" ਇਹ ਸ਼ੇਖ਼ ਫ਼ਰੀਦ ਸ਼ਕਰਗੰਜ ਸਨ।[੧]

ਦੂਜੀ ਸਾਖੀ ਇਹ ਪ੍ਰਸਿੱਧ ਹੈ ਕਿ ਇਕ ਸੁਦਾਗਰ ਮੁਲਤਾਨ ਤੋਂ ਸ਼ੱਕਰ ਲੱਦ ਕੇ ਦਿੱਲੀ ਨੂੰ ਜਾ ਰਿਹਾ ਸੀ। ਪਿੰਡ ਅਜੁਧਨ ਰਾਹ ਵਿਚ ਸੀ। ਇਥੇ ਸ਼ੇਖ਼ ਫ਼ਰੀਦ ਜੀ ਰਹਿੰਦੇ ਸਨ। ਸੁਦਾਗਰ ਨੂੰ ਜਾਂਦਿਆਂ ਵੇਖ ਕੇ ਪੁੱਛਣ ਲੱਗੇ, "ਊਠਾਂ 'ਤੇ ਕੀ ਲੱਦਿਆ ਹਈ?"

ਸੁਦਾਗਰ—ਫ਼ਕੀਰ ਸਾਈਂ, ਏਹ ਲੂਣ ਲੱਦਿਆ ਹੈ। ਦਿੱਲੀ ਲਿਜਾ ਰਿਹਾ ਹਾਂ।

ਫ਼ਰੀਦ—ਹੱਛਾ, ਲੂਣ ਹੀ ਹੋਸੀ।

ਜਦ ਸੁਦਾਗਰ ਦਿੱਲੀ ਪੁੱਜਾ ਤਾਂ ਕੀ ਵੇਖੇ ਕਿ ਬੋਰੀਆਂ ਵਿਚ ਲੂਣ ਹੀ ਭਰਿਆ ਪਿਆ ਹੈ। ਉਸ ਨੇ ਵਾਪਸ ਅਜੁਧਨ ਆ ਕੇ ਮਾਫ਼ੀ ਮੰਗੀ। ਇਸ ਲਈ ਫ਼ਰੀਦ ਜੀ ਦਾ ਨਾਂ ਸ਼ਕਰਗੰਜ ਪੈ ਗਿਆ।

ਮੁਹੰਮਦ ਬੈਰਮ ਖ਼ਾਂ ਨੇ ਇਸ ਸਾਖੀ ਨੂੰ ਕਵਿਤਾ ਵਿਚ ਲਿਖਿਆ ਹੈ।

ਤੀਜੀ ਸਾਖੀ ਇਉਂ ਮਸ਼ਹੂਰ ਹੈ ਕਿ ਫ਼ਰੀਦ ਜੀ ਜੰਗਲ ਵਿਚ ਤਪ ਕਰਦੇ ਸਨ। ਕੁਝ ਵਰ੍ਹੇ ਬੀਤ ਗਏ। ਇਕ ਦਿਨ ਇਕ ਖੂਹ 'ਤੇ ਪਾਣੀ ਪੀਣ ਲਈ ਗਏ। ਕੀ ਵੇਖਣ ਕਿ ਪਾਣੀ ਉਤਾਂਹ ਆਇਆ ਹੋਇਆ ਹੈ ਤੇ ਹਿਰਨ ਪੀ ਰਹੇ ਹਨ। ਜਦ ਨੇੜੇ ਹੋ ਕੇ ਫ਼ਰੀਦ ਜੀ ਪਾਣੀ ਪੀਣ ਲੱਗੇ ਤਾਂ ਪਾਣੀ ਥੱਲੇ ਹੋ ਗਿਆ। ਆਪ ਨੇ ਅਸਮਾਨ

---

੧. *ਸਿਖ ਰੀਲੀਜਨ*, ਲਿਖਤ ਮੈਕਾਲਫ਼।

ਵੱਲ ਤੱਕਿਆ ਤੇ ਰੱਬ ਨੂੰ ਕਹਿਣ ਲੱਗੇ, "ਹੇ ਰੱਬਾ, ਹਰਨਾਂ ਨੂੰ ਤਾਂ ਪਾਣੀ ਦਿਤੋ ਈ, ਤੇ ਮੇਰੀ ਵਾਰੀ ਪਾਣੀ ਥੱਲੇ ਲਾਹ ਘੱਤਿਆ ਈ, ਏਹ ਕੀ ਗੱਲ ਹੋਈ?"

ਕਹਿੰਦੇ ਹਨ ਕਿ ਗ਼ੈਬੀ ਆਵਾਜ਼ ਆਈ, "ਹਰਨਾਂ ਦਾ ਭਰੋਸਾ ਮੇਰੇ 'ਤੇ ਸੀ, ਤੂੰ ਰੱਸੀ ਤੇ ਡੋਲ 'ਤੇ ਨਿਸਚਾ ਰੱਖੀ ਬੈਠਾ ਸੀ। ਇਸ ਲਈ ਉਨ੍ਹਾਂ ਨੂੰ ਪਾਣੀ ਮਿਲ ਗਿਆ, ਤੈਨੂੰ ਨਹੀਂ ਮਿਲਿਆ।" ਇਹ ਸੁਣ ਕੇ ਫ਼ਰੀਦ ਜੀ ਨੇ ਖੂਹ ਵਿਚ ਲਟਕ ਕੇ ਚਾਰ ਚਲੀਹੇ ਕੱਟੇ। ਜਦ ਚਲੀਹੇ ਪੂਰੇ ਹੋ ਗਏ ਤਾਂ ਮਿੱਟੀ ਚੁੱਕ ਕੇ ਮੂੰਹ ਵਿਚ ਪਾਈ ਤੇ ਚਲੀਹਾ ਖੋਲ੍ਹਣ ਲੱਗੇ। ਮਿੱਟੀ ਸ਼ੱਕਰ ਹੋ ਗਈ। ਅਗੰਮੀ ਆਵਾਜ਼ ਆਈ, "ਫ਼ਰੀਦਾ, ਤੇਰੀ ਭਗਤੀ ਪ੍ਰਵਾਨ ਹੋ ਗਈ ਹੈ। ਹੁਣ ਤੂੰ ਸ਼ਕਰ ਗੰਜ ਹੋਇਉਂ।"

ਸ਼ੇਖ਼ ਫ਼ਰੀਦ ਜੀ ਨੇ ਮੁਲਤਾਨ ਦੀ ਇਕ ਮਸੀਤ ਵਿਚ ਇਲਮ ਪੜ੍ਹਿਆ। ਇਕ ਵੇਰ ਖ਼੍ਵਾਜਾ ਕੁਤਬੁੱਦੀਨ ਬਖ਼ਤਯਾਰ ਕਾਕੀ ਦਿਲੀਉਂ ਮੁਲਤਾਨ ਆਏ। ਫ਼ਰੀਦ ਜੀ ਨੇ ਉਨ੍ਹਾਂ ਤੋਂ ਬੈਅਤ (ਆਤਮਿਕ ਸਿਖਿਆ ਤੇ ਦੀਖਿਆ) ਲਈ। ਉਨ੍ਹਾਂ ਦੇ ਮੁਰੀਦ ਬਣੇ।

ਇਸ ਤੋਂ ਪਿੱਛੋਂ ਸ਼ੇਖ਼ ਫ਼ਰੀਦ ਜੀ ਕੰਧਾਰ ਤੇ ਬਗ਼ਦਾਦ ਆਦਿਕ ਥਾਵਾਂ ਵਿਚ ਇਸਲਾਮੀ ਤਾਲੀਮ ਪੜ੍ਹਨ ਲਈ ਗਏ। ਆਪ ਨੇ ਮੱਕੇ ਦਾ ਹੱਜ ਵੀ ਕੀਤਾ। ਮੱਕੇ ਵਿਚ ਅਬਦੁਲ ਰਹੀਮ ਖ਼ਾਂ ਅਨਸਾਰੀ ਦੇ ਘਰ ਠਹਿਰੇ।[1] ਸ਼ੇਖ਼ ਫ਼ਰੀਦ ਜੀ ਨੇ ਇਨ੍ਹਾਂ ਫ਼ਕੀਰਾਂ ਦੀ ਸੰਗਤ ਕੀਤੀ। ਸੇਖ਼ ਸ਼ਹਾਬੁੱਦੀਨ, ਬਹਾਵੁੱਦੀਨ ਹਮਦੀ, ਬਹਾਵੁੱਦੀਨ ਜ਼ਕਰੀਆ ਮੁਲਤਾਨੀ, ਫ਼ਰੀਦੁੱਦੀਨ, ਮੁਹੰਮਦ ਨੇਸ਼ਾ ਪੁਰੀ, ਇਨ੍ਹਾਂ ਤੋਂ ਆਤਮਿਕ ਲਾਭ ਪ੍ਰਾਪਤ ਕੀਤਾ।

ਮੱਕੇ ਤੋਂ ਵਾਪਸ ਆ ਕੇ ਆਪਣੇ ਮੁਰਸ਼ਦ ਪਾਸ ਦਿੱਲੀ ਵਿਚ ਜ਼ੁਹਦ ਤੇ ਤਪ ਕਰਨ ਲੱਗੇ। ਫਿਰ ਹਾਂਸੀ ਤੇ ਰਾਜਪੂਤਾਨੇ ਵਿਚ ਵੀ ਗਏ। ਕੁਝ ਚਿਰ ਉਥੇ ਨਿਵਾਸ ਕਰ ਪਿੰਡ ਅਜੁਧਨ (ਮੁਲਤਾਨ) ਵਿਚ ਆਏ ਤੇ ਇਥੇ ਰਹਿ ਕੇ ਭਜਨ ਬੰਦਗੀ ਤੇ ਜ਼ੁਹਦ ਕਰਦੇ ਰਹੇ।

ਹਿੰਦੁਸਤਾਨ ਵਿਚ ਬੁੱਧ ਭਿਖਸ਼ੂਆਂ, ਸੰਨਿਆਸੀਆਂ ਤੇ ਜੋਗੀਆਂ ਦੀ ਕਠਨ ਤਪੱਸਿਆ ਬੜੀ ਪ੍ਰਸਿੱਧ ਹੈ। ਸੂਫ਼ੀ ਤੇ ਮੁਸਲਮਾਨ ਫ਼ਕੀਰਾਂ 'ਚੋਂ ਸ਼ੇਖ਼ ਫ਼ਰੀਦ ਦੀ ਤਪੱਸਿਆ ਬੜੀ ਪ੍ਰਸਿੱਧ ਹੈ। ਇਸ ਸੰਬੰਧੀ ਕਈ ਸਾਖੀਆਂ ਮਸ਼ਹੂਰ ਹਨ। ਕਹਿੰਦੇ ਹਨ ਕਿ ਸ਼ੇਖ਼ ਫ਼ਰੀਦ ਜੰਗਲ ਵਿਚ ਵਾਸ ਕਰਦੇ ਸਨ। ਬੜੇ ਚਲੀਹੇ ਕੱਟਦੇ ਸਨ। ਆਪ ਨੇ ਮਨ ਨੂੰ ਕਾਬੂ ਕਰਨ ਲਈ ਸਰੀਰ ਨੂੰ ਬੜੇ ਕਸ਼ਟ ਦਿੱਤੇ। ਆਪ ਰੋਟੀ ਨਹੀਂ ਸਨ ਖਾਂਦੇ, ਜੰਡਾਂ ਤੇ ਕਰੀਰਾਂ ਦੇ ਪੱਤਰ ਤੇ ਡੇਲੇ ਖਾ ਕੇ ਗੁਜ਼ਾਰਾ ਕਰਦੇ ਸਨ। ਕਹਿੰਦੇ ਹਨ, ਇਕ ਦਿਨ ਮਾਂ ਇਨ੍ਹਾਂ ਦਾ ਸਿਰ ਫੋਲਣ ਲੱਗੀ। ਵਾਲ ਲਿਟਾਂ ਬਣੀਆਂ ਹੋਈਆਂ ਸਨ। ਫ਼ਰੀਦ ਨੇ 'ਸੀ ਸੀ' ਕੀਤੀ। ਮਾਂ ਨੇ ਹੱਸ ਕੇ ਕਿਹਾ, "ਬੇਟਾ! ਜਿਨ੍ਹਾਂ ਬ੍ਰਿਛਾਂ ਦੇ ਪੱਤੇ ਤੇ ਫਲ ਤੂੰ ਤੋੜਦਾ ਹੈਂ, ਉਨ੍ਹਾਂ ਨੂੰ ਵੀ ਤੇ ਇਸੇ ਤਰ੍ਹਾਂ ਪੀੜ ਹੁੰਦੀ ਹੋਵੇਗੀ!"

ਇਹ ਇਕ ਰਮਜ਼ ਸੀ ਕਿ ਜਾਨ ਸਭ ਵਿਚ ਇਕੋ ਜਿਹੀ ਹੈ। ਦੂਜਾ ਇਹ ਵਹਿਮ ਕੱਢਣਾ ਸੀ ਕਿ ਪੱਤੇ ਖਾਣਾ ਕੋਈ ਵੱਡਾ ਤਖ ਨਹੀਂ।

ਇਤਿਹਾਸ ਵਿਚ ਲਿਖਿਆ ਹੈ ਕਿ ਸ਼ੁਰੂ ਵਿਚ ਫ਼ਰੀਦ ਜ਼ੁਹਦ ਕਰਨ ਲੱਗੇ ਤਾਂ ਭੁੱਖ 'ਤੇ ਕਾਬੂ ਪਾਣ ਲਈ ਕਾਠ ਦੀ ਰੋਟੀ ਪੇਟ ਨਾਲ ਬੰਨ੍ਹੀ ਫਿਰਦੇ ਸਨ। ਪੱਥਰ

---

੧. ਮੈਕਾਲਿਫ਼।

ਦੇ ਫਲ ਪਾਸ ਰੱਖਦੇ ਸਨ। ਇਹ ਰੋਟੀ ਤੇ ਫਲ ਹੁਣ ਤੀਕ ਪਾਕ ਪਟਨ ਵਿਚ ਫ਼ਰੀਦ ਮਕਬਰੇ 'ਚ ਰੱਖੇ ਹੋਏ ਹਨ। ਅਸੀਂ ਆਪ ਦੇਖੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਫ਼ਰੀਦ ਜੀ ਦੇ ਸਲੋਕਾਂ ਵਿਚ ਰੋਟੀ ਦਾ ਇਸ਼ਾਰਾ ਮਿਲਦਾ ਹੈ। ਯਥਾ :

**ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥**
**ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ॥੨੮॥** *(ਪੰਨਾ ੧੩੭੯)*

ਇਸੇ ਤਰ੍ਹਾਂ ਸ਼ੇਖ਼ ਫ਼ਰੀਦ ਨੇ ਇਕ ਖੂਹ ਵਿਚ ਪੁੱਠਿਆਂ ਲਟਕ ਕੇ ਤਪ ਕੀਤਾ। ਇਹ ਖੂਹ ਪਾਕ ਪਟਨ ਦੇ ਕੋਲ ਜ਼ਿਲ੍ਹਾ ਮਿੰਟਗੁਮਰੀ ਵਿਚ ਹੈ।

ਫ਼ਰੀਦ ਦਾ ਜ਼ੁਹਦ ਤੇ ਸੂਫ਼ੀ ਰੰਗ ਦੇਖ ਕੇ ਇਕ ਮੁਤੱਸਬ ਕਾਜ਼ੀ ਸ਼ਹਾਬੁੱਦੀਨ ਈਰਖਾ ਕਰਕੇ ਲੋਕਾਂ ਤੇ ਇਲਾਕੇ ਦੇ ਜਾਗੀਰਦਾਰਾਂ ਨੂੰ ਕਹਿਣ ਲੱਗਾ ਕਿ ਫ਼ਰੀਦ ਸ਼ਰ੍ਹਾ ਦੇ ਵਿਰੁੱਧ ਹੈ। ਇਸ ਨੂੰ ਇਥੋਂ ਕੱਢ ਦਿਉ। ਪਰ ਉਸ ਦੀ ਕੋਈ ਪੇਸ਼ ਨਾ ਗਈ। ਸਗੋਂ ਮੁਲਤਾਨ ਦੇ ਹਾਕਮ ਨੇ ਉਸ ਨੂੰ ਝਾੜ ਪਾਈ। ਕਾਜ਼ੀ ਨੇ ਇਕ ਆਦਮੀ ਰਾਹੀਂ ਫ਼ਰੀਦ ਜੀ ਨੂੰ ਮਰਵਾਉਣਾ ਚਾਹਿਆ, ਪਰ ਇਸ ਵਿਚ ਵੀ ਉਸ ਨੂੰ ਸਫਲਤਾ ਨਾ ਹੋਈ।

ਸ਼ੇਖ਼ ਫ਼ਰੀਦ ਜੀ ਨੇ ਭਗਤੀ ਅਤੇ ਤਪ ਕਰ ਕੇ ਬੜੀ ਸ਼ਕਤੀ ਪ੍ਰਾਪਤ ਕੀਤੀ। ਫ਼ਕੀਰਾਂ 'ਚੋਂ ਆਪ ਬੜੇ ਰੱਬ ਦੇ ਪਿਆਰੇ ਤੇ ਸਾਹਿਬੇ ਕਰਾਮਾਤ ਮੰਨੇ ਜਾਂਦੇ ਸਨ। *ਖ਼ਜ਼ੀਨਾ ਰੂਹਾਨੀਅਤ* ਵਿਚ ਲਿਖਿਆ ਹੈ ਕਿ ਇਕ ਵੇਰ ਇਕ ਚੋਰ ਫ਼ਰੀਦ ਜੀ ਦੇ ਘਰ ਆ ਵੜਿਆ, ਦੇਵਨੇਤ ਨਾਲ ਉਸ ਦੀ ਨਜ਼ਰ ਜਾਂਦੀ ਰਹੀ। ਅੰਨ੍ਹਿਆਂ ਵਾਂਗੂ ਚੌਹੀਂ ਪਾਸੀਂ ਟਟੋਲਣ ਲੱਗਾ। ਪਿਛਲੀ ਰਾਤ ਹੋਈ ਤਾਂ ਆਪ ਦਾ ਇਕ ਮੁਰੀਦ ਉਠਿਆ। ਫ਼ਰੀਦ ਜੀ ਨੇ ਉਸ ਨੂੰ ਇਸ਼ਨਾਨ ਕਰਨ ਲਈ ਪਾਣੀ ਲਿਆਉਣ ਲਈ ਕਿਹਾ। ਮੁਰੀਦ ਨੇ ਕੀ ਵੇਖਿਆ ਕਿ ਇਕ ਓਪਰਾ ਆਦਮੀ ਅੰਦਰ ਵੜਿਆ ਹੋਇਆ ਹੈ।

ਮੁਰੀਦ—ਕਿਉਂ ਭਾਈ, ਤੂੰ ਕੌਣ ਹੈਂ ?

ਚੋਰ—ਜੀ ਮੈਂ ਚੋਰੀ ਕਰਨ ਆਇਆ ਸਾਂ, ਅੰਨ੍ਹਾ ਹੋ ਗਿਆ ਹਾਂ, ਰਾਹ ਨਹੀਂ ਦੀਹਦਾ, ਕਿਧਰ ਜਾਵਾਂ।

ਮੁਰੀਦ—ਗੁਨਾਹਗਾਰ ਬੰਦੇ, ਤੂੰ ਚੋਰੀ ਫ਼ਕੀਰਾਂ ਦੇ ਘਰ ਹੀ ਕਰਨੀ ਸੀ ?

ਚੋਰ—ਜੀ ਮੇਰੀ ਤਕਸੀਰ ਮਾਫ਼ ਕਰੋ।

ਜਦ ਮੁਰੀਦ ਨੇ ਚੋਰ ਨੂੰ ਸ਼ੇਖ਼ ਫ਼ਰੀਦ ਜੀ ਦੇ ਪੇਸ਼ ਕੀਤਾ ਤਾਂ ਉਨ੍ਹਾਂ ਨੇ ਉਸ ਨੂੰ ਮਾਫ਼ ਕਰ ਦਿੱਤਾ। ਚੋਰ ਨੇ ਵੀ ਚੋਰੀ ਤੋਂ ਤੌਬਾ ਕੀਤੀ। ਸ਼ੇਖ਼ ਫ਼ਰੀਦ ਨੇ ਰੱਬ ਅੱਗੇ ਪ੍ਰਾਰਥਨਾ ਕੀਤੀ, ਚੋਰ ਦੀ ਨਜ਼ਰ ਮੁੜ ਠੀਕ ਹੋ ਗਈ। ਉਹ ਮੁਰੀਦ ਹੋ ਗਿਆ।

ਸ਼ੇਖ਼ ਫ਼ਰੀਦ ਜੀ ਦੀ ਇਕ ਸਾਖੀ ਇਉਂ ਵੀ ਦੱਸਦੇ ਹਨ ਕਿ ਇਕ ਦਿਨ ਆਪ ਕਿਤੇ ਜਾ ਰਹੇ ਸਨ। ਆਪ ਨੂੰ ਤਪ ਤੇ ਭਗਤੀ ਦਾ ਬੜਾ ਮਾਣ ਸੀ। ਇਕ ਖੇਤ ਪਾਸੋਂ ਲੰਘ ਰਹੇ ਸਨ। ਜਿਸ ਤਰ੍ਹਾਂ ਹਿਪਨਾਟਿਜ਼ਮ ਕਰੀਦੀ ਹੈ, ਆਪ ਨੇ ਮਾਨਸਿਕ ਬਲ ਦੀ ਪ੍ਰੀਖਿਆ ਕਰਨ ਲਈ ਖੇਤ ਵਿਚ ਚੁਗ ਰਹੀਆਂ ਚਿੜੀਆਂ ਨੂੰ ਕਿਹਾ, "ਮਰ ਜਾਓ।" ਰਵਾਇਤ ਹੈ ਕਿ ਚਿੜੀਆਂ ਮਰ ਗਈਆਂ। ਜਦ ਕੁਝ ਅੱਗੇ ਆਏ ਤਾਂ ਆਪ ਨੂੰ ਤ੍ਰੇਹ ਲੱਗੀ। ਲਾਗੇ ਇਕ ਖੂਹ ਸੀ। ਉਥੇ ਇਕ ਨੌਜਵਾਨ ਲੜਕੀ ਪਾਣੀ ਭਰ ਰਹੀ ਸੀ। ਉਸ ਨੂੰ ਸ਼ੇਖ਼ ਫ਼ਰੀਦ ਜੀ ਬੜੀ ਕਾਹਲੀ ਅਤੇ ਰੁਹਬ ਨਾਲ ਕਹਿਣ ਲੱਗੇ, "ਬੀਬਾ,

ਸਾਨੂੰ ਛੇਤੀ ਪਾਣੀ ਪਿਲਾ। ਅਸਾਂ ਅੱਗੇ ਜਾਣਾ ਹੈ।" ਯੁਵਤੀ ਨੇ ਕਿਹਾ, "ਫ਼ਰੀਦਾ, ਸਬਰ ਕਰ, ਪਾਣੀ ਪਿਲਾਂਦੀ ਹਾਂ, ਇਹ ਚਿੜੀਆਂ ਤਾਂ ਨਹੀਂ, ਜਿਨ੍ਹਾਂ ਨੂੰ ਕਹੇਂਗਾ ਕਿ ਮਰ ਜਾਉ ਤੇ ਉਹ ਮਰ ਜਾਣਗੀਆਂ।" ਫ਼ਰੀਦ ਜੀ ਨੇ ਹੈਰਾਨ ਹੋ ਕੇ ਉਸ ਲੜਕੀ ਨੂੰ ਪੁੱਛਿਆ, "ਤੂੰ ਇਹ ਤਾਕਤ ਕਿਥੋਂ ਪ੍ਰਾਪਤ ਕੀਤੀ ਹੈ ?" ਲੜਕੀ ਨੇ ਉੱਤਰ ਦਿੱਤਾ, "ਪਤੀਬ੍ਰਤ ਧਰਮ ਤੋਂ, ਮੈਂ ਕੋਈ ਜ਼ੁਹਦ ਤੇ ਤਪ ਨਹੀਂ ਕੀਤਾ। ਆਪਣੇ ਪਤੀ ਦੀ ਵਫ਼ਾਦਾਰ ਹਾਂ। ਤੈਨੂੰ ਇਹ ਰਮਜ਼ ਇਸ ਲਈ ਕੀਤੀ ਕਿ ਨਿੱਕੀਆਂ ਨਿੱਕੀਆਂ ਗੱਲਾਂ ਵਿਚ ਕਰਾਮਾਤ ਵਿਖਾਣੀ ਫ਼ਕੀਰ ਦਾ ਕੰਮ ਨਹੀਂ। ਰੱਬ ਤਾਕਤ ਦੇਵੇ ਤਾਂ ਉਸ ਨੂੰ ਸੰਭਾਲ ਕੇ ਵਰਤੀਦਾ ਹੈ। ਗ਼ਰੀਬਾਂ ਤੇ ਆਜਜ਼ਾਂ ਨੂੰ ਦੁੱਖ ਦੇਣ ਲਈ ਨਹੀਂ ਵਰਤਣੀ ਚਾਹੀਦੀ।"

ਯੁਵਤੀ ਦੇ ਇਹ ਬਚਨ ਸੁਣ ਕੇ ਫ਼ਰੀਦ ਜੀ ਨੇ ਉਸ ਦੇ ਕਦਮ ਪਕੜ ਲਏ ਤੇ ਕਿਹਾ, "ਅੱਗੋਂ ਅਜਿਹੀ ਗੱਲ ਨਹੀਂ ਕਰਾਂਗਾ।"

ਫ਼ਰੀਦ ਜੀ ਦੀ ਮੁਲਾਕਾਤ ਕਈਆਂ ਜੋਗੀਆਂ ਨਾਲ ਵੀ ਹੋਈ। ਉਨ੍ਹਾਂ ਨੂੰ ਵੀ ਕਰਾਮਾਤਾਂ ਵਿਖਾਂਦੇ ਰਹੇ।

ਸ਼ੇਖ਼ ਫ਼ਰੀਦ ਜੀ ਦੀ ਸ਼ਾਦੀ ਦਿੱਲੀ ਦੇ ਬਾਦਸ਼ਾਹ ਗਿਆਸੁੱਦੀਨ ਬਲਬਨ ਦੀ ਲੜਕੀ ਬੀਬੀ ਹਿਜ਼ੀਰਾ ਨਾਲ ਹੋਈ। ਆਪ ਦੇ ਘਰ ਦੋ ਕਨੀਜ਼ਾਂ (ਗੋਲੀਆਂ) ਵੀ ਸਨ, ਜਿਨ੍ਹਾਂ ਦੇ ਨਾਂ ਬੀਬੀ ਸਾਰਾ ਤੇ ਸ਼ਕਰਾ ਸਨ। ਸ਼ੇਖ਼ ਫ਼ਰੀਦ ਜੀ ਦੇ ਛੇ ਪੁੱਤਰ ਤੇ ਤਿੰਨ ਧੀਆਂ ਸਨ। ਪੁੱਤਰਾਂ ਦੇ ਨਾਂ ਇਸ ਪ੍ਰਕਾਰ ਹਨ—੧. ਅਬਦੁੱਲਾ, ੨. ਬਦਰੁੱਦੀਨ ਸੁਲੇਮਾਨ, ੩. ਬਹਾਵੁੱਦੀਨ, ਇਸ ਨੂੰ ਸ਼ਹਾਬੁੱਦੀਨ 'ਗੰਜੁਲ ਇਲਮ' ਵੀ ਕਹਿੰਦੇ ਸਨ। ੪. ਯਾਕੂਬ, ੫. ਨਿਜ਼ਾਮੁੱਦੀਨ, ੬. ਨਸਰੁੱਦੀਨ (ਨਸਰੁੱਲਾ) ਸੀ। ਸ਼ੇਖ਼ ਨੇ ਗੱਦੀ ਬਦਰੁੱਦੀਨ ਸੁਲੇਮਾਨ ਨੂੰ ਦਿੱਤੀ। ਸ਼ੇਖ਼ ਅਲੀ ਅਹਿਮਦ ਫ਼ਰੀਦ ਜੀ ਦਾ ਜਵਾਈ ਸੀ।

ਸ਼ੇਖ਼ ਫ਼ਰੀਦ ਜੀ ਦੇ ਪ੍ਰਸਿੱਧ ਚੇਲੇ ਇਹ ਹੋਏ ਹਨ :

ਨਜ਼ਾਮੁੱਦੀਨ ਔਲੀਆ, ਅਲੀ ਅਹਿਮਦ ਸਾਬਿਰ, ਜਮਾਲੁੱਦੀਨ ਹਾਂਸੀ, ਬਦਰੁੱਦੀਨ ਅਸਹਾਕ ਗ਼ਜ਼ਨਵੀ, ਸ਼ੇਖ਼ ਅਲੀ ਹੱਕ ਸਿਆਲਕੋਟੀ, ਸ਼ੇਖ਼ ਜ਼ਕਰੀਆ ਸਿੰਧੀ, ਰੁਕਨਦੀਨ, ਸ਼ੇਖ਼ ਜਮਾਲ ਦਾ ਪੁੱਤਰ ਬੁਰਹਾਨੁਦੀਨ ਸੂਫ਼ੀ।[1]

## ਸ਼ੇਖ਼ ਫ਼ਰੀਦ ਜੀ ਦੀ ਬਾਣੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ੇਖ਼ ਫ਼ਰੀਦ ਜੀ ਦੇ ੪ ਸ਼ਬਦ ਤੇ ੧੩੦ ਸਲੋਕ ਦਰਜ ਹਨ। ਸ਼ਬਦਾਂ 'ਚੋਂ ਦੋ ਆਸਾ ਰਾਗ ਤੇ ਦੋ ਸੂਹੀ ਰਾਗ ਵਿਚ ਹਨ। ਸਲੋਕਾਂ ਵਿਚ ਕੁਝ ਤੀਜੇ ਪਾਤਿਸ਼ਾਹ ਤੇ ਕੁਝ ਪੰਚਮ ਸਤਿਗੁਰੂ ਦੇ ਸਲੋਕ ਵੀ ਹਨ, ਜੋ ਗੁਰਮਤਿ ਸਿਧਾਂਤ ਨੂੰ ਸਪੱਸ਼ਟ ਕਰਨ ਲਈ ਦਿੱਤੇ ਗਏ ਹਨ।

ਗੁਰੂ ਜੀ ਨੇ ਜੋਗੀਆਂ ਨਾਲ ਗੋਸ਼ਟ ਕਰਨ ਸਮੇਂ ਬਹੁਤੇ ਸ਼ਬਦ ਰਾਮਕਲੀ ਰਾਗ ਵਿਚ ਉਚਾਰਨ ਕੀਤੇ ਹਨ। ਆਸਾ ਲਹਿੰਦੇ ਪੰਜਾਬ ਵਿਚ ਵਧੇਰੇ ਗਾਈ ਜਾਂਦੀ ਸੀ,

---

੧. ਸੂਫ਼ੀਆਂ ਦਾ ਕਲਾਮ, ਪੰਨਾ ੨੬੦।

ਸੂਹੀ ਵੈਸੇ ਇਲਸਾਮੀ ਰਾਗ ਹੈ, ਇਸ ਲਈ ਫ਼ਰੀਦ ਜੀ ਦੀ ਬਾਣੀ ਇਨ੍ਹਾਂ ਰਾਗਾਂ ਵਿਚ ਦਰਜ ਕੀਤੀ ਹੈ।

ਮਿ: ਮੈਕਾਲਫ਼ ਦੀ ਰਾਇ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ੇਖ਼ ਫ਼ਰੀਦ ਜੀ ਦੇ ਨਾਂ ਉਪਰ ਜੋ ਬਾਣੀ ਦਰਜ ਹੈ, ਇਹ ਸ਼ੇਖ਼ ਫ਼ਰੀਦ ਸ਼ਕਰਗੰਜ ਦੀ ਨਹੀਂ, ਸ਼ੇਖ਼ ਇਬਰਾਹੀਮ (ਬ੍ਰਹਮ) ਦੀ ਹੈ। ਜਿਹੜੀ ਯੁਕਤੀ ਦਿੱਤੀ ਜਾਂਦੀ ਹੈ, ਉਹ ਇਹ ਹੈ ਕਿ ਬਾਣੀ ਦੀ ਬੋਲੀ ਸਤਿਗੁਰੂਆਂ ਦੇ ਸਮੇਂ ਦੀ ਹੈ। ਪੰਜਾਬੀ ਬੋਲੀ ਦੀ ਦ੍ਰਿਸ਼ਟੀ ਨਾਲ ਇਹ ਬੋਲੀ ਸ਼ੇਖ਼ ਫ਼ਰੀਦ ਸ਼ਕਰਗੰਜ ਦੇ ਸਮੇਂ ਦੀ ਨਹੀਂ, ਸ਼ੇਖ਼ ਬ੍ਰਹਮ ਦੇ ਕਾਲ ਦੀ ਹੈ। ੧੩੧੮ ਈ: ਵਿਚ ਤੈਮੂਰ ਲਿੰਗ ਨੇ ਪੰਜਾਬ 'ਤੇ ਹਮਲਾ ਕੀਤਾ। ਉਹ ਪਾਕ ਪਟਨ ਪੁੱਜਾ। ਸ਼ੇਖ਼ ਫ਼ਰੀਦ ਦਾ ਪੋਤਰਾ ਸੈਦੁੱਦੀਨ ਉਸ ਸਮੇਂ ਗੱਦੀ 'ਤੇ ਸੀ, ਉਹ ਨੱਠ ਕੇ ਭਟਨੇਰ (ਬੀਕਾਨੇਰ) ਵੱਲ ਚਲਾ ਗਿਆ। ਉਸ ਵਕਤ ਪੰਜਾਬੀ ਬੋਲੀ ਇਸ ਰੂਪ ਵਿਚ ਨਹੀਂ ਸੀ।

ਮਿ: ਮੈਕਾਲਫ਼ ਨੇ *ਸਿਖ ਰੀਲੀਜਨ* ਲਿਖਣ ਸਮੇਂ ਜਿਥੇ ਸਤਿਗੁਰਾਂ ਦਾ ਇਤਿਹਾਸ ਲਿਖਿਆ ਹੈ, ਉਥੇ ਉਸ ਨੇ ਭਗਤਾਂ ਦੇ ਜੀਵਨ ਲਿਖਣ ਲਈ ਭੀ ਕਾਫ਼ੀ ਮਿਹਨਤ ਕੀਤੀ ਹੈ। ਖੋਜ ਵੀ ਕੀਤੀ ਹੈ। ਭਗਤਾਂ ਦੇ ਟਿਕਾਣਿਆਂ 'ਤੇ ਜਾ ਕੇ ਹਾਲਾਤ ਲਿਖਣ ਦਾ ਜਤਨ ਕੀਤਾ ਹੈ। ਕਿਸੇ ਸਿਖ ਵਿਦਵਾਨ ਨੇ ਭਗਤਾਂ ਸੰਬੰਧੀ ਇੰਨੀ ਖੋਜ ਕਰ ਕੇ ਉਨ੍ਹਾਂ ਦੇ ਜੀਵਨ ਨਹੀਂ ਲਿਖੇ। ਇਸ ਲਈ ਬਹੁਤਿਆਂ ਨੇ ਮੈਕਾਲਫ਼ ਨੂੰ ਹੀ ਪ੍ਰਮਾਣਿਕ ਮੰਨ ਕੇ ਕੁਝ ਲਿਖਿਆ ਹੈ। ਮੈਕਾਲਫ਼ ਦੇ ਆਧਾਰ 'ਤੇ ਪਹਿਲੇ ਸਾਡੀ ਵੀ ਇਹੋ ਰਾਇ ਸੀ ਕਿ ਬਾਣੀ ਸ਼ੇਖ਼ ਫ਼ਰੀਦ ਸ਼ਕਰਗੰਜ ਦੀ ਨਹੀਂ, ਬਲਕਿ ਸ਼ੇਖ਼ ਇਬਰਾਹੀਮ ਦੀ ਹੈ। ਪਰ ਖੋਜ ਤੋਂ ਇਹ ਗੱਲ ਨਿਸਚੇ ਹੁੰਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਸ਼ੇਖ਼ ਫ਼ਰੀਦ ਸ਼ਕਰਗੰਜ ਦੀ ਹੈ। ਆਪ ਦੇ ਸਲੋਕਾਂ ਨੂੰ ਧਿਆਨ ਨਾਲ ਪੜ੍ਹਿਆ ਜਾਵੇ ਤਾਂ ਉਨ੍ਹਾਂ ਵਿਚ ਆਪ ਦੀਆਂ ਕਈ ਜੀਵਨ ਘਟਨਾਵਾਂ ਮਿਲਦੀਆਂ ਹਨ, ਉਹ ਸ਼ੇਖ਼ ਬ੍ਰਹਮ ਦੀਆਂ ਨਹੀਂ। ਕਥਨ ਉਤਮ-ਪੁਰਸ਼ ਦੇ ਰੂਪ ਵਿਚ ਕੀਤਾ ਹੈ, ਜਿਹਾ ਕਿ 'ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ।' ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਜੀਵਨ ਘਟਨਾ ਵੀ ਸ਼ੇਖ਼ ਫ਼ਰੀਦ ਸ਼ਕਰਗੰਜ ਦੀ ਹੈ ਤੇ ਬਾਣੀ ਵੀ ਉਨ੍ਹਾਂ ਦੀ ਹੈ। ਬਾਕੀ ਰਹੀ ਪੰਜਾਬੀ ਬੋਲੀ ਦੀ ਗੱਲ। ਖੋਜ ਤੋਂ ਇਹ ਗੱਲ ਸਾਬਤ ਹੁੰਦੀ ਹੈ ਕਿ ਉਸ ਵਕਤ ਪੰਜਾਬੀ ਬੋਲੀ ਇਹੋ ਸੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵਰਤੀ ਗਈ ਹੈ, ਉਸ ਵਕਤ ਮੁਸਲਮਾਨ ਬਾਦਸ਼ਾਹਾਂ ਦੇ ਆਉਣ ਨਾਲ ਇਕ ਬੋਲੀ ਨੇ ਜਨਮ ਲਿਆ, ਜਿਸ ਦਾ ਨਾਂ 'ਉਰਦੂ' ਸੀ। ਉਰਦੂ ਦੇ ਮਾਇਨੇ ਹਨ 'ਲਸ਼ਕਰ'। ਉਨ੍ਹਾਂ ਨੇ ਆਪਣਾ ਕੰਮ ਸਾਰਨ ਲਈ ਫ਼ਾਰਸੀ, ਅਰਬੀ ਤੇ ਹਿੰਦੀ ਆਦਿ ਦੇ ਸ਼ਬਦ ਮਿਲਾ ਕੇ ਇਕ ਖਿਚੜੀ ਜਿਹੀ ਬਣਾ ਲਈ, ਜਿਸ ਦਾ ਨਾਂ ਉਰਦੂ ਹੈ। ਉਸ ਵਕਤ ਪੰਜਾਬ ਵਿਚ ਇਸਲਾਮ ਦਾ ਜ਼ੋਰ ਸੀ। ਮੁਲਤਾਨ, ਅਜੁਧਨ (ਪਾਕ ਪਟਨ) ਸੂਫ਼ੀ ਫ਼ਕੀਰਾਂ ਤੇ ਇਸਲਾਮੀ ਪ੍ਰਚਾਰ ਦੇ ਬੜੇ ਭਾਰੇ ਕੇਂਦਰ ਸਨ। ਇਸ ਲਈ ਇਥੋਂ ਦੀ ਬੋਲੀ ਹੀ ਪੰਜਾਬੀ ਤੇ ਟਕਸਾਲੀ ਸਮਝੀ ਜਾਂਦੀ ਸੀ। ਸ਼ੇਖ਼ ਫ਼ਰੀਦ ਜੀ ਦੀ ਕਲਾਮ ਫ਼ਾਰਸੀ ਤੇ ਪੰਜਾਬੀ ਦੋਹਾਂ ਬੋਲੀਆਂ ਵਿਚ ਮਿਲਦੀ ਹੈ। ਸੂਫ਼ੀ ਫ਼ਕੀਰਾਂ ਨੇ ਪੰਜਾਬੀ ਵਿਚ ਤਸੱਵੁਫ਼ ਤੇ ਇਸ਼ਕ ਨੂੰ ਕਥਨ ਕੀਤਾ।

ਜਿਸ ਵਕਤ ਸਿਖ ਧਰਮ ਨੇ ਜਨਮ ਲਿਆ, ਸਤਿਗੁਰਾਂ ਨੇ ਇਸ ਬੋਲੀ ਨੂੰ

ਨਿਵਾਜਿਆ, ਪੰਜਾਬੀ ਵਿਚ ਬਾਣੀ ਲਿਖੀ, ਇਤਿਹਾਸ ਲਿਖਵਾਇਆ, ਉਸ ਵਕਤ ਤੋਂ ਪੰਜਾਬੀ ਬੋਲੀ ਲਾਹੌਰ ਤੇ ਅੰਮ੍ਰਿਤਸਰ (ਮੱਧ ਪੰਜਾਬ) ਦੀ ਬੋਲੀ ਟਕਸਾਲੀ ਸਮਝੀ ਜਾਣ ਲੱਗੀ। ਮੱਧ ਪੰਜਾਬ ਵਿਚ ਮੁਸਲਮਾਨ ਸੰਤਾਂ ਨੇ ਵੀ ਕਲਾਮ ਕਹੀ। ਪਰ ਸ਼ੇਖ਼ ਫ਼ਰੀਦ ਜੀ ਦੇ ਸਮੇਂ ਮਜ਼ਬ ਦਾ ਕੇਂਦਰ ਮੁਲਤਾਨ ਤੇ ਪਾਕ ਪਟਨ ਸੀ, ਇਸ ਲਈ ਉਥੋਂ ਦੀ ਬੋਲੀ ਹੀ ਪ੍ਰਮਾਣਿਕ ਸੀ।

ਸ਼ੇਖ਼ ਫ਼ਰੀਦ ਸ਼ਕਰਗੰਜ ਦੀ ਬਾਣੀ ਤੇ ਉਨ੍ਹਾਂ ਦੇ ਸਲੋਕ ਪੰਜਾਬੀ ਬੋਲੀ ਵਿਚ ਮਿਲਦੇ ਹਨ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਦੇ ਹਨ ਪਰ ਇਨ੍ਹਾਂ ਦੀ ਬੋਲੀ ਤੇ ਰਚਨਾ ਦਾ ਢੰਗ ਬੀੜ ਵਿਚ ਦਰਜ ਬਾਣੀ ਨਾਲ ਮਿਲਦਾ ਹੈ। ਉਦਾਹਰਣ ਲਈ:

ਆਸਾ ਛੰਤ ਸ਼ੇਖ ਫਰੀਦ ਜੀ

ਸਾਹਿਬ ਸਿਉ ਮਾਣ ਕਿਵੇਹਾ ਮਾਏ ਕੀਜੈ ਨੀ।
ਕਿਆ ਕੁਝ ਭੇਟ ਸਾਹਿਬ ਕਾ ਮਨ ਰੀਝੈ।
ਸਾਹਿਬ ਸਿਉ ਮਾਣ ਕਿਵੇਹਾ ਮਾਏ ਕੀਜੈ।੧।
ਬਿਨ ਅਮਲਾਂ ਦੋਹਾਗਣ ਮਾਏ ਹੋਵਾਂ ਨੀ।
ਕੈ ਪਹਿ ਦੂਖ ਇਕੇਲੀ ਮਾਏ ਰੋਵਾਂ ਨੀ।
ਕੈ ਪਹਿ ਦੂਖ ਇਕੇਲੀ ਰੋਵਾਂ ਆਇ ਬਨੀ ਸਿਰ ਮੇਰੇ।
ਜਾ ਕਾ ਮਾਣ ਤਾਣ ਸਭ ਰਸੀਆ ਅਵਗੁਣ ਕਰੀ ਘਨੇਰੇ[1]॥
ਸਹੁ ਪੜਨਸੀ[2] ਪਕੜ ਚਲੇਸੀ ਹਥ ਬੰਨ ਅਗੈ ਖਲੋਵਾਂ।
ਬਿਨ ਅਮਲਾਂ ਦੋਹਾਗਣ ਮਾਏ ਹੋਵਾਂ।੨।
ਨਾ ਰਸੁ ਜੀਭ ਨ ਰੂਪ ਕਰੀ ਕਿਵੇਹਾ ਮਾਣਾ ਨੀ।
ਨਾ ਗੁਣ ਮੰਤ ਨਾ ਕਾਮਣ[3] ਜਾਣਾ ਕਿਉਂ ਕਰ ਸਹੁ ਨੂੰ ਭਾਵੈ।
ਸਹੁ ਬਹੁਤੀਆਂ ਨਾਰੀ ਬਹੁ ਗੁਣਿਆਰੀ, ਕਿਤ ਬਿਧ ਦਰਸ਼ਨ ਪਾਵਾਂ।
ਨਾ ਜਾਣਾ ਸਹੁ ਕਿਸੇ ਰਵੇਸੀ ਮੇਰੀ ਜੀਉ ਨਿਮਾਣਾ।
ਨਾ ਰਸ ਜੀਭ ਨ ਰੂਪ ਕਰੀ ਕਿਵੇਹਾ ਮਾਣਾ।੩।
ਬਿਨ ਗੁਰ ਨਿਸ ਦਿਨ ਫਿਰਾ ਨੀ ਮਾਏ ਪਿਰ ਕੇ ਹਾਵੇ।
ਅਉਗੁਣਿਆਰੀ ਨੂੰ ਕਿਉਂ ਕਰ ਕੰਤ ਵਸਾਵੈ।
ਮੈਂ ਗੁਣ ਕੋਈ ਨਾਂਹੀਂ।
ਸਹੁਰੇ[4] ਜਾਸਾਂ ਤਾ ਪਛੋਤਾਸਾਂ ਜਾਨਸਾਂ ਮਾਏ ਤਾਂਹੀ।
ਮੇਰਾ ਸਾਹਿਬ ਚੰਗ ਗੁਣੀ ਦਿਹੰਦਾ[5] ਕਹੈ ਫਰੀਦ ਸੁਨਾਵੈ।
ਬਿਨ ਗੁਰ ਨਿਸਦਿਨ ਫਿਰਾ ਨੀ ਮਾਏ ਪਿਰ ਕੇ ਹਾਵੈ।੪।

ਹੁਣ ਕੁਝ ਸਲੋਕ ਦਰਜ ਕਰਦੇ ਹਾਂ, ਜਿਨ੍ਹਾਂ ਦੀ ਬੋਲੀ, ਰਚਨਾ ਦਾ ਢੰਗ ਤੇ ਵਿਚਾਰ ਸ਼ੈਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਸਲੋਕਾਂ ਨਾਲ ਮਿਲਦੀ ਹੈ:

ਫਰੀਦਾ ਦੁਨੀਆ ਦੇ ਲਾਲਚ ਲਗਿਆਂ ਮਿਹਨਤ ਭੁਲ ਗਈ।
ਜਾਂ ਸਿਰ ਆਈ ਆਪਣੇ ਤਾਂ ਸਭੋ ਵਿਸਰ ਗਈ॥

---

੧. ਬਹੁਤਾ। ੨. ਪਰਨੇਸੀ, ਫੜ ਕੇ ਲਿਜਾਇਗਾ। ੩. ਇਸਤ੍ਰੀ, ਜਾਦੂ। ੪. ਦਰਗਾਹ। ੫. ਦੇਣ ਵਾਲਾ।

ਫਰੀਦਾ ਹਾਥੀ ਸੋਨ ਅੰਬਾਰੀਆਂ ਪੀਛੇ ਕਟਕ ਹਜ਼ਾਰ।
ਜਾਂ ਸਿਰਿ ਆਈ ਆਪਣੇ ਤਾਂ ਕੋ ਮੀਤਿ ਨ ਯਾਰ॥

ਫਰੀਦਾ ਮਾਉ ਮਹਿੰਡੀ[1] ਕੰਮਲੀ ਜਿਨ ਜੀਵਨ ਰਖਿਆ ਨਾਉਂ।
ਜਾਂ ਦਿਨ ਪੁੰਨੇ[2] ਮੌਤ ਦੇ ਨ ਜੀਵਨ ਨਾ ਨਾਉਂ॥

ਫਰੀਦਾ ਮਾਨਿਕ ਮੋਲ ਅਥਾਹੁ ਕਦਰ ਕੀ ਜਾਣੈ ਸੀਸਗਰ[3]।
ਇਕੇ ਤੇ ਗੂੜਾ ਸ਼ਾਹੁ ਇਕੇ ਤਾਂ ਜਾਣੈ ਜਉਹਰੀ॥

ਫਰੀਦਾ ਵੱਡੀ ਇਹ ਬਹਾਦਰੀ ਕਰ ਕੁਸੰਗ ਕੋ ਤਿਆਗੁ।
ਦਰਗਹ ਥੀਵੀ ਮੁਖਿ ਉਜਲਾ ਕੋਈ ਨ ਲਗੀ ਦਾਗ॥

ਫਰੀਦਾ ਐਸਾ ਹੋਇ ਰਹੁ ਜੈਸਾ ਕਖੁ ਮਸੀਤਿ।
ਪੈਰਾ ਤਲੇ ਲਤਾੜੀਐ ਤੂ ਕਦੇ ਨ ਛੋਡੈ ਪ੍ਰੀਤਿ॥

ਫਰੀਦਾ ਪੈਰੀ ਕੰਡੇ ਪੰਧੜਾ[4], ਸੇਤੀ ਸੁਜਾਣਾ।
ਭਠ ਹਿੰਡੋਲਹਿੰਦਾ ਪੀਂਘਣਾ, ਸੇਤੀ ਅਜਾਣਾ॥

ਫਰੀਦਾ ਕਰਨ ਹਕੂਮਤਿ ਦੁਨੀ ਦੀ ਹਾਕਮੁ ਨਾਉਂ ਧਰਨਿ।
ਅਗੇ ਧਉਲ ਪਿਆਦਿਆਂ ਪਿਛੇ ਕੋਤ ਚਲਨਿ[5]॥

ਫਰੀਦਾ ਫਟੀਆਂ[6] ਲਖ ਮਿਲਨਿ ਫੱਟੀ ਮਿਲੈ ਨ ਕਾਇ।
ਫਟੀ ਨੂੰ ਫਟੀ ਮਿਲੈ ਤ ਦੇਵੈ ਦਰਦੁ ਬਤਾਇ॥

ਫਰੀਦਾ ਉਚਾ ਨਾਂ ਕਰਿ ਸਦੁ ਰੱਬ ਦਿਲਾਂ ਦੀਆਂ ਜਾਣਦਾ।
ਜੇ ਤੁਧ ਵਿਚਿ ਕਲੱਬੁ[7] ਸੋ ਮਞਾਊਂ ਦੂਰਿ ਕਰੁ॥

ਫਰੀਦਾ ਇਕ ਵਿਹਾਜੇਂ ਲੂਣ ਬਿਆ[8] ਕਸਤੂਰੀ ਝੁੰਗ ਚਵੇਂ[9]।
ਬਾਹਰਿ ਲਾਇ ਸਬੂਣ ਅੰਦਰ ਹਛਾ ਨਾਂ ਥੀਵੇਂ॥

ਫਰੀਦਾ ਜੰਗਲ ਢੂਢੇਂ ਸੰਘਣਾ ਲੰਮੇ ਲੜਿਆ[10] ਨਾ ਵਤ।
ਤਨ ਹੁਜਰਾ[11] ਦਰਗਾਹਿ ਦਾ ਤਿਸ ਵਿਚ ਝਾਤੀ ਘਤਿ॥

ਫਰੀਦਾ ਜੇ ਤੂੰ ਵੰਞੇ ਹਜੁ ਹਜ ਹਭੋ ਹੀ ਜੀਆ ਮੈਂ।
ਲਾਹਿ ਦਿਲੇ ਦੀ ਲਜੁ ਸੱਚਾ ਹਾਜੀ ਤਾਂ ਥੀਂਵੇਂ॥

ਫਰੀਦਾ ਜੇ ਤੂੰ ਦਿਲ ਦਰਵੇਸ ਰਖੁ ਅਕੀਦਾ[12] ਸਾਮਨਾ।
ਦਰਹੀਂ[13] ਸੇਤੀ ਦੇਖਿ ਮਥਾ ਮੋੜ ਨ ਕੰਡ ਦੇ॥

ਫਰੀਦਾ ਦਰਦ ਨ ਵੰਞਮ ਦਾਰੂਏ ਜੇ ਲਖ ਤਬੀਬੁ ਲਗੰਨਿ।
ਚੰਗੀ ਭਲੀ ਥੀ ਬਹਾਂ ਜੇ ਮੂੰ ਪਿਰੀ ਮਿਲੰਨਿ॥

---

੧. ਮੇਰੀ। ੨. ਪੂਰੇ। ੩. ਕੱਚ (ਸ਼ੀਸ਼ੇ) ਬਨਾਉਣ ਵਾਲਾ। ੪. ਰਸਤਾ, ਸੁਜਾਨ ਪੁਰਸ਼ਾਂ ਨਾਲ ਕੰਡਿਆਂ ਵਾਲਾ ਪੰਧ ਕਰ ਲੈਣਾ ਚੰਗਾ ਹੈ ਪਰ ਅੰਞਾਣਿਆਂ ਨਾਲ ਪੰਘੂੜੇ ਝੂਟਣੇ ਵੀ ਭੱਠ ਸਮਾਨ ਹਨ। ੫. ਲੱਦੇ ਹੋਏ ਬਲਦ, ਪਿਆਦੇ ਤੇ ਘੋੜ ਸਵਾਰ। ੬. ਰੱਬ ਨਾਲੋਂ ਟੁੱਟੀਆਂ ਰੂਹਾਂ। ੭. ਖੋਟੀ ਵਾਸ਼ਨਾ। ੮. ਹੋਰ। ੯. ਝੂੰਗੇ ਵਿਚ ਕਸਤੂਰੀ ਮੰਗਦਾ। ੧੦. ਵਹਿਣ, ਰਸਤੇ। ੧੧. ਰੱਬ ਦਾ ਘਰ। ੧੨. ਭਰੋਸੇ ਨੂੰ ਸਾਹਮਣੇ ਰੱਖ। ੧੩. ਝੀਤਾਂ 'ਚੋਂ।

ਜੀ ਜੀ ਜੀਵੇਂ[1] ਦੁਨੀ ਤੇ ਖੁਰੀਏ[2] ਕਹੀ ਨਾ ਲਾਇ।
ਇਕੋ ਖਫਣ ਰਖਿ ਕੈ ਹੋਰ ਸਭੋ ਦੇਹਿ ਲੁਟਾਇ॥

ਫਰੀਦਾ ਜਾਂ ਜਾਂ ਜੀਵੇ ਦੁਨੀ ਤੋਂ ਤਾਂ ਤਾਂ ਫਿਰੇ ਅਲਖੁ।
ਦਰਗਹਿ ਸਚਾ ਤਾ ਥੀਵੇਂ ਜਾਂ ਖਫਣੁ ਮੂਲੁ ਨ ਰਖ॥

ਫਰੀਦਾ ਦਿਲ ਅੰਦਰਿ ਦਰੀਆਉ ਕੰਢੀ ਲਗਾ ਕੀ ਫਿਰੇ।
ਟੁਬੀ ਮਾਰਿ ਮੰਝਾਹੁ[3] ਮੰਝੋ ਹੀ ਮਾਣਿਕ ਲਹੈ॥

ਟੁਬੀ ਮਾਰਨ ਗਾਖੜੀ[4] ਸਧਰਾ ਲਖ ਕਰੇਨ।
ਜਿਨ੍ਹਾਂ ਦਾ ਮਨੁ ਧ੍ਰਾਪਿਆ[5] ਸੇਈ ਮਾਣਕ ਲਭੇਂਨ॥

ਫਰੀਦਾ ਇਕਨਾ ਮਤਿ ਖੁਦਾਇ ਦੀ ਇਕਨਾ ਮੰਗ ਲਈ।
ਇਕ ਦਿਤੀ ਮੂਲ ਨ ਘਿੰਨਦੇ ਜਿਉਂ ਪੱਥਰ ਬੂੰਦ ਪਈ॥

ਫਰੀਦਾ ਦੁਨੀਆਂ ਮਟਕੀ ਸਹਤਿ[6] ਕੀ ਜੋ ਬੈਠੇ ਫਸਿ ਜਾਇ।
ਜੋ ਇਨ ਤੇ ਨਿਆਰਾ ਰਹੈ ਤਾਹਿ ਮਿਲੈ ਖੁਦਾਇ॥

ਫਰੀਦਾ ਕੂਕੇਂਦੜਾ ਕੂਕੁ ਕਦੇ ਤਾਂ ਰਬ ਸੁਣੇਸੀਆ।
ਨਿਕਲ ਵੈਸੀ ਫੂਕੁ ਤਾਂ ਫਿਰ ਕੂਕ ਨ ਹੋਸੀਆ॥

ਫਰੀਦਾ ਵਿਛੋੜਾ ਬੁਰਿਆਰੰ ਜਿਤੁ ਵਿਛੜੇ ਜਗਿ ਦੂਬੱਲਾ।
ਤੇ ਮਾਹਣੂ[7] ਹੱਸਿਆਰੁ[8] ਵਿਛੁੜਿ ਕੇ ਮੋਟੇ ਥੀਵਣੁ॥

ਫਰੀਦਾ ਪਾਉ ਪਸਾਰਿ ਕੈ ਅਠੇ ਪਹਰ ਹੀ ਸਉਂ।
ਲੇਖਾ ਕੋਈ ਨ ਪੁਛਈ ਜੇ ਵਿਚੋਂ ਜਾਵੀ ਹਉਂ[9]॥

ਉਪਰੋਕਤ ਆਸਾ ਛੰਤ ਤੇ ਸਲੋਕ ਪੜ੍ਹ ਕੇ ਸਾਰਾ ਭੁਲੇਖਾ ਦੂਰ ਹੋ ਜਾਂਦਾ ਹੈ। ਇਹ ਗੱਲ ਨਿਸਚਿਤ ਹੁੰਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ੇਖ਼ ਫ਼ਰੀਦ ਸ਼ਕਰਗੰਜ ਦੀ ਬਾਣੀ ਹੀ ਦਰਜ ਹੈ।

ਸ਼ੇਖ਼ ਫ਼ਰੀਦ ਸ਼ਕਰਗੰਜ ਦੀ ਕਲਾਮ ਫ਼ਾਰਸੀ ਵਿਚ ਵੀ ਹੈ। ਉਦਾਹਰਣ ਲਈ ਦੋ ਰੁਬਾਈਆਂ ਦਰਜ ਕਰਦੇ ਹਾਂ:

(੧) ਇਸ਼ਕੇ ਤੌ ਮਰਾ ਅਸੀਰੋ ਹੈਰਾਂ ਕਰਦਾ ਅਸਤ।
ਦਰ ਕੂਏ ਖਰਾਬਾਤ ਪਰੇਸ਼ਾਂ ਕਰਦਾ ਅਸਤ।
ਬ-ਈਂ ਹਮਾ ਰੰਜੋ ਮਿਹਨਤ ਐ ਦੋਸਤ ਬਬੀਂ।
ਇਸਰਾਰੇ ਤੌ ਦਰ ਦਿਲਮ ਕਿ ਪਿਨਹਾਂ ਕਰਦਾ ਅਸਤ।

ਭਾਵ, ਤੇਰੇ ਇਸ਼ਕ ਨੇ ਮੈਨੂੰ ਹੈਰਾਨ ਕੀਤਾ ਤੇ ਕੈਦੀ ਬਣਾਇਆ ਹੈ। ਖੱਜਲ ਖੁਆਰੀ ਦੀ ਗਲੀ (ਦੁਨੀਆਂ) ਵਿਚ ਪ੍ਰੇਸ਼ਾਨ ਕੀਤਾ ਹੈ।

---

੧. ਫਿਰ ਫਿਰ ਜੰਮਦਾ ਹੈ। ੨. ਪੈਰ ਨਹੀਂ ਲੱਗਦੇ। ੩. ਵਿਚੋਂ। ੪. ਔਖੀ। ੫. ਰਜਿਆ। ੬. ਸ਼ਹਿਦ। ੭. ਮਨੁੱਖ। ੮. ਹੱਸਣ ਯੋਗ ਹਨ, ਜਿਹੜੇ ਰੱਬ ਨੂੰ ਭੁੱਲ ਕੇ ਵੀ ਮੋਟੇ ਹੁੰਦੇ ਹਨ, ਭਾਵ ਹੰਕਾਰ ਕਰਦੇ ਹਨ। ੯. ਸੂਫ਼ੀਆਂ ਦੇ ਕਲਾਮ ਵਿਚੋਂ।

ਹੇ ਦੋਸਤ ਵੇਖ! ਇਤਨੇ ਕਸ਼ਟ ਤੇ ਮਿਹਨਤ ਦੇ ਹੁੰਦਿਆਂ, ਤੇਰਾ ਭੇਦ ਮੈਂ ਆਪਣੇ ਦਿਲ ਵਿਚ ਲੁਕਾਇਆ ਹੋਇਆ ਹੈ।

(੨) **ਚੂੰ ਉਮਰ ਗੁਜ਼ਸ਼ਤੀਅਸਤ ਮੈਨੋਸ਼ੀ ਬਿਹ।**
**ਚੂੰ ਕਾਰ ਬ-ਕਿਸਮਤ ਅਸਤ ਹਮ ਕੋਸ਼ੀ ਬਿਹ।**
**ਚੂੰ ਤਰਸੇ ਹਯਾਤ ਅਸਤ ਲਹਦ ਪੋਸ਼ੀ ਬਿਹ।**
**ਚੂੰ ਗੁਫ਼ਤਾ ਨਵਿਸ਼ਤ ਅਸਤ ਖ਼ਾਮੋਸ਼ੀ ਬਿਹ।**

ਭਾਵ, ਜਦ ਕਿ ਉਮਰ ਗੁਜ਼ਰ ਚੁੱਕੀ ਹੈ, ਸ਼ਰਾਬ (ਮਾਰਫ਼ਤ ਦੀ) ਪੀਣੀ ਹੀ ਚੰਗੀ ਹੈ। ਜਦੋਂ ਭਾਗਾਂ ਨਾਲ ਹੀ ਕੁਝ ਹੋਣਾ ਹੈ ਤਾਂ ਸਵੈ-ਕਾਬੂ ਹੀ ਬਿਹਤਰ ਹੈ। ਜਦ ਉਮਰ ਖ਼ਤਮ ਹੋਣ ਦਾ ਖ਼ਤਰਾ ਹੈ ਤਾਂ ਕਬਰ ਦੇ ਪਰਦੇ ਵਿਚ ਛੁਪ ਜਾਣਾ ਠੀਕ ਹੈ। ਕਿਹਾ ਜਾਂਦਾ ਹੈ ਕਿ ਮੱਥੇ ਦੇ ਲੇਖ ਹਨ, ਫਿਰ ਚੁੱਪ ਰਹਿਣਾ ਹੀ ਬਿਹਤਰ ਹੈ।

## ਸ਼ੇਖ਼ ਫ਼ਰੀਦ ਜੀ ਦੀ ਬਾਣੀ ਬੀੜ ਵਿਚੋਂ

ਹੁਣ ਅਸੀਂ ਸ਼ੇਖ਼ ਫ਼ਰੀਦ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ 'ਤੇ ਵਿਚਾਰ ਕਰਦੇ ਹਾਂ। ਇਹ ਪ੍ਰੇਮ-ਭਗਤੀ ਤੇ ਵੈਰਾਗ ਨਾਲ ਭਰੀ ਹੋਈ ਹੈ। ਡਾਢੀ ਮਿੱਠੀ, ਸਰਲ, ਭਾਵ-ਪੂਰਤ ਤੇ ਪ੍ਰਭਾਵਸ਼ਾਲੀ ਹੈ, ਇਸ ਦੀ ਬੋਲੀ ਲਹਿੰਦੇ ਦੀ ਪੰਜਾਬੀ ਹੈ। ਸਤਿਗੁਰੂਆਂ 'ਚੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਤੇ ਭਗਤਾਂ 'ਚੋਂ ਸ਼ੇਖ਼ ਫ਼ਰੀਦ ਜੀ ਦੀ ਬਾਣੀ ਵੈਰਾਗਮਈ ਤੇ ਕਰੁਣਾ ਰਸ ਪੂਰਤ ਹੈ। ਫ਼ਰੀਦ ਜੀ ਦੇ ਸਲੋਕ ਤਾਂ ਬਹੁਤ ਹੀ ਸੁਆਦਲੇ ਹਨ। ਇਨ੍ਹਾਂ ਵਿਚ ਖ਼ਿਆਲ ਵਿਕੋਲਿਤਰੇ ਦਿੱਤੇ ਹਨ। ਇਸ ਲਈ ਖ਼ਿਆਲਾਂ ਦੀ ਕੋਈ ਲੜੀ ਨਹੀਂ ਬੰਨ੍ਹੀ ਜਾ ਸਕਦੀ। ਇਨ੍ਹਾਂ ਵਿਚ ਭਗਤੀ, ਵੈਰਾਗ ਆਦਿਕ ਤੋਂ ਬਿਨਾਂ ਕਈ ਜੀਵਨ ਘਟਨਾਵਾਂ ਨੂੰ ਭੀ ਵਰਣਨ ਕੀਤਾ ਹੈ। ਕਈ ਆਤਮਿਕ ਸਿਖਿਆ ਵੀ ਦਿੱਤੀਆਂ ਹਨ।

ਸ਼ੇਖ਼ ਫ਼ਰੀਦ ਜੀ ਦੀ ਬਾਣੀ ਵਿਚ ਕਿਤੇ ਕਿਤੇ ਨਿਰੋਲ ਇਸਲਾਮੀ ਸਿਧਾਂਤ ਪਾਏ ਜਾਂਦੇ ਹਨ। ਨਿਮਾਜ਼, ਵੁਜ਼ੂ, ਕੁਗੇ, ਮੁਸੱਲੇ, ਤਸਬੀ, ਸੂਫ਼ੀ ਲਿਬਾਸ, ਮਲਕ (ਫ਼ਰਿਸ਼ਤੇ) ਪੁਲਸਰਾਤ, ਗੋਰ ਦੀ ਸੱਦ ਤੇ ਸ਼ੈਤਾਨ ਦਾ ਜ਼ਿਕਰ ਮਿਲਦਾ ਹੈ। ਗੁਰੂ ਅਰਜਨ ਦੇਵ ਜੀ ਨੇ ਮਾਰਗ ਨੂੰ ਨਹੀਂ ਲਿਆ, ਪਹੁੰਚ ਨੂੰ ਲਿਆ ਹੈ। ਇਕੀਸ਼ਵਰ ਦੀ ਭਗਤੀ ਨੂੰ ਮੁੱਖ ਰੱਖ ਕੇ ਸ਼ੇਖ਼ ਫ਼ਰੀਦ ਜੀ ਦੀ ਬਾਣੀ ਚੜ੍ਹਾਈ ਹੈ। ਖ਼ਾਸ ਕਰ ਸਲੋਕਾਂ ਵਿਚ ਕਈ ਥਾਈਂ ਸਿਧਾਂਤਾਂ ਨੂੰ ਸਪੱਸ਼ਟ ਕਰਨ ਲਈ ਉਨ੍ਹਾਂ ਦੇ ਨਾਲ ਆਪਣੀ ਸੰਮਤੀ ਲਿਖੀ ਹੈ।

ਹੁਣ ਅਸੀਂ ਸ਼ੇਖ਼ ਫ਼ਰੀਦ ਜੀ ਦੇ ਸਾਰੇ ਸ਼ਬਦ ਉਨ੍ਹਾਂ ਦੇ ਭਾਵਾਰਥ ਤੇ ਕੁਝ ਚੋਣਵੇਂ ਸਲੋਕ ਦਰਜ ਕਰਦੇ ਹਾਂ। ਸ਼ਬਦ ਇਹ ਹਨ:

(੧) **ਦਿਲਹੁ ਮੁਹਬਤਿ ਜਿੰਨ ਸੇਈ ਸਚਿਆ॥**
**ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥੧॥**
**ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥**
**ਵਿਸਰਿਆ ਜਿਨ੍ ਨਾਮੁ ਤੇ ਭੁਇ[੧] ਭਾਰੁ ਥੀਏ[੨]॥੧॥ ਰਹਾਉ॥**

---
੧. ਧਰਤੀ ਦਾ। ੨. ਹੋਏ।

ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥
ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥੨॥
ਪਰਵਦਗਾਰ[1] ਅਪਾਰ ਅਗਮ ਬੇਅੰਤ ਤੂੰ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ[2]॥੩॥
ਤੇਰੀ ਪਨਹ[3] ਖੁਦਾਇ ਤੂ ਬਖਸੰਦਗੀ[4]॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ॥੪॥੧॥ (ਆਸਾ, ਪੰਨਾ ੪੮੮)

*ਭਾਵਾਰਥ :* ਜਿਨ੍ਹਾਂ ਦੀ ਦਿਲੋਂ ਵਾਹਿਗੁਰੂ ਨਾਲ ਪ੍ਰੀਤੀ ਹੈ, ਉਹ ਸੱਚੇ ਪੁਰਸ਼ ਹਨ। ਜਿਨ੍ਹਾਂ ਦੇ ਮਨ ਵਿਚ ਕੁਝ ਹੋਰ ਹੈ ਤੇ ਜ਼ਬਾਨ ਤੋਂ ਕੁਝ ਹੋਰ ਬੋਲਦੇ ਹਨ, ਉਹ ਕੱਚੇ (ਝੂਠੇ) ਕਹੇ ਜਾਂਦੇ ਹਨ। ਜੋ ਈਸ਼ਵਰ ਦੇ ਪ੍ਰੇਮ ਵਿਚ ਰੱਤੇ ਹੋਏ ਹਨ, ਉਹ ਉਸ ਦੇ ਦਰਸ਼ਨ ਦੇ ਰੰਗ (ਮਸਤੀ) ਵਿਚ ਰਹਿੰਦੇ ਹਨ। ਜਿਨ੍ਹਾਂ ਨੂੰ ਰੱਬ ਦਾ ਨਾਂ ਵਿਸਰ ਗਿਆ ਹੈ, ਉਹ ਧਰਤੀ ਉੱਤੇ ਇਕ ਭਾਰ ਹਨ। ਰੱਬ ਦੇ ਦਰਵਾਜ਼ੇ ਦੇ ਉਹੀ ਫ਼ਕੀਰ ਹਨ, ਜਿਨ੍ਹਾਂ ਨੂੰ ਉਸ ਨੇ ਪ੍ਰਵਾਨ ਕੀਤਾ ਹੈ।

ਅਜਿਹੇ ਪੁਰਸ਼ਾਂ ਦਾ ਸੰਸਾਰ ਵਿਚ ਆਉਣਾ ਸਫਲ ਹੈ। ਉਹ ਮਾਤਾ ਧੰਨ ਹੈ, ਜਿਸ ਨੇ ਨੇਕ ਆਦਮੀ ਨੂੰ ਜਨਮ ਦਿੱਤਾ।

ਹੇ ਈਸ਼ਵਰ! ਤੂੰ ਸਭ ਨੂੰ ਪਾਲਣ ਵਾਲਾ ਹੈਂ। ਅਗਮ, ਅਪਾਰ ਤੇ ਬੇਅੰਤ ਹੈਂ। ਜਿਨ੍ਹਾਂ ਨੇ ਸੱਚ ਨੂੰ ਪਛਾਣਿਆ ਹੈ, ਮੈਂ ਉਨ੍ਹਾਂ ਦੇ ਚਰਨ ਚੁੰਮਦਾ ਹਾਂ।

ਹੇ ਖ਼ੁਦਾ! ਮੈਂ ਤੇਰੀ ਸ਼ਰਨ ਵਿਚ ਆਇਆ ਹਾਂ। ਤੂੰ ਬਖ਼ਸ਼ਿੰਦ ਹੈਂ। ਸ਼ੇਖ਼ ਫ਼ਰੀਦ ਨੂੰ ਬੰਦਗੀ ਦੀ ਖ਼ੈਰ ਪਾ।

(੨) ਬੋਲੈ ਸੇਖ ਫਰੀਦੁ ਪਿਆਰੇ ਅਲਹ[5] ਲਗੇ॥
ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ[6]॥੧॥
ਆਜੁ ਮਿਲਾਵਾ ਸੇਖ ਫਰੀਦ ਟਾਕਿਮ[7] ਕੂੰਜੜੀਆ[8] ਮਨਹੁ ਮਚਿੰਦੜੀਆ[9]॥੧॥ਰਹਾਉ॥
ਜੇ ਜਾਣਾ ਮਰਿ ਜਾਈਐ ਘੁਮਿ[10] ਨ ਆਈਐ।
ਝੂਠੀ ਦੁਨੀਆ ਲਗਿ ਨ ਆਪੁ ਵਞਾਈਐ॥੨॥
ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ[11]॥੩॥
ਛੈਲ[12] ਲੰਘੰਦੇ ਪਾਰਿ ਗੋਰੀ[13] ਮਨੁ ਧੀਰਿਆ[14]॥
ਕੰਚਨ ਵੰਨੇ[15] ਪਾਸੇ ਕਲਵਤਿ[16] ਚੀਰਿਆ॥੪॥
ਸੇਖ ਹੈਯਾਤੀ[17] ਜਗਿ ਨ ਕੋਈ ਥਿਰੁ[18] ਰਹਿਆ॥
ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ[19] ਗਇਆ॥੫॥
ਕਤਿਕਿ ਕੂੰਜਾਂ ਚੇਤਿ ਡਉ[20] ਸਾਵਣਿ ਬਿਜੁਲੀਆਂ॥
ਸੀਆਲੇ ਸੋਹੰਦੀਆਂ ਪਿਰ[21] ਗਲਿ ਬਾਹੜੀਆਂ[22]॥੬॥

---

੧. ਪਾਲਣ ਵਾਲਾ। ੨. ਮੈਂ। ੩. ਪਨਾਹ—(ਫ਼ਾਰਸੀ) ਸ਼ਰਨ, ਰੱਖਿਆ ਵਿਚ। ੪. ਬਖ਼ਸ਼ਣ ਵਾਲਾ। ੫. ਅੱਲਾ ਵੱਲ ਲੱਗੇ। ੬. ਘਰ। ੭. ਰੋਕਣਾ। ੮. ਇੰਦ੍ਰੀਆਂ। ੯. ਮਚੀਆਂ, ਉਕਸਾਈਆਂ। ੧੦. ਫਿਰ, ਮੁੜ ਕੇ। ੧੧. ਚੱਲਣਾ। ੧੨. ਬਾਂਕੇ ਜਵਾਨ। ੧੩. ਇਸਤ੍ਰੀ। ੧੪. ਹੌਸਲਾ। ੧੫. ਸੋਨੇ ਵਰਗੇ। ੧੬. ਕਲਵਤ੍ਰ। ੧੭. ਉਮਰ। ੧੮. ਕਾਇਮ। ੧੯. ਬੈਠ ਕੇ। ੨੦. ਚੇਤ ਵਿਚ ਜੰਗਲਾਂ ਦੀ ਅੱਗ। ੨੧. ਪਤੀ। ੨੨. ਗਲ ਪਈਆਂ ਬਾਹਾਂ।

ਚਲੇ ਚਲਣਹਾਰ ਵਿਚਾਰਾ ਲੇਇ ਮਨੋ ॥
ਗੰਢੇਦਿਆਂ[1] ਛਿਅ ਮਾਹ ਤੁੜੰਦਿਆਂ ਹਿਕੁ[2] ਖਿਨੋ[3] ॥੭॥
ਜਿਮੀ ਪੁਛੈ ਅਸਮਾਨ ਫਰੀਦਾ ਖੇਵਟ[4] ਕਿੰਨਿ ਗਏ ॥
ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥੮॥੨॥ *(ਆਸਾ, ਪੰਨਾ ੪੮੮)*

*ਭਾਵਾਰਥ :* ਸ਼ੇਖ਼ ਫ਼ਰੀਦ ਕਹਿੰਦਾ ਹੈ, ਪਿਆਰਿਓ ! ਰੱਬ ਦੀ ਭਗਤੀ ਵੱਲ ਲੱਗੋ, ਕਿਉਂਕਿ ਸਾਡਾ ਸਰੀਰ ਕਬਰ ਵਿਚ ਜਾ ਕੇ ਮਿੱਟੀ ਬਣ ਜਾਇਗਾ। ਮੇਰਾ ਰੱਬ ਨਾਲ ਹੁਣੇ ਮੇਲ ਹੋ ਜਾਵੇ, ਜੇ ਮੈਂ ਕੂੰਜਾਂ ਰੂਪ ਇੰਦ੍ਰੀਆਂ ਨੂੰ ਰੋਕ ਲਵਾਂ, ਜੋ ਮਨ ਦੀਆਂ ਭੜਕਾਈਆਂ ਹੋਈਆਂ ਹਨ। ਜਦ ਅਸੀਂ ਮਰ ਜਾਣਾ ਹੈ ਤੇ ਮੁੜ ਕੇ ਇਸ ਦੁਨੀਆਂ ਵਿਚ ਨਹੀਂ ਆਉਣਾ, ਫਿਰ ਝੂਠੀ ਦੁਨੀਆਂ ਵਿਚ ਲੱਗ ਕੇ ਆਪਣੇ ਆਪ ਨੂੰ ਕਿਉਂ ਗਵਾ ਲਈਏ ! ਝੂਠ ਨਹੀਂ ਬੋਲਣਾ, ਸੱਚ-ਧਰਮ ਦੀ ਗੱਲ ਕਰਨੀ ਚਾਹੀਦੀ ਹੈ। ਜੋ ਗੁਰੂ ਨੇ ਦੱਸਿਆ ਹੈ, ਮੁਰੀਦਾਂ ਨੂੰ ਉਸ 'ਤੇ ਚੱਲਣਾ ਚਾਹੀਦਾ ਹੈ।

ਬਾਂਕੇ ਜਵਾਨ (ਭਲੇ ਪੁਰਸ਼) ਨੂੰ ਇਸ ਸੰਸਾਰ ਰੂਪ ਨਦੀ ਤੋਂ ਪਾਰ ਲੰਘਦੇ ਵੇਖ ਕੇ ਕੋਮਲ ਸੁੰਦਰ ਇਸਤ੍ਰੀ (ਜੋ ਨਦੀ 'ਤੇ ਖਲੋਤੀ ਹੋਈ ਡਰਦੀ ਸੀ) ਨੂੰ ਭੀ ਹੌਸਲਾ ਹੋ ਗਿਆ ਕਿ ਉਹ ਵੀ ਪਾਰ ਜਾ ਸਕੇਗੀ। ਜੋ ਰੱਬ ਨੂੰ ਭੁਲਾ ਦਿੰਦੇ ਹਨ, ਉਨ੍ਹਾਂ ਦੇ ਕੰਚਨ ਵਰਗੇ ਸਰੀਰ ਆਰੇ ਨਾਲ ਚੀਰੇ ਜਾਂਦੇ ਹਨ।

ਐ ਸ਼ੇਖ਼ ! ਆਪਣੇ ਜੀਵਨ ਵਿਚ ਕੋਈ ਇਥੇ ਅਸਥਿਰ ਨਹੀਂ ਰਿਹਾ। ਜਿਸ ਆਸਣ 'ਤੇ ਅਸੀਂ ਬੈਠੇ ਹਾਂ, ਸਾਥੋਂ ਪਹਿਲੇ ਇਸ 'ਤੇ ਕਈ ਬੈਠ ਗਏ ਹਨ। ਕੱਤਕ ਮਹੀਨੇ ਵਿਚ ਪਹਾੜਾਂ 'ਚੋਂ ਆਈਆਂ ਕੂੰਜਾਂ, ਚੇਤਰ ਮਹੀਨੇ ਦੀ ਜੰਗਲਾਂ ਵਿਚ ਲੱਗੀ ਅੱਗ, ਸਾਵਣ ਮਹੀਨੇ ਦੀਆਂ ਚਮਕਦੀਆਂ ਬਿਜਲੀਆਂ, ਸਿਆਲ ਦੀ ਰੁੱਤ ਵਿਚ ਪਿਆਰੇ ਪਤੀ ਦੇ ਗਲ ਵਿਚ ਪਈਆਂ ਸੋਹਣੀਆਂ ਬਾਹਵਾਂ, ਇਹ ਸਦਾ ਨਹੀਂ ਰਹਿੰਦੀਆਂ।

ਮਨ ਵਿਚ ਵਿਚਾਰ ਕਰ ਲਉ ਕਿ ਸਰੀਰ ਨਾਸ਼ਮਾਨ ਹੈ, ਇਸ ਨੇ ਨਹੀਂ ਰਹਿਣਾ। ਇਸ ਦੇ ਬਣਦਿਆਂ (ਮਾਤਾ ਦੇ ਪੇਟ ਵਿਚ ਜੀਵ ਪੈਣ ਤਕ) ਛੇ ਮਹੀਨੇ ਲੱਗਦੇ ਹਨ, ਪਰ ਨਾਸ਼ ਇਕ ਪਲ ਵਿਚ ਹੋ ਜਾਂਦਾ ਹੈ।

ਜ਼ਮੀਨ ਅਸਮਾਨ ਤੋਂ ਪੁੱਛਦੀ ਹੈ, ਦੱਸ ਮਲਾਹ, (ਖੇਵਟ—ਵੱਡੇ ਆਗੂ) ਕਿਤਨੇ ਕੁ ਲੰਘ ਗਏ ਹਨ ? ਅਸਮਾਨ ਉੱਤਰ ਦਿੰਦਾ ਹੈ, ਕਈ ਕਬਰਾਂ ਵਿਚ ਸੜ ਰਹੇ ਹਨ। ਉਨ੍ਹਾਂ ਦੀਆਂ ਰੂਹਾਂ ਮੁਨਕਰ-ਨਕੀਰ ਦੇ ਉਲ੍ਹਾਮੇ (ਝਿੜਕਾਂ) ਸਹਿ ਰਹੀਆਂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਕਾਵਿ ਦੇ ਚਾਰ ਰੂਪਾਂ ਵਿਚ ਲਿਖੀ ਹੈ :

(੧) ਸਾਧਾਰਨ ਉਪਦੇਸ਼ ਰੂਪ, ਇਸ ਵਿਚ ਆਤਮਿਕ ਸਿਖਿਆ ਦਿੱਤੀ ਹੈ। ਬਹੁਤੀ ਬਾਣੀ ਇਹੀ ਹੈ।

(੨) ਕਿਸੇ ਇਤਿਹਾਸਕ ਜਾਂ ਆਪਣੀ ਕਿਸੇ ਜੀਵਨ ਘਟਨਾ ਦਾ ਵਰਣਨ, ਇਹ ਵੀ ਆਤਮਿਕ ਸਿਖਿਆ ਲਈ ਹੈ। ਇਹ ਪਹਿਲੀ ਨਾਲੋਂ ਥੋੜ੍ਹੀ ਹੈ।

(੩) ਅੰਤ੍ਰੀਵ ਸ਼ਬਦ, ਜਿਨ੍ਹਾਂ ਦੇ ਪ੍ਰਗਟ ਅਰਥ ਹੋਰ ਹਨ ਤੇ ਭਾਵਾਰਥ ਕੁਝ ਹੋਰ ਹਨ। ਜਿਹਾ ਕਿ 'ਫੀਲ ਰਬਾਬੀ ਬਲਦ ਪਖਾਵਜ' ਜਾਂ 'ਪਹਿਲਾ ਪੂਤ ਪਿਛੈ ਰੀ

---

੧. ਬਣਦਿਆਂ। ੨. ਇਕ। ੩. ਪਲ। ੪. ਮਲਾਹ।

ਮਾਈ' ਆਦਿਕ ਸ਼ਬਦ ਹਨ। ਇਹ ਦੂਜੀ ਕਿਸਮ ਦੀ ਬਾਣੀ ਨਾਲੋਂ ਵੀ ਥੋੜ੍ਹੇ ਹਨ।

(੪) ਜਿਨ੍ਹਾਂ ਸ਼ਬਦਾਂ ਵਿਚ ਅਲੰਕਾਰ ਜਾਂ ਕਟਾਖ਼ਸ਼ ਵਰਤੇ ਹਨ, ਕਿਸੇ ਜਾਨਵਰ ਜਾਂ ਬੇਜਾਨ ਚੀਜ਼ ਪਾਸੋਂ ਵਾਰਤਾਲਾਪ ਦੇ ਰੂਪ ਵਿਚ ਆਪਣੇ ਭਾਵ ਕਥਨ ਕਰਾਏ ਹਨ। ਉਦੇਸ਼ ਇਸ ਦਾ ਭੀ ਆਤਮਿਕ ਸਿਖਿਆ ਹੀ ਹੈ। ਉਦਾਹਰਣ ਲਈ ਸ਼ੇਖ਼ ਫ਼ਰੀਦ ਜੀ ਨੇ ਈਸ਼ਵਰ ਦੇ ਮਿਲਾਪ ਲਈ ਬੜਾ ਜ਼ੁਹਦ ਤੇ ਕਠਨ ਤਪ ਕੀਤਾ ਹੈ। ਅਜੇ ਵਸਲ (ਮਿਲਾਪ) ਨਹੀਂ ਹੋਇਆ। ਹਿਜਰ (ਵਿਯੋਗ) ਦੀ ਅਵਸਥਾ ਨੂੰ ਇਉਂ ਕਥਨ ਕਰਦੇ ਹਨ:

(੩) ਤਪਿ ਤਪਿ ਲੁਹਿ ਲੁਹਿ[1] ਹਾਥ ਮਰੋਰਉ[2] ॥
ਬਾਵਲਿ[3] ਹੋਈ ਸੋ ਸਹੁ[4] ਲੋਰਉ ॥
ਤੈ ਸਹਿ ਮਨ ਮਹਿ ਕੀਆ ਰੋਸੁ ॥
ਮੁਝੁ ਅਵਗਨ ਸਹ ਨਾਹੀ ਦੋਸੁ ॥੧॥
ਤੈ ਸਾਹਿਬ ਕੀ ਮੈ ਸਾਰ[5] ਨ ਜਾਨੀ ॥
ਜੋਬਨੁ ਖੋਇ ਪਾਛੈ ਪਛੁਤਾਨੀ ॥੧॥ ਰਹਾਉ ॥
ਕਾਲੀ ਕੋਇਲ ਤੂ ਕਿਤ ਗੁਨ[6] ਕਾਲੀ ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥
ਪਿਰਹਿ ਬਿਹੂਨ[7] ਕਤਹਿ ਸੁਖੁ ਪਾਏ ॥
ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥੨॥
ਵਿਧਣ[8] ਖੂਹੀ ਮੁੰਧ[9] ਇਕੇਲੀ ॥
ਨਾ ਕੋ ਸਾਥੀ ਨਾ ਕੋ ਬੇਲੀ ॥
ਕਰਿ ਕਿਰਪਾ ਪ੍ਰਭਿ ਸਾਧ ਸੰਗਿ ਮੇਲੀ ॥
ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥੩॥
ਵਾਟ[10] ਹਮਾਰੀ ਖਰੀ ਉਡੀਣੀ[11] ॥
ਖੰਨਿਅਹੁ[12] ਤਿਖੀ ਬਹੁਤੁ ਪਿਈਣੀ[13] ॥
ਉਸੁ ਊਪਰਿ ਹੈ ਮਾਰਗੁ ਮੇਰਾ ॥
ਸੇਖ ਫਰੀਦਾ ਪੰਥੁ ਸਮ੍ਾਰਿ[14] ਸਵੇਰਾ[15] ॥੪॥੧॥ *(ਰਾਗੁ ਸੂਹੀ, ਪੰਨਾ ੭੯੪)*

***ਭਾਵਾਰਥ:*** ਈਸ਼ਵਰ ਦੇ ਵਿਯੋਗ ਵਿਚ ਸੜ ਸੜ ਕੇ ਲੁਛ ਲੁਛ ਕੇ ਹੱਥ ਮਲਦੀ ਹਾਂ। ਸ਼ੁਦਾਈ ਹੋ ਗਈ ਹਾਂ। ਉਸ ਪਤੀ ਦੀ ਤਲਾਸ਼ ਕਰਦੀ ਹਾਂ। ਹੇ ਪਤੀ! ਤੂੰ ਮਨ ਵਿਚ ਰੋਸ ਕੀਤਾ ਹੈ, ਇਹ ਮੇਰੇ ਅਉਗੁਣਾਂ ਕਰਕੇ ਹੀ ਸੀ, ਤੇਰਾ ਕੋਈ ਕਸੂਰ ਨਹੀਂ। ਮੈਂ ਤੇਰੀ ਕਦਰ ਨਹੀਂ ਜਾਣੀ। ਜਵਾਨੀ ਗੁਜ਼ਰ ਗਈ ਹੈ, ਹੁਣ ਪਛਤਾ ਰਹੀ ਹਾਂ। "ਐ ਕੋਇਲ! ਤੂੰ ਕਿਸ ਕਾਰਨ ਕਾਲੀ ਹੈਂ?" "ਮੈਂ ਆਪਣੇ ਪ੍ਰੀਤਮ ਦੇ ਬਿਰਹੋਂ ਵਿਚ ਸੜ ਕੇ ਕਾਲੀ ਹੋ ਗਈ ਹਾਂ", ਕੋਇਲ ਨੇ ਉੱਤਰ ਦਿੱਤਾ, "ਪ੍ਰੀਤਮ ਤੋਂ ਬਿਨਾਂ ਮੈਂ ਕਿਸ ਤਰ੍ਹਾਂ ਸੁਖੀ ਹੋ ਸਕਦੀ ਹਾਂ! ਜਦ ਉਹ ਆਪਣੀ ਕ੍ਰਿਪਾ ਕਰਦਾ ਹੈ ਤਦ ਆਪਣੇ ਨਾਲ ਮੇਲ ਲੈਂਦਾ ਹੈ।"

---

੧. ਸੜ ਸੜ ਕੇ। ੨. ਹੱਥ ਮਲਦੀ ਹਾਂ। ੩. ਪਾਗਲ। ੪. ਪਤੀ। ੫. ਕਦਰ। ੬. ਕਿਸ ਕਾਰਨ। ੭. ਬਿਨਾ। ੮. ਵਿਧਣ = ਵਿ + ਧਨ—ਬਿਨਾ ਇਸਤ੍ਰੀ ਤੋਂ। ੯. ਇਸਤ੍ਰੀ। ੧੦. ਰਸਤਾ। ੧੧. ਉਦਾਸੀ ਵਾਲਾ। ੧੨. ਖੰਡੇ ਤੇ ਤਲਵਾਰ ਤੋਂ। ੧੩. ਪਤਲੀ, ਬਰੀਕ। ੧੪. ਸੰਭਾਲ। ੧੫. ਸਵੱਖਤੇ।

ਫ਼ਰੀਦ ਜੀ ਦੂਜਾ ਅਲੰਕਾਰ ਕਥਨ ਕਰਦੇ ਹਨ, "ਮੈਂ ਇਕ ਅਜਿਹੀ ਖੂਹੀ 'ਤੇ ਖੜੀ ਹਾਂ, ਜਿਸ 'ਤੇ ਕੋਈ ਇਸਤ੍ਰੀ ਪਾਨੀ ਨਹੀਂ ਭਰ ਰਹੀ। ਮੈਂ ਇਕੱਲੀ ਵਿਯੋਗ ਤੇ ਨਿਰਾਸਤਾ ਵਿਚ ਪ੍ਰਭੂ ਪ੍ਰਾਪਤੀ ਦੇ ਸਾਧਨ (ਪਾਣੀ ਭਰਨ ਦਾ) ਕਰ ਰਹੀ ਹਾਂ। ਇਸ ਹਾਲਤ ਵਿਚ ਮੇਰਾ ਕੋਈ ਸਾਥੀ ਨਹੀਂ, ਕੋਈ ਬੇਲੀ ਨਹੀਂ।

ਈਸ਼ਵਰ ਨੇ ਆਪ ਕ੍ਰਿਪਾ ਕਰ ਕੇ ਸਾਧ ਸੰਗਤ ਬਖ਼ਸ਼ੀ ਹੈ, ਫਿਰ ਜਦ ਮੈਂ ਇਸ ਹਾਲਤ 'ਤੇ ਵਿਚਾਰ ਕਰਦਾ ਹਾਂ ਤਾਂ ਮੈਨੂੰ ਅਲਹੁ (ਪਰਮਾਤਮਾ) ਮਿਤ੍ਰ ਪਿਆਰਾ ਦਿੱਸਦਾ ਹੈ। ਸਾਡੀ ਸੜਕ (ਰਾਹ) ਬਹੁਤ ਉਦਾਸੀ ਵਾਲੀ ਹੈ। ਤਲਵਾਰ ਤੋਂ ਤਿੱਖੀ ਤੇ ਬਹੁਤ ਪਤਲੀ ਹੈ। ਉਸ ਉੱਤੇ ਮੇਰਾ ਰਸਤਾ ਹੈ (ਇਥੇ ਇਸ਼ਾਰਾ ਪੁਲਸਰਾਤ ਵੱਲ ਹੈ)। ਹੇ ਫ਼ਰੀਦ! ਸਵੇਰੇ ਹੀ ਆਪਣੇ ਰਸਤੇ ਦੀ ਸੰਭਾਲ ਕਰ।

(੪) ਜਿਸ ਤਰ੍ਹਾਂ ਸਿਆਲ ਵਿਚ ਨਦੀਆਂ ਸੁੱਕ ਜਾਂਦੀਆਂ ਹਨ, ਜਦ ਜਵਾਨੀ ਢਲ ਜਾਂਦੀ ਹੈ ਤੇ ਬੁਢੇਪਾ ਆ ਜਾਂਦਾ ਹੈ, ਮਨੁੱਖ ਦੀ ਤਾਕਤ ਢਲ ਜਾਂਦੀ ਹੈ। ਹੱਥ, ਪੈਰ, ਨੱਕ, ਕੰਨ ਕਮਜ਼ੋਰ ਹੋ ਜਾਂਦੇ ਹਨ। ਇਸ ਹਾਲਤ ਵਿਚ ਮਨੁੱਖ ਕੋਈ ਪੁਰਸ਼ਾਰਥ, ਨੇਕੀ ਦੇ ਕੰਮ ਜਾਂ ਆਤਮਿਕ ਉੱਨਤੀ ਦੇ ਸਾਧਨ ਕਰਨ ਯੋਗ ਨਹੀਂ ਰਹਿੰਦਾ। ਸ਼ੇਖ਼ ਫ਼ਰੀਦ ਜੀ ਇਸ ਹਾਲਤ ਨੂੰ ਇਉਂ ਕਥਨ ਕਰਦੇ ਹਨ:

**ਬੇੜਾ ਬੰਧਿ[1] ਨ ਸਕਿਓ ਬੰਧਨ ਕੀ ਵੇਲਾ॥**
**ਭਰਿ ਸਰਵਰੁ[2] ਜਬ ਊਛਲੈ ਤਬ ਤਰਣੁ ਦੁਹੇਲਾ[3]॥੧॥**
**ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ॥੧॥ ਰਹਾਉ॥**
**ਇਕ ਆਪੀਨੈ[4] ਪਤਲੀ ਸਹ ਕੇਰੇ ਬੋਲਾ॥**
**ਦੁਧਾ ਥਣੀ ਨਾ ਆਵਈ ਫਿਰਿ ਹੋਇ ਨ ਮੇਲਾ॥੨॥**
**ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ[5]॥**
**ਹੰਸੁ[6] ਚਲਸੀ ਡੁੰਮਣਾ[7] ਅਹਿ ਤਨੁ ਢੇਰੀ ਥੀਸੀ[8]॥੩॥੨॥**

*(ਸੂਹੀ ਲਲਿਤ, ਪੰਨਾ ੭੯੪)*

***ਭਾਵਾਰਥ:*** ਹੇ ਮਨ! ਜਦੋਂ ਤੇਰੇ ਲਈ ਬੇੜਾ ਬੰਨ੍ਹਣ (ਬਣਾਉਣ) ਦਾ ਵੇਲਾ ਸੀ, ਉਦੋਂ ਤੂੰ ਨਾ ਬਣਾਇਆ, ਭਾਵ ਜਵਾਨੀ ਵਿਚ ਭਜਨ ਨਾ ਕੀਤਾ। ਹੁਣ ਜਦ ਕਿ ਬੁਢੇਪੇ ਵਿਚ ਸਿਰਫ਼ ਕਾਮਨਾਵਾਂ ਦਾ ਸਮੁੰਦਰ ਛੱਲਾਂ ਮਾਰੇਗਾ, ਤੇਰੇ ਲਈ ਤਰਨਾ ਕਠਨ ਹੋ ਜਾਏਗਾ। ਵਿਸ਼ੇ ਵਿਕਾਰ, ਕੁਸੰਭੇ ਦੇ ਰੰਗ ਵਾਂਗੂੰ ਭੜਕੀਲੇ ਹਨ, ਇਹ ਅੱਗ ਦੀ ਤਰ੍ਹਾਂ ਹਨ। ਪਰ ਜੇ ਇਨ੍ਹਾਂ ਨੂੰ ਹੱਥ ਲਾਏਂਗਾ ਤਾਂ ਹੱਥ ਸੜ ਜਾਣਗੇ। ਇਕ ਤਾਂ ਜੀਵ ਰੂਪੀ ਇਸਤ੍ਰੀ ਨਿਰਬਲ ਹੈ, ਉਤੋਂ ਸ਼ਹੁ (ਪਤੀ) ਦੇ ਬੋਲ (ਹੁਕਮ) ਬੜੇ ਕਰੜੇ ਹਨ।[9] ਮਿਤਰੋ! ਈਸ਼ਵਰ ਦੀ ਪ੍ਰਾਪਤੀ ਲਈ ਮਨੁੱਖਾ ਜਨਮ ਹੀ ਵੇਲਾ ਹੈ। ਜਿਸ ਤਰ੍ਹਾਂ ਚੋਇਆ ਹੋਇਆ ਦੁਧ ਫਿਰ ਥਣਾਂ ਵਿਚ ਨਹੀਂ ਜਾ ਸਕਦਾ, ਇਸੇ ਤਰ੍ਹਾਂ ਮਨੁੱਖਾ

---

੧. ਬੰਨ੍ਹਣਾ, ਬਣਾਇਆ। ੨. ਸਮੁੰਦਰ। ੩. ਕਠਨ। ੪. ਇਕ ਤੇ ਆਪ। ੫. ਬੁਲਾਵੇਗਾ। ੬. ਜੀਵ ਆਤਮਾ। ੭. ਉਦਾਸੀ। ੮. ਹੋਸੀ। ੯. 'ਇਕ ਆਪੀਨੈ ਪਤਲੀ' ਦਾ ਕਈ ਗਿਆਨੀ ਅਰਥ ਕਰਦੇ ਹਨ—'ਇਕਨਾਂ ਨੇ ਪਤੀ ਪਾਸੋਂ ਇੱਜ਼ਤ ਪ੍ਰਾਪਤ ਕੀਤੀ।' ਇਹ ਠੀਕ ਨਹੀਂ। ਇਥੇ 'ਇਕ' ਦਾ ਅਰਥ 'ਕਈ' ਨਹੀਂ। ਜੇ 'ਕਈ' ਹੁੰਦਾ ਤਾਂ 'ਇਕ' ਦੇ 'ਕ' ਨਾਲ ਸਿਹਾਰੀ ਹੁੰਦੀ। ਪੁਰਾਤਨ *ਜਨਮਸਾਖੀ* ਵਿਚ ਇਸ ਤੁਕ ਦੇ ਅਰਥ ਨੂੰ ਸਪੱਸ਼ਟ ਕੀਤਾ ਹੈ। ਲਿਖਿਆ ਹੈ—ਇਕ ਆਪੇ ਧਨ ਪਤਲੀ।

ਜਨਮ ਦੀ ਪ੍ਰਾਪਤੀ ਕਠਨ ਹੈ। ਪਿਆਰਿਓ! ਈਸ਼ਵਰ ਸਾਨੂੰ ਜ਼ਰੂਰ ਬੁਲਾ ਲਏਗਾ। ਸਾਡੀ ਮੌਤ ਜ਼ਰੂਰ ਆਵੇਗੀ। ਸਾਡੀ ਆਤਮਾ ਇਸ ਸੰਸਾਰ 'ਚੋਂ ਉਦਾਸ ਹੋ ਕੇ ਟੁਰੇਗੀ, ਇਹ ਸਰੀਰ ਮਿੱਟੀ ਦੀ ਢੇਰੀ ਹੋ ਜਾਵੇਗਾ।

ਇਸ ਸ਼ਬਦ ਵਿਚ ਜੀਵਨ ਤੋਂ ਕੁਝ ਨਿਰਾਸਤਾ ਪਾਈ ਜਾਂਦੀ ਹੈ। ਸਿਖ ਧਰਮ ਆਸ਼ਾਵਾਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੱਤ ਹੈ ਕਿ ਸਿਰਫ਼ ਜਵਾਨੀ ਵਿਚ ਹੀ ਮਨੁੱਖ ਆਤਮਿਕ ਉੱਨਤੀ ਦੇ ਸਾਧਨ ਕਰ ਕੇ ਪ੍ਰਭੂ-ਪ੍ਰਾਪਤੀ ਨਹੀਂ ਕਰ ਸਕਦਾ, ਬਲਕਿ ਬੁਢੇਪੇ ਵਿਚ ਚੰਗੇ ਪਾਸੇ ਲੱਗ ਜਾਏ ਤਾਂ ਵੀ ਰੱਬ ਨੂੰ ਮਿਲ ਸਕਦਾ ਹੈ। ਇਹ ਆਸ਼ਾ ਦਰਸਾਉਣ ਲਈ ਫ਼ਰੀਦ ਜੀ ਦੇ ਮੁਕਾਬਲੇ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਸ਼ਬਦ ਉਚਾਰਨ ਕੀਤਾ:

**ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ[1]॥**
**ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ[2]॥੧॥**
**ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ[3]॥੧॥ ਰਹਾਉ॥**
**ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ॥**
**ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ॥੨॥**
**ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ॥**
**ਆਵਾਗਉਣੁ ਨਿਵਾਰਿਆ ਹੈ ਸਾਚਾ ਸੋਈ॥੩॥**
**ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ॥**
**ਗੁਰ ਬਚਨੀ ਫਲੁ ਪਾਇਆ ਸਹ[4] ਕੇ ਅੰਮ੍ਰਿਤ ਬੋਲਾ॥੪॥**
**ਨਾਨਕੁ ਕਹੈ ਸਹੇਲੀਹੋ ਸਹੁ ਖਰਾ ਪਿਆਰਾ॥**
**ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ॥੫॥੨॥**

*(ਸੂਹੀ ਮਹਲਾ ੧, ਪੰਨਾ ੭੨੯)*

***ਭਾਵਾਰਥ:*** ਸੰਸਾਰ ਸਾਗਰ ਤਰਨ ਲਈ ਜਪ ਤਪ ਦਾ ਬੇੜਾ ਬਣਾ, ਜਿਸ ਨਾਲ ਸੌਖਾ ਪਾਰ ਹੋ ਸਕੇਂਗਾ। ਰਸਤਾ ਇੰਨਾ ਸੌਖਾ ਹੋ ਜਾਇਗਾ, ਜਿਵੇਂ ਸਮੁੰਦਰ (ਵਿਸ਼ਿਆਂ ਦਾ) ਹੁੰਦਾ ਹੀ ਨਹੀਂ ਅਤੇ ਜੇ ਹੋਵੇ ਵੀ ਤਾਂ ਉਛਾਲੇ ਨਹੀਂ ਮਾਰੇਗਾ। ਪਿਆਰੇ! ਇਕੋ ਨਾਮ ਰੂਪੀ ਮਜੀਠ (ਪੱਕਾ ਰੰਗ) ਹੈ, ਜਿਸ ਨਾਲ ਮੇਰੇ ਮਨ ਦਾ ਚੋਲਾ ਰੰਗਿਆ ਹੈ। ਮਿੱਤਰ ਆਪਣੇ ਪਿਆਰਿਆਂ ਵੱਲ ਚਲੇ ਹਨ। ਮੇਲਾ ਕਿਵੇਂ ਹੋਵੇਗਾ? ਜੇ ਉਨ੍ਹਾਂ ਦੇ ਪੱਲੇ ਗੁਣ ਹੋਣਗੇ ਤਾਂ ਪ੍ਰੀਤਮ ਉਨ੍ਹਾਂ ਨੂੰ ਮੇਲ ਲਏਗਾ। ਜੇ ਸਹੀ ਮਿਲ ਜਾਈਏ ਤਾਂ ਫਿਰ ਵਿਛੋੜਾ ਨਹੀਂ ਹੋ ਸਕਦਾ। ਈਸ਼ਵਰ ਦੇ ਮਿਲਾਪ ਨਾਲ ਆਵਾਗਉਣ ਮਿਟ ਜਾਂਦਾ ਹੈ। ਸੱਚਾ ਇਕ ਵਾਹਿਗੁਰੂ ਹੀ ਹੈ। ਜਿਸ ਨੇ ਹਉਮੈ ਨੂੰ ਮਾਰ ਲਿਆ ਹੈ, ਉਸ ਨੇ ਪਤੀ ਪਰਮਾਤਮਾ ਨੂੰ ਮਿਲਣ ਲਈ ਇਕ ਚੋਲਾ ਸੀਤਾ ਹੈ। ਗੁਰੂ ਦੇ ਉਪਦੇਸ਼ ਤੋਂ ਸ਼ਹੁ ਦੇ ਮਿੱਠੇ ਬਚਨ ਰੂਪੀ ਫਲ ਮਿਲੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, "ਹੇ ਸੱਜਣ ਪੁਰਸ਼ੋ, ਪਰਮਾਤਮਾ (ਪਤੀ) ਬਹੁਤ ਪਿਆਰਾ ਹੈ, ਅਸੀਂ ਉਸ ਦੀਆਂ ਦਾਸੀਆਂ ਹਾਂ। ਉਹ ਸਾਡਾ ਮਾਲਕ ਹੈ।"

ਹੁਣ ਫ਼ਰੀਦ ਜੀ ਦੇ ਕੁਝ ਸਲੋਕ ਪੇਸ਼ ਕਰਦੇ ਹਾਂ:

---

੧. ਵਹਿਲਾ, ਛੇਤੀ। ੨. ਸੌਖਾ। ੩. ਪਿਆਰਾ। ੪. ਪਤੀ।

## ੧. ਜੀਵਨ ਤੇ ਮੌਤ

ਜਿਤੁ ਦਿਹਾੜੈ ਧਨ[1] ਵਰੀ ਸਾਹੇ[2] ਲਏ ਲਿਖਾਇ ॥
ਮਲਕੁ[3] ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥
ਜਿੰਦੁ ਨਿਮਾਣੀ ਕਢੀਐ ਹਡਾ ਕੂ[4] ਕੜਕਾਇ ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ[5] ॥
ਆਪਣ ਹਥੀ ਜੋਲਿ[6] ਕੈ ਕੈ ਗਲਿ ਲਗੈ ਧਾਇ ॥
ਵਾਲਹੁ ਨਿਕੀ ਪੁਰਸਲਾਤ[7] ਕੰਨੀ ਨ ਸੁਣੀਆਇ ॥
ਫਰੀਦਾ ਕਿੜੀ[8] ਪਵੰਦੀਈ[9] ਖੜਾ ਨ ਆਪੁ ਮੁਹਾਇ[10] ॥੧॥ *(ਪੰਨਾ ੧੩੭੭)*

*ਭਾਵਾਰਥ :* ਜਿਸ ਦਿਨ ਜੀਵ ਰੂਪੀ ਇਸਤ੍ਰੀ ਨੇ ਮੌਤ ਨਾਲ ਵਰੀ ਜਾਣਾ ਹੈ, ਉਹ ਦਿਨ (ਸਾਹੇ) ਪਹਿਲੇ ਹੀ ਲਿਖੇ ਹੋਏ ਹਨ। ਮੌਤ ਦਾ ਫ਼ਰਿਸ਼ਤਾ (ਮਲਕੁ) ਜੋ ਸੁਣੀਂਦਾ ਸੀ, ਆ ਕੇ ਮੂੰਹ ਵਿਖਾਏਗਾ। ਇਹ ਨਿਮਾਣੀ ਜਿੰਦ ਹੱਡਾਂ ਨੂੰ ਭੰਨ ਕੇ ਕੱਢੇਗਾ। ਜੋ ਦਿਨ ਲਿਖੇ ਗਏ, ਉਹ ਟਲ ਨਹੀਂ ਸਕਦੇ। ਇਹ ਗੱਲ ਜਿੰਦ ਨੂੰ ਸਮਝਾ ਦਿਉ। ਜਿੰਦ ਵਹੁਟੀ ਹੈ, ਮੌਤ ਦਾ ਫ਼ਰਿਸ਼ਤਾ ਇਸ ਦਾ ਲਾੜਾ ਹੈ, ਉਹ ਇਸ ਨੂੰ ਵਿਆਹ ਕੇ ਲੈ ਜਾਏਗਾ। ਜਿੰਦ ਨੂੰ ਆਪਣੇ ਹੱਥੀਂ ਤੋਰ ਕੇ ਦੇਹੀ ਕਿਸ ਦੇ ਗਲ ਲੱਗੇਗੀ ? ਪੁਲ ਸਿਰਾਤ—ਦੋਜ਼ਖ਼ ਦੀ ਅੱਗ ਉੱਤੇ ਬਣਿਆ ਜੋ ਵਾਲ ਤੋਂ ਵੀ ਬਰੀਕ ਪੁਲ ਹੈ, ਉਸ 'ਤੇ ਚੱਲਣਾ ਹੈ। ਕੀ ਉਹ ਕੰਨੀਂ ਨਹੀਂ ਜੇ ਸੁਣਿਆ ?

ਐ ਫ਼ਰੀਦ ! ਆਵਾਜ਼ਾਂ ਪੈ ਰਹੀਆਂ ਹਨ। ਇਥੇ ਖਲੋ ਕੇ ਆਪਣਾ ਆਪ ਕਿਉਂ ਲੁਟਾਂਦਾ ਹੈਂ ?

## ੨. ਪ੍ਰੇਮ-ਭਗਤੀ

ਸ਼ੇਖ਼ ਫ਼ਰੀਦ ਜੀ ਨੇ ਆਪਣੀ ਬਾਣੀ ਵਿਚ ਪ੍ਰੇਮ-ਭਗਤੀ, ਬਿਰਹ ਤੇ ਰੱਬ ਦੇ ਮਿਲਣ ਦੀ ਤੜਪ ਨੂੰ ਬੜੀ ਖ਼ੂਬੀ ਨਾਲ ਕਥਨ ਕੀਤਾ ਹੈ। ਉਦਾਹਰਣ ਲਈ :

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥੧੯॥ *(ਪੰਨਾ ੧੩੭੮)*

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥੨੪॥ *(ਪੰਨਾ ੧੩੭੯)*

ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥੨੫॥ *(ਪੰਨਾ ੧੩੭੯)*

---

੧. ਇਸਤ੍ਰੀ। ੨. ਵਿਆਹ ਦਾ ਦਿਨ। ੩. ਮੌਤ ਦਾ ਫ਼ਰਿਸ਼ਤਾ। ੪. ਨੂੰ। ੫. ਵਿਆਹ ਕੇ। ੬. ਟੋਰ ਕੇ। ੭. ਪੁਲ ਸਿਰਾਤ, ਇਸਲਮਾ, ਦੋਜ਼ਖ਼ ਦੀ ਅੱਗ ਉੱਤੇ ਇਕ ਪੁਲ ਮੰਨਿਆ ਹੈ, ਜੋ ਤਲਵਾਰ ਦੀ ਧਾਰ ਤੋਂ ਬਰੀਕ ਹੈ। ਉਸ 'ਤੇ ਮਨੁੱਖ ਨੂੰ ਚੱਲਣਾ ਪੈਂਦਾ ਹੈ। ੮. ਆਵਾਜ਼ਾਂ। ੯. ਪੈਂਦੀਆਂ ਹਨ। ੧੦. ਲੁਟਾਣਾ।

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ॥
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥੩੪॥ *(ਪੰਨਾ ੧੩੭੯)*

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥੩੬॥ *(ਪੰਨਾ ੧੩੭੯)*

ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥
ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥੯੦॥ *(ਪੰਨਾ ੧੩੮੨)*

ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ॥
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥੯੧॥ *(ਪੰਨਾ ੧੩੮੨)*
ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ ॥
ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ ॥੯੨॥ *(ਪੰਨਾ ੧੩੮੨)*

ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥
ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥੧੦੭॥ *(ਪੰਨਾ ੧੩੮੩)*

## ੩. ਨੇਕ ਤੇ ਬਦ ਅਮਲ

ਮਨੁੱਖੀ ਜੀਵਨ ਸ਼ੁਭ ਕਰਨੀ ਤੇ ਨੇਕ ਅਮਲਾਂ ਨਾਲ ਬਣਦਾ ਹੈ। ਚੰਗੇ ਕੰਮਾਂ ਦਾ ਫਲ ਚੰਗਾ ਹੁੰਦਾ ਹੈ। ਮਾੜੇ ਕੰਮ ਦਾ ਨਤੀਜਾ ਮਾੜਾ ਹੁੰਦਾ ਹੈ। ਫ਼ਰੀਦ ਜੀ ਇਸ ਬਾਰੇ ਫ਼ੁਰਮਾਉਂਦੇ ਹਨ :

ਫਰੀਦਾ ਜੇ ਤੂ ਅਕਲਿ ਲਤੀਫੁ[1] ਕਾਲੇ ਲਿਖੁ ਨਾ ਲੇਖ[2] ॥
ਆਪਨੜੇ ਗਿਰੀਵਾਨ[3] ਮਹਿ ਸਿਰੁ ਨੀਂਵਾਂ ਕਰਿ ਦੇਖੁ ॥੬॥ *(ਪੰਨਾ ੧੩੭੮)*

ਭਾਵ, ਜੇ ਤੂੰ ਬਾਰੀਕ ਅਕਲ ਰੱਖਦਾ ਹੈਂ ਤਾਂ ਪਾਪ ਨਾ ਕਰ। ਆਪਣੀ ਬੁੱਕਲ ਵਿਚ ਝਾਤ ਮਾਰ ਕੇ ਦੇਖ।

ਫਰੀਦਾ ਲੋੜੈ ਦਾਖ ਬਿਜਉਰੀਆਂ[4] ਕਿਕਰਿ ਬੀਜੈ ਜਟੁ ॥
ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ[5] ॥੨੩॥ *(ਪੰਨਾ ੧੩੭੯)*

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥
ਕਮਾਦੈ ਅਰ ਕਾਗਦੈ ਕੁੰਨੇ ਕੋਇਲਿਆਹ ॥
ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ॥੪੯॥ *(ਪੰਨਾ ੧੩੮੦)*

## ੪. ਨਿੰਮ੍ਰਤਾ

ਆਜਜ਼ੀ ਜਾਂ ਨਿੰਮ੍ਰਤਾ ਮਹਾਂਪੁਰਸ਼ਾਂ ਦਾ ਇਕ ਖ਼ਾਸ ਗੁਣ ਹੈ। ਇਸ ਉਪਰ ਫ਼ਰੀਦ ਜੀ ਕਥਨ ਕਰਦੇ ਹਨ :

---

੧. ਬਰੀਕ। ੨. ਮਾੜੇ ਕੰਮ ਨਾ ਕਰ। ੩. ਗਿਰੀਵਾਨ, ਗਲਮੇ ਦੇ ਅੰਦਰ, ਬੁੱਕਲ ਵਿਚ। ੪. ਬਜੌਰ ਦੇਸ ਦੀਆਂ। ੫. ਉੱਨ ਕਤਾਂਦਾ ਫਿਰਦਾ ਹੈ ਤੇ ਪੱਟ—ਰੇਸ਼ਮ ਪਹਿਨਣਾ ਚਾਹੁੰਦਾ ਹੈ।

ਫਰੀਦਾ ਥੀਉ ਪਵਾਹੀ ਦਭੁ ॥ ਜੇ ਸਾਂਈ ਲੋੜਹਿ ਸਭੁ ॥
ਇਕੁ ਛਿਜਹਿ ਬਿਆ ਲਤਾੜੀਅਹਿ ॥ ਤਾਂ ਸਾਈ ਦੈ ਦਰਿ ਵਾੜੀਅਹਿ ॥੧੬॥

(ਪੰਨਾ ੧੩੭੮)

ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ ॥
ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ ॥੩੯॥ (ਪੰਨਾ ੧੩੭੯)

## ੫. ਖਿਮਾਂ

ਆਮ ਮਨੁੱਖਾਂ ਦਾ ਸੁਭਾਵ ਬਦਲਾ ਲੈਣ ਵਾਲਾ ਹੁੰਦਾ ਹੈ, ਨੇਕ ਆਦਮੀ ਨਾਲ ਕੋਈ ਬੁਰਾ ਵਰਤਾਉ ਕਰੇ ਤਾਂ ਉਹ ਖਿਮਾ ਕਰ ਦਿੰਦਾ ਹੈ। ਇਸ ਤਰ੍ਹਾਂ ਕਰਨ ਨਾਲ ਬਦੀ ਕਰਨ ਵਾਲੇ ਮਨੁੱਖ ਕਈ ਵੇਰ ਦ੍ਰਵ ਜਾਂਦੇ ਹਨ। ਉਨ੍ਹਾਂ ਦਾ ਜੀਵਨ ਸੁਧਰ ਜਾਂਦਾ ਹੈ। ਫ਼ਰੀਦ ਜੀ ਕਥਨ ਕਰਦੇ ਹਨ :

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ ॥੭॥ (ਪੰਨਾ ੧੩੭੮)

## ੬. ਪਖੰਡ ਦਾ ਖੰਡਨ

ਮਜ਼ਬ ਵਿਚ ਕੁਝ ਮਹਾਂਪੁਰਸ਼, ਸੰਤ ਭਗਤ ਤੇ ਅਜਿਹੇ ਨੇਕ ਆਦਮੀ ਹੁੰਦੇ ਹਨ, ਜੋ ਸੱਚ-ਮੁੱਚ ਅੰਦਰੋਂ ਤੇ ਬਾਹਰੋਂ ਇਕੋ ਜਿਹੇ ਹੁੰਦੇ ਹਨ। ਕਈ ਆਦਮੀ ਉਨ੍ਹਾਂ ਦੀ ਰੀਸ ਕਰ ਕੇ ਸਿਰਫ਼ ਬਾਹਰਮੁਖੀ ਰੂਪ ਉਨ੍ਹਾਂ ਵਰਗਾ ਧਾਰਨ ਕਰ ਲੈਂਦੇ ਹਨ। ਅਜਿਹੇ ਆਦਮੀ ਪਖੰਡੀ ਹੁੰਦੇ ਹਨ। ਫ਼ਰੀਦ ਜੀ ਪਖੰਡ ਦਾ ਖੰਡਨ ਕਰਦੇ ਹੋਏ ਫ਼ੁਰਮਾਉਂਦੇ ਹਨ :

ਫਰੀਦਾ ਕੰਨਿ[1] ਮੁਸਲਾ ਸੂਫੁ[2] ਗਲਿ ਦਿਲਿ ਕਾਤੀ[3] ਗੁੜੁ ਵਾਤਿ[4] ॥
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ॥੫੦॥ (ਪੰਨਾ ੧੩੮੦)

ਭਾਵ, ਮੋਢਿਆਂ 'ਤੇ ਮੁਸੱਲਾ ਹੈ, ਗਲ ਵਿਚ ਖਫ਼ਣੀ ਹੈ। ਮੂੰਹ ਵਿਚ ਗੁੜ ਅਰਥਾਤ ਬਾਹਰਲੀ ਮਿਠਾਸ ਹੈ, ਪਰ ਦਿਲ ਵਿਚ ਕੈਂਚੀ ਰੱਖੀ ਹੋਈ ਹੈ। ਬਾਹਰੋਂ ਰੌਸ਼ਨ ਹੈ, ਪਰ ਇਸ ਦੇ ਦਿਲ ਵਿਚ ਹਨੇਰੀ ਰਾਤ ਪਈ ਹੋਈ ਹੈ।

## ੭. ਗ਼ੁਲਾਮੀ ਤੋਂ ਨਫ਼ਰਤ

ਰੱਬ ਦੀ ਭਗਤੀ ਵਿਚ ਜਿੰਨੀ ਕੋਈ ਆਤਮਾ ਉੱਚੀ ਹੁੰਦੀ ਹੈ, ਉਸ ਵਿਚ ਸਵੈਮਾਨ ਤੇ ਸਵੈ-ਭਰੋਸਾ ਆਉਂਦਾ ਹੈ। ਵਿਚਾਰਾਂ ਦੀ ਸੁਤੰਤ੍ਰਤਾ ਆਉਂਦੀ ਹੈ। ਨੇਕ ਆਦਮੀ ਜਿਥੇ ਮਨ ਦੇ ਵਿਕਾਰਾਂ ਦੇ ਅਧੀਨ ਨਹੀਂ ਹੁੰਦੇ, ਉਥੇ ਹਰ ਕਿਸਮ ਦੀ ਗ਼ੁਲਾਮੀ ਤੋਂ ਨਫ਼ਰਤ ਕਰਦੇ ਹਨ। ਸ਼ੇਖ਼ ਫ਼ਰੀਦ ਜੀ ਆਪਣੇ ਡੂੰਘੇ ਮਨੋ-ਵਿਸ਼ਵਾਸ ਨੂੰ ਕਿਤਨੀ

---

੧. ਮੋਢੇ 'ਤੇ ਨਿਮਾਜ਼ ਪੜ੍ਹਨ ਵਾਲਾ ਮੁਸੱਲਾ (ਫੂਹੜੀ) ਹੈ। ੨. ਖੱਫਣੀ। ੩. ਕੈਂਚੀ। ੪. ਮੂੰਹ ਵਿਚ ਗੁੜ ਵਾਂਗੂੰ ਮਿੱਠਤ ਹੈ।

ਖ਼ੂਬੀ ਨਾਲ ਕਥਨ ਕਰਦੇ ਹਨ:

**ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥**
**ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥੪੨॥** *(ਪੰਨਾ ੧੩੮੦)*

ਭਾਵ, ਹੇ ਈਸ਼ਵਰ! ਮੈਨੂੰ ਪਰਾਏ ਦਰਵਾਜ਼ੇ 'ਤੇ ਨਾ ਬਹਿਣ ਦੇ। ਕਿਸੇ ਦੇ ਅਧੀਨ ਨਾ ਕਰੀਂ। ਜੇ ਤੂੰ ਇਸ ਤਰ੍ਹਾਂ ਰੱਖਣਾ ਹੈ, ਤਾਂ ਮੇਰੇ ਜਿਸਮ 'ਚੋਂ ਜਾਨ ਕੱਢ ਲੈ। ਗ਼ੁਲਾਮੀ ਨਾਲੋਂ ਮੌਤ ਚੰਗੀ ਹੈ।[1]

ਸ਼ੇਖ਼ ਫ਼ਰੀਦ ਜੀ ਦੇ ਸ਼ਲੋਕਾਂ ਵਿਚ ਕਈ ਥਾਈਂ ਇਸਲਾਮੀ ਅਸੂਲਾਂ ਦੀ ਝਲਕ ਪੈਂਦੀ ਹੈ। ਅਜਿਹੇ ਕੁਝ ਸ਼ਲੋਕ ਦਰਜ ਕਰਦੇ ਹਾਂ।

## ੮. ਇਸਲਾਮੀ ਸਿੱਧਾਂਤ

### *(ੳ) ਨਿਮਾਜ਼*

**ਫਰੀਦਾ ਬੇਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥**
**ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ॥੭੦॥**

**ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ॥**
**ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ॥੭੧॥**

**ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ॥**
**ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ॥੭੨॥** *(ਪੰਨਾ ੧੩੮੧)*

### *(ਅ) ਦੋਜ਼ਖ਼*

**ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ॥**
**ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ॥੭੪॥** *(ਪੰਨਾ ੧੩੮੧)*

### *(ੲ) ਕਬਰ ਦੀ ਸੱਦ*

**ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ॥**
**ਸਰਪਰ ਮੈਥੈ ਆਵਣਾ ਮਰਣਹੁ ਨਾ ਡਰਿਆਹੁ॥੯੩॥** *(ਪੰਨਾ ੧੩੮੨)*

ਭਾਵ, ਗੋਰ ਵਿਚਾਰੀ ਆਵਾਜ਼ ਦਿੰਦੀ ਹੈ, ਹੇ ਬੇ-ਘਰੇ, ਮੇਰੇ ਪਾਸ ਆਉਣਾ ਈ। ਜਦ ਨਿਸਚਿਤ ਤੌਰ 'ਤੇ ਮੇਰੇ ਪਾਸ ਆਉਣਾ ਹੈ ਤਾਂ ਮੌਤ ਤੋਂ ਕਿਉਂ ਡਰਦਾ ਹੈਂ?

---

੧. ਹਿੰਦੀ ਦੇ ਪ੍ਰਸਿੱਧ ਕਵੀ ਗੁਸਾਈਂ ਤੁਲਸੀ ਦਾਸ ਨੇ ਵੀ ਕਿਹਾ ਹੈ:
ਤੁਲਸੀ 'ਕਰ' ਪਰ ਕਰ ਕਰਉਂ, ਕਰ ਤਲ ਕਰ ਨ ਕੰਰਉਂ।
ਜਾ ਦਿਨ ਕਰ ਤਲ ਕਰ ਕਰਉਂ, ਤਾਂ ਦਿਨ ਮਰਨ ਕਰਉਂ।
ਭਾਵ, ਐ ਤੁਲਸੀ! ਮੇਰੇ ਹੱਥ ਕਿਸੇ ਲੋੜਵੰਦ ਨੂੰ ਕੁਝ ਦੇਣ ਲਈ ਤਤਪਰ ਹੋਣ। ਮੁਥਾਜ ਦੇ ਹੱਥਾਂ ਉੱਤੇ ਮੇਰੇ ਹੱਥ ਹੋਣ। ਮੈਂ ਉਸ ਨੂੰ ਕੁਝ ਦੇ ਰਿਹਾ ਹੋਵਾਂ। ਮੇਰੇ ਹੱਥ ਕਿਸੇ ਪਾਸੋਂ ਮੰਗਣ ਲਈ ਦਰਾਜ਼ ਨਾ ਹੋਣ। ਜਿਸ ਦਿਨ ਮੈਂ ਪਰ-ਅਧੀਨ ਹੋ ਜਾਵਾਂ, ਉਸ ਦਿਨ ਮੇਰੀ ਮੌਤ ਹੋ ਜਾਵੇ।

*(ਸ) ਸ਼ੈਤਾਨ*

ਇਸਲਾਮ ਵਿਚ ਵਾਹਿਗੁਰੂ ਤੋਂ ਬੇਮੁਖ ਕਰਨ ਲਈ ਸ਼ੈਤਾਨ ਦੀ ਹਸਤੀ ਮੰਨੀ ਹੈ। ਇਸ ਨੂੰ ਅਬਲੀਸ ਜਾਂ ਅਜ਼ਾਜ਼ੀਲ ਵੀ ਕਹਿੰਦੇ ਹਨ।[੧] ਇਹ ਫ਼ਰਿਸ਼ਤਿਆਂ ਦਾ ਉਸਤਾਦ ਸੀ। ਖ਼ੁਦਾ ਨੇ ਇਸ ਨੂੰ ਕਿਹਾ ਕਿ ਆਦਮ ਨੂੰ ਸਿਜਦਾ ਕਰ; ਉਸ ਨੇ ਇਨਕਾਰ ਕੀਤਾ। ਇਸ ਲਈ ਨਾਂ ਸ਼ੈਤਾਨ ਪੈ ਗਿਆ। ਇਹ ਮਨੁੱਖ ਨੂੰ ਬਦੀ ਕਰਨ ਲਈ ਗੁਮਰਾਹ ਕਰਦਾ ਹੈ। ਫ਼ਰੀਦ ਜੀ ਕਹਿੰਦੇ ਹਨ:

**ਫਰੀਦਾ ਕੂਕੇਦਿਆ[੨] ਚਾਂਗੇਦਿਆ[੩] ਮਤੀ ਦੇਦਿਆ ਨਿਤ॥**
**ਜੋ ਸੈਤਾਨਿ ਵੰਞਾਇਆ[੪] ਸੇ ਕਿਤ ਫੇਰਹਿ ਚਿਤ॥੧੫॥** *(ਪੰਨਾ ੧੩੭੮)*

## ੯. ਸ਼ੇਖ਼ ਫ਼ਰੀਦ ਦਾ ਮੱਤ ਤੇ ਗੁਰਮਤਿ

ਹੁਣ ਅਸੀਂ ਸ਼ੇਖ਼ ਫ਼ਰੀਦ ਜੀ ਦੇ ਉਹ ਸਲੋਕ ਦਰਜ ਕਰਦੇ ਹਾਂ, ਜਿਨ੍ਹਾਂ ਉਪਰ ਸ੍ਰੀ ਗੁਰੂ ਅਮਰਦਾਸ ਜੀ ਜਾਂ ਪੰਚਮ ਪਾਤਿਸ਼ਾਹ ਨੇ ਨਾਲ ਆਪਣੇ ਨੋਟ ਚੜ੍ਹਾਏ ਹਨ:

(ੳ) **ਫਰੀਦਾ ਕਾਲੀ[੫] ਜਿਨੀ ਨਾ ਰਾਵਿਆ ਧਉਲੀ[੬] ਰਾਵੈ[੭] ਕੋਇ॥**
**ਕਰਿ ਸਾਂਈ ਸਿਉ ਪਿਰਹੜੀ[੮] ਰੰਗੁ ਨਵੇਲਾ[੯] ਹੋਇ॥੧੨॥**

ਮ: ੩— **ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ॥**
**ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ॥** *(ਪੰਨਾ ੧੩੭੮)*

ਭਾਵ, ਜਵਾਨੀ ਤੇ ਬੁਢੇਪੇ ਵਿਚ ਜਿਸ ਵੇਲੇ ਕੋਈ ਚੇਤੇ ਕਰੇ, ਵਾਹਿਗੁਰੂ ਨੂੰ ਮਿਲ ਸਕਦਾ ਹੈ। ਉਸ ਦਾ ਪਿਆਰ ਲਾਇਆਂ ਨਹੀਂ ਲੱਗਦਾ, ਭਾਵੇਂ ਹਰ ਕੋਈ ਚਾਹੁੰਦਾ ਹੈ। ਇਹ ਪ੍ਰੇਮ ਦਾ ਪਿਆਲਾ ਉਸ ਦੀ ਬਖ਼ਸ਼ਸ਼ ਹੈ, ਜਿਸ ਨੂੰ ਚਾਹੇ ਦੇ ਦੇਵੇ।

ਫ਼ਰੀਦ ਜੀ ਦਾ ਉਤਲਾ ਸਲੋਕ ਬੁੱਢਿਆਂ ਲਈ ਕੁਝ ਨਿਰਾਸਤਾ ਭਰਿਆ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਪ੍ਰੇਮ-ਭਗਤੀ, ਗੁਰੂ ਕੀ ਸੇਵਾ ਦੀ ਦਾਤ ਤੇ ਪਰਮ ਪਦ ਦੀ ਪ੍ਰਾਪਤੀ ਬੁੱਢੇ ਵਾਰੇ ਕੀਤੀ ਸੀ। ਇਸ ਲਈ ਉਪਰੋਕਤ ਖ਼ਿਆਲ ਨੂੰ ਦਰੁਸਤ ਕਰਦੇ ਹਨ। ਹਰ ਉਮਰ ਵਿਚ ਈਸ਼ਵਰ ਦੇ ਪ੍ਰੇਮ ਦੀ ਪ੍ਰਾਪਤੀ ਹੋ ਸਕਦੀ ਹੈ। ਜਦ ਇਹ ਪ੍ਰੇਮ ਆਪਣੇ ਲਾਇਆਂ ਨਹੀਂ ਲੱਗਦਾ, ਉਸ ਦੀ ਮਿਹਰ ਨਾਲ ਪ੍ਰਾਪਤ ਹੁੰਦਾ ਹੈ ਤਾਂ ਫਿਰ ਉਮਰ ਦਾ ਕੀ ਸਵਾਲ?

(ਅ) **ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥**
**ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥੩੦॥** *(ਪੰਨਾ ੧੩੭੯)*

---

੧. ਬਹੁਤ ਇਲਮ ਅਜ਼ਾਜ਼ੀਲ ਪੜ੍ਹਿਆ। ਝੁਗਾ ਝਾਂਗਾ ਉਸ ਦਾ ਸੜਿਆ।
ਉੱਮੀ ਜਾ ਅਰਸ਼ਾਂ 'ਤੇ ਚੜ੍ਹਿਆ। ਇਲਮੋਂ ਬਸ ਕਰੀਂ ਓਇ ਯਾਰ।
ਇਕੋ ਅਲਫ਼ ਤੇਰੇ ਦਰਕਾਰ। *(ਬੁੱਲ੍ਹਾ)*

੨. ਕੂਕਾਂ ਦਿੰਦਿਆਂ। ੩. ਦੁਹਾਈ ਦਿੰਦਿਆਂ, ਚਾਂਗਰਾਂ ਮਾਰਦਿਆਂ। ੪. ਗੁਮਰਾਹ। ੫. ਕਾਲੇ ਕੇਸਾਂ ਨਾਲ, ਭਾਵ ਜਵਾਨੀ ਵਿਚ। ੬. ਚਿੱਟਿਆਂ ਨਾਲ। ੭. ਸਿਮਰਿਆ, ਪ੍ਰਾਪਤ ਕੀਤਾ। ੮. ਪ੍ਰੇਮ। ੯. ਨਵੇਲਾ ਸੱਜਦਾ, ਜਦ ਤੀਕ ਜਵਾਨੀ ਹੈ।

ਗੁਰੂ ਜੀ—ਸਾਹੁਰੈ ਢੋਈ ਨ ਲਹੈ ਪੇਈਐ ਨਾਹੀ ਥਾਉ ॥
ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ ॥੩੧॥

ਸਾਹੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ ॥
ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹ ॥੩੨॥

(ੲ) ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ ॥
ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ ॥੫੧॥ *(ਪੰਨਾ ੧੩੮੦)*

ਮ: ੩—ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ ॥
ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ ॥
ਭੈ ਪਇਐ ਤਨ ਖੀਣੁ ਹੋਇ ਲੋਭੁ ਰਤੁ ਵਿਚਹੁ ਜਾਇ ॥
ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥
ਨਾਨਕ ਤੇ ਜਨ ਸੋਹਣੇ ਜਿ ਰਤੇ ਹਰਿ ਰੰਗੁ ਲਾਇ ॥੫੨॥

ਭਾਵ, ਤੀਜੀ ਪਾਤਿਸ਼ਾਹੀ ਫ਼ਰੀਦ ਜੀ ਦੇ ਨਿਰਾਸਤਾ ਭਰੇ ਖ਼ਿਆਲ ਨੂੰ ਇਉਂ ਦਰੁਸਤ ਕਰਦੇ ਹਨ, "ਐ ਫ਼ਰੀਦ! ਇਹ ਸਰੀਰ ਸਾਰਾ ਰੱਤ ਦਾ ਬਣਿਆ ਹੋਇਆ ਹੈ। ਰੱਤ ਤੋਂ ਬਿਨਾਂ ਸਰੀਰ ਨਹੀਂ ਹੋ ਸਕਦਾ। ਜੋ ਪੁਰਸ਼ ਰੱਬ ਨਾਲ ਰੱਤੇ ਹੋਏ ਹਨ, ਉਨ੍ਹਾਂ ਵਿਚ ਲੋਭ ਦੀ ਰੱਤ ਨਹੀਂ ਹੁੰਦੀ। ਤਪ ਕਰ ਕੇ ਸਰੀਰ ਖੀਣ ਕਰਨ ਦੀ ਲੋੜ ਨਹੀਂ। ਰੱਬ ਦੇ ਭੈਂ ਵਿਚ ਆਪੇ ਖੀਣ ਹੋ ਜਾਂਦਾ ਹੈ, ਲੋਭ ਦੀ ਰੱਤ ਇਸ ਵਿਚੋਂ ਨਿਕਲ ਜਾਂਦੀ ਹੈ। ਜਿਸ ਤਰ੍ਹਾਂ ਅੱਗ ਵਿਚ ਪਾ ਕੇ ਧਾਤੂ ਸ਼ੁੱਧ ਹੁੰਦੀ ਹੈ, ਇਸੇ ਤਰ੍ਹਾਂ ਰੱਬ ਦਾ ਡਰ ਖੋਟੀ ਮੱਤ ਨੂੰ ਨਾਸ਼ ਕਰ ਦਿੰਦਾ ਹੈ, ਜੋ ਹਰੀ ਦੇ ਰੰਗ ਵਿਚ ਰੱਤੇ ਹਨ, ਉਹ ਸੁੰਦਰ ਪੁਰਸ਼ ਹਨ।"

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲੋਭ ਨੂੰ ਹਲਕੇ ਕੁੱਤੇ ਨਾਲ ਤਸ਼ਬੀਹ ਦਿੱਤੀ ਹੈ। 'ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ ॥'[1] ਭਾਵ, ਇਹ ਹੈ ਕਿ ਲੋਭ ਦੇ ਵੱਸ ਮਨੁੱਖ ਹਲਕੇ ਕੁੱਤੇ ਵਾਂਗੂ ਹੋ ਜਾਂਦਾ ਹੈ। ਉਹ ਨਿੱਜ-ਸਵਾਰਥ ਲਈ ਕਿਸੇ ਨੂੰ ਦੁੱਖ ਦੇਣ ਤੋਂ ਸੰਕੋਚ ਨਹੀਂ ਕਰਦਾ। ਤੀਜੀ ਪਾਤਿਸ਼ਾਹੀ ਨੇ ਲੋਭ ਨੂੰ ਰੱਤ ਨਾਲ ਕਿਉਂ ਤਸ਼ਬੀਹ ਦਿੱਤੀ ਹੈ? ਇਸ ਲਈ ਕਿ ਲੋਭ ਦੇ ਵੱਸ ਹੋ ਕੇ ਮਨੁੱਖ ਕਈ ਵੇਰ ਦੂਜਿਆਂ ਦੀ ਰੱਤ ਪੀਂਦਾ ਹੈ। ਰੱਤ-ਪੀਣੀ ਵਾਦੀ ਦਾ ਨਾਂ ਲੋਭ ਹੈ।

(ਸ) ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥੮੧॥ *(ਪੰਨਾ ੧੩੮੨)*

ਮਹਲਾ ੫—ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ ॥
ਜੋ ਜਨ ਪੀਰਿ ਨਿਵਾਜਿਆ ਤਿੰਨ੍ਾ ਅੰਚ ਨ ਲਾਗ ॥੮੨॥

ਮਹਲਾ ੫—ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥
ਵਿਰਲੇ ਕੇਈ ਪਾਈਅਨਿ ਜਿੰਨ੍ਾ ਪਿਆਰੇ ਨੇਹ ॥੮੩॥ *(ਪੰਨਾ ੧੩੮੨)*

---

੧. ਨਟ ਨਾਰਾਇਣ ਮਹਲਾ ੪, ਪੰਨਾ ੯੮੩।

ਭਾਵ, ਹੇ ਫ਼ਰੀਦ ! ਇਹ ਧਰਤੀ ਬਹੁਤ ਸੁੰਦਰ ਹੈ ਪਰ ਇਸ ਵਿਚ ਵਿਸ਼ੇ-ਵਿਕਾਰਾਂ ਦਾ ਇਕ ਬਾਗ਼ ਹੈ। ਜਿਨ੍ਹਾਂ ਨੂੰ ਮੁਰਸ਼ਦ ਨੇ ਨਿਵਾਜਿਆ ਹੈ, ਉਨ੍ਹਾਂ ਨੂੰ ਇਸ ਵਿਚ ਕੋਈ ਸੇਕ ਨਹੀਂ ਲੱਗਦਾ, ਦੁੱਖ ਨਹੀਂ ਹੁੰਦਾ।

ਐ ਫ਼ਰੀਦ ! ਮਨੁੱਖ ਦੀ ਆਯੂ ਸੁਹਾਵਣੀ ਹੈ, ਇਸ ਦੀ ਦੇਹੀ ਬਹੁਤ ਸੁੰਦਰ ਹੈ। ਪਰ ਅਜਿਹੇ ਆਦਮੀ ਵਿਰਲੇ ਹਨ, ਜਿਨ੍ਹਾਂ ਦਾ ਪਿਆਰੇ ਨਾਲ ਨੇਹੁੰ ਹੈ। ਜਿਨ੍ਹਾਂ ਦਾ ਉਸ ਨਾਲ ਨੇਹੁੰ ਹੈ, ਉਨ੍ਹਾਂ ਦੀ ਉਮਰ ਤੇ ਦੇਹੀ ਦੋਵੇਂ ਸਫਲ ਹਨ।

ਫ਼ਰੀਦ ਜੀ ਨੇ ਆਪਣੇ ਸਲੋਕ ਵਿਚ ਸਾਰੇ ਸੰਸਾਰ ਨੂੰ ਦੁੱਖ ਰੂਪ ਦੱਸਿਆ ਸੀ। ਕਿਹਾ ਸੀ, ਮੈਂ ਹੀ ਦੁਖੀ ਨਹੀਂ, ਸਾਰਾ ਜਗਤ ਦੁਖੀ ਹੈ। ਜਦ ਮੈਂ ਆਤਮਾ ਗਿਆਨ ਦੀ ਮੰਜ਼ਲ ਵਿਚ ਉੱਚੇ ਹੋ ਕੇ ਵੇਖਿਆ ਤਾਂ ਘਰ ਘਰ ਵਿਚ ਇਹ ਅੱਗ ਲੱਗੀ ਹੋਈ ਹੈ।

ਪੰਚਮ ਪਾਤਿਸ਼ਾਹ ਨੇ ਇਸ ਖ਼ਿਆਲ ਨੂੰ ਦਰੁਸਤ ਕੀਤਾ ਤੇ ਦੱਸਿਆ ਹੈ ਕਿ ਇਹ ਸੰਸਾਰ ਸੁਹਾਵਣਾ ਬਾਗ਼ ਹੈ, ਭਾਵੇਂ ਇਸ ਵਿਚ ਫ਼ੁੱਲਾਂ ਨਾਲ ਜ਼ਹਿਰੀਲੇ ਬੂਟੇ ਭੀ ਹਨ। ਜਿਨ੍ਹਾਂ ਨੂੰ ਗੁਰੂ ਨੇ ਬਚਾ ਲਿਆ ਹੈ, ਉਨ੍ਹਾਂ ਲਈ ਸੰਸਾਰ ਦੁਖਦਾਇਕ ਨਹੀਂ।

(ਹ) ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥
ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥੧੦੩॥ *(ਪੰਨਾ ੧੩੮੩)*

ਮ: ੩— ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥
*(ਪੰਨਾ ੧੩੮੩)*

ਮ: ੫— ਫਰੀਦਾ ਗਰਬੁ ਜਿਨ੍ਹਾ ਵਡਿਆਈਆ ਧਨਿ ਜੋਬਨਿ ਆਗਾਹ ॥
ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥੧੦੫॥ *(ਪੰਨਾ ੧੩੮੩)*

ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥
ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥੧੦੭॥ *(ਪੰਨਾ ੧੩੮੩)*

ਮ: ੫— ਫਰੀਦਾ ਕੰਤੁ ਰੰਗਾਵਲਾ ਵਡਾ ਵੇਮੁਹਤਾਜੁ ॥
ਅਲਹ ਸੇਤੀ ਰਤਿਆ ਏਹੁ ਸਚਾਵਾਂ ਸਾਜੁ ॥੧੦੮॥ *(ਪੰਨਾ ੧੩੮੩)*

ਮ: ੫— ਫਰੀਦਾ ਦੁਖੁ ਸੁਖੁ ਇਕੁ ਕਰਿ ਦਿਲ ਤੇ ਲਾਹਿ ਵਿਕਾਰੁ ॥
ਅਲਹ ਭਾਵੈ ਸੋ ਭਲਾ ਤਾਂ ਲਭੀ ਦਰਬਾਰੁ ॥੧੦੯॥ *(ਪੰਨਾ ੧੩੮੩)*

ਮ: ੫— ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ ॥
ਸੋਈ ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ ॥੧੧੦॥ *(ਪੰਨਾ ੧੩੮੩)*

ਮ: ੫— ਫਰੀਦਾ ਦਿਲੁ ਰਤਾ ਇਸੁ ਦੁਨੀ ਸਿਉ ਦੁਨੀ ਨ ਕਿਤੈ ਕੰਮਿ ॥
ਮਿਸਲ ਫਕੀਰਾਂ ਗਾਖੜੀ ਸੁ ਪਾਈਐ ਪੂਰ ਕਰੰਮਿ ॥੧੧੧॥ *(ਪੰਨਾ ੧੩੮੩)*

ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨ੍ਹਿ ॥
ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨ੍ਹਿ ॥੧੧੯॥ *(ਪੰਨਾ ੧੩੮੪)*

ਗੁਰੂ ਜੀ—ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥
ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ ॥੧੨੦॥ (ਪੰਨਾ ੧੩੮੪)

ਫਰੀਦ ਜੀ—ਮੈ ਜਾਣਿਆ ਵਡਹੰਸੁ ਹੈ ਤਾਂ ਮੈ ਕੀਤਾ ਸੰਗੁ ॥
ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ ॥੧੨੩॥ (ਪੰਨਾ ੧੩੮੪)

ਗੁਰੂ ਜੀ—ਕਿਆ ਹੰਸੁ ਕਿਆ ਬਗਲਾ ਜਾ ਕਉ ਨਦਰਿ ਧਰੇ ॥
ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇ ॥੧੨੪॥ (ਪੰਨਾ ੧੩੮੪)

## ੧੦. ਮਿਥਿਆ ਅਭਿਮਾਨ

ਇਕ ਵੇਰ ਫ਼ਰੀਦ ਜੀ ਕਿਸੇ ਸ਼ਹਿਰ ਵਿਚੋਂ ਲੰਘ ਰਹੇ ਸਨ। ਇਕ ਵੇਸਵਾ ਆਪਣੀ ਨੌਕਰਾਣੀ ਨੂੰ ਇਸ ਲਈ ਝਿੜਕ ਰਹੀ ਸੀ ਕਿ ਉਸ ਨੇ ਸੁਰਮਾ ਕਿਉਂ ਮੋਟਾ ਪੀਹਠਾ ਹੈ, ਜੋ ਮ੍ਰਿਗ ਨੈਣੀਂ ਦੇ ਅੱਖੀਂ ਰੜਕਦਾ ਰਿਹਾ ਹੈ। ਫ਼ਰੀਦ ਜੀ ਨੇ ਇਹ ਦ੍ਰਿਸ਼ ਦੇਖਿਆ। ਕੁਝ ਚਿਰ ਬਾਅਦ ਵੇਸਵਾ ਮਰ ਗਈ। ਉਸ ਨੂੰ ਕਬਰ ਵਿਚ ਦਬਾ ਦਿੱਤਾ ਗਿਆ। ਥੋੜ੍ਹੇ ਚਿਰ ਵਿਚ ਕਬਰ ਬਰਬਾਦ ਹੋ ਗਈ। ਵੇਸਵਾ ਦੀ ਖੋਪਰੀ ਗਿੱਦੜਾਂ ਕੁੱਤਿਆਂ ਨੇ ਬਾਹਰ ਕੱਢ ਲਈ। ਖਸਤਾ ਹਾਲਤ ਵਿਚ ਪਈ ਰਹੀ। ਉਸ ਵਿਚ ਨਿੱਕੇ ਨਿੱਕੇ ਪੰਛੀਆਂ ਨੇ ਆਲ੍ਹਣੇ ਪਾਏ ਤੇ ਬੱਚੇ ਦਿੱਤੇ। ਸਮਾਂ ਪਾ ਕੇ ਫ਼ਰੀਦ ਜੀ ਦਾ ਉਧਰੋਂ ਗੁਜ਼ਰਨਾ ਹੋਇਆ। ਆਪ ਖੋਪਰੀ ਦੀ ਹਾਲਤ ਦੇਖ ਕੇ ਵਜਦ ਵਿਚ ਆ ਗਏ ਤੇ ਕਹਿਣ ਲੱਗੇ :

ਫਰੀਦਾ ਜਿਨ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥
ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥੧੪॥ (ਪੰਨਾ ੧੩੭੮)

(੨) ਫ਼ਰੀਦ ਜੀ ਜੰਗਲ ਵਿਚ ਤਪ ਕਰਦੇ ਸਨ। ਇਕ ਲੁਹਾਰ ਸਿਰ 'ਤੇ ਪਾਣੀ ਦਾ ਘੜਾ ਕੋਇਲੇ ਬੁਝਾਉਣ ਲਈ ਤੇ ਮੋਢੇ 'ਤੇ ਕੁਹਾੜਾ ਬ੍ਰਿਛ ਵੱਢਣ ਲਈ ਰੱਖ ਕੇ ਆ ਰਿਹਾ ਸੀ। ਉਸ ਨੂੰ ਸੰਬੋਧਨ ਕਰ ਕੇ ਕਹਿਣ ਲੱਗੇ:

ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ ॥
ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ ॥੪੩॥ (ਪੰਨਾ ੧੩੮੦)

(੩) ਦਰਿਆ ਦੀ ਕੰਢੀ 'ਤੇ ਕੋਈ ਪਿੰਡ ਸੀ, ਉਸ ਨੂੰ ਢਾਹ ਲੱਗ ਗਈ। ਕਈ ਬੰਦੇ ਰੁੜ੍ਹ ਗਏ। ਜਾਨ ਤੇ ਮਾਲ ਦਾ ਬਹੁਤ ਨੁਕਸਾਨ ਹੋਇਆ। ਲੋਕੀਂ ਸ਼ੇਖ਼ ਫ਼ਰੀਦ ਜੀ ਕੋਲ ਆਏ, ਕਹਿਣ ਲੱਗੇ, "ਦੁਆ ਫ਼ਕੀਰਾਂ ਤੇ ਤਰਸ ਮੌਲਾ।" ਭਗਤੀ ਨਾਲ ਕੋਮਲ ਹੋ ਚੁੱਕੇ ਫ਼ਰੀਦ ਜੀ ਮੌਕੇ 'ਤੇ ਗਏ। ਫ਼ੁਰਮਾਇਆ ਨੇ :

ਕੰਧੀ[1] ਵਹਣ[2] ਨ ਢਾਹਿ ਤਉ ਭੀ ਲੇਖਾ ਦੇਵਣਾ ॥

ਉੱਤਰ ਸੀ :

ਜਿਧਰਿ ਰਬ ਰਜਾਇ ਵਹਣੁ ਤਿਦਾਊ[3] ਗੰਉ[4] ਕਰੇ ॥੮੪॥ (ਪੰਨਾ ੧੩੮੨)

---

੧. ਕਿਨਾਰਾ, ਕੰਢਾ। ੨. ਦਰਿਆ। ੩. ਉਸ ਪਾਸੇ। ੪. ਗਵਨ ਕਰਦਾ ਜਾਂ ਟੁਰਦਾ ਹੈ।

## ੧੧. ਸਬਰ ਦਾ ਫਲ

ਫ਼ਕੀਰੀ ਵਿਚ ਸਬਰ ਬਹੁਤ ਉੱਤਮ ਗੁਣ ਮੰਨਿਆ ਗਿਆ ਹੈ। ਹਿੰਦੁਸਤਾਨ ਦੇ ਸੰਤਾਂ, ਭਗਤਾਂ ਤੇ ਮਹਾਤਮਾਂ ਨੇ ਇਸ ਨੂੰ ਬਹੁਤ ਮਹਾਨਤਾ ਦਿੱਤੀ ਹੈ। ਤਿਆਗ ਦੇ ਪਿੱਛੇ ਜੇ ਕਰ ਸਤ ਸੰਤੋਖ ਨਹੀਂ ਤਾਂ ਉਹ ਤਿਆਗ ਫੋਕਾ ਸਮਝਣਾ ਚਾਹੀਦਾ ਹੈ। ਗੁਰਬਾਣੀ ਵਿਚ ਆਇਆ ਹੈ—'ਸਬਰ ਤੋਸਾ ਮਲਾਇਕਾ'। ਇਸ ਉਪਰ ਫ਼ਰੀਦ ਜੀ ਕਹਿੰਦੇ ਹਨ :

**ਸਬਰ ਮੰਝਿ ਕਮਾਣ ਏ ਸਬਰੁ ਕਾ ਨੀਹਣੋ[1] ॥**
**ਸਬਰ ਸੰਦਾ ਬਾਣੁ ਖਾਲਕੁ ਖਤਾ[2] ਨ ਕਰੀ ॥੧੧੫॥** *(ਪੰਨਾ ੧੩੮੪)*

**ਸਬਰ ਅੰਦਰਿ ਸਾਬਰੀ[3] ਤਨੁ ਏਵੈ ਜਾਲੇਨਿ੍[4] ॥**
**ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥੧੧੬॥** *(ਪੰਨਾ ੧੩੮੪)*

**ਸਬਰੁ ਏਹੁ ਸੁਆਉ[5] ਜੇ ਤੂੰ ਬੰਦਾ ਦਿੜੁ ਕਰਹਿ ॥**
**ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ[6] ॥੧੧੭॥** *(ਪੰਨਾ ੧੩੮੪)*

ਭਾਵ, ਹਿਰਦੇ ਵਿਚ ਸਬਰ ਦੀ ਕਮਾਨ ਬਣਾਉ ਤੇ ਸਬਰ ਦਾ ਚਿੱਲਾ ਚੜ੍ਹਾਉ। ਫਿਰ ਸਬਰ ਦਾ ਬਾਣ ਚਲਾਉ। ਵਾਹਿਗੁਰੂ ਇਸ ਨੂੰ ਬਿਅਰਥ ਨਹੀਂ ਜਾਣ ਦੇਵੇਗਾ। ਜ਼ਰੂਰ ਨਿਸ਼ਾਨੇ 'ਤੇ ਲਗੇਗਾ।

(੨) ਸਬਰ ਕਰਨ ਵਾਲੇ ਇਸ ਤਰ੍ਹਾਂ ਸਬਰ ਵਿਚ ਰਹਿ ਕੇ ਤਨ ਦੀ ਮਮਤਾ ਨੂੰ ਜਾਲਦੇ ਹਨ ਕਿ ਰੱਬ ਦੇ ਨੇੜੇ ਹੁੰਦੇ ਹਨ ਪਰ ਭੇਦ ਕਿਸੇ ਨੂੰ ਨਹੀਂ ਦਿੰਦੇ।

(੩) ਐ ਮਨੁੱਖ! ਜੇ ਤੂੰ ਸਬਰ ਨੂੰ ਜੀਵਨ ਮਨੋਰਥ ਬਣਾ ਕੇ ਦ੍ਰਿੜ ਕਰ ਲਏਂ ਤਾਂ ਪਰਮਾਤਮਾ-ਰੂਪ ਦਰਿਆ ਵਿਚ ਮਿਲ ਜਾਏਂਗਾ, ਟੁੱਟ ਕੇ ਨਦੀ ਨਾਲਾ ਨਹੀਂ ਬਣੇਂਗਾ।

## ੧੨. ਮਨ ਦੀ ਹਾਲਤ

**ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥**
**ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥੧੨੫॥** *(ਪੰਨਾ ੧੩੮੪)*

ਭਾਵ, ਇਸ ਸੰਸਾਰ ਸਮੁੰਦਰ ਵਿਚ ਜੀਵ (ਪੰਛੀ) ਇਕ ਹੈ ਤੇ ਇਸ ਨੂੰ ਫਾਹੁਣ ਵਾਲੇ (ਕਾਮ ਕ੍ਰੋਧ) ਪੰਜਾਹ ਹਨ। ਫਿਰ ਆਸ਼ਾ ਤ੍ਰਿਸ਼ਨਾ ਦੀਆਂ ਲਹਿਰਾਂ ਵਿਚ ਫਸ ਗਿਆ ਹੈ। ਇਸ ਦੇ ਬਚਾਅ ਦੀ ਕੋਈ ਸੂਰਤ ਨਹੀਂ ਹੈ। ਹੇ ਈਸ਼ਵਰ! ਹੁਣ ਤੇਰੀ ਹੀ ਆਸ ਹੈ।

## ੧੩. ਸ਼ਹੁ ਸੁਹਾਗਣ

ਭਗਤੀ ਮਾਰਗ ਵਿਚ ਈਸ਼ਵਰ ਨਾਲ ਚਾਰ ਕਿਸਮ ਦੇ ਸੰਬੰਧ ਦੱਸੇ ਹਨ— ੧. ਪਿਤਾ-ਪੁੱਤਰ ਦਾ। ੨. ਇਸਤ੍ਰੀ-ਪਤੀ ਦਾ। ੩. ਮਾਲਕ ਤੇ ਨੌਕਰ ਦਾ। ੪. ਮਿਤ੍ਰ ਅਤੇ ਸਖਾ ਰੂਪ ਵਿਚ।

---

੧. ਚਿੱਲਾ। ੨. ਬਿਅਰਥ। ੩. ਸਬਰ ਕਰਨ ਵਾਲੇ। ੪. ਇਸ ਤਰ੍ਹਾਂ ਤਨ ਮਨ ਨੂੰ ਸਾੜਦੇ ਹਨ। ੫. ਜੀਵਨ ਦਾ ਮਨੋਰਥ। ੬. ਛੋਟਾ ਨਾਲਾ ਜਾਂ ਨਦੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਭਗਤੀ ਦੇ ਇਹ ਚਾਰੇ ਰੂਪ ਮਿਲਦੇ ਹਨ। ਸੂਫ਼ੀ ਫ਼ਕੀਰਾਂ ਨੇ ਰੱਬ ਨੂੰ 'ਸ਼ਹੁ' ਤੇ ਆਪਣੇ ਆਪ ਨੂੰ 'ਸੁਹਾਗਣ' ਕਿਹਾ ਹੈ। ਸ਼ੇਖ਼ ਫ਼ਰੀਦ ਜੀ ਨੇ ਵੀ ਬਹੁਤੀ ਥਾਈਂ ਉਸ ਨੂੰ ਸ਼ਹੁ ਕਰਕੇ ਸੰਬੋਧਨ ਕੀਤਾ ਹੈ। ਲਿਖਦੇ ਹਨ:

(੧) **ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥**
**ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥੩੦॥** *(ਪੰਨਾ ੧੩੭੯)*

(੨) **ਸਾਹੁਰੈ ਢੋਈ ਨ ਲਹੈ ਪੇਈਐ ਨਾਹੀ ਥਾਉ॥**
**ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ॥੩੧॥** *(ਪੰਨਾ ੧੩੭੯)*

ਸ਼ੇਖ਼ ਫ਼ਰੀਦ ਜੀ, ਸ਼ਹੁ ਦੀ ਪ੍ਰਾਪਤੀ ਲਈ ਕਿਹੜੇ ਗੁਣ ਚਾਹੀਦੇ ਹਨ ? ਪ੍ਰਸ਼ਨ ਰੂਪ ਵਿਚ ਲਿਖਦੇ ਹਨ:

**ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ[1] ਮੰਤੁ॥**
**ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥੧੨੬॥** *(ਪੰਨਾ ੧੩੮੪)*

ਉੱਤਰ:

**ਨਿਵਣੁ ਸੁ ਅਖਰੁ ਖਵਣੁ[2] ਗੁਣੁ ਜਿਹਬਾ ਮਣੀਆ ਮੰਤੁ॥**
**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥੧੨੭॥** *(ਪੰਨਾ ੧੩੮੪)*

ਵਰਤਮਾਨ ਮਨੋਵਿਗਿਆਨਕਾਂ ਦੀ ਰਾਇ ਹੈ ਕਿ ਭਗਤੀ ਮਾਰਗ ਜਾਂ ਸੂਫ਼ੀ ਮੱਤ ਵਿਚ ਪਰਮਾਤਮਾ ਨੂੰ ਸ਼ਾਹ ਜਾਂ ਪਤੀ ਤੇ ਜੀਵ ਦੇ ਇਸਤ੍ਰੀ ਹੋਣ ਦੀ ਜੋ ਕਲਪਣਾ ਕੀਤੀ ਗਈ ਹੈ, ਇਸ ਵਿਚ ਪ੍ਰੇਮ ਇਸ਼ਕ ਜਜ਼ਬਾ ਜਾਂ ਵਲਵਲਾ ਉਹੀ ਕੰਮ ਕਰਦਾ ਹੈ ਜੋ ਮਰਦ ਔਰਤ ਵਿਚ ਹੁੰਦਾ ਹੈ। ਪਰ ਉਸ ਦਾ ਰੁਖ਼ ਸਰੀਰਕ ਪਿਆਰ ਤੇ ਲਿੰਗ ਵਾਸ਼ਨਾ ਦੀ ਥਾਂ ਅੰਤਰਮੁਖੀ ਕਰ ਕੇ ਰੱਬ ਵੱਲ ਕੀਤਾ ਹੁੰਦਾ ਹੈ। ਜਦ ਅਸੀਂ ਬੱਚਿਆਂ ਨਾਲ ਪਿਆਰ ਕਰਦੇ ਹਾਂ, ਉਸ ਦਾ ਨਾਮ ਸਨੇਹ ਹੈ। ਹਮ ਜਿਨਸ ਜਾਂ ਇਸਤ੍ਰੀ ਦੇ ਨਾਲ ਉਹੀ ਜਜ਼ਬਾ ਪਿਆਰ ਜਾਂ ਮੁਹੱਬਤ ਕਿਹਾ ਜਾਂਦਾ ਹੈ। ਇਸਤ੍ਰੀ, ਪੁੱਤਰ, ਧੀਆਂ, ਧਨ, ਪਦਾਰਥ ਤੇ ਹੋਰ ਚੀਜ਼ਾਂ ਨਾਲ ਜੋ ਲਗਾਉ ਹੈ, ਉਸ ਨੂੰ ਮੋਹ ਕਹਿੰਦੇ ਹਨ, ਫ਼ਾਨੀ ਜਿਸਮਾਂ ਨਾਲ ਜੋ ਪਿਆਰ ਕੀਤਾ ਜਾਂਦਾ ਹੈ, ਉਸ ਨੂੰ 'ਇਸ਼ਕ ਮਜ਼ਾਜੀ' ਤੇ ਰੱਬ ਨਾਲ ਜੋ ਪ੍ਰੇਮ ਹੁੰਦਾ ਹੈ, ਉਸ ਨੂੰ ਸੂਫ਼ੀ 'ਇਸ਼ਕ ਹਕੀਕੀ' ਕਹਿੰਦੇ ਹਨ।

ਸ਼ੇਖ਼ ਫ਼ਰੀਦ ਜੀ ਨੇ ਆਪਣੇ ਸਲੋਕਾਂ ਵਿਚ 'ਇਸ਼ਕ ਹਕੀਕੀ' ਨੂੰ ਕਥਨ ਕੀਤਾ ਹੈ।

## ੧੪. ਰੱਬ ਨੂੰ ਮਿਲਣ ਦੇ ਸਾਧਨ

ਸਲੋਕਾਂ ਦੇ ਅਖ਼ੀਰ ਵਿਚ ਰੱਬ ਦੀ ਪ੍ਰਾਪਤੀ ਦੇ ਹੋਰ ਸਾਧਨ ਦੱਸਦੇ ਹਨ:

**ਮਤਿ ਹੋਦੀ ਹੋਇ ਇਆਣਾ॥ ਤਾਣ ਹੋਦੇ ਹੋਇ ਨਿਤਾਣਾ॥**
**ਅਣਹੋਦੇ ਆਪੁ ਵੰਡਾਏ॥ ਕੋ ਐਸਾ ਭਗਤੁ ਸਦਾਏ॥੧੨੮॥** *(ਪੰਨਾ ੧੩੮੪)*

---

੧. ਰਤਨਾਂ ਵਰਗੇ। ੨. ਖਿਮਾ।

ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥੧੨੯॥ (ਪੰਨਾ ੧੩੮੪)

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ॥੧੩੦॥ (ਪੰਨਾ ੧੩੮੪)

# ਸ਼ੇਖ਼ ਫ਼ਰੀਦ ਜੀ ਦੇ ਜੀਵਨ 'ਚੋਂ

## ਕੁਝ ਸਾਖੀਆਂ, ਸੂਫ਼ੀ ਮੱਤ, ਦੇਹਾਂਤ

ਹਿੰਦੁਸਤਾਨ ਵਿਚ ਮੁਸਲਮਾਨ ਸੂਫ਼ੀ ਫ਼ਕੀਰਾਂ 'ਚੋਂ ਸ਼ੇਖ਼ ਫ਼ਰੀਦ ਜੀ ਬਹੁਤ ਉੱਚੇ ਮੰਨੇ ਗਏ ਹਨ। ਇਨ੍ਹਾਂ ਦੇ ਜੀਵਨ ਵਿਚ ਤਿੰਨ ਗੱਲਾਂ ਵਿਸ਼ੇਸ਼ ਮਿਲਦੀਆਂ ਹਨ:

੧. ਤਪ ਤੇ ਤਿਆਗ, ੨. ਕਰਾਮਾਤਾਂ, ੩. ਤਬਲੀਗ।

ਇਸਲਾਮੀ ਫ਼ਕੀਰਾਂ ਵਿਚ ਸ਼ੇਖ਼ ਫ਼ਰੀਦ ਨੂੰ 'ਕੁਤਬ' ਦਾ ਦਰਜਾ ਦਿੱਤਾ ਗਿਆ ਹੈ। ਮੁਸਲਮਾਨ ਫ਼ਕੀਰਾਂ ਦੇ ਇਹ ਪੰਜ ਦਰਜੇ ਮੰਨੇ ਗਏ ਹਨ:

੧. ਗੌਂਸ—ਜਿਸ ਦੀ ਪੁਕਾਰ ਸੁਣੀ ਜਾਵੇ। ੨. ਕੁਤਬ—ਫ਼ਕੀਰਾਂ ਦਾ ਸਰਦਾਰ। ੩. ਵਲੀ—ਰੱਬ ਦੀ ਨਜ਼ੀਕੀ। ੪. ਅਬਦਾਲ[1]—ਬਦਲ ਜਾਣਾ, ਜਦ ਕੋਈ ਅਬਦਾਲ ਮਰ ਜਾਂਦਾ ਹੈ, ਰੱਬ ਉਸ ਦੀ ਥਾਂ ਹੋਰ ਭੇਜਦਾ ਹੈ। ਅਬਦਾਲ ੭੦ ਮੰਨੇ ਹਨ। ਜਿਸ ਤਰ੍ਹਾਂ ਸਾਡੇ ਦੇਸ਼ ਵਿਚ ੮੪ ਸਿੱਧ ਮੰਨੇ ਜਾਂਦੇ ਹਨ। ੪੦ ਅਬਦਾਲ ਸਿਰਫ਼ ਸ਼ਾਮ ਵਿਚ ਹਨ ਤੇ ਬਾਕੀ ਦੇ ਸਾਰੇ ਦੇਸ਼ਾਂ ਵਿਚ ਮੰਨੇ ਜਾਂਦੇ ਹਨ। ਖ਼ਿਆਲ ਕੀਤਾ ਜਾਂਦਾ ਹੈ ਕਿ ਇਨ੍ਹਾਂ ਦੀ ਬੰਦਗੀ ਤੇ ਸ਼ਕਤੀ ਦੇ ਆਸਰੇ ਦੁਨੀਆਂ ਖੜੀ ਹੈ। ੫. ਕਲੰਦਰ—ਰੱਬ ਦੇ ਰੰਗ ਵਿਚ ਮਸਤਾਨੇ। ਪੁਰਾਣੀਆਂ ਇਸਲਾਮੀ ਕਿਤਾਬਾਂ ਵਿਚ ਵੀ ਫ਼ਰੀਦ ਜੀ ਨੂੰ ਕੁਤਬ ਕਿਹਾ ਗਿਆ ਹੈ।

ਮਜ਼ਹਬੀ ਤੇ ਰਾਜਨੀਤਕ ਨੁਕਤਾ ਖ਼ਿਆਲ ਨਾਲ ਸ਼ੇਖ਼ ਫ਼ਰੀਦ ਦਾ ਪਿੱਛਾ ਬਹੁਤ ਭਾਰਾ ਸੀ। ਆਪ ਬਿੰਦੀ ਸੰਤਾਨ ਕਰ ਕੇ ਇਸਲਾਮ ਦੇ ਦੂਸਰੇ ਖ਼ਲੀਫ਼ੇ ਹਜ਼ਰਤ ਉਮਰ ਫ਼ਾਰੂਕ ਨਾਲ ਮਿਲਦੇ ਸਨ। ਨਾਦੀ ਵੰਸ਼ ਅਰਥਾਤ ਤਰੀਕਾ-ਫ਼ਕੀਰੀ ਕਰ ਕੇ ਹਜ਼ਰਤ ਅਲੀ ਨਾਲ ਜੁੜਦੇ ਸਨ। *ਸੈਰੁਲ ਔਲੀਆ* ਲਿਖਤ ਅਨੁਸਾਰ ਸ਼ੇਖ਼ ਫ਼ਰੀਦ ਫ਼ਰੁਖ਼ ਸ਼ਾਹ ਬਾਦਸ਼ਾਹ ਦੇ ਖ਼ਾਨਦਾਨ 'ਚੋਂ ਸਨ। ਜਿਸ ਵਕਤ ਚੰਗੇਜ਼ ਖ਼ਾਂ ਨੇ ਕਾਬਲ ਤੇ ਗਜ਼ਨੀ 'ਤੇ ਹਮਲਾ ਕੀਤਾ, ਉਸ ਵਕਤ ਆਪ ਦਾ ਵਡਿਕਾ ਲੜਾਈ ਵਿਚ ਮਾਰਿਆ ਗਿਆ। ਹਿੰਦੁਸਤਾਨ ਵਿਚ ਆ ਕੇ ਵੀ ਇਸ ਖ਼ਾਨਦਾਨ ਨੇ ਚੰਗਾ ਮਾਣ ਪ੍ਰਾਪਤ ਕੀਤਾ। ਸ਼ੇਖ਼ ਫ਼ਰੀਦ ਜੀ ਦੀ ਸ਼ਾਦੀ ਗਿਆਸੁੱਦੀਨ ਬਲਬਨ ਬਾਦਸ਼ਾਹ ਦਿੱਲੀ ਦੀ ਧੀ ਹਜ਼ੀਰਾ ਨਾਲ ਹੋਈ। ਇਸ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਆਪ ਕਿੰਨੀ ਕੁ ਪੁਜ਼ੀਸ਼ਨ ਦੇ ਮਾਲਕ ਸਨ।

*ਗੁਲਸ਼ਨ ਔਲੀਆ, ਸੈਰੁਲ ਆਰਫ਼ੀਨ, ਸੈਰੁਲ ਔਲੀਆ, ਰਾਹਿਤੁਲ ਕਲੂਬ,*

---

੧. ਮਾਰਫ਼ਤਿ ਮਨੁ ਮਾਰਹੁ ਅਬਦਾਲਾ॥ (ਮਾਰੂ ਮ: ੫, ਪੰਨਾ ੧੦੮੩)

*ਜ਼ੁਆਹਿਰ ਫ਼ਰੀਦੀ*[1] ਆਦਿਕ ਕਿਤਾਬਾਂ ਵਿਚ ਸ਼ੇਖ਼ ਫ਼ਰੀਦ ਸ਼ਕਰਗੰਜ ਸੰਬੰਧੀ ਬਹੁਤ ਸਾਰੀਆਂ ਕਰਾਮਾਤਾਂ ਲਿਖੀਆਂ ਹਨ। ਇਸਲਾਮ ਚੂੰਕਿ ਨਿਸਚੇ ਦਾ ਧਰਮ ਹੈ, ਇਸ ਲਈ ਇਸ ਵਿਚ ਕਰਾਮਾਤਾਂ ਤੇ ਮੁਹਜਜ਼ਿਆਂ 'ਤੇ ਬਹੁਤ ਜ਼ੋਰ ਦਿੱਤਾ ਹੈ। ਇਥੇ ਇਨ੍ਹਾਂ ਦਾ ਵਰਣਨ ਕਰਨਾ ਕਠਨ ਹੈ।

*ਗੁਲਸ਼ਨ ਔਲੀਆ* ਵਿਚ ਲਿਖਿਆ ਹੈ ਕਿ ਇਕ ਵੇਰ ਲਿਬਨਾਨ ਦੇ ਫ਼ਕੀਰਾਂ ਵਿਚ ਬਹਿਸ ਛਿੜ ਪਈ ਕਿ ਸ਼ੇਖ਼ ਫ਼ਰੀਦ 'ਕੁਤਬ' ਹਨ ਕਿ ਨਹੀਂ ? ਇਸ ਦੀ ਪ੍ਰੀਖਿਆ ਲਈ ਕੁਝ ਫ਼ਕੀਰ ਹਿੰਦੁਸਤਾਨ ਆਏ। ਉਹ ਦੀਦਾਰ ਕਰ ਕੇ ਇਤਨੇ ਮੋਹਿਤ ਹੋ ਗਏ ਕਿ ਮੁੜ ਕੇ ਵਤਨ ਨਹੀਂ ਗਏ। ਇਸ ਤਰ੍ਹਾਂ ਫ਼ਕੀਰਾਂ ਦੀਆਂ ਕਈ ਟੋਲੀਆਂ ਆਈਆਂ, ਜੋ ਮੁੜ ਕੇ ਨਾ ਗਈਆਂ। ਅਖ਼ੀਰ ਵਿਚ ਸ਼ੇਖ਼ ਫ਼ਰੀਦ ਨੇ ਆਪ ਇਨ੍ਹਾਂ ਨੂੰ ਕਿਹਾ, "ਜਾਉ, ਲਿਬਨਾਨ ਖ਼ਾਲੀ ਨਹੀਂ ਕਰਨਾ।"

ਕਹਿੰਦੇ ਹਨ ਕਿ ਨਾਸਰੁੱਦੀਨ ਬਾਦਸ਼ਾਹ ਦਿੱਲੀ ਦੇ ਸਮੇਂ ਅਫ਼ਜ਼ਾਦੀਨ ਨਾਮੇ ਇਕ ਆਲਮ ਦਿੱਲੀ ਪੁੱਜਾ। ਹਿੰਦੁਸਤਾਨ ਦੇ ਮੁਸਲਮਾਨਾਂ 'ਚੋਂ ਕੋਈ ਆਲਮ ਉਸ ਨਾਲ ਬਹਿਸ ਨਹੀਂ ਕਰਦਾ ਸੀ। ਉਹ ਪਾਕ ਪਟਨ ਵਿਚ ਸ਼ੇਖ਼ ਫ਼ਰੀਦ ਨੂੰ ਮਿਲਣ ਲਈ ਆਇਆ। ਆਪ ਨੇ ਉਸ ਨਾਲ ਕੋਈ ਬਹਿਸ ਨਾ ਕੀਤੀ। ਸ਼ੇਖ਼ ਨਜ਼ਾਮੁੱਦੀਨ ਔਲੀਆ ਨੇ ਉਸ ਨਾਲ ਚਰਚਾ ਕੀਤੀ, ਜਿਸ ਨੂੰ ਸੁਣ ਕੇ ਅਫ਼ਜ਼ਾਦੀਨ ਹੈਰਾਨ ਹੋ ਗਿਆ। ਜਦ ਸ਼ੇਖ਼ ਫ਼ਰੀਦ ਨੂੰ ਇਸ ਦਾ ਪਤਾ ਲੱਗਾ ਤਾਂ ਆਪ ਨਜ਼ਾਮੁੱਦੀਨ ਨੂੰ ਨਾਰਾਜ਼ ਹੋਏ ਤੇ ਕਹਿਣ ਲੱਗੇ, "ਫ਼ਕੀਰਾਂ ਦਾ ਕੰਮ ਬਹਿਸ ਕਰਨਾ ਨਹੀਂ, ਤੂੰ ਕਿਉਂ ਅਫ਼ਜ਼ਾਦੀਨ ਨੂੰ ਬਹਿਸ ਵਿਚ ਜ਼ੇਰ ਕਰਨ ਦਾ ਯਤਨ ਕੀਤਾ।"

ਸ਼ੇਖ਼ ਫ਼ਰੀਦ ਨੇ ਇਕ ਵੇਰ ਆਪਣੇ ਇਕ ਸ਼ਾਗਿਰਦ ਨੂੰ ਉਪਦੇਸ਼ ਕੀਤਾ, "ਐ ਦਰਵੇਸ਼ ! ਜਦ ਤੀਕ ਤੂੰ ਅਲਪ ਆਹਾਰ ਨਹੀਂ ਕਰੇਂਗਾ, ਘੱਟ ਨਹੀਂ ਬੋਲੇਂਗਾ, ਥੋੜ੍ਹਾ ਨਹੀਂ ਸਵੇਂਗਾ, ਲੋਕਾਂ ਨਾਲ ਮਿਲਣਾ ਘੱਟ ਨਹੀਂ ਕਰੇਂਗਾ, ਤੇਰੇ ਵਿਚ ਫ਼ਕੀਰੀ ਦੇ ਗੁਣ ਨਹੀਂ ਟਿਕ ਸਕਦੇ।[2]

ਪਾਕ ਪਟਨ ਵਿਚ ਇਕ ਬੜਾ ਜਾਬਰ ਆਦਮੀ ਸੀ, ਉਹ ਹਰ ਵਕਤ ਸ਼ੇਖ਼ ਫ਼ਰੀਦ ਦੇ ਮੁਰੀਦਾਂ ਤੇ ਉਨ੍ਹਾਂ ਦੇ ਪਰਵਾਰ ਨੂੰ ਤੰਗ ਕਰਦਾ ਸੀ। ਇਕ ਦਿਨ ਆਪ ਦੇ ਵੱਡੇ ਲੜਕੇ ਸ਼ਹਾਬੁੱਦੀਨ ਨੇ ਉਸ ਦੀ ਸ਼ਿਕਾਇਤ ਕੀਤੀ। ਕਹਿੰਦੇ ਹਨ ਫ਼ਰੀਦ ਜੀ ਨੂੰ ਕੁਝ ਖੇਦ ਹੋਇਆ। ਆਪ ਦੇ ਸਾਹਮਣੇ ਇਕ ਸੋਟੀ ਪਈ ਸੀ, ਚੁੱਕ ਕੇ ਜ਼ਮੀਨ 'ਤੇ ਮਾਰੀ ਤੇ ਮੂੰਹੋਂ ਕੁਝ ਨਹੀਂ ਕਿਹਾ। ਲਿਖਿਆ ਹੈ ਕਿ ਕੁਝ ਚਿਰ ਬਾਅਦ ਦੋਖੀ ਤੇ ਜਾਬਰ ਪੇਟ ਦਰਦ ਨਾਲ ਮਰ ਗਿਆ।

ਸ਼ੇਖ਼ ਫ਼ਰੀਦ ਜੀ ਦੇ ਜੀਵਨ ਵਿਚ ਗੁਰੂ ਭਗਤੀ ਕਿੰਨੀ ਸੀ, ਇਸ ਦੀ ਇਕ ਉਦਾਹਰਣ ਪੇਸ਼ ਕਰਦੇ ਹਾਂ :

ਲਿਖਿਆ ਹੈ ਕਿ ਇਕ ਵੇਰ ਆਪ ਦੇ ਮੁਰਸ਼ਦ ਖ਼੍ਵਾਜਾ ਕੁਤਬੁੱਦੀਨ ਬਖ਼ਤਯਾਰ

---

੧. ਇਹ ਕਿਤਾਬ ਮੁਹੰਮਦ ਅਲੀ ਅਸਗਰ ਨੇ ਜਹਾਂਗੀਰ ਦੇ ਸਮੇਂ ਫ਼ਾਰਸੀ ਵਿਚ ਲਿਖੀ। ੧੦੬੩ ਹਿਜਰੀ ਵਿਚ ਸਮਾਪਤ ਹੋਈ। ਇਸ ਦਾ ਅਨੁਵਾਦ ਉਰਦੂ ਵਿਚ ਭੀ ਮਿਲਦਾ ਹੈ। *ਜ਼ੁਆਹਿਰ ਫ਼ਰੀਦੀ* ਦੇ ਸਫ਼ਾ ੧੯੨ 'ਤੇ ਸ਼ੇਖ਼ ਫ਼ਰੀਦ ਦਾ ਇਹ ਸਲੋਕ 'ਤਨ ਸੁੱਕਾ ਪਿੰਜਰ ਥੀਆ' ਦਿੱਤਾ ਹੈ।

੨. *ਜ਼ੁਆਹਿਰ ਫ਼ਰੀਦੀ*, ਪੰਨਾ ੨੦੫।

ਨੂੰ ਇਸ਼ਨਾਨ ਕਰਨ ਲਈ ਗਰਮ ਪਾਣੀ ਦੀ ਲੋੜ ਪਈ। ਹੁਜਰੇ 'ਚੋਂ ਨਿਕਲ ਕੇ ਫ਼ਰੀਦ ਜੀ ਨੂੰ ਕਹਿਣ ਲੱਗੇ, "ਪਾਣੀ ਗਰਮ ਕਰੋ।" ਫ਼ਰੀਦ ਜੀ ਨੇ ਲੱਕੜੀਆਂ ਦੀ ਤਲਾਸ਼ ਕੀਤੀ ਪਰ ਲੱਕੜੀਆਂ ਨਾ ਮਿਲੀਆਂ। ਆਪ ਨੇ ਆਪਣੀ ਮੰਜੀ ਦੀਆਂ ਹੀਆਂ ਤੋੜ ਲਈਆਂ। ਫਿਰ ਅੱਗ ਦੀ ਤਲਾਸ਼ ਕਰਨ ਲਗੇ, ਅੱਗ ਵੀ ਨਾ ਮਿਲੀ। ਅੱਗ ਦੀ ਤਲਾਸ਼ ਵਿਚ ਸ਼ਹਿਰ ਵੱਲ ਟੁਰ ਪਏ। ਇਕ ਘਰ ਵਿਚ ਜਾ ਕੇ ਕੀ ਵੇਖਦੇ ਹਨ ਕਿ ਇਕ ਇਸਤ੍ਰੀ ਚਰਖ਼ਾ ਕੱਤਦੀ ਹੈ, ਉਸ ਦੇ ਚੁੱਲ੍ਹੇ ਵਿਚ ਅੱਗ ਪਈ ਬਲਦੀ ਹੈ। ਸ਼ੇਖ਼ ਫ਼ਰੀਦ ਨੇ ਉਸ ਨੂੰ ਕਿਹਾ, "ਥੋੜ੍ਹੀ ਜਿਹੀ ਅੱਗ ਦੇ ਦਿਉ।"

ਇਸਤ੍ਰੀ—ਅੱਗ ਨਹੀਂ ਮਿਲ ਸਕਦੀ।

ਫ਼ਰੀਦ—ਕਿਸੇ ਮੁੱਲ 'ਤੇ ਦੇ ਦਿਉ, ਮੈਂ ਮੁਰਸ਼ਦ ਦੇ ਇਸ਼ਨਾਨ ਲਈ ਪਾਣੀ ਗਰਮ ਕਰਨਾ ਹੈ।

ਇਸਤ੍ਰੀ—ਜੇ ਤੈਨੂੰ ਮੁਰਸ਼ਦ ਨਾਲ ਇੰਨਾ ਹੀ ਪ੍ਰੇਮ ਹੈ ਤਾਂ ਇਕ ਅੱਖ ਕੱਢ ਕੇ ਦੇਹ, ਫਿਰ ਅੱਗ ਮਿਲੇਗੀ।

*ਜੁਆਹਿਰ ਫ਼ਰੀਦੀ* ਵਿਚ ਲਿਖਿਆ ਹੈ ਕਿ ਫ਼ਰੀਦ ਜੀ ਨੇ ਅੱਖ ਕੱਢ ਕੇ ਦੇ ਦਿੱਤੀ। ਅੱਗ ਲਿਆ ਕੇ ਮੁਰਸ਼ਦ ਲਈ ਆਪ ਨੇ ਪਾਣੀ ਗਰਮ ਕੀਤਾ ਤੇ ਇਸ਼ਨਾਨ ਕਰਾਇਆ। ਜਦ ਕੁਤਬੁੱਦੀਨ ਨੇ ਲਹੂ ਵੇਖਿਆ ਤਾਂ ਕਹਿਣ ਲੱਗੇ, "ਫ਼ਰੀਦ! ਇਹ ਕੀ ਕੀਤਾ ਈ?"

ਫ਼ਰੀਦ ਜੀ ਨੇ ਸਾਰੀ ਵਿਥਿਆ ਸੁਣਾਈ। ਇੰਨੇ ਵਿਚ ਉਸ ਇਸਤ੍ਰੀ ਦਾ ਘਰਵਾਲਾ ਆ ਗਿਆ। ਉਸ ਨੇ ਅੱਖ ਪੇਸ਼ ਕੀਤੀ। ਖ਼੍ਵਾਜਾ ਕੁਤਬੁੱਦੀਨ ਨੇ ਫ਼ਰੀਦ ਨੂੰ ਕਿਹਾ, "ਇਸ ਅੱਖ ਨੂੰ ਆਪਣੀ ਥਾਂ 'ਤੇ ਰੱਖ ਦਿਉ।" ਕਹਿੰਦੇ ਹਨ, ਜਦ ਫ਼ਰੀਦ ਜੀ ਨੇ ਅੱਖ ਰੱਖੀ, ਉਹ ਰਾਜ਼ੀ ਹੋ ਗਈ।

ਪੰਜਾਬ ਵਿਚ ਜਿਨ੍ਹਾਂ ਸੂਫ਼ੀ ਫ਼ਕੀਰਾਂ ਨੇ ਇਸਲਾਮ ਨੂੰ ਪ੍ਰਚਾਰਿਆ ਹੈ, ਸ਼ੇਖ਼ ਫ਼ਰੀਦ ਜੀ ਉਨ੍ਹਾਂ 'ਚੋਂ ਮੁਖੀ ਸਨ। ਪਾਕ ਪਟਨ ਦੇ ਇਲਾਕੇ ਵਿਚ ਰਾਜਪੂਤਾਂ, ਜੱਟਾਂ ਤੇ ਕਈ ਕੌਮਾਂ ਨੂੰ ਇਨ੍ਹਾਂ ਨੇ ਮੁਸਲਮਾਨ ਬਣਾਇਆ। ਲਹਿੰਦੇ ਪੰਜਾਬ ਵਿਚ ਜੋਗੀਆਂ ਦਾ ਬੜਾ ਜ਼ੋਰ ਸੀ, ਰਾਜਾ ਹਿੰਦੂ ਸੀ। ਸ਼ੇਖ਼ ਫ਼ਰੀਦ ਨੇ ਮੁਖੀ ਜੋਗੀ ਮੁਸਲਮਾਨ ਕੀਤਾ ਤੇ ਉਸ ਦਾ ਨਾਂ ਕੁਤਬ ਕਮਾਲ ਰੱਖਿਆ।

ਸ਼ੇਖ਼ ਫ਼ਰੀਦ ਸੂਫ਼ੀ ਫ਼ਕੀਰ ਸਨ। ਸੂਫ਼ੀ ਦੇ ਅਰਥ ਹਨ, ਆਤਮਿਕ ਉੱਨਤੀ ਦਾ ਚਾਹਵਾਨ, ਦਿਲ ਦੀ ਸਫ਼ਾਈ ਵਾਲਾ, ਸੂਫ਼ੀ ਸ਼ਬਦ ਸੂਫ਼ ਤੋਂ ਨਿਕਲਿਆ ਹੈ। ਸੂਫ਼ ਉੱਨ, ਕਿਆੜੀ ਦੇ ਵਾਲਾਂ, ਕਾਲੇ ਕੱਪੜੇ ਤੇ ਪੋਠੋਹਾਰ ਵਿਚ ਦਵਾਤ ਵਿਚ ਪਈ ਹੋਈ ਲਕੀਰ ਨੂੰ ਕਹਿੰਦੇ ਹਨ। ਕਈ ਲੇਖਕਾਂ ਦਾ ਖ਼ਿਆਲ ਹੈ ਕਿ ਹਜ਼ਰਤ ਮੁਹੰਮਦ ਨਾਲ ਜੋ ਲੋਕ ਅਹਿਲੇਸਫ਼ ਭਾਵ ਬੈਠਣ ਵਾਲੇ ਸਨ, ਉਨ੍ਹਾਂ ਤੋਂ ਸੂਫ਼ੀ ਸ਼ਬਦ ਪ੍ਰਚਲਤ ਹੋਇਆ। ਯੂਨਾਨ ਦੀ ਫ਼ਿਲਾਸਫ਼ੀ ਤੇ ਵੇਦਾਂਤੀ ਵਿਚਾਰਾਂ ਦੇ ਪ੍ਰਭਾਵ ਤੋਂ ਇਸ ਮੱਤ ਦੀ ਉਤਪਤੀ ਮੰਨੀ ਜਾਂਦੀ ਹੈ।

ਸ਼ੇਖ਼ ਫ਼ਰੀਦ ਜੀ ਦਾ ਦੇਹਾਂਤ ੫ ਮੁਹੱਰਮ ਸੰਨ ੬੬੪ ਹਿਜਰੀ (੧੨੬੫ ਈ:) ਵਿਚ ਪਾਕ ਪਟਨ ਵਿਚ ਹੋਇਆ। ਇਥੇ ਹਰ ਸਾਲ ਮੇਲਾ ਲੱਗਦਾ ਹੈ।

ਸ਼ੇਖ਼ ਫ਼ਰੀਦ ਦੇ ਲਟਕਣ ਵਾਲਾ ਖੂਹ ਚਾਵਲੀ ਮਸ਼ਾਇਖ਼ਾਂ ਵਿਚ ਹੈ। ਮਜ਼ਾਰ,

ਕਾਠ ਦੀ ਰੋਟੀ, ਪੱਥਰ ਨੁਮਾ ਫਲ, ਗੋਦੜੀ ਤੇ ਬਹਿਸ਼ਤੀ ਦਰਵਾਜ਼ਾ ਪਾਕ ਪਟਨ ਵਿਚ ਹਨ।[੧]

ਪਾਕ ਪਟਨ ਵਿਚ ਨਗਰੋਂ ਬਾਹਰ ਜਗਤ ਤਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਨਾਨਕ ਸਰ ਹੈ। ਜਿਥੇ ਬੈਠ ਕੇ ਆਪ ਨੇ ਸ਼ੇਖ਼ ਇਬਰਾਹੀਮ ਨਾਲ ਗੋਸ਼ਟ ਕੀਤੀ। ਸ਼ੇਖ਼ ਨੇ ਕਿਹਾ ਸੀ :

**ਇਕੋ ਸਾਹਿਬ ਦੋਵੇਂ ਹਦੀਂ। ਕਿਹੜਾ ਸੇਵੀਂ ਕਿਹੜਾ ਰਦੀਂ ?**

ਗੁਰੂ ਜੀ ਨੇ ਉੱਤਰ ਦਿੱਤਾ :

**ਇਕੋ ਸਾਹਿਬ ਇਕੋ ਹੱਦ। ਇਕੋ ਸੇਵੀਂ ਦੂਜਾ ਰੱਦ।**

---

੧. ਪਾਕ ਪਟਨ ਦਾ ਪਹਿਲਾਂ ਨਾਂ ਅਜੁਧਨ ਸੀ, ਚਾਵਲੀ ਮੁਸ਼ੈਖ਼ਾਂ ਦਾ ਨਾਂ ਖੋਤਵਾਲ ਜਾਂ ਕੋਠੀਵਾਲ ਸੀ। ਸਿਖ ਰਾਜ ਤਕ ਇਹ ਦੋਵੇਂ ਥਾਂ ਸੂਬਾ ਮੁਲਤਾਨ ਵਿਚ ਸਮਝੇ ਜਾਂਦੇ ਸਨ, ਹੁਣ ਜ਼ਿਲ੍ਹਾ ਮਿੰਟਗੁਮਰੀ ਵਿਚ ਹਨ। ਚਾਵਲ ਮੰਡੀ ਬੂੜੇਵਾਲ ਤੋਂ ਸ਼ੱਤ ਮੀਲ ਹੈ। ਇਥੇ ਕੁਝ ਪੁਰਾਤਨ ਯਾਦਗਾਰਾਂ ਹੁਣ ਤਕ ਮੌਜੂਦ ਹਨ।



# ਸੰਤ ਕਵੀ ਭਗਤ ਕਬੀਰ ਜੀ



ਭਗਤ ਉਹ ਹੈ ਜੋ ਪ੍ਰਮਾਤਮਾ ਦੀ ਭਗਤੀ ਵਿਚ ਲੀਨ ਰਹੇ, ਭਗਤ ਉਹ ਹੈ ਜੋ ਹਉਮੈ ਦਾ ਤਿਆਗ ਕਰਕੇ ਹਰੇਕ ਪ੍ਰਾਪਤੀ ਲਈ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਾ ਹੈ, ਭਗਤ ਉਹ ਹੈ ਜੋ ਪ੍ਰਮਾਤਮਾ ਨੂੰ ਪਾਉਣ ਲਈ ਆਪਣਾ-ਆਪ ਨਿਛਾਵਰ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦਾ, ਭਗਤ ਉਹ ਹੈ ਜੋ ਸੁੱਖਾਂ ਦਾ ਤਿਆਗ ਕਰਕੇ ਤੇ ਦੁੱਖਾਂ ਨੂੰ ਗਲੇ ਲਗਾ ਕੇ ਆਪਣਾ ਅਤੇ ਦੂਸਰਿਆਂ ਦਾ ਜੀਵਨ ਸੰਵਾਰਦਾ ਹੈ। ਭਗਤ ਪ੍ਰਮਾਤਮਾ ਦਾ ਦੂਤ ਵੀ ਹੈ ਤੇ ਰੂਪ ਵੀ ਹੈ। ਇਸੇ ਕਰਕੇ ਕਹਿੰਦੇ ਹਨ ਕਿ ਪ੍ਰਮੇਸ਼ਵਰ ਭਗਤਾਂ ਵਿਚ ਵਸਦਾ ਹੈ ਤੇ ਪ੍ਰਮੇਸ਼ਵਰ ਨੂੰ ਭਗਤਾਂ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਇਸੇ ਤਰ੍ਹਾਂ ਇਹ ਕਹਿਣਾ ਵੀ ਠੀਕ ਬਣਦਾ ਹੈ ਕਿ ਭਗਤਾਂ ਨੇ ਭਗਤੀ ਕਰਕੇ ਹੀ ਪ੍ਰਮੇਸ਼ਵਰ ਨੂੰ ਪਾਇਆ ਹੈ। ਇਸੇ ਕਰਕੇ ਪ੍ਰਮੇਸ਼ਵਰ ਹਮੇਸ਼ਾ ਸੰਕਟ ਸਮੇਂ ਆਪਣੇ ਭਗਤਾਂ ਦੀ ਲਾਜ ਰੱਖਦਾ ਆਇਆ ਹੈ।

**ਵਿਸ਼ੇਸ਼ ਰਿਪੋਰਟ**
**1**
**ਪ੍ਰਿਤਪਾਲ ਸਿੰਘ**



ਵੇਦਾਂ, ਸ਼ਾਸਤਰਾਂ ਤੇ ਸਿਮਰਤੀਆਂ ਦਾ ਅਧਿਐਨ ਕਰਨ ਉਪਰੰਤ ਇਹ ਸਪੱਸ਼ਟ ਤੌਰ 'ਤੇ ਆਖਿਆ ਜਾ ਸਕਦਾ ਹੈ ਕਿ ਸਤਿਯੁੱਗ ਵਿਚ ਲੋਕ ਵਿਸ਼ਨੂੰ ਜੀ ਦੀ ਉਪਾਸਨਾ ਕਰਦੇ ਸਨ। ਪ੍ਰੰਤੂ ਗੁਰਮਤਿ ਨੇ ਪੂਰਨ ਤੌਰ 'ਤੇ ਸਪੱਸ਼ਟ ਕਰ ਦਿੱਤਾ ਹੈ ਕਿ ਭਗਤ ਦਾ ਕਰਤਾ ਇਕੋ-ਇਕ ਅਕਾਲ ਪੁਰਖ ਹੀ ਹੈ।

ਹਰਿ ਜੁਗੁ-ਜੁਗੁ ਭਗਤ ਉਪਾਇਆ
ਪੈਜ ਰਖਦਾ ਆਇਆ ਰਾਮ ਰਾਜੇ॥
ਹਰਣਾਖਸੁ ਦੁਸਟੁ ਹਰਿ ਮਾਰਿਆ
ਪ੍ਰਹਲਾਦੁ ਤਰਾਇਆ॥

ਗੁਰੂ ਤੇਗ ਬਹਾਦਰ ਜੀ ਨੇ ਭਗਤਾਂ ਬਾਰੇ ਕਿਹਾ ਹੈ :-

ਨਾਮ ਰਹਿਓ ਸਾਧੂ ਰਹਿਓ,
ਰਹਿਓ ਗੁਰ ਗੋਬਿੰਦ॥
ਕਹੁ ਨਾਨਕ ਇਹ ਜਗਤ ਮੈਂ
ਕਿਨ ਜਪਿਓ ਗੁਰਮੰਤੁ॥

ਭਗਤੀ ਲਹਿਰ ਉਹ ਲਹਿਰ ਸੀ ਜਿਸ ਵਿਚ ਬਹੁਤ ਵੱਡੇ ਤੇ ਮਹਾਨ ਭਗਤ ਹੋਏ ਹਨ। ਭਗਤ ਕਬੀਰ ਜੀ ਵੀ ਉਸ ਲਹਿਰ ਦੇ ਪ੍ਰਮੁੱਖ ਭਗਤ ਹੋਏ ਹਨ।

ਭਗਤ ਕਬੀਰ ਜੀ ਭਾਵੇਂ ਉੱਚ-ਕੁਲ ਵਿਚ ਪੈਦਾ ਨਹੀਂ ਹੋਏ ਪ੍ਰੰਤੂ ਆਪ ਨੇ ਸਮਾਜ ਦੇ ਪਿਛੜੇ ਵਰਗ ਵਿਚ ਬਹੁਤ ਵੱਡੀ ਜਾਗ੍ਰਿਤੀ ਲਿਆ ਕੇ ਮਨੁੱਖੀ ਸਮਾਜ ਵਿਚ ਉਨ੍ਹਾਂ ਦਾ ਦਰਜਾ ਉੱਚਾ ਕੀਤਾ।

ਕਬੀਰ ਜੀ ਦਾ ਜਨਮ ਚੌਰਾ ਕਾਸ਼ੀ (ਬਨਾਰਸ) ਵਿਖੇ ਹੋਇਆ। ਪਿਤਾ ਨੀਰੂ ਅਤੇ ਮਾਤਾ ਨੀਮਾ ਨੇ ਉਨ੍ਹਾਂ ਦੀ ਬੜੇ ਪਿਆਰ ਅਤੇ ਚਾਅ ਨਾਲ ਪਾਲਣਾ ਕੀਤੀ।

ਮਹਾਨ ਕੋਸ਼ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਆਪ ਦਾ ਜਨਮ ਇਕ ਵਿਧਵਾ ਬ੍ਰਾਹਮਣੀ ਦੇ ਉਦਰ ਤੋਂ ਜੇਠ ਸੁਦੀ 15 ਸੰਮਤ, 1455 ਨੂੰ ਹੋਇਆ, ਉਦੋਂ ਜੇਠ ਦੀ ਪੂਰਨਮਾਸ਼ੀ ਸੀ। ਆਪ ਦਾ ਪਾਲਣ-ਪੋਸ਼ਣ ਅਲੀ (ਨੀਰੂ) ਜੁਲਾਹੇ ਨੇ ਆਪਣਾ ਪੁੱਤਰ ਬਣਾ ਕੇ ਕੀਤਾ ਤੇ ਨਾਂਅ ਕਬੀਰ ਰੱਖਿਆ। ਆਪ ਨੂੰ ਮੁਢਲੇ ਤੌਰ 'ਤੇ ਕਾਜ਼ੀ ਕੋਲ ਭੇਜ ਕੇ ਇਸਲਾਮੀ ਸਿੱਖਿਆ ਦਿੱਤੀ ਗਈ ਪ੍ਰੰਤੂ ਆਪ ਨੇ ਆਪਣੇ ਤੌਰ 'ਤੇ ਹਿੰਦੂਮਤ ਦਾ ਵੀ

(ਬਾਕੀ ਸਫ਼ਾ III 'ਤੇ)

ਅਧਿਐਨ ਕੀਤਾ। ਆਪ ਜੀ ਦੀ ਸ਼ਾਦੀ ਬੀਬੀ ਲੋਈ ਨਾਲ ਹੋਈ। ਆਪ ਦਾ ਇਕ ਪੁੱਤਰ ਤੇ ਇਕ ਪੁੱਤਰੀ ਹੋਈ। ਪੁੱਤਰ ਦਾ ਨਾਂਅ ਕਮਾਲਾ ਜੀ ਤੇ ਪੁੱਤਰੀ ਕਮਾਲੀ ਸੀ। ਮਾਤਾ-ਪਿਤਾ ਕਿਉਂਕਿ ਮੁਸਲਮਾਨ ਸਨ ਇਸ ਕਰਕੇ ਉਹ ਆਪ ਨੂੰ ਮੁਸਲਮਾਨੀ ਮਤ ਵੱਲ ਲਾਉਣਾ ਚਾਹੁੰਦੇ ਸਨ ਪ੍ਰੰਤੂ ਦੂਜੇ ਪਾਸੇ ਬ੍ਰਾਹਮਣ (ਪੰਡਿਤ) ਜੁਲਾਹਿਆ ਹੋਣ ਕਰਕੇ ਆਪ ਨੂੰ ਸ਼ੂਦਰ ਸਮਝਦੇ ਸਨ। ਉਦੋਂ ਉੱਚ ਜਾਤੀ ਦੇ ਲੋਕਾਂ ਵੱਲੋਂ ਸ਼ੂਦਰਾਂ ਨਾਲ ਬਹੁਤ ਘ੍ਰਿਣਾ ਕੀਤੀ ਜਾਂਦੀ ਸੀ ਅਤੇ ਉਨ੍ਹਾਂ ਨੂੰ ਰਾਮ ਨਾਮ ਜਪਣ ਦਾ ਕੋਈ ਅਧਿਕਾਰ ਨਹੀਂ ਸੀ। ਪ੍ਰੰਤੂ ਕਬੀਰ ਜੀ ਦੀ ਰੁਚੀ ਮੁੱਢ ਤੋਂ ਹੀ ਰਾਮ ਨਾਮ ਜਪਣ ਵਲ ਸੀ। ਗ੍ਰਹਿਸਥੀ ਜੀਵਨ ਵੀ ਉਨ੍ਹਾਂ ਦੀ ਭਗਤੀ ਵਿਚ ਕਿਸੇ ਤਰ੍ਹਾਂ ਦੀ ਰੁਕਾਵਟ ਨਾ ਬਣ ਸਕਿਆ।

ਪੰਜਾਬੀ ਵਿਸ਼ਵ ਕੋਸ਼ ਅਨੁਸਾਰ ਭਗਤ ਕਬੀਰ ਮੱਧ ਕਾਲ ਵਿਚ ਪੈਦਾ ਹੋਏ। ਉਹ ਉੱਚ-ਕੋਟੀ ਦੇ ਸੰਤ, ਭਗਤ ਅਤੇ ਸਮਾਜ ਸੁਧਾਰਕ ਸਨ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੀਆਂ ਕਈ ਰਚਨਾਵਾਂ ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਸ਼ਾਮਿਲ ਕਰਕੇ ਉਨ੍ਹਾਂ ਨੂੰ ਬਹੁਤ ਵੱਡਾ ਮਾਣ ਬਖਸ਼ਿਆ। ਇਨ੍ਹਾਂ ਦੇ ਨਾਮ ਤੇ ਅੱਜ ਵੀ 'ਕਬੀਰ ਪੰਥੀ' ਸੰਪਰਦਾਇ ਮੌਜੂਦ ਹੈ। ਪੰਜਾਬ ਖਾਸ ਕਰਕੇ ਜਲੰਧਰ ਵਿਚ ਕਬੀਰ ਪੰਥੀ

## ਸੰਤ ਕਵੀ ਭਗਤ ਕਬੀਰ ਜੀ

(ਸਫ਼ਾ I ਦਾ ਬਾਕੀ)

ਬਹੁਤ ਹਨ। ਅਸਲ ਵਿਚ ਕਬੀਰ ਪੰਥੀ ਉਨ੍ਹਾਂ ਨੂੰ ਅਲੌਕਿਕ ਅਵਤਾਰੀ ਪੁਰਸ਼ ਮੰਨਦੇ ਹਨ। ਆਪ ਜੀ ਦਾ ਪ੍ਰਮਾਣਿਕ ਜੀਵਨ ਬਿਰਤਾਂਤ ਉਪਲਬੱਧ ਨਹੀਂ, ਇਹ ਕਹਿੰਦੇ ਹਨ ਕਿ ਉਹ ਉੱਤਰ ਪ੍ਰਦੇਸ਼ ਵਿਚ ਕਾਸ਼ੀ ਲਾਗੇ ਪੈਦਾ ਹੋਏ ਪਰ ਉਨ੍ਹਾਂ ਦੀਆਂ ਜਨਮ ਤੇ ਮੌਤ ਦੀਆਂ ਤਾਰੀਖਾਂ ਬਾਰੇ ਕੋਈ ਪੱਕਾ ਪਤਾ ਨਹੀਂ। ਇਕ ਆਮ ਰਾਏ ਹੈ ਕਿ ਕਬੀਰ ਜੀ ਦੀ ਮੌਤ ਸੋਲ੍ਹਵੀਂ ਸਦੀ ਦੇ ਸ਼ੁਰੂ ਵਿਚ ਹੋਣ ਦਾ ਅਨੁਮਾਨ ਹੈ। ਇਸ ਅਨੁਸਾਰ ਉਨ੍ਹਾਂ ਦਾ ਜਨਮ ਸੰਮਤ 1455 (1398 ਈ:) ਤੋਂ ਕੁਝ ਪਹਿਲਾਂ ਹੀ ਮੰਨਿਆ ਜਾਂਦਾ ਹੈ। ਕਬੀਰ ਸਾਹਿਬ ਦੀ ਜਾਤ ਬਾਰੇ ਵੀ ਵੱਖ-ਵੱਖ ਰਾਵਾਂ ਹਨ, ਕੁਝ ਲੋਕ ਉਨ੍ਹਾਂ ਨੂੰ ਹਿੰਦੂ ਬ੍ਰਾਹਮਣ ਦੇ ਘਰ ਪੈਦਾ ਹੋਇਆ ਪਰ ਪਾਲਣ-ਪੋਸ਼ਣ ਨੀਰੂ ਅਤੇ ਨੀਮਾ ਨਾਂਅ ਦੇ ਮੁਸਲਮਾਨ ਜੋੜੇ ਵੱਲੋਂ ਕੀਤਾ ਗਿਆ ਦੱਸਦੇ ਹਨ। ਕੁਝ ਲੋਕ ਕਬੀਰ ਜੀ ਨੂੰ ਜਨਮ ਤੋਂ ਜੁਲਾਹਾ ਅਤੇ ਮੁਸਲਮਾਨ ਮੰਨਦੇ ਹਨ ਪ੍ਰੰਤੂ ਵਿਦਵਾਨਾਂ ਅਨੁਸਾਰ ਕਿਸੇ ਵੀ ਗੱਲ ਦਾ ਪੱਕਾ ਪ੍ਰਮਾਣ ਨਹੀਂ ਮਿਲਦਾ। ਕਬੀਰ ਪੰਥੀਆਂ ਅਨੁਸਾਰ ਕਬੀਰ ਸਾਹਿਬ ਨੇ ਸਾਰੀ ਉਮਰ ਵਿਆਹ ਨਹੀਂ ਕਰਵਾਇਆ ਪਰ ਆਮ ਵਿਚਾਰ ਹੈ ਕਿ ਉਨ੍ਹਾਂ ਦੀ ਘਰ ਵਾਲੀ ਦਾ ਨਾਂ ਲੋਈ ਪੁੱਤਰ ਕਮਾਲਾ ਤੇ ਪੁੱਤਰੀ ਕਮਾਲੀ ਸੀ। ਡਾ: ਨਰਿੰਦਰ ਕੌਰ ਭਾਟੀਆ ਜਨਮ ਸਾਖੀ ਭਗਤ ਕਬੀਰ ਜੀ ਅਨੁਸਾਰ ਕਬੀਰ ਜੀ ਦੇ ਦੋ ਪੁੱਤਰਾਂ ਨਿਹਾਲ ਅਤੇ ਕਮਾਲ ਅਤੇ ਦੋ ਧੀਆਂ ਨਿਹਾਲੀ ਤੇ ਕਮਾਲੀ ਨੇ ਜਨਮ ਲਿਆ। ਦੋਵੇਂ ਧੀਆਂ ਤੇ ਵੱਡਾ ਪੁੱਤਰ ਨਿਹਾਲ ਨਿੱਕੇ ਹੁੰਦੇ ਹੀ ਮਰ ਗਏ। ਲੇਕਿਨ ਕਮਾਲਾ ਜਿਊਂਦਾ ਰਿਹਾ। ਉਹ ਵੱਡਾ ਹੋ ਕੇ ਵੈਸ਼ਨੋ ਭਗਤ ਬਣਿਆ ਕਬੀਰ ਜੀ ਨੇ ਸਾਰੀ ਉਮਰ ਆਰਥਿਕ ਤੰਗੀ ਵਿਚ ਕੱਟੀ, ਇਕ ਪਾਸੇ ਪਰਿਵਾਰ ਪਾਲਣਾ ਤੇ ਦੂਜੇ ਪਾਸੇ ਭਗਤਾਂ, ਸੰਤਾਂ ਤੇ ਮਹਾਤਮਾ ਦੀ ਸੇਵਾ ਕਰਨੀ ਬਹੁਤ ਕਠਿਨ ਸੀ। ਕਬੀਰ ਜੀ ਸਮੇਤ ਸਾਰਾ ਪਰਿਵਾਰ ਘਰ ਵਿਚ ਕੱਪੜਾ ਬੁਣਨ ਦਾ ਕੰਮ ਕਰਦਾ ਸੀ। ਉਨ੍ਹਾਂ ਘਰ ਵਿਚ ਖੱਡੀ ਲਾਈ ਹੋਈ ਸੀ।

ਉਸ ਜ਼ਮਾਨੇ ਵਿਚ ਕਾਸ਼ੀ ਵਿਦਵਾਨਾਂ ਦਾ ਗੜ੍ਹ ਸੀ। ਸਾਰੇ ਉੱਚ ਵਿੱਦਿਆ ਲੈਣ ਵਾਸਤੇ ਕਾਸ਼ੀ ਜਾਂਦੇ ਸਨ। ਵੱਖ-ਵੱਖ ਵਿਦਵਾਨਾਂ ਦਾ ਸੰਗ ਹੋਣ ਕਰਕੇ ਭਗਤ ਕਬੀਰ ਚੰਗੇ ਅਲੋਚਕ ਬਣ ਗਏ। ਆਪ ਨੇ ਗੁਸਾਈਂ ਭਗਤ ਰਾਮਾ ਨੰਦ ਨੂੰ ਆਪਣਾ ਗੁਰੂ ਬਣਾਇਆ। ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ 541 ਸ਼ਬਦ ਸ਼ਾਮਿਲ ਹਨ। ਭਗਤ ਰਾਮਾ ਨੰਦ ਬ੍ਰਾਹਮਣ ਸਨ ਤੇ ਭਗਤ ਕਬੀਰ ਜੀ ਜੁਲਾਹੇ। ਭਗਤ ਕਬੀਰ ਜੀ ਨੇ ਇਹ ਮੰਨਿਆ ਸੀ ਕਿ ਭਗਤ ਰਾਮਾ ਨੰਦ ਦੇ ਮਿਲਣ ਨਾਲ ਉਨ੍ਹਾਂ ਦੇ ਸਾਰੇ ਦੁੱਖ ਦੂਰ ਹੋ ਗਏ। ਗੁਰੂ ਅਰਜਨ ਦੇਵ ਜੀ ਨੇ ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਭਗਤਾਂ ਦੀ ਬਾਣੀ ਦਰਜ ਕੀਤੀ ਉਹ ਸਾਰੀ ਗੁਰੂ ਆਸ਼ੇ ਮੁਤਾਬਿਕ ਉਚਾਰੀ ਗਈ ਸੀ। ਭਗਤਾਂ ਦੀ ਬਾਣੀ ਉਨ੍ਹਾਂ ਦੇ ਨਿੱਜੀ ਅਨੁਭਵ ਦੀ ਪ੍ਰਤੀਕ ਹੈ। ਉਨ੍ਹਾਂ ਨਾਲ ਜੀਵਨ ਵਿਚ ਜੋ ਬੀਤੀ ਉਨ੍ਹਾਂ ਨੇ ਸਮਾਜ ਨੂੰ ਤੇ ਉਸ ਦੇ ਲੋਕਾਂ ਨੂੰ ਜਿਸ ਦ੍ਰਿਸ਼ਟੀ ਨਾਲ ਵੇਖਿਆ ਉਸ ਮੁਤਾਬਿਕ ਉਨ੍ਹਾਂ ਨੇ ਬਾਣੀਦਾ ਉਚਾਰਨ ਕੀਤਾ। ਭਗਤ ਕਬੀਰ ਨੇ ਤਾਂ ਅਵਤਾਰ ਪੂਜਾ ਨੂੰ ਵੀ ਨਹੀਂ ਮੰਨਿਆ ਤੇ ਭੇਖ ਦਾ ਖੰਡਨ ਕੀਤਾ ਉਨ੍ਹਾਂ ਕਿਹਾ ਕਿ....

ਗਲੀ ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥

ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮਨੁੱਖ ਨੂੰ ਵਿਹਲੇ ਬੈਠ ਕੇ ਤੇ ਕੁਝ ਮੰਗ ਕੇ ਖਾ ਲੈਣ ਨਾਲੋਂ ਕੰਮਕਾਜ ਕਰਕੇ ਹੀ ਉਸ ਦਾ ਨਾਂਅ ਲੈਂਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਫੋਕੇ ਅਡੰਬਰਾਂ ਨੂੰ ਤਿਆਗਣ 'ਤੇ ਜ਼ੋਰ ਦਿੱਤਾ। ਉਹ ਸਪੱਸ਼ਟਵਾਦੀ ਸਨ।

(ਬਾਕੀ ਅਗਲੇ ਸੋਮਵਾਰ)

# ਭਾਗ ਦੂਜਾ

ਪਿੱਛੇ ਅਸੀਂ ਉਨ੍ਹਾਂ ਭਗਤਾਂ ਦੇ ਜੀਵਨ, ਬਾਣੀ ਤੇ ਮੱਤ ਵਰਣਨ ਕਰ ਆਏ ਹਾਂ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

ਇਸ ਭਾਗ ਵਿਚ ਅਦਵੈਤਵਾਦ ਦੇ ਮਹਾਨ ਪ੍ਰਚਾਰਕ, ਸੰਨਿਆਸੀ ਅਤੇ ਭਾਸ਼ਕਾਰ ਸ੍ਰੀ ਸ਼ੰਕਰਾਚਾਰਯ ਦਾ ਜ਼ਿਕਰ ਕਰਦੇ ਹਾਂ, ਜਿਨ੍ਹਾਂ ਨੇ ਭਾਰਤ ਵਿਚੋਂ ਜੈਨ, ਬੁਧ, ਸ਼ੈਵ, ਤਾਂਤ੍ਰਿਕ ਮੱਤਾਂ ਦਾ ਅੰਤ ਕੀਤਾ। ਉਸ ਤੋਂ ਬਾਅਦ ਦੱਖਣ 'ਚੋਂ ਭਗਤੀ ਦੀ ਲਹਿਰ ਉਠੀ, ਜਿਸ ਨੇ ਸਾਰੇ ਦੇਸ਼ ਉਤੇ ਅਸਰ ਪਾਇਆ। ਵੈਸ਼ਨਵ ਸੰਪਰਦਾਵਾਂ ਦਾ ਜਨਮ ਹੋਇਆ। ਸ਼ੰਕਰ ਦੇ ਨਾਲ ਵੈਸ਼ਨਵ ਸੰਤਾਂ, ਭਗਤਾਂ ਅਤੇ ਆਚਾਰਯਾਂ ਦੇ ਸੰਖੇਪ ਜੀਵਨ ਤੇ ਮੱਤਾਂ ਨੂੰ ਵੀ ਬਿਆਨ ਕੀਤਾ ਗਿਆ ਹੈ।

# ਭਗਤ ਦਰਸ਼ਨ



ਗਿਆਨੀ ਪ੍ਰਤਾਪ ਸਿੰਘ

# ਸ੍ਰੀ ਸ਼ੰਕਰਾਚਾਰਯ

ਜੀਵਨ ਦੀ ਪਵਿੱਤ੍ਰਤਾ, ਆਤਮ ਗਿਆਨ, ਮਹਾਨ ਤਪ, ਤਿਆਗ ਅਤੇ ਸੰਨਿਆਸੀ ਹੋਣ ਕਰਕੇ ਹਿੰਦੂ ਧਰਮ ਵਿਚ ਸ੍ਰੀ ਸ਼ੰਕਰਾਚਾਰਯ ਨੂੰ ਸ਼ਿਵਜੀ ਦਾ ਅਵਤਾਰ ਮੰਨਿਆ ਜਾਂਦਾ ਹੈ।

ਇਸ ਦਾ ਦੂਸਰਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਸ਼ਿਵ ਸੰਸਾਰ ਦਾ ਦੇਵਤਾ ਮੰਨਿਆ ਗਿਆ ਹੈ। ਸ਼ੰਕਰ ਨੇ ਭਾਰਤ ਵਿਚੋਂ ਜੈਨ, ਬੁੱਧ, ਸੁੰਨਵਾਦੀ, ਸ਼ੈਵ, ਤਾਂਤ੍ਰਿਕ ਅਤੇ ਨਾਸਤਕ ਮੱਤਾਂ ਦਾ ਖੰਡਨ ਕਰ ਕੇ ਉਨ੍ਹਾਂ ਦਾ ਖ਼ਾਤਮਾ ਕੀਤਾ ਹੈ। ਇਸ ਲਈ ਸ਼ੰਕਰ ਨੂੰ ਸ਼ਿਵ ਦੀ ਉਪਮਾ ਦਿੱਤੀ ਗਈ ਹੈ।

ਸ਼ੰਕਰ ਨੇ ਵੇਦ, ਉਪਨਿਸ਼ਦ ਤੇ ਵੇਦਾਂਤ ਦੇ ਪ੍ਰਚਾਰ ਨੂੰ ਮੁੜ ਸੁਰਜੀਤ ਤੇ ਸਨਾਤਨ ਧਰਮ ਦੀ ਵਰਣ ਆਸ਼ਰਮ ਦੀ ਮਰਯਾਦਾ ਨੂੰ ਕਾਇਮ ਕੀਤਾ ਹੈ। ਇਸ ਲਈ ਉਨ੍ਹਾਂ ਨੂੰ ਆਚਾਰਯ, ਦਿਗ ਵਿਜਈ ਤੇ 'ਜਗਤ ਗੁਰੂ' ਦੀ ਪਦਵੀ ਨਾਲ ਯਾਦ ਕੀਤਾ ਜਾਂਦਾ ਹੈ।

### ਜਨਮ

ਸ਼ੰਕਰਾਚਾਰਯ ਦਾ ਜਨਮ ਸ਼ਿਵ ਗੁਰੂ ਬ੍ਰਾਹਮਣ ਦੇ ਘਰ ਮਾਤਾ ਵਿਸ਼ਿਸ਼ਟਾ ਤੋਂ ਪਿੰਡ ਕਾਲਪੀ (ਮਾਲਾ ਬਾਰ) ਵਿਚ ਸੰਮਤ ੮੪੬ ਬਿਕ੍ਰਮੀ (ਸੰਨ ੭੮੮ ਈ:) ਵਿਚ ਹੋਇਆ।

ਇਨ੍ਹਾਂ ਦੇ ਜਨਮ ਸੰਮਤ ਬਾਰੇ ਇਤਿਹਾਸਕਾਰਾਂ ਵਿਚ ਮੱਤਭੇਦ ਹੈ। ਕਈ ਲੇਖਕ ਜਨਮ ਮਸੀਹ ਤੋਂ ਚਾਰ ਪੰਜ ਸੌ ਸਾਲ ਪਹਿਲੇ ਦੱਸਦੇ ਹਨ। ਪਰ ਇਹ ਮਨੌਤ ਦਰੁਸਤ ਨਹੀਂ। ਕਿਉਂਕਿ ੩੦੦ ਈ: ਵਿਚ ਤਾਂ ਬੁੱਧ ਮੱਤ ਦਾ ਸਭ ਤੋਂ ਵੱਡਾ ਪ੍ਰਚਾਰਕ ਮਹਾਰਾਜਾ ਅਸ਼ੋਕ ਹੋਇਆ ਹੈ,[੧] ਜਿਸ ਨੇ ਦੇਸ਼ ਤੇ ਵਿਦੇਸ਼ਾਂ ਵਿਚ ਬੁੱਧ ਮੱਤ ਦਾ ਪ੍ਰਚਾਰ ਕੀਤਾ; ਸ਼ੰਕਰ ਤਾਂ ਉਸ ਦੇ ਬਾਅਦ ਹੀ ਹੋਏ ਹਨ। ਇਸ ਲਈ ਉਨ੍ਹਾਂ ਦਾ ਜਨਮ ਸੰਮਤ ੮੪੬ ਬਿਕ੍ਰਮੀ ਠੀਕ ਹੈ।

ਉਹ ਛੋਟੀ ਉਮਰ ਦੇ ਸਨ ਕਿ ਪਿਤਾ ਗੁਜ਼ਰ ਗਿਆ। ਯੋਗ ਮਾਤਾ ਨੇ ਉਨ੍ਹਾਂ ਦੀ ਬੜੀ ਚੰਗੀ ਤਰ੍ਹਾਂ ਪਾਲਨਾ ਕੀਤੀ ਤੇ ਅਰੰਭਕ ਸਿਖਿਆ ਦਿੱਤੀ।

---

੧. ਰਾਜਾ ਰਾਮ ਲਿਖਤ *ਸ਼ੰਕਰਾਚਾਰਯ*, ਪੰਨਾ ੩੩-੩੪।

## ਵਿਦਿਆ ਪ੍ਰਾਪਤੀ ਤੇ ਸੰਨਿਆਸ

ਸ਼ੰਕਰ ਨੇ ਛੋਟੀ ਉਮਰ ਵਿਚ ਹੀ ਗੌੜ ਪਾਦ ਦੇ ਉਤਰਾਧਿਕਾਰੀ ਗੋਵਿੰਦ ਸੁਆਮੀ ਤੋਂ ਦੀਖਿਆ ਲੈ ਕੇ ਸੰਨਿਆਸ ਧਾਰਨ ਕਰ ਲਿਆ। ਉਹ ਆਪ ਉੱਚੀ ਕੁਲ ਦੇ ਬ੍ਰਾਹਮਣ ਸਨ। ਬੁੱਧੀ ਬੜੀ ਤੀਖਣ ਸੀ। ਇਸ ਲਈ ਗੁਰੂ ਤੋਂ ਵੇਦ, ਉਪਨਿਸ਼ਦ, ਗੀਤਾ ਤੇ ਸ਼ਾਸਤ੍ਰ ਪੜ੍ਹੇ। ਨਿੱਕੀ ਉਮਰ ਵਿਚ ਹੀ ਚੰਗੇ ਵਿਦਵਾਨ ਹੋ ਗਏ। ਕਈ ਲੇਖਕਾਂ ਨੇ ਕੁਮਾਰਲ ਭੱਟ ਨੂੰ ਵੀ ਸ਼ੰਕਰ ਦਾ ਗੁਰੂ ਲਿਖਿਆ ਹੈ ਪਰ ਇਹ ਗੱਲ ਦਰੁਸਤ ਨਹੀਂ, ਕਿਉਂਕਿ ਕੁਮਾਰਲ ਭੱਟ ਮੀਮਾਂਸਕ ਸੀ ਅਤੇ ਸ਼ੰਕਰ ਵੇਦਾਂਤੀ ਸਨ।

ਇਹ ਬੜੇ ਵਚਿਤ੍ਰ ਬੁੱਧੀ ਦੇ ਵਿਚਾਰਵਾਨ, ਵਿਦਵਾਨ, ਤਿਆਗੀ ਤੇ ਸੰਨਿਆਸੀ ਸਨ। ਇਨ੍ਹਾਂ ਦੇ ਉੱਤਮ ਗੁਣਾਂ ਦਾ ਪਤਾ ਮਾਲਾਬਾਰ ਦੇ ਰਾਜੇ ਰਾਜ ਸ਼ੇਖਰ ਨੂੰ ਲੱਗਾ। ਉਸ ਨੇ ਬਹੁਤ ਸਾਰੀ ਭੇਟਾ ਦੇ ਕੇ ਆਪਣੇ ਵਜ਼ੀਰ ਨੂੰ ਸ੍ਰੀ ਸ਼ੰਕਰਾਚਾਰਯ ਦੀ ਸੇਵਾ ਵਿਚ ਭੇਜਿਆ ਪਰ ਇਨ੍ਹਾਂ ਨੇ ਉਹ ਭੇਟਾ ਕਬੂਲ ਨਹੀਂ ਕੀਤੀ ਅਤੇ ਕਿਹਾ, "ਬ੍ਰਹਮਚਾਰੀਆਂ ਅਤੇ ਸੰਨਿਆਸੀਆਂ ਲਈ ਭਿਖਿਆ ਹੀ ਭੋਜਨ ਹੈ। ਮ੍ਰਿਗ ਸ਼ਾਲਾ ਹੀ ਬਸਤ੍ਰ ਹੈ। ਵੇਦ ਵਿਧਿ ਅਨੁਸਾਰ ਪੂਜਾ ਪਾਠ ਤੇ ਸੰਧਿਆ ਕਰਨੀ ਹੀ ਮੁਖ ਸਾਧਨ ਹਨ। ਇਨ੍ਹਾਂ ਨੂੰ ਛੱਡ ਕੇ ਅਸੀਂ ਸੋਨਾ, ਚਾਂਦੀ, ਹਾਥੀ, ਘੋੜੇ ਆਦਿਕ ਲੈ ਕੇ ਕੀ ਕਰਨੇ ਹਨ !"

ਸ਼ੰਕਰ ਦੇ ਇਸ ਤਿਆਗ ਦਾ ਰਾਜੇ ਉੱਤੇ ਬਹੁਤ ਪ੍ਰਭਾਵ ਪਿਆ।

## ਕਾਸ਼ੀ ਵਿਚ ਪ੍ਰਚਾਰ

ਵਿਦਿਆ ਪੜ੍ਹਨ ਦੇ ਬਾਅਦ ਸ੍ਰੀ ਸ਼ੰਕਰਾਚਾਰਯ ਨੇ ਹਿੰਦੂ ਧਰਮ ਤੇ ਸੰਸਕ੍ਰਿਤ ਦੇ ਕੇਂਦਰ ਕਾਸ਼ੀ ਵਿਚ ਬੈਠ ਕੇ ਵੇਦਾਂਤ ਦੇ ਅਦਵੈਤਵਾਦ ਦਾ ਪ੍ਰਚਾਰ ਸ਼ੁਰੂ ਕੀਤਾ। ਇਸ ਦੇ ਨਾਲ ਬੁੱਧ, ਸ਼ੈਵ ਤੇ ਤਾਂਤ੍ਰਿਕ ਮੱਤਾਂ—ਜਿਨ੍ਹਾਂ ਵਿਚ ਸ਼ਕਤੀ ਦੀ ਉਪਾਸ਼ਨਾ ਸੀ, ਮਾਸ ਸ਼ਰਾਬ ਦੀ ਵਰਤੋਂ ਤੇ ਗੁਪਤ ਵਿਭਚਾਰ ਹੁੰਦਾ ਸੀ, ਉਨ੍ਹਾਂ ਦਾ ਜ਼ੋਰਦਾਰ ਖੰਡਨ ਕੀਤਾ। ਜਿਸਦਾ ਲੋਕਾਂ ਉੱਤੇ ਬਹੁਤ ਚੰਗਾ ਪ੍ਰਭਾਵ ਪਿਆ। ਕਈ ਨੌਜਵਾਨ ਇਨ੍ਹਾਂ ਦੇ ਚੇਲੇ ਬਣ ਗਏ। ਉਸ ਵਕਤ ਇਸਲਾਮ ਭਾਰਤ ਵਿਚ ਆ ਚੁੱਕਾ ਸੀ।

## ਜਿੱਤਾਂ

ਸ਼ੰਕਰ ਨੇ ਮਗਧ ਦੀ ਰਾਜਧਾਨੀ ਮਹਿਸਮਤੀ ਵਿਚ ਪ੍ਰਸਿੱਧ ਪੰਡਤ ਮੰਡਨ ਮਿਸਰ ਅਤੇ ਉਸ ਦੀ ਵਿਦਵਾਨ ਪਤਨੀ ਭਾਰਤੀ ਨਾਲ ਸ਼ਾਸਤ੍ਰਾਰਥ ਕਰ ਕੇ ਉਨ੍ਹਾਂ ਨੂੰ ਹਰਾਇਆ। ਮੰਡਨ ਮਿਸਰ ਤੇ ਉਸ ਦੀ ਪਤਨੀ ਚੇਲੇ ਬਣ ਗਏ। ਮੰਡਨ ਮਿਸਰ ਦਾ ਨਾਂ ਸੁਰੇਸ਼੍ਵਰਾਚਾਰਯ ਰੱਖਿਆ ਗਿਆ। ਉਹ ਪਤਨੀ ਸਮੇਤ ਅਦਵੈਤਵਾਦ ਦਾ ਪ੍ਰਚਾਰ ਕਰਨ ਲੱਗ ਪਿਆ। ਇਸ ਨਾਲ ਸ਼ੰਕਰ ਦੀ ਸ਼ੁਹਰਤ ਸਾਰੇ ਦੇਸ਼ ਵਿਚ ਬਹੁਤ ਵਧ ਗਈ।

ਇਤਿਹਾਸਕਾਰ ਲਿਖਦੇ ਹਨ ਕਿ ਇਕ ਵੇਰ ਸ੍ਰੀ ਸ਼ੰਕਰ ਦੱਖਣ ਵਿਚ ਪ੍ਰਚਾਰ ਕਰ ਰਹੇ ਸਨ ਕਿ ਇਕ ਭੈਰਵ ਮੱਤ ਦਾ ਸਾਧੂ ਇਨ੍ਹਾਂ ਨੂੰ ਸਮਾਧੀ ਵਿਚ ਵੇਖ ਕੇ ਮਾਰਨ ਲੱਗਾ, ਕਿਉਂਕਿ ਉਹ ਸ਼ੈਵ ਮੱਤ ਅਤੇ ਭੈਰਵ ਮੱਤ ਦੇ ਵਿਰੁੱਧ ਪ੍ਰਚਾਰ ਅਤੇ ਖੰਡਨ

ਕਰਦੇ ਸਨ। ਉਸ ਵਕਤ ਸ਼ੰਕਰ ਦੇ ਨਾਲ ਇਕ ਸੇਵਕ ਪਦਮ ਪਾਦ ਸੀ। ਉਸ ਨੇ ਇਨ੍ਹਾਂ ਦੀ ਰੱਖਿਆ ਕੀਤੀ। ਵਿਰੋਧੀ ਦੇ ਹਮਲੇ ਤੋਂ ਬਚਾਅ ਲਿਆ।

ਇਸ ਘਟਨਾ ਦੇ ਬਾਅਦ ਦੱਖਣ ਦਾ ਰਾਜਾ ਉਨ੍ਹਾਂ ਦਾ ਸਿਖ ਬਣ ਗਿਆ। ਉਹੀ ਉਨ੍ਹਾਂ ਦੀ ਰੱਖਿਆ ਤੇ ਸੇਵਾ-ਸੰਭਾਲ ਦਾ ਪ੍ਰਬੰਧ ਕਰਦਾ ਸੀ।

ਡਾਸਨ ਨੇ ਲਿਖਿਆ ਹੈ ਕਿ ਸ਼ੰਕਰ ਨਾਲ ਤਿੰਨ ਹਜ਼ਾਰ ਸੰਨਿਆਸੀ ਰਹਿੰਦੇ ਸਨ। ਬੋਧਾਂ ਨਾਲ ਸ਼ਾਸਤ੍ਰਾਰਥ ਕਰ ਕੇ ਜਿੱਤ ਪ੍ਰਾਪਤ ਕਰਨ ਦੇ ਬਾਅਦ ਕਈ ਹਾਰਿਆਂ ਨੂੰ ਮਾਰ ਦਿੰਦੇ ਸਨ।

ਇਨ੍ਹਾਂ ਨੇ ਕਈ ਥਾਈਂ ਬੋਧਾਂ, ਸ਼ਾਕਤਾਂ ਤੇ ਨਾਸਤਕਾਂ ਦੇ ਵਿਦਵਾਨਾਂ ਨਾਲ ਬਹਿਸ, ਵਾਦ-ਵਿਵਾਦ ਤੇ ਸ਼ਾਸਤ੍ਰਾਰਥ ਕਰ ਕੇ ਜਿੱਤਾਂ ਪ੍ਰਾਪਤ ਕੀਤੀਆਂ, ਉਨ੍ਹਾਂ ਦਾ ਜ਼ਿਕਰ ਮਾਧਵਾਚਾਰਯ ਨੇ *ਸ਼ੰਕਰ ਦਿਗ ਵਿਜਯ* ਨਾਮੀ ਗ੍ਰੰਥ ਵਿਚ ਕੀਤਾ ਹੈ।

ਸ਼ੰਕਰ ਨੇ ਸੰਨਿਆਸੀ ਦੇ ਰੂਪ ਵਿਚ ਮਾਲਾਬਾਰ ਤੋਂ ਚੱਲ ਕੇ ਸਾਰੇ ਦੇਸ਼ ਦੇ ਤੀਰਥਾਂ ਉੱਤੇ ਫਿਰ ਕੇ ਹਿੰਦੂ ਧਰਮ ਅਤੇ ਅਦਵੈਤਵਾਦ ਦਾ ਪ੍ਰਚਾਰ ਕੀਤਾ। ਦੱਖਣ ਤੋਂ ਲੈ ਕੇ ਅਮਰ ਨਾਥ (ਕਸ਼ਮੀਰ) ਤੀਕ ਦੀ ਯਾਤਰਾ ਕੀਤੀ। ਸ਼ਾਸਤ੍ਰਾਰਥ ਕਰ ਕੇ ਜਨਤਾ ਉੱਤੇ ਬਹੁਤ ਪ੍ਰਭਾਵ ਪਾਇਆ।

**ਸ਼ੰਕਰ ਦਾ ਅਦਵੈਤਵਾਦ**

(੧) 'ਬ੍ਰਹਮ ਸਤਯੰ ਜਗਤ ਮਿਥਿਆ' ਭਾਵ ਬ੍ਰਹਮ ਇਕ ਹੈ। ਉਹੀ ਸਤ-ਚਿਤ-ਆਨੰਦ ਸਰੂਪ ਹੈ। ਸ੍ਰਿਸ਼ਟੀ ਦੇ ਪਦਾਰਥਾਂ ਵਿਚ ਜੋ ਅਨੇਕਤਾ ਪ੍ਰਤੀਤ ਹੁੰਦੀ ਹੈ, ਉਹ ਭਰਮ ਹੈ। ਸਾਰੇ ਇਕੋ ਸ਼ੁੱਧ ਬ੍ਰਹਮ ਹੈ।

(੨) ਜੀਵਾਤਮਾ ਪਾਰਬ੍ਰਹਮ ਦਾ ਸਰੂਪ ਹੈ। ਅਗਿਆਨ ਕਰ ਕੇ ਜੀਵ ਆਪਣੇ ਆਪ ਨੂੰ ਪਰਮਾਤਮਾ ਤੋਂ ਭਿੰਨ ਸਮਝਦਾ ਹੈ। ਵਾਸਤਵ ਵਿਚ ਉਸ ਦਾ ਸਰੂਪ ਹੈ। ਆਤਮਾ ਸਤ ਹੈ। ਇਸ ਨੂੰ ਕੋਈ ਦੁੱਖ ਸੁੱਖ ਨਹੀਂ ਹੁੰਦਾ। ਜਿਸ ਤਰ੍ਹਾਂ ਚੰਦ੍ਰਮਾ ਇਕ ਹੈ, ਪਰ ਵੱਖੋ ਵੱਖ ਘੜਿਆਂ ਵਿਚ ਭਿੰਨ ਪ੍ਰਤੀਤ ਹੁੰਦਾ ਹੈ, ਇਸੇ ਤਰ੍ਹਾਂ ਆਤਮਾ ਸਾਰੇ ਸਰੀਰਾਂ ਵਿਚ ਵੱਖ ਵੱਖ ਪ੍ਰਤੀਤ ਹੁੰਦਾ ਹੈ। ਪਰ ਹੈ ਇਕੋ ਹੀ।[੧]

ਪਾਵਨ ਗੁਰਬਾਣੀ ਦਾ ਵੀ ਵਾਕ ਹੈ:

**ਜੋ ਦੀਸੈ ਸੋ ਤੇਰਾ ਰੂਪੁ ॥ ਗੁਣ ਨਿਧਾਨ ਗੋਵਿੰਦ ਅਨੂਪ ॥**

*(ਤਿਲੰਗ ਮਹਲਾ ੫, ਪੰਨਾ ੭੨੪)*

(੩) ਜਗਤ ਮਿਥਿਆ ਹੈ। ਉਸ ਦੀ ਆਪਣੀ ਕੋਈ ਸੱਤਾ ਨਹੀਂ। ਨਾਮ ਰੂਪ ਕਰਕੇ ਪ੍ਰਤੀਤ ਹੁੰਦੀਆਂ ਸਾਰੀਆਂ ਚੀਜ਼ਾਂ ਭਰਮ ਜਾਂ ਅਗਿਆਨ ਕਰਕੇ ਪ੍ਰਤੀਤ ਹੁੰਦੀਆਂ ਹਨ। ਇਕੋ ਚੇਤੰਨ ਬ੍ਰਹਮ ਹੀ ਸਤ ਅਤੇ ਪਰਮ ਤੱਤ ਹੈ।

(੪) ਜਦ ਤੀਕ ਜੀਵ ਨੂੰ ਸਵੈ-ਸਰੂਪ ਦਾ ਗਿਆਨ ਨਹੀਂ ਹੁੰਦਾ, ਤਦ ਤੀਕ ਉਹ ਆਵਾਗਉਣ ਤੇ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ। ਗਿਆਨ

---

੧. ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦ੍ਰਮਾ ॥
ਪਰਗਟੁ ਥੀਆ ਆਪਿ ਨਾਨਕ ਮਸਤਕਿ ਲਿਖਿਆ ॥ *(ਵਾਰ ਡਖਣੇ ਮ: ੫, ਪੰਨਾ ੧੦੯੯)*

ਨਾਲ ਮੁਕਤੀ ਪ੍ਰਾਪਤ ਹੁੰਦੀ ਹੈ। ਗਿਆਨ ਹੋਣ ਉਪਰ ਕਰਮ ਨਾਸ ਹੋ ਜਾਂਦੇ ਹਨ।[1]

ਗਿਆਨ ਅੰਤਹਕਰਨ ਦੀ ਪਵਿੱਤ੍ਰਤਾ ਨਾਲ ਪ੍ਰਾਪਤ ਹੁੰਦਾ ਹੈ। ਉਸ ਲਈ ਕਰਮ ਅਤੇ ਉਪਾਸ਼ਨਾ ਜ਼ਰੂਰੀ ਹਨ। ਜਿਹੜੇ ਕਰਮ ਫਲ ਦੀ ਇੱਛਾ ਰੱਖ ਕੇ ਕੀਤੇ ਜਾਂਦੇ ਹਨ, ਉਹ ਆਵਾਗਉਣ ਦਾ ਕਾਰਨ ਬਣਦੇ ਹਨ। ਮਾੜੇ ਕਰਮਾਂ ਕਰ ਕੇ ਜੀਵ ਪਸ਼ੂ ਪੰਛੀ ਆਦਿਕ ਜੂਨੀਆਂ ਵਿਚ ਪੈਂਦਾ ਹੈ।

(੫) ਜਿਨ੍ਹਾਂ ਨੇ ਸਰਗੁਣ ਬ੍ਰਹਮ ਦੀ ਉਪਾਸ਼ਨਾ ਕਰ ਕੇ ਪਰਮੇਸ਼ਰ ਨਾਲ ਏਕਤਾ ਪ੍ਰਾਪਤ ਕਰ ਲਈ ਹੈ, ਜਿਨ੍ਹਾਂ ਦਾ ਮਨ ਸਥਿਰ ਹੈ, ਉਨ੍ਹਾਂ ਦਾ ਐਸ਼੍ਵਰਜ ਅਸੀਮ ਹੈ। ਉਨ੍ਹਾਂ ਨੇ ਸਵੈ-ਰਾਜ ਪ੍ਰਾਪਤ ਕਰ ਲਿਆ ਹੈ।[2]

(੬) ਜੀਵਾਤਮਾ ਦੀਆਂ ਚਾਰ ਅਵਸਥਾ ਹਨ—ਜਾਗ੍ਰਿਤ, ਸੁਪਨ, ਸ਼ਸ਼ੋਪਤਿ ਅਤੇ ਤੁਰੀਆ। ਜਾਗ੍ਰਿਤ ਵਿਚ ਸਥੂਲ ਜਗਤ ਨੂੰ ਇੰਦ੍ਰੀਆਂ ਰਾਹੀਂ ਵੇਖਦਾ ਹੈ ਤੇ ਉਸ ਦੇ ਵਿਸ਼ਿਆਂ ਨੂੰ ਭੋਗਦਾ ਹੈ। ਸੁਪਨ ਵਿਚ ਉਹ ਬਾਹਰਮੁਖੀ ਜਗਤ ਦੇ ਦ੍ਰਿਸ਼ਾਂ ਨੂੰ ਨਹੀਂ ਵੇਖਦਾ ਪਰ ਅੰਤਰਮੁਖੀ ਹੋ ਕੇ ਉਨ੍ਹਾਂ ਨੂੰ ਮਨ ਦੀ ਵਾਸ਼ਨਾ ਦੁਆਰਾ ਭੋਗਦਾ ਹੈ। ਸ਼ਸ਼ੋਪਤਿ ਵਿਚ ਨਾ ਉਹ ਬਾਹਰਮੁਖੀ ਤੇ ਨਾ ਅੰਤਰਮੁਖੀ ਦੇਖਦਾ ਹੈ! ਆਪਣੇ ਸਰੂਪ ਵਿਚ ਆਨੰਦ ਨੂੰ ਅਨੁਭਵ ਕਰਦਾ ਹੈ। ਮੈਂ 'ਹਾਂ' ਦਾ ਖ਼ਿਆਲ ਸ਼ਸ਼ੋਪਤਿ ਵਿਚ ਨਹੀਂ ਰਹਿੰਦਾ। ਪਰ ਇਸ ਅਵਸਥਾ ਵਿਚ ਅਵਿਦਿਆ ਬਣੀ ਰਹਿੰਦੀ ਹੈ।

ਚੌਥੀ ਅਵਸਥਾ ਤੁਰੀਆ ਹੈ। ਜਿਸ ਵਿਚ ਪਹਿਲੀਆਂ ਤਿੰਨ ਅਵਸਥਾਂ ਦਾ ਭੇਦ ਮਿਟ ਜਾਂਦਾ ਹੈ। ਕੇਵਲ ਆਤਮ ਸਰੂਪ ਅਦਵੈਤ ਹੀ ਰਹਿ ਜਾਂਦਾ ਹੈ। ਇਸ ਨੂੰ ਕੋਈ ਵਿਰਲਾ ਹੀ ਪ੍ਰਾਪਤ ਕਰਦਾ ਹੈ।[3]

(੭) ਸ਼ੰਕਰ ਨੇ ਮੁਕਤੀ ਦੇ ਚਾਰ ਸਾਧਨ ਮੰਨੇ ਹਨ:

(ੳ) ਨਿਤ ਅਨਿਤ ਦਾ ਭੇਦ ਸਮਝਣਾ।

(ਅ) ਲੋਕ ਪ੍ਰਲੋਕ ਦੇ ਕਰਮਾਂ ਦੇ ਫਲ ਨੂੰ ਭੋਗਣ ਤੋਂ ਵੈਰਾਗ।

(ੲ) ਮਨ ਅਤੇ ਇੰਦ੍ਰੀਆਂ ਉਪਰ ਕਾਬੂ।

(ਸ) ਮੁਕਤੀ ਦੀ ਤੀਬਰ ਇੱਛਾ।

(੮) ਜੈਨ ਅਤੇ ਬੁੱਧ ਮੱਤ ਵਾਂਗੂ ਸ੍ਰੀ ਸ਼ੰਕਰ ਵੀ 'ਅਹਿੰਸਾ ਪਰਮੋ ਧਰਮਾ' ਦੇ ਸਿਧਾਂਤ ਨੂੰ ਮੰਨਦੇ ਸਨ।

(੯) ਸਾਰੇ ਦੁੱਖਾਂ ਦਾ ਕਾਰਨ ਅਗਿਆਨ ਹੈ।

ਦੁੱਖਾਂ ਦਾ ਮੂਲ ਕਾਰਨ ਅਵਿਦਿਆ ਕਿਥੋਂ ਆ ਗਈ ? ਇਸ ਦਾ ਉੱਤਰ ਦਿੰਦੇ ਹਨ, "ਵੇਦ ਅਤੇ ਉਪਨਿਸ਼ਦ ਬਿਆਨ ਕਰਦੇ ਹਨ, ਇਸ ਲਈ ਦਰੁਸਤ ਹੈ।"

---

੧. ਫਲ ਕਾਰਨ ਫੂਲੀ ਬਨਰਾਇ॥ ਫਲੁ ਲਾਗਾ ਤਬ ਫੂਲੁ ਬਿਲਾਇ॥
ਗਿਆਨੈ ਕਾਰਨ ਕਰਮ ਅਭਿਆਸੁ॥ ਗਿਆਨੁ ਭਇਆ ਤਹ ਕਰਮਹ ਨਾਸੁ॥
*(ਸ੍ਰੀ ਰਵਿਦਾਸ ਜੀ, ਭੈਰਉ, ਪੰਨਾ ੧੧੬੭)*

੨. *ਭਗਤੀ* ਕ੍ਰਿਤ ਸੁਆਮੀ ਵਿਵੇਕਾ ਨੰਦ, ਪੰਨਾ ੧੯।

੩. *ਸ਼ੰਕਰਾਚਾਰਯ* ਲਿਖਤ ਸ੍ਰੀ ਰਾਜਾ ਰਾਮ, ਪੰਨਾ ੩੭।
ਗੁਰਬਾਣੀ ਦਾ ਵਾਕ ਹੈ:
ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ॥ *(ਥਿਤੀ ਗਉੜੀ ਮ: ੫, ਪੰਨਾ ੨੯੭)*

ਜੇ ਜਗਤ ਮਿਥਿਆ ਹੈ ਤਾਂ ਪ੍ਰਤੀਤ ਹੁੰਦਾ ਕਿਉਂ ਹੈ? ਇਸ ਦਾ ਉੱਤਰ ਅਦਵੈਤਵਾਦ ਦਿੰਦਾ ਹੈ ਕਿ 'ਮਾਇਆ ਕਰਕੇ'।

ਮਾਇਆ ਕੀ ਹੈ? ਅਦਵੈਤਵਾਦੀ ਕਹਿੰਦੇ ਹਨ, "ਮਾਇਆ ਅਨਿਰ ਵਚਨੀ ਜਾਂ ਅਕਥਨੀਯ ਹੈ। ਇਹ ਦਿਸਦੀ ਹੈ, ਪਰ ਸਤ ਅਸਤ ਦਾ ਮਿਕਸਚਰ ਹੈ।" ਸ਼ੰਕਰ ਦ ਮੱਤ ਦਾ ਸਾਰੰਸ਼ ਇਹ ਹੈ:

**ਬ੍ਰਹਮ ਸਤਯੰ, ਜਗਤ ਮਿਥਿਆ ਜੀਵੋ ਬ੍ਰਮੇਵ ਨਾਪਰਾ।**

ਭਾਵ, ਬ੍ਰਹਮ ਸਤ, ਜਗਤ ਮਿਥਿਆ ਤੇ ਜੀਵ ਹੀ ਬ੍ਰਹਮ ਹੈ, ਇਸ ਤੋਂ ਬਿਨਾ ਹੋਰ ਕੁਝ ਨਹੀਂ। ਉਹ 'ਸਤਯੰ ਸ਼ਿਵੰ ਸੁੰਦਰੰ' ਹੈ।

ਸ਼ੰਕਰ ਨੇ ਜੈਨ ਅਤੇ ਬੁੱਧ ਮੱਤ ਦੇ ਨਾਸਤਕਵਾਦ ਨੂੰ 'ਬ੍ਰਹਮ ਸਤ ਹੈ' ਦੇ ਸਿਧਾਂਤ ਨਾਲ ਅਤੇ 'ਦੁੱਖ ਸਤ' ਅਰਥਾਤ 'ਸੰਸਾਰ ਦੁੱਖ ਰੂਪ ਹੈ' ਦੀ ਮਨੌਤ ਨੂੰ ਸਤ-ਚਿੱਤ-ਆਨੰਦ ਸਰੂਪ ਦੇ ਸਿਧਾਂਤ ਨਾਲ ਖੰਡਨ ਕੀਤਾ। ਜੀਵ ਈਸ਼ਵਰ ਦੀ ਏਕਤਾ ਨੂੰ 'ਅਹੰ ਬ੍ਰਹਮ ਅਸਮਿ' 'ਮੈਂ ਹੀ ਬ੍ਰਹਮ ਹਾਂ' ਅਤੇ 'ਤਤਵੰਮਸਿ' 'ਤੂੰ ਉਹੀ ਹੈਂ' ਸਿੱਧ ਕੀਤਾ। ਇਸ ਦਾ ਸੂਫ਼ੀ ਫ਼ਕੀਰਾਂ ਉੱਤੇ ਵੀ ਅਸਰ ਪਿਆ ਹੈ।

ਬੁੱਧ ਮੱਤ ਦਾ ਸਿਧਾਂਤ ਸੀ ਕਿ ਜਗਤ ਖਿਣ ਭੰਗਰ, ਨਾਸ਼ਵੰਤ ਤੇ ਬਲਦਣਹਾਰ ਹੈ। ਇਸ ਨੂੰ ਸ਼ੰਕਰ ਨੇ 'ਜਗਤ ਮਿਥਿਆ' ਦੱਸ ਕੇ ਅੱਧਾ ਕਬੂਲ ਕਰ ਲਿਆ। ਪਰ ਜਗਤ ਦਾ ਮੂਲ ਕਾਰਨ (ਬ੍ਰਹਮ) ਖਿਣ ਭੰਗਰ ਤੇ ਬਦਲਣਹਾਰ ਨਹੀਂ, ਦੱਸ ਕੇ ਬੁੱਧ ਦਾ ਖੰਡਨ ਕੀਤਾ।

ਸ਼ੰਕਰ ਦੇ ਪ੍ਰਚਾਰ ਨੂੰ ਸਫਲਤਾ ਇਸ ਲਈ ਹੋਈ ਕਿ ਉਸ ਵਕਤ ਭਾਰਤ ਉਪਰ ਅਰਬਾਂ ਅਤੇ ਤੁਰਕਾਂ ਦੇ ਹਮਲੇ ਸ਼ੁਰੂ ਹੋ ਗਏ ਸਨ। ਅਫ਼ਗਾਨਿਸਤਾਨ ਅਤੇ ਤਾਸ਼ਕੰਦ ਦੇ ਬੋਧੀ ਮੁਸਲਮਾਨ ਹੋ ਚੁੱਕੇ ਸਨ। ਬੋਧੀ ਰਾਜੇ ਦੇਸ਼ ਨੂੰ ਬਾਹਰਲੇ ਜਰਵਾਣਿਆਂ ਦੇ ਹਮਲਿਆਂ ਤੋਂ ਬਚਾਅ ਨਹੀਂ ਸਕੇ। ਇਸ ਲਈ ਜਨਤਾ ਨੇ ਉਸ ਮੱਤ ਨੂੰ ਤਿਆਗ ਦਿੱਤਾ। ਇਸ ਦੇ ਅੰਤਮ ਆਚਾਰਯ ਭਦਰਾਚਾਰਯ ਸੰਨ ੧੨੨੫ ਈ: ਵਿਚ ਦੇਸ਼ ਨੂੰ ਛੱਡ ਕੇ ਚਲੇ ਗਏ। ਮੁੜ ਇਹ ਮੱਤ ਭਾਰਤ ਵਿਚ ਸੁਰਜੀਤ ਨਹੀਂ ਹੋ ਸਕਿਆ। ਚੀਨ, ਜਾਪਾਨ, ਮਨਚੋਰੀਆ, ਮੰਗੋਲੀਆ, ਤਿੱਬਤ ਤੇ ਭੂਟਾਨ ਵਿਚ ਰਿਹਾ। 'ਬੁੱਧ' ਦੇ ਮਾਇਨੇ ਬੁੱਧੀਵਾਨ ਹਨ। ਪਰ ਭਾਰਤ ਵਿਚ 'ਬੁੱਧੂ' ਮੂਰਖ ਨੂੰ ਕਹਿਣ ਲੱਗ ਪਏ।

ਜਿਸ ਵਕਤ ਸ਼ੰਕਰ ਨੇ ਪ੍ਰਚਾਰ ਸ਼ੁਰੂ ਕੀਤਾ, ਉਸ ਵਕਤ ਭਾਰਤ ਵਿਚ ੩੬੪ ਨਿੱਕੇ ਮੋਟੇ ਮੱਤ ਪ੍ਰਚਲਤ ਸਨ, ਜਿਨ੍ਹਾਂ ਵਿਚੋਂ ੬੨ ਮੱਤਾਂ ਦਾ ਵਰਣਨ ਬੋਧ ਗ੍ਰੰਥਾਂ ਵਿਚ ਮਿਲਦਾ ਹੈ।[੧]

ਸ਼ੰਕਰ ਨੇ ਸਨਾਤਨ ਧਰਮ ਅਤੇ ਅਦਵੈਤਵਾਦ ਨੂੰ ਪ੍ਰਚਾਰ ਕੇ ਸਾਰੇ ਮੱਤਾਂ ਦਾ ਹੂੰਜਾ ਫੇਰ ਦਿੱਤਾ, ਜਿਸ ਕਰਕੇ ਉਨ੍ਹਾਂ ਨੂੰ ਜਗਤ ਗੁਰੂ ਅਤੇ ਮਹਾਨ ਆਚਾਰਯ ਮੰਨਿਆ ਜਾਂਦਾ ਹੈ।

ਕਹਿੰਦੇ ਹਨ ਕਿ ਸ੍ਰੀ ਸ਼ੰਕਰ ਦਸ ਚੇਲੇ ਰੋਜ਼ ਬਣਾਉਂਦੇ ਸਨ। ਉਨ੍ਹਾਂ ਨੂੰ ਧਰਮ ਪ੍ਰਚਾਰ ਲਈ ਭੇਜਦੇ ਸਨ।

---

੧. *ਵਿਸ਼ਵ ਤੇ ਧਰਮ ਪ੍ਰਵਰਤਕ*, ਲਿਖਤ ਰਘੁਨਾਥ ਸਿੰਘ।

ਸ਼ੰਕਰ ਅਦਵੈਤਵਾਦੀ ਅਤੇ ਗਿਆਨ ਮਾਰਗ ਦੇ ਪ੍ਰਚਾਰਕ ਸਨ। ਪਰ ਉਨ੍ਹਾਂ ਨੇ ਕਰਮ ਉਪਾਸ਼ਨਾ ਅਤੇ ਭਗਤੀ ਤੋਂ ਇਨਕਾਰ ਨਹੀਂ ਕੀਤਾ। ਸਾਕਾਰ ਪੂਜਾ, ਅਵਤਾਰਵਾਦ ਤੇ ਵਰਣਾਸ਼ਰਮ ਦੀ ਪੁਰਾਤਨ ਮਰਯਾਦਾ ਨੂੰ ਕਾਇਮ ਰੱਖਿਆ। ਉਸ ਦਾ ਖੰਡਨ ਨਹੀਂ ਕੀਤਾ।

ਸ਼ੰਕਰ ਦੇ ਪ੍ਰਚਾਰ ਨਾਲ ਦੇਸ਼ ਵਿਚੋਂ ਸੁੰਨਵਾਦੀ, ਬੁੱਧ, ਜੈਨ, ਤਾਂਤ੍ਰਿਕ ਤੇ ਸ਼ਾਕਤ ਮੱਤ, ਵਾਮ ਮਾਰਗ ਆਦਿਕ ਖ਼ਤਮ ਹੋ ਗਏ। ਦੱਖਣ ਵਿਚੋਂ ਭਗਤੀ ਦੀ ਇਕ ਲਹਿਰ ਚੱਲੀ, ਜਿਸ ਨੇ ਵੈਸ਼ਨਵ ਸੰਪਰਦਾਵਾਂ ਦੇ ਸੰਤਾਂ ਭਗਤਾਂ ਨੂੰ ਜਨਮ ਦਿੱਤਾ। ਉਨ੍ਹਾਂ ਨੇ ਦੇਸ਼ ਵਿਚ ਵਿਸ਼ਨੂੰ, ਸ੍ਰੀ ਰਾਮ ਤੇ ਕ੍ਰਿਸ਼ਨ ਦੀ ਪੂਜਾ ਤੇ ਅਵਤਾਰਵਾਦ ਨੂੰ ਪ੍ਰਚਾਰਿਆ। ਸੂਰਜ ਬੰਸੀ ਅਤੇ ਚੰਦਰ ਬੰਸੀ ਖੱਤਰੀ ਤੇ ਰਾਜਪੂਤ ਰਾਜਿਆਂ ਨੇ ਸ੍ਰੀ ਰਾਮ ਅਤੇ ਕ੍ਰਿਸ਼ਨ ਨੂੰ ਭਗਤੀ ਅਤੇ ਸ਼ਕਤੀ ਦਾ ਅਵਤਾਰ ਮੰਨ ਕੇ ਪ੍ਰੇਰਣਾ ਲਈ। ਰਾਮਾਇਣ, ਮਹਾਂਭਾਰਤ ਤੇ ਗੀਤਾ ਦੀ ਸਿਖਿਆ ਦੇ ਆਧਾਰ ਉਪਰ ਵਿਦੇਸ਼ੀ ਜਰਵਾਣਿਆਂ ਦੇ ਹਮਲਿਆਂ ਦਾ ਟਾਕਰਾ ਕਰਨ ਦਾ ਯਤਨ ਕੀਤਾ। ਹਿੰਦੂ ਧਰਮ ਮੁੜ ਸੁਰਜੀਤ ਹੋ ਗਿਆ।

ਭਗਤੀ ਲਹਿਰ ਦੇ ਸਮੇਂ ਹੀ ਪੰਜਾਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ, ਜਿਨ੍ਹਾਂ ਨੇ ੧ਓ ਤੇ ਨਿਰਾਕਾਰ ਸ੍ਰੀ ਵਾਹਿਗੁਰੂ ਦੀ ਪੂਜਾ ਦਾ ਪ੍ਰਚਾਰ, ਜ਼ਾਤ-ਪਾਤ ਤੇ ਛੂਤ-ਛਾਤ ਦਾ ਖੰਡਨ ਕੀਤਾ। ਦਸਾਂ ਸਤਿਗੁਰੂਆਂ ਨੇ ਭਗਤੀ, ਮਾਨਵ ਏਕਤਾ, ਨਿਸ਼ਕਾਮ ਸੇਵਾ, ਬੀਰਤਾ ਤੇ ਕੁਰਬਾਨੀ ਦੀ ਸਿਖਿਆ ਦਿੱਤੀ, ਜਿਸ ਦੇ ਫਲਸਰੂਪ ਸਿੱਖੀ ਨੇ ਮੱਧ ਏਸ਼ੀਆ ਵਿਚੋਂ ਆਉਣ ਵਾਲੇ ਜਰਵਾਣਿਆਂ ਦਾ ਮੂੰਹ ਮੋੜ ਦਿੱਤਾ। ਧਰਮ ਅਤੇ ਦੇਸ਼ ਦੀ ਰੱਖਿਆ ਕੀਤੀ।

## ਭਾਸ਼ ਲਿਖਣੇ

ਸ਼ੰਕਰ ਨੇ ਜਿਥੇ ਸਾਰੇ ਦੇਸ਼ ਵਿਚ ਫਿਰ ਕੇ ਨਾਸਤਕ ਮੱਤਾਂ ਨਾਲ ਬਹਿਸ ਮੁਬਾਹਸੇ ਕਰ ਕੇ ਆਪਣੀ ਵਿਦਵਤਾ ਦਾ ਪ੍ਰਭਾਵ ਪਾਇਆ, ਉਥੇ ਵੇਦ, ਉਪਨਿਸ਼ਦ ਤੇ ਗੀਤਾ ਦੇ ਭਾਸ਼ ਲਿਖ ਕੇ ਬਹੁਤ ਅਸਰ ਪੈਦਾ ਕੀਤਾ।

ਉਸ ਤੋਂ ਪਹਿਲੇ ਕਾਲੀ ਦਾਸ, ਭਵ ਭੂਤੀ, ਦਿਗ ਨਾਗ, ਧਰਮ ਕੀਰਤੀ ਤੇ ਗੌੜਾਪਾਦ ਆਦਿਕ ਅਨੇਕ ਵਿਦਵਾਨ, ਕਵੀ ਅਤੇ ਦਾਰਸ਼ਨਿਕ ਹੋਏ ਹਨ। ਪਰ ਸ਼ੰਕਰ ਨੇ ੧੧ ਉਪਨਿਸ਼ਦ ਅਤੇ ਵੇਦਾਂਤ ਸੂਤਰਾਂ ਦੇ ਭਾਸ਼ ਲਿਖ ਕੇ ਇਕ ਮਹਾਨ ਕੰਮ ਕੀਤਾ ਹੈ, ਜਿਸ ਕਰਕੇ ਉਸ ਸਮੇਂ ਨੂੰ 'ਭਾਸ਼ ਕਾਲ' ਵੀ ਕਹਿੰਦੇ ਹਨ। ਸ਼ੰਕਰ ਦਾ ਵੇਦਾਂਤ ਭਾਸ਼ ਬਹੁਤ ਪ੍ਰਸਿੱਧ ਹੈ। ਇਸ ਤੋਂ ਪਿੱਛੋਂ ਰਾਮਾਨੁਜ, ਮਾਧਵਾਚਾਰਯ ਅਤੇ ਭਾਸਕਰ ਨੇ ਵੀ ਭਾਸ਼ ਲਿਖੇ ਹਨ।

ਮਾਧਵਾਚਾਰਯ ਨੇ ਲਿਖਿਆ ਹੈ, "ਪਾਤੰਜਲੀ ਰਿਸ਼ੀ ਨੇ ਮੁਕਤੀ ਦੇ ਕੇਵਲ ਸਾਧਨ ਸਮਝਾਏ ਸਨ। ਸ਼ੰਕਰ ਨੇ ਮੁਕਤੀ ਦਾ ਮਾਰਗ ਦਰਸਾਇਆ ਹੈ।"[1]

ਡਾਸਨ ਨੇ ਲਿਖਿਆ ਹੈ ਕਿ ਸ਼ੰਕਰ ਦੀ ਆਤਮ ਕਥਾ, ਨਾਸਤਕ ਮੱਤਾਂ ਨਾਲ ਹੋਏ ਵਾਦ ਵਿਵਾਦ ਤੇ ਭਰਮਾਂ ਦਾ ਖੰਡਨ ਮੰਡਨ ਕਈ ਗ੍ਰੰਥਾਂ ਵਿਚ ਮਿਲਦੇ ਹਨ, ਜਿਨ੍ਹਾਂ ਵਿਚੋਂ ਅਨੰਦ ਗਿਰੀ ਦਾ ਲਿਖਿਆ ਹੋਇਆ ਗ੍ਰੰਥ ਪ੍ਰਸਿੱਧ ਹੈ।

---

੧. *ਸ਼ੰਕਰਾਚਾਰਯ*, ਲਿਖਤ ਰਾਜਾ ਰਾਮ, ਪੰਨਾ ੩੬।

ਦੂਜੇ ਮਾਧਵਾਚਾਰਯ ਦਾ *ਸ਼ੰਕਰ ਦਿਗ ਵਿਜੈ* ਵੀ ਪ੍ਰਸਿੱਧ ਹੈ। ਆਨੰਦ ਗਿਰੀ ਦੀ ਰਚਨਾ ਬਾਰੇ ਕਾਸ਼ੀ ਨਾਥ ਤ੍ਰਿੰਬਕ ਨੇ ਆਲੋਚਨਾ ਲਿਖੀ ਹੈ।

ਉਪਨਿਸ਼ਦਾਂ ਅਤੇ ਸ਼ਾਸਤ੍ਰਾਂ ਵਿਚ ਜੋ ਸਿਧਾਂਤਕ ਮੱਤ ਭੇਦ ਸਨ, ਉਨ੍ਹਾਂ ਦੇ ਕਾਰਨ ਕਈ ਵੈਸ਼ਨਵ ਆਚਾਰਯਾਂ ਨੇ ਸ਼ੰਕਰ ਦੇ ਅਦਵੈਤਵਾਦ ਦਾ ਵੀ ਖੰਡਨ ਕੀਤਾ ਹੈ। ਕਈ ਨਵੀਆਂ ਸੰਪਰਦਾਵਾਂ ਦਾ ਜਨਮ ਹੋਇਆ।

ਵਰਣਾਸ਼ਰਮ ਤੇ ਜ਼ਾਤ ਪਾਤ ਦੀ ਵੰਡ ਕਰ ਕੇ ਹਿੰਦੂਆਂ ਵਿਚ ਕੌਮੀ ਏਕਤਾ ਨਹੀਂ ਹੋ ਸਕੀ। ਪਰ ਇਸ ਵਿਚ ਕੋਈ ਸੰਦੇਹ ਨਹੀਂ ਕਿ ਸ਼ੰਕਰ ਨੇ ਬੁੱਧ, ਜੈਨ ਤੇ ਸ਼ਾਕਤ ਮੱਤਾਂ ਦਾ ਖੰਡਨ ਕਰ ਕੇ ਹਿੰਦੂ ਧਰਮ ਅਰਥਾਤ ਵੇਦਕ ਮੱਤ ਨੂੰ ਮੁੜ ਸੁਰਜੀਤ ਕਰ ਦਿੱਤਾ।

## ਸ਼ੰਕਰਾਚਾਰਯ ਦੇ ਚਾਰ ਮੱਠ

ਹਿੰਦੂ ਧਰਮ ਦੇ ਪ੍ਰਚਾਰ ਨੂੰ ਜਥੇਬੰਦ ਕਰਨ ਲਈ ਸ਼ੰਕਰ ਨੇ ਭਾਰਤ ਦੇ ਵੱਖੋ ਵੱਖ ਪ੍ਰਾਂਤਾਂ ਵਿਚ ਚਾਰ ਮੱਠ ਕਾਇਮ ਕੀਤੇ, ਜਿਨ੍ਹਾਂ ਦੇ ਨਾਮ ਹਨ:

### ੧. *ਸ੍ਰਿੰਗੇਰੀ ਮੱਠ*

ਇਹ ਮੈਸੂਰ ਰਾਜ ਵਿਚ ਪੱਛਮੀ ਘਾਟ ਅਤੇ ਤੁੰਗ ਭਦਰਾ ਨਦੀ ਦੇ ਕਿਨਾਰੇ ਪਹਾੜੀ ਇਲਾਕੇ ਵਿਚ ਹੈ। ਸ੍ਰਿੰਗ ਦੇ ਅਰਥ ਹਨ—ਚੋਟੀ, ਗਿਰਿ ਦੇ ਅਰਥ ਹਨ—ਪਹਾੜ। ਇਸ ਨੂੰ 'ਸ੍ਰਿੰਗ ਗਿਰੀ' ਵੀ ਕਹਿੰਦੇ ਹਨ।

ਇਹ ਸਾਰੇ ਮੱਠਾਂ ਵਿਚੋਂ ਪ੍ਰਮੁੱਖ ਹੈ। ਜਿਸ ਤਰ੍ਹਾਂ ਸਿਖੀ ਦੇ ਪੰਜ ਤਖ਼ਤਾਂ ਵਿਚੋਂ ਅਕਾਲ ਤਖ਼ਤ ਅੰਮ੍ਰਿਤਸਰ ਮੁੱਖ ਹੈ।

ਸ਼ੰਕਰ ਨੇ ਆਪਣੇ ਯੋਗ ਚੇਲੇ ਸੁਰੇਸ਼੍ਵਰਾਨੰਦ (ਮੰਡਨ ਮਿਸਰ) ਨੂੰ ਇਸ ਮੱਠ ਦਾ ਪਹਿਲਾ ਮਹੰਤ ਨਿਯਤ ਕੀਤਾ। ਮੈਸੂਰ ਰਾਜ ਵੱਲੋਂ ਇਸ ਮੱਠ ਦੇ ਨਾਂ ੧੨ ਹਜ਼ਾਰ ਰੁਪਏ ਸਾਲਾਨਾ ਦੀ ਜਾਗੀਰ ਲਾਈ ਗਈ। ਸੰਨ ੧੩੪੬ ਈਸਵੀ ਵਿਚ ਵਿਜੈ ਨਗਰ ਦੇ ਰਾਜੇ ਹਰਿ ਹਰ ਨੇ ੨੫੯ ਪਿੰਡਾਂ ਦੀ ਆਮਦਨੀ ਪੰਜਾਹ ਹਜ਼ਾਰ ਰੁਪਏ ਇਸ ਦੇ ਨਾਂ ਲਾਈ।

*(ਮਹਾਨ ਕੋਸ਼, ਪੰਨਾ ੧੭੭)*

### ੨. *ਜੋਸ਼ੀ ਮੱਠ, ਬਦਰੀ ਨਾਥ (ਗੜ੍ਹਵਾਲ)*

ਸ੍ਰੀ ਸ਼ੰਕਰ ਨੇ ਉੱਤਰਾ ਖੰਡ ਅਤੇ ਹਿਮਾਲਾ ਦੀ ਗੋਦ ਵਿਚ ਬਦਰੀ ਨਾਥ (ਗੜ੍ਹਵਾਲ) ਵਿਖੇ ਦੂਜਾ ਮੱਠ ਕਾਇਮ ਕੀਤਾ, ਜਿਸ ਨੂੰ ਜੋਸ਼ੀ ਮੱਠ ਅਤੇ ਜੋਤੀ ਮੱਠ ਵੀ ਕਹਿੰਦੇ ਹਨ।

ਇਤਿਹਾਸਕਾਰ ਲਿਖਦੇ ਹਨ ਕਿ ਇਥੇ ਸ੍ਰੀ ਸ਼ੰਕਰ ਇਕ ਤੂਤ ਥੱਲੇ ਸਮਾਧੀ ਵਿਚ ਬੈਠੇ ਸਨ। ਉਨ੍ਹਾਂ ਨੂੰ ਦਿਵ ਜੋਤੀ ਅਤੇ ਸ਼ਕਤੀ ਦਾ ਪ੍ਰਕਾਸ਼ ਹੋਇਆ। ਇਸ ਲਈ ਇਸ ਅਸਥਾਨ ਦਾ ਨਾਂ ਜੋਤੀ ਮੱਠ ਵੀ ਹੈ। ਉਹ ਪੁਰਾਣਾ ਤੂਤ ਅਜੇ ਤੀਕ ਮੌਜੂਦ ਹੈ। ਇਥੇ ਸ਼ਕਤੀ ਦਾ ਮੰਦਰ ਵੀ ਹੈ।

ਇਥੇ ਹੀ ਸ਼ੰਕਰ ਦਾ ਬਦਰਿਕਾ ਆਸ਼ਰਮ ਹੈ। ਜਿਥੇ ਬੈਠ ਕੇ ਉਨ੍ਹਾਂ ਨੇ ਕਈ

ਚੇਲਿਆਂ ਨੂੰ ਵੇਦ ਉਪਨਿਸ਼ਦ ਤੇ ਵੇਦਾਂਤ ਦਰਸ਼ਨ ਪੜ੍ਹਾਏ ਅਤੇ ਭਾਸ਼ ਲਿਖੇ ਹਨ। ਉਹ ਅਦਵੈਤਵਾਦੀ 'ਚਿਦਾ ਨੰਦ ਰੂਪੰ ਸ਼ਿਵਹੰ ਸ਼ਿਵੋਹੰ' ਅਰਥਾਤ 'ਮੈਂ ਹੀ ਚਿਦਾ ਨੰਦ ਕਲਿਆਨ ਸਰੂਪ ਸ਼ਿਵ ਹਾਂ' ਦੇ ਪ੍ਰਚਾਰਕ ਸਨ। ਪਰ *ਕੁਮਾਰ ਸੰਹਤਾ* ਵਿਚ ਲਿਖਿਆ ਹੈ ਕਿ ਜੋਤੀ ਮੱਠ ਵਿਚ ਭਗਵਾਨ ਵਿਸ਼ਨੂੰ ਵੀ ਵਿਦਮਾਨ ਹਨ। ਜਦ ਉਨ੍ਹਾਂ ਦੀ ਜੋਤੀ ਇਥੋਂ ਖੀਣ ਹੋ ਜਾਏਗੀ, ਉਸ ਵਕਤ ਬਦਰੀ ਨਾਥ ਦਾ ਰਸਤਾ ਬੰਦ ਹੋ ਜਾਏਗਾ।[1]

ਜੋਸ਼ੀ ਮੱਠ ਬਦਰੀ ਨਾਥ ਤੋਂ ਉਰੇ ਹਿਮਾਲਾ ਦੀ ਗੋਦ ਵਿਚ ੬੧੫੦ ਫ਼ੁਟ ਦੀ ਬੁਲੰਦੀ ਉਪਰ ਅਤਿ ਸੁੰਦਰ ਅਤੇ ਰਮਣੀਕ ਅਸਥਾਨ ਹੈ। ਇਥੇ ਦੋ ਨਦੀਆਂ ਭੋ ਗੰਗਾ ਅਤੇ ਦੰਡ ਧਾਰਾ ਆਪਸ ਵਿਚ ਮਿਲਦੀਆਂ ਹਨ। ਇਥੋਂ ਤਿੱਬਤ, ਮਾਨ ਸਰੋਵਰ ਅਤੇ ਹੇਮ ਕੁੰਟ ਨੂੰ ਰਸਤਾ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਉੱਤਰ ਦੀ ਉਦਾਸੀ ਵਿਚ ਬਦਰਿਕਾ ਆਸ਼ਰਮ ਅਤੇ ਬਦਰੀ ਨਾਥ ਗਏ ਹਨ।

ਸ੍ਰੀ ਸ਼ੰਕਰ ਦੇ ਪ੍ਰਭਾਵ ਕਰਕੇ ਬਦਰੀ ਨਾਥ ਮੰਦਰ ਦਾ ਪੁਜਾਰੀ ਅਜੇ ਤੀਕ ਮਾਲਾ ਬਾਰ ਦੇ 'ਨੰਬੂਦਰੀ ਪਾਦ' ਬ੍ਰਾਹਮਣ ਵੰਸ਼ ਵਿਚੋਂ ਹੁੰਦਾ ਹੈ।

### *੩. ਸ਼ਾਰਦਾ ਮੱਠ, ਦਵਾਰਕਾ*

ਗੁਜਰਾਤ ਕਾਠੀਆਵਾੜ ਵਿਚ ਸਮੁੰਦਰ ਦੇ ਕੰਢੇ ਬੜੋਦੇ ਤੋਂ ੨੭੦ ਮੀਲ ਪੱਛਮ ਵੱਲ ਸ੍ਰੀ ਕ੍ਰਿਸ਼ਨ ਜੀ ਦੀ ਦੁਆਰਕਾ ਪੁਰੀ ਹੈ। ਇਥੇ ਵੀ ਸ੍ਰੀ ਸ਼ੰਕਰ ਨੇ ਆਪਣਾ ਮੱਠ ਕਾਇਮ ਕੀਤਾ, ਜਿਸ ਨੂੰ ਸ਼ਾਰਦਾ ਮੱਠ ਕਹਿੰਦੇ ਹਨ।

### *੪. ਗਵਰਧਨ ਮੱਠ, ਪੁਰੀ (ਉੜੀਸਾ)*

ਜਗਨ ਨਾਥ ਪੁਰੀ (ਉੜੀਸਾ) ਸਮੁੰਦਰ ਦੇ ਕੰਢੇ ਵੀ ਸ੍ਰੀ ਕ੍ਰਿਸ਼ਨ ਜੀ ਦਾ ਪੁਰਾਤਨ ਮੰਦਰ ਹੈ। ਇਥੇ ਵੀ ਸ਼ੰਕਰ ਦਾ ਮੱਠ ਹੈ, ਜਿਸ ਨੂੰ ਗਵਰਧਨ ਮੱਠ ਕਹਿੰਦੇ ਹਨ। ਜਗਨ ਨਾਥ ਪੁਰੀ ਵਿਚ ਸ੍ਰੀ ਕਬੀਰ, ਚੇਤੰਨ, ਰਾਮਾਨੁਜ ਤੇ ਗੁਰੂ ਨਾਨਕ ਦੇਵ ਜੀ ਦੇ ਮੱਠ ਵੀ ਹਨ। ਗੁਰੂ ਜੀ ਦੇ ਅਸਥਾਨ ਦਾ ਨਾਂ ਮੰਗੂ ਮੱਠ ਹੈ। ਗੁਰੂ ਸਾਹਿਬ ਜੀ ਜਗਨ ਨਾਥ ਗਏ ਹਨ। ਉਥੇ ਆਪ ਨੇ 'ਗਗਨ ਮੈ ਥਾਲੁ ਰਵਿ ਚੰਦ ਦੀਪਕ' ਦਾ ਸ਼ਬਦ ਉਚਾਰਨ ਕਰ ਕੇ ਨਿਰਾਕਾਰ ਦੀ ਭਗਤੀ ਦਾ ਉਪਦੇਸ਼ ਕੀਤਾ। ਅਸੀਂ ਦੋ ਵੇਰ ਜਗਨ ਨਾਥ ਤੇ ਮੰਗੂ ਮੱਠ ਦੇ ਦਰਸ਼ਨ ਕੀਤੇ ਹਨ।

ਗੁਦਾਵਰੀ ਦੇ ਕੰਢੇ ਨਾਸਕ ਵਿਚ ਵੀ ਸ਼ੰਕਰ ਦਾ ਅਸਥਾਨ ਹੈ। ਉਪਰੋਕਤ ਮੱਠਾਂ ਦੇ ਚੌਹਾਂ ਮੁਖੀਆਂ ਨੂੰ ਸ਼ੰਕਰਾਚਾਰਯ ਹੀ ਕਿਹਾ ਜਾਂਦਾ ਹੈ। ਇਹ ਉੱਚ-ਕੋਟੀ ਦੇ ਵਿਦਵਾਨ ਸੰਨਿਆਸੀ ਹੁੰਦੇ ਹਨ। ਮੱਠਾਂ ਦੇ ਨਾਮ ਕਾਫ਼ੀ ਜਾਗੀਰਾਂ ਹਨ। ਜਿਸ ਵਕਤ ਆਵਾਜਾਈ ਦੇ ਸਾਧਨ ਘੱਟ ਸਨ, ਸਫ਼ਰ ਵਿਚ ਕਈ ਤਰ੍ਹਾਂ ਦੀਆਂ ਔਕੜਾਂ ਪੇਸ਼ ਆਉਂਦੀਆਂ ਸਨ, ਉਸ ਵਕਤ ਸ਼ੰਕਰ ਦਾ ਮਾਲਾ ਬਾਰ 'ਚੋਂ ਉੱਠ ਕੇ ਸਾਰੇ ਦੇਸ਼ ਵਿਚ ਘੁੰਮਣਾ, ਬਦਰੀ ਨਾਥ (ਗੜ੍ਹਵਾਲ) ਤੇ ਅਮਰ ਨਾਥ (ਕਸ਼ਮੀਰ) ਦੀ ਯਾਤਰਾ ਕਰਨੀ ਉਨ੍ਹਾਂ ਦੇ ਮਹਾਨ ਤਪ, ਤਿਆਗ ਤੇ ਪ੍ਰਚਾਰ ਦੀ ਅਤੁਟ ਲਗਨ ਦਾ ਸਬੂਤ ਹੈ।

---

੧. *ਮਹਾ ਭਯਾਨ*, ਲਿਖਤ ਰਾਮ ਲਾਲ ਸਾਵਲ, ਪੰਨਾ ੧੩੪।

## ਸ਼ੰਕਰ ਦਾ ਦੇਹਾਂਤ

ਪਿੱਛੇ ਦੱਸ ਆਏ ਹਾਂ ਕਿ ਸ੍ਰੀ ਸ਼ੰਕਰਾਚਾਰਯ ਸ਼ਾਕਤ ਤਾਂਤ੍ਰਿਕ ਅਤੇ ਨਾਸਤਕ ਮੱਤਾਂ ਦਾ ਬਹੁਤ ਜ਼ੋਰਦਾਰ ਖੰਡਨ ਕਰਦੇ ਸਨ। ਇਕ ਸ਼ਾਕਤ ਨੇ ਉਨ੍ਹਾਂ ਨੂੰ ਆਸਾਮ ਵਿਚ ਜ਼ਹਿਰ ਦੇ ਦਿੱਤਾ। ਉਨ੍ਹਾਂ ਦੀ ਅਰੋਗਤਾ ਨਸ਼ਟ ਹੋ ਗਈ। ਉਨ੍ਹਾਂ ਦੇ ਸੇਵਕ ਪਦਮ ਪਾਦ ਨੇ ਇਲਾਜ ਕਰਨ ਦਾ ਬੜਾ ਯਤਨ ਕੀਤਾ। ਪਰ 'ਆਈ ਨਾ ਮੇਟਣ ਕਉ ਸਮਰੰਥ' ਰੋਗ ਦਾ ਇਲਾਜ ਹੋ ਸਕਦਾ ਹੈ, ਮੌਤ ਦਾ ਕੋਈ ਇਲਾਜ ਨਹੀਂ। ੩੨ ਸਾਲ ਦੀ ਉਮਰ ਵਿਚ ਬਦਰਿਕਾ ਆਸ਼ਰਮ (ਗੜ੍ਹਵਾਲ) ਵਿਚ ਹਿੰਦੂ ਧਰਮ ਦੇ ਮਹਾਨ ਆਚਾਰਯ, ਸੁਧਾਰਕ ਤੇ ਦਿਗ ਵਿਜਈ ਸ੍ਰੀ ਸ਼ੰਕਰਾਚਾਰਯ ਦਾ ਦੇਹਾਂਤ ਹੋ ਗਿਆ।

ਸ੍ਰੀ ਸ਼ੰਕਰ ਸੰਨਿਆਸੀ ਮੱਤ ਦੇ ਪ੍ਰਮੁੱਖ ਮੰਨੇ ਜਾਂਦੇ ਹਨ। ਸੰਨਿਆਸੀਆਂ ਦੀਆਂ ਦਸ ਸ਼ਾਖ਼ਾਂ ਹਨ—ਗਿਰੀ, ਪੁਰੀ, ਤੀਰਥ, ਆਸ਼ਰਮ, ਸੁਰਸ੍ਵਤੀ, ਭਾਰਤੀ, ਪਰਮ ਹੰਸ, ਅਵਧੂਤ, ਗੁਸਾਈਂ ਅਤੇ ਦੰਗਲੀ। ਇਨ੍ਹਾਂ ਵਿਚੋਂ ਦੰਡੀ ਸੰਨਿਆਸੀ ਕੇਵਲ ਬ੍ਰਾਹਮਣ ਹੀ ਹੋ ਸਕਦੇ ਹਨ। ਉਹ ਸਿਰ ਮੂੰਹ ਮੁਨਾ ਕੇ ਭਗਵੇ ਬਸਤ੍ਰ ਪਹਿਨਦੇ ਹਨ। ਗਲ ਵਿਚ ਰੁਦਰਾਖ ਦੀ ਮਾਲਾ, ਹੱਥ ਵਿਚ ਇਕ ਸੋਟੀ, ਜਿਸ ਉਪਰ ਭਗਵੀ ਟਾਕੀ ਬੰਨ੍ਹੀ ਹੁੰਦੀ ਹੈ ਅਤੇ ਕਮੰਡਲ ਰੱਖਦੇ ਹਨ। ਓਅੰਕਾਰ ਦਾ ਜਾਪ ਅਤੇ ਨਿਰਗੁਣ ਦੀ ਉਪਾਸ਼ਨਾ ਕਰਦੇ ਹਨ। ਪਰਮ ਹੰਸ ਗਾਇਤ੍ਰੀ ਦਾ ਜਾਪ ਕਰਦੇ ਅਤੇ ਤ੍ਰਿਮੁੰਡਕ ਤਿਲਕ ਲਾਉਂਦੇ ਹਨ। ਅਵਧੂਤ ਜਟਾਂ ਰੱਖਦੇ, ਬਿਭੂਤ ਮਲਦੇ ਅਤੇ ਸ਼ਿਵ ਦੀ ਪੂਜਾ ਕਰਦੇ ਹਨ। ਗੁਸਾਈਂ ਗ੍ਰਿਹਸਤੀ ਹੁੰਦੇ ਹਨ।

ਭਾਰਤ ਵਿਚ ਸਭ ਤੋਂ ਵੱਡੀ ਸਾਧੂ ਸੰਪਰਦਾ ਸੰਨਿਆਸੀ ਹਨ, ਜਿਨ੍ਹਾਂ ਦੇ ਬਹੁਤ ਡੇਰੇ ਤੇ ਅਖਾੜੇ ਹਨ।[1]

ਸ਼ੰਕਰ ਜੀ ਦੇ ਚੇਲੇ ਪਦਮ ਪਾਦ, ਹਸਤਾ ਮਲਕ ਅਤੇ ਤੋਟਕਾਚਾਰਯ ਉਪਰੋਕਤ ਤਿੰਨਾਂ ਮੱਠਾਂ ਦੇ ਆਚਾਰਯ ਹੋਏ ਹਨ।

ਕਹਿੰਦੇ ਹਨ ਕਿ ਸ੍ਰੀ ਸ਼ੰਕਰ ਦੀ ਮਾਤਾ ਨੇ ਉਨ੍ਹਾਂ ਨੂੰ ਯਾਦ ਕੀਤਾ। ਉਹ ਮਾਤਾ ਨੂੰ ਮਿਲਣ ਲਈ ਗਏ। ਉਨ੍ਹਾਂ ਦੀ ਮੌਜੂਦਗੀ ਵਿਚ ਕਾਲਪੀ (ਕਾਲੜੀ) ਵਿਚ ਮਾਤਾ ਦਾ ਦੇਹਾਂਤ ਹੋ ਗਿਆ। ਉਨ੍ਹਾਂ ਨੇ ਘਰ ਦੇ ਲਾਗੇ ਹੀ ਮਾਤਾ ਦਾ ਅੰਤਮ ਸੰਸਕਾਰ ਕੀਤਾ। ਸੰਨ ੧੯੦੬ ਵਿਚ ਸ੍ਰਿੰਗੇਰੀ ਮਠਾਦੀਸ਼ ਸ੍ਰੀ ਸੱਚਦਾ ਨੰਦ ਦੀ ਪ੍ਰੇਰਨਾ ਨਾਲ ਮਹਾਰਾਜਾ ਰਾਮ ਨਿਰਨਲ ਟ੍ਰਾਵਨਕੋਰ ਨੇ ਸਮਾਧ ਤੇ ਹੋਰ ਅਸਥਾਨ ਬਣਵਾਏ।

*(ਧਰਮ ਯੁਗ, ੬ ਮਈ ੧੯੭੩)*

---

੧. ਇਸੇ ਕਲਮ ਲਿਖਤ ਵੇਖੋ—*ਸੰਸਾਰ ਦਾ ਧਾਰਮਿਕ ਇਤਿਹਾਸ*, ਪੰਨਾ ੧੯੮।

# ਵਿਸ਼ਨੂੰ ਸਵਾਮੀ

## (ਵੈਸ਼ਨਵ ਮੱਤ)

ਸ਼ੰਕਰ ਨੇ ਅਦਵੈਤਵਾਦ ਦੇ ਪ੍ਰਚਾਰ ਨਾਲ ਜੈਨ, ਬੁੱਧ ਤੇ ਨਾਸਤਕ ਮੱਤਾਂ ਦਾ ਸਫ਼ਾਇਆ ਕਰ ਦਿੱਤਾ। ਮਛਿੰਦਰ ਤੇ ਗੋਰਖ ਨੇ ਜੋਗ ਮੱਤ ਦਾ ਪ੍ਰਚਾਰ ਕੀਤਾ, ਜਿਸ ਉਪਰ ਬੁੱਧ ਮੱਤ ਦਾ ਕਾਫ਼ੀ ਪ੍ਰਭਾਵ ਸੀ। ਇਹ ਮੱਤ ਕਠਨ ਤਪੱਸਿਆ ਤੇ ਹੱਠ ਯੋਗ ਦਾ ਪ੍ਰਚਾਰਕ ਸੀ। ਭਰਥਰੀ, ਗੋਪੀ ਚੰਦ ਤੇ ਪੂਰਨ ਵਰਗੇ ਰਾਜਿਆਂ ਨੇ ਇਸ ਨੂੰ ਧਾਰਨ ਕੀਤਾ, ਪਰ ਕਠਨ ਸਾਧਨਾ ਅਤੇ ਅੰਤਰਮੁਖੀ ਹੋਣ ਕਰਕੇ ਸਫਲ ਨਹੀਂ ਹੋ ਸਕਿਆ।

ਇਸ ਲਈ ਸ਼ੰਕਰ ਦੇ ਪਿੱਛੋਂ ਵੈਸ਼ਨਵ ਸੰਪਰਦਾਵਾਂ ਅਰਥਾਤ ਭਗਤੀ ਲਹਿਰ ਦਾ ਜਨਮ ਹੋਇਆ। ਇਹ ਲਹਿਰ ਦੱਖਣ 'ਚੋਂ ਉੱਠੀ ਪਰ ਇਸ ਦਾ ਅਸਰ ਭਾਰਤ ਦੇ ਕਈ ਪ੍ਰਾਂਤਾਂ ਉਪਰ ਪਿਆ, ਜਿਸ ਕਰਕੇ ਕਈ ਵੈਸ਼ਨਵ ਸੰਤ ਮਹਾਤਮਾ ਪੈਦਾ ਹੋਏ। ਵਿਸ਼ਨੂੰ ਸਵਾਮੀ ਉਨ੍ਹਾਂ ਦੇ ਮੋਢੀ ਸਨ। ਇਨ੍ਹਾਂ ਨੇ ਸ੍ਰੀ ਵਿਸ਼ਨੂੰ, ਉਸ ਦੇ ਅਵਤਾਰ ਸ੍ਰੀ ਰਾਮ ਤੇ ਸ੍ਰੀ ਕ੍ਰਿਸ਼ਨ ਦੀ ਸਾਕਾਰ ਭਗਤੀ ਤੇ ਮੂਰਤੀ ਪੂਜਾ ਦਾ ਪ੍ਰਚਾਰ ਕੀਤਾ।

ਵੈਸ਼ਨਵ ਭਗਤਾਂ ਦੀ ਪ੍ਰਣਾਲੀ ਇਸ ਤਰ੍ਹਾਂ ਚੱਲਦੀ ਹੈ:

| | | |
|---|---|---|
| ਸੰਨਿਆਸੀ (ਅਦਵੈਤਵਾਦੀ) | ਸ੍ਰੀ ਸ਼ੰਕਰਾਚਾਰਯ | (ਸੰਨ ੭੮੮-੮੨੦) ਮਾਲਾਬਾਰ |
| ਵੈਸ਼ਨਵ | ਵਿਸ਼ਨੂੰ ਸਵਾਮੀ | |
| (ਵਸ਼ਿਸ਼ਟ ਅਦਵੈਤਵਾਦ) | ਰਾਮਾਨੁਜ | (ਸੰਨ ੧੦੧੭) ਮਦਰਾਸ |
| ਵੈਸ਼ਨਵ | ਨਿੰਬਾਰਕ | (ਸੰਨ ੧੦੩੬) ਆਂਧਰਾ |
| (ਦਵੈਤਵਾਦੀ) ਵੈਸ਼ਨਵ | ਮਾਧਵਾਚਾਰਯ | (ਸੰਨ ੧੧੯੮) ਕਰਨਾਟਕ |
| (ਸ਼ੁੱਧ ਅਦਵੈਤਵਾਦ) | ਵਲਭਾਚਾਰਯ | (ਸੰਨ ੧੪੦੧ ਈ:) ਗੁਜਰਾਤ |
| ਵੈਸ਼ਨਵ | ਚੇਤਨ | (ਸੰਨ ੧੪੦੭ ਈ:) ਬੰਗਾਲ |
| ਵੈਸ਼ਨਵ (ਵੈਰਾਗੀ) | ਰਾਮਾਨੰਦ | (ਸੰਮਤ ੧੪੨੩ ਬਿ:) ਪ੍ਰਾਗ |
| ਅਦਵੈਤ ਤੇ ਇਕੀਸ਼ਵਰਵਾਦੀ | ਕਬੀਰ ਜੀ | (ਸੰਮਤ ੧੪੫੫-੧੫੭੫) ਕਾਸ਼ੀ |

ਵੈਸ਼ਨਵ ਮੱਤਾਂ ਤੇ ਭਗਤੀ ਦੇ ਪ੍ਰਚਾਰ ਲਈ ਮੈਦਾਨ ਸ਼ੰਕਰ ਨੇ ਤਿਆਰ ਕੀਤਾ ਸੀ।

ਇਨ੍ਹਾਂ ਵਿਚੋਂ ਸ੍ਰੀ ਰਾਮਾਨੰਦ ਤੇ ਕਬੀਰ ਜੀ ਦਾ ਵਰਣਨ ਇਸ ਪੁਸਤਕ ਦੇ ਪਹਿਲੇ ਭਾਗ ਵਿਚ ਕਰ ਆਏ ਹਾਂ। ਹੁਣ ਵੈਸ਼ਨਵ ਸੰਤਾਂ ਭਗਤਾਂ ਤੇ ਮੱਤਾਂ ਦਾ ਜ਼ਿਕਰ ਕਰਦੇ ਹਾਂ।

ਭਾਰਤ ਦਾ ਇਤਿਹਾਸ ਪੜ੍ਹਨ ਤੋਂ ਸਪੱਸ਼ਟ ਹੁੰਦਾ ਹੈ ਕਿ ਪ੍ਰਾਚੀਨ ਕਾਲ ਤੋਂ ਲੈ ਕੇ ਭਗਤੀ ਕਾਲ ਤੀਕ ਇਥੇ ਅਧਿਆਤਮਕ ਤੌਰ 'ਤੇ ਚਾਰ ਤਜਰਬੇ ਕੀਤੇ ਗਏ। ਪਹਿਲਾ ਸੀ, ਕਰਮ ਕਾਂਡ ਦਾ, ਜਿਸ ਵਿਚ ਯੱਗ, ਹੋਮ, ਤਪ, ਦਾਨ, ਪੁੰਨ, ਤੀਰਥ ਇਸ਼ਨਾਨ ਅਤੇ ਕਠਨ ਤਪੱਸਿਆ ਮੁੱਖ ਸੀ। ਇਹ ਕਰਮ ਕਰਨ ਨਾਲ ਆਤਮਿਕ ਸ਼ਾਂਤੀ ਅਤੇ ਮੁਕਤੀ ਮੰਨੀ ਜਾਂਦੀ ਸੀ। ਭਾਈ ਗੁਰਦਾਸ ਜੀ ਨੇ ਇਸ ਕਾਲ ਬਾਰੇ ਲਿਖਿਆ ਹੈ:

**ਕਰਮਾਂ ਉਤੇ ਨਿਬੜੈ ਦੇਹੀ ਮਧਿ ਕਰੇ ਸੋ ਪਾਵੈ॥** (ਵਾਰ ੧–੧੦)

ਜਦ ਨਿਰੇ ਕਰਮ ਕਾਂਡ ਨਾਲ ਲੋਕਾਂ ਦੀ ਤਸੱਲੀ ਨਹੀਂ ਹੋਈ, ਉਸ ਵਕਤ ਗਿਆਨ ਮਾਰਗ ਨੂੰ ਅਪਣਾਇਆ ਗਿਆ। ਗਿਆਨ ਨਾਲ ਮਸਤਕ ਪ੍ਰਕਾਸ਼ਮਾਨ ਤੇ ਬੁੱਧੀ ਤਿਖੀ ਹੁੰਦੀ ਹੈ। ਇਸ ਕਾਲ ਵਿਚ ਉਪਨਿਸ਼ਦਾਂ ਅਤੇ ਛੇ ਸ਼ਾਸਤ੍ਰਾਂ ਦੀ ਰਚਨਾ ਹੋਈ, ਜਿਨ੍ਹਾਂ ਨੂੰ ਖਟ ਦਰਸ਼ਨ ਵੀ ਕਹਿੰਦੇ ਹਨ। ਗਿਆਨ ਵਿਚ ਯੁਕਤੀ ਅਤੇ ਤਰਕ ਦੀ ਪ੍ਰਧਾਨਤਾ ਹੁੰਦੀ ਹੈ। ਅਕਲ ਦਲੀਲ ਦੀ ਕਸੌਟੀ ਉਪਰ ਕਿਸੇ ਗੱਲ ਨੂੰ ਪਰਖਿਆ ਜਾਂਦਾ ਹੈ। ਹਰ ਚੀਜ਼ ਦੇ ਮੂਲ ਕਾਰਨ ਉਪਰ ਅਤੇ ਕਾਰਜ ਉਪਰ ਬਹਿਸ ਕੀਤੀ ਜਾਂਦੀ ਹੈ। ਇਸ ਵਿਚ ਫ਼ਿਲਾਸਫ਼ੀ ਪ੍ਰਮੁੱਖ ਹੁੰਦੀ ਹੈ। ਜੈਨ ਅਤੇ ਬੁੱਧ ਮੱਤ ਕਠਨ ਤਪੱਸਿਆ ਕਰ ਕੇ ਪੁਰਾਤਨਤਾ ਨਾਲ ਮਿਲਦੇ ਸਨ, ਪਰ ਤਰਕ ਕਰਕੇ ਗਿਆਨ ਮਾਰਗ ਦੇ ਮੱਤ ਸਨ। ਉਨ੍ਹਾਂ ਨੇ ਵੇਦ ਸ਼ਾਸਤ੍ਰ ਪੁਰਾਤਨ ਨਿਰਦਈ ਰਸਮਾਂ ਨਰ-ਬਲੀ ਤੇ ਪਸ਼ੂ-ਬਲੀ ਤੇ ਵਰਣਾਸ਼ਰਮ ਦਾ ਖੰਡਨ ਕੀਤਾ। ਪਰ ਇਹ ਦੋਵੇਂ ਮੱਤ ਅਨੀਸ਼ਵਰਵਾਦੀ ਸਨ।

ਇਸ ਕਾਲ ਵਿਚ ਗਿਆਨ ਰਾਹੀਂ ਹੀ ਮੁਕਤੀ ਮੰਨੀ ਗਈ। ਭਾਈ ਗੁਰਦਾਸ ਜੀ ਨੇ ਇਸ ਬਾਰੇ ਲਿਖਿਆ ਹੈ:

**ਗਿਆਨ ਬਿਨਾ ਨਹਿ ਪਾਈਐ ਜੇ ਕੋਈ ਕੋਟਿ ਜਤਨਿ ਕਰਿ ਧਾਈ॥** (ਵਾਰ ੧–੧੨)

ਗਿਆਨ ਜਾਂ ਫ਼ਿਲਾਸਫ਼ੀ ਨਾਲ ਮਸਤਕ ਪ੍ਰਕਾਸ਼ਮਾਨ ਹੁੰਦਾ ਹੈ। ਮਨੁੱਖ ਅਕਲ ਦਲੀਲ ਦੀ ਕਸੌਟੀ ਉਪਰ ਹਰ ਗੱਲ ਨੂੰ ਪਰਖਦਾ ਹੈ। ਪਰ ਨਿਰੇ ਗਿਆਨ ਨਾਲ ਵੀ ਆਤਮਿਕ ਸ਼ਾਂਤੀ ਜਾਂ ਮੁਕਤੀ ਨਹੀਂ ਮਿਲਦੀ।

ਉਸ ਦਾ ਸਬੂਤ ਇਹ ਹੈ ਕਿ ਰਿਸ਼ੀ ਬਿਆਸ ਨੇ ਵੇਦਾਂਤ ਸ਼ਾਸਤ੍ਰ ਲਿਖਿਆ ਹੈ। ਵੇਦਾਂਤ ਦੇ ਮਾਇਨੇ ਹਨ—ਵੇਦ (ਗਿਆਨ) ਦਾ ਅੰਤ। ਭਾਈ ਗੁਰਦਾਸ ਜੀ ਲਿਖਦੇ ਹਨ:

**ਤ੍ਰਿਪਤ ਨ ਆਵੀ ਵੇਦ ਮਥਿ, ਅਗਨੀ ਅੰਦਰਿ ਤਪਤ ਤਪਾਯਾ।..... .....**
**ਨਾਰਦਿ ਮੁਨਿ ਉਪਦੇਸਿਆ, ਮਥਿ ਭਾਗਵਤ ਗੁਨਿ ਗੀਤ ਕਰਾਯਾ॥** (ਵਾਰ ੧–੧੧)

ਵੇਦਾਂਤ ਦਰਸ਼ਨ ਲਿਖ ਕੇ ਵੀ ਰਿਸ਼ੀ ਬਿਆਸ ਨੂੰ ਆਤਮਿਕ ਸ਼ਾਂਤੀ ਨਹੀਂ ਮਿਲੀ।

ਨਾਰਦ ਮੁਨੀ ਨੇ ਉਸ ਨੂੰ ਭਗਤੀ ਦਾ ਉਪਦੇਸ਼ ਕੀਤਾ। ਬਿਆਸ ਜੀ ਨੇ *ਸ੍ਰੀ ਮਦ ਭਾਗਵਤ* ਲਿਖਿਆ। ਗਿਆਨ ਜਾਂ ਫ਼ਿਲਾਸਫ਼ੀ ਨੂੰ ਤੀਖਣ ਬੁੱਧੀ ਵਾਲਾ ਸਮਝ ਸਕਦਾ ਹੈ, ਹਰ ਮਨੁੱਖ ਨਹੀਂ ਜਾਣ ਸਕਦਾ।

ਤੀਸਰਾ ਤਜਰਬਾ ਯੋਗ ਦਾ ਸੀ। ਯੋਗ ਦਰਸ਼ਨ ਪਾਤੰਜਲੀ ਰਿਸ਼ੀ ਦਾ ਹੈ, ਜਿਸ ਨੂੰ ਸ਼ੇਸ਼ਨਾਗ ਦਾ ਅਵਤਾਰ ਮੰਨਿਆ ਗਿਆ ਹੈ। ਉਸ ਨੇ 'ਯੋਗਸਚਿਤ ਵ੍ਰਿਤੀ ਨਿਰੋਧ:' ਭਾਵ ਚਿਤ ਵ੍ਰਿਤੀ ਦਾ ਨਿਰੋਧ ਯੋਗ ਬਿਆਨ ਕੀਤਾ ਹੈ।[1] ਸ਼ੰਕਰ ਦੇ ਨਾਲ ਹੀ ਸਤਵੀਂ, ਅਠਵੀਂ ਅਤੇ ਦਸਵੀਂ ਸਦੀ ਵਿਚ ਮਛਿੰਦਰ, ਗੋਰਖ ਤੇ ਲੁਹਾਰੀਪਾ ਆਦਿਕ ੮੪ ਸਿੱਧ ਹੋਏ ਹਨ, ਜੋ ਹੱਠ ਯੋਗ ਦੇ ਪ੍ਰਚਾਰਕ ਸਨ। ਹਠ ਯੋਗ ਦੇ ਸਾਧਨ ਏਨੇ ਕਠਨ ਸਨ ਕਿ ਜਨ ਸਾਧਾਰਨ ਉਨ੍ਹਾਂ ਨੂੰ ਕਬੂਲ ਨਹੀਂ ਕਰ ਸਕਦੇ ਸਨ, ਇਸ ਲਈ ਯੋਗ ਮੱਤ ਵੀ ਸਫਲ ਨਹੀਂ ਹੋ ਸਕਿਆ।

ਭਗਤੀ ਮਾਰਗ ਇਕ ਅਜਿਹਾ ਸੌਖਾ ਰਸਤਾ ਹੈ, ਜਿਸ ਉਪਰ ਜਨ ਸਾਧਾਰਨ ਤੁਰ ਕੇ ਮੁਕਤੀ ਪ੍ਰਾਪਤ ਕਰ ਸਕਦੇ ਹਨ। ਇਸ ਲਈ ਜੈਨ ਅਤੇ ਬੁੱਧ ਦੇ ਨਾਸਤਕ ਸੁੰਨਵਾਦੀ ਤੇ ਯੋਗ ਦੇ ਬਾਅਦ ਵੈਸ਼ਨਵ ਸੰਤਾਂ ਭਗਤਾਂ ਨੇ ਭਗਤੀ ਮਾਰਗ ਦਾ ਪ੍ਰਚਾਰ ਕੀਤਾ। ਸ੍ਰੀ ਸ਼ੰਕਰ ਨੇ ਅਦਵੈਤਵਾਦ ਦਾ ਪ੍ਰਚਾਰ ਕਰ ਕੇ ਮੈਦਾਨ ਤਿਆਰ ਕਰ ਦਿੱਤਾ ਸੀ।

ਇਕ ਗੱਲ ਹੋਰ ਸਮਝ ਲੈਣੀ ਚਾਹੀਦੀ ਹੈ। ਉਹ ਇਹ ਕਿ ਭਗਤੀ ਮਾਰਗ ਵਿਚ ਦੋ ਕਿਸਮ ਦੇ ਮਹਾਤਮਾ ਹੋਏ ਹਨ। ਇਕ ਮੂਰਤੀ ਪੂਜਾ, ਦੇਵ-ਪੂਜਾ ਤੇ ਅਵਤਾਰ-ਪੂਜਾ ਕਰਨ ਵਾਲੇ ਸਨ। ਵੈਸ਼ਨਵ ਸੰਪਰਦਾਵਾਂ ਦੇ ਬਹੁਤੇ ਆਚਾਰਯ ਸਾਕਾਰਵਾਦੀ ਸਨ।

ਦੂਜੇ ਨਿਰਾਕਾਰਵਾਦੀ ਸਨ, ਜਿਨ੍ਹਾਂ ਵਿਚੋਂ ਕਬੀਰ ਸਾਹਿਬ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਮੁੱਖ ਹਨ।

ਇਕੋ ਈਸ਼ਵਰ ਜਾਂ ਬ੍ਰਹਮ ਤੇ ਨਿਰਾਕਾਰਵਾਦ ਦਾ ਵਰਣਨ ਉਪਨਿਸ਼ਦਾਂ ਵਿਚ ਮਿਲਦਾ ਹੈ। ਪਰ ਜਨਤਾ ਵਿਚ ਪ੍ਰਧਾਨਤਾ ਤੱਤ-ਪੂਜਾ, ਦੇਵ-ਪੂਜਾ ਤੇ ਅਵਤਾਰ-ਪੂਜਾ ਦੀ ਰਹੀ ਹੈ। ਇਥੋਂ ਤੀਕ ਕਿ ਗਿਆਨ ਮਾਰਗ ਦੇ ਪੱਖੀ ਤੇ ਸੁੰਨਵਾਦੀ ਜੈਨ ਤੇ ਬੁੱਧ ਮੱਤ ਵੀ ਆਪਣੇ ਮੰਦਰਾਂ ਵਿਚ ਮਹਾਂਬੀਰ ਤੇ ਬੁੱਧ ਦੀਆਂ ਮੂਰਤੀਆਂ ਰੱਖਦੇ ਸਨ, ਹੁਣ ਵੀ ਰੱਖਦੇ ਹਨ।

ਇਸਲਾਮ ਦੇ ਆਉਣ 'ਤੇ ਹਿੰਦੂਆਂ ਦਾ ਵਾਹ ਇਕ ਅਜਿਹੇ ਇਬਰਾਨੀ ਮਜ਼ਬ ਨਾਲ ਪਿਆ, ਜਿਹੜਾ ਇਕ ਅੱਲਾ ਦਾ ਮੰਨਣ ਵਾਲਾ ਤੌਹੀਦ-ਪ੍ਰਸਤ ਸੀ। ਉਹ ਮੂਰਤੀ ਪੂਜਾ ਦੇ ਵਿਰੁੱਧ ਸੀ। ਹਿੰਦੂਆਂ ਵਿਚ ਵਿਚਾਰਾਂ ਦੀ ਸੁਤੰਤ੍ਰਤਾ ਸੀ, ਪਰ ਵਰਣਾਸ਼ਰਮ ਅਤੇ ਜ਼ਾਤ-ਪਾਤ ਦੇ ਸਮਾਜਕ ਬੰਧਨ ਸਨ। ਮੁਸਲਮਾਨਾਂ ਵਿਚ ਸ਼ਰ੍ਹਾ ਦੀ ਪਾਬੰਦੀ ਸੀ, ਵਿਚਾਰਾਂ ਦੀ ਸੁਤੰਤ੍ਰਤਾ ਨਹੀਂ ਸੀ, ਪਰ ਜ਼ਾਤ-ਪਾਤ ਤੇ ਛੂਤ-ਛਾਤ ਦੇ ਸਮਾਜਕ ਬੰਧਨ ਨਹੀਂ ਸਨ।

ਮੁਸਲਮਾਨ ਬਾਦਸ਼ਾਹ ਹਮਲਾਵਰ ਸਨ; ਹਿੰਦੂ ਉਨ੍ਹਾਂ ਦੇ ਦਬੇਲ ਬਣ ਗਏ। ਮੁਸਲਮਾਨ ਇਸਲਾਮ ਦੇ ਨਾਮ ਉਪਰ ਜਥੇਬੰਦ ਤੇ ਇਕੱਠੇ ਸਨ; ਹਿੰਦੂ ਕਈ

---

੧. ਸ਼ੇਸ਼ ਨਾਗ ਪਾਤੰਜਲ ਮਥਿਆ ਗੁਰਮੁਖਿ ਸ਼ਾਸਤ੍ਰ ਨਾਗਿ ਸੁਣਾਈ। *(ਭਾਗ ੧—੧੪)*

ਸੰਪਰਦਾਵਾਂ ਤੇ ਜ਼ਾਤਾਂ ਵਿਚ ਖਿੰਡੇ ਪੁੰਡੇ ਸਨ। ਫਿਰ ਵੀ ਦੋਹਾਂ ਨੇ ਇਕ ਦੂਜੇ ਦਾ ਕਿਸੇ ਹੱਦ ਤੀਕ ਅਸਰ ਕਬੂਲ ਕੀਤਾ। ਸ਼ੰਕਰ ਦੇ ਅਦਵੈਤਵਾਦੀ ਕਹਿੰਦੇ ਸਨ—'ਅਹੰਬ੍ਰਹਮਾਸਮਿ' (ਮੈਂ ਬ੍ਰਹਮ ਹਾਂ)। ਸੂਫ਼ੀ ਫ਼ਕੀਰਾਂ ਨੇ ਕਿਹਾ—'ਹਮਾ ਓਸਤ' ਸਭ ਕੁਝ ਓਹੀ ਹੈ। 'ਹਮਾ ਅਜ਼ ਓਸਤ' ਸਭ ਕੁਝ ਉਸ ਤੋਂ ਹੈ।

ਭਾਰਤ ਵਿਚ ਵਿਚਾਰਾਂ ਦੀ ਸੁਤੰਤ੍ਰਤਾ ਕਰਕੇ ਸੁੰਨਵਾਦੀ ਬੁੱਧ ਨੂੰ ਵੀ 'ਅਵਤਾਰ' ਅਤੇ 'ਬ੍ਰਹਮਾਸਮਿ' ਕਹਿਣ ਵਾਲੇ ਨੂੰ ਵੀ ਪ੍ਰਵਾਨ ਕਰ ਲਿਆ ਗਿਆ। ਪਰ ਇਸਲਾਮ ਵਿਚ 'ਅਨਲ ਹੱਕ' ਦਾ ਨਾਹਰਾ ਲਾਉਣ ਵਾਲੇ ਮਨਸੂਰ ਨੂੰ ਸੂਲੀ ਉਪਰ ਟੰਗਿਆ ਗਿਆ। ਹਿੰਦੂ ਮੁਸਲਮ ਵਿਚਾਰਧਾਰਾ ਦੇ ਮਿਲਾਪ ਸਮੇਂ ਭਗਤੀ ਲਹਿਰ ਦੇ ਸੰਤ ਭਗਤ ਹੋਏ ਹਨ। ਇਸ ਲਹਿਰ ਦੇ ਜਾਰੀ ਹੋਣ ਦਾ ਇਕ ਕਾਰਨ ਇਹ ਵੀ ਸੀ ਕਿ ਕਈ ਮੁਸਲਮਾਨ ਬਾਦਸ਼ਾਹਾਂ ਨੇ ਭਾਰਤ ਵਿਚ ਆ ਕੇ ਲੁੱਟ-ਮਾਰ ਤੇ ਕਤਲਾਮ ਕੀਤੀ। ਮੁਸੀਬਤ ਦੇ ਵਕਤ ਈਸ਼ਵਰ ਵਧੇਰੇ ਚੇਤੇ ਆਉਂਦਾ ਹੈ। ਉਸ ਵਕਤ ਹਿੰਦੂਆਂ ਦੀ ਪੁਲੀਟੀਕਲ ਤਾਕਤ ਨਸ਼ਟ ਹੋ ਚੁੱਕੀ ਸੀ। ਇਸ ਲਈ ਉਨ੍ਹਾਂ ਨੇ ਧਰਮ ਦੀ ਓਟ ਲਈ; ਦਿੱਲੀ, ਕਨੌਜ ਤੇ ਪਟਨੇ ਦੀ ਥਾਂ ਅਜੁਧਿਆ, ਮਥਰਾ, ਪ੍ਰਾਗ ਅਤੇ ਕਾਸ਼ੀ ਨੂੰ ਮਹਾਨਤਾ ਦਿੱਤੀ ਗਈ।

ਪਿੱਛੇ ਦੱਸ ਆਏ ਹਾਂ ਕਿ ਸ਼ੰਕਰ ਦੇ ਬਾਅਦ ਵਿਸ਼ਨੂੰ ਸਵਾਮੀ ਨੇ ਵਿਸ਼ਨੂੰ ਦੀ ਪੂਜਾ ਪ੍ਰਚਲਤ ਕੀਤੀ। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੇਵਤੇ ਮੰਨੇ ਗਏ, ਜਿਨ੍ਹਾਂ ਨੂੰ ਰਜੋ, ਸਤੋ ਅਤੇ ਤਮੋ ਦਾ ਰੂਪ ਬਿਆਨ ਕੀਤਾ ਗਿਆ। ਵਿਸ਼ਨੂੰ ਦਾ ਤਸੱਵਰ ਇਹ ਸੀ ਕਿ ਉਹ ਸਤ-ਚਿਤ-ਆਨੰਦ ਸਰੂਪ ਤੇ ਸ੍ਰਿਸ਼ਟੀ ਦਾ ਪਾਲਣਹਾਰ ਹੈ। ਉਹ ਖੀਰ ਸਮੁੰਦਰ ਵਿਚ ਸ਼ੇਸ਼ਨਾਗ ਦੀ ਸੇਜਾ ਉੱਤੇ ਬਿਰਾਜਮਾਨ ਹੈ। ਲਛਮੀ ਉਸ ਦੇ ਚਰਨ ਘੁੱਟ ਰਹੀ ਹੈ। ਸੰਖ, ਚਕ੍ਰ, ਗਦਾ, ਪਦਮ ਦਾ ਧਾਰਨੀ ਤੇ ਭਗਤਾਂ ਦਾ ਰਖਯਕ ਹੈ।[1]

ਵਿਸ਼ਨੂੰ ਦੇ ਦਸ ਅਵਤਾਰ ਮੰਨੇ ਗਏ। ਮੱਛ, ਕੱਛ, ਬਰਾਹ, ਨਰਸਿੰਗ ਤੇ ਵਾਮਨ ਸਤਜੁਗ ਦੇ ਅਵਤਾਰ; ਸ੍ਰੀ ਰਾਮ ਚੰਦਰ ਜੀ ਤੇ ਪਰਸ ਰਾਮ ਤਰੇਤੇ ਦੇ; ਸ੍ਰੀ ਕ੍ਰਿਸ਼ਨ ਦੁਆਪਰ ਦੇ, ਬੁੱਧ ਅਤੇ ਕਲਕੀ ਕਲਜੁਗ ਦੇ। ਸ਼ਿਵ ਦੀ ਪੂਜਾ ਪਹਿਲੇ ਹੁੰਦੀ ਸੀ। ਵਿਸ਼ਨੂੰ, ਸ੍ਰੀ ਰਾਮ ਤੇ ਕ੍ਰਿਸ਼ਨ ਦੀਆਂ ਮੂਰਤੀਆਂ ਦੀ ਪੂਜਾ ਪ੍ਰਚਲਤ ਕੀਤੀ ਗਈ। ਵਿਸ਼ਨੂੰ ਸਵਾਮੀ ਨੇ ਬਿਆਸ ਸੂਤਰਾਂ ਦਾ ਭਾਸ਼ ਅਤੇ ਗੀਤਾ ਦੀ ਵਿਆਖਿਆ ਲਿਖੀ।

ਵਿਸ਼ਨੂੰ ਸਵਾਮੀ ਆਪਣਾ ਉਪਦੇਸ਼ ਸਿਰਫ਼ ਬ੍ਰਾਹਮਣਾਂ ਨੂੰ ਹੀ ਦਿੰਦੇ ਸਨ। ਪਰ ਪਿੱਛੋਂ ਇਹ ਗੱਲ ਨਹੀਂ ਰਹੀ। ਸੰਨ ੮੦੯ ਈ: ਵਿਚ ਸ਼ੰਕਰ ਦੇ ਕਿਸੇ ਚੇਲੇ ਨੇ ਵਿਸ਼ਨੂੰ ਸਵਾਮੀ ਦੇ ਇਸ ਸਿਧਾਂਤ ਦਾ ਖੰਡਨ ਕੀਤਾ ਕਿ ਪਰਮਾਤਮਾ ਸਾਕਾਰ ਹੈ, ਜਿਸ ਕਰਕੇ ਉਸ ਵਕਤ ਵਿਸ਼ਨੂੰ ਸਵਾਮੀ ਦਾ ਪ੍ਰਚਾਰ ਕੁਝ ਢਿੱਲਾ ਪੈ ਗਿਆ। ਉਸ ਦੇ ਚਲਾਣੇ ਦੇ ਬਾਅਦ ਪਿੱਛੋਂ ਰਾਮਾਨੁਜ, ਮਾਧਵਾਚਾਰਯ, ਸ੍ਰੀ ਰਾਮਾਨੰਦ, ਵਲਭਾਚਾਰਯ, ਮਹਾਰਾਸ਼ਟਰ ਦੇ ਸੰਤ ਗਿਆਨੇਸ਼ੂਰ, ਨਾਮਦੇਵ, ਕੇਸ਼ਵ, ਤ੍ਰਿਲੋਚਨ ਆਦਿਕ ਨੇ ਇਸ ਮੱਤ ਦਾ ਪ੍ਰਚਾਰ ਕੀਤਾ।

---

੧. ਸੰਖ ਚਕ੍ਰ ਮਾਲਾ ਤਿਲਕੁ ਬਿਰਾਜਿਤ ਦੇਖਿ ਪ੍ਰਤਾਪੁ ਜਮੁ ਡਰਿਓ॥

*(ਮਾਰੂ ਨਾਮਦੇਵ ਜੀ, ਪੰਨਾ ੧੧੦੫)*

# ਸ੍ਰੀ ਰਾਮਾਨੁਜ

## (ਵਸਿਸ਼ਟ ਅਦਵੈਤਵਾਦ)

ਸ੍ਰੀ ਰਾਮਾਨੁਜ ਭਗਤੀ ਕਾਲ ਦੇ ਪਰਮ ਸੰਤ, ਸੰਸਕ੍ਰਿਤ ਦੇ ਮਹਾਨ ਪੰਡਤ ਵੈਸ਼ਨਵ ਸੰਪਰਦਾਵਾਂ ਵਿਚੋਂ ਇਕ ਸੰਪਰਦਾ (ਵਸ਼ਿਸ਼ਟ ਅਦਵੈਤਵਾਦ) ਦੇ ਮੋਢੀ, ਕਈ ਧਾਰਮਿਕ ਗ੍ਰੰਥਾਂ ਦੇ ਭਾਸ਼ ਲਿਖਣ ਵਾਲੇ,ਸਾਰੇ ਭਾਰਤ ਵਿਚ ਫਿਰ ਕੇ ਭਗਤੀ ਮਾਰਗ ਦਾ ਪ੍ਰਚਾਰ ਕਰਨ ਵਾਲੇ ਸਤ-ਪੁਰਸ਼ ਹੋਏ ਹਨ।

ਸ੍ਰੀ ਸ਼ੰਕਰ ਨੇ ਸਾਰੇ ਦੇਸ਼ ਵਿਚ ਫਿਰ ਕੇ ਅਦਵੈਤਵਾਦ ਦਾ ਅਰਥਾਤ ਗਿਆਨ ਮਾਰਗ ਦਾ ਪ੍ਰਚਾਰ ਕੀਤਾ। ਪਰ ਰਾਮਾਨੁਜ ਨੇ ਭਾਰਤ ਵਿਚ ਘੁੰਮ ਕੇ ਭਗਤੀ ਮਾਰਗ ਨੂੰ ਪ੍ਰਚਾਰਿਆ। ਹਿੰਦੂ ਧਰਮ ਵਿਚ ਵਿਸ਼ਨੂੰ ਤੇ ਲਕਸ਼ਮੀ ਦੀ ਪੂਜਾ ਪ੍ਰਚਲਿਤ ਕਰਨ ਵਾਲੇ ਸਨ, ਜਿਸ ਦਾ ਅਰੰਭ ਵਿਸ਼ਨੂੰ ਸਵਾਮੀ ਨੇ ਕੀਤਾ ਸੀ। ਸ੍ਰੀ ਸ਼ੰਕਰ ਦੇ ਮੰਨਣ ਵਾਲੇ ਸ਼ਿਵ ਦੇ ਪੁਜਾਰੀ ਹਨ। ਰਾਮਾਨੁਜ ਨੂੰ ਮੰਨਣ ਵਾਲੇ ਵਿਸ਼ਨੂੰ ਲਕਸ਼ਮੀ ਦੀ ਪੂਜਾ ਕਰਦੇ ਹਨ।

ਸ੍ਰੀ ਰਾਮਾਨੁਜ ਦਾ ਜਨਮ ਪਿੰਡ ਪੇਨਮ ਭੂਰ (ਪੇਰਮ ਪੁਧਰ) ਮਦਰਾਸ ਵਿਚ ਇਕ ਬ੍ਰਾਹਮਣ ਕੇਸ਼ਵ ਦੇ ਘਰ ਮਾਤਾ ਕਾਂਤ ਮਤੀ ਤੋਂ ਸੰਮਤ ੧੦੭੩ ਬਿ: (੧੦੧੭ ਈ:) ਵਿਚ ਹੋਇਆ।

ਆਪ ਬਚਪਨ ਤੋਂ ਹੀ ਬੜੇ ਤੀਖਣ ਬੁੱਧੀ ਵਾਲੇ, ਵਿਦਿਆ ਪ੍ਰੇਮੀ ਅਤੇ ਕੋਮਲ ਸੁਭਾਵ ਦੇ ਸਨ। ਆਪ ਦੇ ਪਿਤਾ ਵੀ ਚੰਗੇ ਵਿਦਵਾਨ ਸਨ। ਇਸ ਲਈ ਉਨ੍ਹਾਂ ਨੇ ਆਪ ਨੂੰ ਬਚਪਨ ਵਿਚ ਹੀ ਚੰਗੀ ਧਾਰਮਿਕ ਵਿਦਿਆ ਪੜ੍ਹਾਈ। ਬਾਅਦ ਵਿਚ ਇਨ੍ਹਾਂ ਕਾਂਚੀ ਪੁਰਮ ਵਿਚ ਇਕ ਪੰਡਤ ਯਾਦਵ ਪ੍ਰਕਾਸ਼ ਤੋਂ ਵਿਦਿਆ ਪ੍ਰਾਪਤ ਕੀਤੀ। ਫਿਰ ਇਕ ਸਾਧੂ ਪੂਰਨਾਚਾਰਯ ਅਤੇ ਗੋਸ਼ਟੀ ਪੂਰਨ ਤੋਂ ਵੇਦ ਸ਼ਾਸਤ੍ਰ ਆਦਿਕ ਪੜ੍ਹੇ।

ਗੋਸ਼ਟੀ ਪੂਰਨ ਤੋਂ ਰਾਮਾਨੁਜ ਨੇ ਗੁਰ-ਦੀਖਿਆ ਲਈ। ਕਹਿੰਦੇ ਹਨ ਕਿ ਉਸ ਨੇ ਗੁਰ-ਮੰਤ੍ਰ ਦੇ ਕੇ ਕਿਹਾ, "ਇਹ ਮੰਤ੍ਰ ਕਿਸੇ ਨੂੰ ਨਹੀਂ ਦੱਸਣਾ। ਜੋ ਇਸ ਦਾ ਜਾਪ ਕਰੇਗਾ, ਉਹ ਸਿੱਧਾ ਸਵਰਗ ਨੂੰ ਜਾਏਗਾ।"

ਜਿਸ ਤਰ੍ਹਾਂ ਕਬੀਰ ਜੀ ਨੇ ਸ੍ਰੀ ਰਾਮਾਨੰਦ ਦੇ ਵਿਚਾਰਾਂ ਨੂੰ ਬਦਲਿਆ ਸੀ, ਇਸੇ ਤਰ੍ਹਾਂ ਰਾਮਾਨੁਜ ਨੇ ਗੁਰ-ਮੰਤ੍ਰ ਗੁਪਤ ਰੱਖਣ ਦੀ ਪੁਰਾਣੀ ਮਨੌਤ ਬਦਲ ਕੇ ਰੱਖ ਦਿੱਤੀ। ਉਨ੍ਹਾਂ ਨੇ ਇਕ ਮੇਲੇ ਵਿਚ ਜਾ ਕੇ ਲੋਕਾਂ ਸਾਹਮਣੇ ਉਹ ਮੰਤ੍ਰ ਜ਼ੋਰ ਨਾਲ ਉਚਾਰਨ ਕਰਨਾ ਸ਼ੁਰੂ ਕਰ ਦਿੱਤਾ। ਲੋਕਾਂ ਨੇ ਚੰਗੀ ਤਰ੍ਹਾਂ ਸੁਣਿਆ। ਜਦ ਇਸ ਦਾ ਪਤਾ ਗੋਸ਼ਟੀ ਪੂਰਨ ਨੂੰ ਲੱਗਾ ਤਾਂ ਉਸ ਨੇ ਰਾਮਾਨੁਜ ਨੂੰ ਪੁੱਛਿਆ, "ਜਦ ਅਸੀਂ ਤੁਹਾਨੂੰ ਗੁਰ-ਮੰਤਰ

ਦਿੱਤਾ ਸੀ, ਤਦ ਇਹ ਕਿਹਾ ਸੀ ਕਿ ਤੁਸੀਂ ਇਹ ਮੰਤਰ ਕਿਸੇ ਨੂੰ ਨਹੀਂ ਦੱਸਣਾ, ਗੁਪਤ ਰੱਖਣਾ ਹੈ। ਪਤਾ ਲੱਗਾ ਹੈ ਕਿ ਤੁਸੀਂ ਉਸ ਮੇਲੇ ਵਿਚ ਲੋਕਾਂ ਨੂੰ ਦੱਸ ਦਿੱਤਾ ਹੈ।"

ਰਾਮਾਨੁਜ—ਜੀ ਹਾਂ।

ਗੋਸ਼ਟੀ ਪੂਰਨ—ਤੁਹਾਡਾ ਮਨ ਮਸਤ ਹਾਥੀ ਵਾਂਗੂੰ ਅਮੋੜ ਹੈ। ਤੁਸੀਂ ਗੁਰੂ ਦੀ ਆਗਿਆ ਭੰਗ ਕੀਤੀ ਹੈ, ਇਸ ਦਾ ਫਲ ਨਰਕ ਹੋ ਸਕਦਾ ਹੈ।

ਰਾਮਾਨੁਜ—ਪੂਜਨੀਕ ਗੁਰਦੇਵ! ਆਪ ਨੇ ਤਾਂ ਇਹ ਕਿਹਾ ਸੀ ਕਿ ਇਹ ਮੰਤਰ ਮਨੁੱਖ ਨੂੰ ਬੈਕੁੰਠ ਵਿਚ ਪਹੁੰਚਾ ਦਿੰਦਾ ਹੈ। ਮੈਂ ਸਾਰੇ ਲੋਕਾਂ ਦੇ ਸਾਹਮਣੇ ਇਸ ਕਰਕੇ ਉਚਾਰਨ ਕੀਤਾ ਹੈ ਕਿ ਸਾਰੇ ਲੋਕੀਂ ਤਰ ਜਾਣ ਅਤੇ ਬੈਕੁੰਠ ਵਾਸੀ ਹੋਣ। ਆਪ ਦੇ ਜਿਸ ਉਪਦੇਸ਼ ਨਾਲ ਮੇਰਾ ਉੱਧਾਰ ਹੋ ਸਕਦਾ ਹੈ, ਉਸ ਨਾਲ ਸਾਰੇ ਲੋਕਾਂ ਦਾ ਭਲਾ ਕਿਉਂ ਨਾ ਹੋਵੇ!

ਗੋਸ਼ਟੀ ਪੂਰਨ—ਤੁਹਾਡਾ ਇਹ ਵਚਨ ਦਰੁਸਤ ਹੈ।

ਰਾਮਾਨੁਜ—ਮੈਂ ਵੀ ਦ੍ਰਿੜ੍ਹ ਸੰਕਲਪ ਕਰ ਲਿਆ ਹੈ ਕਿ ਇਹ ਮੰਤਰ ਜਪ ਕੇ ਮੈਂ ਇਕੱਲਾ ਹੀ ਬੈਕੁੰਠ ਨੂੰ ਨਾ ਜਾਵਾਂ, ਸਾਰੇ ਲੋਕ ਜਾਣ।

ਗੋਸ਼ਟੀ ਪੂਰਨ ਨੇ ਇਹ ਗੱਲ ਸੁਣ ਕੇ ਰਾਮਾਨੁਜ ਨੂੰ ਆਪਣੀ ਛਾਤੀ ਨਾਲ ਲਾ ਲਿਆ। ਪ੍ਰੇਮ ਤੇ ਆਨੰਦ ਵਿਚ ਮਗਨ ਹੋ ਕੇ ਕਿਹਾ, "ਮੇਰੇ ਪਿਆਰੇ ਸਿਖ! ਤੇਰੇ ਮਨ ਵਿਚ ਦਇਆ ਅਤੇ ਕੋਮਲਤਾ ਹੈ। ਤੁਸੀਂ ਲੋਕਾਂ ਦਾ ਭਲਾ ਕਰਨ ਲਈ ਹੀ ਜਨਮ ਲਿਆ ਹੈ। ਅਸੀਂ ਇਹ ਗੱਲ ਪਹਿਲੇ ਨਹੀਂ ਸੋਚੀ ਸੀ। ਹੁਣ ਤੁਹਾਨੂੰ ਪਰਮ ਪਾਵਨ ਅਤੇ ਸੂਖਮ ਮੰਤ੍ਰ ਦੱਸਦੇ ਹਾਂ। ਇਸ ਦਾ ਉਪਦੇਸ਼ ਸੰਸਾਰ ਨੂੰ ਕਰਨਾ।

ਗੁਰੂ ਨੇ ਰਾਮਾਨੁਜ ਨੂੰ ਕੋਲ ਬਿਠਾ ਕੇ ਹੋਰ ਆਤਮਿਕ ਉਪਦੇਸ਼ ਕੀਤਾ। ਭਜਨ ਸਿਮਰਨ ਦੀ ਵਿਧੀ ਸਮਝਾਈ। ਵਿਦਿਆ ਨਾਲ ਰਾਮਾਨੁਜ ਦਾ ਮਸਤਕ ਅੱਗੇ ਹੀ ਪ੍ਰਕਾਸ਼ਮਾਨ ਸੀ। ਗੁਰੂ ਕ੍ਰਿਪਾ ਨਾਲ ਉਨ੍ਹਾਂ ਦੇ ਕਪਾਟ ਖੁੱਲ੍ਹ ਗਏ। ਉਨ੍ਹਾਂ ਦੇ ਉਪਦੇਸ਼ ਵਿਚ ਬਲ ਆ ਗਿਆ। ਗੋਸਵਾਮੀ ਜੀ ਨੇ ਠੀਕ ਹੀ ਕਿਹਾ ਹੈ:

**ਤੁਲਸੀ ਦਾਸ ਗੁਰੂ ਕ੍ਰਿਪਾ ਬਿਨ, ਵਿਵਧ ਵਿਵੇਕ ਨਾ ਹੋਈ।**

ਗੁਰ-ਮੰਤਰ ਗੁਪਤ ਰੱਖਣ ਦੀ ਜੋ ਪੁਰਾਣੀ ਮਨੌਤ ਸਦੀਆਂ ਤੋਂ ਚਲੀ ਆ ਰਹੀ ਸੀ, ਉਸ ਨੂੰ ਸ੍ਰੀ ਰਾਮਾਨੁਜ ਨੇ ਬਦਲ ਕੇ ਰੱਖ ਦਿੱਤਾ।

ਸ੍ਰੀ ਰਾਮਾਨੁਜ ਜਿਥੇ ਪਰਮ ਈਸ਼ਵਰ ਭਗਤ ਸਨ, ਉਥੇ ਉੱਚ-ਕੋਟੀ ਦੇ ਗੁਰੂ-ਭਗਤ ਅਤੇ ਸੇਵਕ ਵੀ ਸਨ।

ਕਹਿੰਦੇ ਹਨ ਇਕ ਵੇਰ ਆਪ ਦੇ ਗੁਰੂ ਗੋਸ਼ਟੀ ਪੂਰਨ ਆਪ ਨੂੰ ਮਿਲਣ ਲਈ ਆਏ। ਆਪ ਨੇ ਸਤਿਕਾਰ ਕਰਦੇ ਹੋਏ ਗੁਰੂ ਨੂੰ ਡੰਡੌਤ ਬੰਦਨਾ ਕੀਤੀ। ਗਰਮੀ ਦੀ ਰੁੱਤ ਸੀ। ਗੁਰੂ ਨੇ ਪ੍ਰੀਖਿਆ ਲੈਣ ਲਈ ਉਨ੍ਹਾਂ ਦੇ ਸਿਰ ਨੂੰ ਨਹੀਂ ਚੁੱਕਿਆ। ਰਾਮਾਨੁਜ ਵੀ ਸਿਦਕ ਨਾਲ ਗੁਰੂ-ਚਰਨਾਂ ਨੂੰ ਲਿਪਟੇ ਰਹੇ। ਕੋਲੋਂ ਰਾਮਾਨੁਜ ਦੇ ਇਕ ਪ੍ਰੇਮੀ ਨੇ ਗੋਸ਼ਟੀ ਪੂਰਨ ਨੂੰ ਕਿਹਾ, "ਇਹ ਧੁੱਪ ਵਿਚ ਸੜ ਰਹੇ ਹਨ। ਤੁਸੀਂ ਇਨ੍ਹਾਂ ਨੂੰ ਉਠਾਉਂਦੇ ਕਿਉਂ ਨਹੀਂ? ਤੁਸੀਂ ਚੰਗੇ ਗੁਰੂ ਹੋ?"

ਇਹ ਸੁਣ ਕੇ ਗੋਸ਼ਟੀ ਪੂਰਨ ਨੇ ਰਾਮਾਨੁਜ ਨੂੰ ਉਠਾਇਆ ਅਤੇ ਛਾਤੀ ਨਾਲ ਲਾ ਕੇ ਕਿਹਾ, "ਤੁਸੀਂ ਸੱਚੇ ਪ੍ਰੇਮੀ ਅਤੇ ਸੇਵਕ ਹੋਣ ਦਾ ਸਬੂਤ ਦਿੱਤਾ ਹੈ। ਗੁਰੂ-ਭਗਤੀ

ਨੂੰ ਬਹੁਤ ਚੰਗੇ ਢੰਗ ਨਾਲ ਨਿਬਾਹਿਆ ਹੈ। ਤੁਹਾਡੇ ਸੇਵਕ ਨੇ ਜੋ ਕੁਝ ਸਾਨੂੰ ਕਿਹਾ ਹੈ, ਉਸ ਉੱਤੇ ਅਸੀਂ ਬੜੇ ਪ੍ਰਸੰਨ ਹਾਂ। ਆਪਣੇ ਗੁਰੂ ਲਈ ਇਕ ਸਿਖ ਦੀ ਇਹੀ ਸ਼ਰਧਾ ਭਾਵਨਾ ਹੋਣੀ ਚਾਹੀਦੀ ਹੈ।"

ਸ੍ਰੀ ਰਾਮਾਨੁਜ ਨੇ ਬਹੁਤ ਸਾਰੇ ਲੋਕਾਂ ਦੀ ਪ੍ਰੇਰਨਾ ਨਾਲ ਸ੍ਰੀ ਰੰਗ ਨਾਥ ਦੇ ਪ੍ਰਸਿੱਧ ਮੰਦਰ ਵਿਚ ਜਾ ਡੇਰਾ ਲਾਇਆ। ਉਥੋਂ ਦੇ ਪੁਜਾਰੀ ਆਪ ਨਾਲ ਈਰਖਾ ਕਰਨ ਲੱਗ ਪਏ। ਇਕ ਪੁਜਾਰੀ ਨੇ ਆਪ ਨੂੰ ਠਾਕੁਰ ਦੇ ਚਰਨਾਮ੍ਰਿਤ ਵਿਚ ਜ਼ਹਿਰ ਮਿਲਾ ਕੇ ਦੇ ਦਿੱਤਾ। ਆਪ ਨੂੰ ਉਸ ਦਾ ਪਤਾ ਲੱਗ ਗਿਆ। ਅਟੁੱਟ ਭਗਤੀ-ਭਾਵ ਤੇ ਆਤਮਿਕ ਬਲ ਕਰ ਕੇ ਉਸ ਜ਼ਹਿਰ ਦਾ ਕੋਈ ਅਸਰ ਨਹੀਂ ਹੋਇਆ। ਭਜਨ ਸਿਮਰਨ ਵਿਚ ਜੁੜੇ ਰਹੇ। ਪੁਜਾਰੀ ਦਾ ਖ਼ਿਆਲ ਸੀ ਕਿ ਜ਼ਹਿਰ ਨਾਲ ਰਾਮਾਨੁਜ ਮਰ ਜਾਣਗੇ। ਪਰ ਉਨ੍ਹਾਂ ਨੂੰ ਕੁਝ ਅਸਰ ਨਾ ਹੋਇਆ। ਉਨ੍ਹਾਂ ਨੇ ਬੜੇ ਜੇਰੇ ਦਾ ਸਬੂਤ ਦਿੱਤਾ। ਨਾ ਇਹ ਗੱਲ ਕਿਸੇ ਨੂੰ ਦੱਸੀ ਤੇ ਨਾ ਹੀ ਪੁਜਾਰੀ ਵਿਰੁੱਧ ਰੋਸ ਕੀਤਾ। ਅਜਿਹੀ ਖਿਮਾ, ਦਇਆ, ਕੋਮਲਤਾ ਅਤੇ ਉਦਾਰਤਾ ਵੇਖ ਕੇ ਜ਼ਹਿਰ ਦੇਣ ਵਾਲਾ ਪੁਜਾਰੀ ਉਨ੍ਹਾਂ ਦੇ ਚਰਨਾਂ ਉਪਰ ਡਿੱਗ ਪਿਆ। ਰਾਮਾਨੁਜ ਨੇ ਉਸ ਨੂੰ ਛਾਤੀ ਨਾਲ ਲਾ ਕੇ ਪ੍ਰੇਮ-ਭਗਤੀ ਦਾ ਉਪਦੇਸ਼ ਦਿੱਤਾ।

ਉਨ੍ਹਾਂ ਦਿਨਾਂ ਵਿਚ ਹੀ ਇਕ ਯੱਗ ਮੂਰਤੀ ਸ੍ਰੀ ਰਾਮਾਨੁਜ ਨਾਲ ਬਹਿਸ ਕਰਨ ਲਈ ਆਇਆ। ਦੋਹਾਂ ਦੀ ਸਤਾਰਾਂ ਦਿਨ ਲਗਾਤਾਰ ਬਹਿਸ ਹੁੰਦੀ ਰਹੀ। ਨਾ ਕੋਈ ਜਿੱਤਿਆ ਨਾ ਕੋਈ ਹਾਰਿਆ। ਅਠਾਰ੍ਹਵੇਂ ਦਿਨ ਸ੍ਰੀ ਰਾਮਾਨੁਜ ਸਭਾ ਵਿਚ ਆਏ। ਉਸ ਵਕਤ ਉਨ੍ਹਾਂ ਦਾ ਮੁਖੜਾ ਚਮਕ ਰਿਹਾ ਸੀ। ਅਸਚਰਜ ਤੇਜ ਸੀ। ਯੱਗ ਮੂਰਤੀ ਨੇ ਵੇਖ ਕੇ ਉਨ੍ਹਾਂ ਦੇ ਚਰਨ ਫੜ ਲਏ ਅਤੇ ਕਹਿਣ ਲੱਗਾ, "ਆਪ ਦੇ ਦਰਸ਼ਨਾਂ ਅਤੇ ਬਚਨਾਂ ਨਾਲ ਮੈਨੂੰ ਜੋ ਸ਼ਾਂਤੀ ਪ੍ਰਾਪਤ ਹੋਈ ਹੈ, ਉਸ ਨੇ ਮੈਨੂੰ ਮਜਬੂਰ ਕਰ ਦਿੱਤਾ ਹੈ ਕਿ ਬਹਿਸ ਮੁਬਾਹਸੇ ਨੂੰ ਛੱਡ ਕੇ ਆਪ ਦੀ ਚਰਨ ਸ਼ਰਨ ਪ੍ਰਾਪਤ ਕਰਾਂ। ਆਪ ਕ੍ਰਿਪਾ ਕਰਕੇ ਮੈਨੂੰ ਆਪਣਾ ਸੇਵਕ ਬਣਾਉ।"

ਸ੍ਰੀ ਰਾਮਾਨੁਜ ਨੇ ਉਸ ਪੰਡਤ ਨੂੰ ਭਗਤੀ ਮਾਰਗ ਦਾ ਉਪਦੇਸ਼ ਕੀਤਾ ਅਤੇ ਆਪਣਾ ਚੇਲਾ ਬਣਾਇਆ।

ਚੰਦਨ ਦੇ ਬੂਟੇ ਵਾਂਗ ਸ੍ਰੀ ਰਾਮਾਨੁਜ ਦੀ ਸੁਗੰਧੀ ਸਾਰੇ ਫੈਲ ਗਈ। ਆਪ ਦੀ ਸੋਭਾ ਸੁਣ ਕੇ ਪਹਿਲੇ ਵਿਦਿਆ ਗੁਰੂ ਯਾਦਵ ਵੀ ਆਏ ਤੇ ਉਨ੍ਹਾਂ ਦੇ ਸੇਵਕ ਬਣ ਗਏ।

ਸ੍ਰੀ ਰੰਗ ਦੇ ਮੰਦਰ ਵਿਚ ਰੋਜ਼ ਹਜ਼ਾਰਾਂ ਆਦਮੀਆਂ ਨੂੰ ਭੋਜਨ ਛਕਾਇਆ ਜਾਂਦਾ ਸੀ। ਪਰ ਸ੍ਰੀ ਰਾਮਾਨੁਜ ਮਧੂਕਰੀ ਕਰ ਕੇ ਖਾਂਦੇ ਸਨ। ਮੰਦਰ ਦੇ ਭੰਡਾਰੇ ਵਿਚੋਂ ਪ੍ਰਸ਼ਾਦ ਨਹੀਂ ਛਕਦੇ ਸਨ।

ਇਕ ਦਿਨ ਉਹ ਕਿਸੇ ਘਰ ਮਧੂਕਰੀ ਲੈਣ ਲਈ ਗਏ। ਘਰ ਦਾ ਮਾਲਕ ਬਹੁਤ ਗ਼ਰੀਬ ਸੀ ਤੇ ਬਾਹਰ ਗਿਆ ਹੋਇਆ ਸੀ। ਉਸ ਦੀ ਪਤਨੀ ਦੇ ਸਰੀਰ ਉੱਤੇ ਕੱਪੜਾ ਨਹੀਂ ਸੀ। ਨੰਗੀ ਹੋਣ ਕਰਕੇ ਵਿਚਾਰੀ ਬੂਹੇ ਦੇ ਓਹਲੇ ਬੈਠੀ ਹੋਈ ਸੀ। ਜਦ ਇਸ ਦਾ ਪਤਾ ਸ੍ਰੀ ਰਾਮਾਨੁਜ ਨੂੰ ਲੱਗਾ ਤਾਂ ਉਨ੍ਹਾਂ ਨੇ ਆਪਣੇ ਸਿਰ ਦਾ ਕੱਪੜਾ ਲਾਹ ਕੇ ਉਸ ਇਸਤ੍ਰੀ ਨੂੰ ਦਿੱਤਾ। ਉਸ ਕੱਪੜੇ ਨਾਲ ਤਨ ਢੱਕ ਕੇ ਗ਼ਰੀਬ ਔਰਤ ਬਾਹਰ ਆਈ। ਸ੍ਰੀ ਰਾਮਾਨੁਜ ਦੇ ਚਰਨਾਂ ਉੱਤੇ ਡਿੱਗ ਕੇ ਕਹਿਣ ਲੱਗੀ,

"ਮਹਾਰਾਜ! ਮੇਰੇ ਮਨ ਵਿਚ ਆਪ ਦੇ ਦਰਸ਼ਨ ਕਰਨ ਦੀ ਬੜੀ ਤੀਬਰ ਇੱਛਾ ਸੀ। ਮੇਰਾ ਜੀਅ ਕਰਦਾ ਸੀ ਕਿ ਆਪ ਨੂੰ ਚੇਲਿਆਂ ਸਮੇਤ ਭੋਜਨ ਛਕਾਵਾਂ, ਪਰ ਕੀ ਕਰਾਂ, ਆਪ ਨੂੰ ਭੋਜਨ ਛਕਾਉਣ ਦੇ ਸਮਰੱਥ ਨਹੀਂ ਹਾਂ।"

ਰਾਮਾਨੁਜ—ਸੁਭਾਗਵਤੀ! ਈਸ਼ਵਰ ਤੇਰੀ ਇੱਛਾ ਪੂਰੀ ਕਰੇਗਾ।

ਕਹਿੰਦੇ ਹਨ ਕਿ ਜਦ ਸ੍ਰੀ ਰਾਮਾਨੁਜ ਦੇ ਇਕ ਧਨਾਢ ਸੇਵਕ ਨੂੰ ਇਸ ਗੱਲ ਦਾ ਪਤਾ ਲੱਗਾ, ਤਦ ਉਸ ਨੇ ਕਾਫ਼ੀ ਧਨ ਉਸ ਗ਼ਰੀਬ ਦੇ ਘਰ ਭੇਜ ਦਿੱਤਾ, ਜਿਸ ਨਾਲ ਉਸ ਨੇ ਸ੍ਰੀ ਰਾਮਾਨੁਜ ਤੇ ਉਨ੍ਹਾਂ ਦੀ ਸਾਧੂ ਮੰਡਲੀ ਦਾ ਭੰਡਾਰਾ ਕੀਤਾ।

ਸ੍ਰੀ ਰਾਮਾਨੁਜ ਇਕ ਵੇਰ ਆਪਣੇ ਇਕ ਪ੍ਰੇਮੀ ਸ਼ੈਲਾ ਪੂਰਨ ਨੂੰ ਮਿਲਣ ਗਏ। ਅਗੇ ਉਸ ਦੇ ਘਰ ਉਨ੍ਹਾਂ ਦਾ ਇਕ ਹੋਰ ਸੇਵਕ ਗੋਬਿੰਦਾ ਨੰਦ ਠਹਿਰਿਆ ਹੋਇਆ ਸੀ।

ਜਦ ਸੇਵਕ ਨੇ ਰਾਤ ਸੌਣ ਲਈ ਸ੍ਰੀ ਰਾਮਾਨੁਜ ਲਈ ਕੁਸ਼ਾ ਦਾ ਆਸਣ ਵਿਛਾਇਆ ਤਾਂ ਉਸ ਉਪਰ ਗੋਬਿੰਦਾ ਨੰਦ ਆਪ ਹੀ ਸੌਂ ਗਿਆ।

ਰਾਮਾਨੁਜ—ਕਿਉਂ ਗੋਬਿੰਦਾ! ਤੂੰ ਸਾਡੇ ਸੌਣ ਲਈ ਆਸਣ ਵਿਛਾ ਕੇ ਪਹਿਲੇ ਉਸ ਉਪਰ ਆਪ ਹੀ ਸੌਂ ਗਿਆ ਹੈਂ, ਇਹ ਕੀ ਗੱਲ ਹੋਈ?

ਗੋਬਿੰਦਾ—ਮੈਂ ਆਸਣ ਉਪਰ ਇਸ ਲਈ ਸੁੱਤਾ ਹਾਂ ਕਿ ਜੇ ਇਸ ਵਿਚ ਕੋਈ ਕੰਡਾ ਜਾਂ ਚੁਭਣ ਵਾਲਾ ਕੋਈ ਤੀਲਾ ਹੋਵੇ ਤਾਂ ਉਸ ਨੂੰ ਕੱਢ ਲਵਾਂ।

ਉਸ ਦੀ ਇਹ ਗੱਲ ਸੁਣ ਕੇ ਰਾਮਾਨੁਜ ਬਹੁਤ ਪ੍ਰਸੰਨ ਹੋਏ। ਕਹਿਣ ਲੱਗੇ, "ਤੇਰੀ ਗੁਰੂ-ਭਗਤੀ ਪ੍ਰਵਾਨ ਹੋਈ ਹੈ।"

ਇਕ ਵੇਰ ਸ੍ਰੀ ਰਾਮਾਨੁਜ ਕਾਂਚੀ ਪੁਰਮ ਵਿਚ ਪੁੱਜੇ। ਉਥੋਂ ਦੇ ਲੋਕਾਂ ਨੇ ਗੋਬਿੰਦਾ ਨੰਦ ਦੀ ਬੜੀ ਸੋਭਾ ਕੀਤੀ। ਉਹ ਵੀ ਆਪਣੀ ਸੋਭਾ ਸੁਣ ਰਿਹਾ ਸੀ।

ਰਾਮਾਨੁਜ—ਗੋਬਿੰਦਾ! ਤੂੰ ਆਪਣੀ ਸੋਭਾ ਸੁਣ ਕੇ ਪ੍ਰਸੰਨ ਹੋ ਰਿਹਾ ਹੈਂ?

ਗੋਬਿੰਦਾ—ਮਹਾਰਾਜ! ਮੈਂ ਆਪਣੀ ਸੋਭਾ ਸੁਣ ਕੇ ਪ੍ਰਸੰਨ ਨਹੀਂ ਹੋ ਰਿਹਾ। ਮੈਨੂੰ ਇਸ ਗੱਲ ਦੀ ਪ੍ਰਸੰਨਤਾ ਹੈ ਕਿ ਆਪ ਨੇ ਮੇਰੇ ਵਰਗੇ ਪਾਪੀ ਨੂੰ ਵੀ ਆਤਮਿਕ ਉਪਦੇਸ਼ ਦੇ ਕੇ ਤਾਰ ਦਿੱਤਾ ਅਤੇ ਸੋਭਾ ਦੇ ਯੋਗ ਬਣਾਇਆ ਹੈ। ਇਹ ਤਾਂ ਆਪ ਦੀ ਕ੍ਰਿਪਾ ਅਤੇ ਵਡਿਆਈ ਹੈ।

ਵੈਸ਼ਨਵ ਭਗਤਾਂ ਵਿਚੋਂ ਸ੍ਰੀ ਰਾਮਾਨੰਦ ਅਤੇ ਸ੍ਰੀ ਰਾਮਾਨੁਜ ਅਜਿਹੇ ਭਗਤ ਹੋਏ ਹਨ, ਜਿਨ੍ਹਾਂ ਨੇ ਕਹਿਣ ਮਾਤਰ ਨੀਚ ਜਾਤਾਂ ਅਤੇ ਸ਼ੂਦਰਾਂ ਨੂੰ ਵੀ ਉਪਦੇਸ਼ ਦਿੱਤਾ ਹੈ। ਇਸ ਉਪਰ ਕਈ ਜਾਤਿ ਅਭਿਮਾਨੀ ਲੋਕ ਔਖੇ ਹੋਏ। ਪਰ ਉਨ੍ਹਾਂ ਨੇ ਕੋਈ ਪ੍ਰਵਾਹ ਨਹੀਂ ਕੀਤੀ, ਉਪਦੇਸ਼ ਜਾਰੀ ਰੱਖਿਆ।

ਕਹਿੰਦੇ ਹਨ ਕਿ ਇਕ ਮਲਾਹ ਧਨੁੱਖ ਦਾਸ ਉਨ੍ਹਾਂ ਦਾ ਸੇਵਕ ਬਣਿਆ। ਇਸ ਉਪਰ ਵੈਸ਼ਨਵਾਂ ਨੇ ਇਤਰਾਜ਼ ਕੀਤਾ। ਉਨ੍ਹਾਂ ਨੇ ਕਿਹਾ, "ਮਹਾਰਾਜ! ਆਪ ਸ਼ੂਦਰਾਂ ਨੂੰ ਗੁਰ-ਮੰਤਰ ਕਿਉਂ ਦੇਣ ਲੱਗ ਪਏ ਹੋ?"

ਰਾਮਾਨੁਜ—ਤੁਹਾਡੇ ਇਸ ਪ੍ਰਸ਼ਨ ਦਾ ਫ਼ਿਰ ਕਦੇ ਉੱਤਰ ਦੇਵਾਂਗੇ।

ਇਕ ਦਿਨ ਉਨ੍ਹਾਂ ਨੇ ਇਕ ਚੇਲੇ ਨੂੰ ਹੁਕਮ ਦਿੱਤਾ ਕਿ ਜਿਸ ਨੇ ਪ੍ਰਸ਼ਨ ਪੁੱਛਿਆ ਸੀ, ਉਸ ਦੀ ਚਾਦਰ ਦੀ ਇਕ ਨੁਕਰ ਕੁਤਰ ਲਿਆਉ।

ਜਦ ਰਾਮਾਨੁਜ ਦੇ ਸੇਵਕ ਨੇ ਪ੍ਰਸ਼ਨ ਕਰਤਾ ਦੀ ਚਾਦਰ ਦੀ ਨੁੱਕਰ ਕੁਤਰੀ ਤਾਂ ਉਹ ਲੜ ਪਿਆ। ਫਿਰ ਆਪ ਨੇ ਉਸ ਸੇਵਕ ਨੂੰ ਧਨੁੱਖ ਦਾਸ ਮਲਾਹ ਦੇ ਘਰ

ਭੇਜਿਆ ਕਿ ਉਸ ਦੀ ਔਰਤ ਦੇ ਗਹਿਣੇ ਲੈ ਆਵੇ।

ਉਹ ਸੇਵਕ ਮਲਾਹ ਦੇ ਘਰ ਪੁੱਜਾ। ਉਸ ਨੇ ਵੇਖਿਆ ਕਿ ਧਨੁੱਖ ਦਾਸ ਦੀ ਔਰਤ ਸੁੱਤੀ ਪਈ ਹੈ। ਉਸ ਨੇ ਔਰਤ ਦੇ ਗਹਿਣੇ ਲਾਹੁਣੇ ਸ਼ੁਰੂ ਕਰ ਦਿੱਤੇ। ਜਦ ਇਕ ਪਾਸੇ ਦੇ ਗਹਿਣੇ ਲਾਹ ਲਏ ਤਾਂ ਔਰਤ ਨੇ ਪਾਸਾ ਪਰਤਿਆ। ਰਾਮਾਨੁਜ ਦੇ ਸੇਵਕ ਨੇ ਸਮਝਿਆ ਮਲਾਹ ਦੀ ਪਤਨੀ ਜਾਗ ਪਈ ਹੈ। ਇਸ ਖ਼ਿਆਲ ਨਾਲ ਉਹ ਅੱਧੇ ਗਹਿਣੇ ਹੀ ਲੈ ਕੇ ਤੁਰ ਪਿਆ।

ਜਦ ਮਲਾਹ ਘਰ ਆਇਆ, ਉਸ ਨੇ ਆਪਣੀ ਪਤਨੀ ਨੂੰ ਪੁੱਛਿਆ, "ਤੇਰੇ ਅੱਧੇ ਗਹਿਣੇ ਕਿਥੇ ਹਨ, ਕੌਣ ਲਾਹ ਕੇ ਲੈ ਗਿਆ ਹੈ ?"

ਔਰਤ ਨੇ ਉੱਤਰ ਦਿੱਤਾ, "ਸ੍ਰੀ ਰਾਮਾਨੁਜ ਦਾ ਇਕ ਸੇਵਕ ਆਇਆ ਸੀ। ਉਹ ਗਹਿਣੇ ਲਾਹ ਕੇ ਲੈ ਗਿਆ ਹੈ।"

ਮਲਾਹ ਨੇ ਕਿਹਾ, "ਭੋਲੀਏ! ਹੁਣ ਤੂੰ ਦੂਜੇ ਪਾਸੇ ਦੇ ਗਹਿਣੇ ਵੀ ਲਾਹ ਕੇ ਉਸ ਦੀ ਭੇਟ ਕਰ ਆ।"

ਜਦ ਰਾਮਾਨੁਜ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਸਾਰੇ ਵੈਸ਼ਨਵਾਂ ਤੇ ਚੇਲਿਆਂ ਨੂੰ ਸੱਦ ਕੇ ਕਿਹਾ, "ਜਿਸ ਮਲਾਹ ਧਨੁੱਖ ਦਾਸ ਨੂੰ ਤੁਸੀਂ ਸ਼ੂਦਰ ਦੱਸਦੇ ਸੀ, ਉਹ ਤਾਂ ਪ੍ਰੇਮ-ਭਗਤੀ ਵਿਚ ਏਨਾ ਨਿਪੁੰਨ ਹੈ ਕਿ ਆਪਣੀ ਪਤਨੀ ਦੇ ਗਹਿਣੇ ਲਾਹ ਕੇ ਦੇਣ ਲਈ ਤਿਆਰ ਹੈ। ਪਰ ਜੇ ਤੁਹਾਡੀ ਚਾਦਰ ਦੀ ਇਕ ਨੁੱਕਰ ਦੀ ਟਾਕੀ ਲਾਹੀ ਜਾਵੇ ਤਾਂ ਤੁਸੀਂ ਲੜਨ ਲਈ ਤਿਆਰ ਹੋ ਜਾਂਦੇ ਹੋ। ਦੱਸੋ, ਤੁਸੀਂ ਚੰਗੇ ਸਿਖ ਸੇਵਕ ਹੋ ਜਾਂ ਉਹ ਮਲਾਹ ਹੈ।"

ਇਹ ਬਚਨ ਸੁਣ ਕੇ ਸਾਰੇ ਜਾਤਿ ਅਭਿਮਾਨੀ ਛਿੱਥੇ ਹੋ ਗਏ।

ਸ੍ਰੀ ਰਾਮਾਨੁਜ ਨੇ ਮਲਾਹ ਨੂੰ ਗਲਵੱਕੜੀ ਵਿਚ ਲੈ ਕੇ ਛਾਤੀ ਨਾਲ ਲਾ ਕੇ ਕਿਹਾ, "ਇਹ ਮੇਰਾ ਅਨਿੰਨ ਸਿਖ ਤੇ ਸੇਵਕ ਹੈ।"

## ਵਸਿਸ਼ਟ ਅਦਵੈਤਵਾਦ

ਸ੍ਰੀ ਰਾਮਾਨੁਜ ਨੇ ਜਿਥੇ ਦੇਸ਼ ਵਿਚ ਫਿਰ ਕੇ ਭਗਤੀ ਮਾਰਗ ਦਾ ਪ੍ਰਚਾਰ ਕੀਤਾ, ਉਥੇ ਬਿਆਸ ਸੂਤਰਾਂ ਅਤੇ ਗੀਤਾ ਦੇ ਵੱਖਰੇ ਭਾਸ਼ ਵੀ ਲਿਖੇ ਹਨ, ਜਿਨ੍ਹਾਂ ਵਿਚ ਵਸਿਸ਼ਟ ਅਦਵੈਤਵਾਦ ਦਾ ਵਰਨਣ ਕੀਤਾ ਹੈ। ਉਨ੍ਹਾਂ ਨੇ ਵੇਦ ਅਤੇ ਉਪਨਿਸ਼ਦ ਦਾ ਆਸਰਾ ਲੈ ਕੇ ਸ਼ੰਕਰ ਦੇ ਅਦਵੈਤਵਾਦ ਦਾ ਖੰਡਨ ਕੀਤਾ। *ਨਯਾਯ ਦਰਸ਼ਨ* ਅਨੁਸਾਰ ਜੀਵ, ਈਸ਼ਵਰ ਤੇ ਪ੍ਰਕਿਰਤੀ ਨੂੰ ਮੰਨਿਆ। ਈਸ਼ਵਰ-ਚੇਤੰਨ, ਜੀਵ ਅਚਿਤ ਅਤੇ ਪ੍ਰਕਿਰਤੀ ਨੂੰ ਜੜ੍ਹ ਬਿਆਨ ਕੀਤਾ ਹੈ।

ਵਸਿਸ਼ਟ ਅਦਵੈਤਵਾਦ ਦਾ ਸਾਰੰਸ਼ ਇਹ ਹੈ—ਬ੍ਰਹਮ ਅਦਵੈਤ ਹੈ ਪਰ ਕੇਵਲ ਨਹੀਂ। ਵਸਿਸ਼ਟ (ਵੱਡਾ) ਹੈ। ਸਭ ਕੁਝ ਬ੍ਰਹਮ ਵਿਚ ਹੀ ਹੈ। ਪਰ ਉਸ ਦੇ ਦੋ ਭੇਦ ਹਨ—ਜੀਵ-ਚੇਤੰਨ ਅਤੇ ਜੜ੍ਹ-ਜਗਤ। ਇਹ ਦੋਵੇਂ ਇਕ ਦੂਜੇ ਤੋਂ ਆਪਸ ਵਿਚ ਅਤੇ ਬ੍ਰਹਮ ਤੋਂ ਵਿਲੱਖਣ ਹਨ। ਪ੍ਰਾਣੀ ਮਾਤਰ ਵਿਚ ਬ੍ਰਹਮ ਅੰਤਰਜਾਮੀ ਰੂਪ ਵਿਚ ਮੌਜੂਦ ਹੈ, ਪਰ ਜੜ੍ਹ ਅਤੇ ਚੇਤੰਨ ਉਸ ਤੋਂ ਭਿੰਨ ਹਨ।

ਬ੍ਰਹਮ ਦੇ ਤਿੰਨ ਭੇਦ ਹਨ—ਹਰੀ, ਚੇਤਨ ਅਤੇ ਜੜ੍ਹ। ਇਨ੍ਹਾਂ ਤਿੰਨਾਂ ਦੇ ਰੂਪ

ਵਿਚ ਵਿਸ਼ਵ ਮਾਤ੍ਰ ਬ੍ਰਹਮ ਰੂਪ ਹੈ। ਤਿੰਨੇ ਆਪਣੇ ਆਪ ਵਿਚ ਅਦਵੈਤ ਹਨ ਪਰ ਇਕ ਦੂਜੇ ਤੋਂ ਭਿੰਨ ਹਨ। ਬ੍ਰਹਮ ਗਿਆਨ ਸਰੂਪ ਹੈ, ਜਗਤ ਤੇ ਮਾਇਆ ਅਗਿਆਨ ਸਰੂਪ ਹਨ।

ਗਿਆਨ ਵਿਚ ਅਗਿਆਨ ਨੂੰ ਅਸੰਭਵ ਹੋਣਾ ਮੰਨ ਕੇ ਰਾਮਾਨੁਜ ਨੇ ਅਦਵੈਤ ਨੂੰ ਵਸਿਸ਼ਟ ਰੂਪ ਵਿਚ ਮੰਨਿਆ ਹੈ। ਪਰਮੇਸ਼ਰ ਪੁਰਸ਼ ਹੈ। ਉਹ ਸਰਗੁਣ ਹੈ। ਮੁਕਤ ਹੋਣ ਉਪਰ ਜੀਵ ਈਸ਼ਵਰ ਦੀ ਸਮਾਨਤਾ ਪ੍ਰਾਪਤ ਕਰਦਾ ਹੈ। ਜੀਵ ਵਿਚ ਏਨੀ ਹੀ ਕਮੀ ਹੈ ਕਿ ਉਹ ਜਗਤ ਪੈਦਾ ਨਹੀਂ ਕਰ ਸਕਦਾ। ਇਸ ਤੋਂ ਬਿਨਾ ਜੀਵ ਅਤੇ ਈਸ਼ਵਰ ਵਿਚ ਹੋਰ ਕੋਈ ਭੇਦ ਨਹੀਂ ਹੈ। ਮੁਕਤ ਹੋਣ 'ਤੇ ਸਰਗੁਣ ਜੀਵ ਤੇ ਸਰਗੁਣ ਬ੍ਰਹਮ ਦੋਵੇਂ ਇਕੋ ਰੂਪ ਹੋ ਜਾਂਦੇ ਹਨ।

# ਸ੍ਰੀ ਮਾਧਵਾਚਾਰਯ

## (ਦਵੈਤਵਾਦ)

ਸ੍ਰੀ ਮਾਧਵ ਵੈਸ਼ਨਵਾਂ ਵਿਚੋਂ ਉਹ ਆਚਾਰਯ ਹੋਏ ਹਨ, ਜਿਨ੍ਹਾਂ ਨੂੰ ਨਾ ਸ੍ਰੀ ਸ਼ੰਕਰਾਚਾਰਯ ਦਾ ਅਦਵੈਤਵਾਦ ਚੰਗਾ ਲੱਗਾ, ਨਾ ਹੀ ਰਾਮਾਨੁਜ ਦਾ ਵਸ਼ਿਸ਼ਟ ਅਦਵੈਤਵਾਦ ਹੀ ਪਸੰਦ ਆਇਆ। ਉਨ੍ਹਾਂ ਨੇ ਦਵੈਤਵਾਦ ਨੂੰ ਪ੍ਰਚਾਰਿਆ ਹੈ। ਵੈਸ਼ਨਵਾਂ ਵਿਚ ਮਾਧਵ ਦੀ ਸੰਪਰਦਾਇ ਵੀ ਬੜੀ ਪ੍ਰਸਿੱਧ ਹੈ। ਇਸ ਨੂੰ ਬ੍ਰਹਮ ਸੰਪਰਦਾਇ ਕਹਿੰਦੇ ਹਨ।

ਸ੍ਰੀ ਮਾਧਵ ਬਾਹਰਵੀਂ ਤੇ ਤੇਰ੍ਹਵੀਂ ਸਦੀ ਦੇ ਪ੍ਰਸਿੱਧ ਭਗਤ, ਸੰਸਕ੍ਰਿਤ ਦੇ ਮਹਾਨ ਪੰਡਤ, ਵੈਸ਼ਨਵਾਂ ਦੀ ਇਕ ਸੰਪਰਦਾਇ ਦਵੈਤਵਾਦੀਆਂ ਦੇ ਆਚਾਰਯ ਹੋਏ ਹਨ। ਇਨ੍ਹਾਂ ਦਾ ਜਨਮ ਸੰਮਤ ੧੧੯੯ ਵਿਚ ਪਿੰਡ ਤੁਲਬ (ਤੁਲਵਾ) ਕਰਨਾਟਕ ਵਿਚ ਇਕ ਬ੍ਰਾਹਮਣ ਵੰਸ਼ ਵਿਚ ਮੇਘਾ ਭੱਟ ਦੇ ਘਰ ਮਾਤਾ ਮਹਾਂ ਲਖਸ਼ਮੀ ਤੋਂ ਹੋਇਆ।

ਪੰਡਤ ਸ਼ਿਵ ਸ਼ੰਕਰ ਨੇ ਭਾਰਤ ਦੇ ਧਾਰਮਿਕ ਇਤਿਹਾਸ ਵਿਚ ਇਨ੍ਹਾਂ ਦਾ ਜਨਮ ਸੰਮਤ ੧੨੩੬ ਬਿਕ੍ਰਮੀ ਲਿਖਿਆ ਹੈ।

ਕਹਿੰਦੇ ਹਨ ਕਿ ਇਹ ਛੋਟੀ ਉਮਰ ਦੇ ਸਨ ਕਿ ਇਨ੍ਹਾਂ ਦੀ ਮਾਤਾ ਬੀਮਾਰ ਹੋ ਗਈ। ਉਸ ਨੇ ਅੰਤ ਸਮੇਂ ਆਪਣੇ ਬੱਚੇ ਮਾਧਵ ਦੀ ਬਾਂਹ ਇਕ ਗੁਆਂਢੀ ਭਗੀਰਥ ਦੀ ਪਤਨੀ ਦੁਰਗਾ ਦੇ ਹੱਥ ਫੜਾਈ ਤੇ ਸੁਰਗਵਾਸ ਹੋ ਗਈ। ਦੁਰਗਾ ਨੇ ਉਸ ਨੂੰ ਆਪਣੇ ਪੁੱਤਰ ਵਾਂਗ ਹੀ ਪਾਲਿਆ। ਇਸ ਲਈ ਉਹ ਭਗੀਰਥ ਦੇ ਦੂਜੇ ਪੁੱਤਰ ਸਮਝੇ ਜਾਂਦੇ ਸਨ। *(ਹਿੰਦੀ ਵਿਸ਼ਵ ਕੋਸ਼, ਜਿਲਦ ੧੭, ਪੰਨਾ ੩੭੭-੭੮)*

ਮਾਧਵ ਦੇ ਪਿਤਾ ਵੀ ਚੰਗੇ ਵਿਦਵਾਨ ਸਨ। ਪਹਿਲੇ ਉਨ੍ਹਾਂ ਨੇ ਪੜ੍ਹਾਉਣ ਦਾ ਜਤਨ ਕੀਤਾ। ਫਿਰ ਇਨ੍ਹਾਂ ਨੇ ਅਨੰਤੇਸ਼੍ਵਰ ਦੇ ਮੱਠ ਵਿਚ ਵੇਦ ਸ਼ਾਸਤਰ ਅਤੇ ਗੀਤਾ ਆਦਿਕ ਪੜ੍ਹੇ। ਇਕ ਸੰਨਿਆਸੀ ਤੋਂ ਗੁਰ-ਦੀਖਿਆ ਲੈ ਕੇ ਸਾਧੂ ਬਣ ਗਏ।

ਇਕ ਮਾਧਵਾਚਾਰਯ ਵੇਦ ਦੇ ਭਾਸ਼ਕਾਰ ਸਾਯਣ ਆਚਾਰਯ ਦੇ ਭਰਾ ਅਤੇ ਵਿਜੈ ਨਗਰ ਦੇ ਰਾਜਾ ਬੁਕਰਾਇ ਦੇ ਪ੍ਰਧਾਨ ਮੰਤਰੀ ਹੋਏ ਹਨ। ਉਨ੍ਹਾਂ ਨੇ ਇਕ ਸੰਨਿਆਸੀ ਭਾਰਤੀ ਤੀਰਥ ਕੋਲੋਂ ਗੁਰ-ਦੀਖਿਆ ਲਈ ਤੇ ਸ੍ਰਿੰਗੇਰੀ ਮੱਠ ਦੇ ਆਚਾਰਯ ਹੋਏ ਹਨ।

ਭਾਈ ਕਾਨ੍ਹ ਸਿੰਘ ਨੇ *ਮਹਾਨ ਕੋਸ਼* ਵਿਚ ਉਨ੍ਹਾਂ ਦਾ ਜ਼ਿਕਰ ਕੀਤਾ ਹੈ। ਉਹ ਚੌਧਵੀਂ ਸਦੀ ਵਿਚ ਹੋਏ ਹਨ, ਜਦ ਮੁਸਲਮਾਨਾਂ ਨੇ ਗੋਆ ਉਪਰ ਹਮਲਾ ਕੀਤਾ।

ਅਸੀਂ ਜਿਸ ਮਾਧਵਾਚਾਰਯ ਦਾ ਜ਼ਿਕਰ ਕਰ ਰਹੇ ਹਾਂ, ਉਹ ਵੈਸ਼ਨਵ ਹੋਏ ਹਨ।

ਇਨ੍ਹਾਂ ਨੇ ਸ਼ੰਕਰ ਦੇ ਅਦਵੈਤਵਾਦ ਅਤੇ ਰਾਮਾਨੁਜ ਦੇ ਵਸ਼ਿਸ਼ਟ ਅਦਵੈਤਵਾਦ ਨਾਲ ਮੱਤ-ਭੇਦ ਪ੍ਰਗਟ ਕੀਤਾ। ਆਪਣਾ ਨਵਾਂ ਮੱਤ ਪ੍ਰਚਾਰਿਆ, ਜਿਸ ਨੂੰ ਦਵੈਤਵਾਦ ਕਹਿੰਦੇ ਹਨ। ਉਸ ਮੱਤ ਦਾ ਸਾਰੰਸ਼ ਇਸ ਪ੍ਰਕਾਰ ਹੈ:-

ਅਰੰਭ ਵਿਚ ਇਕ ਨਾਰਾਇਣ ਅਦੁੱਤੀ ਸਰੂਪ ਸਨ। ਨਾ ਉਹ ਬ੍ਰਹਮਾ ਅਤੇ ਨਾ ਸ਼ਿਵ ਸਨ। ਭਗਵਾਨ ਸਰਬ ਗੁਣ ਸੰਪੂਰਨ ਅਤੇ ਅਨੰਦ ਸਰੂਪ ਹਨ। ਉਨ੍ਹਾਂ ਦੀ ਹੋਂਦ ਤੋਂ ਹੀ ਬ੍ਰਹਮਾ ਵਿਸ਼ਨੂੰ ਸ਼ਿਵ ਆਦਿਕ ਦੇਵਤਿਆਂ ਤੋਂ ਸ੍ਰਿਸ਼ਟੀ ਉਤਪੰਨ ਹੋਈ ਹੈ। ਉਹ ਈਸ਼ਵਰ ਵਿਸ਼ਨੂੰ ਸਰੂਪ ਵਿਚ ਜਿਸ ਤਰ੍ਹਾਂ ਸ੍ਰਿਸ਼ਟੀ ਦੀ ਪਾਲਨਾ ਅਤੇ ਰੱਖਿਆ ਕਰਦੇ ਹਨ, ਉਸੇ ਤਰ੍ਹਾਂ ਜੀਵਾਂ ਨੂੰ ਕਰਮਾਂ ਅਨੁਸਾਰ ਫਲ ਜਾਂ ਦੰਡ ਦਿੰਦੇ ਹਨ। ਸਾਰੇ ਪਦਾਰਥਾਂ ਦਾ ਮੂਲ ਕਾਰਨ ਉਹੀ ਹਨ।

ਗੌਤਮ ਨੇ *ਨਯਾਯ ਦਰਸ਼ਨ* ਵਿਚ ਈਸ਼ਵਰ, ਜੀਵ ਅਤੇ ਪ੍ਰਕਿਰਤੀ ਤਿੰਨ ਅਨਾਦੀ ਮੰਨੇ ਹਨ। ਮਾਧਵਾਚਾਰਯ ਸਾਰੇ ਪਦਾਰਥਾਂ ਦੀ ਹੋਂਦ, ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੀ ਉਤਪਤੀ ਈਸ਼ਵਰ ਤੋਂ ਮੰਨ ਕੇ ਨਯਾਯ ਦੇ ਮੱਤ ਅਨੁਸਾਰ ਜੀਵ ਅਤੇ ਈਸ਼ਵਰ ਦੋਹਾਂ ਨੂੰ ਅੰਨਾਦੀ ਮੰਨਦੇ ਹਨ। ਉਨ੍ਹਾਂ ਦੇ ਦਵੈਤਵਾਦ ਦਾ ਮੂਲ ਇਹ ਹੈ ਕਿ ਜੀਵ ਅਤੇ ਈਸ਼ਵਰ ਇਕ ਨਹੀਂ ਦੋ ਹਨ। ਜਿਸ ਤਰ੍ਹਾਂ ਇਕ ਪੰਛੀ ਤੇ ਉਸ ਦੀ ਡਾਰ, ਬ੍ਰਿਛ, ਉਸ ਦੇ ਫਲ ਦਾ ਰਸ, ਨਦੀ ਅਤੇ ਸਮੁੰਦਰ, ਸ਼ੁੱਧ ਜਲ ਅਤੇ ਲੂਣ, ਇਕ ਨੇਕ ਪੁਰਸ਼ ਤੇ ਬਦਕਾਰ, ਗਿਆਨ ਇੰਦ੍ਰੀਆਂ (ਅੱਖਾਂ, ਨੱਕ, ਕੰਨ, ਜੀਭ) ਆਦਿਕ ਵਿਚ ਭਿੰਨਤਾ ਹੈ, ਇਸੇ ਤਰ੍ਹਾਂ ਜੀਵ ਅਤੇ ਈਸ਼ਵਰ ਵਿਚ ਭੇਦ ਹੈ। ਪਰਮਾਤਮਾ ਸੁਤੰਤ੍ਰ ਅਤੇ ਜੀਵ ਪਰਤੰਤ੍ਰ ਹੈ। ਸ੍ਰੀ ਵਿਸ਼ਨੂੰ ਨਿਰਦੋਸ਼ ਅਤੇ ਸ਼ੁਭ ਗੁਣਾਂ ਦਾ ਸਰੂਪ ਹਨ। ਜੀਵ ਉਨ੍ਹਾਂ ਦਾ ਦਾਸ ਹੈ। ਉਨ੍ਹਾਂ ਦੇ ਅਧੀਨ ਹੈ।

ਮਾਧਵ ਜੀਵਾਤਮਾ ਦਾ ਪਰਮਾਤਮਾ ਵਿਚ ਲੀਨ ਹੋਣਾ ਜਾਂ ਮੁਕਤੀ ਨਹੀਂ ਮੰਨਦੇ। ਉਹ ਕਹਿੰਦੇ ਹਨ 'ਕੇਵਲਯ' ਸਮੇਂ ਵਿਚ ਜੀਵ ਈਸ਼ਵਰ ਵਿਚ ਇਸ ਤਰ੍ਹਾਂ ਲੋਪ ਹੋ ਜਾਂਦਾ ਹੈ, ਜਿਵੇਂ ਸੂਰਜ ਦੇ ਸਾਹਮਣੇ ਤਾਰੇ ਨਹੀਂ ਦਿਸਦੇ। ਉਹ ਦੱਸਦੇ ਹਨ—ਸ੍ਰੀ ਵਿਸ਼ਨੂੰ ਬੈਕੁੰਠ ਵਿਚ ਲਕਸ਼ਮੀ ਸਮੇਤ ਆਨੰਦ ਨਾਲ ਬਿਰਾਜਮਾਨ ਹਨ। ਉਹ ਸਦਾ ਨਿਰਲੇਪ ਰਹਿੰਦੇ ਹਨ। ਜਦੋਂ ਉਨ੍ਹਾਂ ਦਾ ਮਾਇਆ ਨਾਲ ਸੰਜੋਗ ਹੁੰਦਾ ਹੈ, ਉਸ ਵਕਤ ਬ੍ਰਹਮਾ, ਵਿਸ਼ਨੂੰ, ਸ਼ਿਵ ਅਰਥਾਤ ਰਜੋ, ਸਤੋ, ਤਮੋ ਤਿੰਨ ਗੁਣਾਂ ਦਾ ਰੂਪ ਧਾਰਨ ਕਰਦੇ ਹਨ। ਇਹ ਖ਼ਿਆਲ ਵੇਦਾਂਤ ਨਾਲ ਮਿਲਦਾ ਹੈ। ਜਿਹਾ ਕਿ:

**ਮਣੀ ਸਫਾਟਕੰ ਯਥਾ ਸੋ ਦੇਵ ਉਜਲੇ ਮ੍ਰਿਖਾ ਸੋ ਹਾਵ ਭਾਵ ਪ੍ਰਵੰਚਨਾ ਕੈ ਠਾਨੀਐ।**[1]

ਈਸ਼ਵਰ ਮਣੀ ਦੀ ਤਰ੍ਹਾਂ ਸ੍ਵਛ ਤੇ ਨਿਰਮਲ ਹੈ। ਉਸ ਵਿਚ ਮਾਇਆ ਦੇ ਪ੍ਰਭਾਵ ਕਰ ਕੇ ਭਿੰਨਤਾ ਪ੍ਰਤੀਤ ਹੁੰਦੀ ਹੈ।

ਈਸ਼ਵਰ ਹੀ ਸ੍ਰਿਸ਼ਟੀ ਦੀ ਰਚਨਾ ਅਤੇ ਪਰਲੋ ਕਰਦਾ ਹੈ। ਬ੍ਰਹਮ ਸ਼ਿਵ ਆਦਿਕ ਦੇਵਤੇ ਅਨਿਤ ਹਨ। ਸ੍ਰੀ ਵਿਸ਼ਨੂੰ ਨਾਰਾਇਣ ਸਭ ਤੋਂ ਪਰੇ ਹਨ।

ਮਾਧਵ ਦਾ ਮੱਤ ਹੈ ਕਿ ਮਨੁੱਖ ਸ੍ਰੀ ਵਿਸ਼ਨੂੰ ਨਾਲ ਪ੍ਰੇਮ ਅਤੇ ਭਗਤੀ ਕਰ ਕੇ ਹੀ ਬੈਕੁੰਠ ਨੂੰ ਜਾਂਦਾ ਹੈ। ਉਨ੍ਹਾਂ ਨੇ ਮੁਕਤੀ ਚਾਰ ਕਿਸਮ ਦੀ ਮੰਨੀ ਹੈ:

---

੧. *ਪ੍ਰਬੋਧ ਚੰਦ੍ਰ ਨਾਟਕ*, ਕ੍ਰਿਤ ਪੰਡਤ ਗੁਲਾਬ ਸਿੰਘ।

(ੳ) ਸਮੀਪ—ਭਗਵਾਨ ਦੇ ਨੇੜੇ ਹੋਣਾ।
(ਅ) ਸਰੂਪ—ਮਿਤਰ ਭਾਵਨਾ ਦੀ ਭਗਤੀ।
(ੲ) ਸਾਲੋਕ—ਭਗਵਾਨ ਦੇ ਨੇੜੇ ਵੱਸਣਾ।
(ਸ) ਸਾਯੁਜ—ਗਿਆਨ ਰਾਹੀਂ ਮੁਕਤੀ।

ਇਹ ਚਾਰ ਤਰ੍ਹਾਂ ਦੀ ਮੁਕਤੀ ਪ੍ਰਾਪਤ ਕਰ ਕੇ ਮਨੁੱਖ ਪਰਮ ਅਤੇ ਅਖੰਡ ਸੁਖ ਨੂੰ ਭੋਗਦਾ ਹੈ।

ਬਿਆਸ ਨੇ ਵੇਦਾਂਤ ਸੂਤਰ ਦੇ ਚੌਥੇ ਅਧਿਆਇ ਦੇ ਚੌਥੇ ਪਾਦ ਵਿਚ ਮੁਕਤੀ ਦਾ ਵਰਣਨ ਕਰਦੇ ਹੋਏ ਦੱਸਿਆ ਹੈ, "ਮੁਕਤੀ ਪ੍ਰਾਪਤ ਕਰਨ ਦੇ ਬਾਅਦ ਮੁਕਤ ਆਤਮਾ ਵਿਚ ਇਕ ਕਿਸਮ ਦੀ ਅਨੰਤ ਸ਼ਕਤੀ ਅਤੇ ਗਿਆਨ ਆ ਜਾਂਦਾ ਹੈ।" ਫਿਰ ਕਿਹਾ ਹੈ:

"ਕੋਈ ਮੁਕਤ ਆਤਮਾ ਜਗਤ ਦੀ ਰਚਨਾ ਕਰਨ, ਇਸ ਨੂੰ ਕਾਇਮ ਰੱਖਣ ਤੇ ਪਰਲੋ ਕਰਨ ਦੀ ਸ਼ਕਤੀ ਨਹੀਂ ਰੱਖਦਾ, ਕਿਉਂਕਿ ਇਹ ਸ਼ਕਤੀ ਕੇਵਲ ਈਸ਼ਵਰ ਵਿਚ ਹੀ ਹੈ।"[੧]

ਦਵੈਤਵਾਦੀ ਮਾਧਵਾਚਾਰਯ ਨੇ ਇਸ ਸੂਤਰ ਦੀ ਵਿਆਖਿਆ ਕਰਦੇ ਹੋਏ *ਵਰਾਹ ਪੁਰਾਣ* ਵਿਚੋਂ ਇਕ ਸ਼ਲੋਕ ਪੇਸ਼ ਕਰਕੇ ਆਪਣੇ ਦਵੈਤਵਾਦ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਨੇ ਦੱਸਿਆ ਹੈ ਕਿ ਪਰਤੰਤ੍ਰ ਜੀਵ ਲਈ ਈਸ਼ਵਰ ਦੀ ਅਨੰਤ ਸ਼ਕਤੀ ਅਤੇ ਪੂਰਨ ਸੁਤੰਤ੍ਰਤਾ ਪ੍ਰਾਪਤ ਕਰ ਲੈਣੀ ਅਸੰਭਵ ਹੈ।

ਸ੍ਰੀ ਰਾਮਾਨੁਜ ਨੇ ਆਪਣੇ *ਸ੍ਰੀ ਭਾਸ਼* ਵਿਚ ਇਕ ਪ੍ਰਾਚੀਨ ਆਚਾਰਯ ਦੀ ਇਹ ਉਕਤਿ ਵੀ ਦਿੱਤੀ ਹੈ ਕਿ ਬ੍ਰਹਮ ਲੋਕ ਤੋਂ ਲੈ ਕੇ ਇਕ ਨਿੱਕੇ ਜਿਹੇ ਜੀਵ ਅਰਥਾਤ ਤੀਲੇ ਤੀਕ ਸਾਰੇ ਪ੍ਰਾਣੀ ਕਰਮਾਂ ਦੇ ਕਾਰਨ ਜਨਮ ਮਰਨ ਦੇ ਬੰਧਨ ਅਤੇ ਅਗਿਆਨ ਦੀ ਹਾਲਤ ਵਿਚ ਹਨ। ਪ੍ਰੀਵਰਤਨ-ਸ਼ੀਲ ਹਨ। ਉਨ੍ਹਾਂ ਵਿਚੋਂ ਕੋਈ ਵੀ ਸਾਧਕ ਦੇ ਧਿਆਨ ਵਿਚ ਸਹਾਇਕ ਨਹੀਂ ਹੋ ਸਕਦਾ। *(ਭਗਤੀ, ਪੰਨਾ ੧੦)*

## ਅਵਤਾਰ ਪੂਜਾ

ਇਤਿਹਾਸਕਾਰਾਂ ਦੀ ਰਾਇ ਹੈ ਕਿ ਭਾਰਤ ਵਿਚ ਸ੍ਰੀ ਰਾਮ ਤੇ ਕ੍ਰਿਸ਼ਨ ਆਦਿਕ ਅਵਤਾਰਾਂ ਦੀ ਪੂਜਾ ਸ੍ਰੀ ਰਾਮਾਨੁਜ ਨੇ ਪ੍ਰਚਲਿਤ ਕੀਤੀ ਹੈ।

*ਗੀਤਾ* ਵਿਚ ਅਵਤਾਰਵਾਦ ਦਾ ਵਰਣਨ ਮਿਲਦਾ ਹੈ। ਸ੍ਰੀ ਕ੍ਰਿਸ਼ਨ ਅਰਜਨ ਨੂੰ ਕਹਿੰਦੇ ਹਨ, "ਜਦ ਜਦ ਧਰਮ ਦੀ ਗਿਲਾਨੀ ਹੁੰਦੀ ਹੈ, ਉਸ ਵਕਤ ਮੈਂ ਧਰਮ ਅਤੇ ਸੰਤਾਂ ਸਾਧੂਆਂ ਦੀ ਰੱਖਿਆ ਅਤੇ ਦੁਸ਼ਟਾਂ ਦਾ ਨਾਸ ਕਰਨ ਲਈ ਜਨਮ ਲੈਂਦਾ ਹਾਂ।"

*ਸ਼ਤਪਥ ਬ੍ਰਾਹਮਣ* ਵਿਚ ਮਤੱਸ ਅਵਤਾਰ, *ਤੈਤ੍ਰੀਯ* ਵਿਚ ਕੂਰਮ (ਕੱਛੂ), *ਛਾਂਦੋਗ* ਵਿਚ ਕ੍ਰਿਸ਼ਨ ਅਤੇ *ਤੈਤ੍ਰੀਯ ਆਰਣਿਕ* ਵਿਚ ਵਾਸਦੇਵ ਦੇ ਅਵਤਾਰ ਦਾ ਵਰਣਨ ਮਿਲਦਾ ਹੈ। ਪੁਰਾਣਾਂ ਵਿਚ ਦੇਵ-ਪੂਜਾ ਅਤੇ ਅਵਤਾਰ-ਪੂਜਾ ਖ਼ਾਸ ਕਰਕੇ

---

੧. *ਬ੍ਰਹਮ ਸੂਤਰ*, ਅਧਿਆਇ ੪, ਸੂਤਰ ੧੭, *ਭਗਤੀ*, ਕ੍ਰਿਤ ਸੁਆਮੀ ਵਿਵੇਕਾ ਨੰਦ, ਪੰਨਾ ੧੩।

ਮਿਲਦੀ ਹੈ। ਵਿਸ਼ਨੂੰ ਪੁਰਾਣ, ਸ਼ਿਵ ਪੁਰਾਣ ਤੇ ਕਈਆਂ ਵਿਚ ਅਵਤਾਰਾਂ ਦੇ ਪ੍ਰਸੰਗ ਮਿਲਦੇ ਹਨ। ਪਰ ਵਿਦਵਾਨਾਂ ਦੀ ਰਾਇ ਹੈ ਕਿ ਅਵਤਾਰ-ਪੂਜਾ ਬਹੁਤ ਪ੍ਰਾਚੀਨ ਨਹੀਂ ਹੈ।

ਪਹਿਲੇ ਬੋਧੀ ਮਹਾਤਮਾ ਬੁੱਧ ਨੂੰ 'ਤਥਾ ਗਤਿ' (ਤੈਸੇ ਆਇਆ) ਅਤੇ ਤਿੱਬਤ ਦੇ ਲਾਮੇ ਨੂੰ ਅਵਤਾਰ ਮੰਨਦੇ ਸਨ। ਜਿਸ ਵਕਤ ਮਹਾਤਮਾ ਬੁੱਧ ਵੀ ਹਿੰਦੂ ਸਮਾਜ ਵਿਚ ਗਿਣੇ ਗਏ, ਉਸ ਵਕਤ ਅਵਤਾਰਵਾਦ ਪ੍ਰਚਲਿਤ ਹੋਇਆ।

*(ਵਿਸ਼ਵ ਕੋਸ਼, ਪੰਨਾ ੬੭)*

ਬੁੱਧ ਮੱਤ ਦੇ ਖੀਣ ਹੋਣ ਦੇ ਬਾਅਦ ਸ੍ਰੀ ਰਾਮਾਨੁਜ ਤੇ ਵੈਸ਼ਨਵ ਸੰਤਾਂ ਨੇ ਅਵਤਾਰਵਾਦ ਨੂੰ ਪ੍ਰਚਾਰਿਆ ਹੈ। ਰਾਮ ਕ੍ਰਿਸ਼ਨ ਦੀ ਪੂਜਾ ਸ਼ੁਰੂ ਹੋਈ। ਮਹਾਭਾਰਤ ਤੇ ਰਾਮਾਇਣ ਦੀ ਪ੍ਰਮੁੱਖਤਾ ਹੋਈ ਹੈ।

ਰਾਮਾਨੁਜ ਨੇ ਸ਼ੰਕਰ ਦੇ ਅਦਵੈਤਵਾਦ ਦੇ ਨਾਲ ਸ਼ਾਕਤ ਮੱਤ ਤੇ ਜੈਨ ਆਦਿਕ ਦਾ ਵੀ ਖੰਡਨ ਕੀਤਾ। ਚੌਲ ਇਲਾਕੇ ਦੇ ਸ਼ੈਵ ਰਾਜੇ ਨੇ ਉਨ੍ਹਾਂ ਦੀ ਵਿਰੋਧਤਾ ਕੀਤੀ। ਉਹ ਵੈਸ਼ਨਵਾਂ ਨੂੰ ਦੁੱਖ ਦੇਣ ਲੱਗ ਪਿਆ। ਇਸ ਲਈ ਰਾਮਾਨੁਜ ਕਰਨਾਟਕ ਚਲੇ ਗਏ। ਉਥੇ ਇਕ ਜੈਨੀ ਰਾਜਾ ਬੈਤਾਲ ਦੇਵ ਆਪ ਦਾ ਸਿਖ ਬਣਿਆ।

ਇਸ ਤੋਂ ਬਾਅਦ ਉਨ੍ਹਾਂ ਨੇ ਜਗਨ ਨਾਥ, ਕਾਸ਼ੀ, ਪ੍ਰਾਗ, ਅਜੁਧਿਆ, ਮਥਰਾ, ਜੈਪੁਰ (ਰਾਜਸਥਾਨ) ਵਿਚ ਫਿਰ ਕੇ ਵੈਸ਼ਨਵ ਮੱਤ ਦਾ ਪ੍ਰਚਾਰ ਕੀਤਾ। ਬਦਰੀ ਨਾਥ (ਗੜ੍ਹਵਾਲ) ਦੀ ਯਾਤਰਾ ਵੀ ਕੀਤੀ। ਰਾਮ ਨੂੰ ਵਿਸ਼ਨੂੰ ਦਾ ਅਵਤਾਰ ਮੰਨ ਕੇ ਭਗਤੀ ਦਾ ਪ੍ਰਚਾਰ ਕੀਤਾ। ਉਹ ਵਿਸ਼ਨੂੰ ਨੂੰ ਲਕਸ਼ਮੀ ਪਤਿ ਕਹਿੰਦੇ ਅਤੇ ਉਨ੍ਹਾਂ ਦੀ ਮੂਰਤੀ ਦੀ ਪੂਜਾ ਕਰਦੇ ਸਨ। ਮੰਦਰ ਵਿਚ ਜਾ ਕੇ ਧੂਪ ਦੀਪ ਕਰਨਾ, ਗੁਰ-ਮੰਤਰ ਦਾ ਜਾਪ ਅਤੇ ਸਰਗੁਣ ਦਾ ਧਿਆਨ ਕਰਨਾ ਇਨ੍ਹਾਂ ਦੇ ਭਗਤੀ-ਅੰਗ ਸਨ।

## ਗ੍ਰੰਥਾਂ ਦੀ ਰਚਨਾ

ਰਾਮਾਨੁਜ ਨੇ ਵੇਦਾਂਤ ਸੂਤਰਾਂ ਦਾ ਇਕ ਭਾਸ਼ ਲਿਖਿਆ ਹੈ, ਜੋ *ਸ੍ਰੀ ਭਾਸ਼* ਦੇ ਨਾਮ ਉਪਰ ਪ੍ਰਸਿੱਧ ਹੈ। ਇਸ ਤੋਂ ਬਿਨਾ *ਗੀਤਾ ਭਾਸ਼, ਨਯਾਸ ਅੰਮ੍ਰਿਤ, ਵੇਦਾਂਤ ਸਾਰ, ਵੇਦਾਂਤ ਪ੍ਰਦੀਪ, ਨਾਰਦੀ ਪੰਚ, ਮਤਿ ਦੰਡ ਮਾਰੂਤੀ, ਵਿਸ਼ਨੂੰ ਪੂਜਾ, ਵਿਸ਼ਨੂੰ ਪ੍ਰਬੋਧਨ, ਰੰਗ ਨਾਥ ਸਤੋਤ੍ਰ, ਵਿਸ਼ਨੂੰ ਸਹੰਸਰ ਨਾਮ, ਵੇਦਾਰਥ ਸੰਗ੍ਰਹਿ* ਆਦਿਕ ਕਈ ਗ੍ਰੰਥ ਲਿਖੇ ਹਨ। ਉਹ ਵਿਸ਼ਨੂੰ ਪੁਰਾਣ, ਨਾਰਦ, ਗਰੁੜ, ਪਦਮ, ਵਰਾਹ ਅਤੇ ਭਾਗਵਤ ਛੇ ਪੁਰਾਣਾਂ ਨੂੰ ਪ੍ਰਮਾਣਿਕ ਮੰਨਦੇ ਸਨ।

ਇਨ੍ਹਾਂ ਦਾ ਪ੍ਰਚਾਰ ਵਧੇਰੇ ਦੱਖਣੀ ਭਾਰਤ ਵਿਚ ਹੋਇਆ। ਇਨ੍ਹਾਂ ਦੀ ਸੰਪਰਦਾਇ ਵਿਚੋਂ ਹੀ ਸ੍ਰੀ ਰਾਮਾਨੰਦ ਜੀ ਹੋਏ ਹਨ, ਜਿਨ੍ਹਾਂ ਨੇ ਬਨਾਰਸ ਵਿਚ ਨਿਵਾਸ ਕਰ ਕੇ ਵੈਰਾਗੀ ਸੰਪਰਦਾਇ ਚਲਾਈ।

ਰਾਮਾਨੁਜ ਨੇ ਭਾਰਤ ਵਿਚ ੨੦੦ ਮੱਠ ਬਣਾਏ ਸਨ, ਜਿਨ੍ਹਾਂ ਵਿਚੋਂ ੮੯ ਇਸ ਵਕਤ ਵੀ ਮੌਜੂਦ ਹਨ। ੮੪ ਮੱਠ ਰਾਮਾਨੁਜ ਦੇ ਨਿਜੀ ਵੰਸ਼ ਦੇ ਬ੍ਰਾਹਮਣਾਂ ਪਾਸ ਹਨ ਅਤੇ ਪੰਜ ਮੱਠ ਸੰਨਿਆਸੀਆਂ ਕੋਲ ਹਨ। ਇਨ੍ਹਾਂ ਸਾਰੇ ਮੱਠਾਂ ਵਿਚੋਂ ਮਾਲੂ ਕੋਟ, ਜ਼ਿਲਾ ਹਾਸ਼ਨ (ਮੈਸੂਰ) ਦਾ ਮੱਠ ਪ੍ਰਧਾਨ ਮੰਨਿਆ ਜਾਂਦਾ ਹੈ।

ਰਾਮਾਨੁਜ ਨੇ ਆਪਣੀ ਉਮਰ ਦਾ ਬਹੁਤ ਸਾਰਾ ਸਮਾਂ ਇਥੇ ਹੀ ਬਤੀਤ ਕੀਤਾ ਅਤੇ ਮੈਸੂਰ ਦੇ ਰਾਜੇ ਵਿਸ਼ਨੂੰ ਵਰਧਨ ਨੂੰ ਵੈਸ਼ਨਵ ਬਣਾਇਆ।

ਜਿਸ ਤਰ੍ਹਾਂ ਸ਼ੰਕਰ ਦੇ ਚਾਰ ਮੱਠਾਂ ਦੇ ਆਚਾਰਯ ਸਿਰਫ਼ ਬ੍ਰਾਹਮਣ ਹੀ ਹੋ ਸਕਦੇ ਹਨ, ਇਸੇ ਤਰ੍ਹਾਂ ਰਾਮਾਨੁਜੀ ਸੰਪਰਦਾਇ ਦੇ ਆਚਾਰਯ ਵੀ ਬ੍ਰਾਹਮਣ ਹੀ ਹੁੰਦੇ ਹਨ। ਪਰ ਉਹ ਦੀਖਿਆ ਸਭ ਨੂੰ ਦਿੰਦੇ ਹਨ। 'ਓਮ ਰਾਮਾਯ ਨਮਹ' ਇਨ੍ਹਾਂ ਦਾ ਗੁਰ-ਮੰਤਰ ਹੈ। ਇਸ ਮੱਤ ਵਿਚ ਸਾਧੂ ਅਤੇ ਗ੍ਰਿਹਸਤੀ ਦੋਵੇਂ ਸ਼ਾਮਲ ਹੋ ਸਕਦੇ ਹਨ। ਰਾਮਾਨੁਜੀ ਸਾਧੂਆਂ ਨੂੰ 'ਸ੍ਰੀ ਵੈਸ਼ਨਵ' ਕਹਿੰਦੇ ਹਨ। ਇਹ ਮਾਸ, ਸ਼ਰਾਬ, ਥੋਮ, ਗੰਢਾ ਆਦਿਕ ਨਹੀਂ ਵਰਤਦੇ। ਸਾਧੂ ਬੜੇ ਸੰਜਮੀ ਹੁੰਦੇ ਹਨ। ਇਨ੍ਹਾਂ ਵਿਚੋਂ ਕਈ ਵਿਸ਼ਨੂੰ ਲਕਸ਼ਮੀ, ਕਈ ਸੀਤਾ ਰਾਮ ਅਤੇ ਰਾਧੇ ਕ੍ਰਿਸ਼ਨ ਦੀ ਪੂਜਾ ਕਰਦੇ ਹਨ।

ਰਾਮਾਨੁਜੀ ਸੰਪਰਦਾਇ ਦੇ ਵੈਸ਼ਨਵ ਸਰੀਰ ਉਪਰ ਸੰਖ, ਚਕ੍ਰ, ਗਦਾ, ਪਦਮ ਆਦਿਕ ਵਿਸ਼ਨੂੰ ਦੇ ਚਿੰਨ੍ਹ ਰੱਖਦੇ ਹਨ। ਮੱਥੇ ਉੱਤੇ ਤ੍ਰਿਸ਼ੂਲ ਵਰਗਾ ਲਾਲ ਤਿਲਕ ਲਾਉਂਦੇ ਹਨ, ਜਿਸ ਦੀ ਵਿਚਲੀ ਰੇਖਾ ਲਾਲ ਅਤੇ ਕਿਨਾਰੇ ਦੀਆਂ ਸਫ਼ੈਦ ਹੁੰਦੀਆਂ ਹਨ।

ਸ੍ਰੀ ਰਾਮਾਨੁਜ ਦਾ ਦੇਹਾਂਤ ਸ੍ਰੀ ਰੰਗ ਜ਼ਿਲ੍ਹਾ ਤ੍ਰਿਚਨਾਪਲੀ (ਮਦਰਾਸ) ਵਿਚ ਸੰਮਤ ੧੧੯੫ ਬਿਕ੍ਰਮੀ ਵਿਚ ਹੋਇਆ। *(ਗਿਆਨ ਅੰਮ੍ਰਿਤ, ਮਾਰਚ ੧੯੫੯, ਪੰਨਾ ੩੦)*

ਵਰਤਮਾਨ ਹਿੰਦੂ ਧਰਮ ਉਪਰ ਸ੍ਰੀ ਰਾਮਾਨੁਜ ਦੇ ਵਿਚਾਰਾਂ ਦਾ ਕਾਫ਼ੀ ਪ੍ਰਭਾਵ ਮੌਜੂਦ ਹੈ।

ਜੀਵ ਦਾ ਇਹ ਸਮਝਣਾ ਕਿ 'ਮੈਂ ਬ੍ਰਹਮ ਹਾਂ' ਅਗਿਆਨ ਹੈ।[1]

ਸ਼ੰਕਰ ਨੇ ਸੰਨਿਆਸ ਨੂੰ ਪ੍ਰਚਾਰਿਆ ਅਤੇ ਗਿਆਨ ਨੂੰ ਮੁਕਤੀ ਦਾ ਸਾਧਨ ਮੰਨਿਆ ਸੀ। ਰਾਮਾਨੁਜ ਨੇ ਭਗਤੀ ਨੂੰ ਮੁੱਖ ਮੰਨਿਆ ਹੈ ਅਤੇ ਇਸੇ ਰਾਹੀਂ ਮੁਕਤੀ ਦੱਸੀ ਹੈ। ਭਗਤੀ ਬਾਰੇ ਸ੍ਰੀ ਰਾਮਾਨੁਜ ਨੇ 'ਅਥਾਤੋ ਬ੍ਰਹਮ ਜੱਗਯਾਸਾ' ਸੂਤਰ ਦੀ ਵਿਆਖਿਆ ਕਰਦੇ ਹੋਏ ਕਿਹਾ ਹੈ:

"ਇਕ ਬਰਤਨ 'ਚੋਂ ਦੂਜੇ ਬਰਤਨ ਵਿਚ ਡਿੱਗਦੀ ਤੇਲ ਦੀ ਅਟੁੱਟ ਧਾਰਾ ਦੇ ਸਮਾਨ 'ਧੇਯ' ਵਸਤੂ ਦੇ ਨਿਰੰਤਰ ਸਿਮਰਨ ਦਾ ਨਾਮ ਧਿਆਨ ਹੈ। ਇਸੇ ਤਰ੍ਹਾਂ ਭਗਵਾਨ-ਸਿਮਰਨ ਦਸ਼ਾ ਵਿਚ ਹੋਣ ਕਰਕੇ ਸਾਰੇ ਬੰਧਨਾਂ ਦਾ ਨਾਸ਼ ਹੋ ਜਾਂਦਾ ਹੈ।

ਨਿਰੰਤਰ ਸਿਮਰਨ ਹੀ ਮੁਕਤੀ ਦਾ ਕਾਰਨ ਹੈ। ਇਸ ਸਿਮਰਤੀ ਅਤੇ ਦਰਸ਼ਨ ਵਿਚ ਕੋਈ ਅੰਤਰ ਨਹੀਂ ਹੈ, ਕਿਉਂਕਿ ਉਸ ਨੇੜੇ ਤੇ ਦੂਰ ਪੁਰਸ਼ (ਪਰਮਾਤਮਾ) ਨੂੰ ਵੇਖ ਲੈਣ ਕਾਰਨ ਹਿਰਦੇ ਦੀ ਗੰਢ ਖੁੱਲ੍ਹ ਜਾਂਦੀ ਹੈ। ਸਾਰੇ ਸੰਸੇ ਮਿਟ ਜਾਂਦੇ ਹਨ ਅਤੇ ਕਰਮ ਨਾਸ਼ ਹੋ ਜਾਂਦੇ ਹਨ।[2]

ਅਜਿਹਾ ਪੁਰਸ਼ ਉਸ ਅਵਸਥਾ ਵਿਚ ਤੇ ਸਭ ਤੋਂ ਪਰੇ ਚਲਾ ਜਾਂਦਾ ਹੈ, ਜਿਥੇ ਮਨ ਦੀ ਚਾਲ ਨਹੀਂ ਰਹਿੰਦੀ। ਨਾਮ ਤੇ ਰੂਪ ਦੀ ਉਪਾਧੀ ਮਿਟ ਜਾਂਦੀ ਹੈ। ਸਾਰਾ ਸੰਸਾਰ ਅਨੰਦ ਰੂਪ ਪ੍ਰਤੀਤ ਹੁੰਦਾ ਹੈ।

---

੧. ਦੇਖੋ ਇਸੇ ਕਲਮ ਲਿਖਤ ਦਾ *ਸੰਸਾਰ ਦਾ ਧਾਰਮਿਕ ਇਤਿਹਾਸ,* ਪੰਨਾ ੨੦੩।

੨. *ਭਗਤੀ,* ਪੰਨਾ ੬-੧੭, ਲਿਖਤ ਸੁਆਮੀ ਵਿਵੇਕਾ ਨੰਦ।

## ਭਾਸ਼ ਰਚਨਾ

ਮਾਧਵਾਚਾਰਯ ਨੇ ਆਪਣੇ ਮੱਤ ਦਾ ਪ੍ਰਚਾਰ ਕਰਨ ਦੇ ਨਾਲ *ਵੇਦਾਂਤ ਸੂਤਰ ਭਾਸ਼, ਰਿਗਵੇਦ ਭਾਸ਼, ਗੀਤਾ ਭਾਸ਼* ਆਦਿਕ ਕਈ ਗ੍ਰੰਥ ਲਿਖੇ ਹਨ।

ਉਨ੍ਹਾਂ ਨੇ ਸਾਰੇ ਦੇਸ਼ ਵਿਚ ਫਿਰ ਕੇ ਕਈ ਪੰਡਤਾਂ ਤੇ ਵਿਦਵਾਨਾਂ ਨਾਲ ਸ਼ਾਸਤ੍ਰਾਰਥ ਕੀਤੇ ਅਤੇ ਉਨ੍ਹਾਂ ਉਪਰ ਜਿੱਤ ਪ੍ਰਾਪਤ ਕੀਤੀ।

## ਮੰਦਰ ਤੇ ਮੱਠ

ਥਾਂ ਥਾਂ ਮੰਦਰ ਬਣਵਾ ਕੇ ਲਕਸ਼ਮੀ ਨਾਰਾਇਣ, ਰਾਮ ਸੀਤਾ, ਕਾਲੀ ਦੇਵੀ, ਵਰਾਹ ਅਤੇ ਨਰਸਿੰਗ ਦੀਆਂ ਮੂਰਤੀਆਂ ਸਥਾਪਨ ਕੀਤੀਆਂ।

ਸੁਬਹਣ, ਉਡੀਪੀ ਤੇ ਮੱਧ ਤਾਲ ਵਿਚ ਮਾਧਵ ਸੰਪਰਦਾਇ ਦੇ ਪ੍ਰਸਿੱਧ ਮੱਠ ਹਨ। ਇਥੇ ਉਨ੍ਹਾਂ ਨੇ ਵਿਸ਼ਨੂੰ ਅਤੇ ਕ੍ਰਿਸ਼ਨ ਦੀਆਂ ਮੂਰਤੀਆਂ ਸਥਾਪਤ ਕੀਤੀਆਂ।

## ਰਹਿਣੀ

ਮਾਧਵ ਸੰਪਰਦਾਇ ਵਿਚ ਬ੍ਰਾਹਮਣਾਂ ਤੇ ਸੰਨਿਆਸੀਆਂ ਤੋਂ ਬਿਨਾ ਹੋਰ ਕਿਸੇ ਨੂੰ ਗੁਰ-ਦੀਖਿਆ ਦੇਣ ਦਾ ਅਧਿਕਾਰ ਨਹੀਂ ਹੈ। ਕਹਿਣ ਮਾਤਰ ਛੋਟੀਆਂ ਜਾਤਾਂ ਅਤੇ ਸ਼ੂਦਰਾਂ ਨੂੰ ਆਤਮ ਉਪਦੇਸ਼ ਨਹੀਂ ਦਿੱਤਾ ਜਾਂਦਾ ਸੀ।

ਆਜ਼ਾਦੀ ਦੇ ਬਾਅਦ ਇਨ੍ਹਾਂ ਵਿਚ ਕੁਝ ਤਬਦੀਲੀ ਆ ਗਈ ਹੋਵੇ ਤਾਂ ਵੱਖਰੀ ਗੱਲ ਹੈ, ਵਰਨਾ ਬੜੇ ਕੱਟੜਪੰਥੀ ਹਨ।

ਇਸ ਸੰਪਰਦਾਇ ਦੇ ਆਚਾਰਯ ਸੰਨਿਆਸੀਆਂ ਵਾਂਗ ਭਗਵੇ ਕੱਪੜੇ ਪਾਉਂਦੇ ਹਨ। ਖੜਾ ਤਿਲਕ ਲਗਾਉਂਦੇ, ਸਿਰ ਮੁਨਾਉਂਦੇ ਅਤੇ ਦੰਡ, ਕਮੰਡਲ ਰੱਖਦੇ ਹਨ। ਸ਼ੈਵਾਂ ਨਾਲ ਘ੍ਰਿਣਾ ਨਹੀਂ ਕਰਦੇ। ਕਈ ਮੰਦਰਾਂ ਵਿਚ ਸ਼ਿਵ ਪਾਰਬਤੀ ਦੀਆਂ ਮੂਰਤੀਆਂ ਵੀ ਰੱਖਦੇ ਹਨ। ਕਈ ਵਿਦਵਾਨਾਂ ਦੀ ਰਾਇ ਹੈ ਕਿ ਮਾਧਵਾਚਾਰਯ ਪਹਿਲੇ ਸ਼ੈਵ ਸਨ, ਬਾਅਦ ਵਿਚ ਵੈਸ਼ਨਵ ਬਣੇ ਹਨ। ਇਸ ਲਈ ਉਨ੍ਹਾਂ ਨੇ ਆਪਣੇ ਮੰਦਰਾਂ ਵਿਚ ਸ਼ਿਵ ਪਾਰਬਤੀ ਦੀਆਂ ਮੂਰਤੀਆਂ ਰੱਖਣ ਦੀ ਖੁੱਲ੍ਹ ਕੀਤੀ ਹੈ।

ਇਸ ਸੰਪਰਦਾਇ ਦੇ ਲੋਕ ਵੇਦ ਸ਼ਾਸਤਰ, ਗੀਤਾ ਅਤੇ ਮਾਧਵਾਚਾਰਯ ਦੇ ਗ੍ਰੰਥਾਂ ਨੂੰ ਪ੍ਰਮਾਣਿਕ ਮੰਨਦੇ ਹਨ। ਇਨ੍ਹਾਂ ਦੀ ਉਪਾਸ਼ਨਾ ਦੇ ਤਿੰਨ ਅੰਗ ਹਨ :

੧. ਵਿਸ਼ਨੂੰ ਤੇ ਚਿੰਨ੍ਹ—ਚਕ੍ਰ, ਸੰਖ, ਗਦਾ, ਪਦਮਾਦਿਕ ਨੂੰ ਸਰੀਰ ਉਪਰ ਅੰਕਿਤ ਕਰਨਾ।

੨. ਆਪਣੀ ਸੰਤਾਨ ਦਾ ਨਾਮ ਵਿਸ਼ਨੂੰ ਦੇ ਨਾਵਾਂ ਉਪਰ ਰੱਖਣਾ।

੩. ਮਨ ਬਾਣੀ ਕਰਕੇ ਵਿਸ਼ਨੂੰ ਦਾ ਧਿਆਨ, ਸਿਮਰਨ ਤੇ ਭਜਨ ਕਰਨਾ।

ਮਾਧਵ ਸੰਪਰਦਾਇ ਵਾਲੇ ਮਾਸ, ਸ਼ਰਾਬ ਤੇ ਨਸ਼ੀਲੀਆਂ ਚੀਜ਼ਾਂ ਨਹੀਂ ਵਰਤਦੇ। ਦੱਖਣ ਵਿਚ ਇਨ੍ਹਾਂ ਦਾ ਪ੍ਰਭਾਵ ਵਧੇਰੇ ਹੈ।

ਸ੍ਰੀ ਬਾਲ ਗੰਗਾਧਰ ਤਿਲਕ ਨੇ *ਗੀਤਾ ਰਹੱਸਯ* ਵਿਚ ਲਿਖਿਆ ਹੈ ਕਿ ਮਾਧਵਾਚਾਰਯ ਸੰਮਤ ੧੨੫੫ ਵਿਚ ਸੁਰਗਵਾਸ ਹੋਏ।

# ਸ੍ਰੀ ਨਿੰਬਾਰਕ ਸੁਆਮੀ

## ਭਗਤੀ ਤੇ ਗਿਆਨ ਦਾ ਸੰਗਮ

ਪਿੱਛੇ ਅਸੀਂ ਤਿੰਨ ਵੈਸ਼ਨਵ ਸੰਪਰਦਾਵਾਂ ਦਾ ਵਰਣਨ ਕਰ ਆਏ ਹਾਂ। ਹੁਣ ਚੌਥੀ ਸੰਪਰਦਾਇ ਦਾ ਜ਼ਿਕਰ ਕਰਦੇ ਹਾਂ, ਜਿਸ ਦੇ ਆਚਾਰਯ ਨਿੰਬਾਰਕ ਸੁਆਮੀ ਹਨ, ਜਿਨ੍ਹਾਂ ਨੂੰ ਨਿੰਬਾਦਿਤਯ ਆਚਾਰਯ ਵੀ ਕਹਿੰਦੇ ਹਨ।

*ਭਗਤ ਮਾਲ* ਵਿਚ ਲਿਖਿਆ ਹੈ ਕਿ ਨਿੰਬਾਰਕ ਜਾਂ ਨਿੰਬਾਦਿਤਯ ਆਚਾਰਯ ਸੂਰਜ ਦਾ ਅਵਤਾਰ ਸਨ। ਆਦਿਤਯ ਦੇ ਮਾਇਨੇ ਸੂਰਜ ਹਨ। ਇਨ੍ਹਾਂ ਨੂੰ ਸੂਰਜ ਨਾਲ ਇਸ ਲਈ ਉਪਮਾ ਦਿੱਤੀ ਗਈ ਹੈ ਕਿ ਇਹ ਭਗਤੀ ਅਤੇ ਗਿਆਨ ਦਾ ਸੰਗਮ ਸਨ। ਪ੍ਰਸਿੱਧ ਵਿਦਵਾਨ ਤੇ ਮੁਬਾਹਿਸ ਸਨ। ਇਨ੍ਹਾਂ ਨੇ ਸ਼ੈਵ, ਸ਼ਾਕਤ, ਵਾਮ ਮਾਰਗ ਅਤੇ ਜੈਨ ਮੱਤ ਦਾ ਜ਼ੋਰਦਾਰ ਖੰਡਨ ਕੀਤਾ ਅਤੇ ਭਗਤੀ ਮਾਰਗ ਨੂੰ ਪ੍ਰਚਾਰਿਆ ਹੈ।

ਕਈ ਲੇਖਕਾਂ ਦਾ ਮੱਤ ਹੈ ਕਿ ਨਿੰਬਾਰਕ ਸੁਆਮੀ ਦਾ ਅਸਲ ਨਾਮ ਭਾਸ਼ਕਰ ਸੀ। ਭਾਸ਼ਕਰ ਦੇ ਅਰਥ ਵੀ ਪ੍ਰਕਾਸ਼ ਕਰਨ ਵਾਲਾ ਜਾਂ ਸੂਰਜ ਹੀ ਹਨ। ਇਹ ਵੇਦ ਸ਼ਾਸਤ੍ਰ, ਉਪਨਿਸ਼ਦ, ਗੀਤਾ ਆਦਿਕ ਦੇ ਜਾਣੂੰ ਹੋਣ ਦੇ ਨਾਲ ਜੋਤਸ਼ੀ ਵੀ ਸਨ। ਇਨ੍ਹਾਂ ਨੇ ਆਪਣੇ ਸਮੇਂ ਦੰਭ-ਪਖੰਡ ਦਾ ਖੰਡਨ ਕੀਤਾ। ਕਥਨੀ ਅਤੇ ਕਲਮ ਦੇ ਧਨੀ ਸਨ। ਇਨ੍ਹਾਂ ਨੇ ਵੇਦ *ਭਾਸ਼* ਤੇ ਕਈ ਹੋਰ ਗ੍ਰੰਥ ਵੀ ਲਿਖੇ ਹਨ।

ਨਿੰਬਾਦਿਤਯ ਆਚਾਰਯ ਦੇ ਨਾਮ ਬਾਰੇ ਗ੍ਰੰਥਾਂ ਵਿਚ ਇਕ ਹੋਰ ਵਾਰਤਾ ਵੀ ਮਿਲਦੀ ਹੈ। ਉਹ ਇਹ ਹੈ ਕਿ ਇਕ ਦਿਨ ਇਕ ਸਾਧੂ ਗਿਆਨ ਗੋਸ਼ਟ ਤੇ ਸ਼ਾਸਤ੍ਰਾਰਥ ਕਰਨ ਲਈ ਨਿੰਬਾਰਕ ਪਾਸ ਆਇਆ। ਇਨ੍ਹਾਂ ਨੇ ਉਸ ਸਾਧੂ ਦਾ ਸੁਆਗਤ ਕੀਤਾ। ਪੁੱਛ-ਭਾਲ ਦੇ ਬਾਅਦ ਦੋਹਾਂ ਦੀ ਵਾਰਤਾਲਾਪ ਸ਼ੁਰੂ ਹੋਈ। ਸਵੇਰ ਤੋਂ ਲੈ ਕੇ ਸ਼ਾਮ ਤੀਕ ਚਰਚਾ ਚੱਲਦੀ ਰਹੀ। ਸੂਰਜ ਢਲਣ ਵਾਲਾ ਹੋ ਗਿਆ, ਪਰ ਦੋਹਾਂ ਦੀ ਗੱਲ-ਬਾਤ ਨਾ ਮੁੱਕ ਸਕੀ। ਉਸ ਸਾਧੂ ਨੇ ਕਿਹਾ, "ਮਹਾਰਾਜ! ਮੈਂ ਸੂਰਜ ਢਲਣ ਦੇ ਬਾਅਦ ਭੋਜਨ ਨਹੀਂ ਕਰਨਾ। ਇਸ ਲਈ ਗੋਸ਼ਟੀ ਮੁੱਕਣੀ ਚਾਹੀਦੀ ਹੈ।"

ਕਹਿੰਦੇ ਹਨ ਕਿ ਨਿੰਬਾਰਕ ਨੇ ਭਜਨ, ਤਪ ਤੇ ਆਤਮਿਕ ਬਲ ਨਾਲ ਸੂਰਜ ਨੂੰ ਨਿੰਮ ਦੇ ਇਕ ਬ੍ਰਿਛ ਦੀ ਉਚਿਆਈ ਉਪਰ ਹੀ ਰੋਕ ਦਿੱਤਾ। ਸੂਰਜ ਨੂੰ ਨਿੰਮ ਦੇ ਬ੍ਰਿਛ ਦੀ ਉਚਿਆਈ ਤੀਕ ਰੋਕਣ ਉਪਰ ਉਨ੍ਹਾਂ ਦਾ ਨਾਂ ਨਿੰਬਾਦਿਤਯ ਪ੍ਰਸਿੱਧ ਹੋਇਆ।[੧]

---

੧. ਆਦਿਤਯ ਸੂਰਜ ਨੂੰ ਕਹਿੰਦੇ ਹਨ। *ਹਿੰਦੀ ਵਿਸ਼ਵ ਕੋਸ਼*, ਪੰਨਾ ੪੦੧, ਜਿਲਦ ੨੨।

ਵੈਸ਼ਨਵ ਸੰਤਾਂ ਭਗਤਾਂ ਦੇ ਜੀਵਨ ਵਿਚ ਇਸ ਕਿਸਮ ਦੀਆਂ ਕਈ ਕਰਾਮਾਤੀ ਸਾਖੀਆਂ ਮਿਲਦੀਆਂ ਹਨ।

ਨਿੰਬਾਰਕ ਦਾ ਜਨਮ ਸੰਨ ੧੦੩੬ ਈ: ਵਿਚ ਹੈਦਰਾਬਾਦ ਦੱਖਣ (ਆਂਧਰਾ ਪ੍ਰਦੇਸ਼) ਵਿਚ ਇਕ ਪਹਾੜ ਦੀ ਕੰਢੀ ਦੇ ਬੇਦਰ ਪਿੰਡ ਵਿਚ ਹੋਇਆ। ਇਨ੍ਹਾਂ ਦੇ ਪਿਤਾ ਦਾ ਨਾਂ ਮਹੇਸ਼ਵਰ ਭੱਟ ਸੀ। ਉੱਚੀ ਕੁੱਲ ਦੇ ਬ੍ਰਾਹਮਣ ਸਨ। ਛੋਟੀ ਉਮਰ ਵਿਚ ਹੀ ਇਨ੍ਹਾਂ ਸੰਸਕ੍ਰਿਤ ਵਿਦਿਆ ਪੜ੍ਹੀ। ਜੋਤਸ਼ ਵੀ ਜਾਣਦੇ ਸਨ। ਜੈਨ ਅਤੇ ਬੁੱਧ ਮੱਤ ਦਾ ਖੰਡਨ ਕਰ ਕੇ ਇਨ੍ਹਾਂ ਨੇ ਵੈਸ਼ਨਵ ਮੱਤ ਨੂੰ ਪ੍ਰਚਾਰਿਆ। ਦੇਸ਼ ਵਿਚ ਫਿਰ ਕੇ ਕਈ ਥਾਈਂ ਰਾਧਾ ਕ੍ਰਿਸ਼ਨ ਦੇ ਮੰਦਰ ਬਣਵਾਏ। ਉਨ੍ਹਾਂ ਵਿਚ ਮੂਰਤੀਆਂ ਸਥਾਪਤ ਕੀਤੀਆਂ।

ਨਿੰਬਾਰਕ ਨੇ ਕ੍ਰਿਸ਼ਨ ਭਗਤ ਹੋਣ ਕਰਕੇ ਮਥਰਾ ਬ੍ਰਿੰਦਾਬਨ ਦੀ ਯਾਤਰਾ ਵੀ ਕੀਤੀ। ਉੱਤਰੀ ਭਾਰਤ ਵਿਚ ਵੀ ਕ੍ਰਿਸ਼ਨ ਭਗਤੀ ਦਾ ਪ੍ਰਚਾਰ ਕੀਤਾ। ਇਹ ਕ੍ਰਿਸ਼ਨ ਦੀ ਬਾਲ-ਗੋਪਾਲ ਮੂਰਤੀ, ਰਾਧਕਾ ਦੀ ਪੂਜਾ ਤੇ ਜੈ ਗੋਪਾਲ ਦੀ ਧੁਨਿ ਬੁਲੰਦ ਕਰਦੇ ਸਨ।

ਸ੍ਰੀ ਕ੍ਰਿਸ਼ਨ ਤੇ ਰਾਧਾ ਦੀ ਪੂਜਾ ਕਰਨ ਦੇ ਨਾਲ ਆਰਤੀ ਵੀ ਕਰਦੇ ਤੇ ਪ੍ਰਸ਼ਾਦ ਦਾ ਭੋਗ ਲੁਆਉਂਦੇ ਸਨ। ਇਸ ਦਾ ਜ਼ਿਕਰ *ਸ੍ਰੀ ਨਿੰਬਾਰਕ ਬ੍ਰਤ ਨਿਰਣਯ* ਗ੍ਰੰਥ ਵਿਚ ਮਿਲਦਾ ਹੈ।

ਇਸ ਸੰਪਰਦਾਇ ਵਿਚ ਸਾਧੂ ਅਤੇ ਗ੍ਰਿਹਸਤੀ ਦੋਵੇਂ ਹੁੰਦੇ ਹਨ। ਉਨ੍ਹਾਂ ਨੂੰ ਨਿੰਬਾਰਕ ਜਾਂ ਨਿਮਾਤ ਵੀ ਕਹਿੰਦੇ ਹਨ। ਇਹ ਗੋਪੀ ਚੰਦਨ ਦਾ ਖੜ੍ਹਾ ਤਿਲਕ ਲਾਉਂਦੇ ਹਨ। ਉਸ ਵਿਚ ਕਾਲੀ ਬਿੰਦੀ ਹੁੰਦੀ ਹੈ। ਇਸ ਮੱਤ ਦੀਆਂ ਦੋ ਵੱਡੀਆਂ ਸ਼ਾਖ਼ਾਂ ਹਨ। ਇਕ ਨੂੰ 'ਹਰਿ ਵਿਆਸ' ਕਹਿੰਦੇ ਹਨ। ਦੂਜੀ ਸ਼ਾਖ਼ਾ ਦਾ ਨਾਮ 'ਕੇਸ਼ਵ ਭੱਟ' ਹੈ। ਇਹ *ਸ੍ਰੀ ਮਦ ਭਾਗਵਤ*, *ਭਗਤ ਮਾਲ* ਤੇ *ਰਾਮਾਇਣ* ਆਦਿਕ ਗ੍ਰੰਥਾਂ ਨੂੰ ਪ੍ਰਮਾਣਿਕ ਮੰਨਦੇ ਹਨ। ਭਜਨ ਕੀਰਤਨ ਕਰਦੇ ਹਨ। ਕੀਰਤਨ ਨੂੰ ਹੀ ਮੁਕਤੀ ਦਾ ਸਾਧਨ ਮੰਨਦੇ ਹਨ।[੧]

ਵੀਣਾ ਮ੍ਰਿਦੰਗ ਆਦਿਕ ਵਜਾ ਕੇ ਸ੍ਰੀ ਕ੍ਰਿਸ਼ਨ ਤੇ ਰਾਧਕੇ ਦੀ ਉਸਤਤਿ ਤੇ ਭਗਤੀ ਕਰਦੇ ਹਨ।

ਸ੍ਰੀ ਸ਼ੰਕਰਾਚਾਰਯ ਅਤੇ ਰਾਮਾਨੁਜ ਵਾਂਗੂੰ ਨਿੰਬਾਰਕ ਸੁਆਮੀ ਵੀ ਬੜੇ ਵਿਦਵਾਨ ਸਨ। ਇਨ੍ਹਾਂ ਨੇ ਵੀ ਵੇਦ ਭਾਸ਼ ਲਿਖਿਆ ਹੈ। ਵੇਦਾਂਤ ਸੂਤਰਾਂ ਦੀ ਵੀ ਵਿਆਖਿਆ ਕੀਤੀ ਹੈ।

ਨਿੰਬਾਰਕ ਨੇ ਕਈ ਸਾਲ ਮਥਰਾ ਬ੍ਰਿੰਦਾਬਨ ਵਿਚ ਇਕ ਧਰੁਵ ਨਾਮੇ ਪਹਾੜੀ 'ਤੇ ਨਿਵਾਸ ਕੀਤਾ। ਭਜਨ ਤਪ ਕਰਨ ਦੇ ਨਾਲ ਨਾਲ ਲੋਕਾਂ ਨੂੰ ਭਗਤੀ ਮਾਰਗ ਦਾ ਉਪਦੇਸ਼ ਵੀ ਦਿੰਦੇ ਰਹੇ। ਇਥੇ ਹੀ ਉਨ੍ਹਾਂ ਦੀ ਗੱਦੀ ਹੈ।

ਔਰੰਗਜ਼ੇਬ ਦੇ ਸਮੇਂ ਜਦ ਮਥਰਾ ਵਿਚ ਸ੍ਰੀ ਕ੍ਰਿਸ਼ਨ ਦੇ ਮੰਦਰ ਨੂੰ ਗਿਰਾਇਆ

---

੧. ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥ *(ਸੋਰਠਿ ਮ: ੫, ਪੰਨਾ ੬੪੨)*
ਗੁਰਮਤਿ ਵਿਚ ਸਾਕਾਰ ਭਗਤੀ ਨਹੀਂ, ਨਿਰਾਕਾਰ ਦੀ ਉਪਾਸਨਾ ਹੈ। (ਪ.ਸ.)

ਗਿਆ, ਉਸ ਵਕਤ ਨਿੰਬਾਰਕ ਸੁਆਮੀ ਦਾ ਲਿਖਿਆ ਹੋਇਆ ਵੇਦ *ਭਾਸ਼* ਵੀ ਸਾੜ ਦਿੱਤਾ ਗਿਆ।

– ਡਾਕਟਰ ਗ੍ਰਿਯਸਨ ਨੇ ਲਿਖਿਆ ਹੈ ਕਿ ਜਦ ਮੁਸਲਮਾਨ ਬਾਦਸ਼ਾਹ ਭਾਰਤ ਵਿਚ ਆਏ, ਹਿੰਦੂਆਂ ਤੇ ਮੁਸਲਮਾਨਾਂ ਦੀ ਟੱਕਰ ਹੋ ਰਹੀ ਸੀ, ਉਸ ਵਕਤ ਅੰਧਕਾਰ ਵਿਚੋਂ ਬਿਜਲੀ ਦੀ ਤਰ੍ਹਾਂ ਭਗਤੀ ਲਹਿਰ ਦੋ ਰੂਪਾਂ ਵਿਚ ਪ੍ਰਕਾਸ਼ਤ ਹੋਈ:

੧. ਪੁਰਾਣਕ ਅਵਤਾਰਾਂ ਦੀ ਸਾਕਾਰ ਪੂਜਾ।

੨. ਇਕੀਸ਼ਵਰਵਾਦ ਤੇ ਨਿਰਾਕਾਰ ਦੀ ਪੂਜਾ।

ਪਹਿਲੇ ਰੂਪ ਵਿਚ ਸ਼ਰਧਾ ਤੇ ਭਗਤੀ ਸੀ, ਦੂਜੇ ਵਿਚ ਗਿਆਨ ਪ੍ਰਮੁੱਖ ਸੀ। ਇਕ ਨੇ ਸ਼ਾਸਤ੍ਰ ਦੀ ਟੇਕ ਲਈ, ਦੂਸਰੇ ਨੇ ਅਨੁਭਵ ਦਾ ਆਸਰਾ ਲਿਆ।

# ਸ੍ਰੀ ਵਲਭਾਚਾਰਯ

## (ਸ਼ੁੱਧ ਅਦਵੈਤਵਾਦ)

ਵੈਸ਼ਨਵਾਂ ਦੇ ਪੰਜਵੇਂ ਮੁਖੀ ਸ੍ਰੀ ਵਲਭਾਚਾਰਯ ਪੰਦਰ੍ਹਵੀਂ ਸਦੀ ਵਿਚ ਦੱਖਣੀ ਭਾਰਤ ਵਿਚ ਹੋਏ ਹਨ। ਇਨ੍ਹਾਂ ਨੂੰ ਪਵਨ ਦਾ ਅਵਤਾਰ ਮੰਨਿਆ ਜਾਂਦਾ ਹੈ। ਇਨ੍ਹਾਂ ਦੀ ਚਲਾਈ ਹੋਈ ਸੰਪਰਦਾਇ ਨੂੰ 'ਵਲਭੀ' ਕਹਿੰਦੇ ਹਨ।

ਇਨ੍ਹਾਂ ਦੇ ਪਿਤਾ ਦਾ ਨਾਂ ਲਕਸ਼ਮਣ ਭੱਟ ਤੇ ਮਾਤਾ ਦਾ ਨਾਂ ਅਲਮਗੀਰ ਸੀ। ਇਹ ਤਿਲਗੂ ਬ੍ਰਾਹਮਣ ਸਨ। ੧੧ ਵਰ੍ਹੇ ਦੇ ਸਨ ਕਿ ਇਨ੍ਹਾਂ ਦਾ ਪਿਤਾ ਗੁਜ਼ਰ ਗਿਆ।

ਵਲਭ ਦਾ ਜਨਮ ਸੰਨ ੧੪੭੯ ਈ: ਵਿਚ ਅਤੇ ਦੇਹਾਂਤ ੧੫੩੧ ਵਿਚ ਹੋਇਆ। ਇਨ੍ਹਾਂ ਬਾਰੇ ਇਕ ਮਨੌਤ ਹੈ ਕਿ ਦੱਖਣੀ ਬ੍ਰਾਹਮਣ ਲਕਸ਼ਮਣ ਭੱਟ ਨੂੰ ਚੁਨਾਰਗੜ੍ਹ ਦੇ ਪਾਸ ਬਾਲਕ ਰੂਪ ਵਿਚ ਮਿਲੇ। ਉਨ੍ਹਾਂ ਨੇ ਇਨ੍ਹਾਂ ਨੂੰ ਪਾਲਿਆ। ਵੱਡੇ ਹੋ ਕੇ ਨਾਰਾਇਣ ਭੱਟ ਪਾਸੋਂ ਉੱਚੇ ਦਰਜੇ ਦੀ ਵਿਦਿਆ ਸੰਸਕ੍ਰਿਤ ਤੇ ਵੇਦ ਸ਼ਾਸਤ੍ਰ ਆਦਿਕ ਪੜ੍ਹੇ। ਇਹ ਗ੍ਰਿਹਸਤੀ ਵੀ ਹੋਏ ਹਨ। ਫਿਰ ਕਾਸ਼ੀ ਜਾ ਕੇ ਸੰਨਿਆਸ ਧਾਰਨ ਕੀਤਾ। ਇਨ੍ਹਾਂ ਦੇ ਕਈ ਪੁਤਰ ਗੱਦੀਆਂ ਦੇ ਮਾਲਕ ਤੇ ਗੋਸਵਾਮੀ ਪ੍ਰਸਿੱਧ ਹੋਏ ਹਨ।

ਵਲਭ ਨੇ ਦੇਸ਼ ਵਿਚ ਫਿਰ ਕੇ ਵੀ ਪ੍ਰਚਾਰ ਕੀਤਾ ਹੈ। ਗੀਤਾ ਦਾ ਭਾਸ਼ ਲਿਖਿਆ ਹੈ। ਇਨ੍ਹਾਂ ਬਾਰੇ ਇਕ ਵਾਰਤਾ ਪ੍ਰਸਿੱਧ ਹੈ ਕਿ ਗੀਤਾ ਦਾ ਭਾਸ਼ ਲਿਖ ਕੇ ਬਦਰੀ ਨਾਥ (ਗੜ੍ਹਵਾਲ) ਗਏ। ਉਥੇ ਇਨ੍ਹਾਂ ਨੂੰ ਤਿੰਨ ਸਾਲਗਰਾਮ ਮਿਲੇ, ਜੋ ਇਨ੍ਹਾਂ ਨੇ ਵੈਸ਼ਨਵ ਮੰਦਰਾਂ ਵਿਚ ਸਥਾਪਤ ਕੀਤੇ।

ਵਲਭ ਦੇ ਮੱਤ ਨੂੰ ਸ਼ੁੱਧ ਅਦਵੈਤਵਾਦ ਕਹਿੰਦੇ ਹਨ। ਉਸ ਦਾ ਸਾਰੰਸ਼ ਇਹ ਹੈ ਕਿ ਮਾਇਆ ਤੋਂ ਬਿਨਾ ਸ਼ੁੱਧ ਜੀਵ ਅਤੇ ਪਰਮਾਤਮਾ ਇਕੋ ਰੂਪ ਹਨ। ਮਾਇਆ ਇਕ ਸ਼ਕਤੀ ਹੈ, ਜੋ ਈਸ਼ਵਰ ਦੀ ਇਛਿਆ ਨਾਲ ਹੁੰਦੀ ਹੈ। ਬਿਨਾਂ ਈਸ਼ਵਰ ਦੀ ਕ੍ਰਿਪਾ ਦੇ ਗਿਆਨ ਨਹੀਂ ਹੋ ਸਕਦਾ। ਮੁਕਤੀ ਦਾ ਸਾਧਨ ਕੇਵਲ ਭਗਤੀ ਹੈ। ਜਦ ਜੀਵ ਵਿਸ਼ਨੂੰ ਨਾਲ ਅਭੇਦ ਹੋ ਜਾਂਦਾ ਹੈ, ਉਸ ਵਕਤ ਮੁਕਤ ਹੁੰਦਾ ਹੈ।

ਇਸ ਸੰਪਰਦਾਇ ਦੇ ਵੈਸ਼ਨਵ ਗੋਸਵਾਮੀ ਅਤੇ ਵਲਭੀ ਕਹੇ ਜਾਂਦੇ ਹਨ। ਇਹ ਵਿਸ਼ਨੂੰ ਤੇ ਬਾਲ ਗੋਪਾਲ ਸ੍ਰੀ ਕ੍ਰਿਸ਼ਨ ਦੀ ਪੂਜਾ ਕਰਦੇ ਹਨ। ਊਰਧ ਮੁੰਡ ਤਿਲਕ ਲਾਉਂਦੇ ਤੇ ਤੁਲਸੀ ਦੀ ਮਾਲਾ ਰੱਖਦੇ ਹਨ। ਸਰੀਰ ਉਪਰ ਸੰਖ ਚਕ੍ਰ ਆਦਿਕ ਚਿੰਨ੍ਹ ਵੀ ਉਕਰਦੇ ਹਨ। ਗ੍ਰਿਹਸਤੀ ਬੱਚਿਆਂ ਦੇ ਨਾਮ ਕੇਸ਼ਵ ਅਤੇ ਭਗਵਾਨ ਆਦਿਕ ਰੱਖਦੇ ਹਨ।

ਅਸ਼ਟ ਛਾਪ ਦੇ ਕਵੀਆਂ ਵਿਚੋਂ ਕ੍ਰਿਸ਼ਨ ਭਗਤ ਸੂਰ ਦਾਸ ਇਸ ਸੰਪਰਦਾਇ

ਵਿਚੋਂ ਸੀ। ਰਾਜਸਥਾਨ ਦਾ ਪ੍ਰਸਿੱਧ ਵੈਸ਼ਨਵ ਮੰਦਰ ਨਾਥ ਦਵਾਰਾ ਇਸ ਸੰਪਰਦਾਇ ਦਾ ਹੈ, ਜੋ ਉਦੈਪੁਰ ਤੋਂ ੩੦ ਮੀਲ ਉੱਤਰ ਵੱਲ ਹੈ, ਜਿਸ ਵਿਚ ਸ੍ਰੀ ਨਾਥ ਦੀ ਬਾਰ੍ਹਵੀਂ ਸਦੀ ਦੀ ਮੂਰਤੀ ਹੈ। ਕਹਿੰਦੇ ਹਨ ਕਿ ਇਹ ਮੂਰਤੀ ੧੫੯੫ ਵਿਚ ਮਥਰਾ ਦੇ ਇਕ ਮੰਦਰ ਵਿਚ ਰੱਖੀ ਗਈ ਸੀ। ਸਤਾਰ੍ਹਵੀਂ ਸਦੀ ਵਿਚ ਨਾਥ ਦੁਆਰੇ ਲਿਆਂਦੀ ਗਈ। ਇਸ ਮੰਦਰ ਦੀ ਚਿਤ੍ਰਕਾਰੀ ਬਹੁਤ ਕੀਮਤੀ ਹੈ। ਘਿਉ, ਤੇਲ ਦੇ ਖੂਹ, ਸੋਨੇ ਚਾਂਦੀ ਦੀਆਂ ਚੱਕੀਆਂ ਅਤੇ ਲੰਗਰ ਆਦਿਕ ਵੇਖਣ ਯੋਗ ਹਨ। ਇਥੇ ਜਨਮ ਅਸ਼ਟਮੀ ਅਤੇ ਦੀਪ ਮਾਲਾ ਦਾ ਮੇਲਾ ਹੁੰਦਾ ਹੈ। ਗੁਜਰਾਤ ਵਿਚ ਵੀ ਵਲਭ ਦਾ ਬਹੁਤ ਪ੍ਰਭਾਵ ਹੈ। ਗੋਕਲ ਵਿਚ ਇਨ੍ਹਾਂ ਦੀ ਗੱਦੀ ਹੈ। ਸ੍ਰੀ ਵਲਭਾਚਾਰਯ ੫੨ ਸਾਲ ਦੀ ਉਮਰ ਵਿਚ ਕਾਸ਼ੀ ਵਿਚ ਸਮਾਏ।

### ਬੰਗਾਲ ਦੇ ਪਰਮ ਭਗਤ

# ਸ੍ਰੀ ਚੇਤਨ

## ਪ੍ਰੇਮ ਭਗਤੀ ਦੇ ਪੁੰਜ

ਜਿਸ ਤਰ੍ਹਾਂ ਪੰਜਾਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉੱਤਰ ਪ੍ਰਦੇਸ਼ ਵਿਚ ਸ੍ਰੀ ਕਬੀਰ ਜੀ ਨੇ ੧ੴ ਸਤਿਨਾਮ ਦੀ ਭਗਤੀ ਦਾ ਪ੍ਰਚਾਰ ਕੀਤਾ ਹੈ; ਇਸੇ ਤਰ੍ਹਾਂ ਬੰਗਾਲ ਵਿਚ ਜੈ ਦੇਵ ਅਤੇ ਸ੍ਰੀ ਚੇਤਨ ਜੀ ਨੇ ਪ੍ਰੇਮ-ਭਗਤੀ ਅਤੇ ਵੈਸ਼ਨਵ ਮੱਤ ਦਾ ਪ੍ਰਚਾਰ ਕੀਤਾ ਹੈ। ਬੰਗਾਲ ਵਿਚ ਕਾਲੀ ਦੇਵੀ (ਦੁਰਗਾ) ਦੀ ਵੀ ਬਹੁਤ ਪੂਜਾ ਕੀਤੀ ਜਾਂਦੀ ਹੈ। ਕਲਕੱਤੇ ਵਿਚ ਅਜੇ ਤੀਕ ਕਾਲੀ ਘਾਟ ਦੇ ਮੰਦਰ ਵਿਚ ਮਾਸ ਭੇਟ ਕੀਤਾ ਜਾਂਦਾ ਹੈ। ਪਰ ਸ੍ਰੀ ਜੈ ਦੇਵ ਅਤੇ ਚੇਤਨ ਜੀ ਦੀ ਪ੍ਰੇਮ ਭਗਤੀ ਦਾ ਵੀ ਜਨਤਾ ਵਿਚ ਕਾਫ਼ੀ ਪ੍ਰਭਾਵ ਹੈ। ਦੁਰਗਾ ਦੇ ਮੰਨਣ ਵਾਲੇ ਸ਼ਕਤੀ ਦੇ ਉਪਾਸ਼ਕ ਹਨ। ਇਨ੍ਹਾਂ ਦੋਹਾਂ ਭਗਤਾਂ ਦੇ ਮੰਨਣ ਵਾਲੇ ਵੈਸ਼ਨਵ ਅਤੇ ਕ੍ਰਿਸ਼ਨ ਭਗਤ ਹਨ।

ਅਸੀਂ ਜੈ ਦੇਵ ਜੀ ਦਾ ਜ਼ਿਕਰ ਇਸ ਪੁਸਤਕ ਦੇ ਪਹਿਲੇ ਭਾਗ ਵਿਚ ਕਰ ਆਏ ਹਾਂ, ਕਿਉਂਕਿ ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਹੁਣ ਚੇਤਨ ਜੀ ਦਾ ਵਰਣਨ ਕਰਦੇ ਹਾਂ। ਇਹ ਸ੍ਰੀ ਗੁਰੂ ਨਾਨਕ ਦੇਵ ਦੇ ਸਮਕਾਲੀ ਸਨ।

ਸ੍ਰੀ ਚੇਤਨ ਜੀ ਦਾ ਜਨਮ ਸੰਮਤ ੧੫੦੧ ਵਿਚ ਬੰਗਾਲ ਦੇ ਪ੍ਰਸਿੱਧ ਨਗਰ ਨਦੀਆ (ਨਵਦੀਪ) ਵਿਚ ਪੰਡਤ ਕਲਿਆਣ ਮਿਸਰ ਦੇ ਘਰ ਮਾਤਾ ਸ਼ਾਚੀ ਤੋਂ ਹੋਇਆ। ਇਹ ਗੋਰੇ ਰੰਗ ਦੇ ਸਨ, ਇਸ ਲਈ ਆਪ ਨੂੰ 'ਗੋਰੰਗ' ਵੀ ਕਹਿੰਦੇ ਸਨ। ਬਚਪਨ ਵਿਚ ਆਪ ਨੂੰ 'ਨਿਮਈ' ਵੀ ਆਖਦੇ ਸਨ।

ਇਹ ਬਚਪਨ ਤੋਂ ਹੀ ਬੜੇ ਸੁੰਦਰ, ਸੁਡੌਲ, ਕੋਮਲ ਸੁਭਾਵ ਦੇ ਅਤੇ ਉਦਾਰ ਚਿੱਤ ਸਨ। ਕਹਿੰਦੇ ਹਨ ਇਕ ਵੇਰ ਇਕ ਚੋਰ 'ਨਿਮਈ' ਦੇ ਸੋਨੇ ਦੇ ਕੜੇ ਲਾਹੁਣ ਲਈ ਚੁੱਕ ਕੇ ਲੈ ਗਿਆ, ਪਰ ਚਮਤਕਾਰੀ ਬਾਲਕ ਦੇ ਹਸੂੰ ਹਸੂੰ ਕਰਦੇ ਮੁਖੜੇ ਅਤੇ ਨਿਰਛਲਤਾ ਨੇ ਉਸ ਦੇ ਮਨ ਨੂੰ ਮੋਮ ਕਰ ਦਿੱਤਾ। ਉਹ ਉਸ ਨੂੰ ਚੁੱਕ ਕੇ ਘਰ ਛੱਡ ਗਿਆ। ਚੋਰ ਆਪ ਦੇ ਮਾਤਾ ਪਿਤਾ ਨੂੰ ਕਹਿਣ ਲੱਗਾ, "ਤੁਹਾਡੇ ਬਾਲਕ ਨੇ ਮੇਰੇ ਮਨ ਉੱਤੇ ਏਨਾ ਪ੍ਰਭਾਵ ਪਾਇਆ ਹੈ ਕਿ ਮੈਂ ਅੱਜ ਤੋਂ ਚੋਰੀ ਛੱਡਣ ਦਾ ਪ੍ਰਣ ਕਰਦਾ ਹਾਂ।"

ਜਿਸ ਤਰ੍ਹਾਂ ਬਚਪਨ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਰਾਇ ਭੋਇ ਦੀ ਤਲਵੰਡੀ ਵਿਚ ਬੱਚਿਆਂ ਲਾਲ ਖੇਡਦੇ 'ਸਤਿ ਕਰਤਾਰ' ਅਤੇ 'ਧੰਨ ਨਿਰੰਕਾਰ' ਦੀ ਧੁਨਿ ਬੁਲੰਦ ਕਰਦੇ ਸਨ, ਇਸੇ ਤਰ੍ਹਾਂ ਚੇਤਨ ਵੀ ਬਾਲਕਾਂ ਨਾਲ ਖੇਡਦੇ ਹੋਏ 'ਹਰੀ ਬੋਲ' ਦੀ ਪੱਟੀ ਪੜ੍ਹਾਉਂਦੇ ਸਨ। ਉਨ੍ਹਾਂ ਦੀ ਇਸ ਪ੍ਰੇਮ ਭਗਤੀ ਦਾ ਅਸਰ ਕਈ ਰਾਹ ਤੁਰੇ ਜਾਂਦੇ ਲੋਕਾਂ,

ਜੁਆਨਾਂ ਤੇ ਬੁੱਢਿਆਂ ਉੱਤੇ ਪੈਂਦਾ ਸੀ। ਉਹ ਵੀ 'ਹਰੀ ਬੋਲ' ਦੀ ਧੁਨਿ ਵਿਚ ਮਗਨ ਹੋ ਕੇ ਨਿਰਤ ਕਰਨ ਲੱਗ ਜਾਂਦੇ ਸਨ।

ਜਦ ਚੇਤਨ ਕੁਝ ਵੱਡੇ ਹੋਏ, ਉਨ੍ਹਾਂ ਦੇ ਮਾਤਾ ਪਿਤਾ ਨੇ ਇਕ ਪਾਠਸ਼ਾਲਾ ਵਿਚ ਪੜ੍ਹਨ ਲਈ ਭੇਜਿਆ। ਵਿਆਕਰਣ ਪੜ੍ਹਨ ਦੇ ਉਪਰੰਤ ਇਹ ਇਕ ਪੰਡਤ ਵਾਸੁਦੇਵ ਸਰਬ ਭੋਮੀ ਦੀ ਪਾਠਸ਼ਾਲਾ ਵਿਚ ਨਯਾਯ ਸ਼ਾਸਤ੍ਰ ਪੜ੍ਹਨ ਲਈ ਭੇਜੇ ਗਏ। ਵਾਸੁਦੇਵ ਵੇਦ ਅਤੇ ਸ਼ਾਸਤ੍ਰ ਦਾ ਮਹਾਨ ਪੰਡਤ ਸੀ। ਚੇਤਨ ਦੇ ਨਾਲ ਇਕ ਹੋਰ ਵਿਦਿਆਰਥੀ ਰਘੂ ਨਾਥ ਵੀ ਪੜ੍ਹਨ ਆਇਆ। ਵਾਸੁਦੇਵ ਨੇ ਦੋਹਾਂ ਵਿਦਿਆਰਥੀਆਂ ਨੂੰ ਬੜੀ ਮਿਹਨਤ ਨਾਲ ਪੜ੍ਹਾਉਣਾ ਸ਼ੁਰੂ ਕੀਤਾ।

ਇਕ ਦਿਨ ਪੰਡਤ ਨੇ ਰਘੂ ਨਾਥ ਤੋਂ ਇਕ ਪ੍ਰਸ਼ਨ ਪੁੱਛਿਆ। ਉਸ ਨੇ ਉੱਤਰ ਦੇਣ ਵਿਚ ਸਾਰਾ ਦਿਨ ਲਾ ਦਿੱਤਾ। ਇਸ ਦੇ ਪਿੱਛੋਂ ਉਸ ਨੇ ਰੋਟੀ ਖਾਣੀ ਸ਼ੁਰੂ ਕਰ ਦਿੱਤੀ। ਏਨੇ ਵਿਚ ਚੇਤਨ ਜੀ ਆ ਗਏ। ਉਨ੍ਹਾਂ ਨੇ ਰਘੂ ਨਾਥ ਨੂੰ ਪੁੱਛਿਆ, "ਅੱਜ ਤੁਸੀਂ ਰੋਟੀ ਖਾਣ ਵਿਚ ਏਨੀ ਦੇਰ ਕਿਉਂ ਕਰ ਦਿੱਤੀ ਹੈ?"

ਰਘੂ ਨਾਥ—ਅੱਜ ਪੰਡਤ ਜੀ ਨੇ ਇਕ ਬੜਾ ਕਠਨ ਪ੍ਰਸ਼ਨ ਪੁੱਛਿਆ ਸੀ। ਉਸ ਦਾ ਉੱਤਰ ਦੇਣ ਵਿਚ ਸਾਰਾ ਦਿਨ ਲੱਗ ਗਿਆ ਹੈ। ਇਸ ਲਈ ਦੇਰੀ ਨਾਲ ਰੋਟੀ ਖਾ ਰਿਹਾ ਹਾਂ।

ਚੇਤਨ—ਉਹ ਪ੍ਰਸ਼ਨ ਕੀ ਸੀ, ਮੈਨੂੰ ਵੀ ਦੱਸ ਦੇ।

ਰਘੂ ਨਾਥ—ਤੁਸੀਂ ਬੜੇ ਸਿਆਣੇ ਹੋ। ਮੈਨੂੰ ਪਤਾ ਲੱਗਾ ਹੈ ਕਿ ਤੁਸੀਂ ਨਯਾਯ ਦਰਸ਼ਨ ਬਾਰੇ ਪੁਸਤਕ ਲਿਖ ਰਹੇ ਹੋ।

ਚੇਤਨ—ਪੁਸਤਕ ਕੀ ਲਿਖਣੀ ਹੈ, ਐਵੇਂ ਦਿਲ-ਪ੍ਰਚਾਵਾ ਕਰਦਾ ਹਾਂ।

ਰਘੂ ਨਾਥ—ਉਸ ਪੁਸਤਕ ਵਿਚ ਲਿਖਿਆ ਕੀ ਜੇ?

ਚੇਤਨ—ਤੁਹਾਨੂੰ ਦੱਸ ਦਿਆਂਗਾ।

ਦੂਜੇ ਦਿਨ ਨਿਮਈ ਅਤੇ ਰਘੂ ਨਾਥ ਦੋਵੇਂ ਬੇੜੀ ਵਿਚ ਬੈਠ ਕੇ ਪਾਠਸ਼ਾਲਾ ਜਾਣ ਲਈ ਨਦੀ ਪਾਰ ਕਰ ਰਹੇ ਸਨ। ਉਸ ਸਮੇਂ ਚੇਤਨ ਨੇ ਆਪਣੀ ਲਿਖੀ ਹੋਈ ਪੁਸਤਕ ਰਘੂ ਨਾਥ ਨੂੰ ਪੜ੍ਹ ਕੇ ਸੁਣਾਈ, ਜਿਸ ਨੂੰ ਸੁਣ ਕੇ ਉਹ ਰੋਣ ਲੱਗ ਪਿਆ ਅਤੇ ਕਹਿਣ ਲੱਗਾ, "ਨਯਾਯ ਸ਼ਾਸਤ੍ਰ ਬਾਰੇ ਮੈਂ ਵੀ ਇਕ ਪੁਸਤਕ ਲਿਖ ਰਿਹਾ ਹਾਂ, ਜਿਸ ਦਾ ਤੁਹਾਡੀ ਪੁਸਤਕ ਨਾਲ ਕੋਈ ਮੁਕਾਬਲਾ ਹੀ ਨਹੀਂ। ਇਸ ਲਈ ਮੇਰੀ ਪੁਸਤਕ ਪ੍ਰਵਾਨ ਨਹੀਂ ਹੋਵੇਗੀ। ਤੁਹਾਡੇ ਪੁਸਤਕ ਲਿਖਣ ਨਾਲ ਮੇਰੀਆਂ ਆਸਾਂ 'ਤੇ ਪਾਣੀ ਫਿਰ ਗਿਆ ਹੈ।"

ਚੇਤਨ—ਵੀਰ! ਜੇ ਤੂੰ ਇਸ ਲਈ ਔਖਾ ਹੈਂ ਕਿ ਮੈਂ ਨਯਾਯ ਦਰਸ਼ਨ ਬਾਰੇ ਇਕ ਚੰਗੀ ਪੁਸਤਕ ਕਿਉਂ ਲਿਖੀ ਹੈ ਤਾਂ ਮੈਂ ਆਪਣੀ ਪੁਸਤਕ ਨੂੰ ਇਸ ਨਦੀ ਦੀ ਭੇਟ ਕਰ ਦਿੰਦਾ ਹਾਂ।

ਇਹ ਆਖ ਕੇ ਉਨ੍ਹਾਂ ਨੇ ਆਪਣੀ ਲਿਖੀ ਹੋਈ ਪੁਸਤਕ ਜਲ ਪ੍ਰਵਾਹ ਕਰ ਦਿੱਤੀ। ਰਘੂ ਨਾਥ ਇਹ ਗੱਲ ਵੇਖ ਕੇ ਬੜਾ ਹੈਰਾਨ ਹੋਇਆ। ਇਹ ਚੇਤਨ ਦੇ ਪਰਮ ਤਿਆਗ ਦਾ ਸਬੂਤ ਹੈ। ਉਨ੍ਹਾਂ ਨੇ ਉਸ ਦਿਨ ਤੋਂ ਨਯਾਯ ਦਰਸ਼ਨ ਹੀ ਪੜ੍ਹਨਾ ਛੱਡ ਦਿੱਤਾ।

ਚੇਤਨ ਦੇ ਬਚਪਨ ਵਿਚ ਹੀ ਉਨ੍ਹਾਂ ਦੇ ਪਿਤਾ ਦਾ ਦੇਹਾਂਤ ਹੋ ਗਿਆ। ਮਾਤਾ ਨੇ ਮਿਹਨਤ ਮਜ਼ਦੂਰੀ ਕਰ ਕੇ ਘਰ ਦਾ ਕੰਮ ਚਲਾਇਆ ਅਤੇ ਆਪਣੇ ਪੁੱਤਰ ਨੂੰ ਪੜ੍ਹਾਇਆ।

੧੬ ਸਾਲ ਦੀ ਉਮਰ ਵਿਚ ਚੇਤਨ ਨੇ ਸ਼ਾਸਤ੍ਰ ਪੜ੍ਹ ਕੇ ਆਪ ਇਕ ਪਾਠਸ਼ਾਲਾ ਜਾਰੀ ਕਰ ਦਿੱਤੀ, ਜਿਸ ਵਿਚ ਉਹ ਵਿਦਿਆਰਥੀਆਂ ਨੂੰ ਸ਼ਾਸਤ੍ਰ ਪੜ੍ਹਾਉਂਦੇ ਸਨ। ਥੋੜ੍ਹੇ ਦਿਨਾਂ ਵਿਚ ਹੀ ਉਸ ਪਾਠਸ਼ਾਲਾ ਦੀ ਸ਼ੋਭਾ ਵਧ ਗਈ। ਲੋਕੀ ਆਪਣੇ ਬੱਚਿਆਂ ਨੂੰ ਉਨ੍ਹਾਂ ਪਾਸ ਪੜ੍ਹਨ ਲਈ ਭੇਜਣ ਲੱਗ ਪਏ। ਸ੍ਰੀ ਚੇਤਨ ਚੰਗੇ ਸਿਆਣੇ ਪੰਡਤਾਂ ਵਿਚੋਂ ਸਮਝੇ ਜਾਣ ਲੱਗ ਪਏ।

ਉਨ੍ਹਾਂ ਦਿਨਾਂ ਵਿਚ ਕਾਸ਼ੀ ਦਾ ਇਕ ਪੰਡਤ ਕੇਸ਼ਵ ਦੇਵ ਥਾਂ ਥਾਂ ਫਿਰ ਕੇ ਦੂਜੇ ਪੰਡਤਾਂ ਨਾਲ ਸ਼ਾਸਤ੍ਰਾਰਥ ਕਰ ਕੇ ਉਨ੍ਹਾਂ ਨੂੰ ਹਰਾਉਂਦਾ ਸੀ। ਉਹ ਨਦੀਆ ਵਿਚ ਵੀ ਪੁੱਜਾ। ਕਿਸੇ ਪੰਡਤ ਨੂੰ ਕੇਸ਼ਵ ਨਾਲ ਚਰਚਾ ਕਰਨ ਦਾ ਹੀਆ ਨਾ ਪਿਆ।

ਇਕ ਦਿਨ ਸ੍ਰੀ ਚੇਤਨ ਆਪਣੇ ਵਿਦਿਆਰਥੀਆਂ ਨਾਲ ਨਦੀ ਦੇ ਕੰਢੇ ਬੈਠੇ ਹੋਏ ਸਨ ਕਿ ਉਥੇ ਕੇਸ਼ਵ ਦੇਵ ਵੀ ਪੁੱਜ ਗਿਆ। ਉਸ ਨੇ ਚੇਤਨ ਨੂੰ ਕਿਹਾ, "ਮੈਂ ਤੁਹਾਡੇ ਵਿਆਕਰਣੀ ਅਤੇ ਸ਼ਾਸਤ੍ਰ ਗਿਆਤਾ ਹੋਣ ਦੀ ਬੜੀ ਸ਼ੋਭਾ ਸੁਣੀ ਹੈ।

ਚੇਤਨ—ਇਹ ਆਪ ਦੀ ਕ੍ਰਿਪਾ ਹੈ।

ਇਸ ਤੋਂ ਉਪਰੰਤ ਦੋਹਾਂ ਦੀ ਪਰਸਪਰ ਕਾਵਯ ਬਾਰੇ ਕੁਝ ਚਰਚਾ ਹੋਈ। ਕੇਸ਼ਵ ਦੇਵ ਨੇ ਗੰਗਾ ਦੀ ਉਸਤਤਿ ਵਿਚ ਸੌ ਸਲੋਕ ਬਣਾ ਕੇ ਸੁਣਾ ਦਿੱਤੇ ਅਤੇ ਚੇਤਨ ਨੂੰ ਕਿਹਾ, "ਤੁਸੀਂ ਇਸ ਕਵਿਤਾ ਵਿਚ ਕੋਈ ਦੋਸ਼ ਹੈ ਤਾਂ ਕੱਢ ਦਿਉ।"

ਸ੍ਰੀ ਚੇਤਨ ਨੇ ਕੇਸ਼ਵ ਦੀ ਇਸ ਕਵਿਤਾ ਵਿਚ ਪੰਜ ਦੋਸ਼ ਕੱਢੇ, ਜਿਨ੍ਹਾਂ ਨੂੰ ਸੁਣ ਕੇ ਪੰਡਤ ਦਾ ਸਾਰਾ ਹੰਕਾਰ ਦੂਰ ਹੋ ਗਿਆ। ਉਹ ਪੰਡਤ ਸਭ ਕੁਝ ਤਿਆਗ ਕੇ ਸੰਨਿਆਸੀ ਬਣ ਗਿਆ ਅਤੇ ਕੇਸ਼ਵ ਭਾਰਤੀ ਦੇ ਨਾਂ ਤੋਂ ਪ੍ਰਸਿੱਧ ਹੋਇਆ।

ਇਕ ਵੇਰ ਚੇਤਨ ਗਯਾ ਵਿਚ ਗਦਾਧਰ ਮੰਦਰ ਦੇ ਦਰਸ਼ਨ ਕਰਨ ਗਏ। ਉਥੇ ਸ੍ਰੀ ਕ੍ਰਿਸ਼ਨ ਦੀ ਮੂਰਤੀ ਵੇਖ ਕੇ ਮੁਗਧ ਹੋ ਗਏ। ਉਥੇ ਹੀ ਆਪ ਨੇ ਇਕ ਸਾਧੂ ਈਸ਼ਵਰ ਪੁਰੀ ਤੋਂ ਗੁਰੂ-ਮੰਤਰ ਦੀਖਿਆ ਅਤੇ ਉਪਦੇਸ਼ ਲਿਆ। ਉਸ ਤੋਂ ਪਿੱਛੋਂ ਉਹ ਹਰ ਸਮੇਂ ਪ੍ਰੇਮ-ਭਗਤੀ ਵਿਚ ਮਗਨ ਰਹਿਣ ਲੱਗ ਪਏ।

ਪਿੱਛੇ ਦੱਸ ਆਏ ਹਾਂ ਕਿ ਭਗਤੀ ਮਾਰਗ ਵਿਚ ਦੋ ਕਿਸਮ ਦੇ ਸੰਤ ਭਗਤ ਹੋਏ ਹਨ। ਇਕ, ਨਿਰਾਕਾਰ ਸ੍ਰੀ ਵਾਹਿਗੁਰੂ ਦੇ ਉਪਾਸ਼ਕ। ਦੂਸਰੇ, ਦੇਵ ਪੂਜਾ ਤੇ ਅਵਤਾਰ ਪੂਜਾ ਕਰਨ ਵਾਲੇ ਸਾਕਾਰਵਾਦੀ। ਉਨ੍ਹਾਂ ਵਿਚੋਂ ਚੇਤਨ ਸ੍ਰੀ ਕ੍ਰਿਸ਼ਨ ਦੇ ਉਪਾਸ਼ਕ ਸਨ।

ਕਹਿੰਦੇ ਹਨ ਜਦ ਵੀ ਕੋਈ ਉਨ੍ਹਾਂ ਕੋਲ ਸ੍ਰੀ ਕ੍ਰਿਸ਼ਨ ਦਾ ਨਾਂ ਲੈਂਦਾ ਸੀ, ਉਹ ਪ੍ਰੇਮ-ਭਗਤੀ ਕਰਕੇ ਝੂਮ ਉਠਦੇ ਸਨ। ਵਜਦ ਵਿਚ ਆ ਜਾਂਦੇ ਸਨ। ਉਨ੍ਹਾਂ ਨੇ ਸਾਧੂ ਬਣਨ ਤੋਂ ਬਾਅਦ ਦੂਜੀ ਵੇਰ ਫਿਰ ਪਾਠਸ਼ਾਲਾ ਖੋਲ੍ਹੀ। ਪਰ ਉਨ੍ਹਾਂ ਦੀ ਆਤਮਿਕ ਅਵਸਥਾ ਭਗਤੀ ਨਾਲ ਭਰਪੂਰ ਹੋ ਚੁੱਕੀ ਸੀ। ਇਸ ਲਈ ਉਹ ਪਾਠਸ਼ਾਲਾ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਵੀ ਭਗਤੀ ਦਾ ਉਪਦੇਸ਼ ਕਰਦੇ ਤੇ ਰਸ ਨਾਲ ਭਰਪੂਰ ਕਰ ਦਿੰਦੇ ਸਨ। ਲੋਕਾਂ ਵਿਚ ਵੀ ਇਸ ਦਾ ਬਹੁਤ ਪ੍ਰਭਾਵ ਪਿਆ।

ਸ੍ਰੀ ਚੇਤਨ ਬੜੇ ਨਿਮਰ ਤੇ ਸੇਵਕ ਭਾਵਂ ਦੇ ਸਨ। ਉਹ ਕਈ ਵੇਰ ਗੰਗਾ ਦੇ ਇਸ਼ਨਾਨ ਨੂੰ ਜਾਣ ਵਾਲੇ ਯਾਤਰੀਆਂ ਦਾ ਸਾਮਾਨ ਸਿਰ 'ਤੇ ਚੁੱਕ ਲੈਂਦੇ ਸਨ। ਬਸਤਰ ਵੀ ਸਾਫ਼ ਕਰ ਦਿੰਦੇ ਸਨ। ਹਰੀ ਕੀਰਤਨ ਬੜਾ ਰਸਦਾਇਕ ਕਰਦੇ ਸਨ। ਉਨ੍ਹਾਂ ਨੇ ਆਪਣੇ ਸਾਥੀ ਨਤਈ ਅਤੇ ਹਰੀ ਦਾਸ ਨੂੰ ਵੀ ਕਿਹਾ ਕਿ ਉਹ ਵੀ ਲੋਕਾਂ

ਵਿਚ ਹਰੀ ਕੀਰਤਨ ਦਾ ਪ੍ਰਚਾਰ ਕਰਨ। ਕੀਰਤਨ ਨੂੰ ਉਹ ਮੁਕਤੀ ਦਾ ਸਾਧਨ ਸਮਝਦੇ ਸਨ। ਜਿਹਾ ਕਿ ਪਾਵਨ ਗੁਰਬਾਣੀ ਦਾ ਵਾਕ ਹੈ, "ਕੀਰਤਨ ਨਿਰਮੋਲਕ ਹੀਰਾ।"

ਉਨ੍ਹਾਂ ਦਿਨਾਂ ਵਿਚ ਬੰਗਾਲ ਅੰਦਰ ਸ਼ੈਵ ਮੱਤ ਅਤੇ ਨਾਸਤਕ ਮੱਤਾਂ ਦਾ ਬੜਾ ਪ੍ਰਚਾਰ ਸੀ। ਸ੍ਰੀ ਚੇਤਨ ਨੇ ਹਰੀ ਕੀਰਤਨ ਦੁਆਰਾ ਭਗਤੀ ਦਾ ਪ੍ਰਚਾਰ ਅਰੰਭ ਕੀਤਾ। ਜਨ ਸਾਧਾਰਨ ਉਨ੍ਹਾਂ ਵੱਲ ਖਿੱਚੇ ਗਏ। ਇਸ ਉਪਰ ਸ਼ਾਕਤ ਅਤੇ ਕੱਟੜਪੰਥੀ ਬਹੁਤ ਔਖੇ ਹੋਏ। ਨਦੀਆ ਵਿਚ ਇਕ ਜਗਈ ਕੋਤਵਾਲ ਅਤੇ ਮਧਈ ਦੋ ਭਰਾ ਰਹਿੰਦੇ ਸਨ। ਇਹ ਦੋਵੇਂ ਭਰਾ ਬੜੇ ਜਾਬਰ ਅਤੇ ਪਾਪੀ ਸਨ। ਸ੍ਰੀ ਚੇਤਨ ਨੇ ਆਪਣੇ ਸਾਥੀ ਹਰੀ ਦਾਸ ਅਤੇ ਨਿਤਈ ਨੂੰ ਕੋਤਵਾਲ ਅਤੇ ਉਸ ਦੇ ਭਰਾ ਕੋਲ ਭੇਜਿਆ ਕਿ ਉਹ ਵੀ ਹਰੀ ਕੀਰਤਨ ਵਿਚ ਸ਼ਾਮਲ ਹੋਣ ਤੇ ਭਗਤੀ ਕਰਨ, ਪਰ ਉਨ੍ਹਾਂ ਉਤੇ ਕੋਈ ਅਸਰ ਨਾ ਪਿਆ।

ਇਕ ਦਿਨ ਹਰੀ ਦਾਸ ਤੇ ਨਿਤਈ ਕੀਰਤਨ ਕਰਦੇ ਹੋਏ ਕੋਤਵਾਲ ਦੇ ਘਰ ਪੁੱਜੇ। ਉਸ ਦੇ ਭਰਾ ਨੇ ਨਿਤਈ ਨੂੰ ਪੱਥਰ ਮਾਰ ਕੇ ਜ਼ਖ਼ਮੀ ਕਰ ਦਿੱਤਾ, ਪਰ ਚੇਤਨ ਦੇ ਸ਼ਰਧਾਲੂ ਤੇ ਚੇਲੇ ਬਿਲਕੁਲ ਸ਼ਾਂਤਮਈ ਰਹੇ। ਚੇਤਨ ਨੇ ਕੋਤਵਾਲ ਜਗਈ ਤੇ ਉਸ ਦੇ ਭਰਾ ਮਧਈ ਪਾਸ ਜਾ ਕੇ ਉਨ੍ਹਾਂ ਨੂੰ ਕਿਹਾ, "ਤੁਸੀਂ ਕੀਰਤਨ ਕਰਨ ਵਾਲੇ ਬੇਦੋਸ਼ਿਆਂ ਨੂੰ ਕਿਉਂ ਮਾਰਿਆ ਹੈ?"

ਸ੍ਰੀ ਚੇਤਨ ਦੇ ਕੋਮਲ ਤੇ ਮਿੱਠੇ ਬਚਨ ਸੁਣ ਕੇ ਕੋਤਵਾਲ ਤੇ ਪੱਥਰ ਮਾਰਨ ਵਾਲੇ ਉਸ ਦੇ ਭਰਾ ਦਾ ਮਨ ਪੰਘਰ ਗਿਆ। ਉਨ੍ਹਾਂ ਨੇ ਆਪ ਦੇ ਚਰਨ ਫੜ ਲਏ। ਆਪਣੀ ਭੁੱਲ ਦੀ ਖਿਮਾ ਮੰਗੀ।

ਸ੍ਰੀ ਚੇਤਨ ਨੇ ਜੁਆਨੀ ਵਿਚ ਸ਼ਾਦੀ ਵੀ ਕੀਤੀ। ਬਿਰਧ ਮਾਤਾ ਵੀ ਮੌਜੂਦ ਸੀ। ਪਰ ਆਪ ਨੇ ਵਧੇਰਾ ਸਮਾਂ ਗ੍ਰਿਹਸਤ ਨਹੀਂ ਕੀਤਾ। ਪ੍ਰੇਮ-ਭਗਤੀ ਕਰਕੇ ਭਰ ਜੁਆਨੀ ਵਿਚ ਸੰਨਿਆਸ ਲੈ ਲਿਆ। ਜਦ ਮਾਤਾ ਅਤੇ ਧਰਮ ਪਤਨੀ ਨੇ ਬਹੁਤ ਵੈਰਾਗ ਕੀਤਾ, ਆਪ ਨੇ ਉਨ੍ਹਾਂ ਨੂੰ ਕਿਹਾ, "ਮੈਂ ਲੋਕਾਂ ਦੇ ਭਲੇ ਹਿਤ ਅਤੇ ਈਸ਼ਵਰ ਭਗਤੀ ਲਈ ਸਾਧੂ ਬਣ ਰਿਹਾ ਹਾਂ।" ਉਸ ਦਿਨ ਤੋਂ ਆਪ ਦਾ ਨਾਮ ਨਿਮਈ ਤੋਂ ਸ੍ਰੀ ਕ੍ਰਿਸ਼ਨ ਚੇਤਨ ਰੱਖਿਆ ਗਿਆ। ਉੱਚ ਕੋਟੀ ਦੀ ਭਗਤੀ ਕਰਕੇ ਆਪ ਨੂੰ 'ਚੇਤੰਨ ਮਹਾਂਪ੍ਰਭੂ' ਵੀ ਕਿਹਾ ਜਾਂਦਾ ਹੈ। ਆਪ ਨੇ ਭਾਰਤ ਦੇ ਪ੍ਰਸਿੱਧ ਤੀਰਥਾਂ ਦੀ ਯਾਤਰਾ ਵੀ ਕੀਤੀ ਹੈ। ਇਕ ਵੇਰ ਜਗਨ ਨਾਥ ਨੂੰ ਜਾ ਰਹੇ ਸਨ। ਰਸਤੇ ਵਿਚ ਇਕ ਥਾਂ ਆਪ ਨੂੰ ਇਕ ਧੋਬੀ ਕੱਪੜੇ ਧੋਂਦਾ ਮਿਲ ਪਿਆ। ਉਸ ਨੂੰ ਕਹਿਣ ਲੱਗੇ, "ਪ੍ਰੇਮੀਆ, ਹਰੀ ਬੋਲ!"

ਧੋਬੀ–ਸੰਤ ਜੀ, ਮੇਰੇ ਕੋਲ ਆਪ ਨੂੰ ਦੇਣ ਲਈ ਕੁਝ ਨਹੀਂ।

ਚੇਤਨ–ਅਸੀਂ ਤੈਥੋਂ ਕੁਝ ਮੰਗਦੇ ਨਹੀਂ, ਤੇਰੇ ਮੂੰਹੋਂ ਹਰੀ ਦਾ ਨਾਮ ਉਚਾਰਨ ਕਰਵਾਉਣਾ ਚਾਹੁੰਦੇ ਹਾਂ।

ਧੋਬੀ–ਮਹਾਰਾਜ! ਮੈਂ ਕੱਪੜੇ ਧੋਣ ਦੀ ਕਿਰਤ ਕਰ ਕੇ ਰੋਟੀ ਕਮਾਉਣੀ ਹੈ। ਦੱਸੋ, ਕੰਮ ਕਰਾਂ ਕਿ ਹਰੀ ਦੀ ਭਗਤੀ ਕਰਾਂ?

ਚੇਤਨ ਨੇ ਤਿੰਨ ਵੇਰ ਧੋਬੀ ਨੂੰ ਕਿਹਾ, "ਹਰੀ ਬੋਲ।" ਇਹ ਸੁਣ ਕੇ ਧੋਬੀ ਸੱਚ-ਮੁੱਚ ਭਗਤੀ ਦੇ ਰਸ ਵਿਚ ਖੀਵਾ ਹੋ ਗਿਆ। 'ਹਰੀ ਬੋਲ, ਹਰੀ ਬੋਲ' ਦੀ ਧੁਨਿ ਵਿਚ ਮਗਨ ਹੋ ਕੇ ਨਿਰਤ ਕਰਨ ਲੱਗ ਪਿਆ। ਉਸ ਦੀ ਔਰਤ ਨੇ ਸਮਝਿਆ

ਕਿ ਉਸ ਨੂੰ ਕੋਈ ਭੂਤ-ਪ੍ਰੇਤ ਚੰਬੜ ਗਿਆ ਹੈ ਜਾਂ ਕਿਸੇ ਦਾ ਸਾਇਆ ਪੈ ਗਿਆ ਹੈ। ਉਹ ਦੌੜ ਕੇ ਪਿੰਡ ਦੇ ਆਦਮੀਆਂ ਨੂੰ ਸੱਦ ਲਿਆਈ। ਜਦ ਉਨ੍ਹਾਂ ਨੇ ਵੇਖਿਆ ਕਿ ਧੋਬੀ ਸੱਚ-ਮੁੱਚ ਭਗਤੀ ਦੇ ਰੰਗ ਵਿਚ ਰੰਗਿਆ ਗਿਆ ਹੈ, ਉਨ੍ਹਾਂ ਦਾ ਮਨ ਵੀ ਪ੍ਰੇਮ-ਭਗਤੀ ਦੇ ਰਸ ਨਾਲ ਭਰਪੂਰ ਹੋ ਗਿਆ।

ਜਗਨ ਨਾਥ ਪੁਰੀ ਵਿਚ ਪ੍ਰਸਿੱਧ ਪਾਂਡਾ ਵਾਸੁਦੇਵ ਚੇਤਨ ਦਾ ਸਿਖ ਤੇ ਚਰਨ ਸੇਵਕ ਬਣਿਆ। ਉੜੀਸਾ ਵਿਚ ਪ੍ਰਚਾਰ ਕਰਨ ਦੇ ਬਾਅਦ ਚੇਤਨ ਦੱਖਣ ਵਿਚ ਵੀ ਗਏ। ਉਨ੍ਹਾਂ ਦੇ ਮਨ ਵਿਚ ਭਗਤੀ ਦੇ ਨਾਲ ਮਾਨਵਤਾ ਦਾ ਪਿਆਰ ਵੀ ਉਛਾਲੇ ਮਾਰਦਾ ਸੀ। ਦੱਖਣ ਵਿਚ ਉਨ੍ਹਾਂ ਨੂੰ ਇਕ ਕੋਹੜੀ ਮਿਲ ਪਿਆ, ਜਿਸ ਨੂੰ ਉਨ੍ਹਾਂ ਨੇ ਬੜਾ ਪ੍ਰੇਮ ਕਰ ਕੇ ਛਾਤੀ ਨਾਲ ਲਾਇਆ। ਉਨ੍ਹਾਂ ਦੀ ਛੋਹ ਪ੍ਰਾਪਤ ਕਰ ਕੇ ਉਸ ਦਾ ਕੋਹੜ ਦੂਰ ਹੋ ਗਿਆ। ਆਪ ਨੇ ਉਸ ਨੂੰ ਵੀ ਈਸ਼ਵਰ ਭਗਤੀ ਅਤੇ ਮਾਨਵ ਸੇਵਾ ਦਾ ਉਪਦੇਸ਼ ਦਿੱਤਾ।

ਇਕ ਵੇਰ ਚੇਤਨ ਘੁੰਮਦੇ ਘੁੰਮਦੇ ਇਕ ਭੀਲ ਡਾਕੂ ਪਾਸ ਚਲੇ ਗਏ। ਉਸ ਨੇ ਕਿਹਾ, "ਸਾਧੂਆਂ ਦਾ ਮੇਰੇ ਪਾਸ ਆਉਣ ਦਾ ਕੀ ਮਤਲਬ ਹੈ?"

ਚੇਤਨ—ਆਪ ਦੇ ਦਰਸ਼ਨ ਕਰਨ ਲਈ ਆਇਆ ਹਾਂ।

ਭੀਲ—ਡਾਕੂਆਂ ਦੇ ਦਰਸ਼ਨ ਕਰਨ ਲਈ ਕੌਣ ਆਉਂਦਾ ਹੈ?

ਚੇਤਨ—ਕਹਿਣ ਮਾਤਰ ਡਾਕੂ ਹੈਂ, ਪਰ ਤੇਰੇ ਹਿਰਦੇ ਵਿਚ ਵੀ ਪਰਮਾਤਮਾ ਦਾ ਨਿਵਾਸ ਹੈ।

ਭੀਲ—ਡਾਕੂ ਕੀ ਤੇ ਉਸ ਦੇ ਹਿਰਦੇ ਵਿਚ ਭਗਵਾਨ ਦਾ ਨਿਵਾਸ ਕੀ?

ਚੇਤਨ—ਅਸੀਂ ਦਰੁਸਤ ਕਿਹਾ ਹੈ, ਝੂਠ ਨਹੀਂ ਬੋਲਿਆ।

ਭੀਲ—ਕੀ ਮੇਰੇ ਪਾਪ ਵੀ ਦੂਰ ਹੋ ਸਕਦੇ ਹਨ?

ਚੇਤਨ—ਹਾਂ, ਈਸ਼ਵਰ ਦੀ ਭਗਤੀ ਨਾਲ ਹਰੇਕ ਮਨੁੱਖ ਦੇ ਪਾਪ ਦੂਰ ਹੋ ਸਕਦੇ ਹਨ।

ਉਨ੍ਹਾਂ ਦੇ ਦਰਸ਼ਨ ਕਰ ਕੇ, ਬਚਨ ਤੇ ਉਪਦੇਸ਼ ਸੁਣ ਕੇ ਭੀਲ ਡਾਕੂ ਦਾ ਮਨ ਬਦਲ ਗਿਆ। ਉਸ ਨੇ ਡਾਕੇ ਮਾਰਨੇ ਛੱਡ ਦਿੱਤੇ। ਚੰਗਾ ਨੇਕ ਇਨਸਾਨ ਤੇ ਈਸ਼ਵਰ ਦਾ ਭਗਤ ਬਣ ਗਿਆ।

ਬਨਾਰਸ ਵਿਚ ਇਕ ਸੰਨਿਆਸੀ ਪ੍ਰਕਾਸ਼ਾਨੰਦ ਉਨ੍ਹਾਂ ਦਾ ਚੇਲਾ ਬਣਿਆ। ਮਹਾਰਾਸ਼ਟਰ ਦੇ ਪਰਮ ਸੰਤ ਸ੍ਰੀ ਤੁਕਾ ਰਾਮ ਵੀ ਚੇਤਨ ਜੀ ਦੇ ਚੇਲੇ ਸਨ। ਉਹ ਲੋਕਾਂ ਨੂੰ ਕਥਨੀ ਕਰ ਕੇ ਘੱਟ ਉਪਦੇਸ਼ ਕਰਦੇ ਸਨ। ਖ਼ੁਦ ਪ੍ਰੇਮ-ਭਗਤੀ ਦਾ ਸਰੂਪ ਸਨ। ਇਸ ਲਈ ਲੋਕੀਂ ਉਨ੍ਹਾਂ ਦੀ ਰਹਿਣੀ-ਬਹਿਣੀ ਵੇਖ ਕੇ ਹੀ ਪ੍ਰਭਾਵਤ ਹੁੰਦੇ ਅਤੇ ਸ਼ਰਧਾਲੂ ਬਣ ਜਾਂਦੇ ਸਨ। ਸ੍ਰੀ ਚੇਤਨ ਜੀ ਸੰਮਤ ੧੫੯੦ ਵਿਚ ਜਗਨ ਨਾਥ ਵਿਚ ਸਮਾਏ।

ਇਨ੍ਹਾਂ ਦੀ ਸੰਪਰਦਾਇ ਵਿਚ ਜੋ ਮਹਾਤਮਾ ਹੋਏ ਹਨ, ਉਨ੍ਹਾਂ ਦੇ ਨਾਮ ਹਨ:

ਜੈ ਧਰਮ, ਵਿਸ਼ਨੂੰ ਪੁਰੀ, ਪਰਸ਼ੋਤਮ, ਲਕਸ਼ਮੀ ਪਤਿ, ਅਦਵੈਤਾਚਾਰਯ, ਈਸ਼ਵਰ ਪੁਰੀ ਅਤੇ ਨਿਤਯਾ ਨੰਦ ਅਤੇ ਸ੍ਰੀ ਚੇਤਨ ਸੰਮਤ ੧੫੯੦ ਤੀਕ ਚੇਤਨ ਸੰਪਰਦਾਇ ਦਾ ਪ੍ਰਚਾਰ ਬੰਗਾਲ, ਬਿਹਾਰ, ਆਸਾਮ, ਉੱਤਕਲ ਤੇ ਪੱਛਮੀ ਭਾਰਤ ਵਿਚ ਬਹੁਤ ਹੋਇਆ।

### ਮਹਾਰਾਸ਼ਟਰ ਦੇ ਪ੍ਰਸਿੱਧ ਭਗਤ

# ਸ੍ਰੀ ਗਿਆਨੇਸ਼੍ਵਰ

ਮਹਾਰਾਸ਼ਟਰ ਦੇ ਪਰਮ ਭਗਤ ਸ੍ਰੀ ਨਾਮਦੇਵ ਜੀ ਦਾ ਜ਼ਿਕਰ ਅਸੀਂ ਇਸ ਪੁਸਤਕ ਦੇ ਪਹਿਲੇ ਭਾਗ ਵਿਚ ਕਰ ਆਏ ਹਾਂ, ਕਿਉਂਕਿ ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਹੁਣ ਇਕ ਦੂਜੇ ਮਹਾਨ ਭਗਤ ਸ੍ਰੀ ਗਿਆਨੇਸ਼੍ਵਰ ਦਾ ਜੀਵਨ ਚਰਿਤ੍ਰ ਪੇਸ਼ ਕਰਦੇ ਹਾਂ, ਜਿਨ੍ਹਾਂ ਦਾ ਮਹਾਰਾਸ਼ਟਰ ਵਿਚ ਬਹੁਤ ਪ੍ਰਭਾਵ ਪਿਆ ਹੈ। ਇਹ ਸ੍ਰੀ ਨਾਮਦੇਵ ਜੀ ਦੇ ਸਮਕਾਲੀ ਸਨ।

ਸ੍ਰੀ ਗਿਆਨੇਸ਼੍ਵਰ ਦੱਖਣ ਦੇ ਪ੍ਰਸਿੱਧ ਭਗਤ, ਸ਼ਾਸਤ੍ਰ ਵੇਤਾ, ਸਾਧੂ ਤੇ ਯਜੁਰਵੇਦੀ ਬ੍ਰਾਹਮਣ ਕੁਲ ਵਿਚੋਂ ਸਨ। ਆਪ ਦੇ ਪਿਤਾ ਦਾ ਨਾਂ ਵਿਠਲ ਪੰਤ ਸੀ। ਉਹ ਪਿੰਡ ਅਲੰਦੀ ਦਾ ਵਸਨੀਕ ਸੀ। ਬੜਾ ਭਜਨੀਕ ਤੇ ਸਾਧੂ ਬਿਰਤੀ ਦਾ ਸੀ। ਸ਼ਾਦੀ ਕਰਨ ਦੇ ਪਿੱਛੋਂ ਕਾਫ਼ੀ ਚਿਰ ਉਸ ਦੇ ਕੋਈ ਸੰਤਾਨ ਨਾ ਹੋਈ। ਉਸ ਨੇ ਆਪਣੀ ਪਤਨੀ ਨਾਲ ਸੰਨਿਆਸ ਲੈਣ ਦਾ ਮਨ ਬਣਾ ਲਿਆ। ਅਖ਼ੀਰ ਬਨਾਰਸ ਵਿਚ ਜਾ ਕੇ ਸ੍ਰੀ ਰਾਮਾਨੰਦ ਜੀ ਤੋਂ ਉਪਦੇਸ਼ ਲੈ ਕੇ ਸਾਧੂ ਬਣ ਗਿਆ।

ਵਿਠਲ ਦੀ ਪਤਨੀ ਵੀ ਸ੍ਰੀ ਰਾਮਾਨੰਦ ਦੇ ਦਰਸ਼ਨ ਕਰਨ ਗਈ ਸੀ, ਉਸ ਨੂੰ ਉਨ੍ਹਾਂ ਨੇ ਅਸੀਸ ਦਿੱਤੀ, "ਪੁਤ੍ਰ ਵਤੀ ਭਵ" (ਪੁੱਤਰ ਵਾਲੀ ਹੋ)।

ਇਹ ਬਚਨ ਸੁਣ ਕੇ ਇਸਤ੍ਰੀ ਨੇ ਕਿਹਾ, "ਮੇਰਾ ਪਤੀ ਤਾਂ ਸਾਧੂ ਬਣ ਗਿਆ ਹੈ। ਮੇਰੇ ਪੁੱਤਰ ਕਿਸ ਤਰ੍ਹਾਂ ਹੋਵੇਗਾ ?"

ਇਹ ਸੁਣ ਕੇ ਸ੍ਰੀ ਰਾਮਾਨੰਦ ਨੇ ਵਿਠਲ ਪੰਤ ਨੂੰ ਕਿਹਾ, "ਇਸਤ੍ਰੀ ਦੀ ਮਰਜ਼ੀ ਅਤੇ ਸੰਤਾਨ ਬਿਨਾ ਗ੍ਰਿਹਸਤੀ ਲਈ ਸੰਨਿਆਸ ਲੈਣਾ ਠੀਕ ਨਹੀਂ। ਤੁਹਾਨੂੰ ਮੁੜ ਗ੍ਰਿਹਸਤ ਵਿਚ ਪਰਿਵਰਤ ਹੋਣਾ ਚਾਹੀਦਾ ਹੈ।"

ਇਸ ਉਪਰ ਵਿਠਲ ਪੰਤ ਆਪਣੇ ਪਿੰਡ ਆ ਗਿਆ। ਆਪਣੀ ਪਤਨੀ ਨਾਲ ਗ੍ਰਿਹਸਤੀ ਜੀਵਨ ਬਤੀਤ ਕਰਨ ਲੱਗ ਪਿਆ। ਸੰਮਤ ੧੨੭੨ ਵਿਚ ਉਸ ਦੇ ਘਰ ਇਕ ਪੁੱਤਰ ਹੋਇਆ, ਜਿਸ ਦਾ ਨਾਂ ਉਸ ਨੇ ਨਵਿਰਤ ਨਾਥ ਰੱਖਿਆ।

ਸੰਮਤ ੧੨੭੫ ਵਿਚ ਭਗਤ ਗਿਆਨੇਸ਼੍ਵਰ ਦਾ ਜਨਮ ਹੋਇਆ, ਜਿਨ੍ਹਾਂ ਨੇ ਸੰਸਾਰ ਵਿਚ ਕੇਵਲ ਆਪਣੇ ਆਪ ਨੂੰ ਹੀ ਨਹੀਂ, ਬਲਕਿ ਕੁਲ ਅਤੇ ਮਹਾਰਾਸ਼ਟਰ ਨੂੰ ਉਜਾਗਰ ਕਰ ਦਿੱਤਾ।

ਵਿਠਲ ਪੰਤ ਦਾ ਤੀਜਾ ਪੁੱਤਰ ਸੋਪਾਨ ਦੇਵ ਅਤੇ ਇਕ ਲੜਕੀ ਮੁਕਤਾ ਬਾਈ ਹੋਈ। ਇਹ ਸਾਰਾ ਪਰਵਾਰ ਹੀ ਪ੍ਰੇਮ-ਭਗਤੀ ਦਾ ਪੁੰਜ ਸੀ।

ਜਦ ਵਿਠਲ ਪੰਤ ਦੇ ਪੁੱਤਰ ਨਵਿਰਤ ਨਾਥ ਦੀ ਉਮਰ ਅੱਠ ਸਾਲ ਦੀ ਹੋਈ, ਉਸ ਵਕਤ ਉਸ ਨੇ ਪਿੰਡ ਦੇ ਬ੍ਰਾਹਮਣਾਂ ਨੂੰ ਦੀਖਿਆ ਦੇਣ ਲਈ ਕਿਹਾ। ਉਨ੍ਹਾਂ ਨੇ ਉੱਤਰ ਦਿੱਤਾ, "ਕਿਸੇ ਸੰਨਿਆਸੀ ਦਾ ਮੁੜ ਗ੍ਰਿਹਸਤ ਵਿਚ ਪ੍ਰਵੇਸ਼ ਕਰਨਾ ਸ਼ਾਸਤ੍ਰ ਵਿਰੁੱਧ ਹੈ। ਇਸ ਲਈ ਕੁਲਾ ਧਰਮ ਅਨੁਸਾਰ ਤੇਰੀ ਸੰਤਾਨ ਨੂੰ ਦੀਖਿਆ ਅਤੇ ਸਿਖਿਆ ਨਹੀਂ ਦਿੱਤੀ ਜਾ ਸਕਦੀ।"

ਪਿੰਡ ਦੇ ਬ੍ਰਾਹਮਣਾਂ ਨੇ ਵਿਠਲ ਪੰਤ ਨੂੰ ਬਰਾਦਰੀ ਵਿਚੋਂ ਹੀ ਛੇਕ ਦਿੱਤਾ।

ਛੋਟੀ ਉਮਰ ਦੇ ਨਵਿਰਤ ਨਾਥ ਨੇ ਆਪਣੇ ਮਾਤਾ ਪਿਤਾ ਨੂੰ ਕਿਹਾ, "ਤੁਹਾਨੂੰ ਨਿਰਾਸ ਹੋਣ ਦੀ ਲੋੜ ਨਹੀਂ। ਪ੍ਰਾਸ਼ਚਿਤ ਕਰਨ ਲਈ ਤੀਰਥ ਯਾਤਰਾ ਕਰਨੀ ਚਾਹੀਦੀ ਹੈ।"

ਇਸ ਵਿਉਂਤ ਅਨੁਸਾਰ ਵਿਠਲ ਪੰਤ ਪਰਵਾਰ ਸਮੇਤ ਤੀਰਥ ਯਾਤਰਾ ਨੂੰ ਤੁਰ ਪਿਆ। ਕਈ ਤੀਰਥਾਂ ਦੀ ਯਾਤਰਾ ਕਰ ਕੇ ਤ੍ਰਿੰਬਕ ਪੁੱਜਾ, ਜਿਥੇ ਤਾਰਕੇਸ਼ੂਰ ਦਾ ਪ੍ਰਸਿੱਧ ਮੰਦਰ ਹੈ। ਉਥੇ ਵਿਠਲ ਨੇ ਬਾਲ ਬੱਚਿਆਂ ਸਮੇਤ ਇਕ ਬ੍ਰਾਹਮਣ ਦੇ ਘਰ ਨਿਵਾਸ ਕੀਤਾ।

ਇਕ ਦਿਨ ਬੱਚਿਆਂ ਸਮੇਤ ਜੰਗਲ ਵਿਚ ਚਲਾ ਗਿਆ। ਉਥੇ ਇਕ ਸ਼ੇਰ ਨੇ ਉਸ ਉਪਰ ਹਮਲਾ ਕੀਤਾ। ਉਹ ਬੱਚਿਆਂ ਨੂੰ ਲੈ ਕੇ ਭਜਿਆ। ਉਸ ਭੱਜ-ਦੌੜ ਵਿਚ ਵਿਠਲ ਦਾ ਵੱਡਾ ਪੁੱਤਰ ਨਵਿਰਤ ਨਾਥ ਰਸਤਾ ਭੁੱਲ ਗਿਆ। ਉਹ ਜੰਗਲ ਵਿਚ ਘੁੰਮਦਾ ਅੰਜਲੀ ਪਰਬਤ ਦੀ ਇਕ ਗੁਫ਼ਾ ਵਿਚ ਜਾ ਪੁੱਜਿਆ। ਉਸ ਗੁਫ਼ਾ ਵਿਚ ਨਵਿਰਤ ਨੇ ਇਕ ਯੋਗੀ ਦੇ ਦਰਸ਼ਨ ਕੀਤੇ, ਜਿਸ ਦਾ ਨਾਂ ਗੌਂਗੀ ਨਾਥ ਸੀ। ਯੋਗੀ ਨੇ ਨਵਿਰਤ ਨਾਥ ਨੂੰ ਹੋਣਹਾਰ ਸਮਝ ਕੇ ਆਤਮਿਕ ਉਪਦੇਸ਼ ਕੀਤਾ। ਉਸ ਨੇ ਉਹ ਉਪਦੇਸ਼ ਵਾਪਸ ਆ ਕੇ ਆਪਣੇ ਮਾਤਾ ਪਿਤਾ ਤੇ ਭੈਣ ਭਰਾਵਾਂ ਨੂੰ ਸੁਣਾਇਆ।

ਵਿਠਲ ਪੰਤ ਕੁਝ ਸਮਾਂ ਤ੍ਰਿੰਬਕ ਤੇ ਉਸ ਦੇ ਆਸ ਪਾਸ ਨਿਵਾਸ ਕਰਨ ਦੇ ਪਿੱਛੋਂ ਆਪਣੇ ਸਾਲੇ ਕ੍ਰਿਸ਼ਨ ਪੰਤ ਪਾਸ ਸਹੁਰੇ ਪਿੰਡ ਆ ਗਿਆ। ਉਸ ਪਿੰਡ ਵਿਚ ਬ੍ਰਾਹਮਣਾਂ ਦੀ ਇਕ ਸਭਾ ਹੋਈ, ਜਿਸ ਵਿਚ ਵਿਠਲ ਨੂੰ ਬਰਾਦਰੀ ਵਿਚ ਸ਼ਾਮਲ ਕਰਨ ਲਈ ਵਿਚਾਰ ਹੋਈ, ਪਰ ਕੱਟੜਪੰਥੀਆਂ ਨੇ ਵਿਠਲ ਪੰਤ ਦੇ ਨਾਲ ਕ੍ਰਿਸ਼ਨ ਪੰਤ ਨੂੰ ਵੀ ਬਰਾਦਰੀ 'ਚੋਂ ਛੇਕ ਦਿੱਤਾ।

ਸ੍ਰੀ ਕ੍ਰਿਸ਼ਨ ਪੰਤ ਨੇ ਬ੍ਰਹਮ ਭੋਜ ਕੀਤਾ। ਪਿੰਡ ਦੇ ਬ੍ਰਾਹਮਣਾਂ ਨੇ ਉਸ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ। ਉਸ ਵਕਤ ਗਿਆਨੇਸ਼ੂਰ ਭਾਵੇਂ ਛੋਟੀ ਉਮਰ ਦੇ ਸਨ, ਉਨ੍ਹਾਂ ਭਜਨ, ਸਿਮਰਨ ਤੇ ਤਪ ਕਰ ਕੇ ਕਾਫ਼ੀ ਆਤਮਿਕ ਬਲ ਪ੍ਰਾਪਤ ਕਰ ਲਿਆ ਸੀ। ਉਹ ਆਪਣੇ ਪਿਤਾ ਤੇ ਮਾਮੇ ਨੂੰ ਕਹਿਣ ਲੱਗੇ, "ਜੇ ਕੁਲ ਅਭਿਮਾਨੀ ਬ੍ਰਾਹਮਣ ਤੁਹਾਡਾ ਬ੍ਰਹਮ ਭੋਜ ਪ੍ਰਵਾਨ ਨਹੀਂ ਕਰਦੇ ਤਾਂ ਨਾ ਕਰਨ, ਮੈਂ ਆਤਮਿਕ ਸ਼ਕਤੀ ਨਾਲ ਆਪਣੇ ਪਿਤਰਾਂ ਨੂੰ ਭੋਜਨ ਛਕਾਵਾਂਗਾ।"

ਮਰਾਠੀ ਇਤਿਹਾਸ ਵਿਚ ਲਿਖਿਆ ਹੈ ਕਿ ਗਿਆਨੇਸ਼ੂਰ ਨੇ ਸੱਚ-ਮੁੱਚ ਐਸਾ ਹੀ ਕੀਤਾ। ਬ੍ਰਾਹਮਣਾਂ ਦੇ ਬਾਈਕਾਟ ਦੀ ਕੋਈ ਪ੍ਰਵਾਹ ਨਹੀਂ ਕੀਤੀ। ਇਹ ਵੇਖ ਕੇ ਸਾਰੇ ਲੋਕ ਚਕ੍ਰਿਤ ਰਹਿ ਗਏ।

ਇਹ ਕਹਿੰਦੇ ਹਨ ਕਿ ਗਿਆਨੇਸ਼ੂਰ ਨੇ ਇਕ ਮੋਟੀ ਬੁੱਧੀ ਦੇ ਆਦਮੀ (ਝੋਟੇ) ਤੋਂ ਵੇਦ ਬਾਣੀ ਦਾ ਉਚਾਰਨ ਕਰਵਾਇਆ। ਇਸ ਚਮਤਕਾਰ ਨੂੰ ਵੇਖ ਕੇ ਬ੍ਰਾਹਮਣਾਂ

ਨੇ ਉਨ੍ਹਾਂ ਦੇ ਪਿਤਾ ਵਿਠਲ ਪੰਤ ਤੇ ਉਸ ਦੇ ਪਰਵਾਰ ਨੂੰ ਮੁੜ ਬਰਾਦਰੀ ਵਿਚ ਸ਼ਾਮਲ ਕਰ ਲਿਆ।

ਇਹ ਵੀ ਬੜੀ ਮਹਾਨਤਾ ਵਾਲੀ ਗੱਲ ਹੈ ਕਿ ਵੈਸ਼ਨਵ ਸੰਪਰਦਾਵਾਂ ਦੇ ਆਚਾਰਯ ਬਹੁਤ ਵਿਦਵਾਨ, ਵੇਦ ਸ਼ਾਸਤ੍ਰ ਅਤੇ ਧਰਮ ਗ੍ਰੰਥਾਂ ਦੇ ਜਾਣੂ, ਭਾਸ਼ਕਾਰ ਅਤੇ ਲੇਖਕ ਸਨ। ਗਿਆਨੇਸ਼੍ਵਰ ਨੇ ਛੋਟੀ ਉਮਰ ਵਿਚ ਹੀ ਭਜਨ, ਤਪ ਕਰਨ ਦੇ ਨਾਲ ਨਾਲ ਵੇਦ, ਉਪਨਿਸ਼ਦ ਅਤੇ ਸ਼ਾਸਤ੍ਰਾਂ ਦਾ ਅਧਿਐਨ ਵੀ ਕੀਤਾ। ਚੰਗੀ ਵਿਦਿਆ ਪ੍ਰਾਪਤ ਕਰਨ ਦੇ ਬਾਅਦ ਤੀਰਥ ਯਾਤਰਾ ਤੇ ਸੰਤਾਂ ਸਾਧੂਆਂ ਨਾਲ ਸੰਗਤ ਕੀਤੀ, ਜਿਸ ਨੇ ਉਨ੍ਹਾਂ ਦੇ ਗਿਆਨ ਵਿਚ ਬਹੁਤ ਵਾਧਾ ਕੀਤਾ ਅਤੇ ਜੀਵਨ ਉੱਤੇ ਬਹੁਤ ਡੂੰਘਾ ਪ੍ਰਭਾਵ ਪਾਇਆ। ੧੫ ਸਾਲ ਦੀ ਉਮਰ ਵਿਚ ਉਨ੍ਹਾਂ ਨੇ ਮਰਾਠੀ ਵਿਚ ਗੀਤਾ ਦਾ ਟੀਕਾ ਲਿਖਿਆ, ਜਿਸ ਨੂੰ *ਗਿਆਨੇਸ਼੍ਵਰੀ ਭਾਵਾਰਥ ਦੀਪਕਾ* ਕਹਿੰਦੇ ਹਨ। ਏਨੀ ਛੋਟੀ ਉਮਰ ਵਿਚ ਮਰਾਠੀ ਵਿਚ ਗੀਤਾ ਦਾ ਟੀਕਾ ਲਿਖਣਾ ਉਨ੍ਹਾਂ ਦੀ ਵਿਵੇਕ ਬੁੱਧੀ ਦਾ ਚਮਤਕਾਰ ਹੈ। ਅੱਜ ਸੱਤ ਸੌ ਸਾਲ ਬਾਅਦ ਵੀ ਉਹ ਟੀਕਾ ਮਰਾਠੀ ਧਰਮ ਗ੍ਰੰਥਾਂ ਵਿਚ ਬੜੀ ਮਹਾਨਤਾ ਰੱਖਦਾ ਹੈ।

ਇਸ ਤੋਂ ਉਪਰੰਤ ਪੁੰਡਰ ਪੁਰ ਜ਼ਿਲ੍ਹਾ ਸਤਾਰਾ ਵਿਚ ਗਿਆਨੇਸ਼੍ਵਰ ਦੀ ਮੁਲਾਕਾਤ ਸ੍ਰੀ ਨਾਮਦੇਵ ਜੀ ਨਾਲ ਹੋਈ। ਉਨ੍ਹਾਂ ਨੇ ਉਥੋਂ ਦੇ ਪੁਰਾਣੇ ਵਿਠੋਭਾ ਦੇਵ[1] ਦੇ ਮੰਦਰ ਵਿਚ ਨਿਵਾਸ ਕੀਤਾ। ਪੁੰਡਰਪੁਰ ਵਿਚ ਹੀ ਗਿਆਨੇਸ਼੍ਵਰ ਨੇ *ਅੰਮ੍ਰਿਤ ਅਨੁਭਵ* ਲਿਖਿਆ। *ਪਵਨ ਯੋਗ ਵਸ਼ਿਸ਼ਟ* ਦਾ ਟੀਕਾ, *ਪੰਚੀ ਕਰਨ* ਅਤੇ *ਹਰੀ ਪਾਠ* ਆਦਿਕ ਗ੍ਰੰਥ ਲਿਖੇ। ਇਹ ਮਰਾਠੀ ਵਿਚ ਗੱਦ ਅਤੇ ਪਦ (ਨਸਰ ਤੇ ਨਜ਼ਮ) ਦੇ ਪ੍ਰਸਿੱਧ ਲੇਖਕ ਭਗਤ ਹੋਏ ਹਨ।

ਇਤਿਹਾਸਕਾਰ ਲਿਖਦੇ ਹਨ ਕਿ ਇਕ ਵੇਰ ਸ੍ਰੀ ਗਿਆਨੇਸ਼੍ਵਰ ਕਿਸੇ ਨਗਰ ਵਿਚ ਠਹਿਰੇ ਹੋਏ ਸਨ। ਉਨ੍ਹਾਂ ਦੇ ਪਾਸ ਇਕ ਬ੍ਰਾਹਮਣ ਦੀ ਇਸਤ੍ਰੀ ਆਈ ਅਤੇ ਕਹਿਣ ਲੱਗੀ, "ਮੇਰਾ ਪਤੀ ਦੁਰਾਚਾਰੀ ਹੈ। ਉਸ ਨੂੰ ਕਿਸੇ ਤਰ੍ਹਾਂ ਉਪਦੇਸ਼ ਕਰ ਕੇ ਸਿੱਧੇ ਰਸਤੇ ਪਾ ਦਿਓ।"

ਸ੍ਰੀ ਗਿਆਨੇਸ਼੍ਵਰ ਨੇ ਉਸ ਇਸਤ੍ਰੀ ਦੇ ਪਤੀ ਨੂੰ ਆਪਣੇ ਕੋਲ ਸੱਦ ਕੇ ਕਿਹਾ, "ਕਿਸੇ ਮਰਦ ਨੂੰ ਆਪਣੀ ਧਰਮ ਪਤਨੀ ਛੱਡ ਕੇ ਦੁਰਾਚਾਰੀ ਨਹੀਂ ਹੋਣਾ ਚਾਹੀਦਾ। ਇਸ ਦਾ ਸਾਰੀ ਸੰਤਾਨ ਅਤੇ ਸਮਾਜ ਉੱਤੇ ਬੁਰਾ ਅਸਰ ਪੈਂਦਾ ਹੈ।"

ਇਹ ਉਪਦੇਸ਼ ਸੁਣ ਕੇ ਦੁਰਾਚਾਰੀ ਬੰਦੇ ਦਾ ਮਨ ਅਤੇ ਆਚਰਣ ਬਿਲਕੁਲ ਬਦਲ ਗਿਆ।

ਇਕ ਸਾਧੂ ਵਿਮਲਾਨੰਦ ਗਿਆਨੇਸ਼੍ਵਰ ਦੀ ਸੋਭਾ ਸੁਣ ਕੇ ਉਨ੍ਹਾਂ ਦੀ ਨਿੰਦਿਆ ਕਰਨ ਲੱਗ ਪਿਆ। ਆਪ ਨੇ ਉਸ ਨੂੰ ਸੱਦ ਕੇ ਕਿਹਾ, "ਕਿਸੇ ਦੀ ਨਿੰਦਾ ਕਰਨ ਨਾਲ ਆਪ ਚੰਗੇ ਨਹੀਂ ਬਣ ਜਾਈਦਾ। ਹਰ ਮਨੁੱਖ ਨੂੰ ਕਿਸੇ ਦੂਜੇ ਨੂੰ ਮਾੜਾ ਕਹਿਣ

---

੧. ਮਰਾਠੀ ਵਿਚ ਵਿਠੋਭਾ ਦੇਵ ਸ੍ਰੀ ਕ੍ਰਿਸ਼ਨ ਨੂੰ ਕਹਿੰਦੇ ਹਨ। ਪੁੰਡਰਪੁਰ ਦਾ ਪਹਿਲਾ ਨਾਂ ਪੁਰੰਧਰ ਪੁਰ ਸੀ। ਪ੍ਰਾਚੀਨ ਸਮੇਂ ਵਿਚ ਇਹ ਮੰਦਰ ਜੈਨੀਆਂ ਅਤੇ ਬੁੱਧਾਂ ਦੇ ਕਬਜ਼ੇ ਵਿਚ ਰਿਹਾ। ਇਥੋਂ ਦੀ ਵਿਠਲ ਮੂਰਤੀ ਜੈਨ ਦਿਗੰਬਰਾਂ ਨਾਲ ਮਿਲਦੀ ਹੈ। ਜਦ ਇਹ ਹਿੰਦੂ ਵੈਸ਼ਨਵਾਂ ਦੇ ਅਧਿਕਾਰ ਵਿਚ ਆਇਆ, ਇਸ ਮੰਦਰ ਵਿਚ ਸ਼ਿਵ ਦੇ ਬੌਲਦ ਨੰਦੀ ਗਣ ਅਤੇ ਸ਼ੇਰ ਦੀ ਮੂਰਤੀ ਵੀ ਰੱਖੀ ਗਈ। ਮਰਾਠੀ ਵਿਚ 'ਪਾਂਡੂ ਰੰਘੇਸ਼ਵਰ' ਸ਼ਿਵ ਨੂੰ ਕਹਿੰਦੇ ਹਨ।

ਦੀ ਥਾਂ ਆਪ ਚੰਗੇ ਬਣਨ ਦਾ ਯਤਨ ਕਰਨਾ ਚਾਹੀਦਾ ਹੈ।"

ਇਹ ਬਚਨ ਸੁਣ ਕੇ ਵਿਮਲਾਨੰਦ ਦਾ ਕਠੋਰ ਮਨ ਮੋਮ ਹੋ ਗਿਆ। ਉਸ ਨੇ ਨਿੰਦਾ ਕਰਨੀ ਛੱਡ ਦਿੱਤੀ। ਸਤਸੰਗੀ ਅਤੇ ਗੁਣ-ਗ੍ਰਾਹਕ ਬਣ ਗਿਆ। ਗਿਆਨੇਸ਼੍ਵਰ ਨੇ ਸਾਰੇ ਦੇਸ਼ ਦੇ ਪ੍ਰਸਿੱਧ ਤੀਰਥਾਂ ਦੀ ਯਾਤਰਾ ਤੇ ਦੇਸ਼ਾਂਟਨ ਕੀਤਾ। ਕਈ ਸੂਬਿਆਂ ਵਿਚ ਜਾਣ ਕਰਕੇ ਉਹ ਕਈ ਬੋਲੀਆਂ ਦੇ ਜਾਣੂ ਹੋ ਗਏ।

ਰਾਜਸਥਾਨ ਦੇ ਦੌਰੇ ਵਿਚ ਸ੍ਰੀ ਨਾਮਦੇਵ ਜੀ ਦੇ ਨਾਲ ਗਿਆਨੇਸ਼੍ਵਰ ਵੀ ਸਨ। ਦੋਹਾਂ ਨੂੰ ਮਾਰੂਥਲ ਵਿਚ ਪਿਆਸ ਲੱਗੀ। ਉਨ੍ਹਾਂ ਨੂੰ ਇਕ ਖੂਹ ਨਜ਼ਰੀਂ ਪਿਆ। ਉਸ ਦੇ ਕਿਨਾਰੇ ਜਾ ਕੇ ਬੈਠ ਗਏ। ਈਸ਼ਵਰ ਭਗਤੀ ਵਿਚ ਮਗਨ ਸਨ ਕਿ ਖੂਹ ਦਾ ਪਾਣੀ ਉਮਡ ਕੇ ਬਾਹਰ ਆ ਗਿਆ। ਦੋਹਾਂ ਨੇ ਜਲ ਛਕਿਆ। ਉਥੇ ਸ੍ਰੀ ਨਾਮਦੇਵ ਜੀ ਨੇ 'ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ' ਦਾ ਸ਼ਬਦ ਉਚਾਰਨ ਕੀਤਾ। ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ।

ਜਿਸ ਖੂਹ ਵਿਚੋਂ ਪਾਣੀ ਉਮਡ ਕੇ ਬਾਹਰ ਆਇਆ ਸੀ, ਉਹ ਬੀਕਾਨੇਰ ਤੋਂ ਦਸ ਮੀਲ ਤੇ ਮਾਰਵਾੜ ਤੋਂ ੧੫੦ ਮੀਲ ਹੈ। ਉਸ ਥਾਂ ਦਾ ਨਾਂ ਕੀਲਾਨ ਹੈ।[੧]

ਸਰ ਐਚ.ਐਸ. ਮੋਨੀ ਨੇ ਲਿਖਿਆ ਹੈ ਕਿ ਖੂਹ ਨਹੀਂ, ਪਾਣੀ ਦਾ ਸੋਮਾ ਸੀ, ਜੋ ਉਮਡ ਕੇ ਬਾਹਰ ਆਇਆ।

ਸ੍ਰੀ ਗਿਆਨੇਸ਼੍ਵਰ ਦੇ ਪ੍ਰਚਾਰ ਦਾ ਅਸਰ ਸੰਤਾਂ, ਸਾਧੂਆਂ, ਪੰਡਤਾਂ, ਵਿਦਵਾਨਾਂ, ਉੱਚੀ ਕੁਲ ਦੇ ਬ੍ਰਾਹਮਣਾਂ, ਖਤਰੀਆਂ ਤੋਂ ਬਿਨਾ ਜਨ-ਸਾਧਾਰਨ ਉੱਤੇ ਵੀ ਪਿਆ ਹੈ। ਉਨ੍ਹਾਂ ਨੇ ਦੂਜੀ ਤੀਰਥ ਯਾਤਰਾ ਦੂਜੇ ਭਰਾਵਾਂ ਤੇ ਭੈਣ ਮੁਕਤਾ ਬਾਈ ਸਮੇਤ ਕੀਤੀ। ਉਨ੍ਹਾਂ ਨੇ ਕਾਸ਼ੀ ਵਿਚ ਪੁੱਜ ਕੇ ਸ੍ਰੀ ਰਾਮਾਨੰਦ ਜੀ ਦੇ ਦਰਸ਼ਨ ਕੀਤੇ। ਪ੍ਰਾਗ, ਮਥਰਾ, ਬਿੰਦ੍ਰਾਬਨ, ਅਜੁਧਿਆ ਅਤੇ ਦੁਆਰਕਾ ਵਿਚ ਪੁੱਜ ਕੇ ਭਜਨ ਕੀਰਤਨ ਅਤੇ ਸਤਿਸੰਗ ਕੀਤਾ। ਸੈਂਕੜੇ ਲੋਕਾਂ ਨੂੰ ਆਤਮਿਕ ਉਪਦੇਸ਼ ਵੀ ਦਿੱਤਾ।

ਇਥੇ ਇਕ ਇਤਿਹਾਸਕ ਗੱਲ ਦੱਸਣੀ ਚਾਹੁੰਦੇ ਹਾਂ ਕਿ ਸ੍ਰੀ ਨਾਮਦੇਵ ਜੀ ਤੇ ਗਿਆਨੇਸ਼੍ਵਰ ਦੇ ਸਮੇਂ ਮੁਸਲਮਾਨ ਹਾਕਮ ਮਹਾਰਾਸ਼ਟਰ ਵਿਚ ਪੁੱਜ ਗਏ ਸਨ।

ਸੰਨ ੧੧੯੪ ਈ: ਵਿਚ ਉਸ ਇਲਾਕੇ ਉਪਰ ਦੇਵ ਗਿਰੀ ਯਾਦਵ ਹਿੰਦੂ ਰਾਜੇ ਦਾ ਰਾਜ ਸੀ। ਸੰਨ ੧੨੯੪ ਈ: ਵਿਚ ਦੱਖਣ ਉੱਤੇ ਮੁਸਲਮਾਨ ਬਾਦਸ਼ਾਹਾਂ ਨੇ ਪਹਿਲਾ ਹਮਲਾ ਕੀਤਾ ਹੈ। ਸੰਨ ੧੩੧੨ ਈ: ਵਿਚ ਮਲਕ ਕਾਫ਼ੂਰ ਨੇ ਚਾਰ ਵੇਰ ਇਸ ਇਲਾਕੇ ਉਪਰ ਚੜ੍ਹਾਈ ਕੀਤੀ। ਸ਼ੰਕਰ ਦੇਉ ਰਾਜੇ ਨੂੰ ਮਾਰ ਦਿੱਤਾ। ਦੇਉ ਗੜ੍ਹ ਨੂੰ ਰਾਜਧਾਨੀ ਬਣਾਇਆ। ਰਾਜਾ ਰਾਮ ਦੇਵ ਦੇ ਸਾਲੇ ਹਰਪਾਲ ਦੇਵ ਨੇ ਮੁਸਲਮਾਨ ਹਾਕਮਾਂ ਵਿਰੁੱਧ ਬਗ਼ਾਵਤ ਕੀਤੀ; ਉਨ੍ਹਾਂ ਨੂੰ ਮਾਰ ਕੇ ਨਠਾ ਦਿੱਤਾ।

ਉਸ ਤੋਂ ਬਾਅਦ ੧੩੧੯ ਈ: ਵਿਚ ਮੁਬਾਰਕ ਖਿਲਜੀ ਨੇ ਦੱਖਣ ਉਪਰ ਹਮਲਾ ਕੀਤਾ, ਹਰਪਾਲ ਦੇਵ ਨੱਠ ਗਿਆ। ਮੁਸਲਮਾਨ ਬਾਕਾਇਦਾ ਮਹਾਰਾਸ਼ਟਰ ਦੇ ਹਾਕਮ ਬਣ ਗਏ।

---

੧. *ਲਾਈਫ਼ ਐਂਡ ਸਕੈੱਚ ਆਫ਼ ਨਾਮਦੇਵ*, ਇਸ ਪੁਸਤਕ ਦਾ ਮਜ਼ਮੂਨ ੩੦ ਅਕਤੂਬਰ ਸੰਨ ੧੯੦੪ ਨੂੰ ਲਾਹੌਰ ਵਿਚ ਇਕ ਵਿਦਵਾਨ ਨੇ ਲੈਕਚਰ ਦੀ ਸ਼ਕਲ ਵਿਚ ਪੇਸ਼ ਕੀਤਾ, ਜਿਸ ਨੂੰ ੧੯੧੫ ਵਿਚ ਭਾਈ ਅਮਰ ਸਿੰਘ, ਖ਼ਾਲਸਾ ਏਜੰਸੀ, ਲਾਹੌਰ ਨੇ ਪ੍ਰਕਾਸ਼ਤ ਕੀਤਾ। ਇਹ ਪੁਸਤਕ ਸ੍ਰੀ ਗੁਰੂ ਸਿੰਘ ਸਭਾ, ਬੰਬਈ ਦੀ ਲਾਇਬਰੇਰੀ ਵਿਚੋਂ ਅਸਾਂ ਪੜ੍ਹੀ ਹੈ। (ਪ. ਸ.)

ਸੰਨ ੧੩੩੯ ਈ: ਵਿਚ ਮੁਹੰਮਦ ਤੁਗਲਕ ਨੇ ਦੇਉ ਗੜ੍ਹ ਉਪਰ ਕਬਜ਼ਾ ਕੀਤਾ ਅਤੇ ਉਸ ਦਾ ਨਾਂ ਦੌਲਤਾਬਾਦ ਰੱਖਿਆ।

ਮੁਸਲਮਾਨ ਬਾਦਸ਼ਾਹਾਂ ਦੇ ਹਮਲਿਆਂ ਤੇ ਉਸ ਸੰਘਰਸ਼ ਕਾਲ ਦਾ ਦੋਹਾਂ ਭਗਤਾਂ ਉੱਤੇ ਬੜਾ ਡੂੰਘਾ ਅਸਰ ਪਿਆ। ਇਸ ਦਾ ਸੰਕੇਤ ਦੋਹਾਂ ਦੀ ਬਾਣੀ ਤੇ ਰਚਨਾਵਾਂ ਤੋਂ ਮਿਲਦਾ ਹੈ। ਮੁਸਲਮਾਨਾਂ ਦੇ ਮੇਲ ਜੋਲ ਕਰਕੇ ਸ੍ਰੀ ਨਾਮਦੇਵ ਜੀ ਦੀ ਬਾਣੀ ਵਿਚ ਕਈ ਫ਼ਾਰਸੀ ਅਤੇ ਅਰਬੀ ਦੇ ਸ਼ਬਦ ਮਿਲਦੇ ਹਨ।

ਸ੍ਰੀ ਗਿਆਨੇਸ਼ੂਰ ਅੰਤਮ ਦੇਸ਼ਾਂਟਨ ਕਰਨ ਦੇ ਪਿੱਛੋਂ ਆਪਣੇ ਪਿੰਡ ਅਲੰਦੀ ਚਲੇ ਗਏ। ਉਥੇ ਪੱਕਾ ਨਿਵਾਸ ਕਰ ਲਿਆ। ਬਹੁਤ ਸਾਰੇ ਸੰਤ ਭਗਤ ਗ੍ਰਿਹਸਤੀ ਉਨ੍ਹਾਂ ਦੇ ਦਰਸ਼ਨ ਕਰਨ ਤੇ ਉਪਦੇਸ਼ ਸੁਣਨ ਲਈ ਅਲੰਦੀ ਜਾਂਦੇ ਸਨ।

ਗਿਆਨੇਸ਼ੂਰ ਦਾ ਆਪਣਾ ਜੀਵਨ ਬੜਾ ਭਗਤੀ ਭਰਪੂਰ, ਸੰਜਮੀ ਤੇ ਪਵਿਤਰ ਸੀ, ਇਸ ਲਈ ਉਨ੍ਹਾਂ ਦਾ ਲੋਕਾਂ ਉਪਰ ਬਹੁਤ ਪ੍ਰਭਾਵ ਪਿਆ। ਮਹਾਰਾਸ਼ਟਰ ਵਿਚ ਬਹੁਤ ਪੂਜੇ ਅਤੇ ਸਤਿਕਾਰੇ ਜਾਂਦੇ ਹਨ।

੨੧ ਸਾਲ ਦੀ ਉਮਰ ਵਿਚ ਇਕ ਦਿਨ ਉਨ੍ਹਾਂ ਨੇ ਕਿਹਾ, "ਮੈਂ ਸਰੀਰ ਤਿਆਗ ਦੇਣਾ ਹੈ।" ਇਹ ਖ਼ਬਰ ਸੁਣ ਕੇ ਇਲਾਕੇ ਦੇ ਬਹੁਤ ਸਾਰੇ ਲੋਕੀਂ ਸੰਤ ਸਾਧੂ ਉਨ੍ਹਾਂ ਦੇ ਅੰਤਮ ਦਰਸ਼ਨ ਕਰਨ ਲਈ ਪੁੱਜੇ।

ਸਾਰੇ ਲੋਕਾਂ ਨੂੰ ਅੰਤਮ ਉਪਦੇਸ਼ ਕਰ ਕੇ ਸ੍ਰੀ ਗਿਆਨੇਸ਼ੂਰ ਪਿੰਡ ਦੇ ਬਾਹਰਵਾਰ ਇਕ ਗੁਫ਼ਾ ਵਿਚ ਪ੍ਰਵੇਸ਼ ਕਰ ਗਏ। ਅੰਦਰ ਬੈਠ ਕੇ ਹੀ ਕੱਤਕ ਦੀ ਇਕਾਦਸ਼ੀ ਨੂੰ ਸਮਾਧੀ ਵਿਚ ਬੈਠੇ ਹੋਏ ਪਰਮਾਤਮਾ ਵਿਚ ਲੀਨ ਹੋ ਗਏ।

ਅਲੰਦੀ ਵਿਚ ਸ੍ਰੀ ਗਿਆਨੇਸ਼ੂਰ ਦੀ ਸਮਾਧੀ ਬਣੀ ਹੋਈ ਹੈ। ਉਨ੍ਹਾਂ ਦੀ ਯਾਦ ਵਿਚ ਹਰ ਸਾਲ ਭਾਰੀ ਸਾਲਾਨਾ ਜੋੜ ਮੇਲਾ ਹੁੰਦਾ ਹੈ, ਜਿਸ ਵਿਚ ਸੱਤਰ ਅੱਸੀ ਹਜ਼ਾਰ ਲੋਕ ਇਕੱਤਰ ਹੁੰਦੇ ਹਨ। ਮਹਾਰਾਸ਼ਟਰ ਵਿਚ ਸ੍ਰੀ ਗਿਆਨੇਸ਼ੂਰ ਤੇ ਸੰਤ ਤੁਕਾ ਰਾਮ ਨੂੰ ਮੰਨਣ ਵਾਲੇ ਸੰਤ ਤੇ ਗ੍ਰਿਹਸਤੀ ਹਨ, ਜੋ ਉਨ੍ਹਾਂ ਦੇ ਅਭੰਗ ਤੇ ਭਜਨ ਗਾਇਨ ਕਰ ਕੇ ਪ੍ਰਚਾਰ ਕਰਦੇ ਹਨ।

# ਮੀਰਾ ਬਾਈ

ਮੀਰਾ ਬਾਈ ਅਕਬਰ ਦੇ ਸਮੇਂ ਰਾਜਸਥਾਨ ਦੀ ਪ੍ਰਸਿੱਧ ਕ੍ਰਿਸ਼ਨ ਭਗਤ, ਗੋਸੁਆਮੀ ਤੁਲਸੀ ਦਾਸ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਮਕਾਲੀ ਹੋਈ ਹੈ। ਉਸ ਨੇ ਆਤਮ ਰਸ ਭਰਪੂਰ ਹੋ ਕੇ ਪ੍ਰੇਮ-ਭਗਤੀ ਦੇ ਉਹ ਉਹ ਮਿੱਠੇ ਪਿਆਰੇ ਭਜਨ ਗਾਏ ਹਨ, ਜਿਹੜੇ ਚਾਰ ਸਦੀਆਂ ਗੁਜ਼ਰ ਜਾਣ ਬਾਅਦ ਵੀ ਭਾਰਤ ਦੇ ਮੰਦਰਾਂ, ਧਾਰਮਿਕ ਸਮਾਗਮਾਂ, ਰੇਡੀਓ ਸ਼ਟੇਸ਼ਨਾਂ ਅਤੇ ਘਰਾਂ ਵਿਚ ਸਵੇਰੇ ਸ਼ਾਮ ਪਏ ਗੂੰਜਦੇ ਹਨ। ਸਰੋਤਿਆਂ ਦੇ ਮਨਾਂ ਨੂੰ ਪ੍ਰੇਮ-ਭਗਤੀ ਦੇ ਰਸ ਨਾਲ ਭਰਪੂਰ ਕਰਦੇ ਹਨ।

ਮੀਰਾ ਦੇ ਭਜਨ ਇਸ ਲਈ ਚੰਗੇ ਨਹੀਂ ਕਿ ਉਨ੍ਹਾਂ ਦੀ ਕਾਵਿ ਜਾਂ ਛੰਦਾ-ਬੰਦੀ ਚੰਗੀ ਹੈ, ਇਸ ਲਈ ਰਸਦਾਇਕ ਹਨ ਕਿ ਉਨ੍ਹਾਂ ਵਿਚ ਪ੍ਰਭੂ-ਭਗਤੀ ਦਾ ਅਸਚਰਜ ਰਸ ਹੈ। ਰਾਜਸਥਾਨੀ ਭਾਸ਼ਾ ਵਿਚ ਹਨ। ਉਨ੍ਹਾਂ ਵਿਚ ਸੁੰਦਰ ਅਲੰਕਾਰ, ਕਟਾਖ਼ਸ਼ ਤੇ ਵਿਅੰਗ ਵਰਤੇ ਗਏ ਹਨ। ਉਨ੍ਹਾਂ ਦੀ ਬੋਲੀ ਕੋਈ ਠੇਠ ਤੇ ਬਹੁਤੀ ਫਬਵੀਂ ਨਹੀਂ। ਪਰ ਉਹ ਇਸ ਲਈ ਉੱਤਮ ਹਨ ਕਿ ਮੀਰਾ ਦੇ ਭਗਤੀ ਭਾਵ, ਰਸ ਭਰਪੂਰ ਅਤੇ ਕੋਮਲ ਹਿਰਦੇ 'ਚੋਂ ਨਿਕਲੇ ਹਨ, ਜਿਸ ਦੇ ਰੋਮ ਰੋਮ ਵਿਚ ਭਗਤੀ ਦੀ ਝਰਨਾਹਟ ਛਿੜੀ ਹੋਈ ਸੀ। ਉਸ ਦੇ ਭਜਨ ਮਨੋਭਾਵਾਂ ਨੂੰ ਪ੍ਰਗਟ ਕਰਦੇ ਹਨ। ਨਿਰੇ ਗੀਤ ਨਹੀਂ, ਮੀਰਾ ਦੀ ਪ੍ਰੇਮ-ਭਗਤੀ, ਤਪ, ਤਿਆਗ ਅਤੇ ਕੁਰਬਾਨੀ ਉਨ੍ਹਾਂ ਦੇ ਪਿੱਛੇ ਕੰਮ ਕਰਦੀ ਹੈ। ਆਤਮ ਰਸ ਵਿਚ ਮਗਨ ਤੇ ਖੀਵੇ ਹੋ ਕੇ ਉਚਾਰਨ ਕੀਤੇ ਗਏ ਹਨ। ਇਸ ਲਈ ਦੇਸ਼ ਕਾਲ ਦੀਆਂ ਹੱਦਾਂ ਤੋਂ ਪਰੇ ਹੋ ਕੇ ਅਤੇ ਸੜਦੇ ਮਨਾਂ ਨੂੰ ਠਾਰਦੇ, ਸ਼ਾਂਤੀ ਅਤੇ ਭਗਤੀ ਪ੍ਰਦਾਨ ਕਰਦੇ ਹਨ।

ਮੀਰਾ ਬਾਈ ਰਾਜਾ ਰਤਨ ਸਿੰਹੁ ਰਾਠੌਰ ਰਾਜਪੂਤ ਦੀ ਪੁੱਤਰੀ, ਜੋਧਪੁਰ ਦੇ ਬਾਨੀ ਰਾਜਾ ਜੋਧ ਦੀ ਪੋਤਰੀ ਤੇ ਪ੍ਰਸਿੱਧ ਸੂਰਬੀਰ ਜੈਮਲ ਦੀ ਭੈਣ ਸੀ।

ਰਾਜਾ ਜੋਧ ਨੇ ਆਪਣੇ ਪੁੱਤਰ ਰਤਨ ਸਿੰਹੁ ਨੂੰ ਕਕੜੀ ਤੇ ਬਜੌੜੀ ਆਦਿਕ ਬਾਰਾਂ ਪਿੰਡ ਵਿਰਸੇ ਵਿਚੋਂ ਦਿੱਤੇ ਸਨ।

ਮੀਰਾ ਦਾ ਜਨਮ ਸੰਨ ੧੫੫੯ ਈਸਵੀ ਵਿਚ ਕਕੜੀ ਪਿੰਡ ਵਿਚ ਰਾਣਾ ਰਤਨ ਸਿੰਘ ਦੇ ਘਰ ਹੋਇਆ। ਕਈ ਲੇਖਕਾਂ ਨੇ ਉਸ ਦਾ ਜਨਮ ਸੰਮਤ ੧੫੬੦ ਵੀ ਦਿੱਤਾ ਹੈ।[੧]

ਕਰਨਲ ਟਾਡ ਨੇ ਮੀਰਾ ਦਾ ਜਨਮ ਸੰਮਤ ੧੪੪੨ ਲਿਖਿਆ ਹੈ।

ਮੀਰਾ ਆਪਣੇ ਮਾਤਾ ਪਿਤਾ ਦੀ ਇਕਲੌਤੀ ਬੇਟੀ ਸੀ। ਉਨ੍ਹਾਂ ਨੇ ਇਸ ਦਾ

---

੧. ਦੇਖੋ *ਪ੍ਰਤਾਪ*, ਜਲੰਧਰ, ੨੩ ਮਈ ੧੯੫੫।

ਚੰਗੀ ਤਰ੍ਹਾਂ ਪਾਲਣ ਪੋਸਣ ਕੀਤਾ। ਸੁਚੱਜੀ ਤੇ ਨੇਕ ਬੱਚੀ ਬਣਾਉਣ ਦਾ ਯਤਨ ਕੀਤਾ।

ਭਾਰਤੀ ਇਸਤ੍ਰੀਆਂ ਦਾ ਵਿਸ਼ੇਸ਼ ਗੁਣ ਰਿਹਾ ਹੈ, ਆਪਣੇ ਪਤੀ ਦੀ ਆਗਿਆਕਾਰ ਤੇ ਵਫ਼ਾਦਾਰ ਹੋਣਾ। ਕਈ ਇਸਤ੍ਰੀਆਂ ਬੜੀਆਂ ਵਿਦਵਾਨ, ਸੂਰਬੀਰ ਤੇ ਨੀਤੀਵਾਨ ਵੀ ਹੋਈਆਂ ਹਨ, ਪਰ ਇਸਤ੍ਰੀ ਦਾ ਸਭ ਤੋਂ ਵੱਡਾ ਧਰਮ ਪਤੀਬ੍ਰਤ ਵਿਚ ਦ੍ਰਿੜ੍ਹ ਹੋਣਾ ਮੰਨਿਆ ਗਿਆ ਹੈ।

ਮੀਰਾ ਇਕ ਉੱਚੇ ਰਾਜਪੂਤ ਘਰਾਣੇ ਵਿਚ ਜੰਮੀ ਪਲੀ ਸੀ। ਉਸ ਨੂੰ ਬਜ਼ੁਰਗ ਮਾਤਾਵਾਂ ਤੋਂ ਪਤੀਬ੍ਰਤ ਧਰਮ ਦੀ ਸਿਖਿਆ ਤੇ ਬੀਰਤਾ ਵਿਰਸੇ ਵਿਚ ਮਿਲੀ ਸੀ।

ਜਦ ਰਾਜਪੂਤ ਬੀਰਾਗਨਾਂ ਦੇ ਪਤੀ ਭਰਾ ਅਤੇ ਪੁੱਤਰ ਬਾਹਰੋਂ ਆਏ ਜਰਵਾਣਿਆਂ ਨਾਲ ਰਣ-ਖੇਤਰ ਵਿਚ ਜੂਝਦੇ ਅਤੇ ਲੋਹਾ ਲੈਂਦੇ ਸ਼ਹੀਦ ਹੋ ਜਾਂਦੇ ਸਨ ਤਦ ਰਾਜਪੂਤਨੀਆਂ ਸਤ ਧਰਮ, ਸਵੈਮਾਨ ਅਤੇ ਅਣਖ ਨੂੰ ਬਚਾਉਣ ਲਈ ਜੀਉਂਦੇ ਜੀਅ ਚਿਤਾ ਵਿਚ ਬੈਠ ਕੇ ਸਤੀ ਹੋ ਜਾਂਦੀਆਂ ਸਨ। ਇਸ ਰਸਮ ਨੂੰ 'ਜੌਹਰ' ਕਹਿੰਦੇ ਸਨ। ਚਤੌੜ ਦਾ ਕਿਲ੍ਹਾ ਜੌਹਰ ਦੀ ਦਰਦਨਾਕ ਵਿਥਿਆ ਨੂੰ ਬਿਆਨ ਕਰਦਾ ਹੈ।

ਮੀਰਾ ਵਿਚ ਬਜ਼ੁਰਗ ਮਾਤਾਵਾਂ ਦਾ ਜੋ ਲਹੂ ਸੀ, ਉਸ ਨੇ ਉਸ ਦੇ ਮਨ ਵਿਚ ਨਿਰਭੈਤਾ ਪੈਦਾ ਕੀਤੀ। ਉਹ ਆਪਣੇ ਪਤੀ ਦੀ ਵਫ਼ਾਦਾਰ ਪਤਨੀ ਸੀ। ਪਰ ਇਸ ਦੇ ਨਾਲ ਹੀ ਸ਼ਾਹੀ ਖ਼ਾਨਦਾਨ ਵਿਚੋਂ ਹੋ ਕੇ ਕਮਾਲ ਦਰਜੇ ਦੀ ਭਗਤਨੀ ਵੀ ਸੀ। ਇਸ ਲਈ ਮੀਰਾ ਇਕ ਪਰਮ ਸੰਤਣੀ ਤੇ ਭਗਤਣੀ ਕਰਕੇ ਵੀ ਪ੍ਰਸਿੱਧ ਹੈ।

ਜਿਸ ਭਗਤੀ ਲਹਿਰ ਦਾ ਜ਼ਿਕਰ ਅਸੀਂ ਇਸ ਪੁਸਤਕ ਵਿਚ ਕੀਤਾ ਹੈ, ਉਸ ਦਾ ਚਮਕਦਾ ਤਾਰਾ ਸੀ।

ਪਿੱਛੇ ਦੱਸ ਆਏ ਹਾਂ ਕਿ ਭਗਤੀ ਲਹਿਰ ਦਾ ਅਰੰਭ ਬੁੱਧ ਮੱਤ ਤੇ ਜੈਨ ਮੱਤ ਦੇ ਖੀਣ ਹੋਣ ਦੇ ਬਾਅਦ ਹੋਇਆ। ਇਸ ਦਾ ਜਨਮ ਸ੍ਰੀ ਸ਼ੰਕਰਾਚਾਰਯ ਦੇ ਪ੍ਰਚਾਰ ਨਾਲ ਹੋਇਆ। ਉਸ ਲਹਿਰ ਵਿਚ ਕਈ ਸੰਤ ਭਗਤ ਹੋਏ ਹਨ। ਰਾਜਸਥਾਨ ਵਿਚ ਭਗਤੀ ਲਹਿਰ ਦਾ ਇਕ ਆਬਦਾਰ ਮੋਤੀ ਮੀਰਾ ਸੀ।

ਭਗਤੀ ਦੇ ਦੋ ਪੱਖ ਹਨ—ਸਾਕਾਰਵਾਦੀ, ਦੂਸਰੇ ਨਿਰਾਕਾਰਵਾਦੀ। ਸਾਕਾਰਵਾਦੀਆਂ ਵਿਚੋਂ ਸ੍ਰੀ ਰਾਮਾਨੰਦ ਤੇ ਗੋਸੁਆਮੀ ਤੁਲਸੀ ਦਾਸ ਕਰਤਾ ਰਾਮਾਇਣ ਸ੍ਰੀ ਰਾਮਚੰਦਰ ਜੀ ਦੇ ਭਗਤ ਸਨ। ਸੂਰਦਾਸ ਤੇ ਮੀਰਾ ਨੇ ਸ੍ਰੀ ਕ੍ਰਿਸ਼ਨ ਨੂੰ ਲਕਸ਼ ਬਣਾਇਆ। ਕਈ ਸਾਕਾਰਵਾਦੀ ਭਗਤ ਬਾਅਦ ਵਿਚ ਨਿਰਾਕਾਰਵਾਦੀ ਵੀ ਬਣੇ ਹਨ, ਜਿਨ੍ਹਾਂ 'ਚੋਂ ਕਈਆਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

ਇਤਿਹਾਸਕਾਰ ਲਿਖਦੇ ਹਨ ਕਿ ਮੀਰਾ ਬਾਈ ਦੇ ਵਿਚਾਰ ਅਤੇ ਸੰਸਕਾਰ ਬਚਪਨ ਤੋਂ ਹੀ ਭਗਤੀ ਭਾਵ ਵਾਲੇ ਸਨ। ਕਹਿੰਦੇ ਹਨ ਕਿ ਇਕ ਦਿਨ ਇਕ ਸਾਧੂ ਮੀਰਾ ਦੇ ਪਿਤਾ ਰਾਜਾ ਰਤਨ ਸਿੰਘ ਨੂੰ ਮਿਲਣ ਲਈ ਆਇਆ। ਉਸ ਕੋਲ ਸ੍ਰੀ ਕ੍ਰਿਸ਼ਨ ਦੀ ਬੜੀ ਸੁੰਦਰ ਮੂਰਤੀ ਸੀ। ਮੀਰਾ ਉਸ ਮੂਰਤੀ ਨੂੰ ਵੇਖ ਕੇ ਮੋਹਤ ਹੋ ਗਈ। ਮਾਤਾ ਨੂੰ ਕਹਿਣ ਲੱਗੀ, "ਮੈਨੂੰ ਇਹ ਮੂਰਤੀ ਲੈ ਦਿਉ, ਮੈਂ ਵੀ ਇਸ ਦੀ ਪੂਜਾ ਕਰਾਂਗੀ।" ਮਾਤਾ ਨੇ ਸਾਧੂ ਕੋਲੋਂ ਉਸ ਨੂੰ ਮੂਰਤੀ ਲੈ ਦਿੱਤੀ। ਮੀਰਾ ਦੇ ਕੋਮਲ ਹਿਰਦੇ ਵਿਚੋਂ ਕ੍ਰਿਸ਼ਨ ਭਗਤੀ ਦਾ ਸੋਮਾ ਫੁੱਟ ਨਿਕਲਿਆ। ਉਸ ਨੇ ਪ੍ਰੇਮ ਨਾਲ ਸੂਰਦਾਸ ਦਾ ਇਹ

ਭਜਨ ਗਾਉਣਾ ਸ਼ੁਰੂ ਕਰ ਦਿੱਤਾ:

**ਜੋ ਬਿਧਨਾ ਨਿਜ ਬਸ ਕਰ ਪਾਊਂ।**
**ਤਉ ਸਭ ਕੋਇ ਹੋਇ ਸਖੀ ਮੇਰੋ, ਅਪਨੀ ਆਸ ਪੁਗਾਊਂ।**

ਇਹ ਭਜਨ ਗਾਉਂਦਿਆਂ ਉਹ ਕਈ ਵੇਰ ਪ੍ਰੇਮ-ਭਗਤੀ ਕਾਵਿ ਅਤੇ ਸੰਗੀਤ ਦੀ ਮੂਰਤਿ ਬਣ ਜਾਂਦੀ। ਉਸ ਦੀ ਸੁਰਤਿ ਆਤਮ ਰਸ ਦਾ ਹੁਲਾਰਾ ਲੈਣ ਲੱਗ ਪਈ। ਉਹ ਪਹਿਲੇ ਤਾਂ ਕੁਝ ਚਿਰ ਸੂਰਦਾਸ ਦੇ ਭਜਨ ਗਾਉਂਦੀ ਰਹੀ, ਫਿਰ ਆਪ ਭਜਨ ਉਚਾਰਨ ਕਰਨ ਲੱਗ ਪਈ। ਸਿਆਣੇ ਕਹਿੰਦੇ ਹਨ, ਰੋਣਾ ਤੇ ਗਾਉਣਾ ਤਕਰੀਬਨ ਹਰ ਕਿਸੇ ਨੂੰ ਆਉਂਦਾ ਹੈ। ਪਰ ਉਸ ਲਈ ਬਿਰਹੋਂ ਦੀ ਚੋਟ, ਮਨ ਦੀ ਇਕਾਗਰਤਾ ਅਤੇ ਸੋਜ਼ ਤੋਂ ਬਿਨਾਂ ਨਾ ਰੋਇਆ ਜਾ ਸਕਦਾ ਹੈ, ਨਾ ਗਾਵਿਆ ਜਾਂਦਾ ਹੈ।

ਮੀਰਾ ਦੇ ਮਨ ਵਿਚ ਪ੍ਰੇਮ ਦੀ ਚਿਣਗ ਮਘ ਰਹੀ ਸੀ। ਉਸ ਨਾਲ ਉਸ ਦੀ ਬਾਣੀ ਵੀ ਮਧੁਰ ਕਾਵਿ ਅਤੇ ਸੰਗੀਤ ਦਾ ਰੂਪ ਧਾਰਨ ਕਰਦੀ ਗਈ।

ਮੀਰਾ ਨੇ ਭਗਤੀ ਰਸ ਵਿਚ ਸੁਰਤ ਸੰਭਾਲੀ ਅਤੇ ਬਚਪਨ ਬਤੀਤ ਕੀਤਾ। ਜੁਆਨੀ ਵਿਚ ਕਦਮ ਰੱਖਿਆ। ਪੰਦਰਾਂ ਸਾਲ ਦੀ ਉਮਰ ਵਿਚ ਅਰਥਾਤ ੧੫੭੩ ਵਿਚ ਉਸ ਦੀ ਸ਼ਾਦੀ ਚਤੌੜ ਦੇ ਰਾਣਾ ਸਾਂਗਾ ਦੇ ਪੁੱਤਰ ਰਾਜ ਕੁਮਾਰ ਭੋਜ ਰਾਜ ਨਾਲ ਹੋਈ। ਕਹਿੰਦੇ ਹਨ ਜਦ ਲਾਵਾਂ ਫੇਰੇ ਲੈਣ ਲਈ ਵੇਦੀ ਗੱਡੀ ਗਈ, ਤਾਂ ਮੀਰਾ ਨੇ ਉਸ ਵਿਚ ਸ੍ਰੀ ਕ੍ਰਿਸ਼ਨ ਦੀ ਮੂਰਤੀ ਰੱਖ ਦਿੱਤੀ ਤੇ ਮਾਂ ਨੂੰ ਕਹਿਣ ਲੱਗੀ, "ਮੇਰੀ ਸ਼ਾਦੀ ਤਾਂ ਸ੍ਰੀ ਕ੍ਰਿਸ਼ਨ ਨਾਲ ਹੋ ਚੁੱਕੀ ਹੈ।" ਉਸ ਨੇ ਮਾਤਾ ਨੂੰ ਸੰਬੋਧਨ ਕਰ ਕੇ ਇਹ ਭਜਨ ਗਾਵਿਆ:

**ਮਾਈ ਮੈਂ ਨੇ ਸੁਪਨੇ ਬਰੇ ਗੋਪਾਲ।**
**ਰਾਤੀ ਪੀਤੀ ਮੈ ਚੁਨਰੀ ਓਢੀ, ਮਹਿੰਦੀ ਹਾਥ ਰਸਾਲ।**
**ਕਾਈ ਔਰ ਕੋ ਬਰੋਂ ਬਾਵਰੀ, ਮਹਾ ਕੇ ਜਗ ਜੰਜਾਲ।**
**ਮੀਰਾ ਕੇ ਪ੍ਰਭੂ ਗਿਰਧਰ ਨਾਗਰ, ਕਰੋ ਸਮਾਈ ਹਾਲ।**

ਸਖੀਆਂ ਨੇ ਮੀਰਾ ਨੂੰ ਕਿਹਾ, "ਸ੍ਰੀ ਕ੍ਰਿਸ਼ਨ ਨੂੰ ਹੋਇਆਂ ਕਿਤਨੇ ਜੁਗ ਬੀਤ ਗਏ ਹਨ। ਤੂੰ ਉਨ੍ਹਾਂ ਨਾਲ ਕਿਸ ਤਰ੍ਹਾਂ ਵਿਆਹੀ ਗਈ ਹੈਂ?"

ਮੀਰਾ ਨੇ ਉੱਤਰ ਦਿੱਤਾ:

**ਐਸੇ ਬਰ ਕੋ ਬਰੂੰ ਅਬ, ਜੋ ਜਨਮੈ ਔ ਮਰ ਜਾਇ।**
**ਬਰ ਬਰੀਏ ਗੋਪਾਲ ਜੀ, ਜਾਤੇ ਅਮਰ ਹੋਇ ਜਾਇ।**

ਸਮਾਜਕ ਮਰਯਾਦਾ ਅਨੁਸਾਰ ਮੀਰਾ ਦੀ ਸ਼ਾਦੀ ਭੋਜ ਰਾਜ ਨਾਲ ਹੋ ਗਈ।[੧]

ਜਦ ਡੋਲੀ ਤੁਰਨ ਲੱਗੀ ਤਾਂ ਮਾਤਾ ਨੇ ਮੀਰਾ ਨੂੰ ਪੁੱਛਿਆ, "ਦੱਸ ਬੱਚੀ! ਤੈਨੂੰ ਕਿਹੜੀ ਵਸਤੂ ਦਾਜ ਵਿਚ ਦੇਵੀਏ? ਤੂੰ ਸਾਡੀ ਇਕਲੌਤੀ ਪੁੱਤਰੀ ਹੈਂ। ਕੱਲ੍ਹ ਇਹ ਨਾ ਆਖੀਂ ਕਿ ਮਾਤਾ ਪਿਤਾ ਨੇ ਫਲਾਣੀ ਚੀਜ਼ ਮੈਨੂੰ ਦਾਜ ਵਿਚ ਨਹੀਂ ਦਿੱਤੀ।"

---

੧. ਕਰਨਲ ਟਾਡ ਨੇ ਮੀਰਾ ਨੂੰ ਰਾਜਾ ਕੰਬਾ ਦੀ ਧਰਮ ਪਤਨੀ ਲਿਖਿਆ ਹੈ, ਪਰ ਇਹ ਠੀਕ ਨਹੀਂ। ਪੰਡਤ ਰਵੀ ਸ਼ੰਕਰ ਤੇ ਸ੍ਰੀ ਹੀਰਾ ਨੰਦ ਓਝਾ ਨੇ ਉਦੇਪੁਰ ਦੇ ਇਤਿਹਾਸ ਵਿਚ ਇਸ ਦਾ ਖੰਡਨ ਕੀਤਾ ਹੈ।

ਉਸ ਵਕਤ ਮੀਰਾ ਨੇ ਭਗਤੀ ਭਾਵ ਨਾਲ ਭਰਪੂਰ ਹੋ ਕੇ ਸੱਜਲ ਨੇਤਰਾਂ ਨਾਲ ਕਿਹਾ:

**ਦੇਹ ਰੀ ਮਾਈ! ਅਬ ਮੋਕੋ ਗਿਰਧਰ ਲਾਲ।**
**ਉਸ ਕੇ ਚਰਨ ਕੀ ਮੈਂ ਹੋ ਦਾਸੀ, ਔਰ ਨਾ ਦੇਹ ਮਣੀ ਲਾਲ।**
**ਜੇਤੋ ਸਾਕ ਪ੍ਰੀਵਾਰ ਸਾਰੋ ਹੈ, ਮਨ ਲਗੇ ਮਾਨੋ ਕਾਲ।**
**ਮੀਰਾ ਕੇ ਪ੍ਰਭੂ ਗਿਰਧਰ ਨਾਗਰ, ਛਬਿ ਲਖ ਭਈ ਨਿਹਾਲ।**

ਮੀਰਾ ਆਪਣੇ ਸਹੁਰੇ ਘਰ ਚਤੌੜ ਪੁੱਜ ਗਈ। ਸਾਰੇ ਰਾਜ-ਘਰਾਣੇ ਵਿਚ ਬੜੀ ਖ਼ੁਸ਼ੀ ਮਨਾਈ ਗਈ। ਸੱਸ ਤੇ ਨਿਨਾਣਾਂ ਨੇ ਮੀਰਾ ਦੇ ਡੋਲੇ ਤੋਂ ਪਾਣੀ ਵਾਰ ਕੇ ਪੀਤਾ। ਉਨ੍ਹਾਂ ਨੂੰ ਇਹ ਵੇਖ ਕੇ ਬੜੀ ਖ਼ੁਸ਼ੀ ਹੋਈ ਕਿ ਮੀਰਾ ਸੁੰਦਰ ਸਰੂਪ, ਸੁਘੜ ਤੇ ਸੁਜਾਨ ਹੈ। ਸਾਰੇ ਪਰਵਾਰ ਦੀਆਂ ਸੁਆਣੀਆਂ ਭੋਜ ਰਾਜ ਤੇ ਮੀਰਾ ਨੂੰ ਸ੍ਰੀ ਕ੍ਰਿਸ਼ਨ ਦੇ ਮੰਦਰ ਵਿਚ ਮੱਥਾ ਟਿਕਾਉਣ ਲਈ ਲੈ ਗਈਆਂ। ਉਥੇ ਮੀਰਾ ਨੇ ਕਿਹਾ, "ਮੇਰੋ ਗਿਰਧਰ ਗੋਪਾਲ ਲਾਲ।"

ਮੀਰਾ ਦੀ ਪ੍ਰਸੰਨਤਾ ਲਈ ਭੋਜ ਰਾਜ ਨੇ ਸ੍ਰੀ ਕ੍ਰਿਸ਼ਨ ਦਾ ਇਕ ਨਵਾਂ ਮੰਦਰ ਬਣਵਾ ਦਿੱਤਾ। ਆਪਣੀ ਪਤਨੀ ਦੀ ਪ੍ਰੇਮ-ਭਗਤੀ ਤੋਂ ਰਾਜ ਕੁਮਾਰ ਬਹੁਤ ਪ੍ਰਭਾਵਤ ਹੋਇਆ।

ਇਕ ਦਿਨ ਰਾਜ ਕੁਮਾਰ ਨੂੰ ਖ਼ਿਆਲ ਆਇਆ ਕਿ ਮੀਰਾ ਵੀ ਦੂਜੀਆਂ ਰਾਣੀਆਂ ਵਾਂਗ ਹਾਰ ਸ਼ਿੰਗਾਰ ਲਾ ਕੇ ਰਹੇ। ਪਰ ਉਸ ਦਾ ਮਨ ਨਾ ਬਦਲਿਆ। ਸਾਦਗੀ ਤੇ ਭਗਤੀ ਦੇ ਰਸ ਵਿਚ ਲਿਵਲੀਨ ਰਹੀ। ਰਾਜ ਕੁਮਾਰ ਨੇ ਖਿੱਝ ਕੇ ਦੂਸਰੀ ਸ਼ਾਦੀ ਕਰ ਲਈ। ਪਰ ਉਸ ਦਾ ਮੀਰਾ ਦੇ ਮਨ ਉੱਤੇ ਕੋਈ ਅਸਰ ਨਾ ਹੋਇਆ। ਇਕ ਦਿਨ ਪਤੀ ਨੂੰ ਕਹਿਣ ਲੱਗੀ:

**ਗੋਬਿੰਦ ਲੀਨੋ ਮੋਲ ਰੀ। ਮੈ ਗੋਬਿੰਦ ਲੀਨੋ ਮੋਲ।**
**ਕੋਈ ਕਹੈ ਸਸਤਾ ਕੋਈ ਕਹੈ ਮਹਿੰਗੋ ਲੀਉ ਤਰਾਜੂ ਤੋਲ।**
**ਕੋਈ ਕਹੈ ਘਰ ਮਹਿ ਕੋਈ ਕਹੈ ਬਨ ਮਹਿ ਰਾਧਾ ਕੇ ਸੰਗ ਕਲੋਲ।**
**ਮੀਰਾ ਕੇ ਪ੍ਰਭੂ ਗਿਰਧਰ ਨਾਗਰ ਆਵਤ ਪ੍ਰੇਮ ਕੇ ਮੋਲ।**

ਇਸ ਭਗਤੀ ਭਾਵ ਤੇ ਗ੍ਰਿਹਸਤੀ ਜੀਵਨ ਵਿਚ ਮੀਰਾ ਦੇ ਦਸ ਸਾਲ ਬਤੀਤ ਹੋ ਗਏ। ਪਹਿਲਾਂ ਉਸ ਦਾ ਸਹੁਰਾ ਰਾਣਾ ਸਾਂਗਾ ਗੁਜ਼ਰ ਗਿਆ। ਫਿਰ ਸੰਮਤ ੧੫੯੩ ਬਿ: ਵਿਚ ਪਤੀ ਭੋਜ ਰਾਜ ਚਲਾਣਾ ਕਰ ਗਿਆ। ਭਰ ਜੁਆਨੀ ਵਿਚ ਉਸ ਨੂੰ ਪਤੀ ਦੇ ਵਿਛੋੜੇ ਦਾ ਬਹੁਤ ਦੁੱਖ ਹੋਇਆ। ਪਰ ਉਸ ਨੇ ਈਸ਼ਵਰ ਦਾ ਭਾਣਾ ਸੱਤ ਅਤੇ ਮਿੱਠਾ ਕਰ ਕੇ ਮੰਨਿਆ। ਭੋਜ ਰਾਜ ਦਿਲੋਂ ਮੀਰਾ ਦਾ ਬਹੁਤ ਸਤਿਕਾਰ ਕਰਦਾ ਸੀ। ਉਸ ਦੇ ਮਰਨ ਦੇ ਪਿੱਛੋਂ ਚਤੌੜ ਦੀ ਰਾਜਗੱਦੀ ਉਪਰ ਉਸ ਦੇ ਛੋਟੇ ਭਰਾ ਬਿਕ੍ਰਮਾਜੀਤ ਨੂੰ ਬਿਠਾਇਆ ਗਿਆ। ਉਹ ਰਾਜਪੂਤੀ ਆਨ ਸ਼ਾਨ ਤੇ ਲੋਕ ਲਾਜ ਦਾ ਬਹੁਤ ਖ਼ਿਆਲ ਰੱਖਦਾ ਸੀ।

ਮੀਰਾ ਦੀ ਪ੍ਰੇਮ-ਭਗਤੀ ਕਰਕੇ ਕਈ ਸੰਤ ਸਾਧੂ ਰਾਜ ਮਹਿਲਾਂ ਵਿਚ ਆਉਂਦੇ ਜਾਂਦੇ ਸਨ। ਰਾਣਾ ਨੇ ਉਨ੍ਹਾਂ ਦਾ ਆਉਣਾ ਜਾਣਾ ਬੰਦ ਕਰ ਦਿੱਤਾ। ਉਸ ਨੇ ਮੀਰਾ ਨੂੰ ਰਣਵਾਸ ਤੇ ਪਰਦੇ ਵਿਚ ਰਹਿਣ ਦੀ ਪ੍ਰੇਰਨਾ ਕੀਤੀ। ਮੀਰਾ ਨੇ ਉੱਤਰ ਦਿੱਤਾ:

ਬਰਜੀ ਮੈਂ ਕਾਹੂੰ ਕੀ ਨਾ ਰਹੂੰ।
ਸੁਨੋ ਰੀ ਸਖੀ ਤੁਮ ਚੇਤੰਨ ਹੋ ਕਰ, ਮਨ ਕੀ ਬਾਤ ਕਹੂੰ।
ਸਾਧ ਸੰਗਤਿ ਮਹਿ ਹਰਿ ਸੁਖ ਲੈਹੋਂ, ਜਗ ਸੇ ਦੂਰ ਰਹੂੰ।
ਮਨ ਮੇਰੋ ਸਿਮਰਨ ਮਹਿ ਲਾਗਿਉ, ਸਬ ਕੇ ਬੋਲ ਸਹੂੰ।
ਮੀਰਾ ਕੇ ਪ੍ਰਭੂ ਗਿਰਧਰ ਨਾਗਰ, ਸਤਿਗੁਰੂ ਸਰਣ ਪਰੂੰ।

ਇਕ ਦਿਨ ਸਖੀਆਂ ਸਹੇਲੀਆਂ, ਦਰਾਣੀ ਤੇ ਨਨਾਣਾਂ ਨੇ ਕਿਹਾ, "ਮੀਰਾ! ਤੇਰੀ ਭਗਤੀ ਬੜੀ ਉੱਚੀ ਹੈ ਪਰ ਰਾਣਾ ਜੀ ਗੁੱਸੇ ਹੁੰਦੇ ਹਨ। ਇਸ ਲਈ ਕਿ ਤੂੰ ਰਾਜਪੂਤੀ ਰਸਮ ਰਿਵਾਜ ਅਨੁਸਾਰ ਨਹੀਂ ਰਹਿੰਦੀ।"

ਮੀਰਾ ਨੇ ਉੱਤਰ ਦਿੱਤਾ:

ਰਾਣਾ ਰੂਠੇ ਨਗਰੀ ਰਾਖੇ ਹਰਿ ਰੂਠੇ ਕਹਾ ਜਾਣਾ।

ਇਸ ਵਾਕ ਵਿਚ ਪਰਮਾਤਮਾ ਦਾ ਕਿਤਨਾ ਅਤੁੱਟ ਵਿਸ਼ਵਾਸ ਪ੍ਰਗਟ ਕੀਤਾ ਗਿਆ ਹੈ।

ਮੀਰਾ ਦੀ ਇਹ ਮਸਤਾਨੀ ਅਵਸਥਾ ਵੇਖ ਕੇ ਦਿਉਰ ਨੇ ਉਸ ਨੂੰ ਮਾਰ ਮੁਕਾਣ ਲਈ ਠਾਕੁਰ ਜੀ ਦੇ ਚਰਨਾਮ੍ਰਿਤ ਵਿਚ ਜ਼ਹਿਰ ਘੋਲ ਕੇ ਭੇਜਿਆ। ਉਸ ਨੇ ਬੜੇ ਪ੍ਰੇਮ ਸਿਦਕ ਨਾਲ ਪੀ ਲਿਆ। ਉਸ ਦਾ ਮਨ ਏਨਾ ਬਲਵਾਨ ਸੀ ਕਿ ਜ਼ਹਿਰ ਦਾ ਕੋਈ ਅਸਰ ਨਾ ਹੋਇਆ। ਉਸ ਨੇ ਇਹ ਭਜਨ ਗਾਵਿਆ:

ਰਾਣਾ ਜੀ! ਜ਼ਹਿਰ ਦੀਉ ਮੈ ਜਾਨੀ।
ਜਿਨ ਹਰਿ ਮੇਰੋ ਨਾਮ ਨਿਬੇਰਿਓ, ਛਰਿਓ ਦੂਧ ਅਰ ਪਾਨੀ।
ਜਬ ਲਗ ਕੰਚਨ ਕਸੀਅਤ ਨਾਹੀਂ, ਹੋਤ ਨ ਬਾਰਹ ਬਾਨੀ।
ਅਪਨੇ ਕੁਲ ਕੇ ਪਰਦੋ ਕਹੀਏ, ਮੈ ਅਬਲਾ ਦੀਵਾਨੀ।
ਸਭ ਕੁਛ ਵਾਰੋਂ ਤਨ ਮਨ ਆਪਣਾ, ਹਉਂ ਹਰਿ ਹਾਥ ਬਿਕਾਨੀ।
ਮੀਰਾ ਪ੍ਰਭੂ ਗਿਰਧਰ ਭਜਬੇ ਕੋ ਸੰਤ ਚਰਨ ਲਪਟਾਨੀ।

ਇਕ ਵੇਰ ਮੀਰਾ ਰਾਜ ਮਹਿਲਾਂ ਵਿਚ ਭਜਨ ਕੀਰਤਨ ਤੇ ਨਿਰਤ ਕਰ ਰਹੀ ਸੀ। ਦਰਵਾਜ਼ਾ ਬੰਦ ਸੀ। ਰਾਣੇ ਨੂੰ ਸ਼ੱਕ ਪਿਆ ਕਿ ਅੰਦਰ ਓਪਰੇ ਆਦਮੀ ਹਨ। ਉਹ ਕ੍ਰੋਧ ਨਾਲ ਭਰਿਆ ਤਲਵਾਰ ਕੱਢ ਕੇ ਮੀਰਾ ਨੂੰ ਮਾਰਨ ਲਈ ਗਿਆ। ਜਦ ਉਸ ਨੇ ਦਰਵਾਜ਼ਾ ਖੁਲ੍ਹਵਾਇਆ ਤਾਂ ਅੰਦਰ ਕੋਈ ਨਹੀਂ ਸੀ। ਉਸ ਵਕਤ ਮੀਰਾ ਨੇ ਪ੍ਰੇਮ ਰਸ ਪੂਰਤ ਹੋ ਕੇ ਕਿਹਾ:

ਰਾਣਾ ਜੀ! ਮੈਂ ਤੋ ਸਾਂਵਰੇ ਕੇ ਰੰਗ ਰਾਚੀ।
ਸਾਜ ਸਿੰਗਾਰ ਬਾਂਧ ਪਗ ਘੁੰਗਰੂ, ਮੈਂ ਤੋ ਲੋਕ ਲਾਜ ਤਜ ਨਾਚੀ।
ਗਈ ਕੁਮਤਿ ਭਈ ਸਾਧ ਕੀ ਸੰਗਤਿ, ਭਗਤ ਰੂਪ ਭਈ ਸਾਚੀ।
ਗਾਇ ਗਾਇ ਹਰਿ ਕੇ ਗੁਣ ਨਿਸ ਦਿਨ, ਕਾਲ ਬਿਆਲ ਤੇ ਬਾਚੀ।
ਪ੍ਰਭੂ ਬਿਨ ਸਭ ਜਗ ਖਾਰੋ ਲਾਗਤ, ਔਰ ਬਾਤ ਸਭ ਕਾਚੀ।
ਮੀਰਾ ਕੇ ਪ੍ਰਭੂ ਗਿਰਧਰ ਨਾਗਰ, ਭਗਤ ਰਸੀਲੀ ਜਾਚੀ।

ਇਕ ਸਮੇਂ ਅਕਬਰ ਬਾਦਸ਼ਾਹ ਭੇਸ ਵਟਾ ਕੇ ਪ੍ਰਸਿੱਧ ਰਾਗੀ ਤਾਨ ਸੈਨ ਨੂੰ ਨਾਲ

ਲੈ ਕੇ ਮੀਰਾ ਬਾਈ ਦੇ ਦਰਸ਼ਨ ਕਰਨ ਗਿਆ। ਉਸ ਦੀ ਪ੍ਰੇਮ-ਭਗਤੀ ਤੇ ਉੱਚੀ ਆਤਮਿਕ ਅਵਸਥਾ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਇਆ।

ਇਕ ਦਿਨ ਇਕ ਲੰਪਟ ਤੇ ਵਿਸ਼ਈ ਆਦਮੀ ਮੀਰਾ ਦੀ ਸੰਗਤ ਵਿਚ ਆਇਆ। ਉਸ ਦਾ ਮਨ ਕਾਮ, ਕ੍ਰੋਧ ਦੀ ਅੱਗ ਨਾਲ ਸੜ ਰਿਹਾ ਸੀ। ਉਸ ਨੇ ਮਾੜੀ ਨਜ਼ਰ ਨਾਲ ਮੀਰਾ ਵੱਲ ਤੱਕਿਆ। ਪ੍ਰੇਮ-ਭਗਤੀ ਤੇ ਇਖ਼ਲਾਕ ਦੀ ਪੁਤਲੀ ਨੇ ਉਸ ਨੂੰ ਸੰਬੋਧਨ ਕਰ ਕੇ ਕਿਹਾ:

**ਰਾਮ ਨਾਮ ਰਸ ਪੀਜੈ ਮਨੂਆ, ਰਾਮ ਨਾਮ ਰਸ ਪੀਜੈ।**
**ਤਜ ਕੁਸੰਗ ਸਤਿਸੰਗ ਬੈਠ ਨਿਤ, ਹਰਿ ਚਰਚਾ ਸੁਨ ਲੀਜੈ।**
**ਕਾਮ ਕ੍ਰੋਧ ਮਦ ਲੋਭ ਮੋਹ, ਬਹਾ ਚਿਤ ਸੇ ਦੀਜੈ।**
**ਮੀਰਾ ਕੇ ਪ੍ਰਭੁ ਗਿਰਧਰ ਨਾਗਰ, ਤਹਿ ਕੇ ਰੰਗ ਰੰਗੀਜੈ।**

ਇਹ ਅੰਮ੍ਰਿਤ ਬਚਨ ਸੁਣ ਕੇ ਵਿਕਾਰੀ ਆਦਮੀ ਦਾ ਮਨ ਇਸ ਤਰ੍ਹਾਂ ਸ਼ਾਂਤ ਹੋ ਗਿਆ, ਜਿਵੇਂ ਕੋਈ ਸੜਦਾ ਮਨੁੱਖ ਠੰਡੇ ਸਰੋਵਰ ਵਿਚ ਟੁੱਭੀ ਮਾਰਦਾ ਹੈ। ਉਸ ਨੇ ਮੀਰਾ ਦੇ ਚਰਨ ਪਕੜ ਲਏ। ਉਸ ਦਾ ਮਨ ਇਉਂ ਬਦਲ ਗਿਆ, ਜਿਵੇਂ ਕੋਈ ਨਦੀ ਕਿਸੇ ਮਜ਼ਬੂਤ ਚੱਟਾਨ ਨਾਲ ਟੱਕਰ ਮਾਰ ਕੇ ਆਪਣਾ ਰੁਖ਼ ਬਦਲ ਲੈਂਦੀ ਹੈ।

ਇਕ ਦਿਨ ਰਾਣਾ ਬਿਕ੍ਰਮਾਜੀਤ ਨੇ ਮੀਰਾ ਨੂੰ ਮਾਰਨ ਲਈ ਇਕ ਕਾਲਾ ਨਾਗ ਪਟਾਰੀ ਵਿਚ ਪਾ ਕੇ ਭੇਜਿਆ। ਜਦ ਮੀਰਾ ਨੇ ਪਟਾਰੀ ਖੋਲ੍ਹੀ ਤੇ ਨਾਗ ਨੂੰ ਤੱਕਿਆ ਤਾਂ ਉਸ ਨੂੰ ਨਾਗ ਦੇ ਕਾਲੇ ਰੰਗ ਵਿਚ ਸਾਂਵਲਾ ਕ੍ਰਿਸ਼ਨ ਨਜ਼ਰੀਂ ਆਇਆ, ਮੀਰਾ ਦੀ ਦਿੱਬ-ਦ੍ਰਿਸ਼ਟੀ ਤੋਂ ਪ੍ਰਭਾਵਤ ਹੋ ਕੇ ਨਾਗ ਨੇ ਉਸ ਨੂੰ ਡੰਗ ਨਹੀਂ ਮਾਰਿਆ। ਬੇਹਿੱਸ ਹੋ ਕੇ ਪਿਆ ਰਿਹਾ।

ਜਦ ਰਾਣੇ ਨੇ ਮੀਰਾ ਨੂੰ ਬਹੁਤ ਦੁੱਖ ਦਿੱਤਾ ਤਾਂ ਉਸ ਨੇ ਰਾਮਾਇਣ ਦੇ ਕਰਤਾ ਗੁਸਾਈਂ ਤੁਲਸੀ ਦਾਸ ਜੀ ਨੂੰ ਇਕ ਦਰਦਨਾਕ ਚਿੱਠੀ ਲਿਖੀ, ਜਿਸ ਵਿਚ ਲਿਖਿਆ:

**ਸ਼ੁਭ ਮਤਿ ਸ੍ਰੀ ਤੁਲਸੀ ਗੁਣ ਭੂਸ਼ਣ ਦੂਸ਼ਣ ਹਰਨ ਗੁਸਾਈਂ।**
**ਬਾਰਹਿ ਬਾਰੀ ਪ੍ਰਣਾਮ ਕਰੋਂ ਅਬ, ਹਰੋ ਸ਼ੋਕ ਸਮੁਦਾਈ।**
**ਘਰ ਕੇ ਸਾਜਨ ਹਮਰੇ ਜੇਤੇ, ਸਭਨ ਉਪਾਧਿ ਬਢਾਈ।**
**ਸਾਧੂ ਸੰਗ ਅਰ ਭਜਨ ਕਰਤ ਮੋਹਿ, ਦੇਤ ਕਲੇਸ਼ ਮਹਾਈ।**
**ਸੋ ਤੋ ਅਬ ਛੂਟਤ ਨਹਿ ਕਯੋਂ ਹੀ, ਲਗੀ ਲਗਨ ਬਰ ਆਈ।**
**ਬਾਲਪਨ ਮਹਿ ਮੀਰਾ ਕੀਨਯੋ, ਗਿਰਧਰ ਲਾਲ ਮਿਤ੍ਰਾਈ।**
**ਮੇਰੇ ਮਾਤ ਤਾਤ ਸਮ ਤੁਮ ਹੋ, ਹਰਿ ਭਗਤ ਸੁਖਦਾਈ।**
**ਮੋ ਕੋ ਕਹਾਂ ਉਚਤ ਕਰਬੋ, ਅਬ ਸੋ ਲਿਖੀਏ ਸਮਝਾਈ?**

ਗੁਸਾਈਂ ਤੁਲਸੀ ਦਾਸ ਜੀ ਨੇ ਉੱਤਰ ਦਿੱਤਾ:

**ਜਾ ਕੋ ਪ੍ਰਿਆ ਨਾ ਰਾਮ ਬਦੇਹੀ।**
**ਸੋ ਛਾਡਿਓ ਕਟ ਬੈਰੀ ਸਮ, ਯਦਪਿ ਪਰਮ ਸਨੇਹੀ।**
**ਨਾਤੇ ਹੁਤੇ ਰਾਮ ਕੇ ਮਾਨੀਅਤ, ਸੁਹਿਰਦ ਸਖਾ ਹਉਂ ਜਾਨੋਂ।**
**ਅੰਜਨ ਕਹਾਂ ਆਂਖ ਜਹਿ ਫੂਟੇ, ਬ੍ਰਿਹਤਕ ਕਹੌਂ ਕਹਾਂ ਲੌਂ?**

**ਤੁਲਸੀ ਸੋ ਸਭ ਭਾਂਤ ਪਰਮ ਹਿਤ, ਪੂਜਾ ਪ੍ਰਾਣ ਤੇ ਪਿਆਰੋ।**
**ਜਾ ਸੋ ਹੋਇ ਸਨੇਹ ਪਰਮ ਪਦ, ਏਤੈ ਮਤੋ ਹਮਾਰੋ।**

ਗੁਸਾਈਂ ਜੀ ਦਾ ਉੱਤਰ ਪੜ੍ਹ ਕੇ ਮੀਰਾ ਨੇ ਚਤੌੜ ਦੇ ਰਾਜ ਮਹਿਲ ਤਿਆਗ ਕੇ ਸ੍ਰੀ ਕ੍ਰਿਸ਼ਨ ਦੀ ਜਨਮ-ਭੂਮੀ ਮਥਰਾ-ਬ੍ਰਿੰਦਾਬਨ ਤੇ ਦੁਆਰਕਾ ਦੇ ਦਰਸ਼ਨ ਕਰਨ ਦਾ ਫ਼ੈਸਲਾ ਕਰ ਲਿਆ। ਇਸ ਦਾ ਚੰਗੇ ਆਦਮੀਆਂ ਨੂੰ ਬਹੁਤ ਦੁੱਖ ਹੋਇਆ। ਪਰ ਉਹ ਰਣਵਾਸ ਛੱਡ ਕੇ ਤੀਰਥ ਯਾਤਰਾ ਨੂੰ ਚਲੀ ਗਈ।

ਮੀਰਾ ਨੇ ਮਥਰਾ ਵਿਚ ਕੁਝ ਚਿਰ ਨਿਵਾਸ ਕਰ ਕੇ ਕ੍ਰਿਸ਼ਨ ਭਗਤੀ ਦੇ ਮਨੋਹਰ ਭਜਨਾਂ ਨਾਲ ਹਜ਼ਾਰਾਂ ਆਦਮੀਆਂ ਨੂੰ ਪ੍ਰਭਾਵਿਤ ਕੀਤਾ। ਫਿਰ ਭਗਵਾਨ ਦੇ ਗਊਆਂ ਚਰਾਉਣ ਵਾਲੇ ਥਾਂ ਬ੍ਰਿੰਦਾਬਨ ਵਿਚ ਕੁਝ ਚਿਰ ਬਤੀਤ ਕੀਤਾ।

ਬ੍ਰਿੰਦਾਬਨ ਵਿਚ ਮੀਰਾ ਬਾਈ ਚੇਤੰਨ ਮਹਾਂਪ੍ਰਭੂ ਦੇ ਸਿਖ ਜੀਵਾ ਜੀ ਗੋਸੁਆਮੀ ਜੀ ਨੂੰ ਮਿਲਣ ਲਈ ਗਈ। ਉਸ ਨੇ ਉੱਤਰ ਦਿੱਤਾ, "ਅਸੀਂ ਕਿਸੇ ਇਸਤ੍ਰੀ ਦੇ ਮੂੰਹ ਨਹੀਂ ਲੱਗਦੇ।"

ਮੀਰਾ ਨੇ ਕਿਹਾ, "ਜੀਵਾ ਜੀ! ਬ੍ਰਿੰਦਾਬਨ ਵਿਚ ਪੁਰਸ਼ ਤਾਂ ਇਕੋ ਸ੍ਰੀ ਕ੍ਰਿਸ਼ਨ ਹਨ, ਬਾਕੀ ਸਭ ਉਨ੍ਹਾਂ ਦੀਆਂ ਸਖੀਆਂ ਹਨ। ਕੀ ਤੁਸੀਂ ਏਥੇ ਨਵੇਂ ਪੁਰਸ਼ ਪ੍ਰਗਟ ਹੋਏ ਹੋ?"

ਇਹ ਸੁਣ ਕੇ ਜੀਵਾ ਜੀ ਨੇ ਮੀਰਾ ਨੂੰ ਦਰਸ਼ਨ ਦਿੱਤੇ। ਉਸ ਨਾਲ ਈਸ਼ਵਰ ਭਗਤੀ, ਸਿਮਰਨ, ਸੇਵਾ ਤੇ ਸਤਿਸੰਗ ਬਾਰੇ ਗੋਸ਼ਟ ਕੀਤੀ।

ਇਸ ਗੱਲ ਤੋਂ ਕਈ ਇਤਿਹਾਸਕਾਰਾਂ ਦੀ ਰਾਇ ਹੈ ਕਿ ਮੀਰਾ ਬਾਈ ਨੇ ਜੀਵਾ ਜੀ ਤੋਂ ਗੁਰ-ਮੰਤਰ ਤੇ ਉਪਦੇਸ਼ ਲਿਆ। ਇਸ ਲਈ ਚੇਤੰਨ ਮਹਾਂਪ੍ਰਭੂ ਦੀ ਸੰਪਰਦਾਇ 'ਚੋਂ ਸੀ। ਇਸ ਦੀ ਪੁਸ਼ਟੀ ਲਈ ਉਹ ਮੀਰਾ ਦਾ ਇਹ ਵਾਕ ਵੀ ਪੇਸ਼ ਕਰਦੇ ਹਨ:

**ਸਿਆਮ ਕਿਸ਼ੋਰ ਭਏ ਨਵ ਗੋਰਾ, ਚੇਤੰਨ ਤਾ ਕੋ ਨਾਮ।**

ਕੁਝ ਇਤਿਹਾਸਕਾਰਾਂ ਦਾ ਮੱਤ ਹੈ ਕਿ ਮੀਰਾ ਬਾਈ ਨੇ ਭਗਤ ਰਵਿਦਾਸ ਜੀ ਤੋਂ ਗੁਰ-ਮੰਤਰ ਲਿਆ ਹੈ। ਅਸੀਂ ਇਸ ਨਾਲ ਸਹਿਮਤ ਹਾਂ। ਇਸ ਲਈ ਕਿ ਚਤੌੜ ਦੇ ਰਾਜ ਘਰਾਣੇ 'ਚੋਂ ਰਾਣੀ ਝਾਲਾ ਬਾਈ ਸ੍ਰੀ ਰਵਿਦਾਸ ਜੀ ਦੀ ਸੇਵਕ ਸੀ। ਦੂਜੇ ਮੀਰਾ ਦੇ ਅਰੰਭਕ ਭਜਨਾਂ ਵਿਚ ਬਾਰ ਬਾਰ 'ਗੁਰੂ' ਦਾ ਵਰਣਨ ਮਿਲਦਾ ਹੈ। ਜੀਵਾ ਜੀ ਨੂੰ ਤਾਂ ਉਹ ਜ਼ਿੰਦਗੀ ਦੇ ਅੰਤਮ ਦਿਨਾਂ ਵਿਚ ਬ੍ਰਿੰਦਾਬਨ ਵਿਚ ਮਿਲੀ ਹੈ। ਇਸ ਲਈ ਇਹ ਗੱਲ ਦਰੁਸਤ ਜਾਪਦੀ ਹੈ ਕਿ ਮੀਰਾ ਸ੍ਰੀ ਰਵਿਦਾਸ ਜੀ ਦੀ ਚੇਲੀ ਸੀ, ਜੋ ਕਬੀਰ ਜੀ ਦੇ ਸਮਕਾਲੀ ਤੇ ਸ੍ਰੀ ਰਾਮਾਨੰਦ ਜੀ ਦੇ ਸਿਖ ਸਨ। ਜੀਵਾ ਜੀ ਚੇਤੰਨ ਮਹਾਂਪ੍ਰਭੂ ਦੇ ਸੇਵਕ ਸਨ। ਸ੍ਰੀ ਰਾਮਾਨੰਦ ਜੀ ਵੀ ਵੈਸ਼ਨਵਾਂ ਦੀ ਵੈਰਾਗੀ ਸੰਪਰਦਾਇ ਦੇ ਆਚਾਰਯ ਸਨ। ਚੇਤੰਨ ਮਹਾਂਪ੍ਰਭੂ ਦੂਜੀ ਸ਼ਾਖ਼ ਦੇ ਮੁਖੀ ਸਨ। ਦੋਵੇਂ ਡਾਲੀਆਂ ਇਕੋ ਬ੍ਰਿਛ ਦੀਆਂ ਹਨ। ਕੁਝ ਚਿਰ ਬ੍ਰਿੰਦਾਬਨ ਵਿਚ ਨਿਵਾਸ ਕਰਨ ਦੇ ਬਾਅਦ ਮੀਰਾ ਦੁਆਰਕਾ ਵਿਚ ਚਲੀ ਗਈ, ਜਿਥੇ ਸਮੁੰਦਰ ਦੇ ਕੰਢੇ ਸ੍ਰੀ ਕ੍ਰਿਸ਼ਨ ਜੀ ਦਾ ਮੰਦਰ ਹੈ। ਚਤੌੜ 'ਚੋਂ ਮੀਰਾ ਦੇ ਜਾਣ ਨਾਲ ਰਾਜ ਘਰਾਣੇ ਉੱਤੇ ਕਈ ਮੁਸੀਬਤਾਂ ਆਈਆਂ। ਰਾਣਾ ਬਿਕ੍ਰਮਾਜੀਤ ਬਾਰੇ ਲੋਕਾਂ ਨੇ ਸਮਝਿਆ ਕਿ ਇਹ ਮੀਰਾ ਨੂੰ ਦੁੱਖ ਦੇਣ ਦਾ ਨਤੀਜਾ ਹਨ। ਉਹ ਤਾਂ ਚਤੌੜ ਲਈ ਇਕ ਬਰਕਤ ਤੇ ਸੁਖ-ਸੰਪਤੀ ਦੀ ਦੇਵੀ ਸੀ। ਸ਼ਾਹੀ

ਖ਼ਾਨਦਾਨ ਤੇ ਕਈ ਲੋਕਾਂ ਨੇ ਰਾਣੇ ਨੂੰ ਪ੍ਰੇਰਨਾ ਕੀਤੀ ਕਿ ਮੀਰਾ ਨੂੰ ਵਾਪਸ ਲਿਆਂਦਾ ਜਾਵੇ। ਉਹ ਮੀਰਾ ਨੂੰ ਲੈਣ ਲਈ ਦੁਆਰਕਾ ਗਿਆ, ਪਰ ਭਗਤਣੀ ਨੇ ਵਾਪਸ ਆਉਣ ਤੋਂ ਇਨਕਾਰ ਕਰ ਦਿੱਤਾ।

ਅਖ਼ੀਰ ਜਿਸ ਤਰ੍ਹਾਂ ਸੂਰਜ ਢਲਣ ਨਾਲ ਖਿੜੇ ਹੋਏ ਕੰਵਲ ਫੁੱਲ ਮੁੰਦ ਜਾਂਦੇ ਹਨ, ਅਤੇ ਉਨ੍ਹਾਂ ਵਿਚ ਬੈਠੇ ਹੋਏ ਭੌਰੇ ਗੁੰਜਾਰ ਪਾਉਂਦੇ ਮਕਰੰਦ ਦੀ ਮਸਤੀ ਵਿਚ ਚਿੱਤ ਹੋ ਜਾਂਦੇ ਹਨ, ਇਸੇ ਤਰ੍ਹਾਂ ਸੰਮਤ ੧੬੩੦ ਬਿਕ੍ਰਮੀ ਵਿਚ ਮੀਰਾ ਬਾਈ ਪ੍ਰੇਮ-ਭਗਤੀ ਦੇ ਰਸ ਵਿਚ ਅਤਿ ਮਿੱਠੇ, ਕੋਮਲ ਤੇ ਅਮਰ ਭਜਨਾਂ ਦੀ ਗੁੰਜਾਰ ਪਾਉਂਦੀ ਹੋਈ ਭਗਵਾਨ ਦੇ ਚਰਨਾਂ ਵਿਚ ਲੀਨ ਹੋ ਗਈ।

# ਸਮਰਥ ਰਾਮ ਦਾਸ ਜੀ

ਜਿਸ ਤਰ੍ਹਾਂ ਪੰਜਾਬ ਵਿਚ ਦਸ ਸਤਿਗੁਰੂਆਂ ਨੇ ਸਿਖਾਂ ਨੂੰ ਭਗਤੀ ਤੇ ਸ਼ਕਤੀ ਦੇ ਕੇ ਧਰਮ ਅਤੇ ਦੇਸ਼ ਦੀ ਰੱਖਿਆ ਲਈ ਤਿਆਰ ਕੀਤਾ, ਇਸੇ ਤਰ੍ਹਾਂ ਮਹਾਰਾਸ਼ਟਰ ਦੇ ਕਈ ਸੰਤਾਂ ਮਹਾਤਮਾਂ ਨੇ ਮਰਹੱਟਿਆਂ ਨੂੰ ਮੁਗ਼ਲ ਰਾਜ ਦੀ ਜਾਬਰ ਨੀਤੀ ਵਿਰੁੱਧ ਲੜਨ ਦੀ ਪ੍ਰੇਰਨਾ ਦਿੱਤੀ। ਮਹਾਰਾਸ਼ਟਰ ਦੇ ਪਰਮ ਭਗਤ ਸ੍ਰੀ ਨਾਮਦੇਵ ਜੀ ਅਤੇ ਗਿਆਨੇਸ਼ੂਰ ਦਾ ਵਰਣਨ ਪਿੱਛੇ ਕਰ ਆਏ ਹਾਂ। ਹੁਣ ਤੀਸਰੇ ਮਹਾਂਪੁਰਸ਼ ਸਮਰਥ ਰਾਮ ਦਾਸ ਜੀ ਦਾ ਜ਼ਿਕਰ ਕਰਦੇ ਹਾਂ, ਜਿਨ੍ਹਾਂ ਨੇ ਔਰੰਗਜ਼ੇਬ ਦੀ ਕੁਟਲ ਅਤੇ ਜਾਬਰ ਨੀਤੀ ਵਿਰੁੱਧ ਸ਼ਿਵਾ ਜੀ ਨੂੰ ਲੜਨ ਲਈ ਤਿਆਰ ਕੀਤਾ।

ਪੰਜਾਬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਔਰੰਗਜ਼ੇਬ ਦੇ ਵਿਰੁੱਧ ਲੜਨ ਲਈ ਉਭਾਰਿਆ ਅਤੇ ਉੱਤਰ ਪੱਛਮੀ ਭਾਰਤ ਵਿਚ ਮੁਗ਼ਲ ਰਾਜ ਨੂੰ ਕਰੜੀ ਸੱਟ ਮਾਰੀ। ਦੱਖਣ ਵਿਚ ਸ਼ਿਵਾ ਜੀ ਨੂੰ ਧਰਮ, ਰਾਜਨੀਤੀ ਅਤੇ ਦੇਸ਼ ਭਗਤੀ ਦੀ ਸਿੱਖਿਆ ਦੇਣ ਵਾਲੇ ਮਹਾਤਮਾ ਸਮਰਥ ਰਾਮ ਦਾਸ ਜੀ ਸਨ। ਮਹਾਰਾਸ਼ਟਰ ਵਿਚ ਆਪ ਬਹੁਤ ਹੀ ਸਤਿਕਾਰੇ ਜਾਂਦੇ ਹਨ। ਸਮਰਥ ਰਾਮ ਦਾਸ ਜੀ ਦੱਖਣ ਦੇ ਪ੍ਰਸਿੱਧ ਦੇਸ਼ ਭਗਤ ਅਤੇ ਮਰਾਠੀ ਵਿਚ ਗ੍ਰੰਥ ਲਿਖਣ ਵਾਲੇ ਲੇਖਕ ਹੋਏ ਹਨ। ਆਪ ਦਾ ਜਨਮ ਰਾਮ ਨੌਮੀ ਵਾਲੇ ਦਿਨ ਸੰਨ ੧੬੦੮ ਈ: ਨੂੰ ਗੋਦਾਵਰੀ ਦੇ ਕੰਢੇ ਬ੍ਰਾਹਮਣ ਕੁਲ ਵਿਚ ਇਕ ਪਿੰਡ ਜੰਬੂ ਖੇਤਰ ਵਿਚ ਹੋਇਆ। ਆਪ ਦੇ ਪਿਤਾ ਦਾ ਨਾਂ ਸੂਰਜ ਜੀ ਪੰਤ ਅਤੇ ਮਾਤਾ ਦਾ ਨਾਂ ਰਾਮੂ ਬਾਈ ਸੀ। ਸ੍ਰੀ ਰਾਮ ਦਾਸ ਜੀ ਦਾ ਬਚਪਨ ਦਾ ਨਾਂ 'ਨਾਰਾਇਣ' ਸੀ। ਆਪ ਬਹੁਤ ਛੋਟੀ ਉਮਰ ਦੇ ਸਨ ਕਿ ਪਿਤਾ ਦਾ ਦੇਹਾਂਤ ਹੋ ਗਿਆ। ਘਰ ਦਾ ਸਾਰਾ ਬੋਝ ਮਾਤਾ ਰਾਮੂ ਬਾਈ ਦੇ ਸਿਰ ਪੈ ਗਿਆ।

ਸਮਰਥ ਰਾਮ ਦਾਸ ਜੀ ਬਚਪਨ ਤੋਂ ਹੀ ਬੜੇ ਭਗਤੀ-ਭਾਵ ਵਾਲੇ ਸਨ। ਕਹਿੰਦੇ ਹਨ ਕਿ ਇਕ ਦਿਨ ਪ੍ਰੇਮ-ਭਗਤੀ ਵਿਚ ਬੈਠੇ ਹੋਏ ਸਨ ਕਿ ਸ੍ਰੀ ਰਾਮ ਚੰਦਰ ਨੇ ਆਪ ਨੂੰ ਦਰਸ਼ਨ ਦਿੱਤੇ ਅਤੇ ਕਿਹਾ, "ਇਸ ਵਕਤ ਧਰਮ ਦੀ ਦੁਰਦਸ਼ਾ ਹੋ ਰਹੀ ਹੈ, ਸ਼ਾਸਤ੍ਰਾਂ ਦੀ ਮਰਯਾਦਾ ਲੋਪ ਹੁੰਦੀ ਜਾ ਰਹੀ ਹੈ। ਤੁਸੀਂ ਕ੍ਰਿਸ਼ਨਾ ਨਦੀ ਦੇ ਕੰਢੇ ਜਾ ਕੇ ਧਰਮ ਦੇ ਵਾਧੇ ਲਈ ਭਜਨ ਤਪ ਕਰੋ। ਮਲੇਛਾਂ ਨੂੰ ਖ਼ਤਮ ਕਰਨ ਲਈ ਸ਼ਿਵਾ ਜੀ ਨੂੰ ਪ੍ਰੇਰਨਾ ਦਿਓ ਤੇ ਉਨ੍ਹਾਂ ਦੀ ਸਹਾਇਤਾ ਕਰੋ।"

ਉਸ ਦਿਨ ਤੋਂ ਆਪ ਨਾਰਾਇਣ ਦੀ ਥਾਂ ਰਾਮ ਦਾਸ ਪ੍ਰਸਿੱਧ ਹੋਏ। ਆਪ ਨੇ ਜੁਆਨੀ ਵਿਚ ਕਦਮ ਰੱਖਿਆ। ਮਾਤਾ ਰਾਮੂ ਬਾਈ ਨੇ ਆਪ ਦੀ ਸ਼ਾਦੀ ਕਰਨ ਦਾ ਪ੍ਰਬੰਧ ਕੀਤਾ, ਪਰ ਆਪ ਨੇ ਸ਼ਾਦੀ ਕਰਨ ਤੋਂ ਨਾਂਹ ਕਰ ਦਿੱਤੀ। ਫਿਰ ਕਾਫ਼ੀ ਚਿਰ ਸਮਝਾਉਣ ਬੁਝਾਉਣ ਉਪਰੰਤ ਸ਼ਾਦੀ ਕਰਨ ਦੀ ਰਜ਼ਾਮੰਦੀ ਪ੍ਰਗਟ ਕੀਤੀ। ਵਿਆਹ

ਦਾ ਦਿਨ ਨਿਯਤ ਹੋਇਆ। ਰਾਮ ਦਾਸ ਜੀ ਲਾੜੇ ਬਣ ਕੇ ਸਹੁਰਿਆਂ ਦੇ ਘਰ ਪੁੱਜੇ।

ਕਹਿੰਦੇ ਹਨ ਕਿ ਜਿਸ ਵਕਤ ਪ੍ਰੋਹਤ ਆਪ ਜੀ ਦੇ ਵਿਆਹ ਦੇ ਮੰਗਲ ਪੜ੍ਹ ਰਿਹਾ ਸੀ, ਰਾਮ ਦਾਸ ਜੀ ਨੇ ਉਸ ਨੂੰ ਇਕ ਮੰਗਲ ਬਾਰੇ ਪੁੱਛਿਆ, "ਪੰਡਤ ਜੀ! ਇਸ ਦੇ ਕੀ ਅਰਥ ਹਨ?"

ਪੰਡਤ—ਇਸ ਮੰਗਲ ਦੇ ਅਰਥ ਹਨ, ਸ਼ਿਵ ਤੁਹਾਨੂੰ ਪ੍ਰਸੰਨਤਾ ਦੇਵੇ।

ਨਾਲ ਹੀ ਉਸ ਨੇ ਇਹ ਵੀ ਕਿਹਾ, "ਹੁਣ ਤੀਕ ਤੁਸੀਂ ਇਕੱਲੇ ਸੀ, ਅੱਜ ਤੋਂ ਤੁਹਾਡੇ ਸਿਰ ਗ੍ਰਿਹਸਤ ਦੀਆਂ ਬੜੀਆਂ ਜ਼ਿੰਮੇਵਾਰੀਆਂ ਦਾ ਬੋਝ ਪੈ ਗਿਆ ਹੈ। ਤੁਸੀਂ ਇਨ੍ਹਾਂ ਜ਼ਿੰਮੇਵਾਰੀਆਂ ਨੂੰ ਚੰਗੀ ਤਰ੍ਹਾਂ ਨਿਬਾਹੁਣਾ ਹੋਵੇਗਾ।"

ਪੰਡਤ ਦੀ ਇਹ ਗੱਲ ਸੁਣ ਕੇ ਰਾਮ ਦਾਸ ਜੀ ਵਿਆਹ ਛੱਡ ਕੇ ਤੁਰ ਪਏ। ਕਿਸੇ ਨੂੰ ਪਤਾ ਨਹੀਂ ਲੱਗ ਸਕਿਆ ਕਿ ਕਿਧਰ ਗਏ ਹਨ।

ਆਪ ਨਾਸਕ ਜ਼ਿਲ੍ਹੇ ਦੇ ਇਕ ਪਿੰਡ ਤਾਕੜੀ ਵਿਚ ਪੁੱਜੇ। ਉਥੇ ਇਕ ਪਹਾੜ ਦੀ ਗੁਫ਼ਾ ਵਿਚ ਭਜਨ ਤਪ ਕਰਨ ਲੱਗ ਪਏ। ਸਵੇਰ ਤੋਂ ਲੈ ਕੇ ਦੁਪਹਿਰ ਤੀਕ ਇਸ਼ਨਾਨ ਤੇ ਪੂਜਾ ਪਾਠ ਕਰਦੇ ਸਨ। ਪਿੱਛੋਂ ਪਿੰਡ ਜਾ ਕੇ ਆਟਾ, ਦਾਣਾ ਤੇ ਚਾਵਲ ਮੰਗ ਲਿਆਉਂਦੇ, ਭੋਜਨ ਤਿਆਰ ਕਰ ਕੇ ਸ੍ਰੀ ਰਾਮ ਨੂੰ ਭੋਗ ਲੁਆਉਂਦੇ ਤੇ ਫਿਰ ਆਪ ਛਕਦੇ ਸਨ। ਆਪ ਵਧੇਰਾ ਸਮਾਂ ਭਜਨ ਤਪ ਵਿਚ ਗੁਜ਼ਾਰਦੇ ਸਨ।

ਇਸ ਦੌਰਾਨ ਇਕ ਬਾਲਕ ਊਧੋ ਆਪ ਦਾ ਸਿਖ ਬਣਿਆ। ਆਪ ਭਜਨੀਕ ਤੇ ਤਪੱਸਵੀ ਹੋਣ ਦੇ ਬਾਵਜੂਦ ਨਿਆਣੇ ਬੱਚਿਆਂ ਨਾਲ ਬੜਾ ਪ੍ਰੇਮ ਕਰਦੇ ਸਨ। ਉਨ੍ਹਾਂ ਨਾਲ ਹੱਸਦੇ, ਖੇਡਦੇ ਅਤੇ ਕਈ ਵੇਰ ਬ੍ਰਿਛਾਂ ਉੱਤੇ ਚੜ੍ਹ ਜਾਂਦੇ ਸਨ।

ਤਾਕੜੀ ਪਿੰਡ ਦੇ ਲਾਗੇ ਪਹਾੜ ਦੀ ਗੁਫ਼ਾ ਵਿਚ ਸਮਰਥ ਰਾਮ ਦਾਸ ਜੀ ਨੇ ਬਾਰਾਂ ਬਰਸ ਲਗਾਤਾਰ ਭਜਨ ਤਪ ਕੀਤਾ। ਇਤਿਹਾਸਕਾਰ ਲਿਖਦੇ ਹਨ ਕਿ ਸ੍ਰੀ ਰਾਮ ਚੰਦਰ ਜੀ ਨੇ ਆਪ ਨੂੰ ਫਿਰ ਦਰਸ਼ਨ ਦਿੱਤੇ ਅਤੇ ਕਿਹਾ, "ਤੁਸੀਂ ਸਾਡੇ ਪਹਿਲੇ ਬਚਨ ਨੂੰ ਚੇਤੇ ਕਰ ਕੇ ਕ੍ਰਿਸ਼ਨਾ ਨਦੀ ਦੇ ਕੰਢੇ ਜਾ ਕੇ ਸ਼ਿਵਾ ਜੀ ਦੀ ਸਹਾਇਤਾ ਕਰਨੀ ਹੈ।"

ਬਾਰ੍ਹਾਂ ਵਰ੍ਹੇ ਤਪ ਕਰਨ ਦੇ ਪਿੱਛੋਂ ਸ੍ਰੀ ਰਾਮ ਦਾਸ ਜੀ ਨੇ ਤੀਰਥ ਯਾਤਰਾ ਸ਼ੁਰੂ ਕੀਤੀ। ਆਪ ਭਾਰਤ ਦੇ ਸਾਰੇ ਤੀਰਥਾਂ ਉੱਤੇ ਗਏ। ਉਥੇ ਆਪਣੇ ਧਰਮ ਦਾ ਪ੍ਰਚਾਰ ਕੀਤਾ। ਕਈ ਥਾਈਂ ਸ੍ਰੀ ਰਾਮ ਚੰਦਰ ਜੀ ਦੀਆਂ ਮੂਰਤੀਆਂ ਸਥਾਪਤ ਕੀਤੀਆਂ। ਦੇਸ਼ਾਂਟਨ ਕਰਦੇ ਹੋਏ ਸੰਗਲਾ ਦੀਪ ਤੀਕ ਪੁੱਜੇ। ਇਸ ਯਾਤਰਾ ਦੇ ਉਪਰੰਤ ਆਪਣੇ ਪਿੰਡ ਜੰਬੂ ਖੇਤਰ ਵਿਚ ਆਏ। ਆਪਣੀ ਬਿਰਧ ਦਾਦੀ ਤੇ ਮਾਤਾ ਨੂੰ ਮਿਲੇ। ਆਪ ਦਾ ਆਉਣਾ ਸੁਣ ਕੇ ਪਿੰਡ ਦੇ ਲੋਕਾਂ ਤੇ ਸਾਕ-ਸੰਬੰਧੀਆਂ ਨੂੰ ਬੜੀ ਪ੍ਰਸੰਨਤਾ ਹੋਈ। ਪਰ ਬਹੁਤਾ ਚਿਰ ਪਿੰਡ ਵਿਚ ਨਹੀਂ ਠਹਿਰੇ। ਕ੍ਰਿਸ਼ਨਾ ਨਦੀ ਦੇ ਕੰਢੇ ਜਾ ਕੇ ਭਜਨ ਸਿਮਰਨ ਵਿਚ ਲੱਗ ਗਏ। ਫਿਰ ਇਕ ਹੋਰ ਪਿੰਡ 'ਮਾਹੁਲੀ' ਵਿਚ ਜਾ ਟਿਕੇ। ਉਥੇ ਵੀ ਆਪ ਹਰ ਵਕਤ ਭਜਨ ਬੰਦਗੀ ਵਿਚ ਮਗਨ ਰਹਿੰਦੇ ਸਨ। ਕੀਰਤਨ ਦਾ ਆਪ ਨੂੰ ਬਹੁਤ ਸ਼ੌਕ ਸੀ। ਮਰਾਠੀ ਵਿਚ ਭਜਨ ਤੇ ਅਭੰਗ ਲਿਖਣ ਲੱਗ ਪਏ। ਜਦ ਆਪ ਅਭੰਗ (ਭਜਨ) ਗਾਉਂਦੇ ਸਨ, ਲੋਕਾਂ ਉੱਤੇ ਬੜਾ ਪ੍ਰਭਾਵ ਪੈਂਦਾ ਸੀ। ਉਸ ਵਕਤ ਮਹਾਰਾਸ਼ਟਰ ਦੇ ਪ੍ਰਸਿੱਧ ਰਾਜਨੀਤਕ ਨੇਤਾ ਸ਼ਿਵਾ ਜੀ ਰਾਇ ਗੜ੍ਹ ਵਿਚ ਰਹਿੰਦੇ ਸਨ। ਸੁਆਮੀ ਰਾਮ ਦਾਸ ਜੀ ਦੀ ਸੋਭਾ ਸੁਣ ਕੇ ਉਨ੍ਹਾਂ ਦੇ ਮਨ ਵਿਚ ਦਰਸ਼ਨ ਕਰਨ ਦੀ ਤੀਬਰ ਇੱਛਾ ਪੈਦਾ ਹੋ ਗਈ।

ਸ੍ਰੀ ਰਾਮ ਦਾਸ ਜੀ ਇਕ ਵੇਰ ਘੁੰਮਦੇ ਘੁੰਮਦੇ ਚਾਪੜ ਪਿੰਡ ਵਿਚ ਆ ਗਏ। ਜਦ ਸ਼ਿਵਾ ਜੀ ਨੂੰ ਇਸ ਦਾ ਪਤਾ ਲੱਗਾ, ਤਦ ਉਹ ਦਰਸ਼ਨ ਕਰਨ ਲਈ ਆਏ। ਪਰ ਸੁਆਮੀ ਰਾਮ ਦਾਸ ਜੀ ਉਨ੍ਹਾਂ ਨੂੰ ਮਿਲ ਨਾ ਸਕੇ। ਸ਼ਿਵਾ ਜੀ ਚਾਪੜੇ ਦੇ ਮੰਦਰ ਵਿਚ ਕਥਾ ਸੁਣਨ ਲਈ ਬੈਠ ਗਏ। ਧ੍ਰੂ ਭਗਤ ਦਾ ਪ੍ਰਸੰਗ ਚੱਲ ਰਿਹਾ ਸੀ, ਉਸ ਨੂੰ ਸੁਣ ਕੇ ਸ਼ਿਵਾ ਜੀ ਦੇ ਮਨ ਉਪਰ ਇਹ ਅਸਰ ਪਿਆ ਕਿ ਗੁਰੂ ਉਪਦੇਸ਼ ਤੋਂ ਬਿਨਾ ਮਨੁੱਖ ਦਾ ਜੀਵਨ ਸਫਲ ਨਹੀਂ ਹੋ ਸਕਦਾ। ਉਹ ਕੋਈ ਧਾਰਮਿਕ ਕੰਮ ਨਹੀਂ ਕਰ ਸਕਦਾ। ਇਸ ਲਈ ਕਿਸੇ ਮਹਾਤਮਾ ਨੂੰ ਗੁਰੂ ਧਾਰਨ ਕਰਨਾ ਚਾਹੀਦਾ ਹੈ।

ਸ਼ਿਵਾ ਜੀ ਦੇ ਮਨ ਵਿਚ ਸੁਆਮੀ ਰਾਮ ਦਾਸ ਜੀ ਦੇ ਦਰਸ਼ਨ ਕਰਨ ਲਈ ਬੜੀ ਖਿੱਚ ਪੈਦਾ ਹੋ ਗਈ। ਉਹ ਚਾਪੜ ਤੋਂ ਪ੍ਰਤਾਪ ਗੜ੍ਹ ਆ ਗਏ, ਪਰ ਉਨ੍ਹਾਂ ਦੇ ਮਨ ਵਿਚ ਰਾਮ ਦਾਸ ਜੀ ਦੇ ਦਰਸ਼ਨ ਦੀ ਲਾਲਸਾ ਉਭਰ ਰਹੀ ਸੀ।

ਜਿਸ ਤਰ੍ਹਾਂ ਦੇ ਮਨੁੱਖੀ ਵਿਚਾਰ ਹੋਣ, ਉਸ ਨੂੰ ਉਹੋ ਜਿਹੇ ਸੁਪਨੇ ਆਉਂਦੇ ਹਨ। ਕਹਿੰਦੇ ਹਨ ਕਿ ਇਕ ਰਾਤ ਨੂੰ ਸੁੱਤਿਆਂ ਹੋਇਆਂ ਸ਼ਿਵਾ ਜੀ ਨੂੰ ਦੇਵੀ ਨੇ ਦਰਸ਼ਨ ਦਿੱਤੇ ਅਤੇ ਕਿਹਾ, "ਤੁਸੀਂ ਸ੍ਰੀ ਰਾਮ ਦਾਸ ਜੀ ਨੂੰ ਗੁਰੂ ਧਾਰਨ ਕਰੋ। ਉਨ੍ਹਾਂ ਨੇ ਧਰਮ ਪ੍ਰਚਾਰ ਅਤੇ ਪਰਉਪਕਾਰ ਲਈ ਜਨਮ ਲਿਆ ਹੈ।"

ਇਸ ਸੁਪਨੇ ਦੇ ਬਾਅਦ ਸ਼ਿਵਾ ਜੀ ਸਵੇਰੇ ਉਠ ਕੇ ਫਿਰ ਸ੍ਰੀ ਰਾਮ ਦਾਸ ਜੀ ਦੇ ਦਰਸ਼ਨ ਕਰਨ ਲਈ ਚਾਪੜ ਪਿੰਡ ਗਏ। ਪਰ ਉਹ ਨਾ ਮਿਲ ਸਕੇ।

ਇਤਿਹਾਸਕਾਰ ਲਿਖਦੇ ਹਨ ਕਿ ਇਕ ਰਾਤ ਸ਼ਿਵਾ ਜੀ ਨੂੰ ਫਿਰ ਸੁਪਨੇ ਵਿਚ ਇਕ ਮਹਾਤਮਾ ਦੇ ਦਰਸ਼ਨ ਹੋਏ, ਜਿਨ੍ਹਾਂ ਨੇ ਮਸਤਕ ਉੱਤੇ ਹੱਥ ਰੱਖ ਕੇ ਆਸ਼ੀਰਵਾਦ ਦਿੱਤੀ ਅਤੇ ਕਿਹਾ, "ਮੇਰਾ ਨਿਵਾਸ ਅਸਥਾਨ ਗੁਦਾਵਰੀ ਦੇ ਕੰਢੇ ਹੈ। ਪਰ ਮੈਂ ਤੁਹਾਨੂੰ ਮਿਲਣ ਲਈ ਕ੍ਰਿਸ਼ਨਾ ਨਦੀ ਦੇ ਕੰਢੇ ਉਤਰਿਆ ਹੋਇਆ ਹਾਂ। ਬਹੁਤ ਦਿਨ ਤੁਸੀਂ ਸਾਡੀ ਕੋਈ ਖ਼ਬਰ ਨਹੀਂ ਲਈ। ਮੈਨੂੰ ਪਤਾ ਲੱਗਾ ਹੈ ਕਿ ਤੁਸੀਂ ਪਰਮ ਭਗਤ ਹੋ। ਇਸ ਲਈ ਤੁਸੀਂ ਆਪਣਾ ਕਰਤਵ ਪਾਲਨ ਕਰੋ। ਸ਼ਿਵਾ ਜੀ ਨੇ ਸਮਝਿਆ ਕਿ ਸੁਪਨੇ ਵਿਚ ਦਰਸ਼ਨ ਦੇਣ ਵਾਲੇ ਸੁਆਮੀ ਰਾਮ ਦਾਸ ਜੀ ਹਨ।

ਸ਼ਿਵਾ ਜੀ ਨੇ ਆਪ ਦੇ ਦਰਸ਼ਨਾਂ ਲਈ ਭਾਲ ਸ਼ੁਰੂ ਕਰ ਦਿੱਤੀ। 'ਜੋ ਖੋਜੈ ਸੋ ਪਾਵੈ' ਦੇ ਵਾਕ ਅਨੁਸਾਰ ਸ਼ਿਵਾ ਜੀ ਨੂੰ ਸਮਰਥ ਰਾਮ ਦਾਸ ਜੀ ਇਕ ਦਿਨ ਮਿਲ ਹੀ ਪਏ।

ਦੂਜੀ ਸਾਖੀ ਇਹ ਹੈ ਕਿ ਸ਼ਿਵਾ ਜੀ ਇਕ ਦਿਨ ਘੋੜੇ ਉੱਤੇ ਸਵਾਰ ਹੋ ਕੇ ਜੰਗਲ ਵਿਚ ਸ਼ਿਕਾਰ ਕਰਨ ਗਏ। ਉਸ ਜੰਗਲ ਵਿਚ ਸ੍ਰੀ ਰਾਮ ਦਾਸ ਜੀ ਭਜਨ ਕਰ ਰਹੇ ਸਨ। ਉਹ ਸਮਾਧੀ ਵਿਚ ਲੀਨ ਬੈਠੇ ਹੋਏ ਸਨ। ਉਹਨਾਂ ਦੇ ਦੁਆਲੇ ਬਹੁਤ ਸਾਰੇ ਜੰਗਲੀ ਜਨੌਰ ਤੇ ਪੰਛੀ ਬੈਠੇ ਹੋਏ ਸਨ। ਸ਼ਿਵਾ ਜੀ ਉਸ ਪਾਸੇ ਜਾ ਨਿਕਲੇ। ਉਨ੍ਹਾਂ ਦੇ ਮਨ ਵਿਚ ਇਹ ਖ਼ਿਆਲ ਆ ਗਿਆ ਕਿ ਮੈਂ ਜਾਨਵਰਾਂ ਦਾ ਸ਼ਿਕਾਰ ਕਰਦਾ ਹਾਂ। ਪਰ ਸੁਆਮੀ ਜੀ ਦੇ ਦੁਆਲੇ ਜਨੌਰ ਮੌਜ ਨਾਲ ਬੈਠੇ ਹੋਏ ਹਨ। ਸ਼ਿਵਾ ਜੀ ਕੁਝ ਚਿਰ ਉਥੇ ਖੜੇ ਰਹੇ, ਪਰ ਰਾਮ ਦਾਸ ਦੀ ਸਮਾਧੀ ਨਾ ਖੁੱਲ੍ਹੀ। ਸ਼ਿਵਾ ਜੀ ਉਥੋਂ ਕ੍ਰਿਸ਼ਨਾ ਨਦੀ ਦੇ ਕੰਢੇ ਆਏ। ਉਥੇ ਉਨ੍ਹਾਂ ਨੇ ਜਲ ਵਿਚ ਇਕ ਪੁਸਤਕ ਦੇ ਪੱਤਰੇ ਰੁੜ੍ਹਦੇ ਵੇਖੇ। ਉਨ੍ਹਾਂ ਨੇ ਜਲ ਵਿਚੋਂ ਦੋ ਪੱਤਰੇ ਕੱਢ ਕੇ ਪੜ੍ਹੇ ਤਾਂ ਉਨ੍ਹਾਂ ਉਪਰ ਲਿਖੇ ਹੋਏ ਅਭੰਗ (ਸ਼ਬਦ) ਪੜ੍ਹ ਕੇ ਸ਼ਿਵਾ ਜੀ ਦੀ ਪ੍ਰਸੰਨਤਾ ਦੀ ਕੋਈ ਹੱਦ ਨਾ ਰਹੀ।

ਉਨ੍ਹਾਂ ਨੇ ਪੱਤਰਿਆਂ ਦਾ ਜ਼ਿਕਰ ਦਰਬਾਰੀਆਂ ਨਾਲ ਕੀਤਾ। ਉਨ੍ਹਾਂ ਨੇ ਕਿਹਾ ਕਿ ਇਹ ਪੱਤਰੇ ਸ੍ਰੀ ਰਾਮ ਦਾਸ ਜੀ ਦੇ ਲਿਖੇ ਹੋ ਸਕਦੇ ਹਨ।

ਸੰਨ ੧੬੪੯ ਈ: ਵਿਚ ਸੁਆਮੀ ਰਾਮ ਦਾਸ ਜੀ ਦੀ ਮੁਲਾਕਾਤ ਸ਼ਿਵਾ ਜੀ ਨਾਲ ਹੋਈ। ਸ਼ਿਵਾ ਜੀ ਨੇ ਉਨ੍ਹਾਂ ਤੋਂ ਗੁਰ-ਮੰਤਰ ਅਤੇ ਉਪਦੇਸ਼ ਲਿਆ। ਰਾਮ ਦਾਸ ਜੀ ਨੇ ਕਿਹਾ, "ਹਰਿ ਨਾਮ ਦਾ ਸਿਮਰਨ ਕਰੋ। ਸਾਰੇ ਮਨੁੱਖਾਂ ਨਾਲ ਪ੍ਰੇਮ ਅਤੇ ਦਇਆ ਦਾ ਵਰਤਾਉ ਕਰੋ। ਰਾਜਨੀਤੀ ਵਿਚ ਪਰਜਾ ਪਾਲਕ ਤੇ ਨਿਆਂਕਾਰੀ ਬਣੋ।"

ਇਸ ਉਪਦੇਸ਼ ਨੂੰ ਸੁਣ ਕੇ ਸ਼ਿਵਾ ਜੀ ਦਾ ਮਨ ਬਿਲਕੁਲ ਬਦਲ ਗਿਆ। ਉਨ੍ਹਾਂ ਦੇ ਮਨ ਵਿਚ ਪ੍ਰੇਮ-ਭਗਤੀ ਦਾ ਸੋਮਾ ਉਮਡ ਪਿਆ। ਰਾਜ ਕਾਜ ਵਿਚ ਘੱਟ ਸਮਾਂ ਦੇਣ ਲੱਗ ਪਏ। ਨਿੱਤ ਗੁਰੂ ਦੇ ਦਰਸ਼ਨ ਕਰਨ ਲਈ ਹਾਜ਼ਰ ਹੋਣ। ਇਹ ਵੇਖ ਕੇ ਸਮਰਥ ਰਾਮ ਦਾਸ ਜੀ ਨੇ ਸ਼ਿਵਾ ਜੀ ਨੂੰ ਕਿਹਾ, "ਤੁਹਾਨੂੰ ਰਾਜ ਪ੍ਰਬੰਧ ਵੱਲ ਪੂਰਾ ਪੂਰਾ ਧਿਆਨ ਦੇਣਾ ਚਾਹੀਦਾ ਹੈ। ਮੇਰੇ ਕੋਲ ਨਿੱਤ ਆਉਣ ਦੀ ਲੋੜ ਨਹੀਂ। ਕ੍ਰਿਸ਼ਨਾ ਨਦੀ ਵਿਚੋਂ ਜੋ ਪੱਤਰੇ ਤੁਹਾਨੂੰ ਮਿਲੇ ਹਨ, ਉਹ ਮੇਰੇ ਹੀ ਲਿਖੇ ਹੋਏ ਹਨ। ਉਨ੍ਹਾਂ ਨੂੰ ਪ੍ਰੇਮ ਨਾਲ ਪੜ੍ਹੋ, ਤੁਹਾਨੂੰ ਨਿੱਤ ਮੇਰੇ ਦਰਸ਼ਨ ਹੋਣਗੇ।"

ਪੁੰਡਰ ਪੁਰ ਤੇ ਮਾਹੁਲੀ ਵਿਚ ਬਹੁਤ ਸਾਰੇ ਲੋਕ ਆਪ ਦੇ ਚਰਨ ਸੇਵਕ ਬਣੇ। ਇਕ ਨਗਰ ਸ਼ਿਆਪੁਰ ਦੀ ਇਕ ਇਸਤ੍ਰੀ ਆਕਾ ਬਾਈ ਨੇ ਰਾਮ ਦਾਸ ਜੀ ਦਾ ਭਜਨ ਕੀਰਤਨ ਸੁਣ ਕੇ ਕਿਹਾ, "ਮੈਨੂੰ ਵੀ ਧਰਮ ਪ੍ਰਚਾਰ ਲਈ ਆਪਣੀ ਮੰਡਲੀ ਵਿਚ ਸ਼ਾਮਲ ਕਰ ਲਉ।" ਰਾਮ ਦਾਸ ਜੀ ਨੇ ਉਸ ਨੂੰ ਕਿਹਾ, "ਜੋ ਕੁਝ ਤੇਰੇ ਕੋਲ ਹੈ, ਉਹ ਗਰੀਬਾਂ ਨੂੰ ਵੰਡ ਦੇ, ਫਿਰ ਪ੍ਰਚਾਰ ਦਾ ਕੰਮ ਕਰਨਾ।" ਉਸ ਇਸਤ੍ਰੀ ਨੇ ਇਸ ਤਰ੍ਹਾਂ ਹੀ ਕੀਤਾ।

ਇਕ ਹੋਰ ਇਸਤ੍ਰੀ ਬੇਨੂ ਬਾਈ ਨੇ ਬੇਨਤੀ ਕੀਤੀ, "ਮੈਨੂੰ ਵੀ ਆਪਣੀ ਚਰਨ ਸ਼ਰਨ ਵਿਚ ਰੱਖੋ।" ਸ੍ਰੀ ਰਾਮ ਦਾਸ ਜੀ ਨੇ ਕਿਹਾ, "ਤੇਰੀ ਉਮਰ ਛੋਟੀ ਹੈ। ਘਰ ਵਿਚ ਰਹਿ ਕੇ ਹੀ ਭਜਨ ਬੰਦਗੀ ਅਤੇ ਸੇਵਾ ਕਰੋ।"

ਇਕ ਵੇਰ ਸੁਆਮੀ ਰਾਮ ਦਾਸ ਮਾਹੁਲੀ ਪਿੰਡ ਵਿਚ ਠਹਿਰੇ ਹੋਏ ਸਨ। ਆਪ ਨਿੱਕੇ ਬੱਚਿਆਂ ਨਾਲ ਚੋਹਲ ਮੋਹਲ ਕਰ ਰਹੇ ਸਨ ਕਿ ਇਕ ਬ੍ਰਾਹਮਣ ਨੇ ਪੁੱਛਿਆ, "ਮਹਾਤਮਾ ਜੀ! ਆਪ ਬੱਚਿਆਂ ਨਾਲ ਬੱਚੇ ਅਤੇ ਬੁੱਢਿਆਂ ਨਾਲ ਬੁੱਢੇ ਹੋ। ਇਸ ਦਾ ਕੀ ਕਾਰਨ ਹੈ?" ਰਾਮ ਦਾਸ ਜੀ ਨੇ ਉਸ ਸੁਆਮੀ ਨੂੰ ਕਿਹਾ, "ਵੱਡੀ ਉਮਰ ਦੇ ਆਦਮੀ ਹੰਕਾਰੀ ਤੇ ਛਲ ਕਪਟ ਵਾਲੇ ਹੁੰਦੇ ਹਨ। ਪਰ ਨਿਆਣੇ ਬੱਚੇ ਨਿਰਛਲ, ਨਿਸ਼ਕਪਟ ਤੇ ਨਿਰਵੈਰ ਹੁੰਦੇ ਹਨ। ਇਸ ਲਈ ਮੈਨੂੰ ਬੱਚਿਆਂ ਦੀ ਸੰਗਤ ਵਿਚ ਬਹੁਤੀ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ।"

ਕੁਝ ਦਿਨ ਮਾਹੁਲੀ ਵਿਚ ਨਿਵਾਸ ਕਰਨ ਦੇ ਬਾਅਦ ਆਪ ਸ਼ਿਵਾ ਜੀ ਨੂੰ ਮਿਲਣ ਲਈ ਰਾਜਧਾਨੀ ਵਿਚ ਗਏ। ਉਨ੍ਹਾਂ ਅਤੇ ਜਨਤਾ ਨੇ ਬੜਾ ਸਵਾਗਤ ਕੀਤਾ। ਸੁਆਮੀ ਜੀ ਨੇ ਤਿੰਨ ਦਿਨ ਸ਼ਿਵਾ ਜੀ ਪਾਸ ਨਿਵਾਸ ਕੀਤਾ। ਭਜਨ ਕੀਰਤਨ ਅਤੇ ਉਪਦੇਸ਼ ਰਾਹੀਂ ਲੋਕਾਂ ਨੂੰ ਕ੍ਰਿਤਾਰਥ ਕੀਤਾ।

ਉਥੋਂ ਆਪ ਚੁੱਪ ਚਾਪ ਤੁਰ ਪਏ। ਸ਼ਿਵਾ ਜੀ ਨੇ ਆਪ ਦੀ ਬੜੀ ਭਾਲ ਕੀਤੀ। ਕੁਝ ਵਿੱਥ ਉਤੇ ਆ ਕੇ ਮਿਲ ਪਏ। ਉਨ੍ਹਾਂ ਬੇਨਤੀ ਕੀਤੀ, "ਜਾਪਦਾ ਹੈ ਕਿ ਆਪ ਤੀਰਥ ਯਾਤਰਾ ਲਈ ਜਾ ਰਹੇ ਹੋ। ਖ਼ਰਚ ਲਈ ਕੁਝ ਮਾਇਆ ਲੈ ਜਾਓ।" ਰਾਮ

ਦਾਸ ਜੀ ਨੇ ਉੱਤਰ ਦਿੱਤਾ, "ਅਸੀਂ ਸਾਧੂ ਹਾਂ, ਸਾਨੂੰ ਮਾਇਆ ਦੀ ਲੋੜ ਨਹੀਂ। ਸਾਡਾ ਪਰਮਾਤਮਾ ਉਪਰ ਨਿਸਚਾ ਹੈ, ਉਹੀ ਖ਼ਰਚ ਦੇਵੇਗਾ।"

ਸੁਆਮੀ ਜੀ ਨੇ ਰੁਪਿਆ ਲੈਣ ਤੋਂ ਇਨਕਾਰ ਕਰ ਦਿੱਤਾ। ਪਰ ਸ਼ਿਵਾ ਜੀ ਨੇ ਇਕ ਲੱਖ ਰੁਪਿਆ ਦੇ ਕੇ ਇਕ ਸੇਵਕ ਨੂੰ ਉਨ੍ਹਾਂ ਦੇ ਨਾਲ ਭੇਜ ਦਿੱਤਾ। ਪਰ ਰਾਮ ਦਾਸ ਜੀ ਨੇ ਉਹ ਰੁਪਿਆ ਗ਼ਰੀਬਾਂ ਅਤੇ ਲੋੜਵੰਦਾਂ ਵਿਚ ਵੰਡ ਦਿੱਤਾ। ਦੂਜੀ ਵੇਰ ਆਪ ਕਈ ਤੀਰਥਾਂ ਦੀ ਯਾਤਰਾ ਕਰਦੇ ਹੋਏ ਤ੍ਰਿੰਬਕ ਪੁਜੇ, ਜੋ ਨਾਸਕ ਤੋਂ ਦਸ ਕੋਹ ਹੈ, ਜਿਥੋਂ ਪਹਾੜ ਵਿਚੋਂ ਗੁਦਾਵਰੀ ਨਿਕਲਦੀ ਹੈ। ਤ੍ਰਿੰਬਕ ਵਿਚ ਮਹਾਂਦੇਵ ਦੀ ਮੂਰਤੀ ਹੈ। ਉਥੇ ਆਪ ਨੇ ਭਜਨ ਕੀਤਰਨ ਕਰ ਕੇ ਸਰੋਤਿਆਂ ਨੂੰ ਭਗਤੀ ਦਾ ਅੰਮ੍ਰਿਤ ਰਸ ਪਿਲਾ ਕੇ ਮਸਰੂਰ ਕੀਤਾ। ਇਸ ਤੋਂ ਬਾਅਦ ਪੰਚਬਟੀ (ਨਾਸਕ) ਵਿਖੇ ਆ ਗਏ। ਉਥੋਂ ਮਾਹੁਲੀ ਅਤੇ ਪੁੰਡਰਪੁਰ ਆਦਿਕ ਥਾਵਾਂ 'ਤੇ ਗਏ। ਮਾਤਾ ਤੇ ਭਰਾ ਵੀ ਉਨ੍ਹਾਂ ਨੂੰ ਆ ਕੇ ਮਿਲੇ। ਗਰੁੜ ਪੁਰ ਵਿਚ ਮਹਾਰਾਸ਼ਟਰ ਦੇ ਪਰਮ ਸੰਤ ਤੁਕਾ ਰਾਮ ਨਾਲ ਆਪ ਦੀ ਮੁਲਾਕਾਤ ਹੋਈ। ਉਹ ਵੀ ਬੜਾ ਮਨੋਹਰ ਕੀਰਤਨ ਕਰਦੇ ਸਨ। ਇਕ ਦਿਨ ਰਾਮ ਦਾਸ ਜੀ ਨੇ ਸੰਗਤ ਵਿਚ ਬੈਠ ਕੇ ਤੁਕਾ ਰਾਮ ਦਾ ਕੀਰਤਨ ਸੁਣਿਆ ਅਤੇ ਕਹਿਣ ਲੱਗੇ, "ਬਹੁਤਾ ਖਾਣ ਨਾਲ ਅਪਾਚਨ ਹੋ ਜਾਂਦਾ ਹੈ, ਪਰ ਹਰਿ ਨਾਮ ਤੇ ਕੀਰਤਨ ਦਾ ਜਿਤਨਾ ਭੋਜਨ ਕੀਤਾ ਜਾਏ, ਉਤਨੀ ਹੀ ਇੱਛਾ ਹੋਰ ਵਧਦੀ ਹੈ।"

ਤੀਰਥ ਯਾਤ੍ਰਾ ਵਿਚ ਆਪ ਨੇ ਹਜ਼ਾਰਾਂ ਲੋਕਾਂ ਨੂੰ ਭਗਤੀ ਦਾ ਉਪਦੇਸ਼ ਦਿੱਤਾ। ਬ੍ਰਾਹਮਣ ਕੁਲ ਦੇ ਵਿਦਵਾਨ ਹੋਣ ਕਰਕੇ ਆਪ ਦਾ ਅਧਿਐਨ ਅਤੇ ਅਨੁਭਵ ਬੜਾ ਸੀ। ਤੀਰਥ ਯਾਤਰਾ ਨੇ ਉਸ ਵਿਚ ਹੋਰ ਵਾਧਾ ਕੀਤਾ। ਪ੍ਰੇਮ-ਭਗਤੀ ਕਰਕੇ ਮਨ ਨਿਰਮਲ ਸੀ। ਇਸ ਅਵਸਥਾ ਵਿਚ ਉਨ੍ਹਾਂ ਨੇ ਮਰਾਠੀ ਵਿਚ ਗ੍ਰੰਥ ਲਿਖਣੇ ਅਰੰਭ ਕੀਤੇ। ਆਪ ਨੇ ਪਹਿਲਾ ਗ੍ਰੰਥ *ਦਾਸ ਬੋਧ* ਇਕ ਸੇਵਕ ਕਲਿਆਣ ਸੁਆਮੀ ਤੋਂ ਲਿਖਵਾਇਆ।

ਇਤਿਹਾਸਕਾਰ ਲਿਖਦੇ ਹਨ ਕਿ ਪ੍ਰੇਮ-ਭਗਤੀ ਅਤੇ ਵੈਰਾਗ ਵਿਚ ਮਗਨ ਹੋ ਕੇ ਸ਼ਿਵਾ ਜੀ ਰਾਜ-ਪ੍ਰਬੰਧ ਵੱਲ ਘੱਟ ਧਿਆਨ ਦਿੰਦੇ ਸਨ। ਉਨ੍ਹਾਂ ਦੀ ਰੁਚੀ ਬਦਲਣ ਅਤੇ ਰਾਜ ਯੋਗ ਵਿਚ ਲਾਉਣ ਲਈ ਰਾਮ ਦਾਸ ਜੀ ਨੇ ਮਰਾਠੀ ਵਿਚ ਇਕ ਗ੍ਰੰਥ ਲਿਖਿਆ। ਸ਼ਿਵਾ ਜੀ ਇਸ ਨੂੰ ਬੜੇ ਪ੍ਰੇਮ ਤੇ ਸ਼ਰਧਾ ਨਾਲ ਪੜ੍ਹਦੇ ਸਨ।

ਗੰਗਾ ਪੰਡਤ ਰਾਜਵਾੜਾ ਅਤੇ ਇਕ ਹੋਰ ਵਿਦਵਾਨ ਰਮਨ ਨੇ ਇਸ ਦੀ ਵਿਰੋਧਤਾ ਕੀਤੀ ਅਤੇ ਕਿਹਾ, "ਆਤਮ ਗਿਆਨ ਕੇਵਲ ਸੰਸਕ੍ਰਿਤ ਵਿਚ ਹੀ ਲਿਖਿਆ ਅਤੇ ਦੇਵ ਭਾਸ਼ਾ ਵਿਚ ਹੀ ਪੜ੍ਹਿਆ ਜਾ ਸਕਦਾ ਹੈ।"

ਸ੍ਰੀ ਰਾਮ ਦਾਸ ਨੇ ਉਨ੍ਹਾਂ ਨੂੰ ਉੱਤਰ ਦਿੱਤਾ, "ਜਨ ਸਾਧਾਰਨ ਸੰਸਕ੍ਰਿਤ ਨਹੀਂ ਸਮਝ ਸਕਦੇ। ਇਸ ਲਈ ਮੈਂ ਉਨ੍ਹਾਂ ਲਈ ਮਰਾਠੀ ਵਿਚ ਗ੍ਰੰਥ ਲਿਖੇ ਹਨ।"

ਸ਼ਿਵਾ ਜੀ ਨੇ ਆਪਣੇ ਗੁਰੂ ਦੇ ਨਿੱਤ ਦਰਸ਼ਨ ਕਰਨ ਲਈ ਆਪਣੀ ਰਾਜਧਾਨੀ ਦੇ ਲਾਗੇ ਪਰੇਲਾ ਪਹਾੜ ਉਪਰ ਇਕ ਮੰਦਰ ਬਣਵਾ ਦਿੱਤਾ, ਜਿਥੇ ਰਾਮ ਦਾਸ ਜੀ ਨੇ ਨਿਵਾਸ ਕੀਤਾ। ਉਸ ਦਾ ਨਾਂ ਸਜਨ ਗੜ੍ਹ ਪ੍ਰਸਿੱਧ ਹੋਇਆ।

ਮਰਾਠਾ ਇਤਿਹਾਸਕਾਰ ਲਿਖਦੇ ਹਨ ਕਿ ਇਕ ਵੇਰ ਸਮਰਥ ਰਾਮ ਦਾਸ ਜੀ ਭਿਖਿਆ ਕਰਦੇ ਹੋਏ ਸ਼ਿਵਾ ਜੀ ਦੇ ਦੁਆਰੇ ਉਪਰ ਚਲੇ ਗਏ। ਉਨ੍ਹਾਂ ਨੇ ਅੱਗੋਂ ਇਕ ਕਾਗ਼ਜ਼ ਉਪਰ ਸਾਰਾ ਰਾਜ ਭਾਗ ਲਿਖ ਕੇ ਉਨ੍ਹਾਂ ਦੀ ਝੋਲੀ ਵਿਚ ਪਾ ਦਿੱਤਾ। ਸ਼ਿਵਾ

ਜੀ ਦੀ ਅਤੁੱਟ ਸ਼ਰਧਾ ਤੇ ਗੁਰੂ ਭਗਤੀ ਵੇਖ ਕੇ ਰਾਮ ਦਾਸ ਜੀ ਨੇ ਕਿਹਾ, "ਅਸੀਂ ਸਾਧੂ ਹਾਂ, ਸਾਡਾ ਕੰਮ ਰਾਜ ਕਰਨਾ ਨਹੀਂ; ਸਾਧੂ ਤੇ ਬ੍ਰਾਹਮਣ ਦਾ ਕਰਮ ਭਜਨ ਤਪ ਕਰਨਾ ਹੈ। ਰਾਜ ਕਰਨਾ ਤੁਹਾਡੇ ਵਰਗੇ ਛੱਤ੍ਰੀ ਦਾ ਧਰਮ ਹੈ। ਪਰ ਤੁਸੀਂ ਭਿਖਿਆ ਵਿਚ ਮੈਨੂੰ ਰਾਜ ਦੇ ਦਿੱਤਾ ਹੈ। ਇਸ ਲਈ ਹੁਣ ਮੇਰੇ ਪ੍ਰਤੀਨਿਧ ਬਣ ਕੇ ਰਾਜ ਦਾ ਕੰਮ ਕਰਨਾ ਹੈ।"

ਕਹਿੰਦੇ ਹਨ ਉਸ ਦਿਨ ਤੋਂ ਸ਼ਿਵਾ ਜੀ ਨੇ ਆਪਣੇ ਗੁਰੂ ਦੀ [illegible] ਵ ਤਖ਼ਤ ਉੱਤੇ ਰੱਖ ਕੇ ਰਾਜ ਕੀਤਾ। ਇਕ ਸੰਨਿਆਸੀ ਨੂੰ ਰਾਜ ਭੇਟ ਕਰਨ ਦੇ ਕਾਰਨ ਆਪਣੇ ਰਾਜ ਦਾ ਝੰਡਾ ਭਗਵਾ ਕਰ ਦਿੱਤਾ। ਇਹ ਬਾਅਦ ਵਿਚ ਵੀ ਮਰਾਠਿਆਂ ਦਾ ਚਿੰਨ੍ਹ ਰਿਹਾ ਹੈ।

ਸੰਨ ੧੬੮੦ ਵਿਚ ਸ਼ਿਵਾ ਜੀ ਬੀਮਾਰ ਹੋ ਗਏ। ਸਮਰਥ ਰਾਮ ਦਾਸ ਉਨ੍ਹਾਂ ਨੂੰ ਮਿਲਣ ਲਈ ਗਏ। ਆਪ ਨੇ ਅੰਤ ਸਮੇਂ ਸ਼ਿਵਾ ਜੀ ਨੂੰ ਆਤਮਿਕ ਉਪਦੇਸ਼ ਕੀਤਾ। ਆਪ ਦੀ ਮੌਜੂਦਗੀ ਵਿਚ ਹੀ ਸ਼ਿਵਾ ਜੀ ਦਾ ਚਲਾਣਾ ਹੋਇਆ।

ਪਿੱਛੋਂ ਸ਼ਿਵਾ ਜੀ ਦਾ ਪੁੱਤਰ ਸੰਭਾ ਜੀ ਰਾਜ ਗੱਦੀ ਉਪਰ ਬੈਠਾ। ਰਾਮ ਦਾਸ ਜੀ ਨੂੰ ਪਤਾ ਲੱਗਾ ਕਿ ਉਹ ਚੰਗਾ ਆਦਮੀ ਨਹੀਂ। ਇਸ ਲਈ ਉਸ ਪਾਸ ਜਾਣ ਤੋਂ ਸੰਕੋਚ ਕਰਦੇ ਰਹੇ।

ਸ਼ਿਵਾ ਜੀ ਦੇ ਦੋ ਸਾਲ ਬਾਅਦ ਸਮਰਥ ਰਾਮ ਦਾਸ ਦਾ ਵੀ ਅੰਤ ਕਾਲ ਨੇੜੇ ਆ ਗਿਆ। ਜਦ ਆਪ ਦੇਹ ਤਿਆਗਣ ਲਗੇ ਤਦ ਨਿਕਟਵਰਤੀ ਸਿੱਖਾਂ ਸੇਵਕਾਂ ਨੇ ਬੜਾ ਵੈਰਾਗ ਕੀਤਾ। ਆਪ ਨੇ ਉਨ੍ਹਾਂ ਨੂੰ ਸੰਬੋਧਨ ਕਰ ਕੇ ਕਿਹਾ, "ਕਿਉਂ ਰੁਦਨ ਤੇ ਸ਼ੋਕ ਕਰਦੇ ਹੋ, ਕਿਸ ਨੇ ਕਿਹਾ ਹੈ ਕਿ ਮੈਂ ਮਰ ਜਾਣਾ ਹੈ? ਮੈਂ ਜ਼ਿੰਦਾ ਰਹਾਂਗਾ, ਤੁਹਾਡੇ ਨਾਲ ਹਾਂ। ਸਿਰਫ਼ ਚੋਲਾ ਬਦਲਣਾ ਹੈ। ਜੇ ਤੁਸੀਂ ਮੇਰੇ ਦਰਸ਼ਨ ਕਰਨੇ ਹੋਣ ਤਾਂ ਮੇਰੇ ਲਿਖੇ ਹੋਏ ਗ੍ਰੰਥ *ਦਾਸ ਬੋਧ* ਅਤੇ *ਆਤਮ ਰਾਮ* ਪੜ੍ਹਨੇ।

ਇਹ ਬਚਨ ਕਰਕੇ ਸਮਰਥ ਰਾਮ ਦਾਸ ਜੀ 'ਜੈ ਜੈ ਰਘੁਬੀਰ ਸਮਰਥ' ਕਹਿੰਦੇ ਹੋਏ ਮੱਘਰ ਦੇ ਮਹੀਨੇ ਸੰਨ ੧੬੮੨ ਵਿਚ ਸ੍ਰੀ ਰਾਮ ਵਿਚ ਲੀਨ ਹੋ ਗਏ।

ਦਸ ਸਤਿਗੁਰੂਆਂ ਨੇ ਸਿੱਖਾਂ ਨੂੰ ਭਗਤ ਦਾਨੀ, ਸੂਰਬੀਰ ਤੇ ਸ਼ਹੀਦ ਬਣਾ ਦਿੱਤਾ। ਸੁਆਮੀ ਰਾਮ ਦਾਸ ਜੀ ਨੇ ਮਰਾਠਿਆਂ ਨੂੰ ਸ਼ਕਤੀਸ਼ਾਲੀ ਬਣਾਇਆ ਹੈ।

✪

ਗਿਆਨੀ ਸਰੂਪ ਸਿੰਘ ਕਡਿਆਣਾ
★ ਪੰਥਕ ਢਾਡੀ ਜੱਥਾ ★
98150-03075
ਪਿੰਡ ਕਡਿਆਣਾ ਤਹਿ: ਫਿਲੌਰ (ਜਲੰਧਰ)

ISBN 81-7205-176-X